ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰਾਸਿ ਸੱਤਵੀਂ Raas 7

Sri Gur Partap Suraj Granth

ਕ੍ਰਿਤ:

ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ੴ ਸਤਿਗੁਰ ਪ੍ਰਸਾਦਿ ॥

ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਤਤਕਰਾ ਰਾਸਿ ਸੱਤਵੀਂ

ਰਾਸਿ ਸੱਤਵੀਂ

ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫ — ਸੰਤ ਹਰੀ ਸਿੰਘ ਰੰਧਾਵਾ
ਰੰਧਾਵਾ — ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਰਾਸਿ ਸੱਤਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਸੱਤਵੀਂ ਉਪਰ ਕਲਿਕ ਕਰੋ ਜੀ)

ਤਤਕਰਾ ਰਾਸਿ ਸੱਤਵੀਂ

ਰਾਸਿ ਸੱਤਵੀਂ

ਰਾਸ਼ਿ ਸੱਤਵੀਂ ਚੱਲੀ

ੴ ਸਤਿਗੁਰ ਪ੍ਰਸਾਦਿ ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

ਅਥ ਸਪਤਮਿ ਰਾਸਿ ਕਥਨੰ ॥

ਅੰਸੂ ੧. [ਮੰਗਲ। ਸੂਰਜ ਮੱਲ ਦੀ ਸਗਾਈ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. ਇਸ਼੍ਟ ਦੇਵ-ਸ੍ਰੀ ਅਕਾਲ ਪੁਰਖ-ਮੰਗਲ।

ਦੋਹਰਾ:

ਮਾਯਾ ਸੋ† ਸਵਲ ਜੁ ਭਯੋ ਜਿਤਿ ਕਿਤਿ ਬਜਾਪਿ ਸਮਾਨ।
ਸਾਰ ਅਸਾਰ ਸੰਸਾਰ ਕਰਿ ਸਚਿਦਾਨੰਦ ਮਹਾਨ ॥੧॥

†ਇਕ ਪ੍ਰਾਚੀਨ ਨੁਸਖੇ ਵਿਚ ਪਾਠ 'ਸੋਂ' ਹੈ, ਤਦ ਅਰਥ ਬਣੇਗਾ:-ਮਾਯਾ ਨਾਲ ਜੋ ਸਫਲ ਹੋਇਆ ਹੈ।

ਮਾਯਾਸਵਲ = ਮਾਇਆ ਨਾਲ ਸ਼ਕਤੀ ਵਾਲਾ।

ਜਿਤਿ ਕਿਤਿ = ਜਹਾਂ ਕਹਾਂ, ਜਿੱਥੇ ਕਿੱਥੇ, ਸਾਰੇ ਹੀ।

ਸਾਰ ਅਸਾਰ = ਸੱਤ ਅਸੱਤ, ਆਤਮ ਜਗਤ। ਸਾਰ ਅਸਾਰ ਦੇ ਕਵੀ ਜੀ ਨੇ ਜੋ ਆਪ ਅਰਥ ਲਿਖੇ ਹਨ ਓਹ ਏਹ ਹਨ 'ਜਗਤ ਅਸਾਰ ਕੂਰ ਸਭਿ ਜਾਨਾ। ਸਾਚ ਆਤਮਾ ਸਾਰ ਪਛਾਨਾ' [ਰੁਤ ੬ ਅੰਸੂ ੩ ਅੰਕ ੩੦]

ਅਰਥ:

ਇਸ ਦੋਹੇ ਦਾ ਅਨਵਜ ਐਉਂ ਹੁੰਦਾ ਹੈ:-ਜਿਤ ਕਿਤ ਬਜਾਪ ਸਮਾਨ ਜੁ ਸੱਚਿਦਾਨੰਦ ਮਹਾਨ, ਸੋ ਮਾਯਾ ਸਵਲ ਭਯੋ (ਅਰ ਮਾਯਾ ਸਵਲ ਹੋਕੇ) ਸਾਰ ਅਸਾਰ ਸੰਸਾਰ ਕਰਿ। ਅਰਥ ਐਉਂ ਲਗੇਗਾ:-ਜੋ ਜਿਥੇ ਕਿਥੇ (ਸਮਾਨ =) ਇਕੋ ਜੇਹਾ ਵਿਆਪਕ ਸੱਚਿਦਾਨੰਦ ਮਹਾਨ ਹੈ ਉਸ ਨੇ ਮਾਯਾ (ਨਾਮਕ ਨਿਜ) ਸ਼ਕਤੀ ਸਹਿਤ ਹੋਕੇ (ਸਾਰ =) ਆਤਮਾ (ਅਰ ਅਸਾਰ =) ਪੰਜ ਭੌਤਕ ਜਗਤ ਨੂੰ ਰਚਿਆ ਹੈ।

ਭਾਵ:

ਆਤਮਾ ਵਿਚ 'ਅਸਤੀ ਭਾਂਤੀ ਪ੍ਰੇਯਤਾ' ਪਰਮਾਤਮਾਂ ਦੀ ਹੈ ਅਰ ਜਗਤ ਵਿਚ 'ਨਾਮ ਰੂਪਤਾ' ਮਾਯਾ ਦੀ ਹੈ। ਦੁਹਾਂ ਦੇ ਮਿਲਣ ਤੋਂ ਸੰਸਾਰ ਬਣਿਆਂ ਦੱਸ ਰਹੇ ਹਨ।

ਹੋਰ ਅਰਥ:

ਜਿਥੇ ਕਿਥੇ ਸਮਾਨ ਵਿਆਪਕ ਸੱਚਿਦਾਨੰਦ ਮਹਾਨ ਨੇ ਆਪਣੀ ਮਾਯਾ ਸ਼ਕਤੀ ਦਵਾਰਾ (ਸਾਰ ਅਸਾਰ ਸੰਸਾਰ =) ਸੱਤਿ ਅਸੱਤਿ ਤੋਂ ਵਿਲੱਖਣ (ਅਨਿਰਵਚਨੀਯ) ਜਗਤ ਉਤਪੰਨ ਕੀਤਾ ਹੈ। ਜੇ ਸਾਰ ਅਸਾਰ ਦੇ ਅਰਥ ਅੰਮ੍ਰਿਤ ਤੇ ਬਿਖ ਕਰੀਏ ਤਾਂ ਬਣਦਾ ਹੈ ਕਿ ਇਹ ਜਗਤ ਅੰਮ੍ਰਿਤ ਅਰ ਬਿਖ ਰੂਪ ਕੀਤਾ ਹੈ।

੨. 'ਕਵਿ-ਸੰਕੇਤ' ਮਰ੍ਯਾਦਾ ਦਾ ਮੰਗਲ।

ਸਦਾ ਸਾਰਦਾ ਸਾਰ ਦਾ ਸਾਰਦ ਚੰਦ ਮਨਿੰਦ†। †ਪਾ:-ਸਰਦ ਚੰਦ ਮਾਨਿੰਦ।
ਪਾਰਦ ਬਰਨੀ ਪਾਰ ਦਾ ਬਿਘਨ ਬਿਨਾਸ਼ਨ† ਬ੍ਰਿੰਦ ॥੨॥

†ਪਾ:-ਬਿਸਾਲਨਿ = ਵਿਸ਼ੇਸ਼ ਕਰਕੇ+ਸੱਲਨ = ਨਾਸ਼ ਕਰਨ ਵਾਲੀ ਹੈ।

ਸਾਰਦਾ = ਸਰਸ੍ਵਤੀ।
ਸਾਰ ਦਾ = ਵਿੱਦਯਾ, ਵਿੱਗਯਾਨ ਆਦਿ ਦੇ ਤੱਤ੍ਵ ਦੀ ਦਾਤੀ।
[ਸਾਰ = ਭੇਤ, ਸੂਝ]
ਸਾਰਦ = [ਸਾਰ = ਅੰਮ੍ਰਿਤ। ਦ = ਦਾਤਾ] ਅੰਮ੍ਰਿਤ ਦਾ ਦਾਤਾ। ਚੰਦ ਨੂੰ ਫਲਾਂ ਬੂਟੀਆਂ ਵਿਚ ਅੰਮ੍ਰਿਤ ਦਾ ਦਾਤਾ ਮੰਨਿਆਂ ਹੈ।
(ਅ) ਸਰਦ ਰੁਤ ਦਾ। ਪਾਰਦ = ਪਾਰਾ।
ਬਰਨੀ = ਕਿਹਾ ਜਾਂਦਾ ਹੈ (ਅ) ਰੰਗ ਵਰਗੀ।
ਪਾਰ ਦਾ = [ਪਾਰ+ਦਾ।
ਪਾਰ = ਸੰਸ: 'ਪ੍ਰੀ' ਧਾਤੂ ਤੋਂ ਪਾਰ ਬਣਦਾ ਹੈ, ਅਰਥ ਹੈ ਭਰਪੂਰਤਾ, ਖੁਸ਼ੀ।
ਦਾ = ਦਾਤਾ]
ਜੋ (ਸਰੀਰ ਦੇ ਸੰਕਟ ਹਰਕੇ) ਖੁਸ਼ੀ ਦਾ ਦਾਤਾ ਹੈ। (ਅ) ਪਾਰ ਦੀ ਦਾਤੀ, ਸਰਸ੍ਵਤੀ ਜੋ ਵਿਦਯਾ ਵਿੱਗਯਾਨ ਆਦਿ ਦੇ ਉਰਾਰ ਪਾਰ (ਸੰਪੂਰਣਤਾ) ਦੀ ਦਾਤੀ ਹੈ।

ਅਰਥ:

ਚੰਦ੍ਰਮਾਂ ਜਿਵੇਂ (ਬੂਟੀਆਂ) ਨੂੰ ਅੰਮ੍ਰਿਤ ਦਾ ਦਾਤਾ ਹੈ (ਤਿਵੇਂ) ਸਾਰਦਾ ਸਦਾ (ਵਿੱਦਯਾ ਵਿੱਗਯਾਨ ਆਦਿ ਦੇ) ਤੱਤ੍ਵ ਦੀ ਦਾਤੀ ਹੈ। ਜਿਵੇਂ ਪਾਰਾ (ਸਰੀਰਕ ਸੰਕਟ ਕਰਕੇ) ਖੁਸ਼ੀ ਦਾ ਦਾਤਾ ਕਿਹਾ ਜਾਂਦਾ ਹੈ (ਤਿਵੇਂ ਸਰਸ੍ਵਤੀ ਸਾਹਿੱਤ੍ਯ ਦੇ) ਸਾਰੇ ਵਿਘਨਾਂ ਨੂੰ ਨਾਸ਼ ਕਰਕੇ (ਖੁਸ਼ੀ ਦੀ ਦਾਤੀ ਹੈ)।

ਹੋਰ ਅਰਥ:

ਸਰਸ੍ਵਤੀ ਸਦਾ ਸਾਰ ਦੀ ਦਾਤੀ ਹੈ। (ਤੇ ਸੁਭਾਵ ਉਸ ਦਾ) ਸਰਦ ਰਿਤੂ ਦੇ ਚੰਦ੍ਰਮਾਂ ਵਰਗਾ (ਸੀਤਲ) ਹੈ। ਉਹ ਪਾਰੇ ਦੇ ਰੰਗ ਵਰਗੀ (ਉੱਜਲ) ਹੈ। (ਵਿੱਦਯਾ ਵਿਗਯਾਨ ਦੇ ਉਰਾਰ) ਪਾਰ ਕੀ ਦਾਤੀ ਹੈ ਤੇ ਸਾਰੇ ਵਿਘਨਾਂ ਦੇ ਦੂਰ ਕਰਨੇ ਵਾਲੀ ਹੈ।

ਭਾਵ:

'ਪਾਰਦ ਬਰਨੀ' ਵਿਚ ਉਸ ਦੇ ਰੰਗ ਦੀ ਉੱਜਲਤਾ ਯਾ ਉਸ ਦੇ ਚਿਹਰੇ ਕਿ ਰੂਪ ਦੀ ਸੁੰਦਰਤਾ ਦਾ ਰੂਪਕ ਵਰਣਨ ਕਰ ਦਿੱਤਾ ਹੈ, ਇਸ ਕਰਕੇ 'ਸਾਰਦ ਚੰਦ ਮਾਨਿੰਦ' ਵਿਚ ਸੁਭਾਵ ਦੀ ਸੀਤਲਤਾ ਭਾਵ ਲੈਣਾ ਚਾਹੀਏ।

੩. ਇਸ਼੍ਟ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

ਚਿੱਤ੍ਰਪਦਾ ਛੰਦ:

ਪਾਰ ਪਰੇ ਜਗ ਸਾਗਰ ਤੇ, ਉਰ ਤੇ ਪਰਦਾ ਭਰਮ ਕੋ ਸਭਿ ਪਾਰਿ।
ਪਾਰਦ ਕੇ ਸਮ ਜੋ ਮਨ ਚੰਚਲ, ਤਾਂ ਮਹਿਂ ਮੂਲ ਬਿਕਾਰ ਉਪਾਰਿ।
ਪਾਰਨ ਪ੍ਰੇਮ ਕਰੋ ਗੁਰ ਨਾਨਕ, ਜੋ ਸ਼ਰਨਾਗਤ ਕੇ ਪ੍ਰਤਿਪਾਰਿ।
ਪਾਰਸ ਜਯੋਂ ਛੁਇ ਜਾਤਿ ਜਿਨੈ, ਸਮ ਲੋਹ ਜੁ ਕੰਚਨ ਹੋਇ ਅਪਾਰਿ ॥੩॥

ਪਾਰ ਪਰੇ = ਪਾਰ ਹੋ ਗਏ। ਪਾਰਿ = ਪਾੜਕੇ।
ਜੋ ਮਨਚੰਚਲ = ਜੋ ਮਨ ਕਿ ਚੰਚਲ ਹਨ। (ਅ) ਜੋ ਚੰਚਲ ਮਨ ਵਾਲੇ ਹਨ। ਮੂਲ ਬਿਕਾਰ = ਅਸਲ ਵਿਕਾਰ। (ਅ) ਵਿਕਾਰਾਂ ਨੂੰ ਜੜ੍ਹਾਂ ਤੋਂ? (ੰ) ਵਿਕਾਰਾਂ ਦਾ ਮੂਲ।
ਪਾਰਨ = ਪਾਲਣਾ। ਸ਼ਰਨਾਗਤਿ = ਸ਼ਰਨ ਆਏ ਹੋਏ, ਦਾਸ, ਸਿੱਖ।
ਅਪਾਰ = ਪਾਰ ਨਾ ਪਾਇਆ ਜਾ ਸਕੇ ਜਿਨ੍ਹਾਂ ਦਾ।

ਅਰਥ:

੩. (ਸ੍ਰੀ ਸਤਿਗੁਰੂ) ਗੁਰੂ ਨਾਨਕ (ਦੇਵ ਜੀ) ਦੇ ਪ੍ਰੇਮ ਦੀ ਪਾਲਨਾ ਕਰੋ ਜੋ ਸ਼ਰਨਾਗਤਾਂ ਦੀ ਪ੍ਰਤਿਪਾਲਨਾ ਕਰਨ ਵਾਲੇ ਹਨ। ੨. (ਜਿਨ੍ਹਾਂ ਨੇ ਸ਼ਰਨਾਗਤਾਂ ਦੇ) ਪਾਰੇ ਵਤ ਚੰਚਲ ਮਨਾਂ ਵਿੱਚ, ਜੋ ਮੂਲ ਵਿਕਾਰ ਸਨ, ਤਿਨ੍ਹਾਂ ਨੂੰ ਜੜ੍ਹਾਂ ਤੋਂ ਪੁੱਟ ਸੁੱਟਿਆ।
੧. (ਐਸੇ ਸ਼ਰਨਾਗਤ) ਸੰਸਾਰ ਸਾਗਰ ਤੋਂ ਪਾਰ ਹੋ ਗਏ ਦਿਲ ਤੋਂ ਭਰਮ ਦਾ ਸਾਰਾ ਪਰਦਾ ਪਾੜਕੇ।
੪. ਪਾਰਸ (ਰੂਪ ਸ੍ਰੀ ਗੁਰੂ ਜੀ) ਜਿਨ੍ਹਾਂ ਨਾਲ ਛੁਹ ਜਾਂਦੇ ਹਨ ਉਹ (ਚਾਹੋ) ਲੋਹੇ ਵਰਗੇ ਹੋਣ, ਸੋਨੇ ਵਰਗੇ ਹੋ ਜਾਂਦੇ ਹਨ, (ਜਿਨ੍ਹਾਂ ਦੀ ਗਤੀ ਦਾ) ਪਾਰ ਨਹੀਂ ਪਾਇਆ ਜਾ ਸਕਦਾ।

੪. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

ਦੋਹਰਾ:

ਬੰਦ ਨ ਪਰਹਿ ਸਬੰਧ ਹੁਇ† ਸ੍ਰੀ ਅੰਗਦ ਪਦ ਬੰਦਿ।
ਬੰਦਿ ਹਾਥ ਸ਼ਰਨੀ ਪਰੇ ਬਿਘਨ ਬਿਨਾਸ਼ਨ ਬ੍ਰਿੰਦ ॥੪॥

†ਪਾ:-ਬੰਦਨ ਕਰੇ ਨਿਬੰਧ ਹੋਇ = (ਜਿਨ੍ਹਾਂ ਨੂੰ) ਨਮਸਕਾਰ ਕਰਕੇ ਬੰਧਨਾਂ ਤੋਂ ਰਹਿਤ ਹੋ ਜਾਈਦਾ ਹੈ।

ਅਰਥ:

ਮੈਂ (ਸ਼੍ਰੀ ਗੁਰੂ) ਅੰਗਦ ਦੇਵ ਜੀ ਦੇ ਚਰਨਾਂ ਤੇ ਨਮਸਕਾਰ ਕਰਦਾ ਹਾਂ ਕਿ (ਜਿਨ੍ਹਾਂ ਨਾਲ ਸਿੱਖੀ ਭਾਵਨਾ ਦਾ) ਸੰਬੰਧ ਹੋ ਜਾਣ ਤੇ (ਕੋਈ) ਬੰਦ (ਕੈਦ) ਨਹੀਂ ਪੈਂਦੀ, (ਹਾਂ) ਜੋ (ਬੀ) ਹੱਥ ਬੰਨ੍ਹ ਕੇ ਸ਼ਰਨ ਆ ਪਏ ਹਨ ਉਨ੍ਹਾਂ ਦੇ ਸਾਰੇ ਵਿਘਨ ਵਿਨਾਸ਼ ਹੋਏ ਹਨ।

੫. ਇਸ਼੍ਰ ਗੁਰੂ-ਸ਼੍ਰੀ ਗੁਰੂ ਅਮਰ ਦਾਸ ਜੀ ਦਾ-ਮੰਗਲ।

ਪਰਮ ਬ੍ਰਿੱਧ ਸ਼੍ਰੀ ਅਮਰ ਜੀ ਪਰਮ ਉਦਾਰ ਸਦੀਵ।
ਪਰਮ ਬਖਸ਼ ਕਰਿ ਸੇਵਕਨਿ, ਪਰਮ ਉਧਾਰਕ ਥੀਵ ॥੫॥

ਪਰਮ = ਵੱਡੀ। ਪਰਮ ਬ੍ਰਿੱਧ = ਵਡੀ ਬ੍ਰਿਧ (ਅਵਸਥਾ ਵਾਲੇ)।
ਪਰਮ = ਸੁੱਖੀ, ਉਤਕ੍ਰਿਸ਼੍ਰ ਪਰਮ = ਮੁਕਤੀ। ਪਰਮਗਤੀ ਤੋਂ ਮੁਰਾਦ ਹੈ।
ਪਰਮ = ਹੱਦ ਤੋਂ ਵਧੀਕ, ਭਾਵ ਬੇਅੰਤ ਲੋਕਾਂ ਨੂੰ।
ਉਧਾਰਕ = ਉਧਾਰਨ ਵਾਲੇ।

ਅਰਥ:

ਬਡੀ ਬਿਰਧ (ਅਵਸਥਾ ਵਾਲੇ) ਸ਼੍ਰੀ (ਗੁਰੂ) ਅਮਰ (ਦੇਵ ਜੀ) ਸਦੀਵ ਹੀ ਮੁਖੀ ਉਦਾਰ ਹਨ, (ਜਿਨ੍ਹਾਂ ਨੇ ਆਪਣੇ) ਸੇਵਕਾਂ ਨੂੰ ਪਰਮਗਤੀ ਬਖਸ਼ੀ (ਤੇ ਅਗੋਂ ਓਹ ਬਖਸ਼ਸ਼ਾਂ ਵਾਲੇ ਹੋਕੇ) ਅਨੇਕਾਂ ਦੇ ਉਧਾਰ ਕਰਤਾ ਹੋਏ ਹਨ।

੬. ਇਸ਼੍ਰ ਗੁਰੂ-ਸ਼੍ਰੀ ਗੁਰੂ ਰਾਮਦਾਸ ਜੀ ਦਾ-ਮੰਗਲ।

ਰਾਮਦਾਸ ਸ਼੍ਰੀ ਸਤਿਗੁਰੂ, ਦਾਸਨ ਤ੍ਰਾਸ ਬਿਨਾਸ਼ਿ।
ਨਿਜ ਪਰ ਜਨ ਬਿੱਸ੍ਵਾਸ ਲਖਿ, ਬਖਸ਼ਤਿ ਹੈਂ ਸੁਖਰਾਸ ॥੬॥

ਅਰਥ:

ਸ਼੍ਰੀ ਸਤਿਗੁਰੂ ਰਾਮਦਾਸ (ਜੀ ਆਪਣੇ) ਦਾਸਾਂ ਦਾ ਡਰ ਦੂਰ ਕਰਨਹਾਰ ਹਨ, ਆਪਣੇ ਉਪਰ ਦਾਸਾਂ ਦਾ ਭਰੋਸਾ ਜਾਣਕੇ (ਤਿਨ੍ਹਾਂ ਨੂੰ) ਸੁੱਖਾਂ ਦੇ ਪੁੰਜ ਬਖਸ਼ਦੇ ਹਨ।

੭. ਇਸ਼੍ਰ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

ਭਾਰੀ ਉਪਕਾਰੀ ਸਦਾ, ਧ੍ਰਿਤ ਧਾਰੀ, ਗੁਨਖਾਨ।
ਸ਼੍ਰੀ ਅਰਜਨ ਪਦ ਪਦਮ ਕੋ, ਨਮੋ ਜੋਰਿ ਜੁਗ ਪਾਨ ॥੭॥

ਅਰਥ:
ਸ਼੍ਰੀ (ਗੁਰੂ) ਅਰਜਨ (ਦੇਵ ਜੀ) ਸਦਾ ਹੀ ਭਾਰੇ ਉਪਕਾਰੀ ਹਨ, ਧੀਰਜ ਦੇ ਧਾਰਨ ਵਾਲੇ ਤੇ ਗੁਣਾਂ ਦੀ ਖਾਨ ਹਨ, (ਉਨ੍ਹਾਂ ਦੇ) ਚਰਨ ਕਵਲਾਂ ਨੂੰ ਦੋਵੇਂ ਹੱਥ ਜੋੜਕੇ (ਮੇਰੀ) ਨਮਸਕਾਰ ਹੈ।

ਭਾਵ:
ਇਥੇ ਜੋ ਨਮਸਕਾਰ ਆਈ ਹੈ ਇਹੋ ਭਾਵ ਪਿਛਲੇ ਤੇ ਅੱਗੇ ਆਉਣ ਵਾਲੇ ਸਾਰੇ ਅੰਗਾਂ ਵਿਚ ਲੈਣਾ ਚਾਹੀਏ।

੮. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ-ਮੰਗਲ।

ਸ਼੍ਰੀ ਗੁਰੁ ਹਰਿ ਗੋਬਿੰਦ ਜੀ, ਚੰਦ ਮਨਿੰਦ ਬਲਿੰਦ।
ਦਾਸਨ ਕੁਮਦ ਅਨੰਦ ਦਾ, ਸ਼ੱਤ੍ਰ ਬ੍ਰਿੰਦ ਅਰਬਿੰਦ ॥੮॥

ਬਲਿੰਦ = ਬਿਲੰਦ = ਉੱਚੇ [ਫਾ. ਬੁਲੰਦ]
ਕੁਮਦ = ਕਮੀਆਂ, ਜੋ ਰਾਤ ਨੂੰ ਚੰਦ ਦੀ ਚਾਂਦਨੀ ਵਿਚ ਖਿੜਦੀਆਂ ਹਨ।
ਅਰਬਿੰਦ = ਕਵਲ, ਜੋ ਦਿਨੇ ਖਿੜਦੇ ਹਨ।
ਸ਼ਤ੍ਰ = ਮੁਰਝਾ ਦੇਣ ਵਾਲੇ [ਸੰਸ. ਪਦ ਸ਼ਤ੍ਰ ਬਣਦਾ ਹੈ ਸ਼ਦ੍ ਧਾਤੂ ਤੋਂ।
ਸ਼ਦ੍ = ਮੁਰਝਾ ਜਾਣਾ।] (ਅ) ਵੈਰੀ।

ਅਰਥ:
ਉੱਚੇ ਸ੍ਰੀ (ਸਤਿਗੁਰੂ) ਗੁਰੂ ਹਰਿਗੋਵਿੰਦ ਜੀ ਚੰਦ੍ਰਮਾਂ ਵਤ ਹਨ, ਦਾਸਾਂ (ਰੂਪੀ) ਕਾਮਿਆਂ ਨੂੰ ਅਨੰਦ ਦੇਣ ਵਾਲੇ ਹਨ (ਤੇ) ਸਾਰੇ (ਸ਼ੱਤ੍ਰੂਆਂ ਰੂਪੀ) ਕਵਲਾਂ ਨੂੰ ਮੁਰਝਾਵਨ ਵਾਲੇ ਹਨ।

੯. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਰਾਇ ਜੀ ਦਾ-ਮੰਗਲ।

ਸ਼੍ਰੀ ਹਰਿ ਰਾਇ ਸੁ ਹਰਤਿ ਹੈਂ, ਦਾਸਨ ਕੇ ਦੁਖ ਜਾਲ।
ਹਰ ਇੱਛਾ ਕੋ ਦੇਤਿ ਹੈਂ, ਹਰਿ ਜਯੋਂ ਹੋਇ ਦਿਆਲ† ॥੯॥

†ਛਾਪੇ ਦੇ ਇਕ ਨੁਸਖੇ ਵਿਚ ਤੇ ਤ੍ਰੈ ਲਿਖਤੀ ਨੁਸਖਿਆਂ ਵਿਚ ਇਸ ਦੋਹਰੇ ਦੀ ਥਾਂ ਐਉਂ ਪਾਠਾਂਤ੍ਰ ਹਨ। ਇਕ ਛਾਪੇ ਦੇ ਵਿਖੇ:- ਉਤਪਤਿ ਪਾਲਨ ਲਯ ਕਰਤਿ ਸਤਿ ਚਿਤ ਅਨੰਦ ਸੁਭਾਇ। ਸੋ ਸਰੂਪ ਧਰਿ ਅਵਤਰੇ ਸ੍ਰੀ ਸਤਿਗੁਰ ਹਰਿ ਰਾਇ।
ਦੋ ਲਿਖਤੀਆਂ ਵਿਖੇ:- ਸ੍ਰੀ ਸਤਿਗੁਰ ਹਰਿ ਰਾਇ ਜੀ ਧਯਾਇ ਧਯਾਇ ਸੁਖ ਪਾਇ। ਕਰਹਿਂ ਸਦਾ ਕੱਲਯਾਣ ਕੋ ਜਹਿਂ ਕਹਿਂ ਹੋਇ ਸਹਾਇ। ਇਕ ਹੋਰ ਲਿਖਤੀ ਨੁਸਖੇ ਵਿਖੇ:-ਸ੍ਰੀ ਸਤਿਗੁਰ ਹਰਿ ਰਾਇ ਜੀ ਦੇਹੁ ਕੁਮੱਤਿ ਨਸਾਇ। ਨਿਜ ਦਾਸਨ ਪਰ ਕ੍ਰਿਪਾ ਕਰ ਲੇਹੁ ਸੁਮੱਤਿ ਉਪਾਇ।

ਹਰਤਿ ਹੈਂ = ਨਾਸ਼ ਕਰਦੇ ਹਨ।
ਹਰ = ਸਾਰੀਆਂ। (ਅ) ਨਾਸ਼, ਦੂਰ ਕਰਨਾ।
ਹਰਿ = ਪਰਮੇਸ਼੍ਵਰ, ਪਰਮਾਤਮਾ।

ਅਰਥ:
ਸ਼੍ਰੀ (ਗੁਰੂ) ਹਰਿ ਰਾਇ ਜੀ (ਆਪਣੇ) ਦਾਸਾਂ ਦੇ ਸਮੂਹ ਦੁਖਾਂ ਦਾ ਨਾਸ਼ ਕਰਦੇ ਹਨ (ਤੇ ਉਹਨਾਂ ਦੀਆਂ) ਸਾਰੀਆਂ ਕਾਮਨਾਂ ਨੂੰ ਪਰਮਾਤਮਾ ਵਤ ਦਿਆਲੂ ਹੋਕੇ (ਪੂਰੀਆਂ ਕਰ) ਦਿੰਦੇ ਹਨ। (ਅਥਵਾ ਇਛਿਆ ਨੂੰ ਹਰ ਦੇਂਦੇ ਹਨ, ਭਾਵ ਨਿਰਵਾਸ ਕਰਕੇ ਸਦਗਤੀ ਦੇਂਦੇ ਹਨ।)

੧੦. ਇਸ਼੍ਰ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ-ਮੰਗਲ।

ਸ਼੍ਰੀ ਸਤਿਗੁਰੁ ਹਰਿ ਕ੍ਰਿਸ਼ਨ ਜੀ ! ਦਿਹੁ ਗੁਰਮਤਿ ਉਪਜਾਇ॥
ਉਰ ਬਿਕਾਰ ਕਉ ਪਰਿਹਰਹੁ, ਸੱਤਿਨਾਮ ਲਿਵਲਾਇ ॥੧੦॥

ਅਰਥ:
(ਹੇ) ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀਓ! ਗੁਰਮਤਿ ਉਪਜਾ ਦਿਓ ਤੇ (ਮੇਰੇ) ਹਿਰਦੇ ਵਿਚੋਂ ਵਿਕਾਰਾਂ ਦਾ ਨਾਸ਼ ਕਰ ਦਿਓ ਤੇ ਸੱਤਿਨਾਮ (ਵਿਖੇ ਮੇਰੀ) ਲਿਵ ਲਗਾ ਦਿਓ।

੧੧. ਇਸ੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ-ਮੰਗਲ।

ਤੇਗ ਬਹਾਦਰ ਸ਼੍ਰੀ ਗੁਰੂ, ਪਰਮ ਬਹਾਦੁਰ ਧੀਰ।
ਸਾਦਰ ਪਰਉਪਕਾਰ ਹਿਤ, ਤ੍ਰਿਣ ਸਮ ਦੀਓ ਸਰੀਰ ॥੧੧॥

{ਸਾਦਰ = ਆਦਰ ਸਹਿਤ। ਸਤਿਕਾਰ ਵਾਲਾ, ਸਤਿਕਾਰ ਯੋਗ}।

ਅਰਥ:
ਸ੍ਰੀ ਗੁਰੂ ਤੇਗ ਬਹਾਦਰ ਜੀ ਬੜੇ ਬਹਾਦੁਰ ਤੇ ਧੀਰਜੀ (ਹਨ, ਜਿਨ੍ਹਾਂ ਨੇ) ਪਰਉਪਕਾਰ ਵਾਸਤੇ (ਆਪਣੇ) ਆਦਰ ਯੋਗ ਸ਼ਰੀਰ ਨੂੰ (ਦਿੱਲੀ ਵਿਖੇ) ਤ੍ਰਿਣ ਵਤ ਦੇ ਦਿੱਤਾ।

ਭਾਵ:
ਕਵੀ ਜੀ ਨੇ ਏਥੇ ਆਦਰ ਯੋਗ ਸਰੀਰ ਨੂੰ ਤ੍ਰਿਣਵਤ ਦੇ ਦੇਣ ਵਿਚ ਕਟਾਖਜ ਦਿਖਾਇਆ ਹੈ।

੧੨. ਇਸ੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ-ਮੰਗਲ।

ਕਬਿੱਤ:
ਆਦਿ ਤਿਮਰ ਲੰਗ ਤੇ ਅਨੇਕ ਪਾਤਿਸ਼ਾਹ
ਭਏ ਕੇਤੀ ਕੁਲਿ ਬੀਤਿ ਗਈ ਅਮਲ ਚਲਾਇ ਕੇ।
ਦੇਸ਼ ਤੇ ਬਿਦੇਸ਼ ਚਾਰੋਂ ਚੱਕ ਸਭਿ ਨਿਵੇਂ ਆਇ
ਕਹੂੰ ਨ ਮਵਾਸੀ ਭਟ ਦੀਏ ਬਿਚਲਾਇ ਕੇ।
ਅਨਗਨ ਸੈਨ, ਕੋਸ਼ ਦੀਰਘ, ਦੁਰਗ ਭਾਰੀ,
ਰਾਜ ਕੋ ਸਮਾਜ ਕੌਨ ਸਕੈ ਸੁ ਗਿਨਾਇ ਕੇ।
ਸ੍ਰੀ ਗੁਬਿੰਦ ਸਿੰਘ ਕੇ ਸਰੂਪ ਪੰਥ ਖਾਲਿਸਾ ਕੌ
ਕੌਨ ਜਾਨੇ ਦੈਂਗੇ ਪਾਤਸ਼ਾਹਤ ਖਪਾਇਕੇ ॥੧੨॥

ਆਦਿ = ਪਹਿਲਾਂ। ਅਮਲ ਚਲਾਇਕੇ = ਪਾਤਸ਼ਾਹਤ ਕਰਕੇ।
ਹਕੂਮਤ ਕਰਦਿਆਂ। [ਅ਼. = ਹਕੂਮਤ, ਕੰਮ ਕਾਰ] ਮਵਾਸੀ = ਆਕੀ।
ਬਿਚਲਾਇਕੇ = ਚਲ ਵਿਚਲ ਕਰ ਦਿੱਤੇ। ਛੱਕੇ ਛੁਡਾ ਦਿੱਤੇ।

ਅਰਥ:
ਪਹਿਲਾਂ ਤਿਮਰ ਲੰਗ ਨੇ (ਫੇਰ ਓਸ ਦੀ ਕੁਲ ਦੇ) ਅਨੇਕਾਂ ਪਾਤਸ਼ਾਹ ਹੋਏ (ਤੇ) ਕਈ ਕੁਲਾਂ ਹਕੂਮਤ ਕਰਦਿਆਂ ਗੁਜ਼ਰ ਗਈਆਂ। ਦੇਸ਼ ਤੇ ਬਿਦੇਸ਼ ਚਾਰੇ ਚੱਕ ਸਭ ਆਕੇ ਨਿਵੇਂ, ਕਿਤੇ ਬੀ ਕੋਈ ਆਕੀ ਨਾਂ (ਰਿਹਾ, ਸਭ) ਸੂਰਮੇਂ ਵਿਚਲਾ ਦਿੱਤੇ। ਅਣਗਿਣਤ ਸੈਨਾਂ (ਤੇ) ਵਡੇ ਖਜ਼ਾਨੇ (ਪਾਸ ਸਨ,) ਭਾਰੀ ਕਿਲ੍ਹਿਆਂ (ਵਾਲੇ ਸਨ, ਉਨ੍ਹਾਂ ਦੇ) ਰਾਜ ਦੇ ਸਮਾਜ ਨੂੰ ਕੌਣ ਗਿਣ ਸਕਦਾ ਸੀ। ਕੌਣ ਜਾਣਦਾ ਸੀ ਕਿ (ਐਡੀ) ਪਾਤਿਸ਼ਾਹੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਅਤੇ ਉਨ੍ਹਾਂ) ਦੇ ਸਰੂਪ ਪੰਥ ਖਾਲਸਾ ਜੀ ਖਪਾ ਦੇਣਗੇ।

੧੩. ਇਸ੍ਟ ਗੁਰੂ-ਦਸੋਂ ਗੁਰੂ ਸਾਹਿਬਾਨ ਜੀ ਦਾ-ਮੰਗਲ।

ਦੋਹਰਾ:
ਸਤਿਗੁਰ ਦਸ ਪਾਤਿਸ਼ਾਹ ਕੋ ਪਦ ਪੰਕਜ ਸੁਖਕੰਦ।

ਰਚੌਂ ਰਾਸਿ ਅਬਿ ਸਪਤਮੀ ਕਰ ਬੰਦਨ ਕੋ ਬੰਦ ॥੨੩॥

ਅਰਥ:

(ਸ੍ਰੀ) ਸਤਿਗੁਰੁ ਦਸਾਂ ਪਾਤਿਸ਼ਾਹਾਂ ਦੇ ਸੁਖ ਮੂਲ ਚਰਨਾਂ ਕਵਲਾਂ ਪਰ (ਦੋਵੇਂ) ਹੱਥ ਜੋੜ ਕੇ ਬੰਦਨ ਕਰਕੇ ਮੈਂ ਹੁਣ ਸਪਤਮੀ ਰਾਸ (ਗੁਰ ਪ੍ਰਤਾਪ ਸੂਰਜ ਗ੍ਰੰਥ ਦੀ) ਰਚਦਾ ਹਾਂ।

੧੪. ਗੁਰ ਸਿਖ, ਸੰਤ ਮੰਗਲ।

ਗੁਰ ਸਿਖ ਸੰਤਨ ਨਮੋ ਕਰਿ ਸਭਿ ਕੈ ਚਰਨ ਮਨਾਇ।
ਉਚਰੌਂ ਸਤਿਗੁਰ ਸੁਜਸ ਕੋ ਮਨ ਬਾਂਛਤਿ ਫਲ ਦਾਇ ॥੧੪॥

ਅਰਥ:

ਗੁਰੂ (ਜੀ ਦੇ) ਸਿੱਖਾਂ ਤੇ ਸੰਤਾਂ ਨੂੰ ਨਮਸਕਾਰ ਕਰ ਕੇ (ਤੇ) ਸਾਰਿਆਂ ਦੇ ਚਰਨ ਮਨਾਇਕੇ (ਸ੍ਰੀ) ਸਤਿਗੁਰੂ ਜੀ ਦਾ ਸ੍ਰੇਸ਼ਟ ਜਸ ਉਚਰਦਾ ਹਾਂ (ਜੋ) ਮਨ ਇੱਛਤ ਫਲਾਂ ਦਾ ਦਾਤਾ ਹੈ।

[ਮੰਗਲ ਸਮਾਪਤਿ ਤੇ ਕਥਾ ਦਾ ਆਰੰਭ]

ਚੌਪਈ:

ਸ਼੍ਰੀ ਹਰਿਗੋਬਿੰਦ ਬੈਠਿ ਕ੍ਰਿਪਾਲੁ।
ਸਿਖ ਸੰਗਤਿ ਕੇ ਕਰਹਿਂ ਨਿਹਾਲ।
ਅਨਿਕ ਕਾਮਨਾ ਪਾਇ ਸਿਧਾਰੈਂ।
ਕੋ ਮੁਖ ਸੁੰਦਰ ਨਿਕਟਿ ਨਿਹਾਰੈਂ ॥੧੫॥
ਜਨਮ ਪਦਾਰਥ ਕਰਨਿ ਕ੍ਰਿਤਾਰਥ।
ਜਿਸਤੇ ਹੋਯ ਸਦਾ ਸ਼ੁਭ ਸ੍ਵਾਰਥ।
ਸਾਂਈਦਾਸ ਰਹਜੋ ਤਬਿ ਪਾਸ।
ਕਰਹਿ ਤਾਂਹਿ ਸੋਂ ਬਾਕ ਬਿਲਾਸ ॥੧੬॥
ਦੀਪਮਾਲ ਕੋ ਮੇਲਾ ਆਯੋ।
ਜਿਤ ਕਿਤ ਤੇ ਸਿਖ ਗਨ ਉਮਡਾਯੋ।
ਮੁੱਖਜ ਮਸੰਦ ਸੰਗਤੰ ਲਜਾਵੈਂ।
ਦਰਬ ਸੰਚਿ ਗਨ ਆਪ ਸੁਹਾਵੈਂ[1] ॥੧੭॥ [1]ਸ਼ੋਭਦੇ ਹਨ (ਮਸੰਦ)।
ਅਟਲਰਾਇ ਕੀ ਸੁਧਿ ਕੋ ਪਾਏ।
ਯਾਂ ਤੇ ਚਲਿ ਆਏ ਸਮੁਦਾਏ।
ਦਰਬ ਸੰਚਿ ਗਨ ਅਪਰ ਬਿਸਾਲਾ।
ਪਹੁੰਚੇ ਸਕਲ ਆਇ ਤਿਸ ਕਾਲਾ
॥੧੮॥
ਪੂਰਬ ਸਤਿਗੁਰ ਕੇ ਢਿਗ ਜਾਵੈਂ।
ਅਟਲਰਾਇ ਕੇ ਹੇਤੁ ਬੁਲਾਵੈਂ।
ਪੁਨਹਿ ਉਪਾਇਨ ਕੋ ਅਰਪਾਵੈਂ।

ਗੁਰ ਤੇ ਖੁਸ਼ੀ ਬੰਦਿ ਕਰ ਪਾਵੈਂ ॥੧੯॥
ਸ੍ਰੀ ਗੁਰ ਤਖਤ ਅਕਾਲ ਸੁਹਾਏ।
ਧਰਹਿਂ ਉਪਾਇਨ ਜੇ ਸਿਖ ਲਜਾਏ।
ਅਧਿਕ ਭੀਰ ਚਹੁਂ ਦਿਸ਼ਿ ਮਹਿਂ ਹੋਵੈ।
ਖਰੇ ਹਜ਼ਾਰਹੁਂ ਦਰਸ਼ਨ ਜੋਵੈਂ ॥੨੦॥
ਮਹਾਂ ਮਸੰਦ ਬ੍ਰਿੰਦ ਥਿਤਿ ਪਾਸ।
ਖਰੋ ਮੇਵਰੋ ਕਰਿ ਅਰਦਾਸ।
ਸੁਭਟਨਿ ਕੋ ਬਡ ਲਗਯੋ ਦਿਵਾਨ।
ਬੀਚ ਬਿਰਾਜਹਿਂ ਸ੍ਰੀ ਭਗਵਾਨ ॥੨੧॥
ਚਮਰ ਚਾਰੁ ਸਿਰ ਪਰ ਸ਼ੁਭ ਢੁਰੈ।
ਹੰਸਨ ਕੀ ਸਮਸਰਤਾ ਧਰੈ।
ਸ਼ਸਤ੍ਰ ਆਨਿ ਜੋ ਅਰਪਤਿ ਆਗੈ।
ਤਿਸਹਿ ਗਹੈਂ ਕਬਿ, ਹੇਰਨਿ ਲਾਗੈਂ ॥੨੨॥
ਬਿਧੀਚੰਦ ਜੇਠਾਦਿਕ ਔਰ।
ਪਰਵਾਰਤਿ[1] ਸੋਢੀ ਸਿਰਮੌਰ।
ਕਬਿ ਗੁਰਦਾਸ ਸੰਗ ਕਹਿਂ ਬੈਨ।
ਕਬਹੁਂ ਕਰਹਿਂ ਸੰਗਤਿ ਦਿਸ਼ਿ ਨੈਨ ॥੨੩॥
ਸ੍ਰੀ ਗੁਰਦਿੱਤਾ ਨਿਕਟਿ ਸੁਹਾਏ।
ਇਕ ਦਿਸ਼ਿ ਸੂਰਜ ਮਲ ਦੁਤਿ ਪਾਏ।
ਅਣੀਰਾਇ ਬੈਠੇ ਗੁਰ ਤੀਰ।
ਆਵਹਿ ਜਾਹਿ ਸੰਗਤਾਂ ਭੀਰ ॥੨੪॥
ਸ਼ਬਦ ਰਬਾਬੀ ਗਾਵਤਿ ਆਗੇ।
ਸੁਨਤਿ ਸਿੱਖ ਸਮੁਝਤਿ ਵਡਭਾਗੈ।
ਦਾਸ ਅੰਕ ਸ੍ਰੀ ਤੇਗ ਬਹਾਦਰ।
ਬੈਠੇ ਸਤਿਗੁਰ ਕੇ ਢਿਗ ਸਾਦਰ ॥੨੫॥
ਕਰਹਿਂ ਕਾਮਨਾ ਪੂਰਨ ਬ੍ਰਿੰਦ।
ਸਭਿ ਬਿਧਿ ਸਭਿਨਿ ਅਨੰਦ ਬਿਲੰਦ।
ਪ੍ਰੇਮਚੰਦ ਇਕ ਖੱਤ੍ਰੀ ਆਯੋ।
ਸਹਤ ਪੁੱਤ੍ਰ ਸਤਿਗੁਰ ਦਰਸਾਯੋ ॥੨੬॥
ਕੰਨਜਾ ਹੁਤੀ ਤਾਂਹਿ ਘਰ ਮਾਂਹੀ।

[1]ਚਾਰ ਚੁਫੇਰੇ ਹੁੰਦੇ ਹਨ।

ਬਰ ਖੋਜਤਿ ਕਿਤ ਪਾਯੋ ਨਾਂਹੀ।
ਤਿਸ ਪਿਖਿ ਕੈ ਅਭਿਲਾਖਾ ਧਰੀ।
ਚਹਤਿ ਸਗਾਈ ਗੁਰ ਸੁਤ[1] ਕਰੀ ॥੨੭॥ [1]ਗੁਰੂ ਪੁੱਤ੍ਰ (ਨਾਲ)।
ਹਾਥ ਜੋਰਿ ਹੁਇ ਖਰੋ ਅਗਾਰੀ।
ਗੁਰ ਸਨਮੁਖ ਥਿਤ ਗਿਰਾ ਉਚਾਰੀ।
'ਮਹਾਂਰਾਜ ! ਮੇਰੀ ਅਰਦਾਸ।
ਪੂਰਨ ਕਰਹੁ ਦੀਨ ਕੀ ਆਸ ॥੨੮॥
ਸ਼੍ਰੀ ਕਰਤਾਰਪੁਰੇ ਕੋ ਬਾਸੀ।
ਜਾਤਿ ਸਿਲੀ[1] ਜਗ ਬਿਖੈ ਪ੍ਰਕਾਸ਼ੀ। [1]ਖਤ੍ਰੀਆਂ ਦੀ ਇਕ ਜ਼ਾਤ ਹੈ।
ਨਵ ਬਰਖਨ ਕੀ ਕੰਨਜਾਂ ਮੇਰੀ।
ਚਹੌਂ ਕਰਨਿ ਸੂਰਜਮਲ ਚੇਰੀ ॥੨੯॥
ਇਹੀ ਕਾਮਨਾ ਪੂਰਨ ਕਰੀਅਹਿ।
ਦਾਸਨਿ ਦਾਸਨਿ ਦਾਸ ਬਿਚਰੀਅਹਿ।'
ਸਤਿਗੁਰ ਕੋ ਰੁਖ ਬਿਧੀਏ ਪਾਯੋ।
ਦੇ ਧੀਰਜ ਤਿਹ ਨਿਕਟਿ ਬਿਠਾਯੋ ॥੩੦॥
'ਜਿਮ ਚਾਹਹਿਂ ਕਰਿਬੋ ਤਿਮ ਠਾਨਿ।
ਗੁਰ ਘਰਿ ਅਹੈ ਨਿਮਾਨਨਿ ਮਾਨ।
ਦਰਬ ਆਦਿ ਇਹ ਪਿਖਹਿਂ ਨ ਕੋਈ।
ਚਹਹਿਂ ਸੁ ਕਰਹਿਂ ਪ੍ਰੇਮ ਜੁਤਿ ਹੋਈ' ॥੩੧॥
ਪ੍ਰੇਮ ਚੰਦ ਸੁਨਿ ਧੀਰਜ ਪਾਯੋ।
ਬੋਲਿ ਗਣਿਕ ਕੋ ਸਮੋ ਸੁਧਾਯੋ।
ਜੋਤਿਕ[†] ਰੀਤਿ ਸੁਦਾਰਨਿ ਕਰੀ[‡]। [†]ਪਾ:-ਜੇਤਿਕ।

[‡]ਪਿੱਛੇ ਕਈ ਥਾਂਈਂ ਦੱਸ ਆਏ ਹਾਂ ਕਿ ਜੋਤਿਸ਼ ਆਦਿ ਗੁਰੂ ਘਰ ਵਿਚ ਪ੍ਰਵਾਣ ਨਹੀਂ ਸਨ, ਜੋ ਕੁਛ ਸਿੱਖਾਂ ਵਿਚ ਤਦੋਂ ਵਰਤ ਰਿਹਾ ਸੀ ਉਸ ਪਰ ਭਾਈ ਗੁਰਦਾਸ ਜੀ ਦੀ ਉਗਾਹੀ ਇਸ ਪ੍ਰਕਾਰ ਹੈ:- ਗੁਰ ਸਿੱਖ ਸੰਗਤ ਮਿਲਾਪ ਕੋ ਪ੍ਰਤਾਪ ਐਸੇ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ। ਪੂਛਤਿ ਨ ਜੇਤਿਕ ਅਉ ਬੇਦ ਥਿਤ ਵਾਰ ਕਛੁ ਗ੍ਰਹ ਅਉ ਨਿਛੱਤ੍ਰ ਕੀ ਨ ਸ਼ੰਕਾ ਉਰਧਾਰੀ ਹੈ। ਜਾਨਤ ਨ ਸਗਨ ਲਗਨ ਆਨ ਦੇਵ ਸੇਵ ਸਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ। ਸਿੱਖ ਸੰਤ ਬਾਲਿਕ ਸ੍ਰੀ ਗੁਰ ਪ੍ਰਤਿਪਾਲਿਕ ਹਇ ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ ॥੪੪੮॥ [ਭਾ:ਗੁ:

ਚੌਂਕੀ ਪਰ ਬਿਠਾਇ ਸ਼ੁਭ ਘਰੀ ॥੩੨॥
ਲਘੁ ਦੀਰਘ ਦੁੰਦਭਿ ਬਜਵਾਏ।
ਸੰਗ ਨਫੀਰਨਿ ਰਾਗ ਮਿਲਾਏ।
ਗੁਰ ਕੇ ਮਹਿਲ ਨਾਰਿ ਗਨ ਆਈ।

ਗੁਰ ਤ੍ਰਿਯ ਤਰੈ ਕੋ[1] ਦੇਤਿ ਬਧਾਈ ॥੩੩॥
ਭਰਯੋ ਸਦਨ ਢੋਲਕ ਬਜਵਾਇ।
ਪਿਕ ਬੈਨੀ ਮਿਲਿ ਗੀਤਨਿ ਗਾਇ।
ਮੰਗਲ ਮਹਾਂ ਕਰਯੋ ਤਿਹ ਸਮੈਂ।
ਬੈਠੇ ਸਤਿਗੁਰ ਜਗ ਪਗ ਨਮੈ ॥੩੪॥
ਪ੍ਰੇਮਚੰਦ ਲਖਿ ਭਾਗ ਭਲੇਰੇ।
ਭਯੋ ਬਿਲੰਦ ਅਨੰਦ ਤਿਸ ਬੇਰੇ।
ਆਇ ਗੁਰੂ ਕੋ ਬੰਦਨ ਕੀਨਿ।
ਨਿਕਟਿ ਬਿਠਾਯੋ ਆਦਰ ਦੀਨ ॥੩੫॥
ਪਾਂਧੇ ਤਬਿ ਸਭਿ ਬਿਧਿ ਕਰਿਵਾਈ।
ਗ੍ਰਹ ਨਵ ਗਨਪਤਿ ਵਿਸ਼ਨੁ ਪੁਜਾਈ[†]।
ਆਗਜਾ ਪਾਇ ਉਠਯੋ ਹਰਖਾਯੋ।
ਪ੍ਰੇਮ ਚੰਦ ਗੁਰ ਪ੍ਰਥਮ ਮਨਾਯੋ ॥੩੬॥
ਸੂਰਜਮਲ ਮੁਖ ਖਾਰਕ[1] ਦੀਨੋ।
ਕੁੰਕਮ[1] ਤਿਲਕ ਭਾਲ ਮੈਂ ਕੀਨੋ।
ਮੰਗਲ ਭਯੋ ਅਨੇਕ ਪ੍ਰਕਾਰੇ।
ਮੋਦਕ ਮੋਦਤਿ ਲੇ ਤਿਸ ਬਾਰੇ[1] ॥੩੭॥
ਸਭਿਨਿ ਬਿਖੈ ਬਹੁਤੇ ਬਰਤਾਏ।
ਪਿਖਿ ਉਤਸਵ ਕੋ ਉਰ ਹਰਖਾਏ।
ਜਾਚਕ ਗਨ ਕੋ ਧਨ ਬਹੁ ਦੀਨ।
ਲੇ ਲੇ ਸਭਿਨਿ ਸੁਜਸੁ ਕੋ ਕੀਨਿ ॥੩੮॥
ਪ੍ਰੇਮਚੰਦ ਸਗਰੀ ਬਿਧਿ ਕਰਿ ਕੈ।
ਗਮਨਯੋ ਸਦਨ ਅਨੰਦ ਕੋ ਧਰਿ ਕੈ।
ਜਾਇ ਤਹਾਂ ਉਤਸਵ ਕੋ ਕੀਨਾ।
ਕਹਿ ਕੁਟੰਬ ਕੋ ਹਰਖ ਸੁ ਦੀਨਾ ॥੩੯॥
ਇਤ ਸਤਿਗੁਰੁ ਮੇਲਾ ਕਰਿ ਆਛੇ।
ਸਹਤ ਮਸੰਦ ਬਿਸਰਜਤਿ[1] ਪਾਛੇ।
ਜਥਾ ਜੋਗ ਦੈ ਦੈ ਸਿਰਪਾਉ।
ਤਿਸੀ ਦੇਸ਼ ਭੇਜੇ ਕਰੁਨਾਉ[1] ॥੪੦॥

[1]ਤਿੰਨਾਂ ਮਹਿਲਾਂ ਨੂੰ।

[†]ਦੇਖੋ ਰਾਸਿ ੪ ਅੰਸੂ ੪ ਅੰਕ ੩੮ ਦੀ ਹੇਠਲੀ ਟੂਕ।

[1]ਛੁਹਾਰਾ।

[1]ਕੇਸਰ ਦਾ।

[1]ਖੁਸ਼ੀ ਖੁਸ਼ੀ ਤਿਸ ਵੇਲੇ ਲੱਡੂ ਲੈ ਕੇ।

[1]ਵਿਦਾ ਕੀਤਾ।

[1]ਕਰੁਨਾਉ = ਕ੍ਰਿਪਾ ਕਰ ਕੇ। [ਸੰਸ. ਕਰੁਣਾ] (ਅ) ਕਰਿ+ਨਾਉਂ = ਨਾਉਂ ਲੈ ਕੇ (ਮਸੰਦਾਂ ਦਾ) ਭਾਵ ਸਨਮਾਨ ਕਰ ਕੇ। (ੲ) ਕਰਨਾਉ = ਕਾਰਦਾਰ, ਕਰਿੰਦੇ।

ਸਕਲ ਅਨੰਦ ਪਾਇ ਜਸੁ ਕਹੈਂ।
ਗਮਨੇ ਸਭਿ ਦੇਸ਼ਨਿ ਜਿਮ ਕਹੈਂ।
ਸੰਗਤਿ ਨਿਜ ਨਿਜ ਸਦਨ ਸਿਧਾਰੀ।
ਜਹਿਂ ਕਹਿਂ ਕੀਰਤਿ ਗੁਰੂ ਉਚਾਰੀ ॥੪੧॥
ਰਾਮੋ ਸਹਤ ਜੁ ਸਾਈਂ ਦਾਸ।
ਹਾਥ ਜੋਰਿ ਕੀਨਸਿ ਅਰਦਾਸ।
'ਦਿਹੁ ਰਜ਼ਾਇ ਕਰੁਨਾ ਕੋ ਠਾਨਿ।
ਰਹੇ ਦਿਵਸ ਬਹੁ, ਕਰਹਿਂ ਪਯਾਨ ॥੪੨॥
ਆਪ ਅਗਵਨ ਹੋਇ ਤਿਸ ਦੇਸ਼।
ਤਹਿਂ ਦਰਸ਼ਨ ਕੋ ਚਹਿਤਿ ਅਸ਼ੇਸ਼[1]।' [1]ਸਾਰੇ।
ਤਬਿ ਸਤਿਗੁਰ ਨਿਜ ਸਾਰੀ[1] ਜਾਨਿ। [1]ਸਾਲੀ।
ਮੁਖ ਮੁਸਕਾਵਿਤ ਕੀਨਿ ਬਖਾਨਿ ॥੪੩॥
'ਪ੍ਰਥਮ ਰਹੇ ਤੁਮ ਘਰ ਚਿਰ ਕਾਲ।
ਬਹੁਰ ਆਇ ਹਮ ਬਸਹਿਂ ਬਿਸਾਲ।
ਰਹਹੁ ਪ੍ਰਤੀਖਤਿ, ਨਿਸ਼ਚੇ ਐ ਹੈਂ।
ਤੁਮਰੋ ਪ੍ਰੇਮ ਰਹਨਿ ਨਹਿਂ ਦੈ ਹੈ' ॥੪੪॥
ਤ੍ਰੈ ਦਮੋਦਰੀ ਆਦਿਕ ਜੇਈ।
ਮਿਲਿ ਕਰਿ ਸਭਿਹਿ ਨਮਹਿਂ ਕਰਿ ਸੇਈ।
ਗਏ ਡਰੋਲੀ ਕੋ ਸੁਖ ਪਾਇ।
ਨਿਤ ਸਤਿਗੁਰ ਸਿਮਰਹਿਂ ਚਿਤ[†] ਪਾਇ ॥੪੫॥ [†]ਪਾ:-ਸੁਖ।
ਸ਼੍ਰੀ ਗੁਰਦਿੱਤੇ ਪਿਤ ਰੁਖ ਜਾਨਿ।
ਆਇਸੁ ਪਾਇ ਤਿਆਰੀ ਠਾਨਿ।
ਨੱਤੀ ਧੀਰਮੱਲ ਲੇ ਗੋਦ।
ਸਭਿ ਸਾਸਨਿ ਸੰਗ ਮਿਲੀ ਪ੍ਰਮੋਦ ॥੪੬॥
ਨਮਸਕਾਰ ਕਰਿ ਸਜੰਦਨ ਚਰੀ।
ਸ਼੍ਰੀ ਕਰਤਾਰ ਪੁਰੇ ਮਗ ਪਰੀ।
ਸ਼੍ਰੀ ਗੁਰਦਿੱਤਾ ਪਹੁੰਚਯੋ ਜਾਇ।
ਬਸੇ ਤਹਾਂ ਹੀ ਸੁਖ ਉਪਜਾਇ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤ ਰਾਸੇ 'ਸੂਰਜ ਮਲ ਸਗਾਈ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

੨. [ਭਾਈ ਗੁਰਦਾਸ ਨੇ ਘੋੜੇ ਖ਼੍ਰੀਦਣੇ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਕੁਛਕ ਕਥਾ ਗੁਰਦਾਸ ਕੀ, ਸੁਨਹੁ ਸਕਲ ਗੁਰਦਾਸ[1] !

ਗੁਰ ਮਾਯਾ ਦੁਸ਼ਤਰ ਮਹਾਂ, ਕਰਿ ਲੀਜਹਿ ਨਿਰਜਾਸ[1] ॥੧॥

ਚੌਪਈ:

ਏਕ ਦਿਵਸ ਗੁਰ ਸਭਾ ਮਝਾਰੇ।
ਸਿਦਕੀ ਸਿਖ ਬੈਠੇ ਮਦ ਧਾਰੇ।
ਭਗਤੂ ਬਹਿਲੋ ਆਦਿਕ ਥਿਰੇ।
ਜੇਠਾ ਬਿਧੀਆ ਸ਼ੁਭ ਮਤਿ ਕਰੇ ॥੨॥
ਬੈਠ੍ਯੋ ਢਿਗ ਪ੍ਰਬੀਨ ਗੁਰਦਾਸ।
ਸਿੱਖੀ ਕੇ[1] ਹੁਇੰ ਬਾਕ ਬਿਲਾਸ।
ਕਹਤਿ ਭਏ 'ਗੁਰ ਕਰੁਨਾ ਧਰੈਂ।
ਮਾਯਾ ਤੇ ਸੁ ਬਚਾਵਨਿ ਕਰੈਂ ॥੩॥
ਮਨ ਠਹਿਰਾਵੈਂ ਚਰਨ ਮਝਾਰਾ।
ਸਹੈ ਕਸੌਟੀ ਸੋ ਸਿਖ ਭਾਰਾ।
ਗੁਰ ਕੇ ਚਰਿਤ ਨ ਜਾਹਿਂ ਬਿਚਾਰੇ[1]।
ਪਿਖਿ ਕਰਿ ਭਰਮਹਿਂ ਸਿੱਖ ਬਿਚਾਰੇ' ॥੪॥
ਸਭਿ ਮਹਿਂ ਤਬਿ ਬੋਲ੍ਯੋ ਗੁਰਦਾਸ।
'ਜੇ ਕਰਿ ਹੋਇ ਸਿੱਖ ਗੁਰ ਪਾਸ।
ਸਿੱਖੀ ਕੋ ਨਿਰਬਾਹਨਿ ਕਰੈ।
ਜਯੋਂ ਕਯੋਂ ਕਰਿ ਉਰ ਭਰਮ ਨ ਧਰੈ ॥੫॥
ਜੇ ਕਰਿ ਸਾਂਗ ਅਰੰਭੈਂ ਪਰਖਨਿ[1]।
ਧਾਰੈਂ ਰੂਪ ਬਿਪਰਜੈ ਕੁਛ ਤਨ[1]।
ਕਿਧੌਂ ਗਿਰਾ ਕਹਿਂ ਔਰ ਪ੍ਰਕਾਰੀ।
ਕੈ ਸੁਭਾਵ ਬਿੱਪ੍ਰੀਤਿ ਧਾਰੀ ॥੬॥
ਕਿਧੋਂ ਅਜੋਗ ਕਰਾਵਹਿਂ ਕੈਸੇ।
ਆਗੇ ਕਹੀ ਕਰੀ ਨਹਿਂ ਜੈਸੇ[1]।

[1]ਹੇ ਗੁਰੂ ਜੀ ਦੇ ਸਿਖੋ !

[1]ਨਿਰਨੇ ਕਰ ਲਓ।

[1]ਸਿੱਖੀ ਬਾਬਤ।

[1]ਭਾਵ ਬੁੱਧੀ ਨਾਲ ਸਮਝਣ ਲਗਿਆਂ ਕਈ ਵੇਰ ਸਮਝੇ ਨਹੀਂ ਪੈਂਦੇ।

[1]ਸਾਂਗ ਅਰੰਭ ਦੇਣ (ਗੁਰੂ ਜੀ) ਪਰਖਨ ਲਈ ਸਿਖਾਂ ਨੂੰ।

[1]ਸਰੀਰ ਦਾ।

[1]ਜਿਵੇਂ ਨਾ (ਕਿਸੇ) ਅੱਗੇ ਕਹੀ ਹੋਵੇ ਤੇ ਨਾ (ਕਿਸੇ) ਕੀਤੀ

ਹੋਵੇ।

ਸਿੱਖ ਸਿਦਕ ਅਪਨੋ ਦ੍ਰਿੜ ਰਾਖੈ।
ਸਹੈ ਕਸੌਟੀ ਮਨ ਕੋ ਗਾਖੈ[1]' ॥੭॥

[1]ਕਸੌਟੀ ਸਹਿੰਦੇ ਹਨ ਤੇ ਮਨ ਨੂੰ ਬੇਵਸਾ ਨਹੀਂ ਹੋਣ ਦੇਂਦੇ। (ਅ) ਕਸੌਟੀ ਸਹਿਣੀ ਤੇ ਮਨ ਨੂੰ ਪਰਖਣਾ।

ਅਪਨੀ ਕਵਿਤਾ ਬਿਖੈ ਬਨਾਈ।
ਸੋ ਤੁਕ ਪਠਿ ਕਰਿ ਸਭਿਨਿ ਸੁਨਾਈ।
'ਜੇ ਗੁਰ ਸਾਂਗ ਕਛੁ ਬਰਤਾਰੈ।
ਦਿਢ ਸਿਖ ਰਹੈ ਸਿਦਕ ਨਹਿਂ ਹਾਰੇ[†]' ॥੮॥

[†]ਜੇ ਗੁਰ ਸਾਂਗ ਵਰਤੱਤਦਾ ਸਿਖ ਸਿਦਕ ਨ ਹਾਰੇ। [ਭਾ: ਗੁ: ਵਾ: ੩੫-੨੦

ਸੁਣਿ ਸਿੱਖਨਿ ਪੁਨ ਭਨੀ ਸੁ ਬਾਨੀ।
'ਹੈ ਐਸੇ ਤੁਮ ਜਥਾ ਬਖਾਨੀ।
ਤਊ ਬਿਸਾਲ ਪ੍ਰਬਲ ਗੁਰ ਮਾਯਾ।
ਕੌਨ ਕੌਨ ਨਹਿਂ ਇਨਹਿਂ ਭ੍ਰਮਾਯਾ ॥੯॥
ਸਿਦਕ ਰਾਖਿਬੋ ਮੁਸ਼ਕਲ ਅਹੇ।
ਜਿਨਹੁਂ ਕਰੇ ਤਪ ਕਾਨਨ ਰਹੇ।
ਮੁਨਿ ਜਨ ਸੁਰ ਗੰਧ੍ਰਬ ਕੋ ਗਿਨੀਯਹਿ।
ਜਿਨਹੁਂ ਗਿਨੇ ਕੋ ਅੰਤ ਨ ਭਨੀਅਹਿ ॥੧੦॥
ਪ੍ਰਭੁ ਮਾਯਾ ਨੇ ਘਨੇ ਭ੍ਰਮਾਏ।
ਤਰੀ ਨ ਕਿਮ ਬਿਨ ਗੁਰੂ ਸਹਾਏ[1]।'

[1]ਗੁਰੂ ਜੀ ਦੀ ਸਹਾਇਤਾ ਬਿਨਾਂ ਕਿਵੇਂ ਬੀ (ਕਿਸੇ ਨੂੰ) ਨਹੀਂ ਤਰੀ।

ਸੁਨਿ ਕੈ ਪੁਨਿ ਗੁਰਦਾਸ ਬਖਾਨੀ।
ਕਰੀ ਹੁਤੀ ਜੋ ਅਪਨੀ ਬਾਨੀ ॥੧੧॥

ਦੋਹਰਾ:
'ਅੰਬਰ ਪਾਟੇ ਥਿੱਗਲੀ, ਲਾਇ ਕਰਹਿ ਕੁੜਿਆਰ[1]।
ਇੱਤਯਾਦਿਕ ਨਰ ਅਲਪ ਜੇ, ਦੇਤਿ ਸਿਦਕ ਕੋ ਟਾਰਿ ॥੧੨॥

[1]ਅਕਾਸ਼ ਪਾਟੇ ਨੂੰ ਟਾਕੀ ਝੂਠੇ ਲਾਇਆ ਕਰਦੇ ਹਨ।

ਚੌਪਈ:
ਨਰ ਸਿੱਖੀ ਮਹਿਂ ਗਾਢੋ ਜੋਇ।
ਗੁਰੂ ਸਿਦਕ ਮਨ ਰਾਖਿ ਪਰੋਇ।
ਜਯੋਂ ਕਯੋਂ ਕਰਿ ਮਤਿ ਕੋ ਥਿਰ ਗਹੈ।
ਹੁਇ ਗਾਢੋ ਹਲਿਬੋ ਨਹਿਂ ਲਹੈ' ॥੧੩॥

ਸੁਨਿ ਸਿੱਖਨਿ ਕੀ ਚਰਚਾ ਚਾਰੂ।
ਸ਼੍ਰੀ ਹਰਿਗੋਬਿੰਦ ਰਿਦੈ ਬਿਚਾਰੂ।
-ਅਪਰ ਸਰਬ ਗੁਰ ਆਸ਼੍ਰਾ ਚਹੈਂ[1]।
ਨਿਜ ਬਿਸਾਸ ਗੁਰਦਾਸਹਿ ਕਹੈ[1] ॥੧੪॥

[1]ਹੋਰ ਸਿਖ ਸਾਰੇ ਗੁਰੂ ਦਾ ਆਧਾਰ ਚਾਹੁੰਦੇ ਹਨ। ਪਾਠਾਂਤ੍ਰ- 'ਆਸ਼ਾ' ਬੀ ਮਿਲਦਾ ਹੈ।

[1]ਭਾਈ ਗੁਰਦਾਸ ਜੀ ਨਿਰਾ ਸਿੱਖ ਦਾ ਅਪਣਾ ਭਰੋਸਾ ਹੀ ਆਖਦੇ ਹਨ।

ਯਾਂ ਤੇ ਬੀਜ ਮਾਤ੍ਰ ਅਹੰਕਾਰ†।

†ਬੀਜ ਮਾਤ੍ਰ ਅਹੰਕਾਰ ਬੜੀ ਮੁਸ਼ਕਲ ਦੂਰ ਹੁੰਦਾ ਹੈ ਅਰ ਬੜੇ ਵਡਿਆਂ ਵਿੱਚ ਹੁੰਦਾ ਹੈ, ਇਸ ਨਾਲ ਭਾਈ ਗੁਰਦਾਸ ਨੂੰ ਸਾਧਾਰਣ ਹੰਕਾਰੀਆਂ ਵਾਂਙ ਨੀਵਾਂ ਸਮਝ ਲੈਣਾ ਭੁੱਲ ਹੋਵੇਗਾ। ਲੇਸ਼ਾਵਿੱਦਜਾ ਤੇ ਬੀਜ ਮਾਤ੍ਰ ਹੰਕਾਰ ਬਹੁਤ ਉੱਚੇ ਜਗਿਆਸੂਆਂ ਤੇ ਕਈ ਵੇਰ ਸੰਤਾਂ ਦੀ ਅੰਤਮ ਕਮਜ਼ੋਰੀ ਹੁੰਦੀ ਹੈ।

ਹੈ ਇਸ ਬਿਖੈ ਸੁ ਬੁਰੋ ਬਿਕਾਰ।
ਰਹਿਬੋ ਸਦਾ ਸਮੀਪ ਹਮਾਰੇ।
ਚਹੀਅਹਿ ਉਰ ਤੇ ਮੂਲ ਉਖਾਰੇ ॥੧੫॥
[1]ਇਮ ਹੰਕਾਰ ਬਿਨਾਸਜੋ ਜੇ ਨ।

[1]ਭਾਵ, ਸੁਤੇ ਸਤਿਸੰਗ ਵਿਚਾਰ ਆਦਿਕਾਂ ਨਾਲ ਇਸ ਤਰ੍ਹਾਂ ਆਪੇ ਜੇ ਇਹ ਹੰਕਾਰ ਇਨ੍ਹਾਂ ਦਾ ਨਹੀਂ ਨਾਸ਼ ਹੋਇਆ ਤਾਂ ਸਾਨੂੰ ਖਾਸ ਕੋਈ ਚੋਜ ਵਿਖਾਕੇ ਇਨ੍ਹਾਂ ਦਾ ਹੰਕਾਰ ਨਾਸ਼ ਕਰਨਾ ਚਾਹੀਦਾ ਹੈ।

ਤਉ ਹਮ ਕੋ ਚਹੀਅਤਿ ਹਤਿ ਦੇਨਿ।
ਦੇਹਿਂ ਕਸੌਟੀ, ਸਹੈ ਕਿ ਨਾਂਹੀ।
ਕਰਹਿਂ ਕ੍ਰਿਤੀ ਕੁਛ ਪਰਖਨ ਮਾਂਹੀ[1] ॥੧੬॥

[1]ਪਰਖਨ ਲਈ ਕੋਈ ਕੌਤਕ ਕਰੀਏ।

ਗਰਬਤਿ ਚਿਤ, 'ਮੈਂ ਸਿੱਖ ਬਿਸਾਲ।'
ਜਾਨਜੋ ਪਰੈ, ਪਰਖਿਬੇ ਕਾਲ[1]-।

[1]ਪਰਖਣੇ ਸਮੇਂ।

ਇਮ ਸਤਿਗੁਰ ਉਰ ਮੈਂ ਠਹਿਰਾਈ।
ਕਿਤਿਕ ਸਮੈਂ ਮੈਂ ਸਭਿਨਿ ਸੁਨਾਈ ॥੧੭॥
'ਕਹੂੰ ਤੁਰੰਗ ਜਿ ਹੋਹਿਂ ਬਿਕਾਊ।
ਚਾਹਤਿ ਲੀਏ ਆਇ ਮਨ ਭਾਊ।
ਹਿਤ ਅਪਨੇ ਭੀ ਹਮ ਅਸੁ ਲੈਬੇ।
ਅਰੁ ਜੋਧਾਨ ਕਿਤਿਕ ਹੈਂ ਦੈਬੇ ॥੧੮॥
ਸੁਨਿ ਸਤਿਗੁਰ ਤੇ ਸਿਖ ਸਮੁਦਾਇ।
'ਧੰਨੀ ਘੇਪ ਦੇਸ਼ ਬਹੁ ਪਾਇ।'
ਇੱਤਜਾਦਿਕ ਗਨ ਥਾਨ ਬਤਾਏ।

'ਆਨਹੁੰ ਖੋਜਿ ਖੋਜਿ ਜੋ ਜਾਏ' ॥੧੯॥
ਨਿਜ ਨਿਜ ਮਤਿ ਅਨੁਸਾਰ ਬਤਾਈ।
ਨਹੀਂ ਬਾਤ ਕੁਛ ਗੁਰ ਮਨ ਭਾਈ।
ਏਕ ਸੁਭਟ ਪਸ਼ਚਮ ਦਿਸ਼ਿ ਬਾਸੀ।
ਕਰ ਕੋ ਜੋਰਤਿ ਗਿਰਾ ਪ੍ਰਕਾਸ਼ੀ ॥੨੦॥
'ਜਸ ਤੁਰੰਗ ਚਾਹਹੁ ਗੁਰ ਪੂਰੇ।
ਤਸ ਕਾਬਲ ਮਹਿਂ ਪ੍ਰਾਪਤਿ ਰੂਰੇ।
ਰਾਵਰ ਕੇਰ ਅਰੂਢਨਿ ਜੋਗ।
ਆਨਹਿਂ, ਪਠਹੁ ਸੁਮਤਿ ਜੁਤਿ ਲੋਗ[1] ॥੨੧॥

[1]ਸਿਆਣੇ ਆਦਮੀਆਂ ਨੂੰ।

ਜੋ ਆਛੇ ਪਰਖਹਿਂ ਗੁਨ ਅੰਗ।
ਹੋਵਹਿਂ ਚਪਲ ਸਬੇਗ ਤੁਰੰਗ।
ਬਡੀ ਬਡੀ ਕੀਮਤ ਕੇ ਅਹੈਂ।
ਦੇ ਧਨ ਕਰਿ ਪਸੰਦ ਕੋ ਲਹੈ' ॥੨੨॥
ਸ਼੍ਰੀ ਹਰਿ ਗੋਵਿੰਦ ਸੁਨਿ ਕਰਿ ਮਾਨੀ।
'ਨਿਸ਼ਚੈ ਤਹਾਂ ਤੁਰੰਗ ਗੁਨ ਖਾਨੀ।
ਜੋ ਕਿਕਾਨ ਬਡ ਕੀਮਤ ਕੇਰਾ।
ਸੋ ਪਸ਼ਚਮ ਦਿਸਿ ਕੋ ਹੀ ਹੇਰਾ' ॥੨੩॥
ਤਬਿ ਗੁਰਦਾਸ ਦਿਸ਼ਾ ਗੁਰ ਦੇਖਾ।
ਕਹਜੋ 'ਕਿ ਤੁਮ ਤੇ ਕੌਨ ਵਿਸੇਖਾ।
ਬ੍ਰਿੱਧ ਬੈਸ ਗੁਰ ਪਾਸ ਬਿਤਾਈ[1]।
ਸਕਲ ਭਾਂਤਿ ਕੀ ਸ਼ੁਭ ਮਤਿ ਪਾਈ ॥੨੪॥

[1]ਭਾਵ ਬਹੁਤੀ ਆਯੂ। (ਅ) ਵਡੇ ਸਤਿਗੁਰਾਂ ਪਾਸ ਆਯੂ ਬਿਤਾਈ।

ਉਭੈ[1] ਤੁਰੰਗਮ ਹੇਤੁ ਹਮਾਰੇ।
ਲਜਾਉ ਸਬੇਗ ਚਪਲ ਬਲ ਭਾਰੇ।
ਸੁਭਟਨ ਹੇਤੁ ਅਪਰ ਪਿਖਿ ਆਨਹੁ।
ਲੇਹੁ ਸੰਗ ਧਨ ਗਨ ਪ੍ਰਸਥਾਨਹੁ ॥੨੫॥
ਪ੍ਰਥਮ ਪੁਚਾਵਹੁ ਪਾਸ ਹਮਾਰੇ।
ਪਰਖਿ ਲੇਹਿਂਗੇ ਜਿਮ ਗੁਨ ਭਾਰੇ।
ਤੁਮ ਤਹਿਂ ਟਿਕਹੁ ਸਿੱਖ ਜਬਿ ਜਾਇ।
ਤਬਿ ਦੀਜਹਿ ਧਨ, ਮੋਲ ਬਤਾਇ[1]'

[1]ਦੋ।

[1]ਜੇ ਮੁੱਲ ਉਨ੍ਹਾਂ ਨੂੰ ਕਿਹਾ ਹੋਵੇ ਸੋ ਤਦੋਂ ਦੇ ਦੇਣਾ।

॥੩੬॥
ਇਸ ਆਯਸੁ ਕੋ ਸੁਨਿ ਕਰਿ ਮਾਨੀ।
'ਮੈਂ ਜੈ ਹੌਂ, ਅਸੁ ਲਜਾਉਂ' ਬਖਾਨੀ।
ਤਬਿ ਬੇਸਰ[1] ਲਾਦੀ ਧਨ ਸਾਥ। — [1]ਖੱਚਰ।
ਦੇ ਪੰਚਾਸ ਹਜ਼ਾਰ ਸੁ ਨਾਥ ॥੨੭॥
ਨਰ ਕੇਤਿਕ ਤਿਹ ਸੰਗ ਪਠਾਏ।
ਹਿਤ ਤਕਰਾਈ ਧਨ ਸਮੁਦਾਏ।
ਕਰਿ ਗੁਰ ਬੰਦਨ ਪੰਥ ਪਧਾਰਾ।
ਨਿਸ ਬਿਸਰਾਮਹਿਂ ਸ਼੍ਰਮ ਨਿਰਵਾਰਾ ॥੨੮॥
ਦਿਵਸ ਪਯਾਨਹਿਂ ਪਸ਼ਚਮ ਓਰੇ।
ਬੂਝਤਿ ਜਾਤਿ 'ਹੋਹਿਂ ਕਿਤ ਘੋਰੇ?'
ਐਰਾਵਤੀ ਉਲੰਘਤਿ ਚਾਲਾ।
ਚੰਦ੍ਰਭਗਾ[1] ਤਰਿ ਗਯੋ ਬਿਸਾਲਾ ॥੨੯॥ — [1]ਚਨਾਬ।
ਪੁਨਹਿ ਬਿਦਸਤਾ[1] ਤੇ ਹੁਇ ਪਾਰਾ। — [1]ਜੇਹਲਮ।
ਚਲਤਿ ਸਿੰਧੁ[1] ਨਦ ਜਾਇ ਨਿਹਾਰਾ। — [1]ਅਟਕ।
ਤਜਿ ਪਸ਼ੌਰ ਕੋ ਆਗੇ ਗਯੋ।
ਕਾਬਲ ਜਾਇ ਬਿਲੋਕਤਿ ਭਯੋ ॥੩੦॥
ਡੇਰਾ ਕਰਿ ਘੋਰੇ ਪੁਨ ਬੂਝੇ।
ਨਰਨ ਬਤਾਏ ਜਿਹ ਬਿਧਿ ਸੂਝੇ[1]। — [1]ਜਿਵੇਂ ਜਿਵੇਂ ਲੋਕਾਂ ਨੂੰ ਸੋਝੀ ਸੀ ਸੋ ਦੱਸੀ।
ਅਗਲੇ ਦਿਵਸ ਜਾਇ ਕਰਿ ਹੇਰੇ।
ਘੋਰੇ ਚਪਲ ਸਬੇਗ ਬਡੇਰੇ ॥੩੧॥
ਦਰਬ ਮੋਲ ਪੰਚਾਸ ਹਜ਼ਾਰ।
ਪੁਨ ਕਰਿ ਲੀਨਿ ਏਵ ਤਕਰਾਰ[1]। — [1]ਇਕਰਾਰ, ਪੰਜਾਬੀ ਵਿਚ ਅਕਸਰ ਇਕਰਾਰ ਨੂੰ ਤਕਰਾਰ ਬੋਲਦੇ ਹਨ, ਫਾਰਸੀ ਵਿਚ ਤਕਰਾਰ ਦੇ ਅਰਥ ਝਗੜਾ ਹਨ।
'ਲੇ ਹਮ ਲੀਏ[†] ਦਰਬ ਤੁਵ ਦੈਹੈਂ। — [†]ਪਾ:-ਹਮ ਹੈਂ ਲੀਏ।
ਏਕ ਵੇਰ ਗੁਰ ਨਿਕਟਿ ਪਠੈ ਹੈਂ ॥੩੨॥
ਸੁਨਿ ਗੁਰ ਤੇ ਜਬਿ ਨਰ ਕੋ ਆਵੈ।
ਤਤਛਿਨ ਦਰਬ ਸਰਬ ਹੀ ਪਾਵੈਂ।'
ਸੁਨਤਿ ਸੁਦਾਗਰ ਬਾਕ ਬਖਾਨੇ।
'ਬਲੀ ਬਿਐਬ ਤੁਰੰਗ ਮਹਾਨੇ ॥੩੩॥

ਗੁਰ ਢਿਗ ਪਠਹੁ ਨ ਸੰਸਾ ਕੋਈ।
ਪੀਛੇ ਲੇਹਿਂ ਮੋਲ ਜੋ ਹੋਈ।'
ਕਰਿ ਤਕਰਾਰ ਕਿਕਾਨ ਪਠਾਏ।
ਮਗ ਕੋ ਉਲੰਘਿ ਸੁਧਾਸਰ ਆਏ ॥੩੪॥
ਸਤਿਗੁਰ ਪਿਖਿ ਕਰਿ ਉਰ ਹਰਖਾਏ।
ਚਢਿ ਕਰਿ ਫੇਰ ਧਵਾਇ ਫੰਧਾਏ।
ਖਾਸ ਤਬੇਲੇ ਸੋ ਬੰਧਵਾਏ।
ਪਠਜੋ ਸਿੱਖ ਤਿਸ ਦਿਸ਼ ਸਹਿਸਾਏ ॥੩੫॥
ਜਾਇ ਬਾਤ ਗੁਰਦਾਸ ਸੁਨਾਈ।
'ਘੋਰੇ ਸਤਿਗੁਰ ਲੀਏ ਬੰਧਾਈ।
ਬਹੁਤ ਪਸੰਦ ਅਏ ਮਨ ਭਾਏ।
-ਦੇਹੁ ਦਰਬ ਕੋ- ਭਾਖਿ ਪਠਾਏ' ॥੩੬॥
ਸੁਨਿ ਗੁਰਦਾਸ ਹਰਖ ਕੋ ਪਾਯੋ।
ਤਤਛਿਨ ਪਠਿ ਨਰ ਨਿਕਟਿ ਬੁਲਾਯੋ।
ਕਰਿ ਸਨਮਾਨ ਬਿਠਾਵਨਿ ਕੀਨਾ।
'ਲੇਹੁ ਮੋਲ ਗੁਰ ਨੇ ਕਹਿ ਦੀਨਾ' ॥੩੭॥
ਸੌਦਾਗਰ ਤੰਬੂ ਦਰ ਥਿਰਿਓ।
ਬਿਚ ਗੁਰਦਾਸ ਜਾਇ ਤਬਿ ਵਰਿਓ।
ਤਾਰੀ ਲਾਇ ਖੋਲਿ ਕਰਿ ਤਾਰੋ[1]।
ਦਰਬ ਨਿਕਾਸਨਿ ਕੋ ਕਰ ਡਾਰੋ ॥੩੮॥
ਭਈ ਠੀਕਰੀ ਜਿਤਿਕ ਰਜਤਪਨ।
ਵਹਿਰ ਨਿਕਾਰੀ ਪਿਖਿ ਬਿਸਮਜੋ ਮਨ।
ਪੰਚਹੁਂ ਖੱਚਰ ਪਰ ਦਸ ਭਾਰੇ[1]।
ਖੋਲਿ ਖੋਲਿ ਸੋ ਸਕਲ ਨਿਹਾਰੇ ॥੩੯॥
ਪਿਖੀ ਠੀਕਰੀ ਸਭਿ ਮਹਿਂ ਤੈਸੇ।
ਚਿੰਤਾ ਅਧਿਕ ਬਿਚਾਰਤਿ ਐਸੇ।
-ਇਹ ਕਜਾ ਕਾਰਨ ਲਖਜੋ ਨ ਜਾਈ?
ਕਿਧੌਂ ਗੁਰੂ ਨੈ ਇਹੈ ਪਠਾਈ ॥੪੦॥
ਕੈ ਕਾਰਨ ਕੁਛ ਹੋਯਹੁ ਔਰ।
ਕੈ ਇਹੁ ਦਰਬ ਲੀਨਿ ਕਿਨ ਚੋਰਿ[1]।

[1]ਕੁੰਜੀ ਲਾਕੇ ਜੰਦਰਾ ਖੋਲ੍ਹਕੇ।

[1]ਦਸੇ ਭਾਰ।

[1]ਕਿਸੇ ਨੇ ਚੁਰਾ ਲਿਆ ਹੈ।

ਰਾਜ ਤੁਰਕ ਕੌ, ਗਹਹਿ ਉਜਾਗਰ।
ਹਟਹਿ ਨ, ਧਨ ਅਬਿ ਲੇਹਿ ਸੁਦਾਗਰ ॥੪੧॥
ਜੇ ਅਬਿ ਭਾਗ ਚਲੌਂ ਉਠਿ ਚੋਰੀ।
ਬਨਹਿ ਨ ਗਮਨ ਮਿਲਿਨ ਗੁਰ ਓਰੀ[1]-।

[1]ਗੁਰਾਂ ਦੀ ਤਰਫ ਜਾਣਾਂ (ਤੇ ਜਾਕੇ) ਮਿਲਨਾ ਨਹੀਂ ਬਣਦਾ।

ਨਿਕਸ੍ਯੋ ਤਬਿ ਤੰਬੂ ਤੇ ਵਹਿਰ।
ਕਹ੍ਯੋ ਸੁਦਾਗਰ ਸੋਂ 'ਕੁਛ ਠਹਿਰ ॥੪੨॥
ਗਿਨਿ ਕਰਿ ਸਗਰੇ ਅਬਿ ਲੇ ਆਊਂ।
ਲਗਹਿ ਬਿਲਮ ਕੁਛ, ਸ਼ੀਘ੍ਰ ਗਿਨਾਊਂ[1]।'

[1]ਗਿਣਾਂਗਾ ਛੇਤੀ ਪਰ ਕੁਛ ਦੇਰੀ ਲਗੇਗੀ।

ਅਪਰ ਥਾਨ ਢਿਗ ਤਾਂਹਿ ਬਿਠਾਯੋ।
ਆਪ ਬਹੁਰ ਤੰਬੂ ਪ੍ਰਵਿਸ਼ਾਯੋ ॥੪੩॥
ਦਰ ਕੋ ਪਿਖਤਿ ਸੁਦਾਗਰ ਥਿਰ੍ਯੋ।
ਲਖਹਿ -ਗਿਨਹਿ ਧਨ ਅੰਤਰ ਥਰ੍ਯੋ-।
ਅਪਰ ਉਪਾਵ ਨ ਕੁਛ ਬਨਿ ਆਯੋ।
ਤੰਬੂ ਪਾੜ ਪਿਛੈ ਨਿਕਸਾਯੋ ॥੪੪॥
ਇਕ ਦੁਇ ਮਜ਼ਲ ਬਡੇਰੀ ਕਰਿ ਕੈ।
-ਗੁਰ ਤਜਿ ਕਾਂਸ਼ੀ ਚਲੌਂ- ਬਿਚਰਿ ਕੈ।
ਤਨ ਸੰਤਨ ਕੋ ਭੇਖ ਬਨਾਵਾ।
ਕੋਇ ਨ ਕਰੈ ਚਿਨਾਰੀ ਪਾਵਾ[1] ॥੪੫॥

[1]ਪਛਾਣ ਨ ਸਕੇ।

ਕੇਤਿਕ ਦਿਨ ਮਹਿਂ ਪ੍ਰਵਿਸ਼੍ਯੋ ਆਇ।
ਕਾਂਸ਼ੀ ਮਹਿਂ ਸਹਿ ਚਿੰਤ ਬਸਾਇ।
ਤਹਾਂ[1] ਸੁਦਾਗਰ ਦਰ ਕੋ ਹੇਰਤਿ।
ਬਿਤ੍ਯੋ ਸਮਾਂ ਬਹੁ, ਪੁਨ ਸੋ ਟੇਰਤਿ ॥੪੬॥

[1]ਭਾਵ ਕਾਬਲ ਵਿਚ।

'ਅੰਤਰ ਤੇ ਅਵਾਜ਼ ਨਹਿਂ ਆਈ।
ਬੈਠ੍ਯੋ ਡੇਢਕ ਜਾਮ ਬਿਤਾਈ।'
ਉਠਿ ਕਰਿ ਅੰਤਰ ਹੇਰਨਿ ਕਰ੍ਯੋ।
ਸੋ ਨਹਿਂ, ਦਰਬ ਖੁਲ੍ਯੋ ਤਹਿਂ ਪਰ੍ਯੋ ॥੪੭॥
ਜੋ ਗੁਰਦਾਸ ਸੰਗ ਨਰ ਅਹੈਂ।

ਤਿਨਹਿ ਬੁਲਾਇ ਦਿਖਾਇ ਸੁ ਕਹੈ।
'ਪਰਜੋ ਦਰਬ, ਨਹਿਂ ਦੇਵਨਹਾਰਾ।
ਕਜੋਂ ਤਜਿ ਭਾਜਜੋ? ਕਹਾਂ ਬਿਚਾਰਾ[1]?' [1]ਕੀ ਵਿਚਾਰਿਆ ਹੈਸੁ?
॥੪੮॥
ਸਗਰੇ ਨਿਕਟਿ ਖਰੇ ਤਬਿ ਕੀਨੇ।
ਹਯ ਕੋ ਮੋਲ ਸੁ ਧਨ ਗਨ ਲੀਨੇ।
ਬਾਕੀ ਸੌਂਪ ਦਿਏ ਤਿਨ ਪਾਸ।
'ਕਿਤ ਗੁਰਦਾਸ?' ਕਹਤਿ ਸਭਿ ਦਾਸ
॥੪੯॥
ਸਰਬ ਸਮਾਜ ਸੰਭਾਰਨ ਕੀਨਾ।
ਦਾਸਨ ਗੁਰ ਦਿਸ਼ਿ ਕੋ ਮਗ ਲੀਨਾ।
'ਜਾਨਜੋ ਪਰੈ ਨਹੀਂ, ਕਜਾ ਹੋਵਾ?
ਧਨ ਧਰਿ ਗਯੋ ਆਪ ਨਹਿਂ ਜੋਵਾ'
॥੫੦॥
ਆਇ ਮਿਲੇ ਸਤਿਗੁਰ ਕੇ ਪਾਸ।
ਸਰਬ ਬਾਰਤਾ ਕਰੀ ਪ੍ਰਕਾਸ਼।
'ਨਹਿਂ ਜਾਨਜੋ ਕਿਤ ਗਾ ਗੁਰਦਾਸ।
ਤਜਿ ਕਰਿ ਤੰਬੂ ਮਹਿਂ ਧਨ ਰਾਸ'
॥੫੧॥
ਸਤਿਗੁਰ ਤਬਿ ਜਾਨੀ ਨਿਜ ਮਾਯਾ।
-ਗਯੋ ਭਾਜਿ ਸੋ ਰਿਦਾ ਭ੍ਰਮਾਯਾ।
ਭਈ ਠੀਕਰੀ ਜਿਤਿਕ ਰਜਤਪਨ।
ਭਾਜਜੋ ਦੇਖਤਿ ਹੁਇ ਅਧੀਰ ਮਨ-
॥੫੨॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਭਾਈ ਗੁਰਦਾਸ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

੩. [ਭਾਈ ਗੁਰਦਾਸ ਕਾਂਸ਼ੀ ਵਿਖੇ]

੨<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪

ਦੋਹਰਾ:
ਨਿਕਸਜੋ ਡੇਰਾ ਤਜਾਗ ਕਰਿ,
ਹਿਮ ਰਿਤੁ ਬੀ ਤਿਸ ਕਾਲ।
ਚਲਤਿ ਪੰਥ ਨਿਤ ਚਰਨ ਕਰਿ,
ਸ਼੍ਰਮ ਕੋ ਲਹਤਿ ਬਿਸਾਲ ॥੧॥
ਚੌਪਈ:
ਅਧਿਕ ਬਸਤ੍ਰ ਬਿਨ ਸੀਤ ਨ ਜਾਵੈ।ਹੁਤੋ ਜੁ
ਢਿਗ, ਤਿਹ ਕੌਨ ਉਠਾਵੈ।
ਕਿਤ ਭੋਜਨ ਪ੍ਰਾਪਤਿ, ਕਿਤ ਨਾਂਹੀ।
ਨਿਤਪ੍ਰਤਿ ਗਮਨਤਿ ਮਾਰਗ ਮਾਂਹੀ ॥੨॥
ਮਹਾਂ ਖੇਦ ਤੇ ਦੁਰਬਲ ਹੋਯੋ।
ਨਹਿਂ ਆਗੈ ਅਸ ਸੰਕਟ ਜੋਯੋ।
ਪਾਇਨਿ ਪਰੇ ਫਾਲਰੇ[1] ਘਨੇ। [1]ਛਾਲੇ।
ਚਲਤਿ ਪੰਥ ਨਿਤ ਸ਼੍ਰਮ ਕੇ ਸਨੇ ॥੩॥
ਨੀਠ ਨੀਠ ਕਰਿ ਪ੍ਰਾਪਤਿ ਹੋਵਾ।
ਕਿਤਿਕ ਦਿਵਸ ਮਹਿਂ ਸ਼ਿਵਪੁਰਿ[1] ਜੋਵਾ। [1]ਕਾਂਸ਼ੀ।
ਕਿਸ ਥਲ ਜਾਇ ਕੀਨਿ ਬਿਸਰਾਮੂ।
ਤਹਿਂ ਗੁਰ ਸੰਗਤਿ ਕੇ ਬਹੁ ਧਾਮੂ ॥੪॥
ਜੋ ਸਿਖ ਦਰਸ਼ਨ ਕੇ ਹਿਤ ਆਏ।
ਤਿਨਹੁਂ ਪਛਾਨ ਲੀਨਿ ਹਰਖਾਏ।
ਸਭਿਨਿ ਜੋਰਿ ਕਰ ਸੇਵਾ ਠਾਨੀ।
ਚਰਨ ਪਖਾਰੇ ਤਾਤੇ ਪਾਨੀ[1] ॥੫॥ [1]ਗਰਮ ਜਲ ਨਾਲ।
ਚਾਂਪਤਿ ਹੈਂ ਚਿਤ ਚੌਂਪ ਕਰੰਤੇ।
ਸ੍ਵਾਦਲ ਭੋਜਨ ਕਰਿ ਅਚਵੰਤੇ।
ਜੋ ਤਬਿ ਹੁਤੇ ਪੁਰੀ ਮਹਿਪਾਲਾ।
ਸਿੱਖ ਗੁਰੂ ਕੋ ਪ੍ਰੀਤ ਬਿਸਾਲਾ ॥੬॥
ਸੁਨਿ ਮਹਿਮਾ ਇਸ ਕੀ ਬੁਲਵਾਯੋ।
ਕਹਿ ਊਚਾਸਨਿ ਪਰ ਬੈਠਾਯੋ।
ਬੂਝਤਿ ਭਯੋ ਗੁਰੂ ਕੀ ਗਾਥਾ।
ਤਬਿ ਗੁਰਦਾਸ ਭਨੀ ਨ੍ਰਿਪ ਸਾਥਾ ॥੭॥

'ਸਤਿਗੁਰ ਥਿਰੇ ਸੁਧਾਸਰ ਰਾਜੈਂ।
ਜਪੇ ਨਾਮ, ਦਰਸ਼ਨ[1], ਦੁਖ ਭਾਜੈਂ।' — [1]ਦਰਸ਼ਨ (ਕਤਿਆਂ)।
ਨਿਜ ਬਾਨੀ ਮਹਿਂ ਗੁਰ ਜਸ ਗਾਯੋ।
ਕਹਿ ਬਹੁ ਬਿਧਿ ਮਹਿਪਾਲ ਸੁਨਾਯੋ ॥੮॥
ਸੁਨਿ ਹਰਖ੍ਯੋ ਸ਼ੁਭ ਥਾਨ ਉਤਾਰਾ।
ਪੁਨ ਗੁਰ ਸਿੱਖਨਿ ਨ੍ਰਿਪਹਿ ਉਚਾਰਾ।
'ਰਾਮਦਾਸ ਗੁਰ ਅਰਜਨ ਪਾਸ।
ਰਹਤਿ ਭਯੋ ਪੂਰਬ ਗੁਰਦਾਸ ॥੯॥
ਅਬਿ ਸ਼੍ਰੀ ਹਰਿਗੋਵਿੰਦ ਬਹੁ ਸੇਵਾ।
ਮਹਿਮਾ ਇਸ ਕੀ ਸਮ ਗੁਰਦੇਵਾ।
ਗੁਰੂ ਸਮੀਪੀ ਇਹ ਚਿਰਕਾਲੂ।
ਕਰਿਵਾਏ ਕਹਿ ਸਿੱਖ ਨਿਹਾਲੂ' ॥੧੦॥
ਇੱਤਜਾਦਿਕ ਮਹਿਮਾ ਸੁਨਿ ਭਾਰੀ।
ਪਗ ਪਾਹੁਲ ਲੈਬੇ ਇਛ ਧਾਰੀ।
ਪੰਚਾਂਮ੍ਰਿੱਤ ਘਨੋ ਕਰਿਵਾਇ।
ਨਿਕਟਿ ਲੀਨਿ ਗੁਰਦਾਸ ਬੁਲਾਇ ॥੧੧॥
ਹਾਥ ਜੋਰਿ ਕਹਿ 'ਪਾਹੁਲ ਦੈ ਹੋ।
ਮੋ ਕਹੁ ਸਿੱਖ ਸਕਲ ਬਿਧਿ ਕੈ ਹੋ[1]।' — [1]ਸਾਰੀ ਵਿਧੀ ਨਾਲ ਕਰੋ।
ਪਗ ਪਾਹਲੁ ਦੇ ਤਬਿ ਗੁਰਦਾਸ।
ਭਯੋ ਮਹਾਨ ਭਾਉ ਨ੍ਰਿਪ ਪਾਸ ॥੧੨॥
ਜਬਿ ਨ੍ਰਿਪ ਭਯੋ ਸਿੱਖ ਇਸ ਕੇਰਾ।
ਪੁਰਿ ਮਹਿਂ ਜਸੁ ਪ੍ਰਗਟਾਯੁ ਬਡੇਰਾ।
ਅਪਰ ਲੋਕ ਸਿਖ ਭਏ ਸੁ ਆਇ।
ਨਿਤਪ੍ਰਤਿ ਬਨਹਿਂ ਮਨੁਜ[1] ਸਮੁਦਾਇ ॥੧੩॥ — [1]ਮਨੁਖ (ਸਿਖ) ਬਣਦੇ ਹਨ।
ਦੇਖਾ ਦੇਖੀ ਭਏ ਹਜ਼ਾਰੋਂ।
ਗੁਰ ਕੋ ਸੁਜਸੁ ਬਿਥਾਰਿ ਉਚਾਰੋ।
ਨਿਤ ਮਹਿਪਾਲਕ ਨਿਕਟਿ ਬੁਲਾਵੈ।
ਗੁਰਬਾਨੀ ਇਸ ਪਾਸ ਪਢਾਵੈ ॥੧੪॥
ਅਰਥ ਸਮੇਤ ਸੁਨਹਿ ਮਨ ਲਾਈ।

ਸਭਿ ਕੋ ਮਨ ਮਹਿਂ ਮੋਦ ਉਪਾਈ।
ਅਧਿਕ ਚਤੁਰ ਮ੍ਰਿਦੁ ਬਾਕਨ ਕਹੈ।
ਸੁਨਿ ਸਗਰੇ ਗੁਰ ਪ੍ਰੀਤੀ ਲਹੈਂ ॥੧੫॥
ਨ੍ਰਿਪ ਕੇ ਨਿਕਟਿ ਕਥਾ ਨਿਤ ਕਰੈ।
ਸਭਿ ਸੰਗਤਿ ਸੁਨਿਬੇ ਹਿਤ ਜੁਰੈ।
ਬਹੁ ਕੀਰਤਿ ਬਿਸਤੀਰਤਿ ਕੀਨਿ।
ਫਿਰਹਿਂ ਸੰਗ ਗਨ ਲਖਜੋ ਪ੍ਰਬੀਨ ॥੧੬॥
ਭੂਪਤ ਕੋ ਗੁਰ† ਜਬਿ ਹ੍ਵੈ ਗਯੋ।

†ਇੱਥੇ ਗੁਰੁ ਦਾ ਭਾਵ ਮੁਰਸ਼ਦ ਹੈ, ਸਤਿਗੁਰੁ ਨਹੀਂ, ਇਹ ਗੱਲ ਸਿੱਧ ਹੋ ਜਾਊ ਜਦੋਂ ਭਾਈ ਜੀ ਸਭ ਨੂੰ ਸਤਿਗੁਰਾਂ ਦੇ ਚਰਨੀਂ ਲਾਉਣਗੇ।

ਸਕਲ ਨਗਰ ਸਨਮਾਨਤਿ ਭਯੋ।
ਇਕ ਦਿਨ ਦਿਜ ਪੰਡਿਤ ਸੰਨਜਾਸੀ।
ਸਭਿ ਮਿਲਿ ਕਰਿ ਆਏ ਇਸ ਪਾਸੀ ॥੧੭॥
ਨ੍ਰਿਪ ਕੋ ਗੁਰੂ ਲਖਜੋ ਲਲਚਾਏ[1]।

[1]ਭਾਵ ਚਰਚਾ ਕਰਨ ਦੀ ਇੱਛਾ ਹੋਈ।

ਨਿਜ ਮਤ ਲਜਾਵਨਿ ਹੇਤੁ ਅਲਾਏ।
'ਇਹ ਸ਼ਿਵਪੁਰਿ ਜਿਸ ਮਹਿਂ ਤੁਮ ਬਾਸਾ।
ਯਾਂ ਤੇ ਬਨਹੁ ਰੁੱਦ੍ਰ ਕੋ ਦਾਸਾ ॥੧੮॥
ਬੈਠੇ ਕਰਹੁ ਸਦਾ ਸ਼ਿਵ ਧਜਾਨ।
ਕਜਾ ਗੁਰ ਤੇ ਅਬਿ ਲੇਹੁ ਸੁਜਾਨ!'
ਤਬਿ ਗੁਰਦਾਸ ਕਹਜੋ 'ਸੁਨਿ ਲੀਜੈ।
ਜੋ ਪਤਿਬ੍ਰਤਾ ਧਰਮ ਦਿਖਰੀਜੈ[1] ॥੧੯॥

[1]ਜੋ ਪਤਿਬ੍ਰਤਾ ਧਰਮ ਵਾਲੀ ਦਿੱਸ ਪਵੇ।

ਪਰ ਪਤਿ[1] ਰਮਹਿ ਨਿੰਦ ਜਗ ਗਾਵਹਿ।

[1](ਉਹ ਜੋ) ਪਰਾਇਆ ਪਤੀ।

ਆਗੈ ਨਰਕ ਸਜ਼ਾਇਨਿ ਪਾਵਹਿ।
ਇਮ ਗੁਰ† ਤਜਾਗ ਜਪਹਿ ਜੇ ਔਰ।

†ਏਥੇ ਗੁਰੁ ਪਦ ਦਾ ਅਰਥ ਗੁਰੁ ਗਾਦੀ ਤੇ ਇਸਥਿਤ 'ਗੁਰ-ਅਵਤਾਰ' ਹੈ।

ਹਲਤਿ ਪਲਤਿ ਮਹਿਂ ਲਹਹਿ ਨ ਠੌਰ ॥੨੦॥
ਜੇ ਗੁਰ ਦਯਾ ਤਾਂ ਸਭਿ ਕੀ ਦਯਾ।
ਜੇ ਗੁਰ ਰਿਸਹਿ ਤ ਸਭਿ ਰਿਸ ਕਿਯਾ।'
ਇਸ ਪਰ ਏਕ ਸਵੱਯਾ ਗਾਯੋ।
ਸਭਿ ਬਿੱਪ੍ਰਨ ਕੋ ਤਬਹਿ ਸੁਨਾਯੋ ॥੨੧॥

ਸ੍ਵੈਯਾ:

†ਮਾਤ ਬਿਓਗ ਪਰੈ ਬਛਰਾ
ਅਨ ਗਾਯ ਧਰੈ ਥਨ[1] ਲਾਤ ਲਗਾਵੈ। [1]ਹੋਰ ਗਾਂ ਦੇ ਥਣ ਨੂੰ ਫੜੇ ਤਾਂ।

†ਦੋ ਲਿਖਤੀ ਨੁਸਖਿਆਂ ਵਿੱਚ ਇਥੇ ਭਾਈ ਗੁਰਦਾਸ ਜੀ ਦਾ ਅਸਲ ਕਬਿੱਤ ਵੀ ਦਿੱਤਾ ਹੋਇਆ ਹੈ, ਜਿਸਦਾ ਪਾਠ ਇਉਂ ਹੈ:-
ਕਬਿੱਤ: ਜੈਸੇ ਬਛੁਰਾ ਬਿਛੁਰ ਪਰੈ ਆਨ ਗਾਇ ਥਨ ਦੁਗਧ ਨ ਪਾਨ ਕਰੈ ਮਾਰਤ ਹੈ ਲਾਤ ਕੀ। ਜੈਸੇ ਮਾਨਸਰ ਤਿਆਗਿ ਹੰਸ ਆਨਸਰ ਜਾਤ ਖਾਤ ਨ ਮੁਕਤਾਫਲ ਭੁਗਤ ਜੁਗਾਤ ਕੀ । ਜੈਸੇ ਰਾਜਦੁਆਰ ਤਜਿ ਆਨ ਦੁਆਰ ਜਾਤ ਜਨ ਹੋਤ ਮਾਨੁ ਭੰਗੁ ਮਹਿਮਾ ਨ ਕਾਹੂ ਬਾਤ ਕੀ । ਤੈਸੇ ਗੁਰਸਿਖ ਆਨ ਦੇਵ ਕੀ ਸਰਨ ਜਾਹਿ, ਰਹਿਓ ਨ ਪਰਤ ਰਾਖਿ ਸਕਤ ਨ ਪਾਤ ਕੀ ॥੪੪੧॥

ਹੰਸ ਜੁ ਤਜਾਗ ਕੈ ਮਾਨ ਸਰੋਵਰ
ਖੋਜਤਿ ਪੋਖਰ ਚੋਗ ਨ ਪਾਵੈ[1]। [1]ਛਪੜਾਂ ਨੂੰ ਖੋਜੇ ਤਾਂ (ਮੋਤੀਆਂ ਦੀ) ਚੋਗ ਨਹੀਂ ਪਾਉਂਦਾ।
ਚੱਕ੍ਰਪਤੀ ਨਿਜ ਭੂਪਤਿ ਤਜਾਗ ਕੈ
ਔਰ ਪੈ ਜਾਇ ਕੈ ਦਾਸ ਲਜਾਵੈ।
ਤੈਸੇ ਗੁਰੂ ਸਿਖ ਸੇਵ ਕਰੈ ਜਗ
ਔਰ ਸੁ ਦੇਵ, ਨ ਪਾਪ ਬਚਾਵੈ[1]' ॥੨੨॥ [1]ਤਿਵੇਂ ਗੁਰੂ ਦਾ ਸਿਖ ਜਗ ਵਿਚ ਹੋਰ ਦੇਵਤੇ ਦੀ ਸੇਵਾ ਕਰੇ (ਤਾਂ ਉਹ ਦੇਵਤਾ ਉਸ ਨੂੰ) ਪਾਪਾਂ ਤੋਂ ਨਹੀਂ ਬਚਾ ਸਕਦਾ।

ਦੋਹਰਾ:
ਇੱਤਜਾਦਿਕ ਉੱਤਰ ਦੀਏ,
ਦਿਜਨਿ ਮਾਨ ਕਰਿ ਭੰਗ।
ਇਕ ਸਤਿਗੁਰ ਕੋ ਆਸ਼ਰਾ,
ਨਿਸ਼ਚੈ ਕੀਨਿ ਅਭੰਗ ॥੨੩॥

ਚੌਪਈ:
ਜੁਗਲ ਜੋਰਿ ਕਰ ਦਿਜਹਿ ਬਖਾਨੀ[1]। [1]ਬਾਹਮਣਾਂ ਨੇ ਕਿਹਾ।
'ਸੰਸੈ ਏਕ ਹਰਹੁ ਗੁਨ ਖਾਨੀ!
ਸ਼੍ਰੀ ਗੁਰਦਾਸ ਬਿਮਲ ਮਤਿ ਮਾਨੀ[1]! [1]ਨਿਰਮਲ ਮਤੀ ਵਾਲੇ ਮਾਨਯੋਗ।
ਤੱਤ੍ਵ ਗਜਾਨ ਮਯ ਬੋਧ ਪ੍ਰਮਾਨੀ[1]! ॥੨੪॥ [1]ਤੁਸਾਡਾ) ਬੋਧ ਤਤ੍ਵਗਿਆਨ ਵਾਲਾ ਮੰਨਣੇ ਯੋਗ ਹੈ, ਭਾਵ ਤੁਸੀਂ ਤਤਵੇਤਾ ਹੋ ਅਸੀਂ ਇਹ ਮੰਨਦੇ ਹਾਂ।

ਦੋਹਰਾ:
ਗੋਵਿੰਦਾਦਿਕ ਰਾਮ ਇਤਿ,
ਬਰਨੇ ਸਿੰਮ੍ਰਿਤਿ ਪੁਰਾਨ[1]। [1]ਰਾਮ ਗੋਬਿੰਦਾਦਿਕ (ਜੋ ਸਾਰੇ) ਨਾਮੁ ਸਿੰਮ੍ਰਤੀ ਪੁਰਾਨਾਂ ਵਿਚ ਕਥਨ ਕੀਤੇ ਹਨ।
ਭਿੰਨ ਨਾਮ ਤ੍ਰਿਪਤਾ ਤਨੁਯ, ਕਿਮ ਭਾਖਜੋ ਭਗਵਾਨ[1]? ॥੨੫॥ [1]ਇਨ੍ਹਾਂ ਨਾਮਾਂ ਤੋਂ) ਵੱਖਰਾ ਨਾਮ ਪ੍ਰਮਾਤਮਾਂ ਦਾ ਤ੍ਰਿਪਤਾ ਜੀ ਦੇ ਪੁੱਤ੍ਰ (ਸ਼੍ਰੀ ਗੁਰੂ ਨਾਨਕ ਦੇਵ ਜੀ) ਨੇ ਕਿਉਂ ਕਹਿਆ ਹੈ?

ਚੌਪਈ:
ਵਾਹਿਗੁਰੁ ਗੁਹਯਾਰਥ ਬਖਾਨਹੁ[1]। [1]ਗੁੱਝੇ ਅਰਥ ਕਥਨ ਕਰੋ।

ਨਿਗਮਾਗਮ ਕੀ ਸਾਖ ਪ੍ਰਮਾਨਹੁ[1]।

[1]ਵੇਦਾਂ ਸ਼ਾਸਤ੍ਰਾਂ ਦੀ ਉਗਾਹੀ ਦੇਕੇ ਸਿੱਧ ਕਰੋ।

ਕਿਧੌਂ ਕਾਲ ਸਤਿ ਵਾ ਕੁਛ ਔਰ[1]।

[1]ਜਾਂ (ਸਤਿਕਾਲ =) ਸਤਿਜੁਗ ਦੇ ਸਮੇਂ (ਇਹ ਪਦ ਹੈ ਸੀ,) ਯਾ ਕੋਈ ਹੋਰ (ਪ੍ਰਮਾਣ ਹੈ)। (ਅ) (ਕਾਲ =) ਸਮੇਂ (ਕਰਕੇ ਇਸ ਨੂੰ ਸਤ =) ਸ੍ਰੇਸ਼ਟ (ਮੰਨਿਆਂ ਹੈ) ਭਾਵ ਕਲਜੁਗ ਦਾ ਸਮਾਂ ਹੋਣ ਕਰਕੇ 'ਓਂ' ਨੂੰ ਛੱਡ ਕੇ ਇਹ ਨਵਾਂ ਪਦ ਰਚਿਆ ਹੈ।

ਬਿਬਿਧਿ ਭਾਂਤਿ ਬਰਨੇ ਮੁਨਿ ਔਰ[1] ॥੨੬॥

[1]ਹੋਰਨਾਂ ਮੁਨੀਆਂ ਨੇ ਕਈ ਤਰ੍ਹਾਂ ਦੇ (ਪਰਮੇਸ਼ਰ ਦੇ ਨਾਮ) ਕਥਨ ਕੀਤੇ ਹਨ।

ਦੁਤਿਯ ਬੇਦ ਬਾਹਯ ਤੁਮ ਗ੍ਰੰਥ[1]।

[1]ਦੂਜੇ ਬੇਦ ਤੋਂ ਬਾਹਰ ਹੈ ਤੁਹਾਡਾ (ਗੁਰ) ਗ੍ਰੰਥ ਜੀ।

ਤਾਸ ਪੂਜ, ਭਾਖਤਿ ਇਤਿ ਪੰਥ[1]।

[1]ਤਿਸਦੇ ਪੂਜਣ ਵਾਲਿਆਂ ਨੂੰ ਐਉਂ ਪੰਥ ਆਖਦੇ ਹੋ (ਇਸ਼ਾਰਾ ਹੈ ਕਿ ਵੇਦੋਂ ਬਾਹਰਿਆਂ ਨੂੰ ਪੰਥ ਕਹਿੰਦੇ ਹੋ ਤਾਂ ਤੇ ਵੇਦ ਵਾਲੇ ਕੁਪੰਥੀ ਹੋਏ)।

ਪੁਸ਼ਟ ਬਚਨ ਜਿਮ ਤੁਮ ਅਬਿ ਭਾਖੋ[1]।

[1]ਜਿਸ ਤਰ੍ਹਾਂ ਦੇ ਪੁਸ਼ਟੀ ਕਾਰਕ ਬਚਨ ਤੁਸੀਂ ਕਹੋਗੇ।

ਸੋ ਸਭਿ ਵਿਪ੍ਰ ਬ੍ਰਿੰਦ ਰੁਚਿ ਰਾਖੋ[1] ॥੨੭॥

[1]ਓਹ ਸਭ (ਬਚਨ) ਬ੍ਰਾਹਮਣ ਸਾਰੇ ਰੁਚਿ ਨਾਲ (ਚਿੱਤ ਵਿਚ) ਧਾਰਨ ਕਰਨਗੇ।

ਤ੍ਰਿਤਿਯ ਸੁਧਾਸਰ ਤੀਰਥ ਰਾਜੂ।
ਕਵਨ ਪੁਰਾਨ ਪ੍ਰਮਾਨ ਸਮਾਜੂ[1]?

[1]ਕਿਸ ਪੁਰਾਣ ਵਿਚ ਉਸ ਦੇ ਪ੍ਰਮਾਣ ਦਾ ਸਾਮਾਨ ਹੈ, (ਅ) ਕੀਰਤੀ ਦਾ ਪ੍ਰਮਾਣ ਹੈ [ਸੰਸ. ਸਮਾਗਜਾ = ਕੀਰਤੀ]

ਇਹ ਸੰਸੈ ਹਮਰੇ ਉਰ ਮਾਂਹੀ।
ਤੁਮ ਸਮਾਨ ਸੰਸੈ ਹਰਿ ਨਾਂਹੀ[1]' ॥੨੮॥

[1]ਤੁਹਾਡੇ ਵਰਗਾ ਸੰਸੇ ਨਾਸ਼ਕ (ਹੋਰ) ਕੋਈ ਨਹੀਂ।

ਅਸ ਸੁਨਿ, ਬਚਨ ਕੀਨ ਮਹਾਂ ਗਜਾਤਾ।
ਸ਼੍ਰੀ ਗੁਰਦਾਸ ਅਵਨਿ ਬੱਖਜਾਤਾ[1]।

[1]ਐਸਾ ਸੁਣ ਕੇ ਪ੍ਰਥਵੀ ਤੇ ਗੁਰਦਾਸ (ਨਾਮ) ਕਰਕੇ ਪ੍ਰਸਿੱਧ ਮਹਾਂ ਗਿਆਨੀ ਨੇ ਬਚਨ ਕੀਤਾ।

"ਵਾਹਿ ਅਰਥ ਬਿਸਮਯ ਪਦ ਗਾਵਾ।
ਨੇਤਿ ਨੇਤਿ ਜਿਹ ਬੇਦ ਬਤਾਵਾ[1] ॥੨੯॥

[1]ਵਾਹ ਪਦ (ਦਾ ਅਰਥ ਉਹ) ਅਸਚਰਜ ਰੂਪ ਹੈ ਜਿਸ ਨੂੰ ਵੇਦ ਨੇ ਨੇਤਿ ਨੇਤਿ ਕਿਹਾ ਹੈ, ਭਾਵ ਪਾਰਬ੍ਰਹਮ ਪੂਰਨ ਬ੍ਰਹਮ।

[1]ਜਿਹ ਅਨਜਾਨ ਦਿਪੈ ਭਵ ਨਾਨਾ।
ਹੋਤਿ ਨ੍ਰਿਬਾਨ ਜਾਂਹਿ ਕੇ ਜਾਨਾ।

[1]ਜਿਸਦੇ ਨਾ ਜਾਣਨ ਤੇ ਸੰਸਾਰ ਨਾਨਾ ਪ੍ਰਕਾਰ ਦਾ ਪ੍ਰਤੀਤ ਹੁੰਦਾ ਹੈ, ਤੇ ਜਿਸ ਦੇ ਜਾਣਨ ਨਾਲ ਮੁਕਤ ਹੋ ਜਾਂਦਾ ਹੈ। ਅਥਵਾ ਉਹ ਨਾਂਤੱਵ ਦਾ ਅਗਿਆਨ ਨਾਸ਼ ਹੋ ਜਾਂਦਾ ਹੈ।

ਅੱਖਰ, ਅਕਹਿ, ਅਗਾਧ, ਅਪਾਰ[1]।

[1]ਉਹ ਵਿਸਮਯ ਰੂਪ) ਕਦੇ ਨਾਸ਼ ਨਾ ਹੋਣ ਵਾਲਾ ਹੈ, ਕਥਨੀ ਤੋਂ ਪਰੇ ਹੈ, (ਸੋਚ ਦੀ ਪਹੁੰਚ ਤੋਂ) ਡੂੰਘਾ ਹੈ ਤੇ ਬੇਹੱਦ ਹੈ।

ਸਹਸਾਨਨ[1] ਜਿਹ ਲਹੈ ਨ ਪਾਰ ॥੩੦॥

[1]ਸ਼ੇਸ਼ਨਾਗ।

ਅਸੁਰ, ਸੁਰਾ, ਤ੍ਰਿਣ, ਬਿਧਿ,

[1]ਦੈਂਤ, ਦੇਵਤੇ, ਸੂਖਮ ਜੀਵ, ਬ੍ਰਹਮਾ, ਮੁਨੀ ਸਾਰੇ।

ਮੁਨਿਬ੍ਰਿੰਦ[1]।

ਭਨਤਿ ਪਰਾਵਰ ਪਰਮਾਨੰਦ[1]।

[1]ਜਿਸ ਨੂੰ ਪਰਮ ਆਨੰਦ ਸਰੂਪ ਤੇ ਪਰਾਵਰ ਕਹਿੰਦੇ ਹਨ। [ਸੰਸ. ਪਰਾਵਰ = ਜਿਸ ਤੋਂ ਸਭ ਵੱਡੇ ਉਰੇ ਹਨ]

ਮਨ, ਬੁਧਿ, ਚਿੱਤ, ਗਿਰਾ, ਲਹਿਂ ਨਾਹੀ[1]।

[1]ਅੰਤ ਨਹੀਂ ਪਾ ਸਕਦੇ।

ਅਨੁਭਵ ਲਖਿ[1], ਬੋਧਕ ਵਸ ਮਾਂਹੀ[2] ॥ ੩੧ ॥

[1]ਗਿਆਨ ਕਰਕੇ ਜਾਣਿਆਂ ਜਾਂਦਾ ਹੈ। [2]ਤੱਤਵੇਤਿਆਂ ਦੇ ਰਿਦੇ (ਵਿਚ) ਵਸਦਾ ਹੈ। (ਅ) ਬੋਧ ਕਰਾਉਣ ਵਾਲਾ ਹੈ ਤੇ ਹਿਰਦੇ ਵਿਚ ਵੱਸਦਾ ਹੈ।

ਦੁਤਿਯ ਪਦਾਰਥ -ਗੁਰ- ਇਤਿ ਨਾਮਾ[1]।

[1]ਦੂਸਰੇ ਪਦ 'ਗੁਰੁ' ਦਾ ਅਰਥ ਹੈ (ਉਸਦਾ) ਨਾਮ ਜਿਸ ਨੂੰ ਸ਼੍ਰੁਤੀ ਸਿਮ੍ਰਤੀ ਨੇ ਪਰਮਾਤਮਾਂ ਕਿਹਾ ਹੈ। [ਯਥਾ, 'ਅਜ ਸੱਚਿਦਾਨੰਦ ਪਰ ਧਾਮ' ਤੁਲੱਸੀ] [ਸੰਸ. ਪਰ = ਪਰੇ, ਧਾਮ = ਸਰੀਰ। ਪਰ = ਸੰਪੂਰਨ, ਧਾਮ = ਪ੍ਰਕਾਸ਼ ਸਰੂਪ]

ਸ਼੍ਰੁਤਿ ਸਿੰਮ੍ਰਿਤਿ ਭਾਖਯੋ ਪਰ ਧਾਮਾ।
ਜਾ ਸਮ ਅਵਰ ਨ ਜਗ ਮਹਿਂ ਕੋਊ।
ਸੋ ਗੁਰਦੇਵ ਸਮਰਥ ਪ੍ਰਭੁ† ਓਊ[1] ॥ ੩੨ ॥

[1]ਓਹੀ। †ਪਾ:-ਸਭਿ।

ਜਿਹ ਪਾਏ ਕ੍ਰਿਤ ਕ੍ਰਿਤ[1] ਰਿਖਿ, ਜੋਗੀ।

[1]ਜਿਸ ਨੂੰ ਪ੍ਰਾਪਤ ਕਰਕੇ ਨਿਹਾਲ ਹੁੰਦੇ ਹਨ।

ਬਹੁਰ ਨ ਹੋਇ ਭਰਮ ਭਵ ਭੋਗੀ[1]।

[1]ਭੋਗੀ ਹੋ ਕੇ ਫਿਰ (ਓਹ) ਸੰਸਾਰ ਵਿਚ ਭ੍ਰਮਦੇ ਨਹੀਂ। (ਅ) (ਜਿਸਨੂੰ ਪਾਕੇ) ਫੇਰ ਭਰਮ ਨਹੀਂ ਹੁੰਦਾ (ਤੇ ਭਰਮ ਨਾ ਹੋਣੇ ਕਰਕੇ) ਜਨਮ (ਮਰਨ ਨਹੀਂ) ਭੋਗਣਾ ਪੈਂਦਾ।

-ਗੋ- ਇਤਿ ਅੰਧਕਾਰ ਸ਼ਿਵ ਭਾਖਾ[1]।

[1]ਹੁਣ ਅੱਖਰੀ ਅਰਥ ਕਰਦੇ ਹਨ:- 'ਗੋ' ਇਤਨੇ (ਪਦ ਦਾ ਅਰਥ) 'ਅੰਧਕਾਰ, ਸ਼ਿਵ ਨੇ ਕਿਹਾ ਹੈ।

-ਰੰ- ਚੈਤੰਨਜ ਵੇਦ ਮਤਿ ਸ਼ਾਖਾ[1] ॥ ੩੩ ॥

[1]ਵੇਦ ਦੀਆਂ ਸ਼ਾਖਾਂ ਦਾ ਮਤ ਹੈ ਕਿ 'ਰ' (ਦਾ ਅਰਥ) ਹੈ 'ਚੇਤਨ।'

ਵਿੱਦਜਾ ਮੂਲ ਜੋਗ ਅਵਸਾਨੀ[1]।

[1]ਉਹ ਚੇਤਨ) ਗਿਆਨ ਦਾ ਮੂਲ ਤੇ ਯੋਗ ਦਾ ਅੰਤ (= ਅਵਧੀ) ਹੈ।

ਜਾਂਹਿ ਸਮਾਵਤਿ ਮੁਨਿਵਰ ਗਜਾਨੀ[1]।

[1]ਜਿਸ (ਵਿਚ) ਸਮਾਂਵਦੇ ਹਨ ਸ੍ਰੇਸ਼ਟ ਮੁਨਿ ਤੇ ਗਿਆਨੀ।

ਸ਼ੂੰਨਵਾਦ ਸ਼ੂੰਨਹਿ ਜਿਹ ਗਾਵਹਿਂ[1]।

[1]ਸ਼ੁਨਵਾਦੀ ਜਿਸ ਨੂੰ ਸ਼ੂੰਨਯ ਕਹਿੰਦੇ ਹਨ। (ਅਕਸਰ ਸ਼ੁਨਵਾਦੀ ਤੋਂ ਮੁਰਾਦ 'ਬੋਧ ਮਤਿ' ਹੋਇਆ ਕਰਦੀ ਹੈ)।

ਬ੍ਰਹਮ ਵਾਦ ਜਿਹ ਬ੍ਰਹਮ ਬਤਾਵਹਿਂ ॥ ੩੪ ॥

ਕਾਲਮਤੀ ਜਿਹ ਕਾਲ ਪ੍ਰਮਾਨਾ[1]।

[1]ਕਾਲ ਮਤ ਵਾਲਿਆਂ ਨੇ (ਜੋ ਕਾਲ ਨੂੰ ਮੂਲ ਕਾਰਣ ਮੰਨਦੇ ਹਨ) ਜਿਸ ਨੂੰ ਕਾਲ ਮੰਨਿਆਂ ਹੈ।

ਨਾਨਾ ਮਤ ਠਾਨਯੋ ਮਤ ਨਾਨਾ[1]।

[1]ਨਾਨਾ ਮਤਾਂ ਵਾਲਿਆਂ ਨੇ ਕਈ ਤਰ੍ਹਾਂ ਨਾਲ ਜਿਸ ਨੂੰ (ਮੂਲ ਯਾ ਪਰਮਾਦ) ਸਿੱਧ ਕੀਤਾ ਹੈ।

ਸਗੁਣ† ਜਾਂਹਿ ਨਾਰਾਯਨ ਕਹਿਹੀਂ[1]।

[1]ਸਗੁਣ (ਦੀ ਉਪਾਸਨਾ ਕਰਨ ਵਾਲੇ) ਜਿਸਨੂੰ ਨਾਰਾਇਣ ਕਹਿੰਦੇ ਹਨ। †ਪਾ:-ਸਭਿ ਗੁਣ।

ਕਰਮ ਬ੍ਰਿੰਦ ਕਰਿ ਜਾਂ ਪਦ ਲਹਿਹੀਂ[1] ॥੩੫॥

[1]ਭਾਵ, ਕਰਮ ਕਾਂਡ ਨਾਲ ਜਿਸਦੀ ਪ੍ਰਾਪਤੀ ਮੰਨਦੇ ਹਨ।

ਲੱਖ ਰੂਪ ਵਾਚਾਰਥ ਜਾਸ ਕਹਿ[1]।

[1]ਜਿਸਨੂੰ ਵਾਚਜ ਅਰਥਾਂ ਦਾ ਲੱਖ ਰੂਪ ਆਖਦੇ ਹਨ।

ਅਵਰ ਨ ਪਾਵਨ ਰਹਤਿ ਜਾਸ ਲਹਿ[1]।

[1]ਜਿਸਨੂੰ (ਲਹਿ =) ਲਖਕੇ (ਫੇਰ) ਹੋਰ ਕੁਛ ਪ੍ਰਾਪਤੀ ਯੋਗ ਨਹੀਂ ਰਹਿੰਦਾ।

ਤਤ੍ਵਮਸੀ ਵੇਦਾਰਥ ਪ੍ਰਮਾਨਤਿ[1]।

[1]ਵੇਦ ਦੇ 'ਤੱਤਤ੍ਵੰਅਸਿ' (ਵਾਕ) ਦਾ (ਲੱਖ) ਅਰਥ ਜਿਸ ਨੂੰ (ਪ੍ਰਮਾਨਤਿ =) ਮੰਨਿਆਂ ਹੈ।

ਵਾਹਿਗੁਰੂ ਸੋ ਸ਼੍ਰੀ ਗੁਰ ਠਾਨਤਿ[1] ॥੩੬॥

[1]ਸ਼੍ਰੀ ਗੁਰੂ ਜੀ ਉਸ ਨੂੰ ਵਾਹਿਗੁਰੂ (ਠਾਨਤਿ =) ਕਹਿੰਦੇ ਹਨ। ਸਾਰੀ ਚੌਪਈ ਦਾ ਭਾਵ ਇਉਂ ਹੈ। 'ਵਾਚਜ ਅਰਥ' ਤੋਂ ਮੁਰਾਦ ਹੈ ਪਦ ਯਾ ਵਾਕਜ ਦੇ ਸੰਕੇਤੀ ਅਰਥ। 'ਲਖਜ ਅਰਥ' ਤੋਂ ਮੁਰਾਦ ਹੈ ਜੋ ਲੱਛਣਾਂ ਤੋਂ ਸਿੱਧ ਹੋਵੇ ਯਾ ਸਮਝ ਵਿਚ ਆਵੇ। (ਦੇਖੋ ਰੁਤ ਪੰਜਵੀਂ ਅੰਸੂ ੪੮) ਯਥਾ 'ਤੱਤ ਤ੍ਵੰ ਅਸੀ' ਦੇ ਸਿੱਧੇ ਅਰਥ ਹਨ, 'ਓਹ ਤੂੰ ਹੈਂ' ਇਸਦੇ ਵਾਚਜ ਅਰਥ ਨਾਲ ਜੀਵ ਈਸ਼੍ਵਰ ਦੀ ਏਕਤਾ ਨਹੀਂ ਬਣਦੀ, ਕਿਉਂਕਿ ਜੀਵ ਅਲਪੱਗ, ਪਰਛਿੰਨ ਤੇ ਅਵਿੱਦਯਾ ਉਪਾਧੀ ਸਹਿਤ ਹੈ, ਤੇ ਈਸ਼੍ਵਰ ਸਰਬੱਗ ਵਯਾਪਕ ਤੇ ਮਾਯਾ ਉਪਾਧੀ ਸਹਿਤ ਹੈ, ਪਰ 'ਸਤਿ ਚਿਤ ਅਨੰਦਤਾ' ਜਿਵੇਂ ਜੀਵ ਵਿਚ ਹੈ ਤਿਵੇਂ ਈਸ਼੍ਵਰ ਵਿਚ ਹੈ। ਸੋ ਇਸ 'ਲਖਜ ਅਰਥ' ਨਾਲ 'ਤਤ ਤ੍ਵੰ ਅਸੀ' ਦਾ ਭਾਵ ਸਿੱਧ ਹੋ ਗਿਆ। ਤਿਵੇਂ ਕਵਿ ਜੀ ਦੀ ਮੁਰਾਦ ਇਥੇ ਇਹ ਹੈ ਕਿ ਲਖਜ ਅਰਥ ਕਰਕੇ 'ਤਤਤ੍ਵੰ ਅਸੀ' ਤੇ 'ਵਾਹਿਗੁਰੂ' ਦਾ ਇਕੋ ਭਾਵ ਹੈ। 'ਤਤਤ੍ਵੰਅਸੀ' ਦਾ ਵਾਚਜ ਅਰਥ ਹੈ 'ਮਾਯਾ ਸਬਲ ਬ੍ਰਹਮ ਤੇ ਜੀਵ', ਇਸ ਦਾ ਲੱਖਯਾਰਥ ਹੈ 'ਸ਼ੁਧ ਬ੍ਰਹਮ।' ਵਾਹਿਗੁਰੂ ਪਦ ਦਾ ਇਕੋ ਅਰਥ ਹੈ, 'ਸ਼ੁਧ ਬ੍ਰਹਮ।' ਸੋ 'ਤਤਤ੍ਵੰਅਸੀ' ਦਾ ਲੱਖਯ ਅਰਥ ਵਾਹਿਗੁਰੂ ਦੇ ਅਰਥਾਂ ਨਾਲ ਮਿਲ ਗਿਆ।

ਨਾਂ ਅਨਿਕੈ ਮਨ ਬ੍ਰਹਮ ਪਛਾਨਤਿ[1]।

[1]ਜਿਸ ਵਾਹਿਗੁਰੂ ਪਦ ਦੇ ਅਭਿਪ੍ਰਾਯ ਵਿਚ) ਅਨੇਕਤਾ ਨਹੀਂ, (ਤੇ ਜਿਸ ਅਭਿਪ੍ਰਾਯ ਵਿਚ) ਮਨ ਬ੍ਰਹਮ ਦੀ ਪਛਾਣ ਕਰ ਲੈਂਦਾ ਹੈ।

ਇਕ ਦਸ ਰੁੱਦ੍ਰ ਦਸੋਹਰਿ ਜਾਨਤਿ[1]।

[1]ਜੋ ਯਾਰਾਂ ਰੁਦ੍ਰਾਂ ਤੇ ਹਰਿ ਦੇ ਦਸ (ਅਵਤਾਰਾਂ ਨੂੰ) ਇਕੋ (ਦਾ ਖੇਲ) ਜਣਾਉਂਦਾ ਹੈ।

ਨਵ ਬਿਧਿ ਪ੍ਰਣਵ ਵਿੱਸ੍ਵ ਕ੍ਰਿਤ ਕਾਰਨ[1]।

[1]ਜੋ ਸ੍ਰਿਸ਼ਟੀ ਦੇ ਕਾਰਨ ਨਵਾਂ ਅਵਸਥਾਂ ਵਾਲੇ ਓਅੰਕਾਰ ਨੂੰ (ਇਕੋ ਅਪਣੇ ਰੂਪ ਵਿਚ ਦੱਸਦਾ ਹੈ)।

ਚਤਰ ਵਰਗ ਦਾ ਭਵ ਜਨ ਤਾਰਨ[1] ॥੩੭॥

[1]ਸੋ ਵਾਹਿਗੁਰੂ ਮੰਤ੍ਰ) ਜਨਾਂ ਨੂੰ ਸੰਸਾਰ ਤੋਂ ਤਾਰਨੇ ਲਈ ਚਾਰ ਪ੍ਰਕਾਰ ਦੀਆਂ ਮੁਕਤੀਆਂ ਦਾ ਦਾਤਾ ਹੈ।

ਸੁਰਤਰੁ ਸਮਰਨ ਕੋ[†] ਸੁਖ ਦਾਤਾ[1]।

[1]ਸਿਮਰਣ ਵਾਲਿਆਂ ਨੂੰ ਕਲਪ ਬ੍ਰਿੱਛ ਵਾਂਙੂੰ (ਸਾਰੇ) ਸੁੱਖਾਂ ਦਾ ਦਾਤਾ ਹੈ। [†]ਪਾ:-ਹੈ।

ਚਿੰਤਾਮਣਿ ਚਿੰਤਤਿ ਹਰਿ ਗਜਾਤਾ[1]।

[1]ਚਿੰਤਨ ਕਰਨ ਵਾਲਿਆਂ ਨੂੰ ਹਰਿ ਗਿਆਨ ਰੂਪੀ ਚਿੰਤਾਮਣੀ ਦਾ ਦਾਤਾ ਹੈ।

ਵਾਸੁਦੇਵ ਸਤਿਜੁਗ ਮਣਿ ਨਾਮ[1]।

[1]ਸਤਿਜੁਗ ਵਿਚ ਸ਼੍ਰੋਮਣੀ ਨਾਮ (ਹਰੀ ਦਾ) ਵਾਸਦੇਵ ਸੀ।

ਹਰਿ ਹਰਿ ਤ੍ਰੇਤਾ ਫਲਦ ਅਕਾਮ[1] ॥੩੮॥

[1]ਤ੍ਰੇਤਾ ਵਿਚ ਹਰੀ ਦਾ (ਨਾਮ) 'ਹਰਿ' ਨਿਸ਼ਕਾਮ ਫਲ ਦਾਤਾ ਸੀ।

ਦ੍ਵਾਪੁਰ ਗੋਬਿੰਦ ਬਿਜਯ ਪ੍ਰਚੰਡ[1]।

[1]ਦ੍ਵਾਪਰ ਵਿਚ ਗੋਬਿੰਦ (ਨਾਮ) ਤੇਜ ਤੇ ਫਤੇ (ਦਾ ਦਾਤਾ ਹੈ ਸੀ)।

ਕਲਿ ਕੇਵਲ ਰਾਕਾਰ ਅਖੰਡ[1]।

[1]ਕਲਿਜੁਗ ਵਿਚ ਨਿਰਾ ਰਾਰਾ (ਰਾਮ) ਅਵਿਛਿੰਨ (ਮੁਕਤੀ ਦਾ ਦਾਤਾ ਹੈ ਸੀ)।

ਵੇਦ ਚਤਰ ਜੁਗ ਜਿਹ ਨਿਸਤਾਰੇ[1]।	[1]ਜਿਸਨੇ ਚਹੁੰਆਂ ਜੁਗਾਂ ਵਿਚ ਗਿਆਨ ਦੇ ਕੇ ਨਿਸਤਾਰਾ ਕੀਤਾ ਹੈ (ਅ) ਜਿਸ ਨੇ ਚਹੁੰਆਂ ਜੁਗਾਂ ਵਿਚ ਵੇਦਾਂ ਦਾ ਨਿਸਤਾਰਾ ਕੀਤਾ ਹੈ।
ਵਾਹਿਗੁਰੂ ਅਵਲੰਬ ਹਮਾਰੇ[1] ॥੩੯॥	[1]ਉਹ ਵਾਹਿਗੁਰੂ ਸਾਡਾ ਆਸ਼੍ਰਾ ਹੈ।
ਥਾਵਰ ਜੰਗਮ[1] ਤਨ ਤ੍ਰਿਨ ਮਾਂਹੀ।	[1]ਜੜ੍ਹ ਚੇਤਨ।
ਸੂਤ੍ਰਾਤਮਕ ਇਸ ਬਿਨ ਕੋ ਨਾਂਹੀ[1]।	[1]ਸੂਤ੍ਰ ਸਮਾਨ (ਸਾਰਿਆਂ ਵਿਚ ਰਮਿਆਂ ਹੋਇਆ) ਇਸ ਬਿਨਾਂ ਕੋਈ ਨਹੀਂ।
ਅਰਥ ਔਰ ਪਰਮਾਰਥ ਖਾਨੀ[1]।	[1]ਅਰਥ ਤੇ ਪਰਮਾਰਥ ਦੀ ਖਾਣ (ਮੂਲ)।
ਵਾਹਿਗੁਰੂ ਸਾਰਰਥ[†] ਪ੍ਰਮਾਨੀ[1] ॥੪੦॥	[1]ਵਾਹਿਗੁਰੂ ਦਾ ਸਾਰ ਅਰਥ (ਅਰਥ ਦਾ ਤੱਤ੍ਵ ਭਾਵ) ਇਉਂ ਪ੍ਰਮਾਣੀਕ ਹੈ ਅਥਵਾ ਮੰਨ ਲਓ। [†]ਪਾ:-ਸ੍ਵਾਰਥ।
ਸਾਦਰ ਜਿਹ[1] ਸੇਵਜੋ, ਮਹਿਦੇਵਾ[2]!	[1]ਜਿਸ ਨੇ। [2]ਹੇ ਬ੍ਰਹਮਣੋ।
ਸਫਲ ਭਈ ਤਿਹ ਜਨ ਕ੍ਰਿਤ ਸੇਵਾ[1]।	[1]ਘਾਲ ਤੇ ਸੇਵਾ। (ਅ) ਕੀਤੀ ਹੋਈ ਸੇਵਾ।
ਇਨ ਤਜਿ ਜੇ ਅਨ ਆਸ਼ੇ ਲਹਿਹੀਂ[1]।	[1]ਇਨ੍ਹਾਂ (ਚਹੁੰ ਅੱਖਰਾਂ ਵਾਹਿਗੁਰੂ) ਨੂੰ ਤਿਆਗਕੇ ਜਿਨ੍ਹਾਂ ਨੇ ਹੋਰਨਾਂ ਦੇ ਆਸ਼ੇ ਲਏ ਹਨ।
ਤੇ ਜਨ ਸੁਧਾ ਛਾਡ ਖਲ[1] ਗਹਿਹੀਂ ॥੪੧॥	[1]ਫੋਕ।
ਚਤਰ ਵੀਜ ਚਹੁ ਜੁਗ ਕੇ ਕਾਢੇ[1]।	[1]ਚਾਰੇ (ਅੱਖਰ) ਚਾਰੇ ਜੁਗਾਂ ਦੇ (ਮੰਤਰਾਂ ਦੇ) ਬੀਜ ਵਧਦਾ ਹੈ।
ਵੀਜ ਪ੍ਰਤਾਪ ਜੁਗਨ ਬਲ ਬਾਢੇ[1]।	[1]ਚਾਰ) ਜੁਗਾਂ ਦੇ ਮੰਤ੍ਰਾਂ ਦਾ ਬੀਜ ਹੋਣ ਤੇ ਪ੍ਰਤਾਪ ਕਰਕੇ ਇਸ ਦਾ ਬਲ ਵੱਧ ਹੈ। (ਅ) ਚਹੁੰ ਜੁਗਾਂ ਦਾ ਬੀਜ ਰੂਪ ਹੋਣ ਦਾ ਇਹ ਪ੍ਰਤਾਪ ਹੈ ਕਿ (ਜਪਣ ਵਾਲਿਆਂ ਦਾ) ਬਲ ਵੱਧਦਾ ਹੈ।
ਚੋਰ ਪਦਾਰਥ ਵੀਜ ਮਹੀ[†] ਪੁਨ[1]।	[1]ਫਿਰ ਚਹੁੰ ਪਦਾਰਥਾਂ (ਦੀ ਪ੍ਰਾਪਤੀ ਦਾ ਏਹ) ਬੀਜ (ਕਾਰਣ ਹਨ ਚਾਰ ਅੱਖਰ) ਪ੍ਰਿਥਵੀ ਉੱਤੇ। [†]ਪਾ:-ਯਹੀ।
ਪ੍ਰਣਵ ਆਦਿ ਪ੍ਰਗਟੇ ਹੈ ਧਰ ਧਨ[1†] ॥੪੨॥	

[1]ਪਰਮੇਸ਼ਰ ਤੇ ਧਰਤੀ ਦਾ ਧਨ ਆਦਿ ਇਸੇ ਤੋਂ ਪ੍ਰਗਟ ਹੁੰਦਾ ਹੈ। [ਸੰਸ. ਪ੍ਰਣਵ = ਪਰਮੇਸ਼ਰ] ਭਾਵ ਇਹ ਕਿ ਪਰਮੇਸ਼ਰ ਤੇ ਧਰਤੀ ਦੇ ਸਾਰੇ ਧਨ ਇਸੇ 'ਵਾਹਿਗੁਰੂ' ਦੇ ਜਪ ਤੋਂ ਲੱਭਦੇ ਹਨ। [ਵਿਸ਼ੇਸ਼ ਲਈ ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੂਰ: ਅਧ੍ਯਾ: ੧ ਅੰਕ ੬੮] (ਅ) ਧਰ ਧਨ = ਪ੍ਰਿਥਵੀ ਦਾ ਧਨ, ਭਾਵ ਬ੍ਰਿੱਛਾ। ਪ੍ਰਣਵ = ਬ੍ਰਹਮ। ਭਾਵ ਇਨ੍ਹਾਂ ਬੀਜ ਰੂਪ ਚੌਹਾਂ ਅਖਰਾਂ ਤੋਂ ਹੀ ਬ੍ਰਹਮ ਰੂਪੀ ਬ੍ਰਿੱਛ ਪ੍ਰਗਟਦਾ ਹੈ ਅਰਥਾਤ ਵਾਹਿਗੁਰੂ ਨਾਮ ਤੋਂ ਨਾਮੀ ਦੀ ਪ੍ਰਾਪਤੀ ਹੁੰਦੀ ਹੈ। (ੲ) ਆਦਿ ਵਿਚ ਧਰਤੀ ਉਤੇ ਓਅੰਕਾਰ ਬੀ (ਵਾਹਿਗੁਰੂ ਤੋਂ ਹੀ) ਪ੍ਰਗਟਿਆਂ ਤੇ ਧੰਨਤਾ (ਜੋਗ ਹੋਇਆ) [ਸੰਸ. ਪ੍ਰਣਵ = ਓਂ]। [†]ਪਾ:-ਤਨ। ਅਰਥ ਬਣੂ:-ਆਦਿ (ਨਾਮ) ਪ੍ਰਣਵ (ਵਾਹਿਗੁਰੂ ਤੋਂ ਹੀ) ਰੂਪਧਾਰੀ ਹੋ ਕੇ ਪ੍ਰਗਟਿਆ ਸੀ।

ਵਿਸ੍ਵ ਪਦਾਰਥ ਅਮਰ ਤੇਤੀਸਾ[1]।	[1]ਸੰਸਾਰ ਦੇ ਪਦਾਰਥ ਤੇ ੩੩ (ਕ੍ਰੋੜ) ਦੇਵਤਾ।
ਚਤੁਰਾਖਰ ਵਿਸ[†] ਵਿਸਵੇਵੀਸਾ[1]।	[1]ਨਿਸ਼ਚੇ ਕਰ ਕੇ ਚਾਰ ਅੱਖਰਾਂ ਦੇ ਵਿਚ ਹੀ ਹੈਨ [ਸੰਸ. ਵਿਸ਼ = ਵੜਨਾ, ਵਿਚ ਹੋਣਾ, ਵਸਣਾ]। [†]ਪਾ:-ਵਸ।
ਯੰਯੰ ਚਿੰਤਤਿ ਰੁਚਿ ਅਵਗਾਹਾ[1]।	[1]ਜਿਸ ਜਿਸ (ਪਦਾਰਥ ਦੀ) ਰੁਚੀ ਹੋਵੇ ਉਸ ਨੂੰ ਨਿਮਗਨ ਹੋ ਕੇ ਚਿੰਤਨ ਕਰੇ।

ਤੰਤੰ ਲਹਤਿ ਭਗਤ ਇਨ ਮਾਂਹਾ[1] ॥੪੩॥

[1]ਭਗਤ ਤਿਸ ਤਿਸ ਨੂੰ ਇਨ੍ਹਾਂ (ਅਖਰਾਂ) ਵਿਚੋਂ ਹੀ ਪ੍ਰਾਪਤ ਕਰ ਲੈਂਦਾ ਹੈ।

ਵਰਨ ਨ ਸਾਕੋਂ ਵਰਨ ਪ੍ਰਤਾਪੂ[1]।
ਜਾਨਹਿ ਹੈਂ ਜਿਹ ਜਾਪ ਸੁ ਜਾਪੂ[1]।

[1]ਇਨ੍ਹਾਂ) ਅੱਖਰਾਂ ਦਾ ਪ੍ਰਤਾਪ।

[1]ਭਾਵ, ਜਪਣੇ ਵਾਲੇ ਇਨ੍ਹਾਂ ਅੱਖਰਾਂ ਦੇ ਜਾਪ ਦੇ ਮਹਾਤਮ ਨੂੰ ਜਾਣਦੇ ਹਨ।

ਸਰਬ ਸਾਰ ਸ਼੍ਰੀ ਗੁਰ ਪ੍ਰਗਟਾਯੋ।
ਜੇ ਵੇਦਨ ਗੁਹਯਾਰਥ ਗਾਯੋ" ॥੪੪॥

ਵਿੱਪ੍ਰੋਵਾਚ:

ਦੋਹਰਾ:

'ਚਤੁਰਾਖਰ ਇਹ ਸਾਰ ਸੁਠ
ਪ੍ਰਭੁ ਤੇ ਸੁਨਜੋ ਪ੍ਰਤਾਪ।
ਤਾਸ ਸਤੋਤ੍ਰ ਬਖਾਨੀਏ
ਜਾਪ ਕਰਹਿਂ ਰੁਚਿ ਜਾਪ' ॥੪੫॥

ਸ਼੍ਰੀ ਗੁਰਦਾਸੋ ਵਾਚ ॥
ਅਥ ਵਾਹਿਗੁਰੂ ਸੋਤ੍ਰ ॥

ਸੂਚਨਾਂ: ਹੇਠਲੇ ਛਿਆਂ ਸ਼ਲੋਕਾਂ ਦੇ ਪਾਠ ਮੂਲ ਵਿਚ ਜੋ ਅਸਾਂ ਨੇ ਰੱਖੇ ਹਨ ਸੋ ਓਹ ਹਨ ਜੋ ਕਈ ਨੁਸਖਿਆਂ ਦੇ ਮੁਕਾਬਲਾ ਕਰਨੇ ਤੇ ਢੁਕੇ ਹਨ, ਅਤੇ ਜੋ ਵਯਾਕਰਨ ਤੇ ਪਿੰਗਲ ਦੇ ਨੇੜੇ ਤੋਂ ਨੇੜੇ ਦੀ ਦਰੁਸਤੀ ਵਿਚ ਹਨ। ਪਰ ਇਨ੍ਹਾਂ ਵਿਚ ਅਨੁਸ਼ਟਪ ਛੰਦ ਦੀ ਚਾਲ ਕਰਕੇ ਅਥਵਾ ਵਯਾਕਰਣ ਦੇ ਕਾਇਦਿਆਂ ਕਰ ਕੇ ਅਜੇ ਬੀ ਕੁਛ ਕੁਛ ਅਸ਼ੁੱਧੀਆਂ ਪ੍ਰਤੀਤ ਦੇਂਦੀਆਂ ਹਨ ਜੋ ਗੁਰਮੁਖੀ ਲਿਖਾਰੀਆਂ ਦੇ ਸੰਸਕ੍ਰਿਤ ਨਾ ਜਾਣਨ ਕਰਕੇ ਅਰ ਹੋਰ ਕਾਰਨਾਂ ਕਰਕੇ ਪਈਆਂ ਹੋਣ ਤਾਂ ਅਚਰਜ ਨਹੀਂ। ਅਸਲੀ ਨੁਸਖਾ ਕਵੀ ਜੀ ਦਾ ਲਿਖਤ ਮਿਲਦਾ ਨਹੀਂ, ਇਸ ਕਰਕੇ ਰਚਨਾਂ ਦਾ ਵਿਚਾਰ ਕਰਕੇ ਜੋ ਨੇੜੇ ਤੋਂ ਨੇੜੇ ਦੇ ਸ਼ੁੱਧ ਪਾਠ ਜਾਪਦੇ ਹਨ ਅਸੀਂ ਹੇਠਾਂ ਟੂਕਾਂ ਵਿਚ ਦਿੱਤੇ ਹਨ ਅਸਲ ਸੁਧਾਈ ਤਦੇ ਹੀ ਹੋ ਸਕਦੀ ਹੈ ਜਦੋਂ ਕਦੇ ਅਸਲੀ ਨੁਸਖਾ ਮਿਲ ਜਾਏ ਤਾਂ।

ਅਨੁਸ਼੍ਰੁਪ ਛੰਦ: ਵਿਸ਼੍ਵੇਸ਼ੰ, ਵਿਸ਼੍ਵ ਮਿਤਜੁਕ੍ਤੰ,
ਸੰਪੁਟੇ ਵਿਸ਼੍ਵ ਭੂਸ਼ਣੰ।
ਵਿਸ਼੍ਵ ਬੋਧੰ, ਸ੍ਵਯੰ ਬ੍ਰਹਮ,
ਤੰ† ਪ੍ਰਣਵਾਦੀ ਨਮਾਮਿਹੰ‡ ॥੧॥

†ਅਨੁਸ਼੍ਰੁਪ ਛੰਦ ਦੀ ਚਾਲ ਮੂਜਬ 'ਤੰ', ਪਦ ਇਥੇ ਨਹੀਂ ਚਾਹੀਦਾ, ਤੇ ਸ਼ੁਧਪਾਠ ਬਨੇਗਾ 'ਪ੍ਰਣਵਾਦੀ ਨਮਾਮਿ ਤੰ', ਕਿਉਂਕਿ ਇਸ ਤਰ੍ਹਾਂ ਪੰਜਵਾਂ ਲਘੁ ਤੇ ਛੀਵਾਂ ਗੁਰੁ ਹੋਵੇਗਾ। ਤੇ ਚੌਥਾ ਪਾਦ ਹੋਣ ਕਰਕੇ ਸੱਤਵਾਂ ਬੀ ਲਘੁ ਰਹੇਗਾ ਅਤੇ ਅਰਥ ਕਰਨ ਵਿਚ ਬੀ ਕੁਝ ਫਰਕ ਨਹੀਂ ਪਵੇਗਾ। ‡ਇਸ ਦਾ ਸੰਸਕ੍ਰਿਤ ਪਾਠ ਐਉਂ ਲਿਖਿਆ ਜਾਣਾ ਠੀਕ ਹੈ: ਨਮਾਮਜਹਮ੍।

ਵਿਸ਼੍ਵੇਸ਼ੰ = ਜੋ ਵਿਸ਼੍ਵ (= ਸੰਸਾਰ) ਦਾ ਈਸ਼੍ਵਰ ਹੈ।
ਵਿਸ਼੍ਵ ਮਿਤਜੁਕ੍ਤੰ = ਵਿਸ਼੍ਵੰ+ਇਤਿ+ਉਕ੍ਤੰ = ਜੋ ਸੰਸਾਰ ਦਾ ਰੂਪ ਹੀ ਕਿਹਾ ਜਾਂਦਾ ਹੈ।
ਸੰਪੁਟੇ ਵਿਸ਼੍ਵ ਭੂਸ਼ਣੰ = ਜੋ ਸੰਸਾਰ ਰੂਪੀ ਡੱਬੇ ਦਾ ਭੂਖਣ ਹੈ। ਜੀਕੁਰ ਗਹਿਣਾ ਡੱਬੇ ਦੀ ਸ਼ੋਭਾ ਹੈ ਤਿਵੇਂ ਵਚਿੱਤ੍ਰ ਜਗਤ ਵਿਚ ਪਰਮੇਸ਼ਰ ਗਹਿਣੇ ਵਤ ਸ਼ੋਭਾਦਾਇਕ ਤੇ ਵਯਾਪਕ ਹੈ।

ਵਿਸ਼੍ਵ ਬੋਧੰ = ਸੰਸਾਰ ਦਾ ਜਿਸ ਨੂੰ ਗਿਆਨ ਹੈ।
ਸ੍ਵਯੰ ਬ੍ਰਹਮ = ਜੋ ਅਪਣੇ ਆਪ ਤੋਂ ਆਪ ਹੈ। ਉਹ ਪਰਮਾਤਮਾ ਜਿਸ ਦਾ ਕਾਰਣ ਕੋਈ ਨਹੀਂ।
ਤੰ = ਤਿਸਨੂੰ, ਉਸ ਨੂੰ।
ਪ੍ਰਣਵਾਦੀ = ਓਅੰਕਾਰ ਦਾ ਬੀ ਜੋ ਆਦਿ ਹੈ (ਸੋ ਵਾਹਿਗੁਰੂ)।
ਨਮਾਮਹਿੰ = ਨਮਾਮਜਹਮ੍ = ਮੇਰੀ ਨਮਸਕਾਰ ਹੈ।

ਅਰਥ:

(ਵਾਹਿਗੁਰੂ ਮੰਤ੍ਰ ਜਿਸ ਦਾ ਲਖਾਯਕ ਹੈ ਸੋ) ਸੰਸਾਰ ਦਾ ਈਸ਼ਰ ਹੈ, ਉਹ ਸੰਸਾਰ ਦਾ ਰੂਪ ਹੀ ਕਿਹਾ ਜਾਂਦਾ ਹੈ ਤੇ ਸੰਸਾਰ ਰੂਪੀ ਡੱਬੇ ਦਾ (ਉਹ) ਭੂਸ਼ਣ ਰੂਪ ਹੈ, (ਫਿਰ ਜਿਸਨੂੰ) ਸੰਸਾਰ ਦਾ (ਸਾਰਾ) ਗਿਆਨ ਹੈ ਤੇ (ਉਹ) ਆਪਣੇ ਆਪ ਤੋਂ ਆਪ ਹੀ ਹੈ (ਹਾਂ) ਉਸ ਨੂੰ (ਜੋ) ਓਅੰਕਾਰ ਦੀ ਵੀ ਆਦਿ ਹੈ ਮੇਰੀ ਨਮਸਕਾਰ ਹੈ।

ਵਰ੍ਣਾਵਰ੍ਣ ਵਿਹੀਨਾਯ† ਵੇਦ ਸਾਰ ਪ੍ਰਵਰ੍ਤੁਕ:

†ਵਿਹੀਨਾਯ ਦੀ ਜਗਾ ਦਰੁਸਤ ਪਾਠ ਚਾਹੀਦਾ ਹੈ:- 'ਵਿਹੀਨਾਖ਼ਜੰ', ਵਯਾਕਰਣ ਅਨੁਸਾਰ 'ਵਿਹੀਨਾਯ' ਦੀ ਵਿਭਕਤੀ ਠੀਕ ਨਹੀਂ ਬੈਠਦੀ। 'ਵਿਹੀਨਾਖ਼ਜੰ' ਦਾ ਅਰਥ ਹੋਊ = (ਵਰਣ ਅਵਰਣ ਤੋਂ) ਵਿਹੀਨ ਜਿਸ ਨੂੰ ਆਖੀਦਾ ਹੈ।

ਵਿਸ਼੍ਵ ਵਰ੍ਗ† ਮਹੀਧੀਸ਼ੰ‡ ਵਕਾਰੰ†† ਤੰ ਨਮਾਮਹਿੰ ॥੨॥

†ਪਾਠਾਂਤ੍ਰ-ਵਿਸ਼੍ਵੰਭਰ = ਸੰਸਾਰ ਨੂੰ ਭਰਨ ਵਾਲਾ। ‡ਮਹੀਧੀਸੰ ਦੀ ਸੰਧਿ ਅਸ਼ੁਧ ਹੈ, ਇਸ ਲਈ ਸ਼ੁੱਧ ਪਾਠ ਹੋਵੇਗਾ = (ਮਹਾਂ+ਅਧੀਸ਼ੰ) ਮਹਾਂਧੀਸ਼ੰ, ਫਿਰ 'ਵਿਸ਼੍ਵਵਰ੍ਗ ਮਹਾਧੀਸ਼ੰ' ਦਾ ਅਰਥ ਐਉਂ ਲੱਗੇਗਾ = ਸਮੂਹ ਸੰਸਾਰ ਦਾ ਮਹਾਨ ਮਾਲਿਕ।

††ਵਾਸੁਦੇਵ ਦਾ ਅਰਥ 'ਬ੍ਰਹਮ ਯਾ ਪਰਮਾਤਮਾ' ਮੰਨਕੇ ਉਸ ਦੇ ਪਹਿਲੇ ਅੱਖਰ ਨੂੰ ਉਸ ਦਾ ਬੀਜ ਰੂਪ ਕਹਿ ਆਏ ਹਨ ਤਾਂ ਤੇ 'ਵਵੇ' ਦੇ ਅਰਥ ਬੀ 'ਬ੍ਰਹਮ' ਮੰਨਕੇ ਨਮਸਕਾਰ ਕਰ ਰਹੇ ਹਨ, ਇਸੇ ਤਰ੍ਹਾਂ ਅਗਲੇ ਸਲੋਕਾਂ ਵਿਚ ਹ. ਗ. ਰ. ਅੱਖਰਾਂ ਨੂੰ ਬੀ ਬ੍ਰਹਮ ਲਖਾਯਕ ਦੱਸਕੇ ਨਮਸਕਾਰਾਂ ਕਰਨਗੇ।

ਵਰ੍ਣਾਵਰ੍ਣ ਵਿਹੀਨਾਯ = ਵਰਣਾਂ ਅਵਰਣਾਂ ਤੋਂ ਬਿਨਾਂ। [ਵਰਣ = ਬ੍ਰਹਮਣ, ਖੱਤ੍ਰੀ, ਵੈਸ਼ ਤੇ ਸ਼ੂਦ੍ਰ। ਅਵਰ੍ਣ = ਨੀਵੀਆਂ ਜਾਤੀਆਂ ਜੋ ਵਰਣਾਂ ਵਿਚ ਨਾਂ ਹੋਣ। ਵਿਹੀਨਾਯ = ਬਿਨਾਂ] (ਅ) ਕਿਸੇ ਰੰਗ ਬੇਰੰਗ ਤੋਂ ਰਹਿਤ। [ਵਰਣ = ਰੰਗ] (˙) ਕਥਨ ਤੇ ਅਕਥਨ ਤੋਂ ਰਹਿਤ।
ਵੇਦ ਸਾਰ ਪ੍ਰਵਰ੍ਤੁਕ: = ਵੇਦਾਂ (ਯਾ ਤੱਤ੍ਵ ਗਿਆਨ) ਦੇ ਸਾਰ ਦੀ ਪ੍ਰਵਿਰਤੀ ਕਰਨ ਵਾਲਾ।
ਵਿਸ਼੍ਵਵਰ੍ਗ ਮਹੀਧੀਸ਼ੰ = ਸਮੂਹ ਸੰਸਾਰ ਤੇ ਪ੍ਰਿਥਵੀ ਦਾ ਪਤੀ।
(ਅ) ਸੰਸਾਰ ਨੂੰ (ਚਾਰੇ) ਪਦਾਰਥਾਂ (ਦਾ ਦਾਤਾ) ਤੇ ਪ੍ਰਿਥਵੀ ਦਾ ਪਤੀ।
(˙) ਵਰਗ ਦਾ ਅਰਥ ਮੁਕਤੀਆਂ ਬੀ ਕਰਦੇ ਹਨ।
ਵਕਾਰੰ ਤੰ = ਤਿਸ 'ਵੱਵੇ' ਅੱਖਰ ਨੂੰ।

ਅਰਥ:

ਵਰਣ ਅਵਰਣ ਤੋਂ ਰਹਿਤ ਤੇ ਵੇਦ ਸਾਰ ਦਾ ਪ੍ਰੀਵਰਤਕ ਹੈ (ਜੋ, ਫਿਰ ਉਹ) ਸੰਸਾਰ ਨੂੰ (ਚਾਰੇ) ਪਦਾਰਥ (ਬਖਸ਼ਣ ਵਾਲਾ) ਪ੍ਰਿਥਵੀ ਪਤਿ ਹੈ, ਤਿਸ (ਦੇ ਲਖ ਯਕ) 'ਵੱਵੇ' ਅੱਖਰ ਨੂੰ ਮੇਰੀ ਨਮਸਕਾਰ ਹੈ।

ਹਰੀ ਹਰਾਦਿ ਸ੍ਵਯੰ ਬ੍ਰਹਮ੍ ਹੰਸ ਬੋਧ ਪ੍ਰਕਾਸ਼ਤੰ†।

†ਪ੍ਰਕਾਸ਼ਕੰ ਸ਼ੁੱਧ ਪਾਠ ਹੈ, ਅਰਥ ਹੋਊ 'ਪ੍ਰਕਾਸ਼ ਕਰਨ ਵਾਲਾ।'

ਹਸਖ਼ਮਲ ਵਰਯ ਵੀਜੰ ਹਕਾਰੰ ਤੰ ਨਮਾਮਿਹੰ ॥੩॥

ਹਰੀ = ਵਿਸ਼ਨੂੰ। ਹਰਾਦਿ = ਹਰ+ਆਦਿ = ਸ਼ਿਵ ਤੇ ਬ੍ਰਹਮਾਂ।

(ਅ) ਹਰ = ਸ਼ਿਵ, ਆਦਿ = ਮੁੱਢ, ਮੂਲ। ਅਥਵਾ ਆਦਿਕ।
ਸ੍ਵਯੰ ਬ੍ਰਹਮ = ਉਹ ਜੋ ਅਪਣੇ ਆਪ ਤੋਂ ਹੈ ਸੋ ਬ੍ਰਹਮ। ਅਕਾਰਣ ਬ੍ਰਹਮ।
ਹੰਸ = ਉੱਜਲ। ਬੋਧ ਪ੍ਰਕਾਸ਼ਤੰ = ਜੋ ਗਿਆਨ ਪ੍ਰਕਾਸ਼ ਕਰਦਾ ਹੈ।
(ਅ) ਹੰਸ ਬੋਧ ਪ੍ਰਕਾਸ਼ਤੰ = ਬ੍ਰਹਮਾਂ ਨੂੰ ਗ੍ਯਾਨ ਪ੍ਰਕਾਸ਼ਣ ਵਾਲਾ।
ਹਮਖਮਲ†-[ਹ = ਪ੍ਰਗਟ ਹੀ। ਸ = ਸੁਤੇ। ਖ = ਅਕਾਸ਼ ਵਤ ਪੂਰਣ।

† 'ਹਸਖਮਲ ਵਰਯ' ਦੀ ਥਾਵੇਂ ਸ਼ੁਧ ਪਾਠ ਚਾਹੀਦਾ ਹੈ- 'ਹਸਤਾਮਲਕ ਵਦ' = ਹੱਥ ਉੱਤੇ ਧਰੇ ਆਉਲੇ ਵਾਂਗੂ, ਫਿਰ 'ਹਸ੍ਤਾਮਲਕ ਵਦ ਵੀਜੰ ਹਕਾਰੰ ਤੰ ਨਮਾਮ੍ਯਹਮ' ਦਾ ਅਰਥ ਬਣੂ = ਜੋ ਹੱਥ ਤੇ ਧਰੇ ਆਉਲੇ ਵਾਂਗੂੰ (ਪ੍ਰਤੱਖ) ਬੀਜ ਰੂਪ ਹੈ ਉਸ (ਦੇ ਲਖਾਯਕ) ਹਾਹੇ ਨੂੰ ਮੇਰੀ ਨਮਸਕਾਰ ਹੈ।

ਮ = ਮਾਯਾ। ਲ = ਲਯਤਾ] ਜੋ ਸੁਤੇ ਅਕਾਸ਼ ਵਤ ਪੂਰਣ ਹੈ। ਤੇ ਮਾਯਾ ਜਿਸ ਵਿਚ ਲਯ ਹੈ (ਅ) ਜਾਪਦਾ ਹੈ ਕਿ ਅਸਲ ਪਦ ਹਸ੍ਤਾਮਲਕ ਸੀ, ਉਸ ਦੇ ਅਰਥ ਹਨ:- 'ਹੱਥ ਤੇ ਧਰੇ ਅਉਲੇ ਵਾਂਙੂ ਸਾਫ ਦਿੱਸਦਾ, ਭਾਵ ਪ੍ਰਤੱਖ। ਵਰਯ = ਸ੍ਰੇਸ਼ਟ।
ਵੀਜੰ = ਮੂਲ ਨੂੰ, ਕਾਰਣ (ਰੂਪ) ਨੂੰ। ਬੀਜ ਨੂੰ। ਹਕਾਰੰ = 'ਹਾਹਾ' ਅੱਖਰ ਨੂੰ।

ਅਰਥ:

ਮੈਂ ਉਸ ਸ੍ਰੇਸ਼ਟ ਕਾਰਣ (ਰੂਪ ਦੇ ਲਖਾਯਕ) 'ਹਾਹੇ' ਅੱਖਰ ਨੂੰ ਨਮਸਕਾਰ ਕਰਦਾ ਹਾਂ (ਜੋ) ਸ੍ਵਯੰ ਬ੍ਰਹਮ ਹੈ ਤੇ ਵਿਸ਼ਨੂੰ, ਸ਼ਿਵ, ਬ੍ਰਹਮਾ ਨੂੰ ਉੱਜਲ ਗਿਆਨ ਪ੍ਰਕਾਸ਼ ਕਰਨੇ ਵਾਲਾ ਹੈ, ਤੇ ਸੁਤੇ ਅਕਾਸ਼ ਵਤ ਪੂਰਣ ਪ੍ਰਗਟ ਹੈ (ਤੇ ਫਿਰ) ਮਾਯਾ ਜਿਸ ਵਿਚ ਲਯ ਹੈ।

ਹੋਰ ਅਰਥ:

(ਹਰੀ =) ਵਿਸ਼ਨੂੰ (ਤੇ ਹਰ =) ਸ਼ਿਵ ਦੀ (ਬੀ ਜੋ) ਆਦਿ ਹੈ, (ਤੇ) ਅਕਾਰਣ ਬ੍ਰਹਮ ਹੈ, ਬ੍ਰਹਮਾਂ ਨੂੰ ਬੀ ਜੋ ਗ੍ਯਾਨ ਪ੍ਰਕਾਸ਼ਣ ਵਾਲਾ ਹੈ, (ਜਿਸਦਾ) ਪ੍ਰਤੱਖ† ਵੀਜ ਰੂਪ (ਹਾਹਾ ਅੱਖਰ ਹੈ) ਉਸ ਹਾਹੇ ਨੂੰ ਮੇਰੀ ਨਮਸਕਾਰ ਹੈ।

†ਇਹ ਅਰਥ ਮੂਲ ਪਾਠ ਨੂੰ 'ਹਸ੍ਤਾਮਲਕ ਵਦ' ਮੰਨਕੇ ਲੱਗਦਾ ਹੈ। ਤ੍ਰਾਂਤ੍ਰਿਕਾਂ ਦੇ ਬੀਜ ਮੰਤ੍ਰ ਹ੍ਰੀ, ਸ਼੍ਰੀ, ਲ੍ਰੀ ਆਦਿ ਹਨ। ਉਧਰ ਇਸ਼ਾਰਾ ਮਤੇ ਹੋਵੇ ਪਰ ਤਾਂਤ੍ਰਿਕ ਮਤਿ ਨੂੰ ਕਵੀ ਜੀ ਮੰਨਦੇ ਨਹੀਂ।

ਗ੍ਯਾਨਾਰ੍ਕੰ ਗਿਰਾਧੀਸ਼ੰ ਗੋਤੀਤੰ† ਸ੍ਵੱਛ ਸਾਖਿਣੰ।

†ਸ਼ੁੱਧ ਪਾਠ ਚਾਹੀਏ 'ਗੋऽਤੀਤੰ।'

ਗਮਨਾਗਮਜ† ਵਿਹੀਨਾਯ‡ ਤੰ ਗਕਾਰੰ ਨਮਾਮਿਹੰ ॥੪॥

† 'ਗਮਜਾਗਮਜ' ਸ਼ੁਧ ਪਾਠ ਹੋਵੇਗਾ, ਛੰਦ ਦੀ ਚਾਲ ਮੂਜਬ। ਲਿਖਤੀ ਨੁਸਖਿਆਂ ਵਿਚ ਕਿਤੇ ਪਾਠਾਂਤ੍ਰ 'ਗਗਨਾਗਮਜ' ਬੀ ਹੈ ਜੋ ਠੀਕ ਨਹੀਂ। ‡ਵਿਹੀਨਾਖ੍ਯੰ' ਸ਼ੁੱਧ ਪਾਠ ਹੈ, 'ਵਿਹੀਨਾਯ' ਦੀ ਵਿਭਕਤੀ ਠੀਕ ਨਹੀਂ ਬੈਠਦੀ।

ਗ੍ਯਾਨਾਰ੍ਕੰ = ਜੋ ਗ੍ਯਾਨ ਦਾ ਸੂਰਜ ਹੈ [ਗ੍ਯਾਨ+ਅਰ੍ਕ = ਸੂਰਜ]
ਗਿਰਾਧੀਸ਼ੰ = ਬਾਣੀ ਦਾ ਪਤੀ। (ਅ) ਸਰਸ੍ਵਤੀ ਦਾ ਪਤੀ।
ਗੋਤੀਤੰ = ਬਾਣੀ ਤੋਂ ਅਤੀਤ, ਅਕੱਥਨੀਯ। [ਸੰਸ. ਗੋ = ਬਾਣੀ। ਅਤੀਤ = ਰਹਤ]
(ਅ) ਇੰਦ੍ਰੀਆਂ ਤੋਂ ਅਤੀਤ [ਗੋ = ਇੰਦ੍ਰੀਆਂ]
ਸ੍ਵੱਛ = ਪਵਿੱਤ੍ਰ ਸਾਖਿਣੰ = ਸਾਖੀ ਰੂਪ, ਸਾਰੇ ਜਗਤ ਦਾ ਜਾਣਨਹਾਰ।
ਸਭ ਦਾ ਦੇਖਣਹਾਰਾ ਪਰ ਅਸੰਗ।
ਗਮਨਾਗਮਜਵਿਹੀਨਾਯ = [ਗਮਨ+ਆਗਮਨ+ਵਿਹੀਨਾਯ] ਆਉਣ ਜਾਣ (= ਜੰਮਣ ਮਰਨ) ਤੋਂ ਰਹਿਤ। ਗਕਾਰੰ = 'ਗੱਗੇ' ਅੱਖਰ ਨੂੰ।

ਅਰਥ:

(ਜੋ) ਗਜਾਨ ਦਾ ਸੂਰਜ ਬਾਣੀ ਦਾ ਪਤੀ, ਇੰਦ੍ਰੀਆਂ ਤੋਂ ਅਤੀਤ, ਪਵਿੱਤ੍ਰ ਸਾਖੀ ਰੂਪ ਤੇ ਜੰਮਣ ਮਰਣ ਤੋਂ ਰਹਿਤ ਹੈ ਉਸ (ਦੇ ਲਖਾਯਕ) 'ਗੱਗੇ' ਅੱਖਰ ਨੂੰ ਮੈਂ ਨਮਸ਼ਕਾਰ ਕਰਦਾ ਹਾਂ।

ਰਾਮ ਵੀਜ†, ਸੁਰੇਸ਼੍ਵਰੰ, ਦੇਵ ਦੈਤਜਾਭਿਬੰਦਤਿੰ।

†ਸ਼ੁਧ 'ਵੀਜੰ' ਪਾਠ ਹੈ। 'ਰਾਮ ਵੀਜੰ' ਦਾ ਐਉਂ ਬੀ ਅਰਥ ਕਰਦੇ ਹਨ:-ਪਦ 'ਰਾਮ' ਦਾ ਜੋ 'ਵੀਜ' ਰੂਪ ਹੈ, ਭਾਵ 'ਰਾਰਾ' ਅੱਖਰ।

ਸਰ੍ਵ੍ਵਾਸ਼੍ਰਯੰ, ਸਰ੍ਵ੍ਵ ਮਿਤੀ† ਸ਼ਕ੍ਤੀ, ਤੰ ਰਕਾਰੰ ਨਮਾਮਿਹੰ ॥੫॥

† 'ਮਿਤੀ' ਪਾਠ ਏਥੇ ਨਹੀਂ ਚਾਹੀਦਾ, ਇਸ ਨਾਲ ਛੰਦ ਦੀ ਗੇਣਤੀ ਦੇ ਦੋ ਅੱਖਰ ਵਧ ਜਾਂਦੇ ਹਨ।

ਰਾਮ = ਰਮਿਆ ਹੋਇਆ, ਕ੍ਰੀੜਾ ਕਰਨ ਵਾਲਾ। ਵਾਹਿਗੁਰੂ।
ਵੀਜੰ = ਕਾਰਣ ਨੂੰ। ਮੂਲ ਨੂੰ।
ਸੁਰੇਸ਼੍ਵਰੰ = ਸੁਰ+ਈਸ਼ਰੰ। ਦੇਵਤਿਆਂ ਦੇ ਬੀ ਈਸ਼ਰ ਨੂੰ, ਪਰਮਾਤਮਾਂ ਨੂੰ।
ਦੇਵ ਦੈਤਜਾਭਿਬੰਦਿਤੰ = ਦੇਵਤੇ ਤੇ ਦੈਂਤਾਂ ਤੋਂ ਜੋ ਨਮਸਕਾਰ ਕੀਤਾ ਗਿਆ ਹੈ।
ਸਰਵ੍ਵਾਸ਼੍ਰਯ = ਸਰਬ ਦਾ ਜੋ ਆਸ਼ਰਾ ਹੈ।
ਸਰਵ੍ਵ ਮਿਤੀ ਸ਼ਕ੍ਤੀ = ਜੋ ਸਰਬ ਮਿਰਯਾਦਾ ਤੇ ਸ਼ਕਤੀ ਸੰਪੰਨ ਹੈ।
(ਅ) ਜੇ ਪਾਠ ਕੇਵਲ-ਸਰਵ੍ਵ ਸ਼ਕ੍ਤੀ-ਹੋਵੇ ਤਾਂ ਅਰਥ ਲਗੇਗਾ-ਜਿਸ ਵਿਚ ਸਭ ਸ਼ਕਤੀਆਂ ਹਨ। (ੇ) 'ਸਰਵ੍ਵਮਿਤੀ' ਦਾ ਪਦ ਛੇਦ 'ਸਰਵੰ ਇਤਿ' ਕਰੀਏ ਤਾਂ 'ਸਰਬ ਦੀ ਸਮਾਪਤੀ ਦਾ ਅਸਥਾਨ' ਅਰਥ ਹੋਸੀ। ਯਾ, ਇਤੀ = ਇਸ ਪ੍ਰਕਾਰ ਦੀ।
ਤੰ ਰਕਾਰੰ = ਉਸ 'ਰਾਰੇ' ਅੱਖਰ ਨੂੰ।

ਅਰਥ:

(ਜੋ ਸਰਬ ਵਿਖੇ) ਰਮਿਆ ਹੋਇਆ (ਸਰਵ ਦਾ) ਕਾਰਣ ਹੈ, ਦੇਵਤਿਆਂ ਦਾ ਬੀ ਈਸ਼ਰ ਹੈ, ਦੇਵਤੇ ਤੇ ਦੈਂਤਾਂ ਤੋਂ ਜੋ ਨਮਸਕਾਰ ਕੀਤਾ ਗਿਆ ਹੈ (ਤੇ ਜੋ) ਸਰਬ ਦਾ ਆਸਰਾ ਹੈ, ਸਭ ਮਿਰਯਾਦਾ ਤੇ ਸ਼ਕਤੀ ਸੰਪੰਨ ਹੈ ਉਸ (ਦੇ ਲਖਾਯਕ) 'ਰਾਰੇ' ਅੱਖਰ ਨੂੰ ਮੇਰੀ ਨਮਸਕਾਰ ਹੈ।

ਇਤ੍ਯੇਵ ਮਹਾਂ ਵਰ੍ਣੰ, ਭਾਵਨਾਯ ਮਹੂਰ੍ਮੁਹੁ:।
ਚਤੁਰ੍ ਵਰ੍ਗ ਫਲੰ ਦਾਸ਼ਜ† ਸਿੱਧੀ ਏਵ‡ ਨ ਸੰਸ਼ਯ: ॥੬॥

† 'ਤਸਜ' ਪਾਠ ਹੋਵੇ ਤਾਂ ਵਧੇਰੇ ਸ੍ਰੇਸ਼ਟ ਹੈ। ਦਾਸ਼ਜ ਦਾ ਅਰਥ ਦਾਤਾ ਬੀ ਹੋ ਸਕਦਾ ਹੈ। ‡ਸ਼ੁੱਧ ਪਾਠ ਚਾਹੀਏ 'ਸਿਦਿਧਰੇਵ।' ਫਿਰ ਇਸ ਦੂਜੀ ਤੁਕ ਦਾ ਅਰਥ ਬਣੇਗਾ-ਉਸ ਨੂੰ ਚਾਰੇ ਪਦਾਰਥਾਂ ਦੀ ਸਿੱਧੀ ਹੁੰਦੀ ਹੈ (ਪ੍ਰਾਪਤ), ਇਸ ਵਿਚ ਸੰਸਾ ਨਹੀਂ ਹੈ।

ਇਤ੍ਯੇਵ = ਐਸੇ, ਇਸ ਤਰ੍ਹਾਂ ਦੇ। ਮਹਾਂ ਵਰਣੰ = ਮਹਾਨ ਅੱਖਰ।
ਭਾਵਨਾਯ = ਸ਼ਰਧਾ ਕਰਕੇ, ਭਾਵਨਾਂ ਨਾਲ। ਮੁਹੂਰ੍ਮੁਹੁ = ਬਾਰ ਬਾਰ।
ਚਤੁਰ੍ ਵਰਗ = ਚਾਰੇ ਪਦਾਰਥ-ਧਰਮ, ਅਰਥ, ਕਾਮ, ਮੋਖ।
(ਅ) ਚਾਰੇ ਮੁਕਤੀਆਂ-ਸਾਲੋਕ, ਸਾਰੂਪ, ਸਾਮੀਪ, ਸਾਯੁਜ...।
ਫਲੰ = ਫਲ ਦਾਤਾ। ਦਾਸ਼ਜ = ਦਾਸਾਂ, ਸੇਵਕਾਂ ਨੂੰ। (ਅ) ਦਾਤਾ।
ਏਵ ਨ ਸ਼ੰਸ਼ਯ: = ਇਸ ਵਿਚ (ਕੋਈ) ਸੰਸਾ ਨਹੀਂ। ਭਾਵ ਜ਼ਰੂਰ ਹੀ।

ਅਰਥ:

(ਏਹ ਚਾਰੇ ਅੱਖਰ) ਐਸੇ ਮਹਾਂ ਵਰਣ ਹਨ (ਕਿ ਜੇਹੜੇ) ਦਾਸ ਸ਼ਰਧਾ ਧਾਰਕੇ (ਇਨ੍ਹਾਂ ਨੂੰ) ਬਾਰ ਬਾਰ (ਜਪਦੇ ਹਨ ਉਹਨਾਂ ਨੂੰ) ਚਾਰੇ ਪਦਾਰਥ ਤੇ ਸਿੱਧੀਆਂ ਦੇ ਫਲ ਦਾਤਾ ਹਨ ਏਸ ਵਿਚ ਕੋਈ ਸੰਸਾ ਨਹੀਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਭਾਈ ਗੁਰਦਾਸ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

੪. [ਕਾਂਸ਼ੀ ਵਿਚ ਪੰਡਤਾਂ ਨਾਲ ਚਰਚਾ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

'ਮੰਤ੍ਰਰਾਜ[1]' ਸੰਛੇਪ ਕਰਿ, ਕਹਜੋ ਜਥਾ ਮਤਿ ਸਾਰ।

[1]ਸ਼ਿਰੋਮਣੀ ਮੰਤਰ (ਵਾਹਿਗੁਰੂ)।

ਜਿਹ ਸਮੁਝੇ ਨਿਜ ਰੂਪ ਲਹਿ, ਹੋਤਿ ਸਿੰਧੁ ਭਵ ਪਾਰ[1] ॥੧॥

[1]ਸੰਸਾਰ ਸਾਗਰ ਤੋਂ ਪਾਰ।

ਚੌਪਈ:

ਸੁਨਹੁ ਦੁਤਿਯ[1], ਸ਼੍ਰੀ ਗ੍ਰਿੰਥ ਜੁ ਬਾਣੀ।

[1]ਦੂਜੇ (ਪ੍ਰਸ਼ਨ ਦਾ ਉੱਤਰ) ਸੁਣੋ।

ਰਤਨਾਕਰ[1], ਅਨਗਨ ਗੁਨ ਖਾਣੀ।

[1]ਰਤਨਾਂ ਦੀ ਖਾਣ।

ਸ਼੍ਰੀ ਗੁਰ ਇਹ ਨਮਿਤ ਅਵਤਾਰਾ।
ਸ਼੍ਰੀ ਕੇਸ਼ਵ[1] ਨਿਸ਼ਚੇ ਵਪੁ ਧਾਰਾ ॥੨॥

[1]ਪਰਮੇਸ਼ੁਰ ਨੇ।

ਨਿਰਖਜੋ ਕਲਿ ਜਨੁ ਆਯੁ ਸੁ ਥੋਰੀ[1]।

[1]ਦੇਖਿਆ ਕਿ ਕਲਜੁਗ ਦੇ ਜੀਵਾਂ ਦੀ ਉਮਰਾ ਥੋੜੀ ਹੈ।

ਜੋਗ, ਜੱਗ, ਜਪ ਬਨੈ ਨ ਭੋਰੀ[1]।

[1]ਰੰਚਕ ਮਾਤ੍ਰ ਨਹੀਂ ਹੋ ਸਕਦੇ।

ਪੂਰਬ[1] ਧਰਮ ਸਥਾਪਨ ਹੇਤੂ।

[1]ਪਹਿਲਾਂ ਤੋਂ ਹੀ।

ਤਨ ਧਾਰਤਿ ਪ੍ਰਭੁ ਕ੍ਰਿਪਾ ਨਿਕੇਤੂ ॥੩॥
ਤਾਂ ਤੇ ਜਿਹ ਬਿਧਿ ਜਗ ਕੱਲਜਾਨਾ।
ਹੋਤਿ, ਵਹੀ ਬਿਧਿ ਕ੍ਰਿਤ ਭਗਵਾਨਾ।
ਅਵਰ ਸਾਧਨਾ ਬਨੈ ਨ ਕੋਈ।
ਗਿਰੀਵਾਨ ਵਾਚਾ ਅਤਿ ਗੋਈ[1] ॥੪॥

[1]ਵਿਦ੍ਵਾਨਾਂ ਨੇ (ਸੰਸਕ੍ਰਿਤ) ਬੋਲੀ ਬਹੁਤ ਲੁਕਾ ਕੇ (ਯਾ ਗੁਹਯ ਕਰਕੇ) ਰੱਖੀ ਹੈ, ਭਾਵ ਹਰ ਕਿਸੇ ਨੂੰ ਪੜ੍ਹਾਉਂਦੇ ਨਹੀਂ ਹਨ।

ਪਢਤਿ ਪਢਤਿ ਹ੍ਵੈ ਆਯੁ ਬਿਤੀਤਾ[1]।

[1]ਜੇ ਕਿਸੇ ਨੂੰ ਪੜ੍ਹਾਉਣ ਬੀ ਤਾਂ) ਪੜ੍ਹਦਿਆਂ ਪੜ੍ਹਦਿਆਂ ਉਮਰਾ ਲੰਘ ਜਾਂਦੀ ਹੈ।

ਹ੍ਵੈ ਕਬਿ ਧਜਾਨ ਧੇਯ ਬਿਪਰੀਤਾ[1]†।

[1]ਫੇਰ ਇਹ ਗੱਲ) ਕਦੋਂ ਸਿਰੇ ਚੜ੍ਹੇ ਕਿ ਧਿਆਨ ਤੇ ਧੇਯ ਉਲਟ ਜਾਵੇ ਭਾਵ ਜਗਤ ਸਾਡਾ ਧੇਯ ਹੈ ਤੇ ਧਜਾਨ ਉਸ ਵਲ ਹੈ, ਹੁਣ ਇਹ ਉਲਟੇ ਤਾਂ ਧੇਯ ਵਾਹਿਗੁਰੂ ਹੋਵੇ ਤੇ ਧਜਾਨ ਉਸ ਵਿਚ ਲੀਨ ਹੋਵੇ, ਭਾਵ ਪੜ੍ਹਨ ਤੋਂ ਮਗਰੋਂ ਅਮਲ ਕਰਕੇ ਸੰਸਾਰਾਕਾਰ ਤੋਂ ਈਸ਼੍ਵਰਾਕਾਰ ਹੋਣ ਦਾ ਸਮਾਂ ਕਦੋਂ ਆਊ, ਉਮਰ ਤਾਂ ਲੰਘ ਗਈ ਪੜ੍ਹਦਿਆਂ। †ਪਾ:-ਬ੍ਰਿਤਰੀਤਾ = ਸੰਸਾਰ ਦੇ ਪਦਾਰਥਾਂ ਦੇ ਧਿਆਨ ਵਲੋਂ ਬ੍ਰਿਤੀ ਖਾਲੀ ਨਹੀਂ ਹੁੰਦੀ। (ਅ) ਸੰਸਾਰ ਵਲੋਂ ਖਾਲੀ ਹੋ ਕੇ ਕਦੇ ਵੀ ਧੇਯ (ਬ੍ਰਹਮ) ਵਲ ਬ੍ਰਿਤੀ ਨਹੀਂ ਲਗਦੀ।

ਪਰਉਪਕਾਰ ਹੇਤੁ ਗੁਰ ਸ੍ਵਾਮੀ।
ਸੁਲਭ ਗਿਰਾ ਬਰਨੀ ਗੁਨ ਗਾਮੀ[1] ॥੫॥

[1]ਸੌਖੀ ਬਾਣੀ (ਵਾਹਿਗੁਰੂ ਦੇ) ਗੁਣਾਂ ਨੂੰ ਗਾਇਨ ਵਾਲੀ ਵਰਣਨ ਕੀਤੀ। [ਸੰਸ. ਗੁਣ+ਹਿੰਦੀ, ਗਾਮ = ਗਾਉਣਾ] (ਅ) ਗੁਣਾਂ ਦੇ ਆਸ਼੍ਰਯ (ਸਤਿਗੁਰੂ) ਨੇ ਸੌਖੀ ਬਾਣੀ ਕਹੀ ਹੈ। [ਗਾਮ = ਪਿੰਡ, ਭਾਵ ਆਸ਼੍ਰਯ]

ਨਾਮੀ ਨਾਮ ਏਕ ਦਿਖਰਾਵਾ।

ਸ਼ਬਦ ਸੁਰਤਿ ਮਾਰਗ ਇਮ ਗਾਵਾ[1]।

[1]ਸ਼ਬਦ ਅਤੇ ਸੁਰਤ ਦਾ ਰਾਹ ਇਕੁਰ ਕਥਨ ਕੀਤਾ ਹੈ, (ਅੱਗੇ ਹੁਣ ਇਹ ਰਸਤਾ ਦੱਸਦੇ ਹਨ:-)।

-ਸੱਤਿ ਅਸੱਤਿ ਦੋਊ ਪਦ ਜੋਰੇ[1]।

[1]ਇਕੱਠੇ ਹੋ ਰਹੇ ਸੀ।

ਸੱਤਿ ਸੱਤਿ ਕਰਿ ਅਸਤਿ ਬਿਛੋਰੇ[1] ॥੬॥

[1]ਸਤਿ ਨੂੰ ਸਤਿ (ਸਿੱਧ) ਕੀਤਾ ਤੇ ਅਸੱਤਿ ਨੂੰ (ਸੱਤ ਤੋਂ) ਵੱਖ ਕਰ ਦਿਖਾਇਆ।

[1]ਸੱਤਿ ਆਤਮਾ, ਅਸਤਿ ਅਵਿੱਦਜਾ।

[1]'ਆਤਮਾ' ਸੱਤਿ ਹੈ ਤੇ 'ਅਵਿੱਦਜਾ' ਅਸੱਤਿ ਹੈ (ਇਸ, ਡਾਢੇ ਗੁੱਝੇ (ਭੇਤ) ਨੂੰ ਸ਼ਬਦਾਂ ਵਿਚ ਪ੍ਰਗਟ ਕਰ ਦਿੱਤਾ ਹੈ, [ਪ੍ਰਾਕ੍ਰਿਤ: ਸੱਦ = ਸ਼ਬਦ। ਸੱਦ ਤੋਂ ਸਦਜਾ] (ਅ) ਪ੍ਰਗਟਜੋ ਸੱਦਜ: = ਤੁਰਤ ਪ੍ਰਗਟ ਕਰ ਦਿੱਤਾ ਹੈ ਸੰ: ਸਦਜ: = ਤੁਰਤ]

ਮਹਾਂ ਗੂਢ ਕਰਿ ਪ੍ਰਗਟਜੋ ਸਦਜਾ[4]।
ਸਤਜ ਅਸਤਜ ਭੇਦ ਲਖਿ ਪਾਵਾ।
ਨਾਮ ਉਚਾਰਣ ਰੀਤਿ ਬਤਾਵਾ[1] ॥੭॥

[1]ਅਵਿੱਦਜਾ ਜੋ ਅਸੱਤਿ ਦੱਸੀ ਸੀ ਉਸ ਦੇ ਦੂਰ ਕਰਨੇ ਦਾ ਉਪਾਉ) ਨਾਮ ਉਚਰਾਣ ਦੀ ਰੀਤੀ ਦੱਸੀ।

[1]ਨਾਮ ਅਰੂਪ ਅਰੂਪ ਸੁਆਮੀ।

[1]ਸੁਆਮੀ (ਵਾਹਿਗੁਰੂ) ਰੂਪ ਰਹਿਤ ਹੈ ਅਤੇ ਉਸ ਦਾ ਨਾਮ ਬੀ ਅਰੂਪ ਹੈ, ਨਾਮ ਵਿਚ ਬ੍ਰਿਤਿ (ਲਗਾਇਆਂ) ਉਸਦੇ ਸਰੂਪ ਨੂੰ ਪ੍ਰਾਪਤ ਹੋ ਜਾਏਗੀ। ਭਾਵ ਇਹ ਹੈ ਕਿ ਜੋ ਬ੍ਰਿਤੀ ਨਾਮ ਵਿਚ ਲੱਗ ਰਹੀ ਹੈ ਸੋ ਸੰਸਾਰ ਤੋਂ ਉਠ ਈਸ਼੍ਵਰ ਵਿਚ ਲਗ ਰਹੀ ਹੈ, ਉਹ ਇਕਾਗ੍ਰ ਹੋ ਰਹੀ ਹੈ, ਜੋ ਏਕਾਗ੍ਰ ਹੋ ਰਹੀ ਹੈ ਉਹ ਉਸੇ ਅਭਿਆਸ ਨਾਲ ਨਿਰੁੱਧ ਹੋ ਜਾਏਗੀ। ਬ੍ਰਿਤੀ ਦੇ ਨਿਰੁੱਧ ਹੋ ਗਿਆਂ ਜਿਸ ਦੇ ਸਿਮਰਨ ਵਿਚ ਲੱਗੀ ਹੋਈ ਸੀ, ਉਸ ਦੇ ਸਰੂਪ ਦੀ ਪ੍ਰਾਪਤੀ ਹੋ ਜਾਏਗੀ। ਜੇ ਬ੍ਰਿਤੀ ਕੇਵਲ ਆਪਣੇ ਨਿਰੋਧ ਦਾ ਅਭਿਆਸ ਕਰਦੀ ਤਾਂ ਉਹ ਕੇਵਲ ਆਪਣੇ ਆਪ ਨੂੰ ਅੱਪੜਦੀ ਪਰ ਜਿਸ ਨੇ (ਨਾਮ ਦੁਆਰਾ) ਈਸ਼ਰ ਵਿਚ ਆਪੇ ਨੂੰ ਲਾਇਆ ਹੈ ਉਸ ਦਾ ਆਪਾ ਈਸ਼੍ਵਰ ਨੂੰ ਜਾ ਮਿਲਿਆ, ਇਹ ਮੁਰਾਦ ਹੈ 'ਤਦ ਵਪੁ ਗਾਮੀ' ਦੀ। ਅਰਥਾਤ ਨਾਮ ਦੇ ਭਾਵ 'ਈਸ਼੍ਵਰ ਦੇ ਸ੍ਵਰੂਪ' ਵਿਚ ਪਹੁੰਚਣ ਵਾਲੀ ਯਥਾਰਥ ਅਵਸਥਾ ਵਿਚ ਪਹੁੰਚ ਹੋ ਗਈ।

ਨਾਮ ਬ੍ਰਿੱਤਿ ਤੇ ਤਦ ਵਪੁ ਗਾਮੀ[1]।

[1]ਅਮਰ ਹੋ ਕੇ ਇਸਥਤਿ ਹੋ ਜਾਂਦਾ ਹੈ।

ਸੁਲਭ ਸਗਲ ਪ੍ਰਗਟਾਈ ਗੁਰ ਬਰ।
ਜਾਂ ਤੇ ਹੋਇ ਅਮਰ ਥਿਰ ਇਹੁ ਨਰ ॥੮॥
ਬੇਦ ਹੂੰ ਕਹਾ ਤ੍ਰਿਕਾਂਡ ਬਿਧਾਨਾ।
ਕਠਨ ਕਰਮ ਓਪਾਸਨ ਗਜਾਨਾ[1]।

[1]ਵੇਦ ਨੇ (ਈਸ਼੍ਵਰ ਪ੍ਰਾਪਤੀ ਦਾ) ਤ੍ਰੀਕਾ ਤ੍ਰੈ ਕਾਂਡਾਂ-ਕਰਮ, ਉਪਾਸ਼ਨਾ ਤੇ ਗਜਾਨ-ਵਿਚ ਕਠਨ ਕਰ ਕੇ ਦੱਸਿਆ ਹੈ।

ਮਹਾਂ ਜਤਨ ਸਾਧਕ ਇਹੁ ਸਾਧਨ[1]।

[1]ਮਹਾਂ ਜਤਨ ਕਰ ਜਗਿਆਸੂ ਇਨ੍ਹਾਂ ਦੀ ਸਾਧਨਾਂ ਕਰ ਸਕਦਾ ਹੈ।

ਕਲਿ ਕੁਲ ਜਨ ਕੇ ਭਰਮਨਿ ਬਾਧ ਨ[1] ॥੯॥

[1]ਕਲਜੁਗ ਵਿਖੇ ਸਮੂਹ ਪੁਰਖਾਂ ਦੇ ਭਰਮਾਂ ਨੂੰ ਨਾਸ਼ ਨਹੀਂ ਕਰਦਾ।

ਦੋਹਰਾ:

ਸ਼ਾਸਤ੍ਰ ਵੇਦ ਕੇ ਅਰਥ ਫਲ, ਜਦਪਿ ਵਿਚਾਰੈ ਧਾਰਿ[1]।

[1]ਸ਼ਾਸਤ੍ਰ ਵੇਦ ਦੇ ਅਰਥ ਨੂੰ ਜਦ ਵਿਚਾਰੇ ਤੇ ਧਾਰਨ ਕਰੇ (ਤਦ ਫਲ ਮਿਲਦਾ ਹੈ)।

ਸ਼੍ਰੀ ਗੁਰ ਗ੍ਰਿੰਥ ਵਿਲੋਕਤੇ, ਦੇਤਿ ਵੇਗ ਫਲ

[1]ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਰਸ਼ਨ ਨਾਲ ਹੀ ਤੁਰਤ ਚਾਰੋਂ

ਚਾਰ[1] ॥੧੦॥

ਫਲ ਦੇਂਦੇ ਹਨ।

ਅੜਿੱਲ:

ਨਿਤ ਪ੍ਰਤਿ ਰੁਚਿ ਉਰ ਧਾਰਿ, ਦਰਸ ਗੁਰ[1] ਕੀਜੀਐ।

[1]ਜੋ ਗੁਰੂ (ਗ੍ਰੰਥ ਜੀ ਦਾ) ਦਰਸ਼ਨ ਕਰੀਏ।

ਨਿਖਲ ਜਨਮ ਤਮ ਪਾਪ, ਖਿਨਕ ਹਰਿ ਦੀਜੀਐ।

ਕੋਟ ਜੱਗ ਫਲ ਦਾਨ, ਸੁਨਤਿ ਰਵ ਭਾਵਨੀ[1]।

[1]ਕ੍ਰੋੜ ਜੱਗ ਤੇ ਦਾਨ ਦਾ ਫਲ ਹੁੰਦਾ ਹੈ ਗੁਰਬਾਣੀ ਸ਼ਰਧਾ ਨਾਲ ਸੁਣਨ ਨਾਲ। [ਰਵ = ਬਾਣੀ]

ਹੋ! ਹੋਤਿ ਮੋਖਿ ਅਧਿਕਾਰ, ਪ੍ਰਣਤਿ ਦੁਤਿ ਦਾਮਨੀ[1] ॥੧੧॥

[1]ਗੁਰੂ ਗ੍ਰੰਥ ਜੀ ਨੂੰ) ਨਮਸਕਾਰ ਕਰਨੇ ਤੇ ਦੁਤੀ ਬਿਜਲੀਵਤ ਪ੍ਰਕਾਸ਼ ਹੁੰਦੀ ਹੈ ਤੇ (ਜੀਵ) ਮੁਕਤੀ ਦਾ ਅਧਿਕਾਰੀ ਹੋ ਜਾਂਦਾ ਹੈ [ਸੰ. ਪ੍ਰਣਤਿ = ਨਮਸਕਾਰ] (ਅ) ਪ੍ਰਣਤ = ਸ਼ਰਨਾਗਤਿ (ਜਨਾਂ ਨੂੰ) ਸ਼ੋਭਦਾਤੀ ਹੈ।

ਸਾਦਰ ਸੋੜ ਸੰਭਾਰਤਿ, ਯਤਿ ਮਤਿ ਮਾਨਵੀ[†]।

[†]ਪਾ:-ਸਾਦਰ ਖੋੜਸ ਭਾਂਤਿ ਅਰਚਿਤ ਮਤਿ ਮਾਨਵੀ।

ਜਨਮ ਮਰਨ ਕਟਿ ਦੋਖ, ਪਾਪ ਜਿਵ ਜਾਨਵੀ[1]।

[1]ਆਦਰ ਨਾਲ ਥੋਹੜਾ ਭੀ ਗੁਰਬਾਣੀ ਨੂੰ ਸੰਭਾਲਦੇ ਹਨ ਜੇਹੜੇ ਸ੍ਰੇਸ਼ਟ ਬੁੱਧੀ ਵਾਲੇ ਉਨ੍ਹਾਂ ਦੇ ਜਨਮ ਮਰਨ ਦੇ ਦੁੱਖ ਕੱਟੇ ਜਾਂਦੇ ਹਨ, ਜਿਵੇਂ ਗੰਗਾ (ਪਾਪ ਕਟਦੀ ਹੈ)। [ਸੋੜ = ਥੋੜਾ] (ਅ) ਜਿਹੜੇ ਸ੍ਰੇਸ਼ਟ ਬੁਧੀ ਵਾਲੇ ਆਦਰ ਨਾਲ ੧੬ ਤਰ੍ਹਾਂ ਦੀ ਸੇਵਾ ਕਰਦੇ ਹਨ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ)... [ਸੋੜ+ਸੰਭਾਰ = ਖੋੜਸ+ਸੰਭਾਰ = ੧੬ ਤਰ੍ਹਾਂ ਦੀ ਸੇਵਾ:-੧. ਜਿਸ ਥਾਂ ਪ੍ਰਕਾਸ਼ ਕਰਨਾ ਹੈ, ਉਸਨੂੰ ਜਲ ਨਾਲ ਧੋਣ ਆਦਿਕ ਨਾਲ ਸਫਾ ਕਰਨਾ। ੨. ਚੰਦੋਆਂ ਤਾਣਨਾ। ੩. ਵਿਛਾਈ ਕਰਨੀ ਤੇ ਮੰਜੀ ਸਾਹਿਬ ਸਜਾਉਣੀ। ੪. ਆਵਾਹਨ = ਗ੍ਰਿਹ ਵਿਖੇ ਸੱਦਣਾ ਯਾ ਲਿਆਉਣਾ। ੫. ਅਦਬ ਨਾਲ ਪ੍ਰਕਾਸ਼ ਕਰਨਾ। ੬. ਬਸਤ੍ਰ ਪਹਿਰਾਣੇ ਯਾ ਰੁਮਾਲ ਚਾੜ੍ਹਨੇ। ੭. ਚੌਰ ਕਰਨਾ। ੮. ਸਿਹਰੇ ਚੜ੍ਹਾਨੇ ਫੁੱਲ ਭੇਟ ਕਰਨੇ। ੯. ਕੀਰਤਨ ਕਰਨਾ। ੧੦. ਪ੍ਰਸਾਦਿ ਭੇਟ ਕਰਨਾ। ੧੧. ਧੂਪ ਧੁਖਾਉਣੀ। ੧੨. ਖੁਸ਼ਬੂ ਛਿੜਕਣੀ। ੧੩. ਰੌਸ਼ਨੀ ਕਰਨੀ। ੧੪. ਪਰਿਕ੍ਰਮਾ ਕਰਨੀ। ੧੫. ਮੱਥਾ ਟੇਕਣਾ। ੧੬. ਸੰਤੋਖ ਕੇ ਅਸਵਾਰਾ ਕਰਨਾ। ਸੰਸਕ੍ਰਿਤ ਵਿਚ ਖੋੜਸ਼ੋਪਚਾਰ, ੧੭. ਪ੍ਰਕਾਰ ਦਾ ਪੂਜਨ ਹੈ ਜੋ ਸਾਡੇ ਖੋੜਸ ਸੰਭਾਰ ਤੋਂ ਭਿੰਨ ਹੈ।

ਬ੍ਰਹਮਾਦਿਕ ਸੁਰ ਬ੍ਰਿੰਦ, ਤਾਂਹਿ[1] ਉਸਤਤਿ ਰਰੈਂ।

[1]ਭਾਵ ਗੁਰਬਾਣੀ ਦੀ।

ਹੋ! ਨਿਜ ਕਰ ਪੁਸ਼ਪਹਿਂ ਵਿਸ਼ਨੁ[†], ਗ੍ਰਿੰਥ ਪੁਰ ਲੈ ਧਰੇ ॥੧੨॥

[†]ਪਾ:-ਪੱਤ੍ਰ।

ਮਹਿ ਤੀਰਥ, ਦਿਗ, ਈਸ਼; ਸ਼ੇਸ਼, ਸਾਰਦ ਰਰੈਂ[1]।

[1]ਧਰਤੀ ਵਿਖੇ ਤੀਰਥ, ਦਿਸ਼ਾਪਾਲ, ਈਸ਼ਰ, ਸ਼ੇਸ਼ਨਾਗ, ਤੇ ਸਰਸ੍ਵਤੀ (ਆਦਿ ਸਾਰੇ) ਕਰਦੇ ਹਨ (ਮਹਿਮਾਂ ਗੁਰੂ ਗ੍ਰੰਥ ਸਾਹਿਬ ਦੀ)।

ਸ੍ਰੀ ਬਚਨਾਂਮ੍ਰਿਤ ਸਰ, ਵਰਗ ਅਘੁ ਸਭਿ ਟਰੈਂ[1]।

[1]ਸ੍ਰੀ ਗੁਰੂ ਜੀ ਦੇ ਸਾਰ ਰੂਪ ਤੇ ਅੰਮ੍ਰਿਤ ਵਾਂਙ ਬਚਨਾਂ ਦੇ ਅੱਖਰ ਸਾਰੇ ਪਾਪਾਂ ਨੂੰ ਦੂਰ ਕਰਦੇ ਹਨ। [ਸੰਸ. ਵਰਗ = ਸਮੂਹ। ਇਕ ਥਾਉਂ ਬੋਲੇ ਜਾਣ ਵਾਲੇ ਅੱਖਰ, ਪ੍ਰਕਰਣ, ਅਧ੍ਯਾਯ]

ਮੋਖਾਰੋਹਣ ਪ੍ਰਗਟ, ਗਿਰਾ ਅਘ ਖੰਡਣੀ[1]।	[1]ਗੁਰ) ਬਾਣੀ ਮੁਕਤੀ ਵਿੱਚ ਉੱਨਤ ਕਰਨ ਵਾਲੀ ਤੇ ਪਾਪ ਖੰਡਨ ਵਾਲੀ ਪ੍ਰਤੱਖ ਹੈ [ਸੰਸ. ਸੋਕਸ਼+ਆਰੋਹਣ = ਚੜ੍ਹਨਾ]
ਹੋ! ਦੋਖ, ਦਰਿੱਦ੍ਰ, ਸੰਤਾਪ; ਪਾਪ ਬਲ ਦੰਡਣੀ[1] ॥੧੩॥	[1]ਪਾਪਾਂ ਦੇ ਬਲ ਨੂੰ ਦੰਡ ਦੇਣ ਵਾਲੀ।
ਜਾਸ ਸਦਨ ਗੁਰ ਗ੍ਰਿੰਥ, ਗਿਰਾ ਆਲਾਪ ਹੀਂ[1]।	[1]ਬਾਣੀ ਦਾ ਉਚਾਰਨ ਹੁੰਦਾ ਹੈ।
ਪੁਨ ਪੁਨ ਸ਼੍ਰੀ ਗੁਰ ਗਜਾਨ, ਧਜਾਨ ਜਪ ਜਾਪ ਹੀਂ[1]।	[1]ਉਥੇ) ਬਾਰ ਬਾਰ ਗੁਰੂ ਦਾ ਗਿਆਨ ਤੇ ਧਿਆਨ ਤੇ ਜਪ ਦਾ ਜਪਣਾਂ (ਆ ਨਿਵਾਸ ਕਰਦੇ) ਹਨ।
ਸੋ ਵੈਕੁੰਠ[†] ਪ੍ਰਤਾਪ, ਤਹਾਂ ਛਿਨ ਨਾ ਟਰੈ[1]।	[1]ਓਥੇ ਵੈਕੁੰਠ ਦਾ ਪ੍ਰਤਾਪ ਹੋ ਜਾਏਗਾ ਤੇ ਛਿਨ ਭਰ ਨਹੀਂ ਹਟੇਗਾ। [†]ਪਾ:-ਵ੍ਹੈ ਕੰਠ = ਕੰਠ ਕੀਤਿਆਂ ਦਿੰਦੀ ਹੈ।
ਹੋ! ਸਭਿ ਸੰਪਦ ਰਿਧਿ ਸਿੱਧਿ, ਰਮਾ ਨਿਜ ਘਰ ਕਰੈ[1] ॥੧੪॥	[1]ਓਥੇ) ਲੱਛਮੀ ਆਪਣਾ ਘਰ ਕਰਦੀ ਹੈ।
ਤਾਂ ਤੇ ਤਜਹੁ ਅਸਾਰ, ਜਾਨਿ ਮਤਿ ਮੰਦਨੀ[1]।	[1]ਇਸ ਕਰਕੇ (ਹੋਰ ਬਾਣੀਆਂ) ਅਸਾਰ ਤੇ ਬੁੱਧੀ ਨੂੰ ਮੰਦ ਕਰਨ ਵਾਲੀਆਂ ਜਾਣ ਕੇ ਛੱਡ ਦਿਓ।
ਇਹ ਸਰਵੋਤਮ ਸਾਰ, ਭਰਮ ਭਵ ਕੰਦਨੀ[1]।	[1]ਭਰਮ ਰੂਪ ਸੰਸਾਰ ਦੇ ਕੱਟਣ ਵਾਲੀ ਹੈ, ਇਹ (ਗੁਰਬਾਣੀ)।
ਕਲਮਖ ਕਲਿ ਕੁਲ ਹਾਰ, ਅਵਾਰ ਬਿਲਾਸਨੀ[1]।	[1]ਕਲਜੁਗ ਦੇ ਸਮੂਹ ਪਾਪਾਂ ਦੇ ਨਾਸ਼ ਕਰਨ ਵਾਲੀ ਹੈ, ਬਿਨਾ ਦੇਰੀ ਦੇ ਅਨੰਦਦਾਤੀ ਹੈ।
ਹੋ! ਅਲਪ ਕਹਜੋ ਬਹੁ ਜਾਨਿ, ਗ੍ਰਿੰਥ ਸੁਖ ਵਾਸਨੀ[1] ॥੧੫॥	[1]ਇਹ ਥੋੜਾ ਕਹਿਆ ਹੈ ਬਹੁਤਾ (ਫਲ) ਜਾਣੋ, (ਸ਼੍ਰੀ ਗੁਰੂ) ਗ੍ਰੰਥ ਦੀ ਬਾਣੀ ਸੁਖ ਰੂਪ ਸੁਗੰਧੀ ਵਾਲੀ ਹੈ, ਅਥਵਾ ਸੁਖਾਂ ਦਾ ਨਿਵਾਸ ਸਥਾਨ ਹੈ।
ਸੋਰਠਾ: ਸ਼੍ਰੀ ਗੁਰ ਗ੍ਰਿੰਥ ਮਹਾਨ, ਪ੍ਰਗਟ ਬੋਧ ਬਪੁ[1] ਮਾਨੀਏ।	[1]ਗਿਆਨ ਦਾ ਸਰੂਪ।
ਸ਼੍ਰੀ ਗੁਰ ਕਹਜੋ ਬਖਾਨ, -ਮਮ ਸਰੂਪ ਭਵ ਸੇਤ ਇਹ[1]- ॥੧੬॥	[1]ਬਾਣੀ ਮੇਰਾ ਸਰੂਪ ਹੈ ਤੇ ਭਵ ਸਾਗਰ ਦਾ ਪੁਲ ਹੈ।
ਸ੍ਵੈਯਾ: [†]ਤੀਰਥ ਰਾਜ ਬਿਚਾਰ ਮਹੀ ਮਣਿ[1],	[1]ਤੀਰਥ ਰਾਜ ਭਾਵ ਸ਼੍ਰੀ ਅੰਮ੍ਰਿਤਸਰ ਧਰਤੀ ਉਪਰ ਸ਼ਿਰੋਮਣ ਵਿਚਾਰੋ। [†]ਵਾਹਿਗੁਰੂ ਮੰਤ੍ਰ ਤੇ ਗੁਰਬਾਣੀ ਦਾ ਵਿਸ਼ਯ ਕਹਿ ਚੁੱਕੇ ਹਨ, ਹੁਣ ਹਰਿਮੰਦਰ ਬਾਬਤ ਕਹਿਣ ਲੱਗੇ ਹਨ।
ਆਦਿ ਕਥਾ ਸੁਨਿ ਵਿਪ੍ਰ ਮਹਾਨਾ!	
[1]ਦੇਵ ਸੁਰਾਸੁਰ ਖੀਰ ਮਥਜੋ,	[1]ਪ੍ਰਕਾਸ਼ ਰੂਪ ਦੇਵਤੇ ਤੇ ਦੈਂਤਾਂ ਨੇ ਸਮੁੰਦਰ ਰਿੜਕਿਆ, ਚੌਦਾਂ (ਰਤਨ) ਕੱਢ ਦਿੱਤੇ ਨਾਨਾ ਤਰ੍ਹਾਂ ਦੇ। (ਅ) ਦੇਵ ਸੁਰਾਸੁਰ = ਅਜਾਨ ਦੇਵ ਤੇ ਕਰਮ ਦੇਵ ਨੇ।

ਚਤੁਰਾਦਸ਼ ਕਾਢਿ ਦੀਏ ਵਿਧ ਨਾਨਾ[੧੩]।
ਰੌਰ ਪਰੀ ਸੁਰ ਦੈਤਨਿ ਮੱਧ,
ਅਲੀ ਨਿਜ ਆਪਨੋ ਆਪਨ ਮਾਨਾ[1]।

[1]ਅਪਣੇ ਆਪ ਨੂੰ ਆਪ ਸਮਰਥ ਮੰਨਿਆ। [ਸੰਸ. ਅਲਿ = ਲਾਇਕ ਹੋਣਾ]

ਮੋਹਨ ਮੋਹਨਿ ਮੋਹ ਲੀਏ ਸਭਿ
ਮੋਹਿ ਬਿਦਾਰ ਤਬੈ ਸੁਖਜਾਨਾ[1] ॥੧੭॥

[1]ਪਰਮੇਸ਼ੂਰ ਨੇ ਮੋਹਣੀ ਅਵਤਾਰ ਧਾਰ ਸਾਰੇ ਮੋਹਿਤ ਕਰ ਕੇ (ਰਤਨ) ਲੈ ਲਏ ਤੇ (ਰਤਨਾਂ ਦੇ) ਮੋਹ ਦੇ ਤਿਆਗ ਵਿਚ (ਸਭ ਨੇ) ਸੁਖ ਜਾਣਿਆਂ।

ਦੇਇ ਵਿਭਾਗ[1] ਸੁਧਾ ਸਭਿ ਕੋ
ਪ੍ਰਭੁ ਖੇਲ ਦਿਖਾਯ ਦਿਆਲ ਮੁਰਾਰੀ।
ਪੂਰਬ ਰੂਪ ਬਨਾਯ ਕੈ ਸੁੰਦਰ
ਸ਼੍ਰੀ ਮਨਿ ਮੰਦਿਰ ਕੀ ਰੁਚਿ ਧਾਰੀ[1]।

[1]ਛਾਂਦੇ।

[1]ਸ਼ਿਰੋਮਣੀ ਮੰਦਰ (ਦੇ ਰਚਨ) ਦੀ ਰੁਚੀ ਕੀਤੀ। (ਅ) ਸ਼੍ਰੀ = ਸੁਲਖੀ, ਮਣੀ = ਕੌਸ਼ਤਭ ਮਣੀ। ਚੌਦਾਂ ਰਤਨਾਂ ਵਿਚੋਂ ਏਹ ਦੋਵੇਂ ਭੀ ਨਿਕਲੀਆਂ ਸਨ, ਤੇ ਇਹ ਵਿਸ਼ਨੂੰ ਜੀ ਨੇ ਹੀ ਲਈਆਂ ਸਨ। ਭਾਵ ਇਹ ਹੈ ਕਿ ਲਛਮੀ ਲੈ ਕੇ ਤੇ ਮਣੀ ਪਾਕੇ ਹੁਣ ਮੰਦਰ ਜਾਣ ਦੀ ਰੁਚੀ ਕੀਤੀ।

ਤਾਂਹੀ ਸਮੈਂ ਰਿਖ ਮਾਧਵੀ ਦ੍ਵੈ ਕਰ
ਜੋਰਿ ਬਿਨੈ ਪ੍ਰਭੁ ਸਾਥ ਉਚਾਰੀ।
-ਪਾਤ੍ਰ ਸੁਧਾ[1] ਬਖ਼ਸ਼ੋ ਮੁਝ ਕੋ
ਤਿਹ ਆਸਰ[†] ਜਾਇ ਕਰੌਂ ਤਪ ਭਾਰੀ- ॥੧੮॥

[1]ਭਾਂਡਾ ਅੰਮ੍ਰਿਤ ਦਾ।
[†]ਪਾ:-ਆਸ਼੍ਰਿਤ।

ਸ੍ਵੈਯਾ:
ਆਇਸੁ ਦੀਨਿਸਿ ਸਾਰੰਗ ਪਾਨਿ
-ਤਪੋ ਬਨ ਏਕ ਭਯੋ ਸਮ ਯਾ ਨਾ[1]।
ਜਾਇ ਕਰੋ ਤਪ ਉੱਗ੍ਰ ਮਹਾਂ
ਤਿਲ ਤੇ ਮਣਿ ਹੋਤਿ ਸੁ ਸਿੱਧ ਮਕਾਨਾ[1]।

[1]ਓਸ ਤਪੋਬਨ ਵਰਗਾ ਹੋਰ ਕੋਈ ਨਹੀਂ।
[1]ਭਾਵ, ਥੋੜਾ ਕੀਤਿਆਂ ਬਹੁਤ ਫਲ ਹੁੰਦਾ ਹੈ, ਉਹ ਸਿੱਧਿ ਭੂਮੀ ਹੈ।

ਦੇਸ਼ ਪੰਚਾਲ[1] ਰਸਾਲ ਸਨਾਤਨ
ਤੀਰਥ ਰਾਜ ਸੁਧਾਸਰ ਜਾਨਾ-।
ਤੌ ਸੁਨਿ ਮਾਧਵੀ ਪਾਦ ਗਹੇ
-ਕਰੁਣਾਨਿਧਿ! ਨਾਮ ਪੁਰਾ ਨ ਬਖਾਨਾ[1] ॥੧੯॥

[1]ਪੰਜਾਬ।
[1]ਹੇ ਕਰੁਣਾਨਿਧ! (ਇਸ ਤੀਰਥ ਦਾ) ਨਾਮ ਅੱਗੇ (ਕਿਸੇ ਨੇ) ਨਹੀਂ ਕਿਹਾ, ਤੇ ਮੈਂ ਡਿੱਠਾ ਨਹੀਂ। (ਅ) ਪੁਰਾਤਨ (ਆਪਦਾ) ਨਾਮ ਕਰੁਣਾਨਿਧ ਕਹਿਆ ਹੈ।

ਹੌਂ ਨਿਰਖ੍ਯੋ ਨਹਿਂ ਅੰਮ੍ਰਿਤ ਤੀਰਥ
ਦੇਹੁ ਦਿਖਾਇ ਦਿਆਲ ਮੁਰਾਰੀ-।

ਭਗਤਿ ਅਧੀਨ ਪ੍ਰਬੀਨ ਚਲੇ
ਜਨ ਦੀਨ ਪੈ ਧਾਰਿ ਮਯਾ[1] ਬਨਵਾਰੀ।

[1]ਕ੍ਰਿਪਾ ਧਾਰ ਕੇ।

ਬਾਹਨ, ਬਾਮ, ਬਿਸਾਰ ਸਭਾ ਸੁਰ,
ਬਾਰਜ ਲੋਚਨ[1] ਸ੍ਰੀ ਗਿਰਧਾਰੀ।

[1]ਸਵਾਰੀ (ਗਰੜ), ਇਸਤ੍ਰੀ (ਲੱਛਮੀ) ਤੇ ਦੇਵਤਿਆਂ ਦੀ ਸਭਾ (ਤ੍ਰੈਏ) ਛੱਡਕੇ ਕਵਲਨੈਨ (ਟੁਰ ਪਏ)।

ਦੇਖਿ ਸਭੈ ਸੁਰ ਬ੍ਰਿੰਦ ਯਹੈ ਬਿਧਿ,
ਰੌਰ ਪਰੀ -ਚਲਿਯੋ ਛਬਿ ਭਾਰੀ[1]- ॥੨੦॥

[1]ਭਾਰੀ ਛਬਿ ਵਾਲੇ (ਵਿਸ਼ਨੂੰ) ਚਲੇ।

ਚੌਪਈ:

ਸੁਰ ਆਸੁਰ ਸੰਗ ਆਏ ਸ਼੍ਰੀ ਬਰ[1]।
ਸੁਧਾਸਰੋਵਰ ਦੇਖਤਿ ਭੇ ਸੁਰ।
ਸ਼੍ਰੀ ਪਤਿ ਸ਼੍ਰੀ ਹਰਿਮੰਦਰ ਰਾਜੈ।
ਰਮਾ[1] ਸਹਤ ਸਿੰਘਾਸਨ ਛਾਜੈ[†] ॥੨੧॥

[1]ਭਾਵ ਵਿਸ਼ਨੂੰ ਦੇ ਨਾਲ।

[1]ਲੱਛਮੀ। [†]ਦੇਖੋ ਅਗੇ ਅੰਕ ੨੬ ਦੀ ਹੇਠਲੀ ਟੂਕ।

ਪੂਰਬ ਮੁਖ ਹਰਿ ਗਿਰਾ ਉਚਾਰੀ[1]।
-ਸੁਨਿ ਮਾਧਵ ਰਿਖਿ ਬ੍ਰਹਮਾ ਚਾਰੀ!
ਇਹ ਸਨਮੁਖ ਦੁਖ ਭੰਜਨ ਮਾਈ[†]।
ਤ੍ਰਿਬਿਧਿ ਤਾਪ ਹਰਨੀ ਸੁਖਦਾਈ ॥੨੨॥

[1]ਪੂਰਬ ਦਿਸ਼ਾ ਵੱਲ ਮੂੰਹ ਕਰਕੇ ਵਿਸ਼ਨੂੰ ਨੇ ਬਾਣੀ ਕਹੀ।

[†]ਦੁਖ ਭੰਜਨੀ ਨਾਮ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਰਖਿਆ ਸੀ, ਦੇਖੋ ਇਸੇ ਰਾਸ ਦਾ ਅੰਸੂ ੧੧ ਅੰਕ ੮।

ਮੱਧ ਮਹਾਂ ਤੀਰਥ[1], ਮੁਨਿ ਰਾਜਾ!
ਗੋਪ ਪਦਾਰਥ ਮਮ ਉਪਰਾਜਾ[1]।
ਧਨੁਸ਼ ਧਨੁਸ਼ ਪ੍ਰਤਿ ਸੁਰ ਬੈਠਾਰੇ।
ਅਭਿ ਅੰਤਰ ਤਿਨ ਕੇ ਅਨੁਸਾਰੇ[1] ॥੨੩॥

[1]ਵਿਚਾਲੇ ਮਹਾਨ ਤੀਰਥ ਹੈ।

[1]ਗੁੱਝ ਪਦਾਰਥ ਮੇਰਾ ਉਤਪਤ ਕੀਤਾ ਹੋਇਆ ਹੈ।

[1]ਹਿਰਦੇ ਵਿਚ (ਜੁ ਸੰਕਲਪ ਹੈ) ਤਿਸਦੇ ਅਨੁਸਾਰ ਦੇਵਤੇ ਬਿਠਾਏ (ਅ) ਤਿੰਨਾਂ (ਦੇਵਤਿਆਂ ਦੇ ਅਨੁਸਾਰ (ਅਭ ਅੰਤਰ =) ਜਲ ਦੇ ਅੰਦਰ ਬਿਠਾਏ। ਭਾਵ ਜੀਕਣ ਕਿਨਾਰੇ ਤੇ ਧਨੁਸ਼ ਪ੍ਰਮਾਣ ਫਰਕ ਨਾਲ ਬੈਠੇ ਸਨ ਤੈਸੇ ਹੀ ਜਲ ਵਿਚ ਓਨੀ ਓਨੀ ਵਿੱਥ ਤੇ ਟਿਕਾਏ। ਤੱਕੋ ਇਸੇ ਅੰਸੂ ਦਾ ਛੰ: ੩੮ ਜਿਥੇ ਸਭ ਦੇਵ ਅੰਮ੍ਰਿਤ ਮਯ ਹੋ ਜਾਂਦੇ ਹਨ।

ਜਲ ਮਹਿਂ[1] ਬਸਹਿਂ ਆਠ ਸਠ ਤੀਰਥ।
ਇਨ ਮਹਿਂ ਧਰਹੁ ਸੁਧਾਸਰ ਸਮਰਥ[1]।
ਇਨ ਢਿਗ ਬੈਠਿ ਕਰਹੁ ਤਪ ਭਾਰੀ।
ਇਹ ਮਮ ਸਦਨ ਸਨਾਤਨ ਚਾਰੀ ॥੨੪॥

[1]ਭਾਵ ਇਥੋਂ ਦੇ ਜਲ ਵਿਚ।

[1]ਇਨ੍ਹਾਂ ਵਿਚ ਧਰੋ ਸਮਰੱਥ (ਅੰਮ੍ਰਿਤ) ਨੂੰ ਜੋ ਇਹ ਸੁਧਾਸਰ (ਕਹਿਲਾਵੇ)। (ਅ) ਇਨ੍ਹਾਂ ਵਿਚ ਧਰੋ ਸੁਧਾ (ਕਿਉਂਕਿ ਇਹ) ਸਮਰੱਥ ਸਰੋਵਰ ਹੈ।

ਸਭਿ ਤੇ ਗੋਪ ਤੋਹਿ ਪ੍ਰਗਟਾਯੋ-।
ਯਾ ਤੀਰਥ ਫਲ ਸ਼੍ਰੀ ਮੁਖ ਗਾਯੋ।
-ਧਰਮ ਅਰਥ ਕਾਮੁ ਅਰ ਮੋਖੂ।
ਮਨ ਬਚ ਕ੍ਰਮ ਅਘ ਕਲਿ ਹਰਿ ਦੋਖੂ[1] ॥੨੫॥

[1]ਕਲਜੁਗ (ਦੇ ਜੀਵਾਂ ਦੇ) ਮਨ, ਬਾਣੀ, ਸਰੀਰ ਦੇ ਪਾਪਾਂ ਤੇ ਦੋਖਾਂ ਨੂੰ ਦੂਰ ਕਰਨ ਵਾਲਾ ਹੈ।

ਜਬਿ ਜਬਿ ਹੋ ਵੈਕੁੰਠ ਉਦਾਸਾ।
ਤਬਿ ਹੌਂ ਆਇ ਸੁ ਕਰੌਂ ਨਿਵਾਸਾ।
ਇਹ ਤੀਰਥ ਮਮ ਦੇਹਿ ਸਰੂਪਾ।
ਗੰਗਾਦਿਕ ਪਦ ਜਲ ਮੁਨਿ ਭੂਪਾ[1]† ॥੨੬॥

[1]ਹੇ ਮੁਨੀਰਾਜ (ਗੰਗਾ ਆਦਿਕ) ਦਾ ਨੀਰ (ਮੇਰੇ) ਪੈਰਾਂ ਦਾ ਜਲ ਹੈ। †ਕਵਿ ਜੀ ਨੇ ਪੌਰਾਣਿਕ ਢੰਗ ਵਿਚ ਸੁਧਾ ਸਰੋਵਰ ਦੀ ਮਹਿਮਾ ਕਹੀ ਹੈ, ਕਿਉਂਕਿ ਆਪ ਇਸੇ ਤ੍ਰੀਕੇ ਦੇ ਜਾਣੂ ਸੇ। ਅਸਲ ਵਿਚ ਇਹ ਤੀਰਥ ਰਾਜ ਵਿਸ਼ਨੂੰ ਜੀ ਦੇ ਬੀ ਪੂਜਜ ਸ਼੍ਰੀ ਅਕਾਲ ਪੁਰਖ ਜੀ ਨਮਿੱਤ ਸਾਜਿਆ ਗਿਆ ਸੀ, ਦੇਖੋ ਰਾਸ ੨ ਅੰਸੂ ੩੦ ਅੰਕ ੭ ਦੀ ਹੇਠਲੀ ਟੂਕ।

ਬੀਜ ਰੂਪ ਤੀਰਥ ਮਹਿ ਰਾਜੂ[1]।

[1]ਭਾਵ ਇਹ ਤੀਰਥ ਰਾਜ ਪ੍ਰਿਥਵੀ ਦੇ ਸਾਰੇ ਤੀਰਥਾਂ ਦਾ ਬੀਜ ਰੂਪ ਹੈ।

ਅੰਮ੍ਰਿਤਸਰ ਥਲ ਸਜਜੋ ਸਮਾਜੂ[1]।

[1]ਸਮਿੱਗ੍ਰੀ (ਸਹਿਤ)।

ਜੇ ਨਰ ਸਹਜ ਦਰਸ ਹਿਤ ਆਵੈਂ।
ਚਤੁਰ ਪਦਾਰਥ ਸਹਜ ਹੀ ਪਾਵੈਂ ॥੨੭॥
ਜੇ ਪੁਨ ਤਿਨ ਕੇ ਦਰਸ਼ਨ ਕੈ ਹੈਂ।
ਤੇ ਵਿਦੇਹ ਹੁਇ ਮਮ ਪੁਰ ਜੈ ਹੈਂ।
ਕੋਨ ਈਸਾਨ ਨਿਰਖ ਬ੍ਰਿਖਕੇਤੂ[1]।

[1]ਈਸ਼ਾਨ ਕੋਨ (ਉੱਤਰ ਪੂਰਬ ਦੇ ਵਿਚਕਾਰ) ਦੇਖੋ ਸ਼ਿਵਜੀ ਹੈ।

ਦੱਖਣ ਦਿਸਹਿ ਭੂਤ ਗ੍ਰਿਹ ਹੇਤੂ[1] ॥੨੮॥

[1]ਜੀਵਾਂ ਨੂੰ ਗ੍ਰਸਣਵਾਲੇ (ਧਰਮਰਾਜ) ਵਾਸਤੇ ਹੈ, ਅਥਵਾ ਉਸ ਨੇ ਹਿਤ ਕਰ (ਲਈ) ਹੈ।

ਵਰਨ, ਕੁਮੇਰ, ਇੰਦ੍ਰ, ਦਿਸ਼ ਰਾਜਾ[1]।

[1]ਦਿਸ਼ਾ ਦੇ ਰਾਜਾ।

ਨਿਜ ਅਸਥਲ[1], ਸਭਿ ਸਜੇ ਸਮਾਜਾ।

[1]ਆਪੋ ਆਪਣੇ ਥਾਂ।

ਬ੍ਰਹਮਾਦਿਕ ਸੇਵਹਿਂ ਮਨ ਲਾਈ।
ਮਮ ਰੁਚਿ ਲਖਿ ਖਟਪਦ ਜਿਮ ਛਾਈ[1]- ॥੨੯॥

[1]ਭੌਰਿਆਂ ਵਾਂਙ ਛਾ ਰਹੇ ਹਨ।

ਇਮ ਕਹਿ ਪ੍ਰਭੁ ਸਭਿ ਦੇਵ ਬੁਲਾਏ।
ਬਿਨਤੀ ਕਰਤਿ ਸਭੈ ਤਬਿ ਆਏ।
ਖੋੜਸ ਬਿਧਿ ਯਯਮਾਨਤਿ ਭਏ[1]।

[1]ਸੋਲਾਂ ਤਰ੍ਹਾਂ ਪੂਜਾ ਕਰਨ ਲਗ ਪਏ।

ਤੀਰਥ ਦੇਹਿ ਧਾਰਿ ਸਭਿ ਅਏ ॥੩੦॥

ਸਿੰਧ, ਸੁਮੇਰੁ, ਗਗਨ, ਅਪ[1] ਪਵਨਾ।	[1]ਜਲ।
ਹਰਖਤਿ ਆਏ ਧਰਨੀ ਦਵਨਾ[1]।	[1]ਧਰਤੀ ਤੇ ਅਗਨੀ। (ਅ) ਧਰਤੀ ਨੂੰ ਦਬਾਨ ਵਾਲੇ ਭਾਵ ਦਿਗਪਾਲ।
ਪੱਤ੍ਰ ਚਢੇ ਪਰਸੂਨ ਬ੍ਰਖਾਵੈਂ[1]।	[1]ਬਿਬਾਨਾਂ ਤੇ (ਦੇਵਤੇ) ਚੜ੍ਹੇ ਫੁੱਲ ਬਰਸਾਉਂਦੇ ਹਨ। [ਪਤ੍ਰ = ਕੋਈ ਅਸਵਾਰੀ]
-ਜਯਤਿ ਜਯਤਿ ਜਯ ਜਯ- ਧੁਨਿ ਗਾਵੈਂ ॥ ੩੧ ॥	
ਬਰਨ, ਕੁਬੇਰ; ਸੇਸ, ਸਸਿ, ਸੂਰਾ[1]।	[1]ਸ਼ੇਸ਼ਨਾਗ, ਚੰਦਰਮਾਂ, ਸੂਰਜ।
ਖਟ ਮੁਖ[1] ਆਦਿਕ ਚੜੇ ਮਯੂਰਾ[2]।	[1]ਸ਼ਿਵਜੀ ਦਾ ਪੁੱਤ੍ਰ-ਸ਼ਾਮਕਾਰਤਕ। [2]ਮੋਰ ਉਪਰ।
ਖੇਚਾਰੀ[1], ਪਾਤਾਲਾ, ਮਹੀਚਰੁ[2]।	[1]ਆਕਾਸ਼ ਚਾਰੀ। [2]ਪ੍ਰਿਥਵੀ ਤੇ ਵਿਚਰਨ ਵਾਲੇ।
ਗੁਪਤ ਪ੍ਰਗਟ ਸਭਿ ਆਏ ਸੁਰ ਬਰ ॥ ੩੨ ॥	
ਸ਼੍ਰੁਤਿ ਸਿੰਮ੍ਰਿਤਿ ਨਿਗਮਾ[1] ਤਨ ਧਾਰੇ।	[1]ਵੇਦਾਂ ਨੇ।
ਸਨਮੁਖ ਠਾਂਢੇ ਦੇਵ ਮੁਰਾਰੇ।	
ਸਭਿ ਮਿਲ ਦ੍ਵੈ ਕਰ ਜੋਰਿ ਅਲਾਯੋ।	
-ਆਇਸੁ ਕਰਹੁ ਭਗਤ ਸੁਖਦਾਯੋ! - ॥ ੩੩ ॥	
ਤਬਿ ਬੋਲੇ ਸ਼੍ਰੀ ਕਰੁਨਾ ਸੀਵ[1]।	[1]ਮੇਹਰ ਦੀ ਹੱਦ।
-ਇਹਾਂ ਬਸਹੁ ਤੁਮ ਸਭੈ ਸਦੀਵ।	
ਬਿਸ਼ਨੁ† ਕਲਪਤਰੁ ਤੀਰਥ ਰਾਜੂ[1]।	[1]ਵਾਹਿਗੁਰੂ ਦਾ ਕਲਪ ਬ੍ਰਿੱਛ ਰੂਪ ਇਹ ਤੀਰਥ ਰਾਜਾ ਹੈ। †ਪਾਠ-ਵਿਸ਼੍ਵ-ਸ਼ੁੱਧ ਜਾਪਦਾ ਹੈ।
ਸਾਦਰ ਮੱਜਹੁ ਦੇਵ ਸਮਾਜੂ! ॥ ੩੪ ॥	
ਬ੍ਯਾਸ ਭਵਿੱਖਤ ਕਥਾ ਬਖਾਨੀ।	
ਅਸ ਸੁਰ ਵਰਗ[1]† ਸੁ ਸਤਿ ਕਰਿ ਮਾਨੀ-।	[1]ਸਾਰੇ ਦੇਵਤਿਆਂ ਨੇ। †ਪਾ:-ਅਸੁਰ ਵਰਗ।
ਤਬਿ ਬੋਲੇ ਬਿਬਾਨਗਤਿ[1] ਸਾਰੇ।	[1]ਬਿਬਾਣਾਂ ਨੂੰ ਪ੍ਰਾਪਤਿ (ਯਾ ਬਿਬਾਨਾਂ ਦੀ ਚਾਲ ਵਾਲੇ ਯਾ ਬਿਬਾਨਾਂ ਤੇ ਚੜ੍ਹਕੇ ਚਲਣ ਵਾਲੇ) ਭਾਵ ਦੇਵਤੇ।
-ਮੱਜਨ ਮੰਤ੍ਰ ਸੁ ਕੌਨ ਉਚਾਰੇਂ? - ॥ ੩੫ ॥	
ਤਬਿ ਕਮਲੇਸ਼[1] ਹਰਖ ਹ੍ਵੈ ਦਯਾਲਾ।	[1]ਵਿਸ਼ਨੂੰ।
ਕਹ੍ਯੋ, -ਸੁਨਹੁ ਸਭਿ ਭੂ ਸੁਰ ਸਾਲਾ[1]!	[1]ਭਾਈ ਗੁਰਦਾਸ ਜੀ ਕਹਿੰਦੇ ਹਨ) ਤਦੋਂ ਕਮਲੇਸ਼ ਨੇ ਖੁਸ਼ ਤੇ ਦਿਆਲ ਹੋ ਕੇ (ਉਹ ਮੰਤ੍ਰ) ਆਖਿਆ, (ਸੋ ਮੰਤ੍ਰ) ਹੇ ਸਾਰੇ ਸ੍ਰੇਸ਼ਟ ਭੂਸੁਰੋ (= ਬ੍ਰਾਹਮਣੋਂ) ਸੁਣੋ। [ਸਾਲ = ਸਾਰ = ਸ੍ਰੇਸ਼ਟ] (ਅ) ਸੁਣੇ, ਹੇ ਸਾਰੇ ਸ੍ਰੇਸ਼ਟ ਦੇਵਤਿਓ (ਜੋ) ਪ੍ਰਿਥਵੀ ਤੇ ਆਏ ਹੋਏ ਹੋ!

ਯੱਸ਼ਜ ਉਚਾਰ ਉਦਕ ਭੁਕਵਾਰੀ[1]। [1]ਜਿਸ ਨੂੰ ਉਚਾਰੇ ਜਲ ਦੇ ਲੈਣ ਵੇਲੇ।
ਤੀਰਥ ਰਾਜ ਦੇਤਿ ਫਲਚਾਰੀ ॥੩੬॥

ਅਥ ਮੰਤ੍ਰ ॥

ਓਂ ਅਮ੍ਰਿਤੋਦਭਵਾਯ[1] †ਅਮ੍ਰਿਤਰੂਪਾਯ[2] ਤੀਰਥਰਾਜਾਯ ਨਮੋਨਮਃ[3]।

[1]ਓਂ = ਵਾਹਿਗੁਰੂ। ਅੰਮ੍ਰਿਤੋਦਭਵਾਯ = ਅੰਮ੍ਰਿਤ ਤੋਂ ਉਤਪੰਨ ਹੋਣ ਵਾਲਾ। [2]ਜੋ ਅੰਮ੍ਰਿਤ ਦਾ ਰੂਪ ਹੈ। [3]ਐਸਾ ਜੋ ਤੀਰਥ ਰਾਜ ਹੈ ਤਿਸ ਨੂੰ ਨਮਸਕਾਰ ਹੈ, ਨਮਸਕਾਰ ਹੈ। †ਪਾ:-ਓਅੰ ਮ੍ਰਿਤੋਦਭਵੰ।

ਚੌਪਈ:

ਅੰਮ੍ਰਿਤ ਕਲਾ ਮੰਤ੍ਰ ਇਹੁ ਕਹੀਏ[1]†।
ਮਹਾਂ ਗੋਪ ਵਡ ਭਾਗਨਿ ਲਹੀਏ-।
ਇਹ ਸੁਨਿ ਮੱਜਨ ਕਰਨੇ ਲਾਗੇ।
ਸਰਬ ਦੇਵ ਤੀਰਥ ਜਸੁ ਪਾਗੇ ॥੩੭॥

[1]ਸ਼ਕਤੀ ਵਾਲਾ ਅੰਮ੍ਰਿਤ ਦਾ ਇਹ ਮੰਤ੍ਰ ਕਹੀਦਾ ਹੈ।। †:- ਅੰਮ੍ਰਿਤ ਕਾਲ ਅੰਮ੍ਰਿਤ ਇਹੁ ਕਹੀਏ।

ਕਮਲਾਦਿਕ, ਬਿਧਿ, ਸ਼ਿਵ, ਸੰਗਬਾਮਾ[1]। [1]ਸਮੇਤ ਇਸਤ੍ਰੀਆਂ ਦੇ।
ਸਭਿ ਅੰਮ੍ਰਤ ਮਯ ਭਏ ਸੁਧਾ ਮਾ[1]। [1]ਅੰਮ੍ਰਤ ਦਾ ਰੂਪ ਹੋ ਗਏ ਅੰਮ੍ਰਤ ਵਿਚ (ਅ) ਸੁ ਧਾਮਾ = ਉਸ ਥਾਂ ਵਿਚ।
ਨਿਰਖ ਮਾਧਵੀ ਬਿਸਮੈਂ ਭਯੋ।
ਕਹ੍ਯੋ -ਭੂਰ ਅਮਰਾ ਕਿਤ ਗਯੋ[1]? - ॥੩੮॥ [1]ਸਾਰੇ ਦੇਵਤੇ ਕਿਧਰ ਗਏ?
ਸ਼੍ਰੀ ਪ੍ਰਭੁ ਬਹੁਰ ਸਮੋਧਨ ਕੀਨਾ[1]। [1]ਸਮਝਾਉਣਾ ਕੀਤਾ।
-ਯੇ ਤੀਰਥਮਯ ਭਏ ਪ੍ਰਬੀਨਾ-।
ਤਬਿ ਫਿਰ ਮੁਨਿ ਪੁਟ ਅੰਜੁਲ ਜੋਰੇ[1]। [1]ਦੋਵੇਂ ਹੱਥ ਜੋੜੇ ਡੋਨੇ ਵਾਂਙ।
-ਕਹੋ ਭਵਿੱਖਤ ਕਥਾ ਬਹੋਰੇ ॥੩੯॥
ਜਿਮ ਕਰਿਹੋ ਜੁਗ ਆਗਲ ਮਾਂਹੀ।
ਸੋ ਬਰਨਹੁ ਪ੍ਰਭੁ ਸਭਿ ਮੋ ਪਾਹੀ-।
ਤਬਿ ਤ੍ਰਿਲੋਕਪਤਿ ਬਚਨ ਬਖਾਨੇ।
ਉਨ ਉਪਕਾਰ ਹੇਤੁ ਮਨ ਮਾਨੇ[1] ॥੪੦॥ [1]ਉਹਨਾਂ ਭਾਵ ਤ੍ਰਿਲੋਕ ਪਤੀ ਦੇ ਉਪਕਾਰ ਦੇ ਹਿਤ ਵਿਚ ਮਨ ਮੰਨਿਆ।
-ਤ੍ਰੇਤਾ ਮਾਂਹਿ ਹੋਹਿਂ ਹਮ ਰਾਮਾ।
ਲਵ ਕੁਸ਼ ਸਹਤ ਆਇਂ ਇਸ ਧਾਮਾ।
ਸੁਰ ਸਮੂਹ ਸੁ† ਮੱਜਨ ਕਰਿ ਹੈਂ। †ਪਾ:-ਜੁ।
ਤੀਰਥਰਾਜ ਪੂਜ ਪਰਚੁਰਿ ਹੈਂ[1] ॥੪੧॥ [1]ਫੈਲਾਵਾਂਗੇ।
ਜੱਗ ਕਰਹਿੰਗੇ ਪਸ਼ਚਮ ਅੰਗਾ[1]। [1]ਪੱਛਮ ਦੀ ਤਰਫ।
ਤੀਨ ਲੋਕ ਸੈਨਾ ਸਭਿ ਸੰਗਾ।
ਤਬਿ ਮਮ ਸੁਵਨ ਜਾਨਿ ਮਮ ਪਜਾਰਾ[1]। [1]ਮੇਰੇ ਪੁੱਤ੍ਰ ਮੇਰਾ ਪਿਆਰਾ (ਤੀਰਥ) ਜਾਣਕੇ।

ਬਾਂਧੈਗੇ ਦ੍ਵੈ ਪੁਰਿ ਅਗਾਰਾ[1] ॥੪੨॥	[1]ਏਸ ਤੋਂ ਜ਼ਰਾ) ਅਗੇਰੇ ਦੋ ਸ਼ਹਿਰ ਬੰਨ੍ਹਣਗੇ। ਭਾਵ ਲਾਹੌਰ ਤੇ ਕਸੂਰ ਬੰਨ੍ਹਣਗੇ।
ਬਹੁਤ ਭਾਂਤਿ ਲੀਲਾ ਤਬਿ ਕੈ ਹੈਂ।	
ਸਿੰਧੁ ਛੇਤ੍ਰ[1] ਕੋ ਮਾਨ ਸੁ ਦੈ ਹੈਂ।	[1]ਸਿੰਧੁ ਛੇਤ੍ਰ [ਸਿੰਧੁਜਕਸ਼ੇਤ੍ਰ]-ਸਿੰਧੁਜ = ਸਮੁੰਦਰ ਤੋਂ ਉਪਜਿਆ ਭਾਵ ਅੰਮ੍ਰਿਤ+ਕਸ਼ੇਤ੍ਰ = ਟਿਕਾਣਾ। ਅੰਮ੍ਰਿਤ ਟਿਕਾਇਆ ਗਿਆ ਹੋਵੇ ਜਿਸ ਟਿਕਾਣੇ, ਭਾਵ ਅੰਮ੍ਰਿਤਸਰ। (ਅ) ਪੰਜਾਬ [ਸਿੰਧੁ ਛੇਤ੍ਰ = ਸਿੰਧ ਨਦੀ ਜਿਸ ਧਰਤੀ ਵਿਚ ਵਹੇ]
ਦ੍ਵਾਪੁਰ ਕ੍ਰਿਸ਼ਨ ਜਦੁਨਿ ਮੈਂ ਹੋਹੀਂ[1]†।	[1]ਜਾਦਵਾਂ ਵਿਖੇ ਮੈਂ ਕ੍ਰਿਸ਼ਨ ਹੋਵਾਂਗਾ। †ਪਾ:-ਦ੍ਵਾਪਰ ਯਾਦਵੰਸ਼ ਹਮ ਹੋਹੀਂ।
ਤ੍ਰਿਭਵਣ ਮਾਂਹਿ ਫਿਰੈ ਮਮ ਦੋਹੀ[1] ॥੪੩॥	[1]ਦੁਹਾਈ।
ਸਭਿ ਲੀਲਾ ਕਰਿ ਫਿਰ ਅਵਸਾਨ[1]।	[1]ਅੰਤ ਨੂੰ।
ਸੁਧਾ ਸਰੋਵਰ ਕ੍ਰਿਸ਼ਨ ਸਮਾਨ[1]।	[1]ਕ੍ਰਿਸ਼ਨ ਰੂਪ ਹੋਕੇ ਸਮਾਵਾਂਗਾ।
ਫਿਰ ਕਲਜੁਗ ਸ਼੍ਰੀ ਚੰਦਹਿ ਤਾਤ[1]।	[1]ਸ਼੍ਰੀ ਚੰਦ ਜੀ ਦੇ ਪਿਤਾ ਗੁਰ ਨਾਨਕ ਜੀ।
ਮਮ ਸਰੂਪ ਛਿਤਿ ਅਤਿ ਵੱਖਜਾਤ ॥੪੪॥	
ਦਸ ਔ ਚਤੁਰਦਸ਼ਾ[1] ਵਪੁ ਧਰਿ ਕੈ।	[1]ਭਾਵ ੨੪ ਅਵਤਾਰਾਂ ਦਾ।
ਸਿੰਧੁ ਛੇਤ੍ਰ ਜਸੁ ਮਹਾਂ ਪ੍ਰਚੁਰਿ ਕੈ[1]।	[1]ਬਹੁਤ ਜਸ ਫੈਲਾ ਕੇ।
ਵਡਪਰਤਾਪ ਕਰੋਂ ਇਹ ਧਾਮੰ[1]।	[1]ਇਸ ਅਸਥਾਨ ਦਾ।
ਤੀਨ ਲੋਕ ਮਣਿ ਅੰਮ੍ਰਿਤ ਨਾਮੰ[1] ॥੪੫॥	[1]ਤਿੰਨਾਂ ਲੋਕਾਂ ਵਿਚ ਸ਼ਿਰੋਮਣਿ ਅੰਮ੍ਰਿਤ ਸਰੋਵਰ ਨਾਮ (ਪ੍ਰਸਿੱਧ ਹੋ ਜਾਵੇਗਾ)।
ਜੁਗ ਜੁਗ ਸੁਧਾ ਸਰੋਵਰ ਸੇਵ।	
ਆਇ ਨਿਵਾਸ ਕਰੋਂ ਸੰਗ ਦੇਵ-।	
ਇਮ ਸੁਨਿ ਸੁਨਿ ਮਾਧਵਿ ਹਰਖਾਨੋ।	
ਸੁਧਾ ਪਾਤ੍ਰ ਹਰਿ ਚਰਨ ਸਮਾਨੋ ॥੪੬॥	
ਪਾਤ੍ਰ ਸੰਗ ਮੁਨਿ ਸਜੀ ਸਮਾਧਾ।	
ਆਪ ਸਥਾਪਨ ਕੀਯੋ ਅਗਾਧਾ।	
ਕਰਿ ਅਸਥਾਪਨ ਚਲੇ ਮੁਰਾਰੀ।	
ਤਬਿ ਮਾਧਵ ਰਿਖਿ ਗਿਰਾ ਉਚਾਰੀ ॥੪੭॥	
-ਮੁਹਿ ਕਬਿ ਬਹੁਰ ਦਰਸ ਪ੍ਰਭੁ ਦੈ ਹੋ?	
ਭਵ ਮੋਚਨ ਪਦ ਕੀ ਅਬਿ ਜੈ ਹੋ[1]-।	[1]ਸੰਸਾਰ ਦੇ ਛੁਡਾਵਣ ਵਾਲੇ ਚਰਨਾਂ ਦੀ ਜੈਜੈ ਕਾਰ ਹੋਵੇ।
ਕਹਯੋ ਤ੍ਰਿਲੋਕੇਸ਼ੁਰ ਰੁਚਿ ਬਾਨੀ।	

-ਕਲਜੁਗ ਵਪੁ ਹ੍ਵੈ ਸਾਰੰਗ ਪਾਨੀ[1] ॥੪੮॥
[1]ਪਰਮੇਸ਼੍ਵਰ ਦਾ।

ਜੁਗ ਔ ਬਾਣ ਧਰੈ ਅਵਤਾਰਾ[1]।
[1]ਕਾਮ ਦੇਵ ਦੇ) ਬਾਣਾਂ ਦੇ ਦੂਣੇ (੫×੨ = ੧੦) ਭਾਵ ਦਸ ਅਵਤਾਰ ਜਦ ਧਾਰਾਂਗਾ।

ਤਬਿ ਤੁਮ ਕੋ ਦੈ ਹੌਂ ਦਰਸਾਰਾ[1]-।
[1]ਦਰਸ਼ਨ।

ਇਮ ਕਹਿ ਦ੍ਰਿਸ਼ਟਿ ਅਗੋਚਰ ਭਏ[1]।
[1]ਲੋਪ ਹੋ ਗਏ।

ਸ਼੍ਰੀ ਬਿਨ[1] ਏਕਲ ਹੀ ਗ੍ਰਿਹ ਗਏ' ॥੪੯॥
[1]ਲੱਖਮੀ ਤੋਂ ਬਿਨਾਂ।

ਇਹ ਅੱਖਜਾਨ[1] ਸੁਨਜੋ ਕਾਂਸ਼ੀਸ਼[2]।
[1]ਸਾਖੀ, ਕਥਾ। [2]ਕਾਂਸ਼ੀ ਦੇ ਈਸ਼ਰੀ ਭਾਵ ਬ੍ਰਾਹਮਣਾਂ ਨੇ। (ਅ) ਕਾਂਸ਼ੀ (ਦੇ ਬ੍ਰਾਹਮਨਾਂ ਤੇ) ਰਾਜੇ ਨੇ।

ਕ੍ਰਿੱਤ ਕ੍ਰਿਤ ਭਏ ਚਰਨ ਧਰਿ ਸੀਸ।
'ਧੰਨ ਧੰਨ' ਕਹਿ ਭਾਗ ਸਰਾਹਾ।
'ਗੋਪ ਕਥਾ ਬਰਨੀ ਮੁਨਿ ਨਾਹਾ[1] ॥੫੦॥
[1]ਈਸ਼੍ਵਰ ਦੀ। (ਅ) ਮਾਧਵ ਦੀ।

ਜਯ ਗੁਰਦਾਸ ਵਿਮਲ ਮਤਿ ਗਜਾਨੀ!
ਅਬਿ ਹਮਰੇ ਮਨ ਨਿਸ਼ਚੈ ਠਾਨੀ।
ਤੁਮ ਤੇ ਸੰਸ਼ਯ ਗਯੋ ਹਮਾਰਾ।
ਬਿਬਿਧਿ ਬੇਦ ਬਿਧਿ ਕੀਓ ਉਚਾਰਾ[1]†' ॥੫੧॥
[1]ਨਾਨਾਂ ਤਰ੍ਹਾਂ ਨਾਲ ਵੇਦ ਦੀ ਵਿਧੀ ਦਾ ਉਚਾਰ ਕੀਤਾ ਹੈ। †ਅੰਸੂ ਤੀਜੇ ਦੇ ਅੰਕ ੨੩ ਤੋਂ ਲੈ ਕੇ ਇਸ ਅੰਸੂ ਦੇ ਅੰਕ ੫੧ ਤੱਕ ਦਾ ਪਾਠ ਦੋ ਲਿਖਤੀ ਨੁਸਖਿਆਂ ਵਿਚ ਨਹੀਂ ਹੈ, ਪਰ ੧੯੧੯ ਬਿ: ਦੇ ਲਿਖੇ ਪੁਰਾਤਨ ਲਿਖਤੀ ਨੁਸਖੇ ਵਿੱਚ ਹੈ।

ਸਭਿ ਬੰਦਨ ਕਰਿ ਸਦਨ ਸਿਧਾਰੇ।
ਭੀ[1] ਮਹਿਮਾ ਗੁਰਦਾਸ ਉਦਾਰੇ।
[1]ਹੋਈ।

ਇਕ ਤੌਂ ਨ੍ਰਿਪ ਕੋ ਗੁਰ ਬਨਿ ਗਯੋ।
ਅਰੁ ਨਰ ਕੋ ਗਨ ਸਿੱਖਜ ਸੁ ਭਯੋ ॥੫੨॥
ਸਰਬ ਪੁਰੀ ਜਸ ਇਸ ਕੋ ਕਰੈ।
ਬੰਦਹਿਂ ਚਰਨ ਅੱਗ੍ਰ ਨਰ ਪਰੈਂ।
'ਗੁਰੂ ਗੁਰੂ' ਸਭਿ ਨਾਮ ਉਚਾਰੈਂ।
ਮਨ ਭਾਵਤਿ ਧਰਿ ਭੇਟ ਅਗਾਰੈਂ ॥੫੩॥
ਸਭਿ ਬਿਧਿ ਸੇਵਾ ਨ੍ਰਿਪ ਕਰਿਵਾਵੈ।
ਗੁਰੂ ਸ਼ਬਦ ਕੇ ਅਰਥ ਸੁਨਾਵੈ।
ਮਹਿਮਾਂ ਭਈ ਮਹਾਂ ਤੇ ਮਹਾਂ।
ਤਊ ਗੁਰੂ ਦਿਸ਼ਿ ਤੇ ਦੁਖ ਲਹਾ ॥੫੪॥

ਬੀਤਯੋ ਚਿਰ ਦਰਸ਼ਨ ਤੇ ਹੀਨ।
ਤਰਫਤਿ ਚਿਤ ਜਿਮ ਜਲ ਬਿਨ ਮੀਨ।
ਸੁਖਦ ਵਸਤੁ ਬਹੁ ਮੋਲੀ ਆਵੈ।
ਗੁਰੂ ਬਿਰਹਿ ਕਰਿ ਨਹਿਂ ਉਰ ਭਾਵੈ ॥੫੫॥
ਜਿਮ ਚਾਤ੍ਰਿਕ ਇਕ ਬੂੰਦ ਚਹੰਤਾ।
ਆਦਿ ਸਿੰਧੁ ਨਦਿ ਨੀਰ ਤਜੰਤਾ[1]।
ਜਥਾ ਕੰਤ ਕੇ ਬ੍ਰਿਹੁ ਕਰਿ ਤਰਨੀ[1]।
ਦੁਖਦ ਹੋਤਿ ਜੇ ਸੁਖਦਾ ਬਰਨੀ[1] ॥੫੬॥
ਨੀਰ ਨੈਨ ਚਿਤ ਚੈਨ ਨ ਕੈਸੇ।
ਦਰਬ ਕ੍ਰਿਪਨ ਕੋ ਬਿਨਸਤਿ ਜੈਸੇ।
ਦੁਰਯੋ ਲਹੈ ਸੰਕਟ ਉਰ ਭਾਰੇ।
ਤਬਿ ਮਨ ਕਰਿ ਸਤਿਗੁਰੂ ਚਿਤਾਰੇ ॥੫੭॥
'ਹੇ ਗੁਰ ਅੰਤਰਜਾਮੀ ਸ੍ਵਾਮੀ !
ਬਖਸ਼ਤਿ ਸਦਾ ਸੇਵਕਨਿ ਖਾਮੀ[1]।
ਦੀਨ ਦਯਾਲ ਗ਼ਰੀਬ ਨਿਵਾਜਾ !
ਨਾਮ ਕਹੈਂ ਇਮ ਰੰਕ ਕਿ ਰਾਜਾ ॥੫੮॥
ਸਿਮਰਨ ਕਰਹੁ ਹਕਾਰਹੁ ਮੋਹੀ।
ਨਹੀਂ ਆਪ ਤੇ ਆਵਨਿ ਹੋਹੀ।
ਨਹੀਂ ਦਾਸ ਕੇ ਬਸਿ ਕਿਸ ਭਾਂਤੀ।
ਆਪ ਅਹੋ ਸਮਰੱਥ ਬੱਖਜਾਤੀ ॥੫੯॥
ਜਿਮ ਚਾਹਹੁ ਤਿਮ ਰਚਹੁ ਗੁਸਾਈਂ।
ਬਿਗਰੇ ਸੁਧਰਹਿਂ ਸੁਧਿ ਬਿਗਰਾਹੀਂ[1]।'
ਇਮਿ ਬਿਨਤੀ ਕਰਿ ਕਵਿਤ ਬਨਾਏ।
ਗੁਰੂ ਧਯਾਨ ਕਰਿ ਦੇਤਿ ਸੁਨਾਏ ॥੬੦॥

ਕਬਿੱਤ:

'ਗਾਇ ਸੁਤ[1] ਜੈਸੇ ਮਿਲਿ ਮਾਤ ਮਨ ਚਾਹਿ ਐਸੁ
ਕੂਦ ਬਿਲਲਾਯ, ਗਰ ਬੰਧਨ ਬਸਾਇ ਨਾ[1]।
ਜੈਸਿ ਤੋ ਬਿਗਾਰ ਨਿਜ ਧਾਮ ਕੋ ਪਧਾਰ

[1]ਸਮੁੰਦਰ ਦਰਿਆ ਆਦਿ ਦਾ ਪਾਣੀ ਤਜ ਦਿੰਦਾ ਹੈ।

[1]ਇਸਤ੍ਰੀ ਨੂੰ।

[1]ਜੋ (ਵਸਤੂ) ਸੁਖਦਾਈ ਕਹੀਦੀ ਹੈ।

[1]ਕਚਿਆਈ।

[1]ਜੇ) ਸੁਧਰੇ ਹੋਏ ਵਿਗੜ ਜਾਣ (ਤਾਂ ਉਨ੍ਹਾਂ) ਵਿਗੜਿਆਂ (ਨੂੰ ਫੇਰ) ਸੁਧ ਕਰ ਦਿੰਦੇ ਹੋ।

[1]ਵੱਛਾ।

[1]ਪਰ ਗਲ ਵਿਚ ਰੱਸੀ ਵੱਸ ਚੱਲਣ ਨਹੀਂ ਦਿੰਦੀ।

ਚਾਹੈ,
ਜਾਨ ਪਰਾਧੀਨ[1] ਚਿੰਤ ਚਿਤਵਤਿ ਜਾਇ ਨਾ। [1]ਪਰਾਏ ਦੇ ਅਧੀਨ।
ਜੈਸੇ ਬਿਰਹਨੀ ਪਤਿ ਸੰਗ ਕੋ ਸਨੇਹ ਚਾਹੇ,
ਦੇਖਿ ਕੁਲ ਅੰਕ ਲਾਜ[1] ਸੰਗਮ[2] ਸੁ ਪਾਇ ਨਾ। [1]ਕੁਲ ਲੱਜਜਾ ਦਾ ਅੰਕੁਸ। [2]ਮਿਲਾਪ।
ਤੈਸਿ ਹੌਂ ਸ਼ਰੰਨ ਗੁਰ ਚਰਨਨ ਚਾਹ ਸਦਾ
ਆਇਸੁ ਬਿਦੇਸ ਬਸਿ[1] ਅਤਿ ਬਿਲਲਾਇ ਨਾ† ॥੬੧॥ [1]ਆਗਿਆ ਦੇ ਵੱਸ ਵਿਦੇਸ਼ ਵਿਚ।

†ਭਾਈ ਗੁਰਦਾਸ ਜੀ ਦਾ ਆਪਣਾ ਕਬਿੱਤ ਜਿਸ ਨੂੰ ਉਪਰ ਕਵੀ ਜੀ ਨੇ ਆਪਣੇ ਲਫਜ਼ਾਂ ਵਿੱਚ ਦਿੱਤਾ ਹੈ ਇਹ ਹੈ:- ਜੈਸੇ ਬਛੁਰਾ ਬਿਲਲਾਤ ਮਾਤ ਮਿਲਬੇ ਕਉ, ਬੰਧਨ ਕੈ ਬਸਿ ਕਛੁ ਬਸੁ ਨ ਬਸਾਤ ਹੈ। ਜੈਸੇ ਤਉ ਬਿਗਾਰੀ ਚਾਹੈ ਭਵਨ ਗਵਨ ਕੀਓ, ਪਰ ਬਸਿ ਪਰੇ ਚਿਤਵਤ ਹੀ ਬਿਹਾਤ ਹੈ। ਜੈਸੇ ਬਿਰਹਨੀ ਪ੍ਰਿਅ ਸੰਗਮ ਸਨੇਹੁ ਚਾਹੇ, ਲਾਜ ਕੁਲ ਅੰਕਸ ਕੈ ਦੁਰਬਲ ਗਾਤ ਹੈ। ਤੈਸੇ ਗੁਰ ਚਰਨ ਸਰਨਿ ਸੁਖ ਚਾਹੈ ਸਿਖੁ, ਆਗਿਆ ਬਧ ਰਹਤ ਬਿਦੇਸ ਅਕੁਲਾਤ ਹੈ ॥੫੨੦॥

ਸ੍ਵੈਯਾ:
ਮੀਨ ਸਦਾ ਜਿਮ ਚਾਹਤਿ ਨੀਰ ਕੋ
ਚਾਤ੍ਰਿਕ ਬੂੰਦ ਸਦਾ ਮਨ ਚਾਹੈ।
ਨੀਰਜ ਚਾਹਿ ਸਦਾ ਰਵਿ ਕੀ
ਪੁਨ ਔ ਨਲਿਨੀ ਸਸਿ[1] ਦੇਖਿ ਉਮਾਹੈ। [1]ਕਵੀਆਂ ਚੰਦ੍ਰਮਾਂ ਨੂੰ।
ਅੱਗ੍ਰਜ ਤਾੜਿਤਿ ਹੈ ਸਭਿ ਹੀ
ਵਹੁ ਪ੍ਰੀਤ ਨ ਤਯਾਗ ਸਦਾ ਰੁਚਿ ਆਹੈ।
ਤੈਸਿ ਪ੍ਰਭੂ ਮਮ ਪ੍ਰੀਤ ਰਿਦੈ
ਤੁਮ ਤਾੜਤਿ ਹੋ ਜਨ ਪ੍ਰੀਤਿ ਵਧਾ ਹੈ†' ॥੬੨॥

†ਇਸਦਾ ਪਾਠ ਭਾ: ਗੁ: ਜੀ ਦੇ ਸ੍ਵੈਯਾਂ ਵਿੱਚੋਂ ਨਹੀਂ ਲੱਭਾ ਕਵੀ ਜੀ ਨੇ ਉਨ੍ਹਾਂ ਦਾ ਚਿੱਤ ਭਾਵ ਅੰਕਿਤ ਕੀਤਾ ਹੈ।

ਚੌਪਈ:
ਇੱਤਯਾਦਿਕ ਬਨਾਇ ਕਰਿ ਬਾਨੀ।
ਪੁਨਹਿ ਸੁਨਾਵੈ ਬਨਿ ਗੁਰ ਧਯਾਨੀ।
'ਭੂਲ ਪਰਯੋ ਮੈਂ ਆਇ ਬਿਦੇਸ਼ਾ।
ਚਰਨ ਕਮਲ ਚਿਤ ਚਾਹਿ ਬਿਸ਼ੇਸ਼ਾ ॥੬੩॥
ਕਰਹੁ ਕ੍ਰਿਪਾ ਨਿਜ ਦਰਸ ਦਿਖਾਵਹੁ।
ਬਖ਼ਸ਼ਹੁ ਮੋਹਿ ਜਿ ਅਵਗੁਨ ਪਾਵਹੁ।'
ਹੁਇ ਇਕਾਂਤ ਇਵ ਬਿਨਤੀ ਕਰੈ।

ਧਜਾਨ ਰਿਦੈ ਨਿਸ ਬਾਸੁਰ ਧਰੈ ॥੬੪॥
ਸਭਿ ਸਤਿਗੁਰ ਨੇ ਤਿਸ ਕੀ ਜਾਨੀ।
-ਹਤਜੋ ਗਰਬ ਅਬਿ ਭਾ ਨਿਰਮਾਨੀ-।
ਇਕ ਦਿਨ ਬੈਠੇ ਬੀਚ ਦਿਵਾਨ।
ਸਭਿਨਿ ਸੁਨਾਵਤਿ ਕੀਨਿ ਬਖਾਨ ॥੬੫॥
'ਕਿਸ ਕਾਰਨ ਤੇ ਗਾ ਗੁਰਦਾਸ?
ਹਯ ਖਰੀਦ ਨਹਿਂ ਪਹੁੰਚਜੋ ਪਾਸ।
ਕਹਾਂ ਗਯੋ, ਕੋ ਸੁਧਿ ਨਹਿਂ ਆਈ?
ਕੋ ਬਿਗਾਰ ਹੋਯੋ ਕਿਸ ਥਾਈਂ? ॥੬੬॥
ਗੁਰ ਘਰ ਸਗਰੀ ਬੈਸ ਬਿਤਾਈ।
ਸੁਮਤਿ ਪ੍ਰਬੀਨ ਹੁਤੋ ਬਹੁ ਭਾਈ।
ਬਿਨਾਂ ਮਿਲੇ ਕਜੋਂ ਆਨ ਪਧਾਰਾ।
ਹਮ ਨਹਿਂ ਕਿਸ ਪ੍ਰਤਿ ਕਛੂ ਉਚਾਰਾ ॥੬੭॥
ਕਿਤ ਸੁਧਿ ਕਿਸ ਨੇ ਸੁਨੀ ਸੁਨਾਵਹੁ।
ਕਜੋਂ ਗਮਨਜੋਂ? ਥਿਰ ਕਹਾਂ? ਬਤਾਵਹੁ।'
ਬਿਧੀ ਚੰਦ ਜੇਠਾਦਿਕ ਪਾਸ।
ਬੋਲੇ ਹਾਥ ਜੋਰਿ ਅਰਦਾਸ ॥੬੮॥
'ਭੂਤ ਭਵਿੱਖਤ ਅਰੁ ਬ੍ਰਤਮਾਨ।
ਰਾਵਰਿ ਉਰ ਗਜਾਤਾ ਸਭਿ ਥਾਨ।
ਜਾਨਹੁ ਆਪ ਗਯੋ ਕਿਸ ਹੇਤੁ।
ਕਹਾਂ ਜਾਇ ਬਸਿ ਕਰੇ ਨਿਕੇਤ' ॥੬੯॥
ਸੁਨਿ ਸਤਿਗੁਰ ਤਬਿ ਤੁਸ਼ਨਿ ਭਏ।
ਅਗਲੇ ਦਿਵਸ ਸਭਾ ਥਿਰ ਥਏ।
ਪ੍ਰੇਮ ਵਧਹਿ ਗੁਰਦਾਸਹਿ ਜਜੋਂ ਜਜੋਂ।
ਗੁਰ ਚਿਤ ਖਿਚਤਿ ਹੋਤਿ ਹੈ ਤਜੋਂ ਤਜੋਂ ॥੭੦॥
ਬਿਨਾਂ ਪਠੇ ਨਰ ਉਰ ਅਕੁਲਾਏ।
ਬਸੀ ਪ੍ਰੇਮ ਕੇ ਸਹਿਜ ਸੁਭਾਏ।
ਬਿਲਮਜੋ ਜਾਇ ਨਹੀਂ[1] ਕਿਸ[†] ਕਾਲ।
ਭਈ ਪ੍ਰੇਮ ਕੀ ਖੈਂਚ ਬਿਸਾਲ ॥੭੧॥

[1]ਹੋਰ) ਅਟਕਿਆ ਨਹੀਂ ਜਾਂਦਾ। [†]ਪਾ:-ਜਿਸ।

ਚਹਤਿ ਟਰਯੋ ਕੇਤਿਕ ਦਿਨ ਔਰ।
ਤਊ ਨ ਟਰਯੋ ਜਾਤਿ ਸੁਖ ਠੌਰ[1]।
ਪਠਨਿ ਹੇਤੁ ਮਾਨਵ ਤਤਕਾਲ।
ਕੀਨਸਿ ਤਯਾਰੀ ਗੁਰੂ ਕ੍ਰਿਪਾਲ ॥੭੨॥

[1]ਸੁਖ ਦੀ ਥਾਂ ਭਾਵ ਗੁਰੂ ਜੀ ਤੋਂ ਰਿਹਾ ਨਹੀਂ ਜਾਂਦਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ ਭਾਈ ਗੁਰਦਾਸ ਜੀ' ਪ੍ਰਸੰਗ ਬਰਨਨੰ ਨਾਮ ਚਤੁਰਥੇ ਅੰਸੂ ॥੪॥

੫. [ਭਾਈ ਗੁਰਦਾਸ ਕਾਂਸ਼ੀਓਂ ਅੰਮ੍ਰਿਤਸਰ]

੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੬

ਦੋਹਰਾ:

ਪ੍ਰੇਮ ਮਹਾਂ ਗੁਰਦਾਸ ਕੋ[1], ਖੈਂਚ ਲੀਨਿ ਗੁਰ ਚੀਤ।
ਕਰਜੋ ਤਜਾਰ ਤਬਿ ਮੇਵਰੋ, ਪੁਨ ਪਰਖਨ ਕੀ ਰੀਤਿ ॥੧॥

[1]ਭਾਈ ਗੁਰਦਾਸ ਜੀ ਦੇ ਪ੍ਰੇਮ ਨੇ।

ਚੌਪਈ:

ਲਿਖਯੋ ਹੁਕਮ ਨਾਵਾਂ ਤਬਿ ਐਸੇ।
ਬਰਨਨ ਕਰੌਂ ਸੁਨਾਵੌਂ ਤੈਸੇ।
'ਕਾਸ਼ੀ ਈਸ਼ ਗੁਰੂ ਸਿਖ! ਸੁਨੀਅਹਿ[1]।
ਤੁਵ ਢਿਗ ਚੋਰ ਗੁਰੂ ਕੋ ਜਨੀਅਹਿ ॥੨॥

[1]ਹੇ ਗੁਰੂ ਦੇ ਸਿੱਖ ਕਾਂਸ਼ੀ ਦੇ ਰਾਜਾ! ਸੁਣੋ।

ਬਾਸ ਕਰਹਿ ਕਾਂਸ਼ੀ ਮੈਂ ਹੋਇ†।
ਖੋਜਹੁ ਦਿਹੁ ਮੁਸ਼ਕਾਂ ਬੰਧਿ ਸੋਇ।
ਨਾਮ ਅਹੈ ਤਿਸ ਕੋ ਗੁਰਦਾਸ।
ਕਰਿ ਕੈ ਕੈਦ ਪਠਹੁ ਹਮ ਪਾਸ ॥੩॥

†ਪਾ:-ਸੋਇ।

ਤਬਿ ਹੁਇ ਗੁਰ ਕੀ ਖੁਸ਼ੀ ਬਿਸਾਲਾ।
ਖੋਜਹੁ ਚੋਰ ਪਠਹੁ ਤਤਕਾਲਾ।'
ਲਿਯੇ ਹੁਕਮ ਨਾਵਾਂ ਤਬਿ ਗਯੋ।
ਕਾਂਸ਼ੀ ਪੁਰਿ ਮਹਿਂ ਪ੍ਰਾਪਤਿ ਭਯੋ ॥੪॥
ਸਭਾ ਬਿਖੈ ਜਹਿਂ ਹੁਤੋ ਮਹੀਪ।
ਤਿਹ ਠਾਂ ਪਹੁੰਚਤਿ ਭਯੋ ਸਮੀਪ।
ਦਿਯੋ ਹੁਕਮ ਨਾਮਾ ਨ੍ਰਿਪ ਚੀਨਾ।
ਕਰਿ ਸਨਮਾਨ ਸੀਸ ਧਰਿ ਲੀਨਾ ॥੫॥
ਪਠਿ ਕਰਿ ਸਕਲ ਜਾਨਿ ਅਹਿਵਾਲ।
ਬੂਝੀ ਸਭਾ ਸਰਬ ਤਿਸ ਕਾਲ।
'ਗੁਰ ਕੀ ਵਸਤੁ ਕੌਨ ਲੈ ਆਵਾ?
ਪੁਰੀ ਬਿਖੈ ਹੁਇ ਹੈ ਕਿਸ ਥਾਵਾ[1]' ॥੬॥

[1]ਪੁਰੀ ਦੇ ਕਿਸੇ ਥਾਂ ਵਿਚ ਹੋਵੇਗਾ।

ਸਭਿ ਨੇ ਭਨਯੋ 'ਨ ਅਸ ਕੋ ਆਯੋ।
ਜੇ ਆਯੋ ਲਿਹੁ ਨਗਰ ਖੁਜਾਯੋ।'
ਤਬਿ ਰਾਜੇ ਡਿੰਡਮ[1] ਤਹਿਂ ਫੇਰਾ।
'ਕਿਹ ਥਲ ਗੁਰੂ ਚੋਰ ਕਿਨ ਹੇਰਾ?'

[1]ਡੌਂਡੀ, ਢੰਡੋਰਾ।

॥੭॥
ਫਿਰਜੋ ਨਗਰ ਸਾਰੇ ਕਹਿ ਪਾਯੋ[1]।

[1]ਸਾਰੇ ਨਗਰ ਵਿਚ (ਢੰਡੋਰਾ) ਕਹਿੰਦਾ ਫਿਰਿਆ (ਤੇ ਲੋਕਾਂ ਨੇ ਸੁਣ) ਪਾਇਆ।

ਪੁਨ ਗੁਰਦਾਸ ਸਭਾ ਚਲਿ ਆਯੋ।
ਊਚਾਸਨ ਪਰ ਬੈਠਿ ਉਚਾਰੇ।
ਸਤਿਗੁਰ ਸ਼ਬਦ ਕਰਤਿ ਨਿਰਧਾਰੇ ॥੮॥
ਭੋਗ ਪਰਜੋ ਨ੍ਰਿਪ ਭਨਜੋ ਪ੍ਰਸੰਗ।
'ਗੁਰ ਕੀ ਬਾਤ ਕਹੌਂ ਤੁਮ ਸੰਗ।
ਲਿਏ ਹੁਕਮਨਾਮਾ ਨਰ ਆਯੋ।
ਪਠਜੋ ਪ੍ਰਾਤਿ ਇਮ ਗੁਰ ਫੁਰਮਾਯੋ ॥੯॥
-ਚੋਰ ਹਮਾਰੇ ਇਕ ਤੁਮ ਪਾਸ।
ਆਇ ਬਸਜੋ ਆਖਯ ਗੁਰਦਾਸ।
ਤਿਸ ਕੀ ਮੁਸ਼ਕਾਂ ਬੰਧਿ ਪਠਾਵਹੁ।
ਕਾਰਜ ਕਰਹੁ ਖੁਸ਼ੀ ਗੁਰ ਪਾਵਹੁ- ॥੧੦॥
ਹਮ ਨੇ ਸਗਰੋ ਪੁਰਿ ਖੁਜਵਾਯੋ।
ਕਿਸੀ ਸਥਾਨ ਨਹੀਂ ਸੋ ਪਾਯੋ।'
ਸੁਨਿ ਗੁਰਦਾਸ ਸੁ ਚਿੱਤ ਬਿਚਾਰੀ।
ਮਹਿਪਾਲਕ ਕੇ ਸੰਗ ਉਚਾਰੀ ॥੧੧॥
'ਇਹ ਤੋ ਬਾਤ ਲਿਖੀ ਸਭਿ ਮੇਰੀ।
ਸਭਿ ਅਵਗੁਨ ਨਿਜ ਲੀਨੇ ਹੇਰੀ।
ਮੈਂ ਗੁਰ ਤੇ ਤਸਕਰਤਾ ਕਰਿ ਕੈ।
ਆਯੋ ਭਾਗਿ ਬਿਮੁਖਤਾ ਧਰਿ ਕੈ ॥੧੨॥
ਬਡੋ ਅਹੈ ਮੇਰੋ ਅਪਰਾਧੂ।
ਜਿਸ ਕੋ ਨਹੀਂ ਸਕਹਿ ਕਰਿ ਸਾਧੂ[1]।

[1]ਜਿਸ ਅਪਰਾਧ ਨੂੰ ਕੋਈ ਸਾਧੂ (ਪੁਰਸ਼) ਨਹੀਂ ਕਰ ਸਕਦਾ।

ਤਊ ਦਯਾਲ ਨਿਜ ਬਿਰਦ ਸੰਭਾਰਾ।
ਬਖ਼ਸ਼ਨ ਹਿਤ ਕਰ ਨਿਕਟਿ ਹਕਾਰਾ' ॥੧੩॥
ਨ੍ਰਿਪ ਸੁਨਿ ਬਿਸਮਜੋ 'ਕਹਾਂ ਕਹਤਿ ਹੋ?
ਇਤੋ ਦੋਸ਼ ਕਿਮ ਅਪਨਿ ਲਹਤਿ ਹੋ।
ਲਿਖੀ ਕਿ -ਮੁਸ਼ਕੈਂ ਬੰਧਿ ਪਠਾਵੋ।
ਪੁਰਿ ਮਹਿਂ ਬਸਹਿ ਤਹਾਂ ਖੁਜਵਾਵੋ-

॥ ੧੪ ॥
ਕਹਾਂ ਕਰ੍ਯੋ ਤੁਮ ਗੁਰ ਅਪਰਾਧੂ[1]? — [1]ਆਪ ਨੇ ਗੁਰੂ ਜੀ ਦਾ ਕੀ ਅਪਰਾਧ ਕੀਤਾ ਹੈ? ਭਾਵ ਕੋਈ ਨਹੀਂ ਕੀਤਾ ਕਿਉਂਕਿ.......।
ਮਹਾਂ ਪ੍ਰਬੀਨ, ਸੁਮਤਿ ਸੁਖ ਸਾਧੂ[1]। — [1](ਆਪ ਤਾਂ) ਬੜੇ ਪ੍ਰਬੀਨ, ਸ੍ਰੇਸ਼ਟ ਮਤ ਵਾਲੇ, ਸੁਖ ਰੂਪ ਤੇ ਸਾਧੂ ਹੋ।
ਇਹ ਕੋ ਅਪਰ ਲਿਖ੍ਯੋ[1], ਪੁਰਿ ਮਹੀਆ। — [1]ਕਿਸੇ ਹੋਰ (ਲਈ) ਲਿਖਿਆ ਹੋਣਾ ਹੈ।
ਸਨੈ ਸਨੈ ਖੋਜਹਿਂ ਜਹਿਂ ਕਹੀਆ[1] ॥ ੧੫ ॥ — [1]ਸ਼ਹਰ ਵਿੱਚ ਹੌਲੇ ਹੌਲੇ ਖੋਜਾਂਗੇ ਜਿੱਥੇ ਕਿਥੇ।
ਇਹਾਂ ਹੋਇ ਤੌ ਪਠਹਿਂ ਬਨਾਈ।
ਨਾਂਹਿ ਤ ਲਿਖਹਿਂ -ਨ ਕੋ ਇਸ ਥਾਈਂ-।'
ਸੁਨਿ ਗੁਰਦਾਸ ਨ੍ਰਿਪਤ ਸੋਂ ਗਾਯੋ।
'ਕਹਾਂ ਮੇਵਰਾ ਜੋ ਚਲਿ ਆਯੋ?' ॥ ੧੬ ॥
ਤਬਿ ਭੂਪਤਿ ਨਿਜ ਨਿਕਟਿ ਹਕਾਰਾ।
ਕਰਿ ਚਿਨਾਰਿ ਗੁਰਦਾਸ ਹਕਾਰਾ।
ਕਰੀ ਮੇਵਰੇ ਨੇ ਤਬਿ ਬੰਦਨ।
ਕੁਸ਼ਲ ਪ੍ਰਸ਼ਨ ਤੇ ਹੁਇ ਅਭਿਨੰਦਨ[1] ॥ ੧੭ ॥ — [1]ਆਨੰਦ, ਪ੍ਰਸੰਨ।
ਮਿਲੇ ਪਰਸਪਰ ਹਰਖਤਿ ਹੋਏ।
ਨੇਹ ਸਨੇ ਬਹੁ ਸਭਿਹਿਨਿ ਜੋਏ।
ਪੁਨ ਭੂਪਤਿ ਕੋ ਸਭਿ ਸਮੁਝਾਯੋ।
'ਸਤਿਗੁਰ ਪਰਖਨਿ ਬਜੋਂਤ ਬਨਾਯੋ ॥ ੧੮ ॥
ਪ੍ਰਥਮ ਠੀਕਰੀ ਧਨ ਕੀ ਕੀਨਿ।
ਮੈਂ ਤਬਿ ਭਰਮ੍ਯੋ ਸਕ੍ਯੋ ਨ ਚੀਨਿ।
ਗੁਰ ਕੇ ਚਰਿਤ ਅਗੰਮ, ਨ ਜਨਿਯਤਿ।
ਸਿੱਖ ਸੰਭਾਰ ਸਕਹਿਂ ਨਹਿਂ ਭਨਿਯਤਿ[1] ॥ ੧੯ ॥ — [1]ਸਿੱਖ ਨਾ ਸੰਭਾਲ ਸਕਦੇ ਹਨ (ਤੇ ਨਾ) ਕਹਿ ਸਕਦੇ ਹਨ।
ਮੁਸ਼ਕਾਂ ਬਾਂਧਨ ਰਿਸ ਕਰਿ ਕਹਿਬੋ।
ਇਸ ਮਹਿਂ ਤਿਮ ਪਰਖਨਿ ਬਿਧਿ ਲਹਿਬੋ।
ਅਬਿ ਮੈਂ ਨਹਿਂ ਭਰਮਨ ਕੋ ਧਰਿਹੂੰ[1]। — [1]ਭਾਵ ਹੁਣ ਮੈਂ ਨਹੀਂ ਭਰਮਾਂਗਾ।
ਲਿਖ੍ਯੋ ਜਥਾ ਸੋਈ ਬਿਧਿ ਕਰਿਹੂੰ ॥ ੨੦ ॥
ਤਿਮ ਤਸਕਰ ਹੁਇ ਦਰਸੋਂ ਜਾਇ[1]। — [1]ਜਾ ਦਰਸ਼ਨ ਕਰਾਂਗਾ।
ਚੋਰੀ ਕਰੀ ਜੁ ਲਿਹੁ ਬਖ਼ਸ਼ਾਇ।

ਤੁਮ ਗੁਰ ਹੁਕਮ ਨ ਫੇਰਨਿ ਕਰੀਏ।
ਦਿਹੁ ਮੁਸ਼ਕਾਂ ਬੰਧਿ ਆਗੇ ਧਰੀਏ’ ॥੨੧॥
ਨ੍ਰਿਪ ਜੁਤਿ ਸਭਾ ਸਭੀ ਬਿਸਮਾਈ।
ਅਗਮ ਗੁਰੂ ਰਤਿ ਕੋ ਲਖਿ ਪਾਈ।
ਕਹਿ ਬਹੁ ਬਾਰ ਭੁਜਾ ਬੰਧਵਾਈ।
ਚਲਿਬੇ ਤਜਾਰ ਭਯੋ ਸਹਿਸਾਈ ॥੨੨॥
ਤਬਿ ਨ੍ਰਿਪ ਭਨਜੋ ‘ਮੋਹਿ ਲਿਹੁ ਸਾਥ।
ਦਰਸ ਕਰਾਵਹੁ ਸ਼੍ਰੀ ਗੁਰ ਨਾਥ।’
ਧੀਰਜ ਦਈ ਤਿਨਹਿ ਗੁਰਦਾਸ।
‘ਪੁਨ ਆਗਵਨ ਕਰਹੁ ਗੁਰ ਪਾਸ ॥੨੩॥
ਮੋਹਿ ਸੰਗ ਨਹਿਂ ਬਨਹਿ ਚਲਨਿ ਕੋ।
‘ਤਬਿ ਸਭਿ ਇਸ ਕੋ ਸਿੱਖਜ ਮਿਲਨਿ ਕੋ।
ਭਏ ਹਜ਼ਾਰਹੁਂ ਮਿਲਿ ਇਕ ਥਾਂਈ[1]।
ਕਹਿ ਧੀਰਜ ਕੋ ਦੀਨਿ ਬਨਾਈ ॥੨੪॥
ਸੰਗ ਚਲਨਿ ਕੋ ਸੰਗਤਿ ਭਈ।
ਕਹਿ ਬਹੁ ਬਾਰ ਹਟਾਇ ਸੁ ਦਈ।
ਤਊ ਸਾਤ ਸੈ ਸਿਖ ਭੇ ਸਾਥ।
ਬਿਸਮਤਿ ਭਨਹਿਂ ‘ਪਿਖਹਿਂ ਗੁਰਨਾਥ[1]’ ॥੨੫॥
ਮੁਸ਼ਕਨ ਕੋ ਬੰਧਵਾਇ ਪਯਾਨਾ।
ਹਟਜੋ ਨ੍ਰਿਪਤਿ ਪੁਨ ਬੰਦਨ ਠਾਨਾ।
ਅਪਰ ਸਭਿਨਿ ਬੂਝਜੋ ਸਭਿ ਰੀਤਿ।
ਪਿਖਿ ਕੌਤਕ ਬਿਸਮਾਵਤਿ ਚੀਤ ॥੩੬॥
ਪੰਚ ਕੋਸ ਲਗਿ ਨ੍ਰਿਪ ਜੁਤਿ ਆਏ।
ਪੁਨ ਬਹੁ ਬਾਰੀ ਕਹਜੋ ਹਟਾਏ।
ਏਕ ਮਜਲ ਸਭਿ ਚਲਿ ਕਰਿ ਆਏ।
ਨੰਮ੍ਰਿ ਮੇਵਰੋ ਬਾਕ ਅਲਾਏ ॥੨੭॥
‘ਧੰਨ ਧੰਨ ਤੁਮ ਸਿਖ ਸਿਰਮੌਰ।
ਨਹਿਂ ਸਮਾਨ ਦੂਸਰ ਕਿਸ ਠੌਰ।

[1]ਤਦ ਇਸ (ਭਾਈ ਗੁਰਦਾਸ ਜੀ ਦੇ) ਮਿਲਨ ਲਈ ਸਾਰੇ ਸਿਖ ਹਜ਼ਾਰਾਂ ਇਕੱਠੇ ਹੋਏ।

[1]ਦਰਸਨ ਕਰਾਂਗੇ ਨਾਥ ਗੁਰ (ਜੀ ਦੇ)।

ਹੁਕਮ ਗੁਰੂ ਕੋ ਸਗਰੋ ਮਾਨਾ।
ਸਭਿ ਬਿਧਿ ਬਡਿਆਈ ਨਿਜ ਹਾਨਾ ॥੨੮॥
ਸਭਿ ਮਗ ਮਹਿਂ ਨਹਿਂ ਇਮ ਪੁਜਿ ਆਵੈ।
ਭੁਜਾ ਖੁਲ੍ਹਾਇ ਚਲ੍ਯੋ ਤਬਿ ਜਾਵੈ।
ਜਿਸ ਦਿਨ ਚਲੋ ਸੁਧਾਸਰ ਥਾਇਂ।
ਇਸ ਪ੍ਰਕਾਰ ਕੀ ਲਿਹੁ ਬੰਧਵਾਇ' ॥੨੯॥
ਇਮ ਕਹਿ ਚਰਨ ਪਕਰ ਕਰਿ ਰਹ੍ਯੋ।
ਤਬਿ ਗੁਰਦਾਸ ਸਭਿਨਿ ਮਹਿਂ ਕਹ੍ਯੋ।
'ਚੋਰ ਉਚਿਤ ਚਹੀਯਤਿ ਇਮ ਕਰੀ।
ਜੇ ਤੁਮ ਅਬਿ ਔਰੇ ਮਤਿ ਧਰੀ ॥੩੦॥
ਗੁਰੂ ਨਿਕਟਿ ਤੇ ਚਲਿ ਕਰਿ ਆਯੋ।
ਚਹਹੁ ਸੁ ਕਰਹੁ ਦੇਹੁ ਖੁਲਿਵਾਯੋ।'
ਸਭਿ ਮਾਰਗ ਕੋ ਉਲੰਘਤਿ ਆਏ।
ਜਬਹਿ ਸੁਧਾਸਰ ਕੇ ਨਿਯਰਾਏ ॥੩੧॥
ਤਿਮ ਹੀ ਭੁਜ ਮੁਸ਼ਕਾਂ ਬੰਧਵਾਈ।
ਆਗੈ ਭਯੋ ਪਾਛ ਸਮੁਦਾਈ।
ਸਤਿਗੁਰੁ ਤਖਤ ਅਕਾਲ ਸੁਹਾਏ।
ਸਿਰ ਪਰ ਚਮਰ ਢੁਰਹਿ ਛਬਿ ਪਾਏ ॥੩੨॥
ਸਿੱਖ ਸੁਭਟ ਚਹੁਂ ਦਿਸ਼ਿ ਪਰਵਾਰੇ।
ਬਸਤ੍ਰ ਸ਼ਸਤ੍ਰ ਸੁੰਦਰ ਤਨ ਧਾਰੇ।
ਨਿਜ ਸੰਗਤਿ ਕੇ ਜੁਤਿ ਸਮੁਦਾਈ।
ਪਹੁਂਚਤਿ ਭਏ ਪ੍ਰਭੂ ਅਗਵਾਈ ॥੩੩॥
ਹਾਥ ਜੋਰਿ ਧਰਨੀ ਪਰ ਪਰੇ।
ਭਾਉ ਸਮੇਤ ਡੰਡਵਤ ਕਰੇ।
ਖਰੋ ਭਯੋ ਸਨਮੁਖ ਹੁਇ ਗੁਰ ਕੇ।
ਪਿਖਤਿ ਮਨੋਰਥ ਪੂਰਨ ਉਰ ਕੇ ॥੩੪॥
ਸ਼੍ਰੀ ਹਰਿਗੋਵਿੰਦ ਰਿਦੇ ਪ੍ਰਮੋਦ।
ਗੁਰ ਅਰੁ ਸਿੱਖਨਿ ਹੋਤਿ ਬਿਨੋਦ[1]।

[1]ਭਾਵ ਗੁਰੂ ਕੇ ਸਿਖਾਂ ਨਾਲ (ਕਈ ਵੇਰ ਕੋਈ ਮੱਤ ਦੇਣ ਲਈ) ਬਿਲਾਸ ਵੀ ਹੁੰਦੇ ਹਨ।

ਚਿਤ ਪ੍ਰਸੰਨ ਬਾਹਿਰ ਰਿਸ ਧਰੈਂ।
ਕਹੈਂ ਕਠੋਰ ਤਾੜਨਾ ਕਰੈਂ- ॥੩੫॥
'ਕਰੇ ਖਰੀਦਨਿ ਭਲੇ ਤੁਰੰਗ।
ਤੁਰਤ ਪਹੂਚਜੋ ਲੇ ਕਰਿ ਸੰਗ।
ਬੇਸਰ[1] ਲਾਦਿ ਦਰਬ ਲੇ ਗਯੋ। [1]ਖੱਚਰ।
ਤਜਿ ਸੂਨੋ[1] ਸਭਿ ਭਾਜਤਿ ਭਯੋ ॥੩੬॥ [1]ਸੁੰਞੀ।
ਗੁਰ ਘਰ ਕੋ ਨੁਕਸਾਨ ਨ ਜਾਨਾ।
ਬਾਸ ਬਿਦੇਸ਼ ਜਾਇ ਕਰਿ ਠਾਨਾ।
ਤੁਹੀ ਸਿੱਖ ਸਿਦਕੀ ਬਡ ਜੋਵਾ।
ਪਰਜੋ ਕਾਜ ਗੁਰ ਕੋ, ਅਸ ਹੋਵਾ ॥੩੭॥
ਕਜੋਂ ਅਬਿ ਉੱਤਰ ਦੇਤਿ ਨ ਕੋਈ।
ਇਮ ਚਲਿ ਗਯੋ ਕਹਾਂ ਗਤਿ ਹੋਈ?'
ਸੁਨਿ ਭਾਈ ਗੁਰਦਾਸ ਬਿਚਾਰੇ।
ਦੇਇ ਸਵੈਯੇ ਤਬਹਿ ਉਚਾਰੇ ॥੩੮॥

ਸ੍ਵੈਯਾ:

'ਬੂੰਦ ਔ ਰੇਤ ਗੁਮਾਨ ਕਰੈ ਮਨ,
ਸ਼ੋਭ ਨ ਸਿੰਧੁ ਰਵੀ ਸਮੁਹਾਵੈ[1]। [1]ਸਾਹਮਣੇ।
ਪੰਖ ਔ ਧੂਮ[1] ਉਡੈ ਨਭ ਕੋ ਪਿਖਿ [1]ਪੰਛੀ ਤੇ ਧੂੰਆਂ।
ਤਾਂਹਿ ਅਗਾਧ ਰਿਦੈ ਸੁਕਚਾਵੈ।
ਗੂਲਰ ਜੰਤ[1] ਉਡੰਤਿ ਕਹੋ ਕਿਮ [1]ਗੂਲਰ ਦੇ ਫਲ ਵਿੱਚ ਜੋ ਜੀਵ ਹੁੰਦਾ ਹੈ।
ਪੇਖਿ ਬ੍ਰਹਮੰਡ ਪ੍ਰਚੰਡ ਲਜਾਵੈ।
ਤੂੰ ਕਰਤਾ ਹਮ ਜੰਤੁ[1] ਕਿਏ ਤੁਮ, [1]ਜੀਵ।
ਤੋ ਪਹਿ ਬੋਲਨ ਕਜੋਂ ਬਨਿਆਵੈ[†]
॥੩੯॥

[†]ਦੋ ਲਿਖਤੀ ਨੁਸਖਿਆਂ ਵਿਚ ਇਨ੍ਹਾਂ ਦੋ ਸਵੈਯਾਂ ਤੋਂ ਪਹਿਲੇ ਦੋ ਸਵੈਯੇ ਹੋਰ ਵੀ ਲਿਖੇ ਹਨ ਜੋ ਭਾਈ ਗੁਰਦਾਸ ਜੀ ਦੀ ਆਪਣੀ ਰਚਨਾ ਹੈ ਤੇ ਉਪਰਲੇ ਸਵੈਯੇ ਕਵੀ ਜੀ ਆਪ ਉਨ੍ਹਾਂ ਹੀ ਦੋਹਾਂ ਛੰਦਾਂ ਨੂੰ ਆਪਣੇ ਲਫਜ਼ਾਂ ਵਿੱਚ ਦੇ ਰਹੇ ਹਨ:- ਜਉ ਗਰਬੈ ਬਹੁ ਬੂੰਦ ਚਿਤੰਤਰ, ਸਨਮੁਖ ਸਿੰਧੁ ਸ਼ੋਭ ਨਹੀਂ ਪਾਵੈ। ਜਉ ਬਹੁ ਉਡੇ ਖਗ ਧਾਰਿ ਮਹਾਂ ਬਲ ਪੇਖ ਅਕਾਸ਼ ਰਿਦੇ ਸੁਕਚਾਵੈ। ਜਿਉਂ ਬ੍ਰਹਮੰਡ ਪ੍ਰਚੰਡ ਬਿਲੋਕਤਿ ਗੂਲਰ ਜੰਤ ਉਡੰਤ ਲਜਾਵੈ। ਤੂੰ ਕਰਤਾ ਹਮ ਕੀਏ ਤਿਹਾਰੇ ਜੀ ਤੋ ਪਹਿ ਬੋਲਨ ਕਿਉਂ ਬਨਿਆਵੈ ॥੫੨੭॥ ਤੋ ਸੋ ਨ ਨਾਥ ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ ਨ ਮੋ ਸੋ ਭਿਖਾਰੀ। ਮੋ ਸੋ ਨ ਦੀਨ ਦਇਆਲੁ ਨ ਤੋ ਸਰ, ਮੋ ਸੋ ਅਗਜਾਨਿ ਨ ਤੋ ਸੋ ਬਿਚਾਰੀ। ਮੋ ਸੋ ਪਤਿਤ ਨ ਪਾਵਨ ਤੋ ਸਰ, ਮੋ ਸੋ ਬਿਕਾਰੀ ਨ ਤੋ ਮੋ ਉਪਕਾਰੀ। ਮੋਰੇ ਹੈਂ ਅਵਗੁਨ, ਤੂੰ ਗੁਨ ਸਾਗਰ ਜਾਤ ਰਸਾਤਲ ਓਟ ਤਿਹਾਰੀ ॥੫੨੮॥

ਭਿਖਾਰਿ ਅਨਾਥ ਨਹੀਂ ਹਮਰੇ ਸਮ,
ਤੋ ਸਮ ਨਾਥ ਨ ਔਰ ਦਤਾਰੀ।
ਦੀਨ ਅੱਗਜਾਨ ਕਹੀਂ ਨਹਿਂ ਮੋ ਸਰ,

ਤੋ ਸਰ ਦਜਾਲ ਨ ਆਨ ਬਿਚਾਰੀ।
ਮੋ ਸਮ ਪਾਪਿ ਬਿਕਾਰਿ ਨਹੀਂ ਜਗ,
ਤੋ ਸਮ ਪਾਵਨ ਔ ਉਪਕਾਰੀ।
ਔਗੁਨ ਸਿੰਧ ਹੌਂ, ਤੂੰ ਗੁਨ ਸਾਗਰ,
ਜਾਤਿ ਅਧੋ ਪ੍ਰਭੁ! ਓਟ ਤੁਮਾਰੀ*'
॥੪੦॥

ਚੌਪਈ:

ਇਮ ਕਹਿ ਆਗੇ ਹੁਇ ਲਲਚਾਯੋ।
ਪਹੁੰਚਯੋ ਨਿਕਟਿ ਚਰਨ ਲਪਟਾਯੋ।
ਨਿਰਹੰਕਾਰ ਬਿਕਾਰ ਬਿਹੀਨਾ।
ਸ਼ੁੱਧ ਭਯੋ ਸ਼੍ਰੀ ਸਤਿਗੁਰੁ ਚੀਨਾ ॥੪੧॥
ਮੁਖ ਤੇ ਬਿਕਸਿ ਪਰੇ ਫੁਰਮਾਯੋ।
'ਧੰਨ ਤੋਹਿ ਗੁਰ ਸਿਦਕ ਕਮਾਯੋ।
ਉਠਹੁ ਚਰਨ ਕੋ ਕੀਜਹਿ ਤਜਾਗੀ[1]। [1]ਛਡੋ।
ਤੂੰ ਮਮ ਪਜਾਰੇ! ਅਤਿ ਅਨੁਰਾਗੀ
॥੪੨॥
ਕਹਜੋ -ਸਿੱਖ ਹੁਇ ਸਿਦਕ ਨ ਹਾਰੇ-।
ਇਸ ਤੁਕ ਪਰ ਭਾ[1] ਲੇਹੁ ਬਿਚਾਰੇ। [1]ਇਹ ਪ੍ਰਸੰਗ) ਹੋਇਆ।
ਕਸੇ ਕਸੌਟੀ ਮੈਂ ਇਸ ਵਾਰੀ।
ਸਿੱਖਜ ਨ ਆਨ ਸਮਾਨ ਤੁਮਾਰੀ'
॥੪੩॥
ਇਮ ਕਹਿ ਬਿਕਸਤਿ ਗੁਰੂ ਕ੍ਰਿਪਾਲਾ।
ਨਿਜ ਕਰ ਤੇ ਖੋਲੇ ਤਿਸ ਕਾਲਾ।
ਮੁਸ਼ਕੈਂ ਛੋਰੀ ਨਿਕਟਿ ਬਿਠਾਯਹੁ।
ਸਰਬ ਸਭਾ ਗੁਰ ਚਰਿਤ ਲਖਾਯੋ ॥੪੪॥
'ਧੰਨ ਗੁਰੂ ਗੁਰ ਕੇ ਸਿਖ ਧੰਨ।
ਅਗਮਗਤੀ, ਕੋ ਲਖਹਿ ਨ ਅੰਨ।'
ਪਠੀ ਭੇਟ ਕਾਂਸ਼ੀਸ਼[1] ਬਿਸਾਲਾ। [1]ਕਾਂਸ਼ੀ ਦੇ ਰਾਜੇ ਨੇ।
ਅਪਰ ਸਪਤ ਸੈ ਸਿਖ ਤਿਸ ਕਾਲਾ
॥੪੫॥
ਅਰਪਨ ਕਰੀ ਗੁਰੂ ਕੇ ਆਗੇ।
ਪਿਖੇ ਸੁਸ਼ੀਲ ਸਕਲ ਅਨੁਰਾਗੇ।

ਸ੍ਰੀ ਹਰਿਗੋਵਿੰਦ ਹੋਰਿ ਅਲਾਯੋ।
ਏਕਲ ਗਜੋ ਸੁ ਸਾਤ ਸੈ ਲਜਾਯੋ ॥੪੬॥
ਧੰਨ ਪੁਨਹਿ ਗੁਰਸਿਖ ਉਪਕਾਰੀ।
ਜਹਿਂ ਜੈ ਹੈਂ ਤਹਿਂ ਕਰਹਿਂ ਉਧਾਰੀ।
ਪਰ ਦੁਖ ਦੇਖਿ ਨ ਸਕਹਿਂ, ਕ੍ਰਿਪਾਲੂ।
ਦੇਤੇ ਗੁਰੁਮਤਿ ਅਨੰਦ ਬਿਸਾਲੂ' ॥੪੭॥
ਤਬਿ ਭਾਈ ਤੁਕ ਫੇਰ ਬਨਾਈ।
ਅਪਰ ਰੀਤਿ ਤੇ ਉਚਰਿ ਸੁਨਾਈ।
-†ਬਿਖ ਦੈ ਮਾਤ, ਕੌਨ ਸਿਸ[1] ਰੱਖੈ?

[1]ਬਾਲ ਨੂੰ।

†ਭਾਈ ਗੁਰਦਾਸ ਜੀ ਦੀ ਅਸਲ ਪਉੜੀ ਐਉਂ ਹੈ:- ਜੇ ਮਾਂ ਪੁੱਤੇ ਵਿਸ ਦੇਇ ਤਿਸ ਤੇ ਕਉਣ ਪਿਆਰਾ। ਜੇ ਘਰ ਭੰਨੈ ਪਾਹਰੂ ਕਉਣ ਰੱਖਣ ਹਾਰਾ। ਬੇੜੀ ਡੋਬੈ ਪਾਤਣੀ ਕੌਣ ਪਾਰ ਉਤਾਰਾ। ਆਗੂ ਲੈ ਉੱਝੜ ਪਵੈ ਕਿਸ ਕਰੇ ਪੁਕਾਰਾ॥ ਜੇ ਕਰਿ ਖੇਤੇ ਖਾਇ ਵਾੜ ਕੋ ਲਹੇ ਨ ਸਾਰਾ॥ ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿੱਖ ਵਿਚਾਰਾ ॥੨੨॥ (ਭਾ: ਗੁ: ਵਾ: ੩

ਚੋਰਹਿ ਪਹਿਰੂ, ਕੋ ਤਿਸ ਲੱਖੈ[1] ॥੪੮॥

[1]ਚੋਰੀ ਕਰੇ ਪਹਿਰੇਦਾਰ ਤਾਂ ਉਸ ਨੂੰ ਕੌਣ ਜਾਣ ਸਕਦਾ ਹੈ।

ਬੋਰਤਿ ਕਰੀਆ[1], ਕੋ ਤਬਿ ਤਾਰੈ।

[1]ਮਲਾਹ ਡੋਬਣ ਵਾਲਾ ਹੋਵੇ ਤਾਂ।

ਹਤਹਿ ਭੂਪ, ਕਿਸ ਪਾਸ ਪੁਕਾਰੈ।
ਜੇ ਗੁਰ ਸਾਂਗ, ਕਛੂ ਬਰਤਾਰੈ।
ਸਿਖ ਆਗੇ ਤਬਿ ਕਹਾਂ ਬਿਚਾਰੈ†' ॥੪੯॥

†ਪਾ:-ਭਰਮੈ ਸਿਖ ਕਿਆ ਹਾਥ ਬਿਚਾਰੈ।

ਇੱਤਜਾਦਿਕ ਬਹੁ ਸਿਫਤ ਸੁਨਾਈ।
ਨਿਜ ਲਘੁਤਾ ਕਰਿ ਗੁਰੂ ਬਡਾਈ।
ਸੁਨਿ ਸਤਿਗੁਰੁ ਗਹਿ ਬਾਂਹ ਉਠਾਯੋ।
ਅਪਨੇ ਅੰਗ ਸੰਗ ਤਬਿ ਲਾਯੋ ॥੫੦॥
ਸਭਿਨਿ ਬਿਖੈ ਬਡ ਮਾਨ ਬਧਾਯੋ।
'ਧੰਨ ਧੰਨ' ਨਿਜ ਮੁਖ ਫੁਰਮਾਯੋ।
ਆਗੇ ਤੇ ਦਸ ਗੁਨ ਬਹੁ ਮਾਨ।
ਕਰਿ ਕੈ ਰਾਖਯੋ ਗੁਰ ਭਗਵਾਨ ॥੫੧॥
ਸਭਿਨਿ ਬਿਖੈ ਭਾਈ ਜਸ ਭਯੋ।
ਦੇਸ਼ ਬਦੇਸ਼ਨਿ ਮਹਿਂ ਸੁਨਿ ਲਯੋ।
ਗੁਰ ਘਰ ਮਹਿਂ ਗੁਰਦਾਸ ਵਡੇਰਾ।
ਗੁਰ ਸਿਖ ਮਾਨਤਿ ਭਏ ਘਨੇਰਾ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਭਾਈ ਗੁਰਦਾਸ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

੬. [ਸ੍ਰੀ ਸੂਰਜ ਮੱਲ ਜੀ ਦਾ ਵਿਵਾਹ]

੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੭

ਦੋਹਰਾ:

ਬਸਹਿ ਬਾਸ[1] ਕਰਤਾਰਪੁਰਿ, ਸੂਰਜਮਲ ਸਸੁਰਾਰ[2]।
ਗੁਰਦਿੱਤੇ ਢਿਗ ਗਯੋ ਤਬਿ, ਬਤਾਹੁ ਬਜੋਂਤ ਸੁ ਬਿਚਾਰਿ ॥੧॥

[1]ਘਰ (ਬਣਾਕੇ)। [2]ਦਾ) ਸਹੁਰਾ।

ਚੌਪਈ:

'ਮੋ ਚਿਤ ਮਹਿਂ ਅਬਿ ਦੇਵਹੁ ਬਜਾਹੂ।
ਆਯੋ ਬੂਝਨਿ ਤੁਮਰੇ ਪਾਹੂ।'
ਸੁਨਿ ਸ਼੍ਰੀ ਗੁਰਦਿੱਤੇ ਪੁਨ ਕਹਜੋ।
ਭਲੇ ਮਨੋਰਥ ਤੋਂ ਉਰ ਲਹਜੋ ॥੨॥
ਸਾਹੇ ਕੋ ਨਿਕਸਾਇ ਪਠਾਵਹੁ[++]।
ਗੁਰ ਹਰਖਹਿਂ, ਅਬਿ ਨਹਿਂ ਬਿਲਮਾਵਹੁ।'
ਸੁਨਿ ਸਲਾਹ ਨਿਜ ਮੰਦਰ ਆਯੋ।
ਬੈਠਿ ਬਿੱਪ੍ਰ ਕੇ ਨਿਕਟਿ ਬੁਲਾਯੋ ॥੩॥
'ਮਮ ਪੁੱਤ੍ਰੀ ਕੋ ਸੋਧਹੁ ਸਾਹਾ[†]।
ਲਿਖਿ ਭੇਜਹਿਂ ਪੁਨ ਸਤਿਗੁਰ ਪਾਹਾ।'
ਸੁਨਿ ਦਿਜ ਪੱਤ੍ਰੀ ਦੇਖਿ ਬਿਚਾਰਜੋ।
ਮਾਸ ਵਿਸਾਖ ਬਿਖੈ ਨਿਰਧਾਰਜੋ ॥੪॥
ਸਤਾਈਸਵੀ ਲਿਖਿ ਦੀ ਪਾਤੀ।
ਦਿਜਬਰ ਕਰਜੋ ਤਜਾਰ ਭਲਿ ਭਾਂਤੀ।
ਸ਼੍ਰੀ ਗੁਰਦਿੱਤੇ ਤਬਿ ਕਹਿ ਭੇਜਾ।
'ਹਮ ਹੈਂ ਤਜਾਰ ਸੰਗ ਦਿਜ ਲੇ ਜਾ[1]' ॥੫॥

[†]ਦੇਖੋ ਰਾਸ ੪ ਅੰਸੂ ਅੰਕ ੨੪ ਦੀ ਹੇਠਲੀ ਟੂਕ।

[1]ਨਾਲ ਬ੍ਰਹਮਣ ਨੂੰ ਲੈ ਜਾਵਾਂਗੇ।

ਇਕ ਦਿਨ ਪੁਰਿ ਬਿਤਾਇ ਕਰਿ ਚਾਲੇ।
ਦਿਜ ਸਾਹਾ ਲੇ ਕਰਿ ਨਿਜ ਨਾਲੇ।
ਆਨਿ ਸੁਧਾਸਰ ਪੁਰੀ ਪ੍ਰਵੇਸ਼ੇ।
ਮਿਲੇ ਤਬਹਿ ਪਰਿਵਾਰ ਅਸ਼ੇਸ਼ੇ ॥੬॥
ਕਰਿ ਡੇਰਾ ਕਰ ਚਰਨ ਪਖਾਰੇ।
ਬਸਤ੍ਰ ਸ਼ਸਤ੍ਰ ਸੁੰਦਰ ਤਨ ਧਾਰੇ।
ਸ਼੍ਰੀ ਗੁਰਦਿੱਤਾ ਲੇ ਦਿਜ ਸਾਥ।

ਮਿਲੇ ਜਾਇ ਨਿਜ ਪਿਤ ਜਗਨਾਥ ॥੭॥
ਕਰਿ ਬੰਦਨ ਬੈਠਯੋ ਤਬਿ ਪਾਸ।
ਪੁੱਤ੍ਰ ਬਿਲੋਕਿ ਪ੍ਰਮੋਦ[1] ਪ੍ਰਕਾਸ਼। [1]ਅਨੰਦ।
ਧਰਿ ਸਨੇਹ ਸਿਰਪਰ ਕਰ ਫੇਰਾ।
ਕੁਸ਼ਲ ਬੂਝਿ ਪ੍ਰਿਯ[1] ਬਰ ਮੁਖਹੇਰਾ ॥੮॥ [1]ਪਿਆਰੇ ਦਾ।
ਦਿਜ ਸਨਮੁਖ ਬੈਠਯੋ ਤਬਿ ਆਨਿ।
ਕਰੀ ਬਜਾਹੁ ਕੀ ਬਾਤ ਬਖਾਨ[1]। [1]ਗੁਰਦਿੱਤਾ ਜੀ ਨੇ) ਆਖੀ।
'ਬਿੱਪ੍ਰ ਪਠਾਯੋ ਸਾਹਾ ਦੈ ਕੈ।
ਅਪਰ ਸਕਲ ਤਜਾਰੀ ਨਿਜ ਕੈ ਕੈ ॥੯॥
ਫਾਗਣ ਬੀਸ ਦਿਵਸ ਅਬਿ ਗਯੋ।
ਬਜਾਹ ਵਿਸਾਖ ਮਾਸ ਕੋ ਦਯੋ।'
ਸੁਨਿ ਸਤਿਗੁਰੂ ਸਰਾਹਨ ਕੀਨਾ।
'ਆਛੀ ਬਾਤ ਭਈ ਤਿਨ ਦੀਨਾ[1]' ॥੧੦॥ [1]ਭਾਵ ਸੂਰਜ ਮਲ ਦੇ ਸਹੁਰੇ ਨੇ ਵਿਆਹ ਦੇ ਦਿੱਤਾ।
ਕਹਿ ਦਿਜ ਕੋ ਸ਼ੁਭ ਸਦਨ ਉਤਾਰਾ।
ਸੁਧਿ ਜਬਿ ਭਈ ਸਕਲ ਪਰਵਾਰਾ।
ਜੇ ਮੰਗਲ ਕੇ ਸਗੁਨ ਬਿਸਾਲੇ।
ਕਰੇ ਪ੍ਰਮੋਦ ਬਿਨੋਦਨ ਜਾਲੇ[1] ॥੧੧॥ [1]ਅਨੰਦ ਦੇ ਸਮੂਹ ਬਿਲਾਸ।
ਨੇਤੀ ਮਿਲ ਤ੍ਰੈ ਸਾਸਨ ਸਾਥ।
ਕਰ ਬੰਦਤਿ ਪਗ ਟੇਕਯੋ ਮਾਥ।
ਮਨਹੁੰ ਅਨੰਦ ਕੇ ਉਦਧਿ ਮਝਾਰੂ।
ਮਿਲੇ ਮੀਨ ਸਮ ਸਭਿ ਪਰਵਾਰੂ ॥੧੨॥
ਬਜੇ ਸਦਨ ਦਰ ਪਰ ਸ਼ਦਿਯਾਨੇ[1]। [1]ਖੁਸ਼ੀ ਦੇ ਵਾਜੇ।
ਲਘੁ ਦੀਰਘ ਦੁੰਦਭਿ ਧੁਨਿ ਠਾਨੇ।
ਢੋਲ ਨਫੀਰੀ ਝੰਝ ਬਜਾਵੈਂ।
ਹੋਤਿ ਕੁਲਾਹਲ ਜਨ ਬਹੁ ਆਵੈਂ ॥੧੩॥
ਤਿਸ ਨਿਸ ਮਹਿਂ ਉਤਸਵ ਅਤਿ ਕੀਨਾ।
ਤੀਨ ਦਿਵਸ ਦਿਜ ਰਾਖਿ ਪ੍ਰਬੀਨਾ।
ਬਹੁਰ ਬਿਦਾ ਹੁਇ ਪੁਰਿ ਕਰਤਾਰਾ।
ਜਾਇ ਬਿੱਪ੍ਰ ਸੁਧਿ ਕਰੀ ਉਚਾਰਾ ॥੧੪॥
ਪ੍ਰੇਮ ਚੰਦ ਸੁਨਿ ਕਰਿ ਹਰਖਾਯੋ।
ਸੰਚੈ ਸਕਲ ਸਮਾਜ ਕਰਾਯੋ।

ਤ੍ਰਿਣ ਅਰੁ ਅੰਨ ਘ੍ਰਿੱਤ ਮਿਸ਼ਟਾਨ।
ਦੁਗਨ ਖਰਚ ਤੇ ਕਰੇ ਮਹਾਨ ॥੧੫॥
ਇਸੀ ਰੀਤਿ ਦਿਨ ਕਿਤਿਕ ਬਿਤਾਏ।
ਮੇਲ ਬਸੋਏ ਕੋ ਨਿਯਰਾਏ।
ਸਭਿਨਿ ਸਥਾਨ ਸੰਬੰਧੀ ਜੇਤੇ।
ਪਠਿ ਨਰ ਕਰੇ ਹਕਾਰਨਿ ਤੇਤੇ ॥੧੬॥
ਜਹਿਂ ਕਹਿਂ ਬਜਾਹਿ ਸੁਨਤਿ ਹਰਖਾਏ।
'ਭਲੀ ਭਈ ਐਸੇ ਦਿਨ ਆਏ।
ਆਛੀ ਰਿਤੁ ਬਹੁ ਤਪਤ ਨ ਸੀਤ।
ਉਤਸਵ ਸ਼ਾਦੀ ਕੀ[1] ਸਭਿ ਰੀਤ' ॥੧੭॥ [1]ਵਿਆਹ ਦੇ ਉਤਸਵ ਦੀ।
ਪੁਨ ਬਡ ਹੋਇ ਸੁਧਾਸਰ ਮੇਲਾ।
ਸਿੱਖ ਮਸੰਦਨ ਬਨਹਿਂ ਸਕੇਲਾ।
ਯਾਂ ਤੇ ਬਹੁ ਅਨੰਦ ਕਰਿ ਮੇਲੀ।
ਆਵਹਿਂ ਘਰ ਕੇ ਕਾਰਜ ਪੇਲੀ[1] ॥੧੮॥ [1]ਛੱਡਕੇ।
ਬ੍ਰਿੰਦ ਮਨੁਜ ਕੋ ਲੈ ਲੈ ਸਾਥ।
ਆਨਿ ਬਿਲੋਕੇ ਸ਼੍ਰੀ ਗੁਰਨਾਥ।
ਦਾਤੂ ਕੇ ਸੁਤ ਸਹਤ ਕੁਟੰਬ।
ਆਇ ਮਿਲੇ ਗੁਰ, ਹੀਨ ਬਿਲੰਬ[1] ॥੧੯॥ [1]ਛੇਤੀ।
ਗੋਇੰਦਵਾਲ ਬਿਸਾਲ ਉਤਾਲੇ[1]। [1]ਛੇਤੀ ਕਰ ਕੇ।
ਸਭਿ ਪਰਵਾਰ ਹੋਇ ਨਰ ਜਾਲੇ।
ਸੁਧਾ ਸਰੋਵਰ ਕੋ ਚਲਿ ਆਏ।
ਜਥਾਜੋਗ ਮਿਲਿ ਗੁਰ ਹਰਖਾਏ ॥੨੦॥
ਡੱਲੇ, ਡਾਰੋਲੀ, ਮੰਡਿਆਲੀ।
ਆਏ ਸੰਗਤਿ ਸੰਗ ਬਿਸਾਲੀ।
ਮਉ, ਮੱਲੇ ਅਰੁ ਨਗਰ ਵਟਾਲੇ।
ਆਇ ਮਿਲੇ ਜੁਤਿ ਮਾਨਵ ਜਾਲੇ ॥੨੧॥
ਬ੍ਰਿਧ ਕੋ ਸੁਤ ਭਾਨਾ ਤਬਿ ਆਯੋ।
ਸੰਗ ਪੁੱਤ੍ਰ ਪੌਤ੍ਰਨ ਕੋ ਲ੍ਯਾਯੋ।
ਹਰੀਚੰਦ ਨਿਤ ਪਾਸ, ਅਵਾਸਾ।
ਰਾਮਦਾਸ ਪੁਰਿ ਮਹਿਂ ਸੁਖਰਾਸਾ ॥੨੨॥
ਸਤਿਗੁਰ ਮਹਿਲ ਗਯੋ ਭਰਿ ਸਬੈ।

ਆਈ ਸਭਿ ਥਲ ਤੇ ਤ੍ਰਿਯਾ ਤਬੈ।
ਅਪਰ ਸਦਨ ਗਨ ਹੁਤੇ ਚਿਨਾਏ।
ਕਹਿ, ਸਭਿਹਿਨਿ ਕੋ ਸਿਵਰ ਕਰਾਏ ॥੨੩॥
ਜਥਾ ਜੋਗ ਮਿਲਿ ਸਭਿ ਹਰਖਾਏ।
ਸੁਧਾਸਰੋਵਰ ਮੱਜ ਨਹਾਏ[1]।

[1]ਪਹਿਲੋਂ ਖੂਹ ਦੇ ਜਲ ਨਾਲ) ਨ੍ਹਾ ਕੇ ਸੁਧਾ ਸਰੋਵਰ ਵਿਚ ਇਸ਼ਨਾਨ ਕੀਤਾ।

ਅਸਨ ਬਨਤਿ ਹੈਂ ਬਿਬਿਧ ਪ੍ਰਕਾਰੇ।
ਸ੍ਵਾਦਲ ਖਟ ਰਸ ਖਾਇ ਅਹਾਰੇ ॥੨੪॥
ਦੋਨਹੁੰ ਸਮੈ ਅਚਵਿ ਤ੍ਰਿਪਤਾਵੈਂ।
ਅਨਗਨ ਸੰਗਤਿ ਮੇਲਾ ਆਵੈ।
ਦਿਵਸ ਨਿਸਾ ਨਰ ਮਿਲਿ ਸਮੁਦਾਈ।
ਕਰਹਿਂ ਦੇਗ ਕੁਛ ਗਨੀ ਨ ਜਾਈ ॥੨੫॥
ਇਕ ਤੌ ਬਜਾਹ ਮੇਲ ਅਰੁ ਮੇਲਾ।
ਸੁਨ ਜਹਿਂ ਕਹਿਂ ਤੇ ਬਹੁਤ ਸਕੇਲਾ।
ਨਿਤ ਪ੍ਰਤਿ ਸਤਿਗੁਰ ਲਾਇੰ ਦਿਵਾਨ।
ਸੁਭਟ ਹਜ਼ਾਰਹੁਂ ਬੈਠਹਿਂ ਆਨਿ ॥੨੬॥
ਜੋ ਸਨਬੰਧੀ ਸਭਿ ਤਬਿ ਆਵੈਂ।
ਸੰਗਤਿ ਅਨਗਨ ਭੇਟ ਚੜ੍ਹਾਵੈ।
ਅਧਿਕ ਭੀਰ ਗੁਰ ਕੋ ਚਹੁੰਫੇਰੇ।
ਸਾਹਿਬਜ਼ਾਦੇ ਚਾਰਹੁਂ ਨੇਰੇ ॥੨੭॥
ਇਮ ਨਿਤ ਮੰਗਲ ਹੋਤਿ ਨਵੀਨਾ।
ਨਿਕਟਿ ਬਜਾਹ ਕੋ ਬਾਸੁਰ ਚੀਨਾ।
ਸ਼੍ਰੀ ਹਰਿਗੋਵਿੰਦ ਹੁਕਮ ਬਖਾਨਾ।
'ਸਜਹੁ ਬਰਾਤਿ ਤਯਾਰ ਬਿਧਿ ਨਾਨਾ' ॥੨੮॥
ਸੁਨਿ ਆਇਸੁ ਸਭਿ ਕੇ ਚਿਤ ਚਾਊ।
ਬਸਨ ਬਿਭੂਖਨ ਦੇਹੁ ਸਜਾਊ।
ਸਜਿ ਸਜਿ ਸੁੰਦਰ ਬਾਹਨ ਨਾਨਾ।
ਭਏ ਅਰੂਢਨ ਤਯਾਰ ਸੁਜਾਨਾ ॥੨੯॥
ਪ੍ਰਥਮ ਬ੍ਰਿੰਦ ਕਰਿ ਲੇ ਪਕਵਾਨਾ।
ਸ਼੍ਰੀ ਹਰਿ ਗੋਵਿੰਦ ਪਰਮ ਸੁਜਾਨਾ।

ਤਖਤ ਅਕਾਲ ਅਰਪਿ ਕਰਿ ਭਲੇ।
ਸ਼੍ਰੀ ਹਰਿਮੰਦਰ ਕੀ ਦਿਸ਼ਿ ਚਲੇ ॥੩੦॥
ਬਸਤ੍ਰ ਬਿਭੂਖਨ ਸ਼ਸਤ੍ਰ ਸੁ ਅੰਗ।
ਸ਼੍ਰੀ ਗੁਰਦਿੱਤਾ ਸ਼ੋਭਤਿ ਸੰਗ।
ਸੂਰਜਮਲ ਕੋ ਆਗੇ ਕੀਨਿ।
ਬਾਂਮ ਭਾਗ[1] ਅਨਿਰਾਇ ਪ੍ਰਬੀਨ ॥੩੧॥ [1]ਖੱਬੇ ਪਾਸੇ।
ਦਿਸ਼ ਦਾਹਨ ਸ਼੍ਰੀ ਤੇਗ ਬਹਾਦਰ।
ਦਾਸ ਗੋਦ ਮਹਿਂ ਲੀਨੇ ਸਾਦਰ।
ਧੀਰਮੱਲ ਕੋ ਤਥਾ ਉਚਾਏ।
ਸੰਗ ਮਸਾਹਿਬ ਸਿਖ ਸਮੁਦਾਏ ॥੩੨॥
ਜਾਇ ਥਿਰੇ ਦਰਬਾਰ ਅਗਾਰੀ।
ਕਰ ਬੰਦਨ ਪ੍ਰਦੱਛਨਾ ਧਾਰੀ।
ਅੰਤਰ ਪ੍ਰਵਿਸ਼ਿ ਜੋਰਿ ਕਰ ਖਰੇ।
ਤਬਿ ਅਰਦਾਸ ਮੇਵਰੋ ਕਰੇ ॥੩੩॥
'ਸੁਤ ਪੌਤ੍ਰੇ ਜੁਤਿ ਸਭਿ ਪਰਵਾਰੈ।
ਸ਼੍ਰੀ ਗੁਰ ਰਾਮਦਾਸ ਸੁਖ ਧਾਰੈਂ।'
ਮਸਤਕ ਟੇਕ ਸੁ ਨਿਕਸੇ ਬਾਹਰ।
ਜਿਨ ਕੋ ਸਭਿ ਜਗ ਮੈਂ ਜਸੁ ਜ਼ਾਹਰ ॥੩੪॥
ਚਢੇ ਪਾਲਕੀ ਮਹਿਂ ਗੁਨਖਾਨੀ।
ਬਾਦਤ ਕੀ ਧੁਨਿ ਊਚ ਉਠਾਨੀ।
ਦੀਰਘ ਦੈਂ ਦੈਂ[1] ਬਜੈਂ ਦਮਾਮੇ। [1]ਦੈ 'ਦੈਂ ਸ਼ਬਦ ਕਰ ਕੇ।
ਢੋਲ ਪਟੇ ਕੀ ਧੁਨਿ ਮਿਲ ਤਾਂ ਮੈਂ ॥੩੫॥
ਡਫ ਮੁਰਲੀ ਬਹੁ ਬਜਹਿਂ ਨਫੀਰਾ।
ਚਢਨ ਸਮੈਂ ਹੋਈ ਬਡ ਭੀਰਾ।
ਲੌਕਿਕ ਬੈਦਿਕ ਰੀਤਿ ਘਨੇਰੀ।
ਨਰ ਤ੍ਰਿਯਨ ਕੀਨਸਿ ਤਿਸ ਬੇਰੀ[†] ॥੩੬॥ [†]ਦੇਖੋ ਰਾਸ ੪ ਅੰਸੂ ੪ ਅੰਕ ੨੦ ਦੀ ਹੇਠਲੀ ਟੂਕ।
ਸਭਿ ਬਰਾਤਿ ਕੋ ਭਲੇ ਚਢਾਇ।
ਗਾਵਤਿ ਮੁਰੀ ਸਦਨ ਸਮੁਦਾਇ।
ਸੂਰਜ ਮਲ ਕੋ ਆਗੈ ਕਰਿਕੈ।
ਗਮਨੇ ਸਕਲ ਹਰਖ ਉਰ ਭਰਿ ਕੈ

॥੩੭॥
ਉਲੰਘੇ ਸਲਿਤਾ ਆਇ ਬਿਪਾਸਾ।
ਡੇਰਾ ਕਰ੍ਯੋ ਤਾਂਹਿ ਤਟ ਪਾਸਾ।
ਜਥਾਜੋਗ ਸੇਵਾ ਸਭਿ ਕੇਰੀ।
ਕਰੀ ਮਸੰਦਨ ਮਿਲਿ ਬਹੁਤੇਰੀ ॥੩੮॥
ਨਿਸਾ ਬਿਤਾਇ ਚਡੇ ਮਗ ਚਾਲੇ।
ਸੁਨਿ ਸੁਨਿ ਜਾਚਕ ਆਇ ਬਿਸਾਲੇ।
ਲੇਤਿ ਦਰਬ, ਕੋ ਹਟ੍ਯੋ ਨ ਖਾਲੀ।
ਕਹ੍ਯੋ ਗੁਰੂ 'ਸਭਿ ਦੇਹੁ ਸੰਭਾਲੀ'
॥੩੯॥
ਡੇਢ ਜਾਮ ਦਿਨ ਬੀਤਤਿ ਆਏ।
ਸ਼੍ਰੀ ਕਰਤਾਰ ਪੁਰਾ ਜਿਸ ਥਾਏ।
ਸ਼ਕਰ ਗੰਗ ਉਦਪਾਨ ਜੁ ਪਾਵਨ[1]।
ਸ਼੍ਰੀ ਅਰਜਨ ਸ਼ੁਭ ਕਰ੍ਯੋ ਲਗਾਵਨ
॥੪੦॥
ਸਹਤ ਬਰਾਤ ਉਤਰ ਤਹਿਂ ਪਰੇ।
ਸ਼੍ਰੀ ਗੁਰਦੇਵ ਤਰੋਵਰੁ ਤਰੇ।
ਸਮ ਸੂਰਜ ਕੇ ਬਿਜਨਾ ਹੋਤਿ।
ਚਮਰ ਢੁਰਹਿ ਛਬਿ ਕਰਹਿ ਉਦੇਤਿ
॥੪੧॥
ਜੋ ਜੋ ਮੰਗਤ ਜਨ ਚਲਿ ਆਵੈ।
ਤਤਛਿਨ ਲੈ ਲੈ ਦਰਬ ਸਿਧਾਵੈ।
ਡੇਢ ਜਾਮ ਲੌ ਸਭਿ ਬਿਸਰਾਮੇ।
ਬਸਨ ਬਿਭੂਖਨ ਤਨ ਅਭਿਰਾਮੇ ॥੪੨॥
ਪ੍ਰੇਮਚੰਦ ਨਰ ਪਠਿ ਅਗਵਾਏ।
ਸਨਮਾਨੇ ਸਤਿਗੁਰ ਸਤ ਭਾਏ[1]†।
'ਮਹਾਂਰਾਜ ! ਅਬਿ ਅੰਤਰ ਚਾਲੋ।
ਨਿਜ ਮੰਦਿਰ ਬਿਸਰਾਮ ਸੰਭਾਲੋ'
॥੪੩॥
ਸੁਨ੍ਯੋ ਸਭਿਨਿ 'ਅਬਿ ਅੰਤਰ ਚਾਲੇ।'
ਬਹੁ ਬਾਦਿਤ ਧੁਨਿ ਊਚ ਉਠਾਲੇ।
ਚਢੇ ਛੈਲ ਹਯ ਚਪਲ ਚਲਾਵੈਂ।

[1]ਸ਼ਕਰ ਗੰਗ (ਨਾਮ ਦਾ) ਪਵਿੱਤ੍ਰ ਖੂਹ।

[1]ਸਚੇ ਪਿਆਰ ਨਾਲ। †ਪਾ:-ਸਭਿ ਭਾਏ।

ਕੋ ਸਜੰਦਨ ਪਰ ਚਢੇ ਸਿਧਾਵੈਂ ॥੪੪॥
ਕੇਤਿਕ ਗਜ ਅਰੂਢ ਕਰਿ ਚਲੇ।
ਧਨ ਬਰਖਾਵਤਿ ਜਨੁ ਘਨ ਭਲੇ।
ਬਹੁਤ ਬਰਣ ਕੇ ਗਹੇ ਨਿਸ਼ਾਨ।
ਆਗੈ ਗਮਨਹਿਂ ਸ਼ਭਤਿ ਮਹਾਨ ॥੪੫॥
ਗਰੀ ਗਰੀ ਮਹਿਂ ਧਨ ਬਰਖਾਯੋ।
ਪਰਿ ਜਨ ਦੇਖਤਿ ਅਨੰਦ ਵਧਾਯੋ।
ਅਪਨੇ ਮੰਦਿਰ ਉਤਰੇ ਜਾਈ।
ਲੈ ਲੈ ਭੇਟ ਮਿਲੇ ਸਮੁਦਾਈ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸੂਰਜ ਮਲ ਬਿਆਹ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

੭. [ਬਰਾਤ ਵਾਪਸ। ਸ੍ਰੀ ਤੇਗ ਬਹਾਦਰ ਜੀ ਦੀ ਸਗਾਈ]

੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੮

ਦੋਹਰਾ:

ਮਹਾਂ ਕੁਲਾਹਲ ਪੁਰਿ ਬਿਖੈ,
ਹੋਤਿ ਭਯੋ ਆਨੰਦ।
ਜਿਨ ਜਿਨ ਤਿਸ ਛਿਨ ਗੁਰ ਪਿਖੇ,
ਤਿਨ ਫਲ ਪੁੰਨ ਬਿਲੰਦ ॥੧॥

ਚੌਪਈ:

ਪ੍ਰੇਮ ਚੰਦ ਤਬਿ ਪਠੀ ਬਟੇਰੀ[1]।
ਸਭਿਨਿ ਬਿਲੋਕਤਿ ਖੁਸ਼ੀ ਘਨੇਰੀ।
ਹਿਤ ਮਿਲਨੀ ਕੇ ਬਹੁਰ ਬੁਲਾਏ।
ਹੁਇ ਤਿਆਰ ਚਾਲੇ ਸਮੁਦਾਏ ॥੨॥

[1]ਵਿਆਹ ਤੋਂ ਪਹਿਲਾਂ ਜਾਵੀਆਂ ਨੂੰ ਜੋ ਰਸਦ ਘੱਲੀ ਜਾਵੇ। ਕਈ ਥਾਂ ਇਸੇ ਤਰ੍ਹਾਂ ਦੀ ਰਸਦ ਨੂੰ 'ਹਲੂਫਾ' ਕਹਿੰਦੇ ਹਨ, ਕਿਤੇ 'ਕੁਆਰੀ ਰੋਟੀ' ਬੀ ਕਹਿੰਦੇ ਹਨ।

ਸੂਰਜ ਮਲ ਬੜਵਾ ਪਰ ਆਛੇ।
ਤੇਗ ਬਹਾਦਰ ਸ਼ੋਭਤਿ ਪਾਛੇ।
ਤਬਿ ਆਤਸ਼ਬਾਜ਼ੀ ਚਲਿਵਾਈ।
ਦੇਖਤਿ ਲੋਕ ਮਿਲੇ ਸਮੁਦਾਈ ॥੩॥
ਕੇਤਿਕ ਚਰਖੀ[1] ਅਧਿਕ ਭ੍ਰਮਾਵੈਂ।
ਕੋ ਸਜ਼ੋਰ ਉਡਿ ਗਗਨ ਸਿਧਾਵੈਂ।
ਅਧਿਕ ਕੁਲਾਹਲ ਸੁਨਹਿ ਬਿਲੋਕਤਿ।
ਮਹਾਂ ਪ੍ਰਕਾਸ਼ ਮਤਾਬੀ ਮੋਕਤਿ[1]† ॥੪॥

[1]ਆਤਸ਼ਬਾਜ਼ੀ ਦੀ ਚਰਖੀ।

[1]ਕੱਢਦੀ ਹੈ। †ਪਾ:-ਹੋਵਤਿ।

ਪ੍ਰੇਮ ਚੰਦ ਲੇ ਬਹੁਤ ਉਪਾਇਨ।
ਆਨਿ ਪਰਜੋ ਸਤਿਗੁਰ ਕੇ ਪਾਇਨ।
ਤਿਹ ਉਠਾਇ ਕਰਿ ਕੰਠ ਲਗਾਯੋ।
ਜਗਤ ਰੀਤਿ ਮਹਿਂ ਗੁਰ ਮਨ ਭਾਯੋ ॥੫॥
ਭਯੋ ਨਿਹਾਲ ਅੰਗ ਕੋ ਲਾਗਾ।
ਪ੍ਰੇਮ ਚੰਦ ਉਰ ਅਤਿ ਅਨੁਰਾਗਾ।
ਪ੍ਰਥਮ ਜਨਮ ਗਨ ਪੁੰਨ ਸਕੇਲਾ।
ਤਿਨਹੁ ਦੀਨਿ ਫਲ, ਗੁਰ ਮੇਲਾ ॥੬॥
ਲੇ ਦੂਲਹੁ ਕਉ ਦ੍ਵਾਰ ਸਿਧਾਰੇ।
ਬੈਦਿਕ ਲੌਕਿਕ ਕਰਿ ਬਿਵਹਾਰੇ†।

†ਕਿਤਨੀ ਥਾਈਂ ਕਵੀ ਜੀ ਆਪ ਕਹਿ ਆਏ ਹਨ ਕਿ ਬੈਦਿਕ ਲੌਕਿਕ ਰੀਤੀ ਗੁਰਾਂ ਨੇ ਨਹੀਂ ਕੀਤੀ। ਜੇ ਬੈਦਿਕ ਲੌਕਿਕ ਰੀਤਾਂ ਨਾ ਛੱਡ ਦੇਂਦੇ ਤਾਂ ਹਿੰਦੂ ਤਰੁਕਾਂ ਦੇ ਬਖੇੜੇ ਸ਼ਕੈਤਾਂ ਤੇ ਪੰਚਮ ਗੁਰੂ ਜੀ ਦੇ ਸਾਕੇ ਕਿਉਂ ਵਰਤਦੇ। ਜਿਨ੍ਹਾਂ ਦੇ

ਨੇਤਰਾਂ ਸਾਹਮਣੇ ਏਹ ਰਸਮਾਂ ਹੋਈਆਂ ਹਨ ਉਹ ਭਾ: ਗੁਰਦਾਸ ਜੀ ਲਿਖਦੇ ਹਨ:- 'ਪੂਛਤ ਨਾ ਜੋਤਿਕ ਨਾਂ ਬੇਦ ਥਿਤ ਵਾਰ ਕਛੂ:।' ਤੇ ਆਪ ਪੰਚਮ ਸਤਿਗੁਰੂ ਜੀ ਫਰਮਾਉਂਦੇ ਹਨ 'ਦੁਤੀਆ ਤਿਆਗੀ ਲੋਗਾ ਰੀਤਿ' ॥ [ਆਸਾ ਮ:੫

ਪੁਨ ਨਿਕੇਤ ਅਪਨੇ ਚਲਿ ਆਏ।
ਕੌਤਕ ਹੋਤਿ ਅਨੇਕ ਸਿਧਾਏ ॥੭॥
ਬਹੁਰੋ ਭੋਜਨ ਹੇਤੁ ਬੁਲਾਏ।
ਦਿਪਹਿਂ ਮਤਾਬੀ ਅਰੁ ਫੁਲਵਾਏ।
ਜਾਰਤਿ ਝਾਰਨ ਬ੍ਰਿੰਦ ਮਸਾਲੈਂ[1]।
ਬਾਦਤ ਬਾਜਤਿ ਨਾਦ ਉਠਾਲੇਂ ॥੮॥
ਸਨੈ ਸਨੈ ਚਾਲਤਿ ਪਗ ਡਾਰਤਿ।
ਲੋਕ ਹਜ਼ਾਰਹੁਂ ਦਰਸ ਨਿਹਾਰਤਿ।
ਪ੍ਰੇਮ ਚੰਦ ਕੇ ਸਦਨ ਪ੍ਰਵੇਸ਼ੇ।
ਲੇ ਕਰਿ ਸੰਗ ਬਰਾਤ ਅਸ਼ੇਸ਼ੇ ॥੯॥
ਚੰਦਨ ਚੌਂਕੀ ਕੋ ਡਸਵਾਇ।
ਊਪਰ ਸੇਤ ਬਸਤ੍ਰ ਕੋ ਪਾਇ।
ਤਿਸ ਪਰ ਸਾਦਰ ਗੁਰੂ ਬਿਠਾਏ।
ਅਪਰ ਪੰਕਤੀ ਅਨਿਕ ਲਗਾਏ ॥੧੦॥
ਬਿਚ ਸ਼ੋਭਤਿ ਸ਼੍ਰੀ ਹਰਿਗੋਵਿੰਦ।
ਉਡ ਬ੍ਰਿੰਦਨ ਮਹਿਂ ਚੰਦ ਮਨਿੰਦ।
ਸੂਪਕਾਰ ਤਤਛਿਨ ਚਲਿ ਆਏ।
ਪਰੁਸਨ ਲਾਗਿ ਅਸਨ ਸਮੁਦਾਏ ॥੧੧॥
ਦੂਸਰ ਚੌਂਕੀ ਪਰ ਧਰਿ ਥਾਰ।
ਗੁਰ ਆਗੈ ਖਟ ਰਸਨਿ ਅਹਾਰ।
ਹੁਤੇ ਚਤੁਰ ਤਤਛਿਨ ਸਭ ਆਗੇ।
ਭੋਜਨ ਧਰਜੋ, ਖਾਨ ਗਨ ਲਾਗੇ ॥੧੨॥
ਸ਼੍ਰੀ ਕਰਤਾਰਪੁਰੇ ਕੀ ਨਾਰੀ।
ਚਢਿ ਕੋਠਨਿ ਪਰ ਉਮਡੀ ਸਾਰੀ।
ਪ੍ਰਥਮ ਦਰਸ ਕਰਿ ਦ੍ਵੈ ਕਰ ਜੋਰੇ।
ਬੰਦਨ ਕਰੀ ਸਭਿਨਿ ਗੁਰ ਓਰੇ ॥੧੩॥
ਮਨ ਮੈਂ ਭਯੋ ਅਨੰਦ ਘਨੇਰਾ।
ਗਾਵਨ ਲਗੀ ਸਕਲ ਤਿਸ ਬੇਰਾ।
ਹੁਤੀ ਅਨੁਚਿਤ ਗੁਰੂ ਕੋ ਗਾਰੀ।
ਤਊ ਭਈ ਉਤਸਵ ਬਸਿ ਸਾਰੀ[1]†

[1]ਬਹੁਤੇ ਝਾੜ ਤੇ ਮਸ਼ਾਲਾਂ ਬਾਲਦੇ ਹਨ।

॥੧੪॥

[1]ਸਾਰੀਆਂ (ਇਸਤ੍ਰੀਆਂ ਉਤਸਵ ਦੇ) ਉਤਸਾਹ ਵਸ ਹੋਈਆਂ। †ਇਹ ਅਸੰਭਵ ਹੈ ਕਿ ਨਾਮ ਲੈ ਕੇ ਗੁਰਮੁਖ ਹੋਈਆਂ ਇਸਤ੍ਰੀਆਂ ਜਿਨ੍ਹਾਂ ਬਾਬਤ ਪੰਚਮ ਸਤਿਗੁਰੂ ਜੀ ਨੇ ਸਾਖ ਭਰੀ ਹੈ "ਗੁਰ ਬਾਣੀ ਸਖੀ ਅਨੰਦ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥" ਇਕ ਗੁਰਮੁਖ ਦੇ ਘਰ ਨਾਮ ਦਾਤੇ ਸਤਿਗੁਰੂ ਨੂੰ ਕਦੇ ਬੇਅਦਬੀ ਦੇ ਵਾਕ ਹਾਸੇ ਨਾਲ ਵੀ ਕਹਿ ਸਕਣ। ਇਹ ਰਾਜ ਘਰਾਂ ਦੇ ਵਰਤਾਰੇ ਕਵੀ ਜੀ ਦੱਸ ਰਹੇ ਹਨ, ਜੋ ਕਿ ਉਨ੍ਹਾਂ ਦੇ ਸਾਹਮਣੇ ਵਰਤ ਰਹੇ ਸਨ। ਗੁਰ ਘਰ ਦੇ ਏਹ ਵਰਤਾਰੇ ਨਹੀਂ ਸਨ।

ਲੈ ਲੈ ਨਾਮ ਗਾਇੰ ਗਨ ਗੀਤਾ।
ਸੁਨਿ ਬਰਾਤ ਹਰਖਤਿ ਸਭਿ ਚੀਤਾ।
ਮੁਸਕਾਵਤਿ ਭੋਜਨ ਕੋ ਖਾਤੇ।
ਤਜੇਂ ਤਜੇਂ ਮਦ ਰਿਦੈ ਅਧਿਕਾਤੇ ॥੧੫॥
ਤ੍ਰਿਪਤ ਹੋਇ ਕਰਿ ਪਾਨ ਪਖਾਰੇ।
ਉਠੇ ਜੂਠ ਮਹਿਂ ਧਨ ਗਨ ਡਾਰੇ।
ਬਾਜੇ ਬਜਤਿ ਸਦਨ ਕਹੁ ਆਏ।
ਪੁਨ ਲਾਵਨ ਕੈ ਹੇਤੁ ਬੁਲਾਏ ॥੧੬॥
ਗਮਨੇ ਦੂਲਹੁ ਕਰਜੋ ਅਗਾਰੀ।
ਪਹੁੰਚੇ ਬੇਦੀ ਜਹਾ ਸੁਧਾਰੀ।
ਸੂਰਜਮਲ ਬਿਠਾਈ ਕਰਿ ਖਾਰੇ।
ਪੂਜੇ ਗਣਪਤ ਜੁਤਿ ਗ੍ਰੈਹ ਸਾਰੇ† ॥੧੭॥

†ਦੇਖੋ ਰਾਸ ੪ ਅੰਸੂ ੪ ਅੰਕ ੩੮ ਦੀ ਹੇਠਲੀ ਟੂਕ। ਆਪਿ ਕਵੀ ਜੀ ਗਣਪਤ ਆਦਿ ਨਾ ਪੂਜਣਾਂ ਅਨਿੰਨ ਗੁਰ ਸਿੱਖੀ ਦਾ ਚਿੰਨ ਦੱਸ ਆਏ ਹਨ।

ਤਬਿ ਕੰਨਜਾ ਤਹਿਂ ਆਨਿ ਬਿਠਾਈ।
ਅਭਿਖੇਕਨ ਕਰਿ ਅਗਨਿ ਜਰਾਈ।
ਕਰਿ ਸਭਿ ਰੀਤਿ ਲਏ ਪੁਨ ਫੇਰੇ।
ਦੁਹਿਦਿਸ਼ਿ ਦੇ ਧਨ ਲਾਗ ਘਨੇਰੇ[1] ॥੧੮॥

[1]ਲਾਗ ਦਾ ਧਨ ਬਹੁਤੇ (ਲਾਗੀਆਂ ਨੂੰ) ਦਿੱਤਾ।

ਪੁਨਿ ਨਿਜ ਸਦਨ ਆਨਿ ਸੁਖ ਪਾਏ।
ਪੌਢੇ ਸ੍ਰੀ ਸਤਿਗੁਰ ਸੁਪਤਾਏ।
ਭਈ ਪ੍ਰਭਾਤਿ ਬਜਤਿ ਬਹੁ ਬਾਜੇ।
ਸੌਚ ਸ਼ਨਾਨ ਬਸਤ੍ਰ ਤਨ ਸਾਜੇ ॥੧੯॥
ਸੂਰਜ ਮਲ ਸ਼੍ਰੀ ਤੇਗਬਹਾਦਰ।
ਸੇਵਹਿਂ ਦਾਸ ਬ੍ਰਿੰਦ ਢਿਗ ਸਾਦਰ।
ਭਾਟ ਕਲਾਵਤ ਢਾਢੀ ਆਇ।
ਧਨ ਕੋ ਪਾਇ ਮਹਾਂ ਜਸੁ ਗਾਇ ॥੨੦॥
ਬਹੁ ਬਾਲਿਕ ਹੈਂ ਜਿਨ ਕੇ ਸੰਗ।

ਸੂਰਜਮਲ ਸੁੰਦਰ ਸਰਬੰਗ[1]।
ਬਯ ਲਘੁ ਮਹਿਂ ਸ਼੍ਰੀ ਤੇਗ ਬਹਾਦਰ।
ਪਠੇ ਬੁਲਾਇ ਸਦਨ ਮਹਿਂ ਸਾਦਰ ॥੨੧॥
ਪ੍ਰੇਮ ਚੰਦ ਕੀ ਸੁੰਦਰ ਦਾਰਾ।
ਪਿਖਿ ਜਮਾਤ[1] ਆਨੰਦ ਉਦਾਰਾ।
ਗਨ ਇਸਤ੍ਰੀ ਮਹਿਂ ਤਿਹ ਬੈਠਾਏ।
ਸ੍ਵਾਦਲ ਮਧੁਰ ਅਹਾਰ ਕਰਾਏ ॥੨੨॥
ਲਾਲਚੰਦ ਇਕ ਖੱਤ੍ਰੀ ਤਹਾਂ।
ਤਿਸੀ ਮੇਲ ਮਹਿਂ ਮੇਲੀ ਅਹਾ।
ਬਿਸ਼ਨ ਕੁਇਰ ਤਿਹ ਸੁੰਦਰ ਦਾਰਾ।
ਰੂਪਵਤੀ ਜਿਹ ਭਾਗ ਉਦਾਰਾ ॥੨੩॥
ਗਨ ਤ੍ਰੀਯਨ ਮਹਿਂ ਬੈਠੀ ਤਹਾਂ।
ਤਿਨ ਸ਼੍ਰੀ ਤੇਗਬਹਾਦਰ ਲਹਾ।
ਬੂਝੇ ਕਿਤ ਸਬੰਧ ਨਹਿਂ ਭਯੋ।
ਸੁਨਤਿ ਪ੍ਰਮੁਦਤਿ ਬਿਚਾਰਨ ਕਯੋ ॥੨੪॥
ਗਮਨੀ ਪਤਿ ਕੇ ਢਿਗ ਤਤਕਾਲਾ।
ਅਪਨ ਮਨੋਰਥ ਕਹਜੋ ਸੁ ਢਾਲਾ[1]।
'ਹੇ ਗੁਜਰੀ ਪਿਤ! ਸੁਨਹੁ ਅਨੰਦ।
ਸ਼੍ਰੀ ਗੁਰ ਕੇ ਸਮ ਕੌਨ ਬਿਲੰਦ? ॥੨੫॥
ਜਿਨ ਕੇ ਭਾਗ ਉਦੈ ਜਗ ਥਿਏ।
ਸੇ ਸਨਬੰਧੀ ਗੁਰ ਕੇ ਭਏ।
ਪੰਚ ਬਰਖ ਕੀ ਸੁਤਾ ਹਮਾਰੇ।
ਗੁਰ ਕੇ ਸੁਤ ਹੈਂ ਜੁਗਲ[1] ਕੁਆਰੇ ॥੨੬॥
ਇਨ ਤੇ ਆਛੋ ਥਾਨ ਨ ਕੋਊ।
ਜਹਾਂ ਦੇਹਿਂ ਤਨੁਜਾ ਨਿਜ ਜੋਊ।'
ਲਾਲਚੰਦ ਨੇ ਸੁਨਿ ਸਨਮਾਨੀ।
'ਇਹ ਤੈਂ ਨੀਕੀ ਬਾਤ ਬਖਾਨੀ ॥੨੭॥
ਇਸ ਕਾਰਜ ਮੈਂ ਬਿਲਮ ਨ ਕੀਜੈ।
ਦਿਜ ਕੌ ਆਜ ਤਹਾਂ ਪਠਿ ਦੀਜੈ।'
ਦੰਪਤਿ ਕਹਿ ਇਮ ਆਪਸ ਮਹੀਆ।

[1]ਸਰਬ ਅੰਗਾਂ ਵਿਖੇ।
[1]ਜਵਾਈ ਨੂੰ ਵੇਖਕੇ।
[1]ਚੰਗੀ ਤਰ੍ਹਾਂ ਨਾਲ।
[1]ਦੇ।

ਬਿੱਪ੍ਰ ਬੁਲਾਇ ਪਠਜੋ ਤਬਿ ਤਹੀਆਂ ॥੨੮॥
ਜਹਿਂ ਸਤਿਗੁਰੂ ਦਿਵਾਨ ਲਗਾਏ।
ਨਰ ਬ੍ਰਿੰਦਨ ਮਹਿਂ ਮਹਾਂ ਸੁਹਾਏ।
ਮੁਖ ਪ੍ਰਸੰਨ ਜਨੁ ਕਮਲ ਪ੍ਰਫੂਲਾ।
ਦੇਤਿ ਅਨੰਦ ਸਭਿ ਮੰਗਲ ਮਲਾ ॥੨੯॥
ਬਿੱਪ੍ਰ ਅਸ਼ੀਰਬਾਦ ਕੌ ਦੀਨਾ।
ਤਬਿ ਗੁਰਦਾਸ ਪ੍ਰਿਥਕ ਕਰਿ ਲੀਨਾ।
ਸਕਲ ਬਾਰਤਾ ਕਹਿ ਸਮੁਝਾਈ।
'ਗੁਰ ਸੁਤ ਹਿਤ ਮੈਂ ਆਨਿ ਸਗਾਈ' ॥੩੦॥
ਸੁਨਿ ਗੁਰ ਢਿਗ ਗਮਨਜੋ ਤਬਿ ਭਾਈ।
ਕਹੀ ਬਾਰਤਾ ਬਿੱਪ੍ਰ ਬਤਾਈ।
ਕਰਿ ਸਨਮਾਨ ਬਿਠਾਯਹੁ ਪਾਸ।
ਅਣੀਰਾਇ ਢਿਗ ਪਠਿ ਗੁਰਦਾਸ ॥੩੧॥
'ਬੂਝਹੁ ਆਸ਼ੈ ਕਰਿ ਨਿਰਜਾਸੂ[1]।
ਮਾਨਹਿ ਪ੍ਰਥਮ, ਬਜਾਹ ਹੁਇ ਤਾਸੂ[1]।
ਪੁਨ ਸ਼੍ਰੀ ਤੇਗ ਬਹਾਦਰ ਕਰੈਂ।
ਜਿਮ ਜਗ ਰੀਤਿ ਤਥਾ ਅਨੁਸਰੈ' ॥੩੨॥
ਸੁਨਿ ਗੁਰ ਬਚ ਗਮਨਜ ਗੁਰਦਾਸ।
ਬੈਠ ਅਣੀਰਾਇ ਕੇ ਪਾਸ।
ਜਿਸ ਕੈ ਹਰਖ ਸੋਗ ਨਹਿਂ ਕੋਊ।
ਹਾਨ ਰੁ ਲਾਭ ਸਮਾਨੈ ਦੋਊ ॥੩੩॥
ਉਸਤਤਿ ਨਿੰਦਾ ਮਾਨ ਅਮਾਨਾ।
ਸ਼ੱਤ੍ਰੁ ਮਿੱਤ੍ਰ ਨਿਤ ਲਖਹਿ ਸਮਾਨਾ।
ਬਿਖ ਅੰਮ੍ਰਿਤ ਅਰੁ ਮਾਟੀ ਹੇਮ।
ਸਮ ਜਾਨਹਿ, ਬ੍ਰਿਤਿ ਆਤਮ ਛੇਮ[1] ॥੩੪॥
ਬੈਠਜੋ ਨਿਕਟਿ ਜਾਇ ਗੁਰਦਾਸ।
ਕਹੀ ਸਗਾਈ ਕਰਿਬੇ ਤਾਸ।

[1]ਨਿਰਣਾ।

[1]ਭਾਵ ਅਣੀਰਾਇ ਦਾ।

[1]ਬ੍ਰਿਤੀ ਆਤਮ ਆਨੰਦ (ਵਿਚ) ਹੈ। (ਅ) ਬ੍ਰਿਤੀ ਸੁਖ ਰੂਪ ਆਤਮਾ (ਵਿਚ ਟਿਕ ਰਹੀ ਹੈ)।

ਸਮ ਉਨਮੱਤ[1] ਸੁਨਤਿ ਬਚ ਬੋਲਾ।
ਬ੍ਰਹਮ ਗਜਾਨ ਮਹਿਂ ਸਦਾ ਅਡੋਲਾ ॥੩੫॥

[1]ਮਸਤਾਂ ਵਾਂਗ।

'ਕਹਾਂ ਨਾਮ ਤੁਮ ਕਹਉ ਸਗਾਈ[1]?
ਕੋ ਕਾਰਜ ਸੁਧਰਹਿ ਕਰਿਵਾਈ?'
ਕਹਿ ਸਮੁਝਾਯੋ 'ਰੀਤਿ ਜਗਤ ਕੀ।
ਸਭਿ ਉਤਪੱਤੀ ਅਹੈ ਗ੍ਰਿਹਸਤ ਕੀ ॥੩੬॥

[1]ਸਗਾਈ ਕਿਸ ਦਾ ਨਾਮ ਤੁਸੀਂ ਕਹਿੰਦੇ ਹੋ?

ਜਬਹਿ ਬਜਾਹ ਤਬਿ ਹੁਇ ਘਰਵਾਰੋ।
ਆਗੈ ਬੰਸ ਵਧਹਿ ਪਰਵਾਰੋ।'
ਸੁਨਤਿ ਬਖਾਨਜੋ 'ਮੋਹਿ ਨ ਬਾਛੇ[1]।
ਬਿਨਾ ਗ੍ਰਿਹਸਤ ਤੇ ਹਮ ਇਮਿ ਆਛੇ ॥੩੭॥

[1]ਮੈਨੂੰ ਨਹੀਂ ਚਾਹ।

ਹਰਖ ਸ਼ੋਕ ਕੋ ਮੂਲ ਬਿਸਾਲਾ।
ਜਾਲ ਫਸਾਵਨ ਕੋ ਜੰਜਾਲਾ[1]।
ਅਬਿ ਇਕ ਰਸ ਮਹਿਂ ਬ੍ਰਿਤਿ ਨਿਤ ਝੂਲਤਿ।
ਸਰਬ ਜਗਤ ਸਮਤਾ ਨਹਿਂ ਭੂਲਤਿ' ॥੩੮॥

[1]ਗ੍ਰਿਹਸਤ ਰੂਪੀ) ਜੰਜਾਲ (ਜੀਵ ਨੂੰ) ਫਸਾਉਣ ਦਾ (ਮਾਨੋ) ਜਾਲ ਹੈ।

ਸੁਨਿ ਗੁਰਦਾਸ ਕਰੀ ਤਬਿ ਨਮੋ।
ਗੁਰ ਕੋ ਨਿਕਟਿ ਕਹਜੋ ਤਿਹ ਸਮੋਂ।
ਸ਼੍ਰੀ ਹਰਿ ਗੋਬਿੰਦ ਤਬਹਿ ਬਖਾਨਾ।
'ਸਦਾ ਮਸਤ ਹੀ ਸੋ ਪਹਿਚਾਨਾ ॥੩੯॥
ਅਬਿ ਸ਼੍ਰੀ ਤੇਗ ਬਹਾਦਰ ਧੀਰ।
ਬਾਲ ਆਰਬਲ ਦਿਪਤਿ ਸਰੀਰ।
ਤਿਸ ਮਸਤਕ ਨਿਕਸਾਵਹੁ ਟੀਕਾ।
ਕਰੋ ਸੁਧਾਵਨਿ ਸਮੋ ਸੁ ਨੀਕਾ' ॥੪੦॥
ਤਬਿ ਗੁਰਦਾਸ ਜਾਇ ਕਰਿ ਕਹਜੋ।
ਜਹਿਂ ਸ਼੍ਰੀ ਤੇਗ ਬਹਾਦਰ ਲਹਜੋ।
'ਗੁਰੂ ਹੁਕਮ ਕਰਿਵਾਉ ਸਗਾਈ।
ਹੇਤੁ ਤੁਮਾਰੇ ਸੋ ਚਲਿ ਆਈ' ॥੪੧॥

ਸੁਨਤਿ ਕਹ੍ਯੋ 'ਆਇਸੁ ਗੁਰ ਕੇਰੀ।
ਸਭਿ ਸੁਭਦਾ[1] ਕੋ ਸਕਹਿ ਨ ਫੇਰੀ। [1]ਸ਼ੁਭਤਾ ਦੀ ਦਾਤੀ।
ਮਾਨਹਿਂ ਸਦਾ ਸੀਸ ਧਰਿ ਹਮ ਹੀ।
ਦੇਤਿ ਦਾਤ ਜੋ ਹੋਤਿ ਨ ਕਮ ਹੀ' ॥੪੨॥
ਤਬਿ ਭਾਈ ਨੇ ਗਣਕ[1] ਬੁਲਾਯੋ। [1]ਜੋਤਸ਼ੀ।
ਲੇ ਸਤਿਗੁਰ ਕੇ ਨਿਕਟਿ ਬਿਠਾਯੋ।
ਸੋਧਿ ਮਹੂਰਤ ਭਲੇ ਸੁਨਾਯੋ[†]।

[†]ਇਹਨਾਂ ਤੁਕਾਂ ਵਿਚ ਦੱਸਿਆ ਹੈ ਕਿ ਭਾਈ ਗੁਰਦਾਸ ਜੀ ਨੇ ਗਣਕ (ਜੋਤਸ਼ੀ) ਨੂੰ ਸੱਦ ਕੇ ਗੁਰੂ ਜੀ ਪਾਸ ਭੇਜਿਆ ਤੇ ਮਹੂਰਤ ਸੁਧਾਇਆ ਗਿਆ। ਭਾਈ ਗੁਰਦਾਸ ਜੀ ਸਿੱਖਾਂ ਦੇ ਨਿਸ਼ਚੇ ਨੂੰ ਨਿਰੂਪਨ ਕਰਦੇ ਹੋਏ ਲਿਖਦੇ ਹਨ ਕਿ:- ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ। ਪੂਛਤ ਨ ਜੋਤਕ ਔ ਬੇਦ ਥਿਤ ਵਾਰ ਕਛੂ ਗ੍ਰਿਹ ਔ ਨਿਛੱਤ੍ਰ ਕੀ ਨ ਸ਼ੰਕਾ ਉਰ ਧਾਰੀ ਹੈ। ਜਾਨਤ ਨ ਸਗਨ ਲਗਨ ਆਨ ਦੇਵ ਸੇਵ ਸ਼ਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ। ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਪਾਲਕ ਹੁਇ ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ ॥੪੪੮॥ ਅਜਿਹੇ ਦ੍ਰਿੜ ਨਿਸ਼ਚੇ ਵਾਲੇ ਤੇ ਆਦਰਸ਼ੀ ਸਿੱਖ ਭਾਈ ਗੁਰਦਾਸ ਜੀ ਬਾਬਤ ਇਹ ਕਹਿਣਾ ਕਿ ਉਹਨਾਂ ਜੋਤਸ਼ੀ ਨੂੰ ਸੱਦਿਆ ਤੇ ਗੁਰੂ ਜੀ ਨੇ ਸਾਹਾ ਸੁਧਾਇਆ, ਕਿਸੇ ਤਰ੍ਹਾਂ ਵੀ ਮੰਨਣ ਯੋਗ ਨਹੀਂ, ਹੋ ਸਕਦਾ ਹੈ ਕਿ ਏਹ ਤੁਕਾਂ ਆਖੇਪਕ ਹੋਣ।

ਆਨ ਬਿੱਪ੍ਰ ਕੋ ਤਬਹਿ ਦਿਖਾਯੋ ॥੪੩॥
ਸ਼੍ਰੀ ਹਰਿ ਗੋਵਿੰਦ ਕੋ ਢਿਗ ਸਾਦਰ।
ਆਨਿ ਬਿਠਾਏ ਤੇਗਬਹਾਦਰ।
ਦਿਜ ਨੇ ਦੇਖਿ ਆਨੰਦ ਕੋ ਧਾਰਾ।
ਮੁਖ ਪੰਕਜ ਮਹਿਂ ਦੀਨ ਛੁਹਾਰਾ ॥੪੪॥
ਉਤਸਵ ਮਹਿਂ ਅਤਿ ਉਤਸਵ ਹੋਵਾ।
ਸਭਿ ਬਰਾਤ ਮਿਲਿ ਆਨੰਦ ਜੋਵਾ।
ਬਾਜ ਉਠੇ ਦੁੰਦਭਿ ਸ਼ਦਿਯਾਨੇ।
ਕੌਤਕ ਹੋਤਿ ਅਨੇਕ ਮਹਾਨੇ ॥੪੫॥
ਅਧਿਕ ਦਾਨ ਸਤਿਗੁਰ ਤਬਿ ਦੀਨਾ।
ਮਿਲੇ ਬ੍ਰਿੰਦ ਜਾਚਕ ਧਨ ਲੀਨਾ।
ਸਭਿਨਿ ਬਿਖੈ ਛਾਯੋ ਆਨੰਦ।
ਦਸ ਹੂੰ ਦਿਸ਼ਿ ਜਸੁ ਭਯੋ ਬਿਲੰਦ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸੂਰਜ ਮੱਲ ਬਜਾਹੁ ਸ੍ਰੀ ਤੇਗ ਬਹਾਦਰ ਸਗਾਈ ਕਰਨ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

੮. [ਵਾਪਸ ਆਏ। ਵਲੀਖਾਨ ਦਾ ਨਿਰਾਦਰ]

੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੯

ਦੋਹਰਾ:

ਤੀਨ ਦਿਵਸ ਜਸੁ ਕੇ ਰਚਿਤ[1], ਰਹੇ ਨਗਰ ਕਰਤਾਰ।
ਪ੍ਰੇਮਚੰਦ ਚਿਤ ਪ੍ਰੇਮ ਬਹੁ, ਸੇਵੇ ਬਿਬਿਧ ਪ੍ਰਕਾਰ ॥੧॥

[1]ਜਸ ਦੀ ਰਚਨਾ ਰਚਦੇ ਭਾਵ ਵਿਆਹ ਕਾਰਜ ਜਸ ਵਾਲੇ ਢੰਗ ਨਾਲ ਕਰਦੇ ਰਹੇ (ਅ) (ਵਿਆਹ) ਰਚਦੇ ਤੇ ਜਸ ਖੱਟਦੇ।

ਚੌਪਈ:

ਕਰਨ ਬਿਸਰਜਨ ਹੇਤ ਹਕਾਰੇ।
ਬਾਦਿਤ ਬਜਤਿ ਆਇ ਤਿਸ ਦ੍ਵਾਰੇ।
ਯਥਾ ਸ਼ਕਤਿ ਦਾਇਜ ਧਰਿ ਦੀਨਿ।
ਹਾਥ ਜੋਰਿ ਪੁਨ ਕਹ੍ਯੋ ਪ੍ਰਬੀਨ ॥੨॥
'ਮੋ ਤੇ ਸਰ੍ਯੋ ਨਹੀਂ ਕੁਛ ਕਾਜਾ।
ਰਾਖੀ ਲਾਜ ਗ਼ਰੀਬ ਨਿਵਾਜਾ।
ਇਕ ਦਾਸੀ ਮੈਂ ਦੁਹਿਤਾ ਦਈ।
ਲਖਿ ਅਨਾਥ ਮੈਂ ਕਰੁਨਾ[1] ਭਈ' ॥੩॥

[1]ਮੇਰੇ ਤੇ ਮਿਹਰ।

ਸ਼੍ਰੀ ਹਰਿ ਗੋਵਿੰਦ ਸੁਨਤਿ ਬਖਾਨਾ।
'ਦੁਹਿਤਾ ਦੀਨਿ ਕਹਾਂ ਰਹਿ ਆਨਾ[1]।
ਜਥਾਸ਼ਕਤਿ ਸੇਵਾ ਸਭਿ ਕੀਨਿ।
ਗੁਰ ਸਿੱਖਜਨਿ ਕੀ ਖੁਸ਼ੀ ਸੁ ਲੀਨਿ' ॥੪॥

[1]ਧੀ ਦੇ ਦਿੱਤੀ (ਬਾਕੀ) ਹੋਰ ਕੀ ਰਹਿ ਗਿਆ।

ਸੁਨਿ ਸਤਿਗੁਰ ਕੇ ਬਾਕ ਸੁਹਾਏ।
ਪ੍ਰੇਮ ਚੰਦ ਨਰ ਗਨ ਹਰਖਾਏ।
ਬਹੁਰ ਬਸਤ੍ਰ ਆਨੇ ਸਮੁਦਾਏ।
ਗੁਰ ਸਿੱਖਜਨ ਗਨ ਕੋ ਅਰਪਾਏ ॥੫॥
ਭਾਨਾ ਸਾਹਿਬ ਅਰ ਗੁਰਦਾਸ।
ਇੱਤਜਾਦਿਕ ਜੇ ਸਤਿਗੁਰ ਪਾਸ।
ਸਭਿ ਤੇ ਖੁਸ਼ੀ ਲੀਨਿ ਹਰਿਖਾਯੋ।
ਪ੍ਰੇਮਚੰਦ ਜਸੁ ਚੰਦ ਚਢਾਯੋ ॥੬॥
ਦੁਹਿਤਾ ਕੋ ਬਿਠਾਇ ਕਰਿ ਡੋਰੇ।
ਕਰੇ ਬਿਸਰਜਨ ਕਰ ਜੁਗ ਜੋਰੇ।
[1]ਖੇਮ ਕੌਰ ਨਿਜ ਤਨੁਜਾ ਸਾਥ।

[1]ਕਾਕੀ ਦੀ) ਮਾਂ (ਸੋਭਾ ਦੇਈ) ਅਪਨੀ ਧੀ ਖੇਮ ਕੌਰ ਦਾ ਹੱਥ ਫੜਕੇ ਜੱਫੀ ਪਾਕੇ ਮਿਲਦੀ ਹੈ

ਮਿਲਤਿ ਅੰਕ ਗਹਿ ਜਨਨੀ ਹਾਥ[੪] ॥੭॥
ਆਗੇ ਕਰਿ ਡੋਰੇ ਕਹੁ ਚਾਲੇ।
ਪਾਛੇ ਸੂਰਜਮਲ ਨਰ ਨਾਲੇ।
ਪ੍ਰੇਮਚੰਦ ਜੁਤਿ ਸੋਭਾਦੇਈ[1]।
ਦੰਪਤਿ ਹਟਿ ਸਨਾਥ ਭੇ ਤੇਈ ॥੮॥
ਪੁੱਤ੍ਰ ਸਨੁਖਾ ਆਗੈ ਕਰਿ ਕੈ।
ਗਮਨੇ ਸਤਿਗੁਰ ਵਾਹਿਨ ਚਰਿ ਕੈ।
ਘਨ ਸਮ ਧਨ ਗਨ ਕੋ ਬਰਖਾਵਾ।
ਕੀਰਤਿ ਕਰਤਿ ਜਾਚਕਨਿ ਪਾਵਾ ॥੯॥
ਜਥਾਜੋਗ ਮਿਲਿ ਸਭਿ ਕੇ ਸਾਥ।
ਪਾਛੇ ਸਰਬ ਹਟਾਇਸਿ ਨਾਥ।
ਸਗਲ ਬਰਾਤ ਤਬਹਿ ਚਢਿ ਚਾਲੀ।
ਬਾਦਿਤ ਕੀ ਧੁਨਿ ਊਚਿ ਉਠਾਲੀ ॥੧੦॥
ਸਨੈ ਸਨੈ ਮਾਰਗ ਚਲਿ ਆਏ।
ਨਦੀ ਬਿਪਾਸਾ ਕੋ ਉਲੰਘਾਏ।
ਨਿਸ ਬਸਿ ਨਿਜ ਪੁਰਿ ਆਇ ਪਹੂਚੇ।
ਦੁੰਦਭਿ ਡੰਕ ਹਨੇ ਤਬਿ ਊਚੇ ॥੧੧॥
ਸੁਧਿ ਕੋ ਪਾਇ ਪ੍ਰਮੋਦ ਬਿਸਾਲਾ।
ਇਕ ਥਲ ਭਈ ਨਾਗਰੀ ਜਾਲਾ।
ਸੂਰਜਮਲ ਜਨਨੀ ਹਰਖਾਈ।
ਚਹੁੰਦਿਸ਼ਿ ਤੇ ਸਬਿ ਕਹੈਂ 'ਬਧਾਈ' ॥੧੨॥
ਸਭਿ ਤਯਾਰੀ ਕੀਨਸਿ ਮਰਵਾਹੀ।
ਆਗੇ ਲੇਨਿ ਉਮਗ ਮਨ ਮਾਂਹੀ।
ਗਾਵਤਿ ਗੀਤਨਿ ਮਿਲੀ ਸੁਹਾਗਨ।
ਦੂਲਹੁ ਦੁਲਹਨਿ ਪਿਖਿ ਅਨੁਰਾਗਨ ॥੧੩॥
ਇਤ ਸਤਿਗੁਰ ਲੇ ਕਰਿ ਸੁ ਪ੍ਰਸਾਦਿ।
ਤਖਤ ਅਕਾਲ ਗਏ ਅਹਿਲਾਦਿ।
ਕਰਿ ਕੈ ਨਮੋ ਭਲੇ ਬਰਤਾਇ।
ਪੌਰ ਦਰਸ਼ਨੀ ਗੇ ਸਮੁਦਾਇ ॥੧੪॥
ਥਿਤ ਹ੍ਵੈ ਸ਼੍ਰੀ ਦਰਬਾਰ ਅਗਾਰੀ।

[1]ਨਾਮ ਹੈ ਪ੍ਰੇਮ ਚੰਦ ਦੀ ਇਸਤ੍ਰੀ ਦਾ।

ਹਾਥ ਜੋਰਿ ਅਭਿਬੰਦਨ ਧਾਰੀ।
ਦੂਲਹੁ ਦੁਲਹਨਿ ਆਗੈ ਕਰਿ ਕੈ।
ਦਈ ਪ੍ਰਦਛਨਾ ਚਹੁਂ ਦਿਸ਼ਿ ਫਿਰਿ ਕੈ ॥੧੫॥
ਬਹੁਰ ਨਿਕਸਿ ਭੇ ਗੁਰੁ ਅਸਵਾਰ।
ਬਨੀ ਬਰਾਤ ਚਲੀ ਸਭਿ ਲਾਰ[1]।
ਹਯਨ ਕੁਦਾਵਤਿ ਕੇਤਿਕ ਜਾਤੇ।
ਸ਼੍ਰੀ ਸਤਿਗੁਰੁ ਸਭਿ ਬਿਖੈ ਪ੍ਰਯਾਤੇ[1] ॥੧੬॥
ਪੁਰਿ ਕੇ ਨਰ ਨਾਰੀ ਸਭਿ ਬੰਦਤਿ।
ਉਤਸਵ ਦੇਖਤਿ ਅਧਿਕ ਅਨੰਦਤਿ।
ਮਰਵਾਹੀ ਥਿਤ ਹ੍ਵੈ ਕਰਿ ਪੌਰ।
ਜੁਤਿ ਦਮੋਦਰੀ ਤ੍ਰਿਯ ਗਨ ਔਰ ॥੧੭॥
ਸਹਿਤ ਸੁਨੁਖਾ ਸੁਤ ਕੋ ਹੇਰਾ।
ਕਰਿ ਕੁਲ ਰੀਤਿ ਸਕਲ ਤਿਸ ਬੇਰਾ।
ਲੇ ਅੰਤਰ ਘਰ ਬਿਖੈ ਪਧਾਰੀ।
ਬੈਠਾਰੀ ਉਮਡੀ ਤ੍ਰਿਯ ਸਾਰੀ ॥੧੮॥
ਝੋਰੀ ਦਰਬ ਪਾਇ ਮੁਖ ਦੇਖਾ।
ਕਰਤਿ ਸਰਾਹਨ ਹਰਖ ਵਿਸ਼ੇਖਾ।
ਸਕਲ ਨਿਵੇਸ ਕਰੇ[1] ਸੁਖ ਪਾਏ।
ਸੇਵਾ ਜਥਾਜੋਗ ਕਰਿਵਾਏ ॥੧੯॥
ਭਈ ਬਜਾਹ ਕੀ ਗਾਥਾ ਪੂਰੀ।
ਸੁਨਹੁ ਸਿੱਖ ਆਗੇ ਜਿਮ ਰੂਰੀ।
ਕੇਤਿਕ ਦਿਵਸ ਮੇਲ ਸਭਿ ਰਹਜੋ।
ਪੁਨ ਨਿਜ ਸਦਨ ਗਮਨ ਕੋ ਚਹਜੋ ॥੨੦॥
ਗਯੋ ਨਰਾਇਣ ਦਾਸ ਸ ਬਾਮ[1]।
ਦੁਆਰਾ ਭਾਗਣ ਗਮਨੇ ਧਾਮ।
ਰਾਮਾ ਪਹੁੰਚਜੋ ਨਗਰ ਵਟਾਲੇ।
ਤ੍ਰੇਹਣ ਕੁਲ ਖਡੂਰ ਕੋ ਚਾਲੇ ॥੨੧॥
ਗੋਇੰਦਵਾਲ ਗਏ ਸੁਖ ਪਾਏ।
ਧਰਮਾ ਅਪਨੇ ਸਦਨ ਸਿਧਾਏ।

[1]ਨਾਲ (ਅ) ਕਤਾਰ।
[1]ਜਾਂਦੇ ਹਨ।
[1]ਬਿਸਰਾਮ ਧਰਕੇ।
[1]ਇਸਤ੍ਰੀ ਸਮੇਤ।

ਰਾਮੋ ਜੁਤਿ ਗਾ ਸਾਂਈ ਦਾਸ।
ਅਪਰ ਸਕਲ ਚਲਿ ਪਹੁੰਚਿ[1] ਅਵਾਸ ॥੨੨॥
ਜਥਾਜੋਗ ਦੈ ਦੈ ਉਪਹਾਰ।
ਕਰੇ ਬਿਸਰਜਨ ਗੁਰੂ ਉਦਾਰ।
ਸਾਧੂ ਅਰੁ ਭਾਨਾ ਦ੍ਵੈ ਪਾਸ।
ਰਾਖੇ ਕਹਿ ਕਰਿ ਗੁਰੁ ਸੁਖਰਾਸ ॥੨੩॥
ਅਪਨ ਪੁੱਤ੍ਰ ਕੀ ਜਾਨਿ ਸਗਾਈ।
ਰਿਦੇ ਨਾਨਕੀ ਬਹੁ ਹਰਖਾਈ।
ਸਾਦਰ ਤੇਗ ਬਹਾਦਰ ਹੇਰਹਿ।
ਪ੍ਰਿਤਪਾਰਹਿ, ਕਰਿ ਦੇਹਿ ਬਡੇਰਹਿ[1] ॥੨੪॥
ਸਤਿਗੁਰ ਬਸੇ ਸੁਧਾਸਰ ਪੁਰਿ ਮੈਂ।
ਸੇਵਹਿਂ ਦਾਸ ਗਜ਼ਾਨ ਲਹਿਂ ਉਰ ਮੈਂ।
ਭਗਤੂ ਭਾਈ ਬਹਿਲੋ ਆਦਿ।
ਜਿਨਹੁ ਅਨੰਦ ਕੋ ਪ੍ਰਾਪਤਿ ਸ੍ਵਾਦ ॥੨੫॥
ਛਠੇ ਮਾਸ ਆਵਹਿਂ ਚਲਿ ਜਾਹਿਂ।
ਇਕ ਦੁਇ ਮਾਸ ਬਸਹਿਂ ਗੁਰ ਪਾਹਿ।
ਕੇਤਿਕ ਨਏ ਸਿੱਖਜ ਨਰ ਬਨੈਂ।
ਸੇਵਹਿ ਸਤਿਗੁਰੁ ਸ਼ਰਧਾ ਸਨੈ ॥੨੬॥
ਕੇਤਿਕ ਸਿੱਖਜਨ ਕੇ ਸੁਤ ਆਵਹਿਂ।
ਨਿਕਟਿ ਰਹੈਂ ਗੁਰ ਸੇਵ ਕਮਾਵਹਿਂ।
ਇਸ ਬਿਧਿ ਕੇਤੇ ਦਿਵਸ ਬਿਤਾਏ।
ਬਹੁ ਸਿੱਖਨ ਉਰ ਗਜ਼ਾਨ ਉਪਾਏ ॥੨੭॥
ਸ਼ਾਹਜਹਾਂ ਚਲਿ ਕੈ ਤਿਸ ਕਾਲ।
ਜਹਾਂ ਜਲੰਧਰ ਨਗਰ ਬਿਸਾਲ।
ਆਨਿ ਤਹਾਂ ਤਬਿ ਡੇਰਾ ਘਾਲਾ।
ਲਿਏ ਬਾਹਨੀ ਸਾਥ ਬਿਸਾਲਾ ॥੨੮॥
ਤਹਾਂ ਪੁੱਤ੍ਰ ਇਕ ਅਬਦੁਲ ਖਾਨ।
ਵਲੀ ਖਾਨ ਤਿਸ ਨਾਮ ਬਖਾਨ।
ਪਿਤ ਭ੍ਰਾਤਾ ਜਿਸ ਕੇ ਰਣ ਮਾਰੇ।

[1]ਪਹੁੰਚ ਗਏ।

[1]ਪਾਲਣਾਂ ਕਰ ਰਹੀ ਹੈ ਤੇ (ਉਨ੍ਹਾਂ ਦੀ) ਦੇਹ ਵਧ ਰਹੀ ਹੈ।

ਸ਼ਾਹੁ ਨਿਕਟਿ ਪਹੁੰਚੀ ਨ ਪੁਕਾਰੇ ॥੨੯॥
ਰਹਜੋ ਸੰਭਾਰਤਿ ਅਪਨ ਸਮਾਜਾ।
ਤਿਨ ਜਾਨੀ ਮਨ -ਅਵਸਰ ਆਜਾ।
ਮੇਲ ਸ਼ਾਹੁ ਸੋਂ ਨਿਸ਼ਚੈ ਹੋਵੈ।
ਕਰਿ ਕੈ ਮਿਹਰ ਦ੍ਰਿਸ਼ਟਿ ਕੋ ਜੋਵੈ ॥੩੦॥
ਸਭਿ ਬ੍ਰਿਤਾਂਤ ਮੈ ਦੇਉਂ ਸੁਨਾਏ।
ਪਿਤ ਕੋ ਪਲਟਾ ਲੇਹੁ ਬਨਾਏ-।
ਇਮ ਚਿਤਵਤਿ ਧਨ ਗਨ ਕੋ ਲੈ ਕੈ।
ਚਪਲ ਤੁਰੰਗਨ ਤਜਾਰੀ ਕੈ ਕੈ ॥੩੧॥
ਕੰਚਨ ਜ਼ੀਨ ਜਰਾਉ ਡਾਲੇ।
ਜਿਨ ਪਿਖਿ ਹਰਖਹਿ ਸ਼ਾਹੁ ਬਿਸਾਲੇ।
ਅਪਰ ਵਸਤੁ ਗਨ ਸੁੰਦਰ ਲੀਨਿ।
ਸ਼ਾਹੁ ਜਹਾਂ ਕੋ ਭੇਟ ਸੁ ਦੀਨ ॥੩੨॥
ਕਿਹ ਉਮਰਾਵ ਮਿਲਾਵਨ ਠਾਨਾ।
ਦੇਖਿ ਸ਼ਾਹੁ ਨੇ ਬਾਕ ਬਖਾਨਾ।
'ਅਬਦਲ ਖਾਨ ਮਿਲਜੋ ਨਹਿਂ ਆਇ।
ਨਗਰ ਬਿਖੇ ਨਹਿਂ ਜਾਨਜੋ ਜਾਇ' ॥੩੩॥
ਸ਼ਾਹ ਜਹਾਂ ਤੇ ਸੁਨਿ ਮ੍ਰਿਦੁ ਬਾਨੀ।
ਵਲੀਖਾਨ ਕਰ ਜੋਰਿ ਬਖਾਨੀ।
'ਹਜ਼ਰਤ ਮੋਹਿ ਪਿਤਾ ਜੁਗ ਭ੍ਰਾਤਾ।
ਲੈ ਕਰਿ ਸੈਨ ਸੰਗ ਪ੍ਰਯਾਤਾ[1] ॥੩੪॥
ਹਿੰਦੁਨ ਗੁਰ ਸ਼੍ਰੀ ਹਰਿਗੋਵਿੰਦ।
ਜਹਿਂ ਕਹਿਂ ਕਰਿ ਉਤਪਾਦ ਬਿਲੰਦ।
ਗ੍ਰਾਮ ਰੁਹੇਲੇ[1] ਅਵਨੀ ਰੋਕੀ।
ਤਹਿਂ ਘੇਰੜ ਭਗਵਾਨ ਬਿਲੋਕੀ[1] ॥੩੫॥
ਤਿਨ ਬਰਜਜੋ, ਸੋ ਤਤਛਿਨ ਮਾਰਜੋ।
ਤਿਸ ਕੋ ਸੁਤ ਇਤ ਆਨ ਪੁਕਾਰਜੋ।
ਸੁਨ ਮਮ ਪਿਤਾ ਗਯੋ ਤਿਸ ਥਾਨਾ।
ਲਰਜੋ ਗੁਰੂ ਕੀਨੋ ਘਮਸਾਨਾ ॥੩੬॥

[1]ਗਿਆ ਸੀ।

[1]ਰੁਹੇਲੇ ਪਿੰਡ ਦੀ।

[1]ਭਗਵਾਨ ਦਾਸ ਘੇਰੜ ਨੇ (ਆਪਣੀ ਜ਼ਮੀਨ ਰੋਕੀ) ਹੋਈ ਦੇਖੀ।

ਜੁਗ ਸੁਤ ਜੁਤਿ ਪਿਤ ਹਤਿ ਕਰਿ ਡਾਰਯੋ।
ਲਸ਼ਕਰ ਸੰਗ ਸਕਲ ਹੀ ਮਾਰਯੋ।
ਪ੍ਰਥਮ ਰਹੇ ਸਮੁਝਾਇ ਨ ਮਾਨਯੋ।
ਪਠਯੋ ਦੂਤ ਕੋ ਨਿਠੁਰ ਬਖਾਨਯੋ ॥ ੩੭ ॥
ਚੰਦੂ ਨੰਦਨ, ਘੇਰੜ ਨੰਦਨ।
ਕਰਯੋ ਕਹਰ ਗੁਰ[1] ਕਰੇ ਨਿਕੰਦਨ। [1]ਗੁਰ ਨੇ।
ਤ੍ਰਾਸ ਨ ਪਾਇ ਕਹੂੰ ਤੇ ਸੋਈ।
ਨਰਨ ਹਜ਼ਾਰਨ ਕੀ ਮ੍ਰਿਤੁ ਹੋਈ ॥ ੩੮ ॥
ਸਭਿ ਕੋ ਮਾਰਿ ਬਿਸਾਰਯੋ ਤ੍ਰਾਸ।
ਰਚਯੋ ਨਗਰ ਅਰ ਅਪਨਿ ਅਵਾਸ।'
ਸੁਨਿ ਜ਼ੁਲਮੀ ਕੋ ਸ਼ਾਹ ਰਿਸਾਯੋ[1]। [1]ਕ੍ਰੋਧਵਾਨ ਹੋਇਆ।
ਉਮਰਾਵਨਿ ਪ੍ਰਤਿ ਹੁਕਮ ਅਲਾਯੋ ॥ ੩੯ ॥
'ਬੀਸ ਹਜ਼ਾਰ ਬਾਹਨੀ ਜਾਵੈ।
ਗੁਰ ਕੋ ਪਕਰਿ ਮੋਹਿ ਢਿਗ ਲਯਾਵੈ।
ਬਾਜ ਹੇਤੁ ਮੈਂ ਕੀਨਸਿ ਟਾਰੋ।
ਪੁਨ ਲਰਿ ਮੁਗਲਸਖਾਂ ਰਣ ਮਾਰੋ ॥ ੪੦ ॥
ਜਾਲੰਧਰ ਸੂਬਾ ਬਰਿਆਮੂ[1]। [1]ਬਹਾਦੁਰ।
ਸੈਨਾ ਸਹਤ ਪਠਯੋ ਜਮ ਧਾਮੂ।
ਬਹੁਰ ਦੇਸ਼ ਮਹਿਂ ਪਾਇ ਫਤੂਰ।
ਗੁਰ ਕੇ ਉਰ ਕੋ ਡਰ ਭਾ ਦੂਰ' ॥ ੪੧ ॥
ਇਤਨੇ ਮਹਿਂ ਵਜ਼ੀਰਖਾਂ ਆਯੋ।
ਰਿਸਯੋ ਲਖਯੋ[1], ਕਰ ਜੋਰਿ ਅਲਾਯੋ। [1]ਬਾਦਸ਼ਾਹ ਨੂੰ) ਕ੍ਰੋਧਵਾਨ ਜਾਣਕੇ।
'ਪ੍ਰਥਮ ਸੁਣੀ ਮੈਂ ਇਹ ਬਿਧਿ ਸਾਰੀ।
ਅਬਿ ਰਾਵਰਿ ਢਿਗ ਕਰੌਂ ਉਚਾਰੀ ॥ ੪੨ ॥
ਸਤਿਗੁਰ ਧੀਰ ਰੂਪ ਉਪਕਾਰੀ।
ਸਭਿ ਪਰ ਕਰੁਣਾ ਦ੍ਰਿਸ਼ਟਿ ਨਿਹਾਰੀ।
ਹਿੰਦੂ ਤੁਰਕ ਏਕ ਸਮ ਜਾਨਹਿਂ।
ਸਭਿਹਿਨਿ ਕੋ ਉਪਦੇਸ਼ ਬਖਾਨਹਿਂ ॥ ੪੩ ॥
ਅਲਪ ਗ੍ਰਾਮ ਤਿਸ ਥਾਨ ਨਿਹਾਰਯੋ।

ਡੇਰਾ ਕੇਤਿਕ ਦਿਵਸ ਉਤਾਰਯੋ।
ਤਹਾਂ ਤੁਰਕ ਮਿਲਿ ਆਨ ਉਚਾਰੇ[1]। [1]ਮੁਸਲਮਾਨਾਂ ਨੇ ਆਕੇ ਕਿਹਾ।
ਕਰਹਿਂ ਨਿਵਾਜ ਨ ਥਾਨ ਹਮਾਰੇ ॥੪੪॥
ਸੁਨਿ ਗੁਰ ਤਿਨ ਦੀਨਨਿ ਕੀ ਬਾਨੀ।
ਤਹਾਂ ਮਸੀਤ ਚਿਨਾਵਨਿ ਠਾਨੀ।
ਹਿੰਦੁਨ ਪੱਖੀ ਘੇਰੜ ਭਯੋ।
ਗੁਰ ਕੋ ਗਾਰਿ ਨਿਕਾਰਤਿ ਭਯੋ ॥੪੫॥
ਸੁਤ ਕੋ ਪਠਿ ਕਰਿ ਕੈ ਇਸ ਥਾਨਾ।
ਕਰਯੋ ਚਢਾਵਨਿ ਅਬਦੁਲਖਾਨਾ।
ਜਾਇ ਲਰਯੋ ਤਿਹ ਬਿਨਾਂ ਬਿਚਾਰੇ।
ਹਤੇ ਸੁਭਟ ਦਸ ਚਤੁਰ ਹਜ਼ਾਰੇ ॥੪੬॥
ਕੋ ਮੁਹਿੰਮ ਕਰਿ ਇਨਹੁਂ ਮਰਾਏ।
ਹਜ਼ਰਤ ਕੇ ਕਛੁ ਕਾਮ ਨ ਆਏ।
ਇਕ ਮਸੀਤ ਕੇ ਹੇਤ ਬਿਦਾਰਨ[1]। [1]ਢਾਹੁਣ ਲਈ।
ਕਰਯੋ ਉਪੱਦ੍ਰਵ ਲਸ਼ਕਰ ਗਾਰਨ[1] ॥੪੭॥ [1]ਗਾਲਣ ਦਾ।
ਜੇ ਹਜ਼ਰਤ ਮਰਜ਼ੀ ਇਮ ਹੋਇ।
ਨਹੀਂ ਮਸੀਤ ਰਾਖਨੀ ਸੋਇ।
ਤੌ ਮੋ ਕਹੁ ਅਬਿ ਆਇਸੁ ਦੇਹੂ।
ਮੈਂ ਇਕ ਜਾਇ ਕਰੌਂ ਤਿਸ ਥੇਹੂ ॥੪੮॥
ਇਸ ਕੌ ਚਹੀਐ ਦਈ ਸਜ਼ਾਇ।
ਕਰਹੁ ਦੂਰ ਮੁਖ ਲਗੈ ਨ ਆਇ।
ਘਰ ਖੁਦਾਇ ਹਿਤ ਰਾਰ ਉਠਾਈ।
ਨਾਹਕ ਸੈਨ ਇਤੀ ਮਰਿਵਾਈ' ॥੪੯॥
ਸੁਨਤਿ ਸ਼ਾਹੁ ਉਰ ਮੈਂ ਹਰਖਾਯੋ।
-ਗੁਰ ਖ਼ੁਦਾਇ ਕੋ ਧਾਮ ਬਨਾਯੋ।
ਸ੍ਰੀ ਨਾਨਕ ਤੇ ਆਦਿਕ ਸਾਰੇ।
ਹਿੰਦੁ ਤੁਰਕ ਕੋ ਭੇਦ ਨਿਵਾਰੇ- ॥੫੦॥
ਵਲੀਖਾਨ ਕੋ ਵਹਿਰ ਕਢਾਯੋ।
ਮਨਸਬ ਛੀਨ ਲੀਨਿ ਗਹਿਵਾਯੋ।
ਦਿਯੋ ਦੰਡ ਧਨ ਲਿਯੋ ਘਨੇਰਾ।
ਬਿਸਮਤਿ ਲੋਕ ਹੇਰਿ ਤਿਸ ਬੇਰਾ ॥੫੧॥

ਨਿਸ ਬਿਤਾਇ ਕਰਿ ਸ਼ਾਹਿ ਸਿਧਾਰਾ।
ਜਾਇ ਬਰਜੋ ਲਵਪੁਰੀ ਮਝਾਰਾ।
ਗੁਰ ਕੇ ਗੁਨ ਮਨ ਆਨੇ ਸੋਇ।
ਚੁਗਲੀ ਉਗਲਤਿ ਕਬਹੁਂ ਨ ਕੋਇ
॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸ਼ਾਹੁ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ
॥੮॥

੯. [ਸਿਰੀ ਚੰਦ ਜੀ ਦਰਸ਼ਨ। ਬੁੱਢਣਸ਼ਾਹ]

੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੦

ਦੋਹਰਾ:

ਸ਼੍ਰੀ ਸਤਿਗੁਰ ਕਰਿ ਬਜਾਹੁ ਕੋ,
ਲੇ ਕਰਿ ਪੁੱਤ੍ਰਨਿ ਸੰਗ।
ਹਿਤ ਅਖੇਰ ਕੇ ਤਜਾਰ ਹ੍ਵੈ,
ਗਮਨੇ ਚਢੇ ਤੁਰੰਗ ॥੧॥

ਚੌਪਈ:

ਅਲਪ ਸੈਨ ਲੈ ਸੰਗ ਸਿਧਾਰੇ।
ਚਾਰਹੁਂ ਪੁੱਤ੍ਰ ਹਯਨ ਅਸਵਾਰੇ।
ਸ਼੍ਰੀ ਅੰਮ੍ਰਿਤਸਰ ਕੋ ਤਬਿ ਛੋਰਿ।
ਗਨੇ ਪ੍ਰਭੁ ਗਿਰਨਿ ਕੀ ਓਰ ॥੨॥
ਮਨ ਭਾਵਤਿ ਸੋ ਕਰਤਿ ਅਖੇਰਾ।
ਨਿਸਾ ਪਰੀ ਕਰਿ ਬਾਹਰ ਡੇਰਾ।
ਖਾਨ ਪਾਨ ਕਰਿ ਕੈ ਸੁਪਤਾਏ।
ਪੁੱਤ੍ਰਨ ਜੁਤਿ ਜੇ ਨਰ ਸਮੁਦਾਏ ॥੩॥
ਭਈ ਪ੍ਰਭਾਤਿ ਜਾਗ ਕਰਿ ਥਿਰੇ।
ਸੌਚ ਸ਼ਨਾਨ ਸਮੂਹਨਿ ਕਰੇ।
ਦੇਸ਼ ਮਨੋਹਰ ਪਰਬਤ ਕਾਛੇ[1]।
ਤਿਸੇ ਨਿਹਾਰਨਿ ਸਤਿਗੁਰ ਬਾਂਛੇ[1] ॥੪॥
ਸੁਨਜੋ ਪ੍ਰਥਮ ਹੀ ਤਿਸ ਦਿਸ਼ਿ ਮਾਂਹੀ।
ਸ਼੍ਰੀ ਨਾਨਕ ਨੰਦਨ ਰਹਿ ਤਾਂਹੀ।
ਸਿਰੀ ਚੰਦ ਜਿਨ ਬੈਸ ਬਿਲੰਦੰ।
ਜੋਗ ਬ੍ਰਿਤੀ ਕੋ ਲੇਤਿ ਅਨੰਦੰ ॥੫॥
ਸ਼੍ਰੀ ਹਰਿਗੋਵਿੰਦ ਚਹਜੋ -ਨਿਹਾਰੈਂ।
ਗਮਨੈਂ ਤਿਸ ਹੀ ਦੇਸ਼ ਬਿਹਾਰੈਂ[1]-।
ਇਮ ਚਿਤ ਧਾਰਤਿ ਗਿਰਾ ਉਚਾਰੀ।
'ਤੁਰਨ ਤਜਾਰੀ ਕਰਿ ਅਸਵਾਰੀ' ॥੬॥
ਸੁਨਤਿ ਹੁਕਮ ਕੋ ਸਕਲ ਸੰਭਾਲੇ।
ਜ਼ੀਨ ਤੁਰੰਗਨ ਤਤਛਿਨ ਡਾਲੇ।
ਖਾਨ ਪਾਨ ਕਰਿ ਹਯਨਿ ਅਰੋਹੇ।
ਸੈਨ ਸਹਤ ਸਤ ਚਾਰਹੁਂ ਸੋਹੇ ॥੭॥

[1]ਪਰਬਤ ਦੇ ਕੋਲ ਦਾ ਦੇਸ਼ ਸੋਹਣਾ ਹੈ [ਸੰਸ. ਕੱਛ] ਦੇਖੋ ਹੇਠਾਂ ਪ੍ਰਯਾਯ ਅੰਕ ੫।
[1]ਚਾਹਿਆ।
[1]ਚੱਲ ਵਿਚਰੀਏ।

ਪਰਬਤ ਕੀ ਕਾਛਰ[1] ਕਹੁ ਗਏ।
ਕਿਤਿਕ ਅਖੇਰਨ ਖੇਲਤਿ ਭਏ।
ਬਹੁਰ ਜਹਾਂ ਸ੍ਰੀ ਨਾਨਕ ਨੰਦ।
ਪਹੁੰਚੇ ਤਹਿਂ ਸ੍ਰੀ ਹਰਿਗੋਵਿੰਦ ॥੮॥
ਉਤਰਿ ਤੁਰੰਗ ਤੇ ਲੇ ਸੁਤ ਚਾਰੀ।
ਸਿਰੀ ਚੰਦ ਦਰਸੇ ਤਪ ਧਾਰੀ।
ਚਰਨ ਕਮਲ ਪਰ ਬੰਦਨ ਕੀਨਿ।
ਪੁਨ ਕਰ ਜੋਰਿ ਸਮੁਖ ਆਸੀਨ ॥੯॥
ਪਰਮ ਬ੍ਰਿੱਧ ਜੋਗੇਸ਼ਰ ਹੇਰਾ।
ਸ੍ਰੀ ਬਾਬੇ ਸੁਤ ਕਹਿ ਤਿਸ ਬੇਰਾ।
'ਕਹੁ ਪੁਰਖਾ! ਕੇਤਿਕ ਹੈਂ ਨੰਦ?'
ਤਬਿ ਬੋਲੇ ਸ੍ਰੀ ਹਰਿਗੋਵਿੰਦ ॥੧੦॥
'ਪੰਚ ਹੁਤੇ ਇਕ ਭਾ ਪਰਲੋਕਹਿ।
ਚਤਰ ਆਪ ਕੋ ਦਰਸ ਬਿਲੋਕਹਿਂ।'
ਕਹ੍ਯੋ ਸ੍ਰੀ ਚੰਦ 'ਇਕ ਹਮ ਦੇਹੋ।
ਅਪਰ ਆਪਨੇ ਸੰਗ ਰਖੇ ਹੋ' ॥੧੧॥
ਸੁਨਿ ਕਰਿ ਗੁਰੁ ਸ੍ਰੀ ਹਰਗੋਵਿੰਦ।
ਬਡ ਸੁਤ ਅਰਪ੍ਯੋ ਤਬਿ ਸ੍ਰੀ ਚੰਦ।
ਸ਼ਸਤ੍ਰ ਬਸਤ੍ਰ ਪਹਿਰਾਇ ਨਵੀਨ।
ਢਿਗ ਬਿਠਾਇ ਕਰਿ ਬੰਦਨ ਕੀਨਿ ॥੧੨॥
ਸ੍ਰੀ ਨਾਨਕ ਸੁਤ ਭਯੋ ਪ੍ਰਸੰਨ[1]।
'ਧਰਹੁ ਨੰਮ੍ਰਤਾ ਯਾਂ ਤੇ ਧੰਨ।
ਸਭਿ ਕਿਛ ਲੀਨੋ ਪੂਰਬ ਤੁਮੈ।
ਟੋਪੀ ਰਹੀ ਹੁਤੀ ਇਹੁ ਸਮੈਂ ॥੧੩॥
ਸੋਪਿ[1] ਲਈ ਤੁਮ ਜੁਤਿ ਬਡਿਆਈ।
ਤੁਮਰੀ ਕ੍ਰਿੱਤਿ ਤੁਮੈ ਬਨਿਆਈ[1]।'
ਇਮ ਕਹਿ ਟੋਪੀ ਸਿਰ ਤੇ ਲੀਨਿ।
ਗੁਰਦਿੱਤੇ ਕੇ ਸਿਰ ਧਰਿ ਦੀਨਿ ॥੧੪॥
ਅਪਰ ਪੁੱਤ੍ਰ ਗੁਰ ਕੇ ਲਖਿ ਚਿੱਤਾ।

[1]ਕੱਛ, ਕਛਾਰ = ਨਦੀ, ਸਮੁੰਦਰ ਦੇ ਕੋਲ ਦੀ ਜ਼ਿਮੀਂ। ਇਥੇ ਕਾਛੜ ਪਹਾੜ ਦੇ ਨਦੀ ਤੇ ਲਾਗਲੇ ਇਲਾਕੇ ਲਈ ਵਰਤਿਆ ਹੈ।

[1]ਭਾਵ ਸ੍ਰੀ ਚੰਦ ਜੀ ਨੇ ਪ੍ਰਸੰਨ ਹੋਕੇ ਕਿਹਾ।

[1]ਸੋ ਬੀ।

[1]ਤੁਹਾਡੇ (ਜੇਹੀ) ਕਰਨੀ ਤੁਸਾਂ ਤੋਂ ਹੀ ਸਰ ਆਉਂਦੀ ਹੈ।

ਭਯੋ ਸੁ ਬਾਬੇ ਕੋ ਗੁਰਦਿੱਤਾ[1]।

[1]ਸਿੱਖਾਂ ਨੇ) ਹੋਰ ਪੁੱਤ੍ਰ ਤਾਂ ਗੁਰੂ ਜੀ ਦੇ ਚਿਤ ਵਿਚ ਜਾਣੇ ਤੇ ਸ੍ਰੀ ਗੁਰਦਿੱਤਾ ਜੀ ਬਾਬੇ (ਸ੍ਰੀ ਚੰਦ) ਦੇ ਹੋਏ (ਲਖੇ)।

ਇਹੀ ਬਿਸ਼ੇਸ਼ਨ ਸਭਿ ਜਗ ਲਹੈ।
'ਸ੍ਰੀ ਬਾਬਾ ਗੁਰਦਿੱਤਾ' ਕਹੈਂ[†] ॥੧੫॥

[†]ਭਾਵ ਇਹ ਹੈ ਕਿ ਸ੍ਰੀ ਚੰਦ ਜੀ ਨੂੰ ਆਪਣੀ ਥਾਵੇਂ ਅਸਥਾਪਨ ਕਰਨੇ ਲਈ ਕੋਈ ਯੋਗ ਪੁਰਸ਼ ਨਹੀਂ ਲੱਭਾ, ਫਿਰ ਸਤਿਗੁਰ ਦਾ ਘਰ ਹੀ ਮਹਾਂ ਬਲੀ ਸਮਝਕੇ ਬੇਟਾ ਮੰਗਿਆ। ਸਤਿਗੁਰਾਂ ਨੇ ਅਪਣਾਂ ਟਿੱਕਾ ਪੁੱਤਰ ਦਿੱਤਾ। ਇਸ ਤੋਂ ਦੋ ਸਿੱਟੇ ਨਿਕਲਦੇ ਹਨ, ਇਕ ਤਾਂ ਇਹ ਕਿ ਗੁਰੂ ਜੀ ਬਾਬਾ ਜੀ ਨੂੰ ਗੁਰੂ ਕਾ ਸੁਤ ਤੇ ਗੁਰੂ ਮਤ ਤੇ ਤੁਰਨ ਵਾਲਾ ਹੀ ਸਮਝਦੇ ਸਨ, ਕੇਵਲ ਅਤੀਤ ਰਹਿਣਾਂ ਇਕ ਉਨ੍ਹਾਂ ਦਾ ਅਪਣਾਂ ਸੁਭਾਵ ਸੀ। ਦੂਜੇ ਸ੍ਰੀ ਚੰਦ ਜੀ ਚਾਹੇ ਗੁਰੂ ਅੰਗਦ ਜੀ ਨਾਲ ਖੁਣਸੇ ਸੇ, ਪਰ ਗੁਰਗਾਦੀ ਨੂੰ ਗੁਰ ਨਾਨਕ ਦੀ ਗਾਦੀ ਸਮਝ ਕੇ ਸ੍ਰੀ ਗੁਰੂ ਹਰਿਗੋਵਿੰਦ ਜੀ ਨੂੰ ਗੁਰੂ ਮੰਨਦੇ ਸਨ। ਸਤਿਕਾਰ ਕਰਦੇ ਤੇ ਮਹਾਂ ਬਲੀ ਜਾਣਦੇ ਸੀ, ਅਰ ਕੋਈ ਵਿਖੇਵਾਂ ਮਤ ਭੇਦ ਯਾ ਦ੍ਵੈਖ ਨਹੀਂ ਸੀ, ਇਸ ਕਰਕੇ ਆਪਣੀ ਥਾਵੇਂ ਗੁਰੂ ਸੁਤ ਹੀ ਲੈਕੇ ਸਥਾਪਨ ਕੀਤਾ, ਇਥੋਂ ਤਾਈਂ ਕਿ ਆਪ ਅਤੀਤ ਸੇ ਤੇ ਬਾਬਾ ਗੁਰਦਿੱਤਾ ਜੀ ਗ੍ਰਿਹਸਤੀ ਸੇ, ਗ੍ਰਿਹਸਤੀ ਨੂੰ ਪ੍ਰਵਾਨ ਕੀਤਾ ਅਰ ਉਸ ਤੋਂ ਗ੍ਰਿਹਸਤ ਨਹੀਂ ਤਜਵਾਇਆ। ਅੱਗੋਂ ਉਦਾਸੀ ਸੰਪ੍ਰਦਾ ਬਾਬੇ ਗੁਰਦਿੱਤੇ ਤੋਂ ਹੀ ਤੁਰੀ ਹੈ। ਧੁਇਆਂ ਵਾਲੇ ਸਾਰੇ ਉਨ੍ਹਾਂ ਦੇ ਚੇਲੇ ਹੋਏ ਹਨ, ਇਸ ਤੋਂ ਸਿੱਧ ਹੈ ਕਿ ਉਦਾਸੀ ਸੰਪ੍ਰਦਾ ਤੇ ਸਿੱਖ ਕੌਮ ਦਾ ਵਿਖੇਵਾਂ ਕਦੇ ਨਹੀਂ ਸੀ।

ਨਿੱਧਿ ਸਿੱਧਿ ਤਪ ਬਲ ਤੇ ਭਰੀ।
ਟੋਪੀ ਗੁਰਦਿੱਤੇ ਸਿਰ ਧਰੀ।
ਕੇਤਿਕ ਦਯੋਸ ਰਹੇ ਤਿਨ ਪਾਸ।
ਸੁਨੇ ਭਨੇ ਬਚ ਬਿਬਿਧ ਬਿਲਾਸ ॥੧੬॥
ਚਢੇ ਬੰਦਨਾ ਕਰਿ ਚਲਿ ਆਏ।
ਸਤੱਦ੍ਰਵ ਤਟ ਕੇ ਥਲ ਦਿਖਰਾਏ।
ਬਡੋ ਪੁੱਤ੍ਰ ਸਮੁਝਾਯੋ ਤਬੈ।
'ਨਿਜ ਪੁਰਿ ਕਰਹੁ ਬਸਾਵਨਿ ਅਬੈ'
॥੧੭॥
ਸ੍ਰੀ ਅੰਮ੍ਰਿਤਸਰ ਚਲਿ ਪੁਨ ਆਏ।
ਬਸਿ ਕਰਿ ਕੇਤਿਕ ਦਯੋਸ ਬਿਤਾਏ।
ਜੇਸ਼ਟ ਪੁੱਤ੍ਰ ਰਿਦੈ ਬਹੁ ਪਜਾਰੇ।
ਸਨੇ ਸਨੇਹੁ ਸਰੀਰ ਨਿਹਾਰੇ[1] ॥੧੮॥

[1]ਪ੍ਰੇਮ ਨਾਲ (ਪੁੱਤ੍ਰ ਦੇ) ਸਰੀਰ ਨੂੰ ਦੇਖਦੇ ਹਨ।

ਲਖੀ ਭਵਿੱਖਜਤ ਗਤਿ ਚਿਤ ਮਾਹੂੰ।
ਹੋਨਹਾਰ ਨਹਿਂ ਮਿਟੈ ਕਦਾਹੂੰ।
ਸੁਤ ਤੇ ਨਗਰ ਬਸਾਵਨਿ ਚਾਹਾ।
ਜਥਾ ਗੁਰਨ[1] ਪੁਰਿ ਰਦੇ ਉਮਾਹਾ ॥੧੯॥

[1]ਪਹਿਲੇ) ਗੁਰੂ ਸਾਹਿਬਾਂ ਨੇ।

ਇਕ ਦਿਨ ਨਿਕਟਿ ਬੁਲਾਇ ਬਿਠਾਏ।
ਨੰਮ੍ਰਿ ਹੋਇ ਥਿਰ ਭੇ ਸੁਖ ਪਾਏ।
ਕਹਤਿ ਭਏ 'ਅਬਿ ਕਾਰਜ ਕਰੋ।
ਸੈਲਨ ਦਿਸ਼ਿ ਸਤੱਦ੍ਰਵ ਕੋ ਤਰੋ ॥੨੦॥

ਕੇਤਿਕ ਪਰੇ ਅਪਰ ਗਿਰ ਅਹੈਂ।
ਬੁੱਢਣਸ਼ਾਹੁ ਸੰਤ ਇਕ ਰਹੈ।
ਕਰਤਿ ਪ੍ਰਤੀਖਨ ਧਾਰਤਿ ਧ੍ਯਾਨਾ।
ਤੁਮ ਕੋ ਮਿਲ੍ਯੋ ਚਹੈ ਤਿਸ ਥਾਨਾ'
॥੨੧॥
ਸ਼੍ਰੀ ਗੁਰਦਿੱਤੇ ਸੁਨਿ ਕਰ ਜੋਰੇ।
'ਕਿਮ ਬੈਠ੍ਯੋ ਮੇਲਾ ਕਿਮ ਲੋਰੇ?
ਕਹੌਂ ਕਹਾਂ ਮੈਂ ਤਿਸ ਕੋ ਜਾਇ।
ਕੋ ਕਾਰਜ ਮਿਲਿਬੇ ਹੁਇ ਜਾਇ ॥੨੨॥
ਦਯਾ ਸਿੰਧੁ! ਸਭਿ ਭੇਤ ਬਤਾਵਹੁ।
ਹੋਇ ਗੁਹਯ ਭੀ ਤਊ ਸੁਨਾਵਹੁ।'
ਸੁਨਿ ਸ਼੍ਰੀ ਮੁਖ ਤੇ ਉਚਰਨਿ ਲਾਗੇ।
'ਸ਼੍ਰੀ ਨਾਨਕ ਪਹੁੰਚੇ ਤਹਿਂ ਆਗੇ ॥੨੩॥
ਰਹਤਿ ਹੁਤੋ ਤਹਿਂ ਬੁੱਢਣ ਸ਼ਾਹੂ।
ਅਜਾ[1] ਦੋਇ ਰਾਖਤਿ ਨਿਤ ਪਾਹੂ। [1]ਬੱਕਰੀਆਂ।
ਤਿਨ ਪਯ[1] ਪਾਨਿ ਕਰਤਿ ਸੋ ਰਹੈ। [1]ਦੁੱਧ।
ਤਪ ਮਹਿਂ ਪ੍ਰੀਤਿ ਪ੍ਰਭੁ ਗੁਨ ਕਹੈ ॥੨੪॥
ਬਾਲਾ ਮਰਦਾਨਾ ਸੰਗਿ ਦੋਇ।
ਸ਼੍ਰੀ ਨਾਨਕ ਦੇਖਤਿ ਭਾ ਸੋਇ।
ਲਖੇ ਸੰਤ ਸੇਵਨਿ ਕਰਿ ਚਾਹੂ।
ਅਜਾ ਦੁਗਧ ਆਨਤਿ ਭਾ ਪਾਹੂ ॥੨੫॥
-ਮੈਂ ਬੈਠ੍ਯੋ ਤੁਮ ਚਲਿ ਕਰਿ ਆਏ।
ਉਚਿਤ ਸੇਵ ਕੇ ਯੌਂ ਲਖਿ ਪਾਏ।
ਯਾਂ ਤੇ ਦੁਗਧ ਧਰ੍ਯੋ ਇਹ ਆਨਿ।
ਅਚਹੁ ਸੰਤ ਜੀ ਰੁਚਿ ਕੋ ਠਾਨਿ- ॥੨੬॥
ਸ਼੍ਰੀ ਨਾਨਕ ਸੁਨਿ ਬੂਝਨਿ ਕੀਨਿ।
-ਤਪ ਕੋ ਤਪਤਿ ਸਫਲ ਭੀ ਚੀਨ[1]? [1]ਤੂੰ ਤਪ ਨੂੰ ਤਪਦਾ ਹੈਂ ਕੀ ਇਸਦੀ ਸਫਲਤਾ ਬੀ ਦੇਖੀ ਹੈ?
ਉਪਜੀ ਸ਼ਾਂਤਿ ਕਿ ਨਹਿਂ ਮਨ ਮਾਂਹੀ?
ਜਤਨ ਅਨੇਕ ਕਰਤਿ ਹਿਤ ਜਾਂਹੀ[1]- [1]ਜਿਸ ਵਾਸਤੇ।
॥੨੭॥
ਸੁਨਿ ਊਚੇ ਬਚ ਬੁੱਢਣ ਸ਼ਾਹੂ।

-ਤੁਮਰੋ ਨਾਮ ਸੁਨਿਨਿ ਚਿਤ ਚਾਹੂ-।
ਗੁਰ ਰੁਖ ਲਖ੍ਯੋ ਭਨੈ ਮਰਦਾਨਾ।
-ਇਹੁ ਜਗ ਗੁਰ ਸ਼੍ਰੀ ਨਾਨਕ ਜਾਨਾ ॥੨੮॥
ਜਿਸ ਕੋ ਚਾਹਤਿ ਕੁਛ ਉਪਦੇਸ਼ਾ[1]।
ਤਿਸ ਕੇ ਨਿਕਟਿ ਜਾਤਿ ਜਗਤੇਸ਼ਾ-।
ਸੁਨਤਿ ਨਾਮ ਪਾਇਨ ਪਰ ਪਰਿਓ।
ਕਹ੍ਯੋ ਕਿ -ਮੁਹਿ ਨਿਹਾਲ ਅਬਿ ਕਰਿਓ ॥੨੯॥
ਸੁਨਤਿ ਹੁਤੋ ਜਸੁ ਰਾਵਰ ਕੇਰਾ।
ਮਿਲਿਬੇ ਚਾਹਿਤਿ ਰਹਤਿ ਚਿਤ ਮੇਰਾ।
ਮਨ ਕੀ ਜਾਨਿ ਆਨਿ ਅਬਿ ਮਿਲੇ।
ਕਰੇ ਅਧਿਕ ਤਪ ਸੇ ਫਲ ਫਲੇ ॥੩੦॥
ਅਬਿ ਮਮ ਹੋਇ ਗਯੋ ਕਲਿਆਨ।
ਦਰਸ਼ਨ ਦੀਨਸਿ ਦਯਾ ਨਿਧਾਨ-।
ਇੱਤ੍ਯਾਦਿਕ ਤਬਿ ਬਿਨੈ ਬਖਾਨੀ।
ਸ਼੍ਰੀ ਨਾਨਕ ਬੋਲੇ ਸ਼ੁਭ ਬਾਨੀ ॥੩੧॥
-ਸੱਤਿਨਾਮ ਸਿਮਰਹੁ ਲਿਵਲਾਈ।
ਤਨ ਹੰਤਾ ਕਹੁ ਦੇਹੁ ਉਠਾਈ।
ਮਨ ਇੰਦ੍ਰਿਯ ਸੰਬੰਧ ਜਿ ਹੋਨਾ।
ਇਹ ਬੰਧਨ ਜਾਨਹੁ ਦੁਖ ਜੋਨਾ[1] ॥੩੨॥
ਮਨ ਠਹਿਰਾਵਹੁ ਰਿਦੈ ਮਝਾਰ।
ਨਹਿੰ ਸਬੰਧ ਇੰਦ੍ਰਯ ਸੰਗਿ ਧਾਰਿ[1]।
ਕੂਰਮ ਸਮ ਇਕਠੋ ਹੁਇ ਰਹੈ[1]।
ਨਹੀਂ ਉਥਤ ਇੰਦ੍ਰਯ ਸੰਗ ਲਹੈ[1] ॥੩੩॥
ਤਿਸ ਕੋ ਮੁਕਤਿ ਰੂਪ ਪਹਿਚਾਨ।
ਇਤੋ ਭੇਦ ਲਖਿ ਸਾਧਹੁ ਧ੍ਯਾਨ-।
ਸੁਨਿ ਸਤਿਗੁਰ ਤੇ ਬ੍ਰਿਤੀ ਟਿਕਾਈ।
ਬੁੱਢਣਸ਼ਾਹ ਸਮਾਧਿ ਲਗਾਇ ॥੩੪॥
ਜਬਿ ਬੈਠੇ ਜੁਗ ਜਾਮ ਬਿਤਾਏ।
ਬਾਲੇ ਕਹਿ ਕਰਿ ਲੀਨਿ ਜਗਾਏ।
ਜਬਿ ਸੁਧ ਭਈ ਚਰਨ ਗੁਰ ਗਹੇ।

[1]ਉਪਦੇਸ਼ ਕਰਨਾ।

[1]ਦੁਖਾਂ ਦਾ ਕਾਰਨ, (ਅ) ਜੂਨੀਆਂ ਦੇ ਦੁਖ ਦੇਣ ਵਾਲਾ ਹੈ।

[1]ਮਨ ਦਾ ਸੰਬੰਧ ਇੰਦ੍ਰੀਆਂ ਨਾਲ ਨਾ ਧਾਰੋ।

[1]ਕਛੂ ਵਾਂਙੂ (ਮਨ) ਇਕੱਠਾ ਹੋਯਾ ਰਹੇ।

[1]ਇੰਦ੍ਰੀਆਂ ਦਾ ਸੰਗ ਲੈਕੇ ਉਥਾਨ ਨਾ ਹੋਵੇ।

-ਰਾਖਹੁ ਸੰਗ ਜੋਰਿ ਕਰ ਕਹੇ ॥੩੫॥
-ਤੁਮ ਪ੍ਰਤਾਪ ਤੇ ਮਨ ਟਿਕਿ ਗਇਊ।
ਤਨਕ ਭੇਦ ਸੁਨਿ ਸਭਿ ਕਿਛੁ ਪਇਊ।
ਅੰਮ੍ਰਿਤ ਬਚਨ ਸੁਨੇ, ਬਿਖ ਦ੍ਵੈਤ[1]।
ਦੂਰ ਕਰੀ ਬਡ ਸੰਕਟ ਹੇਤੁ ॥੩੬॥
ਤਜਾਗਜੋ ਜਾਇ ਨ ਸੰਗ ਤੁਮਾਰਾ-।
ਤਬਿ ਸ਼੍ਰੀ ਸਤਿਗੁਰ ਬਾਕ ਉਚਾਰਾ।
-ਅਬਿ ਤੁਵ ਕਾਜ ਗਯੋ ਸਭਿ ਹੋਇ।
ਬੈਠਹੁ ਮਨ ਸਤਿਨਾਮ ਪਰੋਇ ॥੩੭॥
ਅਧਿਕ ਆਰਬਲ ਤੇਰੀ ਅਹੈ।
ਚਿਰੰਕਾਲ ਹਮ ਪਾਛੈ ਰਹੈਂ।
ਤਬਿ ਲੌ ਛਠਮ ਸਰੂਪ ਹਮਾਰੋ।
ਪ੍ਰਾਨ ਅੰਤ ਤਨ ਹੋਇ ਤਿਹਾਰੋ- ॥੩੮॥
ਇਮ ਸੁਨਿ ਬਿਸਮਜੋ ਬੂਝਨ ਲਾਗਾ।
-ਮੈਂ ਕਿਮ ਲਖੌਂ ਧਰੇ ਅਨੁਰਾਗਾ? -।
ਤਬਿ ਸਤਿਗੁਰ ਨੇ ਪਤੇ ਬਤਾਏ।
-ਰਹਹੁ ਪ੍ਰਤੀਖਤਿ ਦੇਉਂ ਸੁਨਾਏ ॥੩੯॥
ਸ਼੍ਰੀ ਗੁਰਦਿੱਤਾ ਗੁਰ ਸੁਤ ਹੋਇ।
ਤੋ ਕਹੁ ਆਨਿ ਮਿਲੈ ਜਬਿ ਸੋਇ।
ਨਗਰ ਬਸਾਵੈ ਸੋ ਤਬਿ ਜਾਨਹੁ।
ਤਬਿ ਲੌਂ ਸਿਮਰਿ ਧਜਾਨ ਕੋ ਠਾਨਹੁ ॥੪੦॥
ਨਿਤ ਮਨ ਥਿਰਤਾ ਕੋ ਸਿਧ ਕਰੀਅਹਿ।
ਪਰੇ ਦ੍ਵੈਤ ਕੇ ਬੰਧਨ ਹਰੀਅਹਿ-।
ਇਮ ਕਹਿ ਸ਼੍ਰੀ ਨਾਨਕ ਪ੍ਰਸਥਾਨੇ।
ਤਬਿ ਕੋ ਤਹਾਂ ਧਜਾਨ ਸੋ ਠਾਨੇ ॥੪੧॥
ਗੁਰ ਗੁਰ ਸਿਮਰਤ ਕਰਤਿ ਉਡੀਕਾ।
ਭਯੋ ਮਹਾਂ ਸ਼ੁਧਿ ਜਿਸ ਉਰ ਨੀਕਾ।
ਤਿਸ ਕੋ ਮਿਲਹੁ ਕਰਹੁ ਪੁਨ ਡੇਰਾ।
ਨਗਰ ਬਸਾਵਹੁ ਆਪਨ ਕੇਰਾ ॥੪੨॥
ਜਥਾ ਰਚੇ ਪੁਰਿ ਬਡੇ ਹਮਾਰੇ।
ਤਿਮ ਤੁਮ ਰਚਹੁ ਅਪਨ ਪੁਰਿ ਭਾਰੇ।

[1]ਵਿਹੁ ਰੂਪ ਦ੍ਵੈਤ।

ਹਮਰੇ ਹੋਵਤਿ ਹੀ ਰਚਿ ਲੀਜਹਿ।
ਕੇਤਿਕ ਬਾਸ ਅਪਨ ਤਹਿਂ ਕੀਜਹਿ ॥੪੩॥
ਪੁਨ ਤੁਵ ਸੰਤਤਿ ਗਾਦੀ ਲੇਹਿ।
ਬਸਹਿ ਕਾਲ ਚਿਰ ਸਹਤ ਸਨੇਹ।
ਇਸ ਕਾਰਜ ਹਿਤ ਗਮਨ ਕਰੀਜੈ।
ਅਬਿ ਸ਼ੁਭ ਸਮੋ ਨਗਰ ਰਚਿ ਲੀਜੈ' ॥੪੪॥
ਸ਼੍ਰੀ ਗੁਰਦਿੱਤਾ ਸੁਨਿ ਬਿਧਿ ਸਾਰੀ।
ਹਰਖਤਿ ਤੁਰਤ ਕਰੀ ਤਬਿ ਤਯਾਰੀ।
ਧਨ ਗਨ ਸ਼੍ਰੀ ਸਤਿਗੁਰ ਤੇ ਲੀਨਿ।
ਤੀਨ ਮਾਤ ਕੋ ਬੰਦਨ ਕੀਨਿ ॥੪੫॥
ਪੁਨ ਦਰਬਾਰ ਪ੍ਰਕਰਮਾਂ ਫਿਰਿ ਕੈ।
ਹਾਥ ਜੋਰਿ ਅਭਿਬੰਦਨ ਕਰਿ ਕੈ।
ਚਢਿ ਗਮਨਜੋ ਸਭਿ ਸ਼ਸਤ੍ਰ ਲਗਾਏ।
ਨੱਤੀ ਸਯੰਦਨ ਚਢੀ ਚਲਾਏ ॥੪੬॥
ਧੀਰ ਮੱਲ ਕੋ ਲੀਨੇ ਗੋਦ।
ਅਧਿਕ ਦੁਲਾਰਤਿ ਕਰੇ ਪ੍ਰਮੋਦ।
ਤੀਨ ਨਿਸਾ ਬਸਿ ਪਹੁੰਚੇ ਜਾਇ।
ਸੰਗ ਮਸੰਦ ਦਾਸ ਸਮੁਦਾਇ ॥੪੭॥
ਡੇਰਾ ਕੀਨਿ ਸੈਲ ਕੇ ਤੀਰ।
ਤੰਬੂ ਤਾਨ ਥਿਰੇ ਬਰ ਬੀਰ।
ਇਕ ਦੁਇ ਦਿਵਸ ਪ੍ਰਮੁਦਤਿ ਗੁਜ਼ਾਰੇ।
ਪੁਰਿ ਹਿਤ ਖੋਜਹਿਂ ਥਾਨ ਨਿਹਾਰੇ ॥੪੮॥
ਊਪਰ ਪਰਬਤ ਕੇ ਤਬਿ ਗਏ।
ਬੁੱਢਣਸ਼ਾਹ ਬਿਲੋਕਤਿ ਭਏ[1]।
ਸ਼੍ਰੀ ਨਾਨਕ ਬਚ ਸਿਮਰਤਿ ਸੋਈ।
-ਗੁਰ ਸੁਤ ਆਇ ਦੁਗਧ ਲੇ ਜੋਈ[1] ॥੪੯॥
ਬ੍ਰਿੱਧ ਮਹਾਂ ਤਨ ਕੌ ਤਬਿ ਤਯਾਗੌਂ।
ਸ਼੍ਰੀ ਗੁਰ ਕੇ ਦਰਸ਼ਨ ਅਨੁਰਾਗੌਂ-।

[1]ਦੇਖੋ।

[1]ਆਕੇ ਜੋ ਦੁੱਧ (ਮੇਰੇ ਕੋਲੋਂ) ਲਏ।

ਘੋਰੇ ਪਰ ਹ੍ਵੈ ਕੈ ਅਸਵਾਰ।
ਸ਼੍ਰੀ ਗੁਰਦਿੱਤਾ ਚਢੇ ਪਹਾਰ ॥੫੦॥
ਕੁਛਕ ਪਰੇ ਕਾਨਨ ਕੋ ਹੇਰਾ।
ਅਜਾ[1] ਚਰਾਵਤਿ ਸ਼ੇਰ ਬਡੇਰਾ। [1]ਬੱਕਰੀਆਂ।
ਬੁੱਢਣਸ਼ਾਹ ਪਰੇ ਤਬਿ[†] ਬੈਸਾ। [†]ਪਾ:-ਪਰਬਤ ਪਰ।
ਤਪ ਮੂਰਤਿ ਧਾਰੀ ਹੁਇ ਜੈਸਾ ॥੫੧॥
ਪਰਮ ਬ੍ਰਿੱਧ ਜਰਜਰੀ ਸ਼ਰੀਰ।
ਪਿਖਿ ਸ਼੍ਰੀ ਗੁਰਦਿੱਤਾ ਕਹਿ ਧੀਰ।
'ਉਠਹੁ ਸੰਤ ਜੀ! ਪੈ[1] ਮੁਝ ਦੀਜੈ। [1]ਦੁੱਧ।
ਗੁਰ ਸੁਤ ਅਹੌਂ ਛੁਧਤਿ ਲਖਿ ਲੀਜੈ' ॥੫੨॥
ਬਾਨੀ ਸੁਨਤਿ ਅਨੰਦ ਬਿਲੰਦੇ।
ਉਠਿ ਤੂਰਨ ਹੀ ਜੁਗ ਪਦ ਬੰਦੇ।
ਗਹਿ ਰਕਾਬ ਕੋ ਤਰੇ ਉਤਾਰੇ।
ਬੈਠਾਰੇ ਤ੍ਰਿਣ ਛਿਤ ਕੁਛ ਡਾਰੇ ॥੫੩॥
ਆਨਿ ਅਜਾ ਕੋ ਦੁਗਧ ਪਿਲਾਯੋ।
ਪੂਰਬ ਕੋ ਪ੍ਰਸੰਗ ਸਭਿ ਗਾਯੋ।
ਸ਼੍ਰੀ ਗੁਰਦਿੱਤੇ ਸੁਨਿ ਕਰਿ ਕਹ੍ਯੋ।
'ਨਗਰ ਬਸਾਵਨਿ ਕੋ ਹਮ ਚਹ੍ਯੋ ॥੫੪॥
ਕਹਾਂ ਰਚਹਿਂ ਸੋ ਦੇਹੁ ਬਤਾਈ?
ਕੁਛ ਆਗਲ ਸੁਧਿ ਕਹੋ ਬੁਝਾਈ।
ਸ਼੍ਰੀ ਨਾਨਕ ਕੇ ਮੇਲੀ ਅਹੇ।
ਚਿਰੰਕਾਲ ਤਪ ਤਾਪਤਿ ਰਹੇ' ॥੫੫॥
ਸੁਨਿ ਬੋਲ੍ਯੋ ਤਬਿ ਬੁੱਢਣਸ਼ਾਹੁ।
'ਸਤਿਗੁਰ ਕਹ੍ਯੋ ਸਕਲ ਤੁਮ ਪਾਹੁ।
ਕੁਛਕ ਅਹੈ ਮੋ ਤੇ ਸੁਨਿ ਲੀਜੈ।
ਇਸ ਗਿਰ ਨਿਕਟਿ ਨਗਰ ਕੋ ਕੀਜੈ ॥੫੬॥
ਇਹਾਂ ਨਿਵਾਸ ਤੁਮਾਰੋ ਹੋਏ।
ਸ਼੍ਰੀ ਗੁਰੁ ਸੰਗ ਆਇ ਸਭਿ ਕੋਇ।
ਕਰਿ ਸੰਗ੍ਰਾਮ[1] ਪਹੂਚਹਿਂ ਇਹਾਂ। [1]ਜੰਗ ਕਰਕੇ।
ਹੋਹਿਂ ਤੁਰਕ ਸੰਘਾਰਨ ਮਹਾਂ ॥੫੭॥

ਤਨ ਤਜਿ ਗੁਰ ਪਰਲੋਕ ਪਧਾਰੈਂ।
ਤੁਮਰੋ ਸੁਤ ਬਹੁ ਸੁਜਸੁ ਬਿਥਾਰੈ।
ਪੁਰਿ ਮਹਿਂ ਬਾਸਹਿਂਗੇ ਚਿਰਕਾਲ।
ਸਿੱਖੀ ਕੋ ਬਿਸਤਰਹਿਂ ਬਿਸਾਲ ॥੫੮॥
ਸ਼੍ਰੀ ਨਾਨਕ ਬਚ ਸਿਮਰਨ ਧਰੌਂ।
ਸ਼੍ਰੀ ਹਰਿ ਗੋਵਿੰਦ ਦਰਸ਼ਨ ਕਰੌਂ।
ਗੁਰ ਕਰੁਨਾ ਤੇ ਕੀਨਿ ਕਮਾਈ[1]।
ਨਿਕਟਿ ਪਹੂਚੌਂ ਚਰਨ ਮਨਾਈ' ॥੫੯॥
ਇਮ ਕਹਿ ਰਹਯੋ ਮੌਨ ਕੋ ਠਾਨਿ।
ਸ਼੍ਰੀ ਗੁਰਦਿੱਤੇ ਸੁਨਿ ਸਭਿ ਕਾਨ।
ਉਤਰੇ ਗਿਰ ਤੇ ਤਬਿ ਚਲਿ ਆਇ।
ਲਗੇ ਬਿਲੋਕਨਿ ਥਾਨ ਸੁਹਾਇ ॥੬੦॥
ਕਾਰੀਗਰ ਮਜੂਰ ਬੁਲਿਵਾਏ।
ਸੱਤਿਨਾਮ ਕਹਿ ਗੁਰੂ ਮਨਾਏ।
ਬਾਂਟਯੋ ਸਭਿ ਮਹਿਂ ਬਹੁ ਮਿਸ਼ਟਾਨ।
ਟੱਕ ਲਗਾਯੋ ਅਪਨੇ ਪਾਨ ॥੬੧॥
ਰਚਨ ਲਗੇ ਕਾਰੀਗਰ ਘਨੇ।
ਸੁੰਦਰ ਮੰਦਿਰ ਬਹੁ ਬਿਧਿ ਚਿਨੇ।
ਜਹਿਂ ਕਹਿਂ ਤੇ ਗਨ ਲੋਕ ਬਸਾਏ।
ਗੁਰਪੁਰਿ ਜਾਨਿ ਭਏ ਸਮੁਦਾਏ ॥੬੨॥
ਸ਼੍ਰੀ ਗੁਰਦਿੱਤਾ ਸਭਿ ਸੁਖ ਦੈ ਕੈ।
ਨਰ ਸਕੇਲਿ ਕਰਿ ਤਹਾਂ ਬਸੈ ਕੈ।
ਬਸੇ ਆਪ ਭੀ ਬਹੁ ਸੁਖ ਪਾਇ।
ਸਭਿ ਕੀ ਸੁਧਿ ਸੰਭਾਰਿ ਚਿਤ ਲਾਇ ॥੬੩॥
ਧਰੇ ਗਰਭ ਨੱਤੀ ਬਡਭਾਗਨ।
ਬਸਹਿ ਸਦਾ ਪਤਿ ਕੀ ਅਨੁਰਾਗਨ।
ਪਾਤਸ਼ਾਹਿ ਸਪਤਮੇ[1] ਪ੍ਰਸੂਤ।
ਬਧਤਿ ਚੰਦ ਸਮ ਗਰਭ ਸਪੂਤ[1] ॥੬੪॥

[1]ਮੈਂ) ਕਮਾਈ ਕੀਤੀ ਹੈ।

[1]ਭਾਵ ਸ਼੍ਰੀ ਹਰਿਰਾਏ ਜੀ।

[1]ਪਵਿੱਤ੍ਰਤਾ ਵਾਲਾ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸ਼੍ਰੀ ਗੁਰਦਿੱਤਾ ਬੁੱਢਣਸ਼ਾਹ ਮਿਲਣ ਔ ਨਗਰ ਬਸਾਵਣ ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥੯॥

੧੦. [ਵਡਾਲੀ ਸੂਰ ਮਾਰਿਆ]

੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੧

ਦੋਹਰਾ:

ਧਾਰਜੋ ਗਰਭ ਸਪੁੱਤ੍ਰ ਕੋ, ਬਧਜੋ ਸੁ ਅਧਿਕ ਅਨੰਦ।
ਸ਼੍ਰੀ ਗੁਰਦਿੱਤਾ ਚਿਤ ਵਿਖੈ, ਚਿਤਵਜੋ - ਅਬਿ ਹੁਇ ਨੰਦ ॥੧॥

ਚੌਪਈ:

ਇਸ ਨਮਿੱਤ ਕਰਿ ਨਗਰ ਬਸਾਯਹੁ।
'ਗੁਰੁ ਕੀਰਤਿ ਪੁਰਿ' ਨਾਮ ਅਲਾਯਹੁ[1]।
ਮਨ ਮਹਿਂ ਇਹੀ ਮਨੋਰਥ ਰਾਖਾ।
ਇਸੀ ਪੁੱਤ੍ਰ ਹਿਤ ਰਚਿ ਪੁਰਿ ਕਾਂਖਾ[1]†- ॥੨॥

[1]ਗੁਰਕੀਰਤ ਪੁਰ' ਨਾਮ ਧਰਿਆ ਭਾਵ ਗੁਰ ਦੇ ਜਸ ਵਾਲਾ ਸ਼ਹਿਰ।

[1]ਇੱਛਾ ਧਾਰਕੇ। †ਭਾਵ, ਬਾਬਾ ਜੀ ਨੂੰ ਹੋਣਹਾਰ ਦਾ ਪਤਾ ਸੀ ਕਿ ਗੁਰ ਗਾਦੀ ਦਾ ਮਾਲਿਕ ਹੁਣ ਇਥੇ ਉਨ੍ਹਾਂ ਦੇ ਗ੍ਰਿਹ ਜਨਮੇਗਾ। (ਅ) ਪਿਤਾ ਗੁਰੂ ਜੀ ਨੇ ਇਸੇ ਪੁੱਤ੍ਰ ਵਾਸਤੇ ਨਗਰ ਬਨਾਉਣ ਦੀ ਇੱਛਾ ਕੀਤੀ ਸੀ। ਦੇਖੋ ਅੰਸੂ ੯ ਦਾ ਅੰਕ ੧੯।

ਸੁਖ ਕੇ ਸਹਤ ਬਸੇ, ਦਿਨ ਟਾਰੇ।
ਖਿਲਹਿਂ ਅਖੇਰ ਹੋਹਿਂ ਅਸਵਾਰੇ।
ਸੁਭਟ ਸੰਗ ਚਢਿ ਬਿਚਰਹਿਂ ਬਾਹਰ।
ਦਿਨ ਪ੍ਰਤਿ ਬਸਜੋ ਨਗਰ ਭਾ ਜ਼ਾਹਰ ॥੩॥
ਉਤ ਸ਼੍ਰੀ ਹਰਿਗੋਵਿੰਦ ਕੀ ਗਾਥਾ।
ਸੁਨਹੁ ਸੰਤ ਸਿਖ ਪ੍ਰੀਤੀ ਸਾਥਾ।
ਸੁਭਟਨ ਬ੍ਰਿੰਦ ਸਕੇਲਨਿ ਕਰੈਂ।
ਆਯੁਧ ਵਿੱਦਯਾ ਮਹਿਂ ਹਿਤ ਧਰੈਂ ॥੪॥
ਛੋਰਹਿਂ ਬਾਨ ਤੁਫੰਗਨ ਭਰਿ ਭਰਿ।
ਹਤਹਿਂ ਨਿਸ਼ਾਨੌਂ ਆਗੈ ਧਰਿ ਧਰਿ।
ਕਬਹੁਂ ਅਖੇਰ ਬ੍ਰਿੱਤ ਕੋ ਕਰੈਂ।
ਮ੍ਰਿਗਨ ਉਧਾਰੈਂ ਪ੍ਰਾਨ ਜਿ ਹਰੈਂ ॥੫॥
ਸਿਖ ਸੰਗਤਿ ਚਹੁਂ ਦਿਸ਼ਿ ਤੇ ਆਵਹਿਂ।
ਮਨ ਬਾਂਛਤਿ ਗੁਰ ਤੇ ਬਰ ਪਾਵਹਿਂ।
ਕੀਰਤਿ ਕਿਧੌਂ ਮਾਲਤੀ ਫੂਲੀ।
ਪੰਕਤਿ ਕਿਧੌਂ ਮਰਾਲਨ ਭੂਲੀ ॥੬॥

ਕਿਧੌਂ ਚੰਦ੍ਰਿਕਾ ਜਗਤ ਬਿਥਾਰੀ।
ਪਾਰਦ ਸਮ ਉਚਰਹਿਂ ਨਰ ਨਾਰੀ।
ਚਹੁੰਦਿਸ਼ਿ ਮਹਿਂ ਜਹਿਂ ਕਹਾਂ ਸੁਹੇਲੀ[1]। [1]ਸੁਖਦਾਇਕ।
ਰਾਇਬੇਲ[1] ਕੈ ਖਿਰੀ ਚੰਬੇਲੀ ॥੭॥ [1]ਰਵੇਲ।
ਜੋਧਾ ਗੁਰੂ ਮਹਾਂ ਉਪਕਾਰੀ।
ਰਿਦੈ ਗ੍ਯਾਨ ਘਨ[1] ਸਦ ਇਕਸਾਰੀ। [1]ਇਕਰਸ ਗਿਆਨ।
ਦੇਸ਼ ਬਿਦੇਸ਼ਨਿ ਸਗਲ ਜਹਾਨ।
ਤੁਰਤ ਸਹਾਇਕ ਹੁਹਿਂ ਸੁਖਦਾਨ ॥੮॥
ਅਨਿਕ ਕਾਮਨਾ ਹਲਤਿ ਮਝਾਰੀ[1]। [1]ਇਸ ਲੋਕ ਵਿਚ।
ਪੂਰਵਹਿਂ ਸਿੱਖਨਿ ਬਿਰਦ ਸੰਭਾਰੀ[1]। [1]ਸਿਖਾਂ ਦੀਆਂ ਕਾਮਨਾਂ ਪੂਰਦੇ ਹਨ (ਆਪਣਾ) ਬਿਰਦ ਸੰਭਾਲਕੇ।
ਪਲਤ[1] ਬਿਖੈ ਨਿਜ ਸੇਵਕ ਸਾਰੇ। [1]ਪ੍ਰਲੋਕ।
ਜਮ ਪੀਰਾ ਤੇ ਲੇਤਿ ਉਬਾਰੇ ॥੯॥
ਜਾਨਹਿਂ ਜਗ ਮਹਿਂ ਪੀਰ ਅਨੇਕ।
ਗੁਰ ਬਡ ਸਮਰਥ ਜਲਧਿ ਬਿਬੇਕ[1]। [1]ਜਗਤ ਦੇ ਅਨੇਕਾਂ ਪੀਰ ਗੁਰੂ ਜੀ ਨੂੰ ਵੱਡੇ ਸਮਰਥ ਤੇ ਗਿਆਨ ਸਾਗਰ ਜਾਣਦੇ ਹਨ।
ਸਿੱਧ ਤਪੇ ਪੰਡਿਤ ਬ੍ਰਹਮਚਾਰੀ।
ਪ੍ਰਭੁ ਮਾਰਗ ਕੇ ਜੇ ਹਿਤਕਾਰੀ ॥੧੦॥
ਨਾਨਾ ਬਿਧਿ ਜੇ ਸ਼ਕਤਿ ਧਰੈਯਾ।
ਸਭਿ ਸਤਿਗੁਰੁ ਕੀ ਚਹਤਿ ਸਹੈਯਾ[1]। [1]ਸਹਾਇਤਾ।
ਸ਼ਰਨੀ ਪਰਜੋ ਆਨਿ ਕਰਿ ਜੋਊ।
ਦੁਹਿ ਲੋਕਨਿ ਸੁਖ ਪਾਵਤਿ ਸੋਊ ॥੧੧॥
ਬਖਸ਼ੇ ਸ਼੍ਰੀ ਗੁਰੁ ਅਮਰ ਅਨੇਕ।
ਰਾਮਦਾਸ ਗੁਰ ਦੀਨਿ ਬਿਬੇਕ।
ਸ਼੍ਰੀ ਅਰਜਨ ਤੇ ਗ੍ਯਾਨ ਜਿ ਲਹੇ।
ਇਨਹੁਂ ਬਿਖੇ ਜੀਵਤਿ ਜੇ ਰਹੇ ॥੧੨॥
ਸਭਿ ਆਵਹਿਂ ਗੁਰ ਕੇ ਦਰਬਾਰ।
ਦਰਸ਼ਨ ਪਰਸਿ ਲਹੈਂ ਸੁਖਸਾਰ।
ਕੇਤਿਕ ਗੁਰ ਕੇ ਨਿਕਟਿ ਰਹੰਤੇ।
ਕੇਚਤਿ ਘਰ ਦੇਸ਼ਨਿ ਬਿਚਰੰਤੇ ॥੧੩॥
ਸਿੱਖਜ ਬਨਾਵਹਿਂ ਜਹਿਂ ਕਹਿਂ ਜਾਇ।
ਬਿਸਥਾਰਹਿਂ ਸਿੱਖੀ ਸਭਿ ਥਾਇਂ।
ਭਾਈ ਬਹਿਲੋ ਭਗਤੂ ਆਦਿਕ।

ਦੇਸ਼ ਬਿਦੇਸ਼ ਕਰਹਿਂ ਸਿਖ ਸਾਦਿਕ[1] ॥੧੪॥
ਇਮ ਗੁਰ ਸਿੱਖਜਨਿ ਕੇ ਬਹੁ ਸਿੱਖ।
ਹੋਹਿਂ ਲਖਹਿਂ ਸਭਿ ਭੂਤ ਭਵਿੱਖ।
ਸਾਹਿਬ ਭਾਨਾ ਗੁਰੁ ਢਿਗ ਰਹੈ।
ਸੇਵਤਿ, ਬਾਕ ਸੁਨੈ ਅਰੁ ਕਹੈ ॥੧੫॥
ਬ੍ਰਿੰਦ ਮਸੰਦ ਬਿਲੰਦ ਅਨੰਦਤਿ।
ਧਨ ਕੋ ਆਨਿ ਗੁਰੂ ਪਦ ਬੰਦਤਿ।
ਚਹੁੰਦਿਸ਼ਿ ਤੇ ਬਹੁ ਗੁਰ ਕੀ ਕਾਰ।
ਚਲੀ ਆਇ ਕੁਛ ਵਾਰ ਨ ਪਾਰ ॥੧੬॥
ਤਿਮ ਹੀ ਖਰਚ ਹਮੇਸ਼ ਵਿਸ਼ੇਸ਼ੂ।
ਕਾਰ ਚਲਾਇਂ ਮਸੰਦ ਅਸ਼ੇਸ਼ੂ।
ਕਰਹਿਂ ਤੁਰੰਗ ਖਰੀਦਨ ਭਾਰੇ।
ਬਰਤਹਿ ਦੇਗ ਅਚਹਿਂ ਨਰ ਸਾਰੇ ॥੧੭॥
ਜਗ ਮਹਿਂ ਦੋਨਹੁਂ ਵਸਤੂ ਸਾਰ।
ਦੇਗ਼ ਰੁ ਤੇਗ਼ ਕਰਨਿ ਜੈਕਾਰ।
ਸੋ ਗੁਰ ਘਰ ਮਹਿਂ ਭਈ ਉਦਾਰਾ।
ਜਿਹ ਪਿਖਿ ਬਿਸਮ ਰਹ੍ਯੋ ਜਗ ਸਾਰਾ ॥੧੮॥
ਇਕ ਦਿਨ ਸਤਿਗੁਰ ਚਢੇ ਸ਼ਿਕਾਰ।
ਭਏ ਸੰਗ ਤਬਿ ਸੁਭਟ ਹਜ਼ਾਰ।
ਬਿਧੀਆ, ਜੇਠਾ, ਸਾਹਿਬ ਭਾਨਾ।
ਸਾਧੂ ਪੈਂਦੇਖਾਨ ਪਯਾਨਾ ॥੧੯॥
ਇੱਤਜਾਦਿਕ ਸਭਿ ਗੁਰ ਕੇ ਸੰਗ।
ਚਲੇ ਕੁਦਾਵਤਿ ਚਪਲ ਤੁਰੰਗ।
ਪ੍ਰਾਤਿ ਹੁਤੀ ਬਿਚਰੇ ਉਦਿਯਾਨ।
ਜਬਿ ਲੌਂ ਘਾਮ ਨ ਭਯੋ ਮਹਾਨ ॥੨੦॥
ਹਨੇ ਸਸੇ ਸੂਕਰ ਉਠਿਵਾਏ।
ਗ੍ਰਾਮ ਵਡਾਲੀ ਕੋ ਚਲਿ ਆਏ।
ਜਾਨਿ ਤਪਤ ਕੋ ਉਤਰ ਪਰੇ ਹੈਂ।
ਨਾਨਾ ਭਾਂਤਿ ਅਹਾਰ ਕਰੇ ਹੈਂ ॥੨੧॥
ਸ਼੍ਰੀ ਹਰਿ ਗੋਵਿੰਦ ਜਨਮ ਸਥਾਨ।

[1]ਸਿਦਕ ਵਾਲੇ, ਸੱਚੇ।

ਜਿਸ ਦੇਖਨਿ ਤੇ ਪੁੰਨ ਮਹਾਨ।
ਗਏ ਸਕਲ ਹੀ ਦਰਸ਼ਨ ਕਰਿਬੇ।
ਬੰਦਨ ਕਰਹਿਂ ਭਾਉ ਵਡ ਧਰਿਬੇ ॥੨੨॥
ਭਾਨਾ, ਸਾਧੂ ਆਦਿਕ ਜਾਇ।
ਭਈ ਭੀਰ ਪਿਖਿ ਆਨੰਦ ਪਾਇ।
ਸਭਿਨਿ ਸੁਨਾਇ ਗੁਰੂ ਤਬਿ ਕਹੇ।
'ਇਹ ਠਾਂ ਜਨਮ ਸੁ ਖੇਲਤਿ ਰਹੇ ॥੨੩॥
ਰਿੰਙਮਾਣ ਹੁਇ ਅਜਰ ਬਿਹਾਰੇ[1]।
ਸਨੇ ਸਨੇ ਚਲਿ ਪਗ ਬਲ ਧਾਰੇ।'
ਸੁਨਿ ਭਾਨੇ ਕਰ ਜੋਰਿ ਬਖਾਨਾ।
'ਜਿਮ ਬ੍ਰਿਜ ਬਿਚਰੇ ਪਾਵਨ ਥਾਨਾ ॥੨੪॥
ਤਥਾ ਭੂਮਿਕਾ ਇਹੀ ਸੁਹਾਵੈ।
ਦਰਸ਼ਨ ਤੇ ਅਘ ਓਘ ਨਸਾਵੈਂ।'
ਤਹਾਂ ਟਿਕੇ ਕੀਨਸਿ ਬਿਸਰਾਮੂ।
ਜਬਿ ਦਿਨ ਰਹਜੋ ਸਵਾ ਇਕ ਜਾਮੂ ॥੨੫॥
ਕੂਪ ਛਿਹਰਠੇ ਕੋ ਚਲਿ ਗਏ।
ਭੰਗ ਪਾਨ ਕਰਿ[†] ਸੋਚਨ ਕਿਏ।
ਅਧਿਕ ਘਾਮ ਤੇ ਕਰਹਿਂ ਸ਼ਨਾਨ।
ਜਲ ਸਰੀਰ ਪਰ ਪਾਇ ਮਹਾਨ ॥੨੬॥
ਨਿਰਮਲ ਤੇ ਬਹੁ ਸੀਤਲ ਭਏ।
ਮਨ ਭਾਵਤਿ ਜਲ ਊਪਰ ਪਏ।
ਬਸਤ੍ਰ ਸ਼ਸਤ੍ਰ ਪਹਿਰਤਿ ਸਵਧਾਨ।
ਸੋਭਤਿ ਸੁਭਟਨ ਸਾਥ ਮਹਾਨ ॥੨੭॥
ਇਕ ਰਾਹਕ[1] ਚਲਿ ਕਰਿ ਤਬਿ ਆਯੋ।
ਹਾਥ ਜੋਰਿ ਕਰਿ ਬਾਕ ਸੁਨਾਯੋ।
'ਮਹਾਂਰਾਜ! ਇਕ ਸੂਕਰ[1] ਭਾਰਾ।
ਕਰਹਿ ਸਦਾ ਕ੍ਰਿਖਿ ਬ੍ਰਿੰਦ ਉਜਾਰਾ'

[1]ਵੇਹੜੇ ਵਿੱਚ ਰਿੜ੍ਹਦੇ ਹੁੰਦੇ ਸਾਂ।

[†]ਪਾ:-ਅਚ ਸਖਾ ਸਭਿ। ਭੰਗ ਪੀਣਾ ਅਸੀਂ ਪਿੱਛੇ ਦੱਸ ਆਏ ਹਾਂ ਕਿ ਤਦੋਂ ਨਹੀਂ ਸੀ ਟੁਰਿਆ। ਦੇਖੋ ਰਾਸ ੪ ਅੰਸ ੪੪ ਅੰਕ ੧੧ ਦੀ ਹੇਠਲੀ ਟੂਕ।

[1]ਜ਼ਿਮੀਂਦਾਰ।

[1]ਸੂਰ।

॥੨੮॥
ਸ਼੍ਰੀ ਹਰਿਗੋਵਿੰਦ ਸੁਨਤਿ ਅਨੰਦੇ।
ਚਢੇ ਤੁਰੰਗਮ ਬਲੀ ਬਿਲੰਦੇ।
ਰਾਹਕ ਆਗੈ ਕੀਨਿ ਪਯਾਨੇ।
ਸੁਭਟ ਪਿਛਾਰੀ ਚਢਿ ਪ੍ਰਸਥਾਨੇ ॥੨੯॥
ਝਾਰ ਤਰੇ ਥਿਰ ਜਾਇ ਨਿਹਾਰਾ।
ਸੁਨਤਿ ਸ਼ਬਦ ਸ਼ੂਕਰ ਭਭਕਾਰਾ।
ਨਿਕਸਿ ਵਹਿਰ ਕੋ ਭਾਜਯੋ ਘਨੋ।
ਸ਼੍ਰੀ ਹਰਿਗੋਵਿੰਦ ਮਘਵਾ[1] ਮਨੋ ॥੩੦॥
[1]ਇੰਦਰ।
ਗ੍ਰਸਯੋ ਚੰਦ ਕੋ ਦੌਰਯੌ ਰਾਹੂ[1]।
[1]ਚੰਦ੍ਰਮਾਂ ਨੂੰ ਗ੍ਰਸਕੇ ਰਾਹੂ ਜਿਵੇਂ ਦੌੜਿਆ ਸੀ (ਤਿਵੇਂ ਰਾਹੂ ਰੂਪ ਸੂਰ ਦੌੜਿਆ)।
ਚਹਤਿ ਛੁਰਾਇ ਨ ਛੋਰਹਿ ਤਾਹੂ।
ਤਬਿ ਸਤਿਗੁਰ ਪੈਂਦਾ[1] ਲਲਕਾਰਾ।
[1]ਪੈਂਦੇ ਨੂੰ।
'ਜਾਨ ਨ ਪਾਵੈ ਸ਼ੂਕਰ ਭਾਰਾ' ॥੩੧॥
ਸ਼੍ਰੀ ਗੁਰ ਕਰਯੋ ਤੁਰੰਗਮ ਧੀਰਾ।
ਬੇਗ ਕਰਯੋ ਪੈਂਦੇ[1] ਬਰ ਬੀਰਾ।
[1]ਘੋੜਾ) ਕਾਹਲਾ ਕੀਤਾ ਪੈਂਦੇ ਨੇ।
ਕੇਤਿਕ ਦੂਰ ਪਿਛਾਰੀ ਗਯੋ।
ਕਰੇ ਨੇਰ ਸ਼ੂਕਰ ਥਿਰ ਭਯੋ ॥੩੨॥
ਤੋਮਰ ਹਿਤ ਮਾਰਨ ਸੰਭਾਰਾ।
ਰਿਸਯੋ ਕੋਲ[2] ਅਰ ਰਹਯੋ ਜੁਝਾਰਾ[1]।
[1]ਸੂਰਮਾ (ਪੈਂਦਾ) ਅੜ ਰਹਿਆ।
ਘੁਰ ਘੁਰ ਕਰਤਿ ਸਮੁਖ ਕੋ ਆਯੋ।
ਲਗਯੋ ਨ ਪੈਂਦ[1] ਪ੍ਰਹਾਰ ਚਲਾਯੋ ॥੩੩॥
[1]ਪੈਂਦੇ ਨੂੰ ਨਾ ਲਗਾ।
ਹਯ ਕੇ ਕਰੀ ਚੋਟ ਤਤਕਾਲਾ[1]।
[1]ਸੂਰ ਨੇ) ਘੋੜੇ ਨੂੰ ਚੋਟ ਕੀਤੀ।
ਘਾਇਲ ਹ੍ਵੈ ਨਹਿਂ ਗਯੋ ਸੰਭਾਲਾ।
ਬਿਖਮ ਭੂਮਿਕਾ ਮਹਿਂ[1] ਤਬਿ ਘੋਰਾ।
[1]ਔਖੀ ਥਾਂ ਵਿਚ।
ਡਰ ਪਥਕਯੋ[1] ਪਿਖਿ ਸ਼ੂਕਰ ਘੋਰਾ[2] ॥੩੪॥
[1]ਡਰਕੇ ਤ੍ਰਬਕਿਆ। [2]ਭਿਆਨਕ।
ਗਿਰਯੋ ਪੈਂਦਖਾਂ ਨਹਿਨ ਸੰਭਾਰਯੋ।
ਗੁਰ ਧਵਾਇ ਹਯ, ਜਬਹਿ ਨਿਹਾਰਯੋ।
ਖੜਗ ਨਿਕਾਸੇ ਜਬਿ ਨਿਯਰਾਵਾ।
ਰੁਪਯੋ ਕੋਲ ਸਨਮੁਖ ਹੀ ਆਵਾ ॥੩੫॥
ਖਰੀ ਦੂਰ ਸਭਿ ਚਮੂੰ ਨਿਹਾਰੈ।

ਗੁਰੂ ਬਿਨਾਂ ਅਬਿ ਕੋ ਨਹਿਂ ਮਾਰੈ।
ਅਤਿਸ਼ੈ ਨਿਕਟਿ ਆਇ ਜਬਿ ਗਯੋ।
ਹਤਨ ਪ੍ਰਹਾਰ ਤੁਰੰਗ ਕੋ ਭਯੋ ॥੩੬॥
ਇਕ ਰਕਾਬ ਕੇ ਹੁਇ ਕਰਿ ਭਾਰ।
ਸਤਿਗੁਰ ਕੀਨਸਿ ਖੜਗ ਪ੍ਰਹਾਰ।
ਲਗਯੋ ਪ੍ਰਿਸ਼ਟ ਮਹਿਂ ਭਯੋ ਦੁਖੰਡ[1]।
ਕਿਮ ਅਟਕਹਿ ਬਲਿ ਤੇਗ ਪ੍ਰਚੰਡ ॥੩੭॥

[1]ਦੋ ਟੋਟੇ।

ਸਾਧੂ ਭਾਨਾ ਤਤਛਿਨ ਆਏ।
ਮਾਸਲ[1†] ਬਲੀ ਕੋਲ ਦਿਖਰਾਏ[2]।

[1]ਮਾਸਲ = ਮਾਸ ਵਾਲਾ ਭਾਵ ਮੋਟੀ। [2]ਦੇਖਿਓ ਨੇ।
[†]ਪਾ:-ਮਹਾਂ ਸੁ।

ਨਿਕਸਿ ਬਦਨ ਤੇ ਅਗਨਿ ਸਰੀਖਾ[1]।
ਗੁਰੂ ਅਰ ਇਕ ਭਾਨੇ ਕਹੁ ਦੀਖਾ ॥੩੮॥

[1](ਸੂਰ ਦੇ) ਮੂੰਹ ਵਿਚੋਂ ਕੋਈ ਅੱਗ ਵਰਗਾ (ਵਜੂਦ) ਨਿਕਲਿਆ।

ਸ਼੍ਰੀ ਹਰਿਗੋਵਿੰਦ ਕੇ ਪਦ ਬੰਦੇ।
ਚਲ੍ਯੋ ਚਹਤਿ ਚਿਤ ਅਧਿਕ ਅਨੰਦੇ।
ਬੂਝ੍ਯੋ ਭਾਨੇ ਸਾਹਿਬ ਤਬੈ।
'ਅਹੈਂ ਕੌਨ?, ਮੁਹਿ ਕੋ ਕਹੁ ਸਬੈ' ॥੩੯॥
ਸੁਨਿ ਤਿਨ ਅਪਨਿ ਪ੍ਰਸੰਗ ਸੁਨਾਯੋ।
ਜਿਸ ਤੇ ਕੋਲ ਜਨਮ ਕੋ ਪਾਯੋ।
'ਸ਼੍ਰੀ ਅਰਜਨ ਕੋ ਮੈਂ ਸਿਖ ਭਾਰੀ।
ਮਾਤ ਗੰਗ ਜਬਿ ਬੀੜ ਪਧਾਰੀ ॥੪੦॥
ਗਯੋ ਬਤਾਵਤਿ ਆਗੇ ਤਹਾਂ।
ਬ੍ਰਿਧ ਸਾਹਿਬ ਜੀ ਬੈਠੇ ਜਹਾਂ।
ਪਿਖਿ ਸਜੰਦਨ ਕੋ ਗਿਰਾ ਉਚਾਰੀ।
-ਗੁਰ ਘਰ ਨੇ ਭਾਜੜ ਕਿਤ ਧਾਰੀ? - ॥੪੧॥
ਸੁਨਿ ਮੈਂ ਕੋਪ ਕੀਨਿ ਲਖਿ ਬੈਠਾ[1]।
ਜਾਨਿ ਅਜੋਗ ਨਾਕ ਮੈਂ ਐਂਠਾ[1]।
-ਰਾਹਕ! ਤੂੰ ਗਵਾਰ ਹੀ ਰਹ੍ਯੋ।
ਗੁਰ ਘਰਨੀ ਕਹੁ ਸਮੁਝਿ ਨ ਕਹ੍ਯੋ

[1]ਬਾਬੇ ਬੁੱਢੇ ਜੀ ਨੂੰ) ਬੈਠਾ ਦੇਖਕੇ।
[1]ਨੱਕ ਵੱਟਿਆ (ਤੇ ਮੈਂ ਆਖਿਆ)।

॥ ੪੨ ॥
ਨਹੀਂ ਸੁਭਾਵ ਜਾਤਿ ਕੋ ਜਾਵੈ।
ਉਚਿਤ ਨ ਜਾਨੈ, ਤਊ ਅਲਾਵੈ-।
ਪਿਖਿ ਮਮ ਕੋਪ ਸ੍ਰਾਪ ਤਬਿ ਦੀਨਾ।
-ਪਰਹੁ ਨੀਚ ਸ਼ੂਕਰ ਤਨ ਪੀਨਾ[1]- [1]ਮੋਟਾ ਤਨ।
॥ ੪੩ ॥
ਸੁਨਿ ਮੈਂ ਸ੍ਰਾਪ ਰਿਦੇ ਪਛੁਤਾਏ।
-ਬ੍ਰਿਧ ਕੋ ਬਾਕ ਸਾਚ ਹੁਇ ਜਾਏ-।
ਹੋਇ ਦੀਨ ਮੈਂ ਬੂਝ ਫੇਰਾ।
-ਸ੍ਰਾਪ ਅੰਤ ਕਬਿ ਹੁਇ ਹੈ ਮੇਰਾ? -
॥ ੪੪ ॥
ਮਮ ਬਿਨਤੀ ਸੁਨਿ ਕਰੁਨਾ ਧਰੀ।
ਸ੍ਰਾਪ ਅੰਤ ਭਾਖ੍ਯੋ ਤਿਸ ਘਰੀ।
-ਸ਼੍ਰੀ ਗੁਰ ਅਰਜਨ ਕੇ ਹੁਇੰ ਨੰਦ।
ਆਯੁਧ ਧਾਰਨਿ ਬਿਖੈ ਬਿਲੰਦ ॥ ੪੫ ॥
ਕਰਤਿ ਅਖੇਰ ਤੋਹਿ ਕਹੁ ਮਾਰੈਂ।
ਤਨ ਬਿਰਾਹ ਤੇ[1] ਤਬਹਿ ਉਧਾਰੈਂ-। [1]ਸੂਰ ਦੇ ਸਰੀਰ ਤੋਂ।
ਤਬਿ ਕੋ ਮੈਂ ਸ਼ੂਕਰ ਤਨ ਪਾਇ।
ਬਿਚਰਤਿ ਰਹ੍ਯੋ ਵਡਾਲੀ ਥਾਇੰ ॥ ੪੬ ॥
ਅਬਿ ਸਤਿਗੁਰ ਨੇ ਆਨਿ ਉਧਾਰਾ[1]। [1]ਮੁਕਤ ਕੀਤਾ।
ਖਿਲਤਿ ਅਖ਼ੇਰ ਮੋਹਿ ਕੋ ਮਾਰਾ।'
ਇਮ ਕਹਿ ਪਰਮ ਗਤੀ ਕਹੁ ਗਯੋ।
ਭਾਨਾ ਸਾਧੂ ਸੁਨਿ ਬਿਸਮਯੋ ॥ ੪੭ ॥
ਤਹਾਂ ਦਮਦਮਾ ਕੁਛ ਬਨਿਵਾਇ[†]। [†]ਇਥੇ ਪਹਿਲੇ ਦਮਦਮਾ ਸੀ ਹੁਣ ਗੁਰਦਵਾਰਾ ਬਣ ਗਿਆ ਹੋਇਆ ਹੈ ਤੇ ਨਾਮ ਦਮਦਮਾ ਸਾਹਿਬ ਹੀ ਹੈ।
ਬੈਠੇ ਪੈਂਦਾ ਲੀਨਿ ਬੁਲਾਇ।
ਬੂਝੀ ਕੁਸ਼ਲ ਕੀਨਿ ਸਨਮਾਨਾ।
ਕਿਤਿਕ ਦੇਰਿ ਮਹਿਂ ਕੀਨਿ ਪਯਾਨਾ
॥ ੪੮ ॥
ਭਾਨੇ ਸਾਥ ਕਥਤਿ ਗਥ ਆਏ।
'ਜੋ ਸਿਖ ਬ੍ਰਿਧ ਕੀ ਨਿੰਦ ਅਲਾਏ।
ਸੁਨਿ ਕੈ ਸ੍ਰਾਪ ਸਭਿਨਿ ਦੁਖ ਮਾਨਾ।

ਸੋ ਤਨ ਧਰਿ ਮ੍ਰਿਗ ਪੰਛੀ ਨਾਨਾ ॥੪੯॥
ਹਿਤ ਅਖੇਰ ਕੇ ਤਿਨਹਿਂ ਸੰਘਾਰੋਂ।
ਅਘ ਮਿਟਾਇ ਕਰਿ ਸਿੱਖ ਉਧਾਰੋਂ।'
ਇਮ ਕਹਿ ਸੁਧਾ ਸਰੋਵਰ ਆਏ।
ਬੈਠਿ ਅਕਾਲ ਤਖਤ ਛਬਿ ਪਾਏ ॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਅਖੋਰ ਪ੍ਰਸੰਗ' ਬਰਨਨੰ ਨਾਮ ਦਸਮੋ ਅੰਸੂ ॥੧੦॥

੧੧. [ਸ਼ਿਕਾਰ। ਬਾਸਰਕੇ ਤੇ ਬੀੜ ਦਰਸ਼ਨ]

੧੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੨

ਦੋਹਰਾ:

ਇਸ ਬਿਧਿ ਹਰਿਗੋਵਿੰਦ ਗੁਰੁ, ਕਰਤਿ ਬਿਲਾਸ ਉਲਾਸ[1]।
ਦਾਸਨਿ ਕੇ ਹਰਿ ਤ੍ਰਾਸ ਕੋ, ਦੈਂ ਆਪਨਿ ਭਰਵਾਸ ॥੧॥

[1]ਆਨੰਦ ਨਾਲ।

ਚੌਪਈ:

ਏਕ ਦਿਵਸ ਸ਼੍ਰੀ ਅੰਮ੍ਰਿਤਸਰ ਕੇ।
ਤਟ ਪਰ ਬੈਠੇ ਮੱਜਨ ਕਰਿ ਕੇ।
ਦੁਖਭੰਜਨਿ ਬਦਰੀ ਅਸਥਾਨ।
ਸੁਭਟ ਮਸੰਦ ਸਿੱਖ ਤਹਿਂ ਆਨਿ ॥੨॥
ਸਤਿਗੁਰ ਕੇ ਚਹੁਂ ਗਿਰਦ ਸੁਹਾਏ।
ਜਥਾ ਚੰਦ ਪਰਵਾਰਨਿ ਪਾਏ[1]।
ਦੁਖ ਭੰਜਨਿ ਕੋ ਸਕਲ ਪ੍ਰਸੰਗ।
ਭਾਨਾ ਬੂਝਤਿ ਭਾ ਗੁਰੁ ਸੰਗ ॥੩॥

[1]ਜਿਵੇਂ ਚੰਦ ਨੂੰ ਪਰਵਾਰ ਪਿਆ ਹੁੰਦਾ ਹੈਂ।

ਸ਼੍ਰੀ ਹਰਿ ਗੋਵਿੰਦ ਤਬਹਿ ਬਖਾਨਾ।
'ਇਸ ਬਦਰੀ ਤੇ ਤੀਰਥ ਜਾਨਾ।
ਕੁਛ ਚੌਥੇ ਸਤਿਗੁਰ ਕਰਿ ਗਏ।
ਸ਼੍ਰੀ ਗੁਰੁ ਪੰਚਮ ਖੋਜਤਿ ਭਏ ॥੪॥
ਰਾਜ ਸੁਤਾ ਕੁਸ਼ਟੀ ਪਤਿ ਧਰਜੋ।
ਆਪਿ ਜਾਇ ਕਿਤ ਮਾਂਗਨਿ ਕਰਜੋ।
ਬਾਇਸ ਕੋ ਪਿਖਿ ਕੁਸ਼ਟੀ ਗਿਰਜੋ।
ਜਲ ਮੱਜਨ ਤੇ ਭਾ ਤਨ ਹਰਜੋ[1] ॥੫॥

[1]ਨਵਾਂ ਨਿਰੋਆ।

ਆਇ ਪਿਖਜੋ ਪਰਤੀਤ ਨ ਧਰੈ।
-ਅਪਰ ਪੁਰਖ ਇਹੁ[1] -ਸ਼ੰਕਾ ਕਰੈ।
ਸ਼੍ਰੀ ਸਤਿਗੁਰ ਜੀ ਨਿਕਟਿ ਸਿਧਾਰੀ।
ਸਗਰੀ ਗਾਥਾ ਦੁਹਿਨਿ ਉਚਾਰੀ ॥੬॥

[1]ਇਹ ਓਪਰਾ ਆਦਮੀ ਹੈ।

ਸੁਨਿ ਪ੍ਰਸੰਨ ਹੁਇ ਗੁਰ ਤਬਿ ਕਹਾ।
-ਤੇਰੋ ਪਤਿ ਇਹੁ ਕੁਸ਼ਟੀ ਅਹਾ।
ਚਲਿ ਹਮ ਕੋ ਸੋ ਥਾਨ ਦਿਖਾਵਹੁ।

ਮਨ ਬਾਂਛਤਿ ਬਰ ਹਮ ਤੇ ਪਾਵਹੁ-
॥ ੭ ॥
ਆਇ ਸੰਗ ਲੇ ਗੁਰੁ ਕੋ ਇਹਾਂ।
ਕਰਜੋ ਬਿਲੋਕਨ ਤੀਰਥ ਮਹਾਂ।
ਬਦਰੀ ਕੋ ਦੁਖਭੰਜਨਿ ਨਾਮ।
ਸ਼੍ਰੀ ਗੁਰ ਪਿਤ ਰਾਖਜੋ ਅਭਿਰਾਮ†
॥ ੮ ॥
ਕਰਿਵਾਈ ਪਾਕੀ ਸੌਪਾਨ[1]।
ਸ਼੍ਰੀ ਹਰਿਮੰਦਿਰ ਬੀਚ ਮਹਾਨ।
ਕੁਸ਼ਟਿ ਤ੍ਰਿਯਾ ਨੇ ਜਾਚਜੋ ਬਰ ਕੋ।
-ਪ੍ਰਭੂ ਜੀ! ਦਿਹੁ ਸਮਾਜ ਸਭਿ ਘਰ
ਕੋ- ॥ ੯ ॥
ਤਬਿ ਸਤਿਗੁਰ ਤ੍ਰਿਯ ਪਿਤਾ ਬੁਲਾਯੋ।
ਪੱਟੀ† ਪੁਰਿ ਜਿਨ ਰਾਜ ਕਮਾਯੋ।
ਨਿਕਟਿ ਬਿਠਾਇ ਪ੍ਰਸੰਗ ਸੁਨਾਵਾ।
-ਪਤਿਬ੍ਰਤ ਤੇਰੀ ਸੁਤਾ ਕਮਾਵਾ
॥ ੧੦ ॥
ਪਤਿ ਕੁਸ਼ਟੀ ਕੇ ਰਹਿ ਕਰਿ ਸੰਗ।
ਅਬਿ ਇਹ ਭਯੋ ਰੋਗ ਬਿਨ ਅੰਗ।
ਤੂੰ ਸੁਤ ਹੀਨ, ਸੁਤਾ ਸੁਤ ਜਾਨ[1]।
ਦੇਹੁ ਰਾਜ ਅਬਿ, ਬਿਨਸਹਿਂ ਪ੍ਰਾਨ
॥ ੧੧ ॥
ਭਯੋ ਬ੍ਰਿੱਧ ਤਵ ਬੈਸ ਬਿਹਾਈ।
ਲੇ ਗਮਨਹੁ ਅਬਿ ਸੰਗ ਜਵਾਈ-।
ਗੁਰ ਬਚ ਮਾਨਜੋ, ਮ੍ਰਿਤੁ ਢਿਗ ਜਾਨੀ।
ਦੇਤਿ ਭਯੋ ਅਪਨੀ ਰਜਧਾਨੀ ॥ ੧੨ ॥
ਯਾਂ ਤੇ ਭਾਨਾ! ਸੁਨਿ ਦੈ ਕਾਨ।
ਮਹਿਮਾ ਮਹਾਂ ਸੁਧਾਸਰ ਜਾਨਿ।

†ਇਹ ਪ੍ਰਸੰਗ ਪਿਛੇ ਰਾਸ ੨ ਅੰਸੂ ੩੭, ੩੮, ੩੯ ਵਿਚ ਆ ਚੁੱਕਾ ਹੈ।

[1]ਪੌੜੀਆਂ।

†ਪੱਟੀ ਮਾਝੇ ਵਿਚ ਹੈ। ਪੁਰਾਤਨ ਸਮੇਂ ਇਸਦਾ ਨਾਮ 'ਚੀਨਾ ਪਤੀ' ਸੀ, ਜਿਸ ਤੋਂ ਹੁਣ 'ਪੱਟੀ' ਮਾਤ੍ਰ ਰਹਿ ਗਿਆ ਹੈ। ਯਰਗਮਾਲ ਵਿਚ ਆਂਦਾ ਚੀਨੀ ਸ਼ਾਹਜ਼ਾਦਾ ਏਥੇ ਰਖਿਆ ਗਿਆ ਸੀ।

[1]ਪੁੱਤ੍ਰੀ ਨੂੰ ਹੀ ਪੁੱਤ੍ਰ ਜਾਣ।

ਗੰਗ ਜਮਨ ਸਰਸੁਤਿ[1] ਕੁਰਖੇਤ। — [1]ਸਰਸ੍ਵਤੀ।
ਕਾਂਸ਼ੀ, ਅਰੁ ਪਰਯਾਗ ਸਮੇਤ ॥੧੩॥
ਨਈਮਖਾਰ[1], ਬ੍ਰਿੰਦਾਬਨ, ਮਥਰਾ। — [1]ਸੀਤਾਪੁਰ ਜ਼ਿਲੇ ਦੇ ਵਿਚ ਇਕ ਤੀਰਥ।
ਦ੍ਵਾਰਾਵਤੀ[1], ਰਾਮਪੁਰਿ, ਸੁਥਰਾ[2]। — [1]ਦ੍ਵਾਰਕਾ। [2]ਥਾਨੇਸਰ।
ਗਯਾ, ਗੋਮਤੀ, ਨਦਿ ਗੋਦਾਵਰਿ।
ਅਪਰ ਨਰਮਦਾ[1], ਮਾਨਸਰੋਵਰ ॥੧੪॥ — [1]ਨਰਬਦਾ ਨਦੀ।
ਪੁਰੀ ਅਯੁੱਧਯਾ, ਅਰੁ ਕੇਦਾਰ।
ਪੁਸ਼ਕਰ ਦੇਵ ਸਥਾਨ ਉਦਾਰ।
ਨਦੀ ਗੰਡਕਾ ਬਰ ਗਿਰ ਨੀਲਾ।
ਥਲ ਰਿਖਿ ਸਿੱਧਨਿ ਜਹਿਂ ਰਚਿ ਲੀਲਾ ॥੧੫॥
ਰਿਖੀਕੇਸ਼, ਆਵੰਤਿ, ਕਟਾਖ[1]। — [1]ਕਟਾਸ।
ਤੀਰਥ ਅਨਗਨ ਜੇ ਅਭਿਲਾਖ[1]। — [1]ਜੋ ਅਣਗਿਣਤ ਤੀਰਥ ਹਨ (ਇਸ ਅੰਮ੍ਰਿਤਸਰ ਦੀ) ਇੱਛਾ ਕਰਦੇ ਹਨ।
ਕਲਿ ਮਹਿਂ ਇਨ ਕਹੁ ਮਹਾਂ ਪ੍ਰਤਾਪ।
ਇਹਾਂ ਆਨਿ ਸਭਿ ਖੋਵੈਂ ਪਾਪ ॥੧੬॥
ਨਹੀਂ ਸੁਧਾਸਰ ਕੇ ਸਮ ਕੋਇ।
ਭਜਨ ਅਖੰਡ ਪ੍ਰਭੁ ਕੋ ਹੋਇ।
ਸਰਬ ਕਾਮਨਾ ਪੁਰਵਹਿਂ ਮਨ ਕੀ।
ਜੇ ਮੱਜਹਿਂ ਕਰਿ ਸੁਚਤਾ ਤਨ ਕੀ' ॥੧੭॥
ਬਹੁ ਮਹਿਮਾ ਸ਼੍ਰੀ ਮੁਖ ਤੇ ਕਹਿ ਕੈ।
ਚਲੇ ਕਰਤਿ ਪ੍ਰਦਛਨਾ ਚਹਿ ਕੈ।
ਤਖਤ ਅਕਾਲ ਬੈਠਿ ਮਨ ਭਾਏ।
ਮੰਦਿਰ ਬਿਖੈ ਬਹੁਰ ਗੁਰੁ ਆਏ ॥੧੮॥
ਏਕ ਦਿਵਸ ਪਾਵਸ ਕੇ ਮਾਂਹੀ[1]। — [1]ਇਕ ਦਿਨ ਬਰਖਾ ਰੁਤ ਵਿਖੇ।
ਛਾਇ ਗਗਨ ਘਨ, ਘਾਮ ਸੁ ਨਾਂਹੀ[1]। — [1]ਅਕਾਸ਼ ਵਿਚ ਬੱਦਲ ਛਾਏ ਧੁੱਪ (ਮੂਲੋਂ) ਨਹੀਂ ਸੀ।
ਹੋਤਿ ਸਕਾਰ[1] ਸ਼ਿਕਾਰ ਪਯਾਨੇ। — [1]ਸਵੇਰ ਹੁੰਦਿਆਂ।

ਜਿਤ ਬਾਸਰਕੇ[†] ਗ੍ਰਾਮ ਸਥਾਨੇ ॥੧੯॥

[†]ਬਾਸਰ ਕੇ ਦਾ ਪ੍ਰਸੰਗ ਪਿੱਛੇ ਰਾਸ ੧ ਅੰਸੂ ੩੫, ੩੬ ਵਿਚ ਆ ਚੁੱਕਾ ਹੈ।

ਸ਼੍ਰੀ ਗੁਰ ਅਮਰਦਾਸ ਕੋ ਥਾਨਾ।
ਕਰਿ ਦਰਸ਼ਨ ਕੋ ਬੰਦਨ ਠਾਨਾ।
ਸੰਗ ਸੁਭਟ ਸਾਧੂ ਅਰੁ ਭਾਨਾ।
ਕਰਿ ਬੰਦਨ ਕੋ ਬਾਕ ਬਖਾਨਾ ॥੨੦॥
'ਪ੍ਰਭੁ ਜੀ ! ਇਹੁ ਸਥਾਨ ਕਿਸ ਕੇਰਾ?
ਭਾਉ ਨੰਮ੍ਰਤਾ ਧਰਿ ਤੁਮ ਹੇਰਾ?'
ਸੁਨਿ ਸਤਿਗੁਰ ਸਭਿ ਕਥਾ ਸੁਨਾਈ।
'ਸ਼੍ਰੀ ਗੁਰ ਅਮਰ ਛਪੇ ਇਸ ਥਾਈਂ ॥੨੧॥
ਬ੍ਰਿਧ ਸਾਹਿਬ ਤਬਿ ਆਇ ਨਿਕਾਰੇ।'
ਸੁਨਿ ਕਰਿ ਗਾਥ ਅਨੰਦਤਿ ਸਾਰੇ।
ਕਿਤਿਕ ਸਮੈਂ ਤਹਿਂ ਬੈਠਨ ਕਰਿ ਕੈ।
ਗਮਨੇ ਪੁਨ ਤੁਰੰਗ ਪਰ ਚਰਿ ਕੈ ॥੨੨॥
ਮੰਦ ਮੰਦ ਮਾਰਗ ਮਹਿਂ ਜਾਤੇ।
ਭਾਨੇ ਸੰਗ ਕਰਤਿ ਸਭਿ ਬਾਤੇਂ।
ਬਰੇ ਬੀਰ ਮਹਿਂ ਬੀਰਨ ਬੀਰ[1]।

[1]ਬੀੜ ਵਿਚ ਵਡੇ ਬੀਰਾਂ ਦੇ ਬੀਰ (ਸ਼੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ)।

ਬ੍ਰਿਧ ਸਾਹਿਬ ਇਸ ਥਲ ਕੇ ਤੀਰ ॥੨੩॥
ਪਾਸ ਚਲਤਿ ਗੁਰ ਕੇ, ਗੁਰਦਾਸ।
ਤਿਸ ਦਿਸ਼ਿ ਦੇਖਿ ਕਹ੍ਯੋ ਸੁਖਰਾਸ।
'ਬ੍ਰਿਧ ਸਾਹਿਬ ਕੋ ਬਸਨ ਸਥਾਨ।
ਹੁਤੋ ਕਹਾਂ? ਤਿਹ ਕਰਹੁ ਪਛਾਨ ॥੨੪॥
ਚਿਰ ਲਗਿ ਸੰਗ ਰਹੇ ਤੁਮ ਦੋਊ।
ਗੁਰ ਘਰ ਕੇ ਅੱਗ੍ਰੀ[1] ਸਿਖ ਜੋਊ।'

[1]ਮੁਖੀ।

ਸੁਨਤਿ ਚਲ੍ਯੋ ਗੁਰਦਾਸ ਅਗਾਰੀ।
ਤਿਹ ਸਥਾਨ ਕੀ ਕੀਨਿ ਚਿਨਾਰੀ

॥੨੫॥
ਹਟਿ ਕਰਿ ਕਹ੍ਯੋ 'ਆਪ ਇਤ ਆਵਹੁ।
ਚਰਹੁ ਜੁ ਥਲ ਤਿਸ ਦਰਸ਼ਨ ਪਾਵਹੁ।'
ਸੁਨਤਿ ਬਾਕ ਹਯ ਕੋ ਤਬਿ ਪ੍ਰੇਰਾ।
ਤੁਰਤ ਪੁਨੀਤ ਥਾਨ ਕੋ ਹੇਰਾ ॥੨੬॥
ਬ੍ਰਿਧ ਸਮ ਜਾਨਿ ਕਰੀ ਤਬਿ ਬੰਦਨ।
ਸਿਮਰਿ ਸਿਮਰਿ ਤਿਨ ਕੇ ਗੁਨ ਬ੍ਰਿੰਦਨ।
ਭਾਨਾ ਭੂਰ ਭਾਵਨਾ ਕਰਿ ਕੈ।
ਨਮੋ ਕੀਨਿ ਭੂਤਲ ਸਿਰ ਧਰਿ ਕੈ ॥੨੭॥
ਅਪਰ ਸਰਬ ਹੀ ਬੰਦਨ ਠਾਨੈਂ।
ਪਿਖਿ ਸ਼੍ਰੀ ਸਤਿਗੁਰ ਬਾਕ ਬਖਾਨੈਂ।
'ਮੰਜੀ ਸੁੰਦਰ ਇਹਾਂ ਬਨਾਵਹੁ।
ਹੋਤਿ ਪ੍ਰਾਤ ਕੇ ਸਭਿ ਸੁਧਰਾਵਹੁ' ॥੨੮॥
ਆਇਸੁ ਦੀਨਸਿ ਕਰਨ ਅਹਾਰੂ।
ਫਰਸ਼ ਕਰਾਇ ਥਿਰੇ ਥਲ ਚਾਰੂ।
'ਬੀੜ ਭਯੋ ਗੁਰ ਕੋ ਕਿਸ ਭਾਂਤਿ?'
ਭਾਨੇ ਬੂਝਨਿ ਕੀਨਿ ਬ੍ਰਿਤਾਂਤ ॥੨੯॥
ਤਬਿ ਸਤਿਗੁਰ ਸਭਿ ਗਾਥ ਸੁਨਾਈ।
'ਜੈਮਲ ਫੱਤੇ ਸ਼ਾਹ[1] ਲਰਾਈ।
ਚਲਿ ਅਕਬਰ ਸ਼੍ਰੀ ਗੁਰ ਢਿਗ ਆਯੋ।
ਮਹਿਮਾ ਜਾਨੀ ਸੀਸ ਨਿਵਾਯੋ ॥੩੦॥
ਇਹ ਸਭਿ ਅਰਪੇ ਗ੍ਰਾਮ ਅਕੋਰ।
ਕਹਿ ਬਹੁ ਬਾਰ ਨਿਹੋਰਿ ਨਿਹੋਰਿ।
ਤਬਿ ਕੋ ਬੀੜ ਗੁਰੂ ਢਿਗ ਰਹ੍ਯੋ।
ਬ੍ਰਿਧ ਸਾਹਿਬ ਬਹੁ ਬਾਸਾ ਲਹ੍ਯੋ' ॥੩੧॥
ਇੱਤ੍ਯਾਦਿਕ ਬਹੁ ਬਾਕ ਬਿਲਾਸ।

[1]ਜੈਮਲ ਫੱਤੇ ਤੇ ਸ਼ਾਹ (ਅਕਬਰ) ਦੀ।

ਕਰਤਿ ਰਹੇ ਮੁਖ ਕਮਲ ਪ੍ਰਕਾਸ਼।
ਸੁੰਦਰ ਸੁਖਦ ਸਘਨ ਘਨ ਛਾਯਾ।
ਸੀਤਲ ਸਮੈਂ ਸਭਿਨਿ ਮਨ ਭਾਯਾ ॥ ੩੨ ॥
ਪੌਨ ਗੌਨ ਕੋ ਨਿਬਹਤਿ ਮੰਦ[1]।
ਸ਼੍ਰੀ ਹਰਿਗੋਵਿੰਦ ਦਿਪਤਿ ਅਨੰਦ।
ਚਹੁੰਦਿਸ਼ਿ ਮੈਂ ਹਰਿਆਵਲ ਦਿਖੀਅਤਿ।
ਇੰਦ੍ਰ ਬਧੂ[1] ਬ੍ਰਿੰਦੈਂ ਬਿਚ ਪਿਖੀਅਤਿ ॥ ੩੩ ॥
ਜਨੁ ਅਵਿਨੀ ਨ ਆਨੰਦ ਪੋਈ[1]।
ਨੀਲ ਓਢਨੀ ਲੀਨੀ ਸੋਈ।
ਬਹੁਤ ਬਹਾਰ ਬਿਲੋਕਤਿ ਗੁਰੂ।
ਇਤ ਉਤ ਬਿਚਰਤਿ ਜਨੁ ਅਰਿਰੂਰੂ[1] ॥ ੩੪ ॥
ਸ੍ਵਾਦ ਬਿਬਿਧ ਬਿਧਿ ਤਜਾਰ ਅਹਾਰਾ।
ਸੂਪਨਿਕਾਰ ਪਰੋਸਜੋ ਥਾਰਾ।
ਪਾਵਨ ਅਵਨੀ ਕੋ ਕਰਿ ਲਜਾਏ।
ਚੰਦਨ ਚੌਂਕੀ ਗੁਰੂ ਸੁਹਾਏ ॥ ੩੫ ॥
ਲੇ ਪਾਨੀ, ਜੁਗ ਪਾਨ ਪਖਾਰੇ।
ਕਵਲ ਕਰੇ[1] ਮੁਖ ਕਵਲ ਸੁਧਾਰੇ।
ਚਿਤ ਬਾਂਛਤਿ ਭੋਜਨ ਕੋ ਖਾਇ।
'ਸਭਿ ਕੋ ਪਹੁੰਚਜੋ' ਸੁਧਿ ਮੰਗਵਾਇ ॥ ੩੬ ॥
ਤਬਿ ਦਾਸਨ ਪਰਯੰਕ ਡਸਾਵਾ।
ਆਸਤਰਨ ਉੱਜਲ ਸੋਂ ਛਾਵਾ।
ਤਿਸ ਪਰ ਪਉਢੇ ਹਿਤ ਬਿਸਰਾਮ।
ਉਠੇ ਪੁਨਹਿ ਦਿਨ ਬਾਕੀ ਜਾਮ ॥ ੩੭ ॥
ਕਰਜੋ ਪਾਨ ਸੁੱਖਾ ਸੁਖਦਾਏ†।
ਸੁਚਤਾ ਕਰਿ ਸ਼ਨਾਨ ਹਰਖਾਏ।

[1]ਹਵਾ ਦੀ ਚਾਲ ਹੌਲੀ ਹੌਲੀ ਹੋ ਰਹੀ ਹੈ।
[1]ਚੀਚ ਵਹੁਟੀਆਂ।
[1]ਪੋੜ੍ਹੀ ਗਈ।
[1]ਇਧਰ ਉਧਰ ਸ਼ੇਰ ਵਾਂਗ ਵਿਚਰ ਰਹੇ ਹਨ। [ਅਰਿ+ਰੂਰੂ = ਹਰਨ ਦਾ ਵੈਰੀ-ਸ਼ੇਰ]
[1]ਚੂਲੇ ਕਰਕੇ।
†ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।

ਪਹਿਰੇ ਬਸਤ੍ਰ ਬਿਸਦ ਬਰ ਝੀਨੇ[1]।
ਸ਼ਸਤ੍ਰ ਜਥੋਚਿਤ ਧਾਰਨ ਕੀਨੇ ॥੩੮॥
ਥਲ ਮੰਜੀ ਕੇ ਪੁਨ ਚਲਿ ਗਏ।
'ਪੁੰਨ ਥਾਨ ਇਹੁ' ਉਚਰਤਿ ਭਏ।
'ਜੋ ਨਰ ਦਰਸ਼ਨ ਕੇ ਹਿਤ ਆਵੈ।
ਕਯੋਂ ਨ ਕਾਮਨਾ ਮਨ ਕੀ ਪਾਵੈ?
॥੩੯॥
ਸਮਾਂ ਪਾਇ ਮੇਲਾ ਲਗਿ ਜੈ ਹੈ।
ਖਸ਼ਟ ਕੋਸ ਗੁਰ ਪੁਰਿ ਤੇ ਐਹੈਂ[1]।'
ਹਯ ਆਰੂਢ ਭਏ ਤਬਿ ਪ੍ਰੇਰਾ।
ਹੇਰਤਿ ਖੇਲਿ ਅਖੇਰ ਘਨੇਰਾ ॥੪੦॥
ਸੁਧਾਸਰੋਵਰ ਕੋ ਚਲਿ ਆਏ।
ਸੰਗ ਸਰਬ ਹੀ ਭਟ ਸਮੁਦਾਏ।
ਤਖਤ ਅਕਾਲ ਸੁ ਲਗਯੋ ਦਿਵਾਨ।
ਦੇਖਿ ਉਠੇ ਸਭਿ ਹਿਤ ਸਨਮਾਨ
॥੪੧॥
ਬੰਦਨ ਕਰਿ ਬੈਠੇ ਤਿਹ ਸਮੈਂ।
ਸੋਦਰ ਪਠਿ ਸਗਰੇ ਤਬਿ ਨਿਮੈ।
ਸ਼੍ਰੀ ਗੁਰ ਉਠਿ ਹਰਿਮੰਦਰ ਗਏ।
ਕਰੀ ਪ੍ਰਦਛਨਾ ਬੰਦਤਿ ਭਏ ॥੪੨॥
ਪੁਨ ਨਿਜ ਮੰਦਿਰ ਗਏ ਗੁਸਾਈਂ।
ਸੁਪਤ ਜਥਾਸੁਖ ਰਾਤਿ ਬਿਤਾਈ।
ਭਈ ਪ੍ਰਭਾਤਿ, ਕੀਨਿ ਤਨ ਮੱਜਨ।
ਬੈਠੇ ਗੁਰ ਚਹੁੰਦਿਸ਼ਿ ਮਿਲ ਸ੍ਰੱਜਨ
॥੪੩॥

[1]ਬ੍ਰੀਕ।

[1]ਛੇ ਕੋਹ ਤੋਂ ਸ੍ਰੀ ਅੰਮ੍ਰਿਤਸਰ ਜੀ ਤੋਂ (ਲੋਕ) ਆਯਾ ਕਰਨਗੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਅਖੇਰ ਪ੍ਰਸੰਗ' ਬਰਨਨੰ ਨਾਮ ਇਕਾਦਸ਼ਮੋ ਅੰਸੂ ॥੧੧॥

੧੨. [ਸ੍ਰੀ ਚੌਲ੍ਹਾ ਸਾਹਿਬ ਦਰਸ਼ਨ]

੧੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੩

ਦੋਹਰਾ:
ਇਸ ਪ੍ਰਕਾਰ ਸ੍ਰੀ ਸਤਿਗੁਰੂ, ਕੇਤਿਕ ਦਿਵਸ ਬਿਤਾਇ।
ਪਾਵਸ ਮਾਸ ਸੁ ਭਾਦ੍ਰਪਦ[1], ਆਵਤਿ ਭਾ ਸੁਖਦਾਇ ॥੧॥

[1]ਭਾਦੋਂ ਦਾ ਮਹੀਨਾ।

ਚੌਪਈ:
ਇਕ ਦਿਨ ਬੈਠੇ ਕ੍ਰਿਪਾ ਨਿਧਾਨਾ।
ਬ੍ਰਿੰਦ ਮਸੰਦਨ ਸੰਗਿ ਬਖਾਨਾ।
'ਲਿਖੋ ਹੁਕਮ ਨਾਮੇ ਸਭਿ ਥਾਨ।
ਜਹਿਂ ਸਿਖ ਸੰਗਤਿ ਅਹੈ ਮਹਾਨ ॥੨॥
ਤੀਰਥ ਤਰਨਤਾਰਨ ਚਲਿ ਆਵੈਂ।
ਦਿਵਸ ਦਰਸ਼[†] ਕੇ[1] ਦਰਸ਼ਨ ਪਾਵੈ।
ਕਰਹਿ ਸ਼ਨਾਨ ਲਹੈਂ ਫਲ ਚਾਰ।'
ਸੁਨਜੋ ਮਸੰਦਨ, ਲਿਖੇ ਸੁਧਾਰਿ ॥੩॥

[1]ਅਮਾਵਸ ਦੇ ਦਿਨ। [†]ਪਾ:-ਪੂਰਬ।

ਭਾਦ੍ਰੋਂ ਵਦਿ ਦਸਮੀ ਜਬਿ ਆਈ।
ਸ਼੍ਰੀ ਸਤਿਗੁਰੁ ਤਜਾਰੀ ਕਰਿਵਾਈ।
ਸਭਿ ਪਰਿਵਾਰ ਸਾਥ ਭਾ ਤਜਾਰ।
ਤੀਰਥ ਕਰਨਿ ਸ਼ਨਾਨ ਉਦਾਰ ॥੪॥
ਚਢਿ ਦਮੋਦਰੀ ਸਜੰਦਨ ਮਾਂਹੀ।
ਅਪਰ ਨਾਨਕੀ ਚਲੀ ਮ੍ਰਵਾਹੀ।
ਸੁਨੁਖਾ ਖੇਮ ਕੁਇਰ ਚਢਿ ਡੋਰੇ।
ਸੰਗਤਿ ਸੰਗ ਚਲੀ ਬਹੁ ਔਰੇ ॥੫॥
ਗੁਰੁ ਤਨੁਜਾ ਬੀਰੋ ਬਡਭਾਗਨ।
ਮਾਤਾ ਸੰਗ ਚਢੀ ਹਰਖਤਿ ਮਨ।
ਸ਼੍ਰੀ ਸਤਿਗੁਰੁ ਆਏ ਦਰਬਾਰ।
ਕਰੀ ਪ੍ਰਦਛਨਾ ਬੰਦਨ ਧਾਰਿ ॥੬॥
ਸਗਰੇ ਸੰਗ ਵਹਿਰ ਤਬਿ ਆਇ।
ਚਢਿ ਖਾਸੇ[1] ਪਰ ਗੁਰੂ ਸੁਹਾਇ।
ਅਣੀਰਾਇ ਸੂਰਜਮਲ ਸੰਗ।
ਤੇਗ ਬਹਾਦਰ ਚਢੇ ਤੁਰੰਗ ॥੭॥

[1]ਪਾਲਕੀ।

ਸਜੰਦਨ ਪਰ ਗੁਰਦਾਸ ਚਢਾਏ।
ਅਪਰ ਚਲੇ ਸਭਿ ਹਯ ਹਰਖਾਏ।
ਬਡੀ ਭੀਰ ਮਾਰਗ ਮਹਿਂ ਚਾਲੇ।
ਸੁਭਟ ਮਸੰਦ ਲੀਏ ਗਨ ਨਾਲੇ ॥੮॥
ਡੇਢਕ ਜਾਮ ਬਿਖੈ ਚਲਿ ਗਏ।
ਤੀਰਥ ਦਰਸ ਬਿਲੋਕਤਿ ਭਏ।
ਪੂਰਬ ਦਿਸ਼ਿ ਕੋ ਕਰਜੋ ਨਿਵੇਸ।
ਉਤਰਜੋ ਆਨਿ ਕੁਟੰਬ ਅਸ਼ੇਸ਼ ॥੯॥
ਖਾਨ ਪਾਨ ਆਛੇ ਕਰਿਵਾਏ।
ਕਰਤਿ ਬਿਲਾਸਨ ਦਜੋਸ ਬਿਤਾਏ।
ਤੀਰਥ ਸ਼੍ਰੀ ਅਰਜਨ ਜਿਮ ਕਰਜੋ।
ਸਰਬ ਪ੍ਰਸੰਗ ਸੁ ਗੁਰੂ ਉਚਰਜੋ ॥੧੦॥
ਭਾਨਾ ਆਦਿ ਸੁਨਤਿ ਹਰਿਖਾਏ।
ਤ੍ਰੌਦਸਮੀ ਚੌਦਸ ਨਰ ਆਏ।
ਧਰਹਿਂ ਅਕੋਰਨ ਬੰਦਨ ਠਾਨੈਂ।
ਉਤਰਹਿਂ ਤੀਰਥ ਤੀਰ ਸ਼ਨਾਨੈਂ ॥੧੧॥
ਦਿਵਸ ਅਮੱਸਜਾ ਮੱਜਨ ਹਾਨਿ।
ਗਮਨੇ ਸ਼੍ਰੀ ਅਰਜਨ ਕੇ ਥਾਨ।
ਸਤਿਗੁਰ ਸਭਾ ਬਿਸਾਲ ਲਗਾਈ।
ਸੰਗਤਿ ਆਇ ਆਇ ਸਮੁਦਾਇ ॥੧੨॥
ਅਧਿਕ ਤਿਹਾਵਲ ਕੋ ਬਰਤਾਵੈ।
ਬਸਤ੍ਰ ਦਰਬ ਕੀ ਭੇਟ ਚਢਾਵੈ।
ਕਰਹਿ ਕਾਮਨਾ ਕੀ ਅਰਦਾਸ।
ਪੁਰਵਹਿ ਸ੍ਰੀ ਸਤਿਗੁਰੁ ਕੇ ਪਾਸਿ ॥੧੩॥
ਸ਼੍ਰੀ ਹਰਿ ਗੋਬਿੰਦ ਗਿਰਾ ਬਖਾਨੀ।
'ਮਹਿਮਾਂ ਤੀਰਥ ਪੁੰਨ ਮਹਾਨੀ।
ਸਭਿਨਿ ਅਮਾਵਸ ਕਰਹਿਂ ਸ਼ਨਾਨ।
ਸੁਤ ਆਦਿਕ ਫਲ ਲਹੈਂ ਮਹਾਨ ॥੧੪॥
ਭਾਦ੍ਰੋਂ ਦਰਸ[1] ਮਹਾਤਮ ਮਹਾਂ।
ਕਰਹਿਂ ਸ਼ਨਾਨ ਆਨਿ ਜੇ ਇਹਾਂ।
ਅਘ ਓਘਨ ਕੋ ਕਰਹਿਂ ਬਿਨਾਸ਼।
ਬਿਮਲ ਹੋਹਿਂ ਪੁਰਵਹਿਂ ਸਭਿ ਆਸ

[1]ਭਾਦ੍ਰੋਂ ਦੀ ਮੱਸਿਆ ਦਾ।

॥੧੫॥
ਦਿਵਸ ਆਜ ਕੇ ਪੂਰਨ ਮੇਲਾ।
ਹੋਇ ਸਦਾ ਨਰ ਨਾਰਿ ਸਕੇਲਾ।
ਆਧਿ ਨ ਬ੍ਯਾਧਿ ਉਪਾਧਿ ਨ ਬ੍ਯਾਪੈ।
ਜੇ ਮੱਜਹਿਂ ਅਰੁ ਜਪੁਜੀ ਜਾਪੈਂ' ॥੧੬॥
ਸੁਨਿ ਅਨੰਦ ਸਭਿ ਕੇ ਮਨ ਹੋਵਾ।
ਮਹਾਂ ਮਹਾਤਮ ਤੀਰਥ ਜੋਵਾ।
ਤੀਨ ਦਿਵਸ ਸੰਗਤਿ ਰਹਿ ਪਾਸ।
ਕਰਿ ਕਰਿ ਬੰਦਨ ਗਏ ਅਵਾਸ ॥੧੭॥
ਤਿਸ ਦਿਨ ਸਤਿਗੁਰ ਕਰ੍ਯੋ ਮੁਕਾਮੂ।
ਬਚ ਗੁਰਦਾਸ ਭਨੇ ਅਭਿਰਾਮੂ।
'ਦ੍ਵਾਦਸ਼ ਕੋਸਨ ਚੋਲ੍ਹਾ ਨਾਮ।
ਸ਼੍ਰੀ ਅਰਜਨ ਥਲ ਹੈ ਤਿਸ ਗ੍ਰਾਮ ॥੧੮॥
ਚਲਹੁ ਤਹਾਂ ਦਰਸ਼ਨ ਕਰਿ ਲੀਜੈ।
ਨਰ ਨਾਰਨਿ ਕਿਰਤਾਰਥ ਕੀਜੈ।'
ਸੁਨਿ ਮਾਨੀ ਸ਼੍ਰੀ ਹਰਿਗੋਵਿੰਦ।
ਚਢੇ ਪ੍ਰਾਤਿ ਸੰਗ ਸੈਨਾ ਬ੍ਰਿੰਦ ॥੧੯॥
ਸਗਲ ਕੁਟੰਬ ਲਿਏ ਨਿਜ ਸਾਥ।
ਜਾਇ ਪਹੂਚੇ ਦੀਨਾਨਾਥ।
ਸ਼੍ਰੀ ਅਰਜਨ ਥਲ ਕੇ ਢਿਗ ਡੇਰਾ।
ਕਰਿ ਬੈਠੇ ਤਹਿਂ ਦਰਸ਼ਨ ਹੇਰਾ ॥੨੦॥
ਤੀਰ ਤੀਰ ਜੇ ਗ੍ਰਾਮ ਬਸੰਤੇ।
ਗੁਰ ਆਗਵਨ ਜਾਨਿ ਪਹੁੰਚੰਤੇ।
ਲੈ ਲੈ ਦੁਗਧ ਦਧੀ ਸਮੁਦਾਏ।
ਚਹੁੰਦਿਸ਼ਿ ਤੇ ਚੌਂਪਤਿ ਚਲਿ ਆਏ
॥੨੧॥
ਸ਼੍ਰੀ ਹਰਿਗੋਵਿੰਦ ਪਿਤਾ ਸਥਾਨ।
ਕੀਨਿ ਪ੍ਰਦੱਛਨ ਬੰਦਨ ਠਾਨਿ।
ਬੈਠਿ ਗਏ ਤਹਿਂ ਸਭਾ ਲਗਾਈ।
ਸਿਖ ਸੰਗਤਿ ਪਹੁੰਚੇ ਸਭਿ ਆਈ
॥੨੨॥
ਕਰ ਜੋਰਤਿ ਅਰੁ ਨਮੋ ਕਰੰਤੇ।

ਰਸਦ ਅੰਨ ਕੋ ਗਨ ਅਰਪੰਤੇ।
ਜਥਾ ਸ਼ਕਤਿ ਘ੍ਰਿਤ ਪੈ ਦਧਿ ਲਜਾਏ।
ਚਹਤਿ ਸ਼੍ਰੇਯ ਕੋ ਆਨਿ ਚਢਾਏ ॥੨੩॥
ਸ਼ਬਦ ਕੀਰਤਨ ਸੁੰਦਰ ਹੋਤਿ।
ਜਿਸ ਉਰ ਬਾਸੇ ਗਜਾਨ ਉਦੋਤਿ।
ਮੇਲ ਸਕੇਲਨਿ ਅਤਿਸ਼ੈ ਹੋਵਾ।
ਧਰਹਿਂ ਭਾਉ ਗੁਰੁ ਦਰਸ਼ਨ ਜੋਵਾ ॥੨੪॥
ਕਿਤਿਕ ਕਾਲ ਬੈਠੇ ਗੁਨਖਾਨੀ।
ਭਾਨਾ ਪਿਖਿ ਸਥਾਨ ਕਹਿ ਬਾਨੀ।
'ਕਿਸ ਕਾਰਨ ਕਰਿ ਗੁਰ ਇਤ ਆਏ।
ਕੋ ਕਾਰਜ ਕੀਨਸਿ ਮਨ ਭਾਏ' ॥੨੫॥
ਸੁਨਿ ਸਤਿਗੁਰ ਦੇਖਜੋ ਗੁਰਦਾਸ।
ਕਹਜੋ 'ਹੁਤੋ ਇਹ ਪਿਤ ਕੇ ਪਾਸ।
ਗਾਥਾ ਤਬਿ ਕੀ ਸਗਰੀ ਜਾਨੈ।
ਜਯੋਂ ਆਏ ਅਰੁ ਗਏ ਬਖਾਨੈ' ॥੨੬॥
ਪਾਇ ਹੁਕਮ ਗੁਰੁ ਕੋ ਤਬਿ ਭਾਈ।
ਸਭਿਨਿ ਬਿਖੈ ਸ਼ੁਭ ਕਥਾ ਸੁਨਾਈ।
'ਸੁਨ ਭਾਨਾ ਸਾਹਿਬ! ਹਮ ਸੰਗ[1]।
ਜਿਮ ਦੇਖਜੋ ਤਿਮ ਬਨੋਂ ਪ੍ਰਸੰਗ ॥੨੭॥
ਜਬਿ ਪ੍ਰਿਥੀਏ ਬਹੁ ਬਾਦ ਉਠਾਯੋ।
ਗਾਰ ਰਾਰ ਧਨ ਤੇ ਗਰਬਾਯੋ।
ਸ਼ਾਂਤਿ ਰੂਪ ਸ਼੍ਰੀ ਅਰਜੁਨ ਦੇਵ।
ਸਹੀ ਨ ਕਲਹਾ ਕਰੀ ਅਤੇਵ[1] ॥੨੮॥

[1]ਅਸੀਂ (ਤਦੋਂ) ਨਾਲ ਸਾਂ।

[1]ਬਹੁਤੀ ਕਲਹਾ ਕੀਤੀ ਸੋ ਸਹਾਰੀ ਨਾਂ (ਅ) ਅਤੇਵ = ਭਾਵ ਅੱਤਿ ਕੀਤੀ।

ਨਿਕਸੇ ਵਹਿਰ ਸੁ ਆਇ ਸ੍ਰਿਹਾਲੀ।
ਡੇਰਾ ਕੀਨਿ ਕਿਤਿਕ ਸਿਖ ਨਾਲੀ।
ਪੁਰਿ ਜਨ ਮਿਲੇ ਆਨਿ ਕਰਿ ਸਾਰੇ।
ਅਰਪਿ ਉਪਾਇਨ ਬੰਦਨ ਧਾਰੇ ॥੨੯॥
ਗੁਰੂ ਕਹਜੋ -ਦੀਜਹਿ ਕੋ ਥਾਨ।
ਕੋ ਦਿਨ ਕਰਹਿਂ ਬੈਠਿ ਗੁਜ਼ਰਾਨ-।
ਸੁਨਿ ਪੁਰਿ ਜਨ ਦੀਨੋ ਸ਼ੁਭ ਥਾਊਂ।
ਸਭਿ ਮਿਲਿ ਕਰਤਿ ਭਏ ਬਹੁ ਭਾਊ

॥ ੩੦ ॥
ਦਿਨ ਦੁਇ ਚਾਰ ਬਾਸ ਜਬਿ ਠਾਨਾ।
ਸੁਨਿ ਸੁਨਿ ਸਿਖ ਗਨ ਆਨਿ ਮਹਾਨਾ।
ਪੂਜਾ ਕਰਹਿਂ ਅਕੋਰ ਚਢਾਵੈਂ।
ਭਈ ਭੀਰ ਆਵਤਿ ਇਕ ਜਾਵੈਂ ॥ ੩੧ ॥
ਜੋਗੀ ਬਸਤਿ ਗੁਰੂ ਪੁਰਿ ਜਨ ਕੋ[1]।
ਦੇਖਤਿ ਜਰਯੋ ਈਰਖਾ ਮਨ ਕੋ।
-ਮਮ ਮਹਿਮਾ ਪੁਰਿ ਤੇ ਘਟ ਜੈ ਹੈ।
ਦੇਖਾ ਦੇਖੀ ਇਸ ਪੁਜਵੈ ਹੈਂ ॥ ੩੨ ॥
ਕਰਿ ਬੈਠਯੋ ਗੁਰ ਦੰਭ ਬਿਸਾਲਾ।
ਮਿਲੇ ਰਹੈਂ ਜਿਸ ਢਿਗ ਨਰ ਜਾਲਾ।
ਮਮ ਸਮੀਪ ਨਹਿਂ ਆਵਤਿ ਕੋਈ-।
ਇਮ ਜੋਗੀ ਕੈ ਚਿੰਤਾ ਹੋਈ ॥ ੩੩ ॥
ਅਪਨੇ ਸੇਵਕ ਸਕਲ ਬੁਲਾਏ।
ਕਹਤਿ ਕੁਤਰਕਨ ਤ੍ਰਾਸ ਉਪਾਏ।
-ਪਾਤਿਸ਼ਾਹੁ ਕੋ ਹੈ ਇਹੁ ਚੋਰ।
ਆਯੋ ਭਾਜਿ ਤੁਮਾਰੀ ਓਰ ॥ ੩੪ ॥
ਅਬਿ ਇਤ ਆਨਿ ਪਸਾਰਯੋ ਦੰਭਾ।
ਨਰਨ ਠਗਤਿ ਦਿਖਰਾਇ ਅਚੰਭਾ।
ਸਿਖ ਸਕੇਲਿ ਕੈ ਰੋਕਹਿ ਪੁਰੀ।
ਤਬਿ ਤੁਮ ਕੋ ਹੁਇ ਸਭਿ ਬਿਧਿ ਬੁਰੀ ॥ ੩੫ ॥
ਜਹਾਂਗੀਰ[†] ਜੇ ਸੁਨਹਿ ਰਿਸਾਵੈ।
ਲੂਟਹਿ ਤੁਮਹਿਂ ਗ੍ਰਾਮ ਉਜਰਾਵੈ।
ਨਤੁ ਇਸ ਕੋ ਤੁਮ ਦੇਹੁ ਨਿਕਾਸੀ।
ਹੋਇ ਜਿ ਦੁਖਦ ਰਖਹੁ ਕਯੋਂ ਪਾਸੀ ॥ ੩੬ ॥
ਸੁਨਿ ਸਚਿੰਤ ਪੁਰਿ ਜਨ ਭਰਮਾਏ।
ਪ੍ਰੇਰੇ ਜੋਗੀ, ਗੁਰ ਢਿਗ ਆਏ।
ਰਿਸ ਕਰਿ ਕਹਯੋ, -ਨ ਇਸ ਥਲ ਰਹੀਯਹਿ।
ਉਠਿ ਗਮਨਹੁ ਜਿਤ ਦਿਸ਼ਿ ਚਿਤ

[1]ਨਗਰ ਦੇ ਲੋਗਾਂ ਦਾ ਗੁਰੂ ਇਕ ਜੋਗੀ ਵਸਦਾ ਸੀ (ਏਥੇ)।

[†]ਪਾ:-ਸ਼ਾਹਜਹਾਂ।

ਚਹੀਯਹਿ- ॥੩੭॥
ਗੁਰੂ ਕਹਤੋ -ਬੈਠੇ ਤੁਮ ਬੂਝੇ[1]। [1]ਤੁਸਾਨੂੰ ਪੁੱਛਕੇ ਬੈਠੇ ਸਾਂ।
ਰਿਸ ਕਰਿ ਬੋਲਹੁ, ਅਬਿ ਕਯਾ ਸੂਝੇ[1]। [1]ਕੀ ਸੁੱਝੀ ਨੇ?
ਕਾਰਜ ਨਹੀਂ ਬਿਗਾਰਯੋ ਕੋਇ।
ਬਿਨ ਕਾਰਨ ਤੇ ਕਿਮ ਰਿਸ ਹੋਇ? - ॥੩੮॥
ਸੁਨਿ ਪੁਰਿ ਜਨ ਪੁਨ ਕਹਿਸਿ ਕਠੋਰਾ।
-ਠਟਹੁ ਪਖੰਡ, ਟਿਕਹੁ ਜਿਸ ਠੌਰਾ।
ਨਹਿਂ ਹਮ ਕੋ ਬਡ ਰੌਰਾ ਆਛੋ।
ਉਠਿ ਗਮਨੋ ਅਬਿ ਜਿਤ ਚਿਤ ਬਾਂਛੋ- ॥੩੯॥
ਤਬਿ ਗੁਰ ਕੇ ਉਰ ਰਿਸ ਹੁਇ ਆਈ।
ਭਗਨ ਈਂਟਕਾ ਕਰਿ ਚਹੁਂ ਥਾਈਂ[1]। [1]ਭੰਨਕੇ (ਇਕ) ਇੱਟ ਦੇ ਚਾਰ ਟੋਟੇ ਕੀਤੇ।
ਚਾਰ ਓਰ ਕੋ ਕਰੇ ਬਗਾਵਨ[1]। [1]ਚਹੁੰਵੀਂ ਪਾਸੀਂ ਸੁੱਟ ਦਿੱਤੇ (ਉਹ ਚਾਰੇ ਟੋਟੇ)।
ਬ੍ਰਿਧ ਸਾਹਿਬ ਕੀਨੇ ਤਬਿ ਲਯਾਵਨ ॥੪੦॥
ਆਨੇ ਤੀਨ ਨ ਚੌਥਾ ਪਾਯੋ।
-ਕਰਤਿ ਕਹਾਂ ਤੁਮ? -ਗੁਰੂ ਅਲਾਯੋ।
ਸੁਨਿ ਬ੍ਰਿਧ ਬਿਨਤੀ ਸਹਤ ਬਖਾਨਾ।
-ਤੀਨ ਭਾਗ ਮੈਂ ਮੇਲੇ ਆਨਾ[1] ॥੪੧॥ [1]ਲਿਆਕੇ ਮੇਲੇ ਹਨ।
ਚਤਰਥ ਭਾਗ ਨ ਪਾਯੋ ਕੋਈ।
ਰਾਵਰ ਕੀ ਆਗਯਾ ਜਿਮ ਹੋਈ-।
ਗੁਰੂ ਕਹਯੋ -ਤੁਮ ਪਰ ਉਪਕਾਰੀ।
ਤੀਨ ਦਿਸ਼ਾ ਕ੍ਰਿਸ਼ਿ ਉਪਜਹਿ ਸਾਰੀ ॥੪੨॥
ਚਤੁਰਥ ਦਿਸ਼ ਕਲਰ ਹੁਇ ਜਾਇ-।
ਸੋ ਅਬਿ ਲਗਿ ਇਤ ਪਰਯੋ ਦਿਖਾਇ।
ਕਰਯੋ ਕੂਚ ਆਗੇ ਗੁਰ ਚਾਲੇ।
ਸਿਖ ਸੰਗਤਿ ਲੇ ਕਰਿ ਗਨ ਨਾਲੇ' ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸ੍ਰੀ ਅਰਜਨ ਕੋ ਪ੍ਰਸੰਗ' ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥੧੨॥

੧੩. [ਚੋਲ੍ਹਾ (ਭੈਣੀ) ਗ੍ਰਾਮ ਦੀ ਕਥਾ]

੧੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੪

ਦੋਹਰਾ:

[1]ਇਸ ਥਲ ਕੋ ਆਇ ਗੁਰੁ,
ਉਤਰੇ ਜਬਿ ਹੀ ਥਾਨ।
ਪੈਂਚ ਹੁਤੋ ਗੁਰ ਸਿੱਖ ਸੋ,
ਸੁਨਿ ਆਯੋ ਸੁਖ ਮਾਨਿ ॥੧॥

[1]ਭਾਈ ਗੁਰਦਾਸ ਜੀ ਹੀ ਕਥਾ ਕਹਿ ਰਹੇ ਹਨ।

ਚੌਪਈ:

ਧਰਜੋ ਪ੍ਰਸ਼ਾਦਿ ਉਪਾਇਨ ਆਗੇ।
ਸ਼੍ਰੀ ਅਰਜਨ ਕੀ ਚਰਨੀਂ ਲਾਗੇ।
-ਜਾਨਹੁਂ ਦਾਸ ਨਿਵਾਸ ਕਰੀਜੈ।
ਹੋਹਿਂ ਕ੍ਰਿਤਾਰਥ, ਦਰਸ਼ਨ ਦੀਜੈ- ॥੨॥
ਇਮ ਕਹਿ ਗੁਰ ਇਸ ਥਾਨ ਟਿਕਾਏ।
ਸਰਬ ਸੇਵ ਕੀਨੀ ਮਨ ਲਾਏ।
ਸ਼੍ਰੀ ਗੰਗਾ ਨਿਜ ਸਦਨ ਮਝਾਰ।
ਹਿਤ ਬਸਿਬੇ ਲੇ ਗਯੋ ਬਿਚਾਰਿ ॥੩॥
ਪੰਚ ਤ੍ਰਿਯਾ ਨੇ[1] ਬਹੁ ਸਨਮਾਨੀ।
ਮਾਤ ਸਮਾਨ ਜਾਨਿ ਹਿਤ ਠਾਨੀ।
ਸੁੰਦਰ ਪਲੰਘ ਡਸਾਵਨ ਕਰੇ।
ਤ੍ਰਿਯ ਜਾਨਜੋ- ਦਿਨ ਬਡ ਅਬਿ ਚਰੇ[1] ॥੪॥

[1]ਪੈਂਚ ਦੀ ਇਸਤ੍ਰੀ ਨੇ।

[1]ਹੁਣ ਦਿਨ ਬਹੁਤ ਚੜ੍ਹਿਆ ਹੈ।

ਪਹਤਿ ਕਰਤਿ ਕੋ[1] ਲਾਗੈ ਦੇਰੀ।
ਗੁਰ ਕੇ ਹੁਇ ਹੈ ਛੁਧਾ ਘਨੇਰੀ-।
ਸਿਤਾ, ਘ੍ਰਿੱਤ ਕੋ ਬਹੁਤ ਮਿਲਾਇ।
ਕਛੁ ਚੂਰੀ ਤਤਕਾਲ ਬਨਾਇ ॥੫॥
ਬਡੇ ਭਾਵ ਸੋਂ ਪੂਰਿ ਕਟੋਰਾ।
ਆਈ ਤੁਰਤ ਗੁਰੂ ਜਿਤ ਓਰਾ।
ਕਰਿ ਬੰਦਨ ਬੈਠੀ ਬਡਭਾਗਨ।
ਗੁਰੁ ਬੂਝੀ ਲਖਿ ਕਰਿ ਅਨੁਰਾਗਨ ॥੬॥
-ਕਰ ਮਹਿਂ, ਕਹੋ ਕਹਾਂ ਲੇ ਆਈ?
ਕਹਾਂ ਕਾਮਨਾ ਰਿਦੇ ਉਠਾਈ? -।
-ਸ਼੍ਰੀ ਗੁਰੁ ਤੁਮਰੀ ਛੁਧਾ ਬਿਚਾਰੀ।

[1]ਦਾਲ ਰਿੰਨ੍ਹਦਿਆਂ ਨੂੰ।

ਕਛੁਕ ਖਾਨ ਹਿਤ ਲਜਾਇ ਅਹਾਰੀ-
॥੭॥
ਇਮ ਕਹਿ ਧਰਜੋ ਕਟੋਰਾ ਆਗੇ।
ਹੁਤੇ ਛੁਧਤਿ ਗੁਰ ਅਚਵਨ ਲਾਗੇ।
ਭਏ ਪ੍ਰਸੰਨ ਜਬਹਿ ਸੋ ਖਾਈ।
ਕਹਜੋ -ਮਨਹੁ ਚੋਲ੍ਹਾ[1] ਕਰਿ ਲਜਾਈ-
॥੮॥

[1]ਕੋਈ ਸੁਹਣੀ ਸੁਆਦਲ ਖਾਣੇ ਦੀ ਚੀਜ਼।

ਪਾਨ ਪਖਾਰਿ ਚੁਲਾ ਜਬਿ ਕਰਜੋ।
ਸ਼੍ਰੀ ਅਰਜਨ ਤਬਿ ਸ਼ਬਦ ਉਚਰਜੋ।
ਬਿਚ ਧਨਾਸਰੀ ਬੋਲਤਿ ਬੋਲਾ[1]।

[1]ਧਨਾਸਰੀ (ਰਾਗ) ਵਿਚ ਉਹ ਗੀਤ ਗਾਵਿਆਂ। [ਬੋਲ = ਰਾਗ ਵਿਚ ਗਾਵਿਆਂ ਜਾਣ ਵਾਲਾ ਪਦਾਂ ਤੇ ਅਰਥਾਂ ਵਾਲਾ ਕੋਈ ਵਾਕਯ ਯਾ ਵਾਕ ਸਮੂਹ]

ਸ਼੍ਰੀ ਨਾਨਕ ਕਿਯ ਸੁੰਦਰ ਚੋਲ੍ਹਾ[†] ॥੯॥

[†]ਧਨਸਾਰੀ ਮ: ੫ ਦਾ ਅੱਠਵਾਂ ਸ਼ਬਦ -ਬਾਰਿ ਜਾਉ ਗੁਰ ਅਪੁਨੇ ਊਪਰਿ ਜਿਨਿ ਹਰਿ ਹਰਿ ਨਾਮੁ ਦ੍ਰਿੜ੍ਹਾਯਾ॥ ....

ਅੰਤ ਸ਼ਬਦ ਕੇ ਪਦ ਇਹ ਰਾਖਾ।
ਨਾਮ ਮਹਾਤਮ ਸਭਿ ਮਹਿਂ ਭਾਖਾ।
-ਸੁਖ ਪੈ ਹੈਂ- ਤ੍ਰਿਯ ਕੋ ਬਰ ਦੀਨਿ।
ਸਦਨ ਗਈ ਮਨ ਆਨੰਦ ਕੀਨਿ ॥੧੦॥
ਤਿਸ ਪੀਛੇ ਪੁਰਿ ਜਨ ਚਲਿ ਆਏ।
ਬੈਠੇ ਚਹੁਂ ਦਿਸ਼ਿ ਸਭਾ ਲਗਾਏ।
ਸ਼੍ਰੀ ਅਰਜਨ ਬੋਲੇ ਅਭਿਰਾਮੂ।
-ਕਹਾਂ ਗ੍ਰਾਂਮ ਤੁਮਰੋ ਕੋ ਨਾਮੂ? - ॥੧੧॥
ਹਾਥ ਜੋਰਿ ਭਾਖਜੋ ਤਿਸ ਬੇਰਾ।
-ਭੈਣੀ ਨਾਮ ਭਨਹਿਂ ਇਸ ਕੇਰਾ-।
ਗੁਰੂ ਕਹਜੋ -ਚੋਲ੍ਹਾ ਅਬਿ ਨਾਮੂ।
ਪ੍ਰਥਮ ਨਾਮ ਨਾਹਨ ਅਭਿਰਾਮੂ- ॥੧੨॥
ਇਕ ਨਰ ਬੀਚ ਹੁਤੋ ਤਿਹ ਕਹਜੋ।
-ਬੈਣੀ ਬਿਦਤਿ ਨਾਮ ਸਭਿ ਲਹਜੋ।
ਅਬਿ ਚੋਲ੍ਹਾ ਕਿਮ ਹੋਵੈ ਨਾਮੂ।
ਬੁਰੋ ਧਰਜੋ ਕੈ ਹੁਇ ਅਭਿਰਾਮੂ[1]-
॥੧੩॥

[1]ਭੈੜਾ ਹੋਵੇ ਭਾਵੇਂ ਸੁੰਦਰ ਰਖਿਆ ਹੋਵੇ।

ਪੁਨ ਗੁਰੁ ਕਹਜੋ -ਭਨਜੋ ਹੈ ਚੋਲ੍ਹਾ।
ਨਹੀਂ ਹਟਾਵਨ ਬੋਲਹੁ ਬੋਲਾ[1]-।

[1]ਹਟਾਵਨ ਦਾ ਵਾਕ ਨਾ ਬੋਲੋ।

ਪੁਨ ਰਾਹਕ ਮਤਿਮੰਦ ਬਖਾਨੈ।
-ਕਜਾ ਚੋਲ੍ਹਾ ਹਮ ਨਾਂਹਿਨ ਜਾਨੈਂ-
॥ ੧੪ ॥
ਗੁਰੂ ਕਹ੍ਯੋ -ਅਬਿ ਚੋਲ੍ਹਾ ਹੋਵੈ।
ਭੈਣੀ ਨਾਮ ਸਕਲ ਹੀ ਖੋਵੈ-।
ਸੁਨਿ ਮੂਰਖ ਨੇ ਫੇਰ ਹਟਾਯੋ।
-ਇਹੁ ਕਮਲਾ- ਤਬਿ ਗੁਰੂ ਅਲਾਯੋ
॥ ੧੫ ॥
ਸਭਿ ਮਹਿਂ ਬੈਠ੍ਯੋ ਬਾਵਰ ਭਯੋ।
ਬਸਤ੍ਰ ਫਾਰ ਕਰਿ ਨਹਿਂ ਥਿਰ ਥਿਯੋ।
ਹੇਰਤਿ ਬਿਸਮੈ ਮਾਨਵ ਸਾਰੇ।
ਪੰਚ[1] ਤ੍ਰਾਸ ਧਰਿ ਬਿਨੈ ਉਚਾਰੇ ॥ ੧੬ ॥

[1]ਲੰਬਰਦਾਰ ਨੇ।

-ਛਿਮਹੁ ਗੁਰੂ, ਨਹਿਂ ਲਖਹਿ ਗਵਾਰ।
ਬਾਕ ਹਟਾਯੋ ਬਾਰੰਬਾਰ।
ਮੋ ਦਿਸ਼ਿ ਦੇਖਿ ਕਰਹੁ ਅਬਿ ਕਰੁਨਾ।
ਬਾਵਰਪਨਾ ਕਰਹੁ ਸਭਿ ਹਰਨਾ-
॥ ੧੭ ॥
ਸੁਨਿ ਗੁਰ ਕਹ੍ਯੋ -ਨ ਮਿਟਿ ਹੈ ਸਰਬ।
ਮੂਢ ਨ ਮਾਨਤਿ ਹੈ ਕਰਿ ਗਰਬ।
ਤਨਕ ਰਹੈ ਸੁਧ ਬਾਵਰ ਅਹੈ।
ਇਸ ਕੀ ਕੁਲ ਮਹਿਂ ਇਕ ਅਸ ਰਹੈ-
॥ ੧੮ ॥
ਗਜ ਕੇ ਦੰਤ ਗੁਰੂ ਕੇ ਬੈਨ।
ਮੁਖ ਨਿਕਸੇ ਪੁਨ ਪ੍ਰਵਿਸ਼ਤਿ ਹੈ ਨ[†]।

[†]ਇਹ ਪੁਰਾਣੇ ਰਿਖੀਆਂ ਅਵਤਾਰਾਂ ਦਾ ਵਤੀਰਾ ਹੈ ਸੀ। ਸਤਿਗੁਰ ਤਾਂ ਸਦਾ ਬਖਸ਼ਦੇ ਰਹੇ ਹਨ। ਭਾਈ ਗੋਰੇ ਦੇ ਪ੍ਰਸੰਗ ਵਿਚ ਸਤਵੇਂ ਸਤਿਗੁਰਾਂ ਸਾਰੇ ਸ੍ਰਾਪ ਜਿਸ ਵੇਲੇ ਬਖਸ਼ ਦਿੱਤੇ ਤਾਂ ਸਿੱਖ ਨੇ ਬੇਨਤੀ ਕਰ ਕੇ ਇਕ ਸ੍ਰਾਪ ਰਖਵਾ ਲਿਆ ਸੀ। ਸੋ ਇਸ ਦਾ ਭਾਵ 'ਅਮੋਘ ਬਚਨ' ਲੈਣਾਂ ਚਾਹੀਏ। ਦੇਖੋ ਰਾਸ ੧੦, ਅੰ: ੧੪, ਅੰਕ ੮ ਤੋਂ ੧੨।

ਬਹੁਰ ਪੰਚ ਕਰ ਜੋਰਿ ਬਖਾਨੀ।
-ਏਕ ਬਾਤ ਅਸਮੰਜਸ[1] ਜਾਨੀ ॥ ੧੯ ॥

[1]ਅਣਬਣ, ਮੁਸ਼ਕਿਲ।

ਜਬਿ ਹਮ ਟਕੇ ਸ਼ਾਹੁ ਕੇ ਤਾਰੈਂ।
ਤਬਿ ਕਿਮ ਚੋਲ੍ਹਾ ਨਾਮ ਉਚਾਰੈਂ।

ਲਿਖ੍ਯੋ ਜਹਾਂ ਕਹਿਂ ਭੈਣੀ ਨਾਇ।
ਕਿਮ ਤਹਿਂ ਔਰ ਨਾਮ ਉਲਟਾਇਂ ॥੨੦॥
ਤਹਾਂ ਬਚਨ ਕਿਮ ਕਰਿ ਹੈਂ ਸਾਚਾ? -।
ਸ਼੍ਰੀ ਅਰਜਨ ਤਬਿ ਸੁਨਤਿ ਉਬਾਚਾ।
-ਤਹਿਂ ਭੀ ਚੋਲ੍ਹਾ ਨਾਮ ਉਚਾਰੋ।
ਲਿਖ੍ਯੋ ਜਾਇਗੋ, ਸ਼ੰਕ ਨ ਧਾਰੋ ॥੨੧॥
ਪ੍ਰਥਮ ਤੁਮਹੁ ਤੇ ਦਫਤਰ ਮਾਂਹਿ।
ਭੈਣੀ ਨਾਮ ਸਕਲ ਮਿਟ ਜਾਹਿ।
ਇਹੀ ਨਾਮ ਜਾਨਹਿਂਗੇ ਸਾਰੇ।
-ਸੁਨਿ ਸਭਿ ਨੇ ਨਿਸ਼ਚਾ ਉਰ ਧਾਰੇ ॥੨੨॥
ਪੁਨ ਬਾਵਰ ਹਿਤ ਬਿਨੈ ਬਖਾਨੀ।
ਸੁਨਿ ਕਰਿ ਸਤਿਗੁਰ ਬੋਲੇ ਬਾਨੀ।
-ਕਬਿ ਬਾਵਰ ਹ੍ਵੈ ਕਬਿ ਸੁਧਿ ਆਵੈ।
ਇਸ ਕੀ ਕੁਲ ਮਹਿਂ ਅਸ ਜਨਮਾਵੈ ॥੨੩॥
ਅਬਿ ਲਗਿ ਤਿਸ ਕੀ ਸੰਤਤਿ ਮਾਂਹਿ।
ਬਾਵਰ ਕਬਿ ਹੁਇ ਕਬਿ ਸੁਧਿ ਪਾਹਿ।
ਬਿਦਤ ਅਹੈ ਤਿਸ ਗ੍ਰਾਮ ਮਝਾਰੇ।
ਪੁਨ ਰਾਹਕ ਇਕ ਵਾਕ ਉਚਾਰੇ ॥੨੪॥
-ਬੂਹ ਗੋਤ ਕੇ ਗਾਹਕ ਭਾਰੀ।
ਨਹੀਂ ਚਰਨ ਦੇਂ ਧੇਨੁ ਹਮਾਰੀ।
ਜੇ ਚਲਿ ਜਾਤਿ ਤਿਨਹੁ ਕੀ ਓਰ।
ਮਾਰ ਹਟਾਇ ਧਰਹਿਂ ਬਹੁ ਸ਼ੋਰ- ॥੨੫॥
ਸੁਨਿ ਗੁਰੂ ਬੋਲੇ ਸਹਿਜ ਸੁਭਾਇ।
-ਸਗਰੇ ਬੂਹ ਜੂਹ ਹੁਇ ਜਾਇਂ[1]।

[1]ਬੂਹਾਂ (ਦਾ) ਸਾਰਾ (ਗ੍ਰਾਮ) ਜੂਹ = (ਚਰਾਗਾਹ) ਹੋ ਜਾਏਗੀ। ਭਾਵ ਖੇਤੀ ਨਾ ਰਹੇਗੀ ਚਰਨ ਦੀ ਥਾਂ ਹੀ ਹੋ ਜਾਊ।

ਸੁਖ ਕੇ ਸਹਿਤ ਧੇਨੁ ਸਭਿ ਚਾਰੋ।
ਇਹੁ ਚੋਲ੍ਹਾ ਓਲ੍ਹਾ ਗੁਰ ਭਾਰੋ- ॥੨੬॥
ਇਮ ਗੁਰੁ ਕਹ੍ਯੋ, ਬੂਹ ਪੁਰਿ ਮਹਾਂ।
ਉਜਰਿ ਗਏ, ਚਾਰਹਿਂ ਗੋ ਤਹਾਂ[1]।

[1]ਬੂਹ ਗੋਤ ਦੇ ਜ਼ਿਮੀਦਾਰਾਂ ਦਾ ਪਿੰਡ ਉਜੜ ਗਿਆ ਤਿਥੇ

(ਹੁਣ ਇਹ ਲੋਕ) ਗਊਆਂ ਚਾਰਦੇ ਹਨ।

ਇਸ ਪ੍ਰਕਾਰ ਥਿਰ ਕੇਤਿਕ ਕਾਲਾ।
ਭਯੋ ਤਯਾਰ ਤਬਿ ਅਸਨ ਰਸਾਲਾ ॥੨੭॥
ਮਨ ਭਾਵਤਿ ਅਚਿ ਕੈ ਸੁਖ ਪਾਏ।
ਨਿਸ ਬਿੱਸ੍ਰਾਮ ਕਰੇ ਇਸ ਥਾਏ।
ਕੇਤਿਕ ਦਿਨ ਬਸਿ ਗੁਰੂ ਗੁਜ਼ਾਰੇ।
ਦੇਨਿ ਟਕੇ ਦਿੱਲੀ ਕਹੁ ਤਯਾਰੇ ॥੨੮॥
ਸਤਿਗੁਰੁ ਤੇ ਆਇਸੁ ਤਬਿ ਜਾਚੀ।
ਦਿਢ ਕਰਿਬੇ ਕਹੁ ਗਿਰਾ ਉਬਾਚੀ।
-ਚੋਲ੍ਹਾ ਨਾਮ ਨਿਸ਼ੰਕ ਬਖਾਨੋ।
ਸੁਖ ਸੋਂ ਆਵਹੁ ਅਬਹਿ ਪਯਾਨੋ- ॥੨੯॥
ਕਰਿ ਬੰਦਨ ਕੋ ਮਾਰਗ ਗਏ।
ਦਿੱਲੀ ਬਿਖੇ ਪ੍ਰਵੇਸ਼ਤਿ ਭਏ।
ਮਿਲੇ ਦਿਵਾਨ ਸੰਗ ਤਹਿਂ ਜਾਏ।
ਕਹਯੋ -ਟਕੇ ਚੋਲ੍ਹੇ ਕੇ ਲਯਾਏ- ॥੩੦॥
ਸੁਨਤਿ ਦਿਵਾਨ ਦਫਤਰੀ ਭਨਯੋ।
-ਚੋਲ੍ਹਾ ਗ੍ਰਾਮ ਨ ਅਬਿ ਲੌ ਸੁਨਯੋ।
ਬਸਯੋ ਨਯੋ ਕੋ? ਦੇਹੁ ਸੁਨਾਇ।
ਸੋ ਨਾਵਾਂ ਅਬਿ ਲੇਹਿਂ ਚਢਾਇ ॥੩੧॥
ਭੈਣੀ ਗ੍ਰਾਮ ਪੰਚ ਤੂੰ ਅਹੈਂ-।
ਸੁਨਿ ਸਭਿਹਿਨ ਮੈਂ ਰਾਹਕ ਕਹੈ।
-ਕਯੋਂ ਤੁਮ ਨਾਮ ਸੁ ਅਪਰ ਉਚਾਰੋ।
ਦਫਤਰ ਅਪਨੋ ਲਿਖਯੋ ਬਿਚਾਰੋ ॥੩੨॥
†ਸੁਨਿ ਦਿਵਾਨ ਮਨ ਸੰਸਾ ਭਯੋ।
ਦਫਤਰ ਖੋਲਿ ਸੁ ਦੇਖਤਿ ਭਯੋ।
ਚੋਲ੍ਹਾ ਲਿਖਯੋ ਸੁ ਬੀਚ ਨਿਹਾਰਾ।
ਦੇਖਤਿ ਮਨ ਮਹਿਂ ਅਚਰਜ ਧਾਰਾ* ॥੩੩॥

†ਇਹ ੩੩ ਅੰਕ ਦੀ ਚੌਪਈ ਛਾਪੇ ਦੇ ਨੁਸਖਿਆਂ ਵਿਚ ਤਾਂ ਹੈ, ਪਰ ਲਿਖਤੀਆਂ ਵਿਚ ਅਕਸਰ ਨਹੀਂ ਮਿਲਦੀ ਹੈ। ਇਕ ਲਿਖਤੀ ਨੁਸਖੇ ਵਿਚ ਇਹ ਦੂਜੀ ਕਲਮ ਨਾਲ ਹਾਸ਼ੀਏ ਤੇ ਲਿਖੀ ਹੋਈ ਹੈ।

ਜਹਾਂਗੀਰ ਢਿਗ ਗਯੋ ਦਿਵਾਨ।
ਅਚਰਜ ਪਾਯੋ ਕਰਤਿ ਬਖਾਨ।
-ਰਾਹਕ ਭੈਣੀ ਕੋ ਨਿਤ ਆਵੈ।
ਅਬਿ ਚੋਲ੍ਹਾ ਤਿਹ ਨਾਮ ਸੁਨਾਵੈ ॥੩੪॥
ਕਹੈ[1] ਕਿ 'ਦਫਤਰ ਲਿਖ੍ਯੋ ਨਿਕਾਰਹੁ।'
ਕਬਿ ਹੂੰ ਕਾਨ ਨ ਸੁਨ੍ਯੋ ਬਿਚਾਰਹੁ-।
ਸ਼ਾਹੁ ਕਹੈ -ਹਮ ਸੁਨ੍ਯੋ ਨ ਸ਼੍ਰੋਨ।
ਖੋਜਹੁ ਲਿਖ੍ਯੋ ਹੋਇ ਜੇ ਕੌਨ[1]- ॥੩੫॥
-ਦਫਤਰ ਕਈ ਹਜ਼ਾਰ ਨਿਹਾਰ੍ਯੋ।
ਸਭਿ ਮਹਿਂ ਚੋਲ੍ਹਾ ਲਿਖ੍ਯੋ ਬਿਚਾਰ੍ਯੋ।
ਨਿਕਟਿ ਨਿਕਟਿ ਗ੍ਰਾਮ ਕੇ ਮਾਂਹੀ।
ਪਿਖਿ ਚੋਲ੍ਹਾ, ਭੈਣੀ ਤਹਿਂ ਨਾਂਹੀ-
॥੩੬॥
ਜਹਾਂਗੀਰ ਸੁਨਿ ਮਨ ਬਿਸਮਾਯੋ।
ਰਾਹਕ ਅਪਨੇ ਪਾਸ ਬੁਲਾਯੋ।
-ਕਹੁ ਤੂੰ ਸਾਚ ਕਹਾਂ ਇਹ ਭਯੋ? -।
ਪੈਂਚ ਪ੍ਰਸੰਗ ਸਕਲ ਕਹਿ ਦਯੋ ॥੩੭॥
ਧਰ੍ਯੋ ਗੁਰੂ ਅਰਜਨ ਇਹੁ ਨਾਮੂ।
ਉਤਰੇ ਆਨਿ ਹਮਾਰੇ ਧਾਮੂ-।
ਸੁਨਤਿ ਸ਼ਾਹੁ ਤਬਿ ਸੀਸ ਨਿਵਾਯੋ।
ਮਾਫੀ ਪਟਾ ਲਿਖਾਇ ਦਿਵਾਯੋ ॥੩੮॥
ਸ੍ਰੀ ਅਰਜਨ ਕੀ ਕੀਨਿ ਪ੍ਰਸ਼ੰਸ਼ਾ।
-ਚਹੈਂ ਸੁ ਕਰਹਿਂ ਨ ਇਸ ਮਹਿਂ ਸੰਸਾ-।
ਰਹ੍ਯੋ ਪੰਚ ਢਿਗ ਗ੍ਰਾਮ ਮਹਾਨਾ।
ਛੀਨ੍ਯੋ ਪਾਪੀ ਸ਼ਾਹੁ ਜਹਾਨਾ ॥੩੯॥
ਕਿਤਿਕ ਦਿਵਸ ਬਾਸਾ ਗੁਰੁ ਕਿਏ।
ਬਹੁਰ ਸੁਧਾਸਰ ਕੋ ਚਲਿ ਗਏ।
ਸੁਨਿ ਭਾਨਾ! ਇਹ ਗਾਥਾ ਸਾਰੀ।
ਸ੍ਰੀ ਅਰਜਨ ਕੀ ਅਬਹਿ ਉਚਾਰੀ'
॥੪੦॥
ਸੁਨਿ ਸਭਿਹਿਨਿ ਤਬਿ ਸੀਸ ਨਿਵਾਯੋ।
'ਧੰਨ ਧੰਨ' ਸਤਿਗੁਰ ਕੋ ਗਾਯੋ।

[1]ਰਾਹਕ) ਕਹਿੰਦਾ ਹੈ।

[1]ਜੇ ਕਿਸੇ ਨੇ ਲਿਖਿਆ ਹੋਵੇ।

ਸ਼੍ਰੀ ਹਰਿਗੋਬਿੰਦ ਸੋ ਥਲ ਬੰਦਿ[1]।
ਆਇ ਸਿਵਰ ਮਹਿਂ ਜੁਤਿ ਨਰ ਬ੍ਰਿੰਦ ॥੪੧॥
ਤਿਸੀ ਪੰਚ ਕੋ ਸੁਤ ਚਲਿ ਆਯੋ।
ਖਟ ਰਸ ਭੋਜਨ ਕੋ ਕਰਿ ਲਯਾਯੋ।
ਬੈਠਿ ਗਯੋ ਪਦ ਬੰਦਨ ਧਾਰੀ।
ਗੁਰ ਬੂਝੀ ਸਭਿ ਕੁਸ਼ਲ ਉਚਾਰੀ ॥੪੨॥
ਸਕਲ ਕੁਟੰਬ ਸੰਗ ਸਿਖ ਸਾਰੇ।
ਸ੍ਵਾਦ ਬਿਬਿਧ ਬਿਧਿ ਅਚਜੋ ਅਹਾਰੇ।
ਭਈ ਨਿਸਾ ਕੀਨਸਿ ਬਿਸਰਾਮੂ।
ਜਾਗੇ ਬਹੁਰ ਰਹੀ ਜਬਿ ਜਾਮੂ ॥੪੩॥
ਹੋਤਿ ਕੀਰਤਨ ਮਨ ਦੈ ਸੁਨੈਂ।
ਗੁਰਬਾਨੀ ਸਿਖ ਸੁਖਦਾ ਭਨੈਂ।
ਸ਼੍ਰੀ ਹਰਿਗੋਵਿੰਦ ਬਾਸੁਰ ਤੀਨ।
ਕਰਜੋ ਬਾਸ ਸੁਖ ਸੰਗ ਪ੍ਰਬੀਨਿ ॥੪੪॥
ਪੁਨ ਪਿਤ ਕੋ ਥਲ ਬੰਦਨ ਕਰਿ ਕੈ।
ਮਾਰਗ ਚਲੇ ਤੁਰੰਗ ਪਰ ਚਰਿ ਕੈ।
ਪੁਰਿ ਜਨ ਆਏ ਕਰੀ ਪ੍ਰਣਾਮ।
ਧੀਰ ਦਈ ਗੁਰੁ ਗਮਨੇ ਧਾਮ ॥੪੫॥
ਪੰਚ ਤ੍ਰਿਯਾ ਨੇ[1] ਪੂਜਾ ਕੀਨਿ।
ਤ੍ਰੈ ਗੁਰੁ ਮਹਿਲਾ ਤੇਵਰ ਦੀਨਿ।
ਸੂਰਜ ਮਲ ਕੀ ਬਧੂ ਨਿਹਾਰੀ।
ਇਕ ਤੇਵਰ ਤਿਹ ਦਯੋ ਸੁਧਾਰੀ ॥੪੬॥
ਅਪਰ ਤ੍ਰਿਯਾ ਪੁਰਿ ਕੀ ਸਭਿ ਆਈ।
ਜਥਾ ਸ਼ਕਤਿ ਭੇਟਨਿ ਅਰਪਾਈ।
ਦੇ ਅਸੀਸ ਸਭਿ ਕੋ, ਚਢਿ ਚਾਲੀ।
ਕਰਤਿ ਗ੍ਰਾਮ ਕੀ ਸਿਫ਼ਤਿ ਬਿਸਾਲੀ ॥੪੭॥
ਕੋਸ ਤੀਨ ਜਬਿ ਸਤਿਗੁਰ ਗਏ।
ਇਕ ਅਸਥਾਨ ਬਿਲੋਕਤਿ ਭਏ।
ਉਤਰਿ ਤਰੰਗ ਤੇ ਬੰਦਨ ਠਾਨੀ।
ਬੈਠੇ ਕਿਤਿਕ ਕਾਲ ਗੁਨਖਾਨੀ ॥੪੮॥

[1]ਨਮਸਕਾਰ ਕਰਕੇ।

[1]ਪੈਂਚ ਦੀ ਇਸਤ੍ਰੀ ਨੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਿਤਮ ਰਾਸੇ 'ਚੇਲ੍ਹੇ ਗ੍ਰਾਮ ਆਗਮਨ' ਪ੍ਰਸੰਗ ਬਰਨਨੰ ਨਾਮ ਤ੍ਰੌਦਸਮੋ ਅੰਸੂ ॥੧੩॥

੧੪. [ਭਾਈ ਹੇਮਾ, ਭਾਈ ਗੁਰਦਾਸ ਪ੍ਰਲੋਕ ਗਮਨ]

੧੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੫

ਦੋਹਰਾ:
ਤਿਸ ਥਲ ਜਬਿ ਬੈਠੇ ਗੁਰੂ, ਸਭਿ ਉਰ ਸੰਸੈ ਠਾਨਿ।
ਕਰ ਜੋਰੇ ਬੂਝਤਿ ਭਏ, 'ਕਿਹ ਸਥਾਨ ਇਹੁ ਆਨਿ[1]? ॥੧॥

ਚੌਪਈ:
ਕਰਿ ਬੰਦਨ ਕੋ ਰਾਵਰ ਬੈਸੇ।
ਕਿਸ ਕੋ ਥਲ, ਹੋਯੋ ਇਹ ਕੈਸੇ?'
ਦਯਾ ਸਿੰਧੁ ਸੁਨਿ ਬਾਕ ਬਖਾਨੇ।
'ਇਹੁ ਸ਼੍ਰੀ ਨਾਨਕ ਕੋ ਇਸਥਾਨੇ ॥੨॥
ਪਠੇਵਿੰਡ ਪੁਰਿ ਨਾਮ ਕਹੰਤੇ।
ਖੱਤ੍ਰੀ ਬੇਦੀ ਬ੍ਰਿੰਦ ਬਸੰਤੇ।
ਸੰਗ ਹੁਤੇ ਬਾਲਾ ਮਰਦਾਨਾ।
ਸ਼੍ਰੀ ਨਾਨਕ ਆਏ ਇਸ ਥਾਨਾ ॥੩॥
ਆਨਿ ਬੇਦੀਯਨ ਜਬਹਿ ਨਿਹਾਰੇ।
ਕਰਤਿ ਕੁਤਰਕਨ ਬਾਕ ਉਚਾਰੇ।
-ਕਹਾਂ ਬੇਦੀਯਨਿ ਬੰਸੁ ਲਜਾਵਾ?
ਬੇਖ ਫਕੀਰ ਕੁਰਾਹੁ ਚਲਾਵਾ ॥੪॥
ਇਸ ਪੁਰਿ ਭ੍ਰਾਤਨ ਮਹਿਂ ਚਹਿਂ[1] ਥਾਨ।
ਕਰਹਿਂ ਪਸਾਰਨਿ ਦੰਭ ਮਹਾਨ।
ਹਮ ਸ਼ਰੀਕ ਤੁਵ ਬਸਨ ਨ ਦੈਹੈਂ।
ਜਾਹੁ ਅਬਹਿ ਨਹਿਂ ਪਕੜ ਉਠੈ ਹੈਂ- ॥੫॥
ਕਹਯੋ ਗੁਰੂ -ਹਮ ਬਾਸ ਨ ਕਰੈਂ।
ਕੋ ਦਿਨ ਬਸਹਿਂ, ਆਨ ਥਲ ਫਿਰੈਂ।
ਨਹੀਂ ਸ਼ਰੀਕਨਿ ਸੰਗ ਸ਼ਰੀਕੀ।
ਤਜੀ ਲਾਲਸਾ, ਨਾਂਹਿਨ ਨੀਕੀ- ॥੬॥
ਸੁਨਿ ਬੇਦੀਨਿ ਕੋਪ ਕਰਿ ਕਹਯੋ।
-ਇਹੁ ਤੁਵ ਦਾਵ ਸਭਿਨਿ ਹਮ ਲਹਯੋ।
ਮਿਲਿ ਅਪਨਾਇ ਲੇਹਿਂਗੇ ਕੇਈ[1]।

[1]ਕਿਹੜਾ ਠਿਕਾਣਾ ਇਹ ਜਾਣਿਆ ਹੈ?

[1]ਭਾਵ ਇਸ ਪਿੰਡ ਜਾਤ ਭ੍ਰਾਵਾਂ ਵਿਚ ਥਾਂ ਲੋੜਦੇ ਹੋ।

[1]ਮਿਲਕੇ ਕਈਆਂ ਨੂੰ ਆਪਣਾ ਕਰ ਲਓਗੇ।

ਬਨਹਿਂ ਸਹਾਇਕ ਤੁਵ ਤਬਿ ਤੇਈ[1] ॥੭॥
ਯਾਂ ਤੇ ਅਬਹਿ ਉਠਾਵਨਿ ਕਰੈਂ।
ਤੁਵ ਬਚ ਪਰ ਨ ਭਰੋਸਾ ਧਰੈਂ।
ਉਠਹੁ ਜਾਹੁ ਸੁਨਿ ਬਾਕ ਹਮਾਰੇ।
ਨਤੁ ਭੁਜ ਗਹਿ ਕੈ ਤੁਰਤ ਉਠਾਰੇਂ- ॥੮॥
ਤਬਿ ਸ਼੍ਰੀ ਨਾਨਕ ਬਾਕ† ਬਖਾਨਾ।
-ਤੁਮ ਵਿਰਸਾ ਘਰ ਨਿਜ ਦਿਢਜਾਨਾ[1]।
ਸੋ ਸਭਿ ਕੂਰ ਛਾਰ[1] ਮਿਲਿ ਜਾਵੈ।
ਪੁਰਿ ਉਜਰਹਿ ਕਿਤ ਖੋਜ ਨ ਪਾਵੈ- ॥੯॥
ਇਮ ਕਹਿ ਗਮਨ ਕੀਨਿ ਗੁਨ ਖਾਨੀ।
ਸ਼੍ਰੀ ਨਾਨਕ ਸਿੱਖਨਿ ਸੁਖਦਾਨੀ।
ਪੁਨ ਕੁਛ ਸਮਾਂ ਪਾਇ ਪੁਰਿ ਮਾਂਹੀ।
ਵਧੀ ਸਪਰਧਾ[1] ਮਿਟਹਿ ਜੁ ਨਾਂਹੀ ॥੧੦॥
ਲਰਿ ਲਰਿ ਭਾਜੇ ਪੁਰਿ ਕੋ ਛੋਰਿ।
ਪਰਯੋ ਥੇਹ ਤਬਿ ਕੋ ਇਸ ਠੌਰ। '
ਸ਼੍ਰੀ ਹਰਿ ਗੋਵਿੰਦ ਗਾਥ ਸੁਨਾਈ।
ਸੁਨਿ ਸਗਰੇ ਨਿਜ ਸੀਸ ਨਿਵਾਈ ॥੧੧॥
ਥਿਰੇ ਘਰੀ ਜੁਗ ਬਹੁਰ ਸਿਧਾਰੇ।
ਦੋਇ ਕੋਸ ਜਬਿ ਚਲੇ ਅਗਾਰੇ।
ਸ਼੍ਰੀ ਅਰਜਨ ਕੋ ਤਹਿਂ ਅਸਥਾਨ।
ਉਤਰਿ ਤੁਰੰਗ ਤੇ ਬੰਦਨ ਠਾਨਿ ॥੧੨॥
ਸਵਾਜਾਮ ਦਿਨ ਤਬਿ ਲੌਂ ਚਰਯੋ।
ਕਹਿ ਸਭਿਹਿਨ ਸੋਂ ਡੇਰਾ ਕਰਯੋ।
ਆਗਯਾ ਦਈ ਅਹਾਰ ਕਰਨਿ ਕੀ।
ਕਰੀ ਦੂਰ ਜਿਨ ਕੁਮਤਿ ਨਰਨ ਕੀ ॥੧੩॥

[1]ਓਹ।

†ਪਾ:-ਸ੍ਰਾਪ।

[1]ਤੁਸੀਂ ਆਪਣੇ ਘਰ ਨੂੰ ਪੱਕੇ ਵਿਰਸੇ ਭਾਵ ਮਾਲਕੀ ਦਾ ਜਾਣਦੇ ਹੋ।

[1]ਖੇਹ।

[1]ਈਰਖਾ।

ਬੈਠੇ ਲਗਯੋ ਦਿਵਾਨ ਮਹਾਨ।
ਬੂਝਨਿ ਕੀਨੇ ਗੁਰ ਤਬਿ ਭਾਨ[1]। [1]ਸਤਿਗੁਰਾਂ ਨੂੰ ਭਾਨਾ ਜੀ ਨੇ ਪੁੱਛਿਆ।
'ਪੁਰਿ ਉਜਾਰ ਕਛ ਦੂਰ ਦਿਖਾਏ।
ਕਿਮ ਸ਼੍ਰੀ ਅਰਜਨ ਇਸ ਥਲ ਆਏ?'
॥੧੪॥
ਸੁਨਿ ਗੁਰ, ਬਿਧੀਏ ਓਰ ਨਿਹਾਰਾ।
'ਹੁਤੇ ਸੰਗ ਤੁਮ ਕਰਹੁ ਉਚਾਰਾ।'
ਆਇਸੁ ਮਾਨੀ ਬੈਨ ਅਲਾਏ[1]। [1]ਬਿਧੀ ਚੰਦ ਜੀ ਨੇ ਕਹੇ।
'ਬਿਚਰਤਿ ਸ਼੍ਰੀ ਅਰਜਨ ਇਤ ਆਏ
॥੧੫॥
ਪੰਚ ਸਿੱਖ ਹਮ ਗੁਰ ਕੇ ਸਾਥ।
ਬੈਠਿ ਰਹੈ ਇਸ ਥਲ ਜਬਿ ਨਾਥ।
ਹਿਮ ਰਿਤੁ[1] ਹੁਤੀ ਸੀਤ ਬਹੁ ਪਰੈ। [1]।
ਘਨ ਜੁਤਿ ਪੌਨ ਬਹੈ ਤਨ ਠਰੇ ॥੧੬॥
ਹਮ ਪੰਚਹੁੰ ਮਿਲਿ ਬਿਨੈ ਉਚਾਰੀ।
-ਚਲਹੁ ਆਪ ਉਠਿ ਪੁਰੀ ਮਝਾਰੀ।
ਸੁਖ ਸੋਂ ਨਿਸਾ ਬਿਤਾਇ ਪਯਾਨੈਂ[1]-। [1]ਰਾਤ੍ਰੀ ਸੁਖ ਨਾਲ ਬਿਤਾਕੇ (ਅਗੇ) ਟੁਰਾਂਗੇ।
ਸੁਨਿ ਗੁਰ ਕਹਯੋ -ਦੂਰ ਕੁਛ ਜਾਨੈ[1] [1]ਜਾਣਕੇ ਕੁਛ ਦੂਰ (ਠਹਿਰੇ ਹਾਂ, ਕਿਉਂਕਿ ਏਥੇ)।
॥੧੭॥
ਬਸਹਿਂ ਦੁਸ਼ਟ ਜਨ ਭਾਉ ਬਿਹੀਨੇ।
ਜਾਨੋਂ ਪਰਹਿਂ[1] ਮਹਾਂ ਮਤਿ ਹੀਨੇ-। [1]ਮਲੂਮ ਹੁੰਦੇ ਹਨ।
ਪੁਨ ਹਮ ਕਹਯੋ -ਉਤੰਗ ਅਵਾਸ।
ਪਿਖਿ ਜਨਵਾਸ[1] ਕਰਹਿਂ ਨਿਸ ਬਾਸ- [1]ਆਮ ਲੋਕਾਂ ਦੇ ਠਹਿਰਨ ਦਾ ਥਾਂ, ਸਰਾਂ। (ਅ) ਜੰਞ ਘਰ।
॥੧੮॥
ਸਤਿਗੁਰ ਕਹਯੋ -ਪ੍ਰਥਮ ਤੁਮ ਜੱਯੈ।
ਪਿਖਿ ਸਥਾਨ ਪੁਨ ਹਮ ਢਿਗ ਅੱਯੈ-।
ਸੁਨਿ ਆਇਸੁ ਕੋ ਪੁਰੀ ਸਿਧਾਰੇ।
ਦੇਖੇ ਸੁੰਦਰ ਸਦਨ ਚੁਬਾਰੇ ॥੧੯॥
ਨਹਿਂ ਬਿਸਰਾਮ ਕਰਨਿ ਕੋ ਥਾਨ।
ਕਿਨਹੁੰ ਬਿਠਾਇ ਨ ਕਿਯ ਸਨਮਾਨ।
ਸਭਿ ਸਤਿਗੁਰ ਸੋਂ ਆਨਿ ਸੁਨਾਈ।
ਪਰਨਿ ਫੁਹਾਰ ਲਗੀ ਘਟ ਆਈ[1] [1]ਬੱਦਲੀ ਆਈ ਤੇ ਫੁਹਾਰ (ਮੀਂਹ ਦੀ) ਪੈਣ ਲਗ ਪਈ।

॥੨੦॥
ਤਬਿ ਸ਼੍ਰੀ ਅਰਜਨ ਬਾਕ ਉਚਾਰੋ।
-ਏਕ ਬਸੈ ਇਹਠਾਂ ਮਮ ਪਜਾਰੋ।
ਤਿਸ ਢਿਗ ਬਸੋਂ ਮੋਹਿ ਮਨ ਭਾਯੋ।
ਕਰੇ ਪ੍ਰੇਮ ਜਿਸ ਐਂਚਿ ਮੰਗਾਯੋ- ॥੨੧॥
ਉਠਿ ਸਗਰੇ ਤਿਸ ਨਿਕਟਿ ਸਿਧਾਏ।
ਭਗਨਿ ਛਾਪਰੀ ਪਰ ਤ੍ਰਿਣ ਛਾਏ[1]।
ਪਰਮ ਸੰਤ ਸਿੱਖ ਹੇਮਾ ਨਾਮ।
ਜੋ ਸਤਿਨਾਮ ਜਪਹਿ ਸਭਿ ਜਾਮ ॥੨੨॥
ਫਟੀ ਕਾਮਰੀ[1] ਊਪਰ ਲੀਨਿ।
ਪੀਸਤਿ ਅੰਨ[1] ਪ੍ਰੇਮ ਮਨ ਭੀਨ।
ਦੇਖਿ ਸਿੱਖ ਕੋ ਭਏ ਪ੍ਰਸੰਨ।
ਕਹਜੋ -ਸੰਤ ਹਰਿ ਕੇ ਨਿਤ ਧੰਨ-
॥੨੩॥
ਭਏ ਛਾਪਰੀ ਬਿਖੈ ਪ੍ਰਵੇਸ਼ੁ।
ਹੇਮਾ ਹੇਰਤਿ ਹਰਖ ਵਿਸ਼ੇਸ਼।
ਉਠਿ ਗੁਰ ਕੇ ਪਾਇਨ ਲਪਟਾਯਹੁ।
ਡਾਰਿ ਕਾਮਰੀ ਤਰੈ ਬਿਠਾਯਹੁ ॥੨੪॥
ਪਗ ਪਖਾਰਿ ਚਰਨਾਂਮ੍ਰਿਤ ਲੀਨੋ।
ਦਰਸ਼ਨ ਕਰਤਿ ਅਨੰਦ ਮਨ ਭੀਨੋ।
ਜਾਚਜੋ ਅੰਨ ਸੰਚਿ ਜੋ ਧਰਜੋ।
ਪੀਸ ਪਕਾਇ ਅਹਾਰ ਸੁ ਕਰਜੋ ॥੨੫॥
ਬਿਨੈ ਭਨੀ ਗੁਰ ਕੋ ਅਚਵਾਯੋ।
ਹਮ ਕੋ ਦੀਨਿ ਸਕਲ ਤਬਿ ਖਾਯੋ।
ਸੀਤ ਪ੍ਰਸ਼ਾਦਿ ਤਾਂਹਿ ਪੁਨ ਲੀਨਾ।
ਧਰੇ ਪ੍ਰੇਮ ਤਿਨ ਖਾਵਨ ਕੀਨਾ ॥੨੬॥
ਗੁਰੂ ਚਰਨ ਚਾਂਪਤਿ ਗੁਨ ਗਾਵਤਿ।
-ਕਰੀ ਕ੍ਰਿਪਾ ਮੋ ਪਰ- ਹਰਖਾਵਿਤ।
ਤਿਸ ਕੀ ਦਸ਼ਾ ਦੇਖਿ ਸ਼੍ਰੀ ਅਰਜਨ।
ਸਬਦ ਉਚਾਰਨ ਕੀਨਿ ਤਹੀ ਛਿਨ
॥੨੭॥

ਸ੍ਰੀ ਮੁਖਵਾਕ:

[1]ਟੁੱਟੀ ਹੋਈ ਛੱਪਰੀ ਉੱਪਰੋਂ ਕੱਖਾਂ ਨਾਲ ਛਾਈ ਹੋਈ ਸੀ।

[1]ਕੰਬਲੀ।

[1]ਮੰਗਿਆ ਹੋਇਆ ਅੰਨ।

ਰਾਗੁ ਸੂਹੀ ਮਹਲਾ ੫ ਘਰੁ ੪
ੴ ਸਤਿਗੁਰ ਪ੍ਰਸਾਦਿ ॥
ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ ਰਹਾਉ ॥
ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥
ਸਭੁ ਕਿਛੁ ਤੁਮ੍ਹ੍ਹਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥੧॥੪੧॥

ਚੌਪਈ:

ਜਹਾਂਗੀਰ ਕੋ ਬਡ ਉਮਰਾਉ।
ਖਾਨਪੁਰਾ ਜਿਸ ਕੇ ਢਿਗ ਗਾਉਂ।
ਗੁਰ ਕੇ ਸ੍ਰਾਪ ਉਜਰਿ ਸਭਿ ਗਯੋ।
ਛੂਛ ਪਰਜੋ ਅਬਿ ਐਸੇ ਭਯੋ ॥੨੮॥
ਜਹਿਂ ਗੁਰ ਸੰਤਨ ਕੋ ਨਹਿਂ ਮਾਨ।
ਸੋ ਪੁਰਿ ਜਾਨਹੁ ਥਾਨ ਮਸਾਨ।
ਕੇਤਿਕ ਦਿਨ ਸ਼੍ਰੀ ਅਰਜਨ ਰਹੇ।
ਹੇਮੇ ਬਯ ਪੂਰਨ ਨਿਜ ਲਹੇ ॥੨੯॥
ਸੁਖ ਸੋਂ ਪੰਚ ਭੂਤ ਤਨ ਤਜਾਗਾ।
ਗੁਰਪੁਰਿ ਕੋ ਪਹੁੰਚਜੋ ਬਡ ਭਾਗਾ।
ਸ਼੍ਰੀ ਅਰਜਨ ਤਿਸ ਕੋ ਸਸਕਾਰੇ।
ਬਹੁਰੋ ਅਪਨੇ ਸਦਨ ਸਿਧਾਰੇ' ॥੩੦॥
ਕਹਿ ਬਿਧੀਆ 'ਸੁਨਿ ਭਾਨਾ ਸਾਹਿਬ!
ਸ਼੍ਰੀ ਗੁਰ ਕੀ ਅਸ ਗਾਥ ਅਜਾਇਬ।
ਤਬਿ ਕੋ ਇਹ ਸਥਾਨ ਹੈ ਪਾਵਨ।'
ਸੁਨਿ ਸਭਿ ਨੇ ਕਿਯ ਸੀਸ ਨਿਵਾਵਨ ॥੩੧॥
ਸ਼੍ਰੀ ਹਰਿਗੋਬਿੰਦ ਉਰ ਹਰਖਾਏ।
ਬਹੁਰ ਅਹਾਰ ਮੰਗਾਇ ਸੁ ਖਾਏ।
ਕਰਜੋ ਦੁਪਹਿਰੇ ਕੋ ਬਿਸਰਾਮੂ।
ਭਏ ਸੁਚੇਤ ਰਹੇ ਦਿਨ ਜਾਮੂ[1] ॥੩੨॥

[1]ਪਹਿਰ ਦਿਨ ਰਹੇ।

ਲਖਿ ਗੁਰੁ, ਅੰਤ ਸਮਾਂ ਗੁਰਦਾਸ।
ਚਢਿਬੇ ਹਯ ਮੰਗਵਾਇਸਿ ਪਾਸ।
ਗੋਇੰਦਵਾਲ ਪੁਰੀ ਕਹੁ ਚਾਲੇ।
ਸਕਲ ਕੁਟੰਬ ਜਿਨਹੁੰ ਕੇ ਨਾਲੇ ॥੩੩॥
ਚਤਰ ਘਟੀ ਦਿਨ ਪਹੁੰਚੇ ਜਾਇ।
ਢਿਗ ਬਾਪੀ ਕੇ ਸਿਵਰ ਲਗਾਇ।
ਕਰਿ ਮੱਜਨ ਕੋ, ਗਏ ਚੁਬਾਰੇ।
ਸਰਬ ਸਥਾਨ ਬੰਦਨਾਂ ਧਾਰੇ ॥੩੪॥
ਪੁਨ ਗੁਰ ਡੇਰੇ ਬਿਖੇ ਸਿਧਾਏ।
ਸੁੰਦਰ, ਪਰਮਾਨੰਦ ਚਲਿ ਆਏ।
ਕਰਿ ਬੰਦਨ ਕੋ, ਬੈਠੇ ਤੀਰ।
ਕੁਸ਼ਲ ਪ੍ਰਸ਼ਨ ਤਬਿ ਕਹੀ ਸਰੀਰ ॥੩੫॥
ਭੋਜਨ ਅਚਿ ਕੀਨਸਿ ਬਿਸਰਾਮੂ।
ਜਾਗੇ ਰਹੀ ਡੇਢ ਨਿਸ ਜਾਮੂ।
ਤਬਿ ਗੁਰਦਾਸ ਜੋਰਿ ਕਰ ਕਹਯੋ।
'ਪ੍ਰਾਨ ਅੰਤ ਮੈਂ ਅਪਨੋ ਲਹਯੋ' ॥੩੬॥
ਸੁਨਿ ਕਰਿ ਗਮਨੇ ਲੇ ਨਿਜ ਸਾਥ।
ਸੁੰਦਰ, ਪਰਮਾਨੰਦ, ਗੁਰੁ ਨਾਥ।
ਕਰਿ ਕੇ ਸੌਚ, ਸ਼ਨਾਨ ਕਰੰਤੇ।
ਬੈਠੇ ਆਸਾਵਾਰ ਸੁਨੰਤੇ ॥੩੭॥
ਬਿਨਤੀ ਪੁਨ ਗੁਰਦਾਸ ਸੁਨਾਈ।
'ਪ੍ਰਾਨ ਅੰਤ ਮਹਿਂ ਬਿਲਮ ਨ ਕਾਈ।
ਡਾਰਹੁ ਭਸਮ ਬਿਪਾਸਾ ਮਾਂਹੀ।
ਮੇਰੀ ਮੜ੍ਹੀ ਕੀਜੀਏ ਨਾਂਹੀ' ॥੩੮॥
ਸੁਨਿ ਗੁਰ ਕਹਯੋ 'ਕਰੈਂ ਤਵ ਕਹਯੋ।'
ਮਨ ਅਡੋਲ ਭਾਈ ਹੁਇ ਰਹਯੋ।
ਜਪੁਜੀ ਪਾਠ ਸੁਖਮਨੀ ਕੀਨਿ।
ਨਮੋ ਠਾਨਿ ਗੁਰ ਧ੍ਯਾਨ ਸੁ ਲੀਨਿ ॥੩੯॥
ਸ਼੍ਰੀ ਹਰਿਗੋਬਿੰਦ ਚੰਦ ਅਲਾਯੋ।
'ਧੰਨ ਜਨਮ ਤੁਮਰੋ ਜਗ ਆਯੋ।
ਮਹਿ ਮੰਡਲ ਮਹਿਂ ਜਸੁ ਵਿਸਥਾਰਾ।

ਪਾਇ ਪਰਮਗਤਿ ਪੰਥ ਪਧਾਰਾ†[1] ॥੪੦॥
ਚਿਰੰਕਾਲ ਤੇਰੋ ਰਹਿ ਨਾਮੂ।
ਜਾਨਹਿਂ ਗੁਰੂ ਪੰਥ ਅਭਿਰਾਮੂ।'
ਸੁਨਿ ਗੁਰੁ ਬੈਨ ਬੰਦਨਾ ਕਰਿ ਕੈ।
ਬਨਦ ਅਛਾਦਜੋ ਆਗੈ ਪਰਿ ਕੈ ॥੪੧॥
ਸ੍ਰੀ ਸਤਿਗੁਰ ਕੇ ਪੁਰਿ[1] ਬਿਨ ਬੇਰਾ।
ਪਹੁੰਚਜੋ ਸਿਖ ਗੁਰਦਾਸ ਬਡੇਰਾ।
ਸ੍ਰੀ ਹਰਿਗੋਵਿੰਦ ਦੇਖਤਿ ਆਗੇ।
ਅਹੈ ਧੰਨ ਜਿਨ ਪ੍ਰਾਨ ਤਿਆਗੇ ॥੪੨॥
ਆਸਾਵਾਰ ਭੋਗ ਤਬਿ ਪਾਯੋ।
ਹਾਥ ਜੋਰਿ ਸਭਿ ਸੀਸ ਨਿਵਾਯੋ।
ਸਸਕਾਰਨ ਤਜਾਰੀ ਕਰਿਵਾਈ।
ਚਹਿਯਤਿ ਸੌਜ ਸਭੀ ਮੰਗਵਾਈ ॥੪੩॥
ਭਾਨਾ ਆਦਿਕ ਚਲੇ ਉਠਾਇ।
ਕੀਮਤ ਅਧਿਕ ਦੁਸ਼ਾਲੇ ਪਾਇ।
ਸੂਰਜਮਲ ਕਰ ਚਵਰ ਝੁਲਾਵੈ।
ਸੰਖਨ ਕੀ ਧੁਨਿ ਬਹੁਤ ਬਜਾਵੈ ॥੪੪॥
ਗਮਨਤਿ ਸ਼ਬਦ ਰਬਾਬੀ ਗਾਵਤਿ।
ਤੀਰ ਬਿਪਾਸਾ ਕੇ ਚਲਿ ਜਾਵਤਿ।
ਫੂਲਨ ਕੀ ਬਰਖਾ ਬਹੁ ਕਰੀ।
ਦੇਖਿ ਚਿਖਾ ਕੇ ਊਪਰ ਧਰੀ ॥੪੫॥
ਕਰ ਅਪਨੇ ਗੁਰ ਲਾਂਬੂ ਲਾਯੋ।
ਜਥਾ ਜੋਗ ਸਭਿ ਕਰਮ ਕਰਾਯੋ।
ਸਕਲ ਦਗਧ ਕਰਿ ਨਦੀ ਨਹਾਏ।
ਦਈ ਤਿਲਾਂਜੁਲ† ਲੇ ਤਿਸ ਨਾਏ ॥੪੬॥
ਚੌਕੀ ਸ਼ਬਦ ਭੋਗ ਕੋ ਪਾਇ।
ਕਰਿ ਅਰਦਾਸ 'ਗੁਰੂ ਪੁਰਿ ਜਾਇ[1]।'
ਪੰਚਾਂਮ੍ਰਿੱਤ ਤਬਹਿ ਬਰਤਾਏ।
ਬਰਨਤਿ ਗੁਨ ਨਿਵੇਸ[1] ਕੋ ਆਏ ॥੪੭॥
ਗੁਰ ਢਿਗ ਪੁਰਿ ਜਨ ਮਿਲਿ ਸਮੁਦਾਏ।

[1]ਪ੍ਰਲੋਕ ਦੇ) ਰਸਤੇ ਟੁਰ ਪਏ ਹੋ। †ਪਾ:-ਸੁਧਾਰਾ।

[1]ਪ੍ਰਲੋਕ ਵਿਚ, ਪਰਮ ਉੱਚ ਪਦ ਤੋਂ ਭਾਵ ਹੈ।

†ਇਹ ਗੁਰੁ ਘਰ ਦੀ ਰੀਤੀ ਨਹੀਂ, ਪਿਛੇ ਦੱਸ ਆਏ ਹਾਂ। ਦੇਖੋ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ।

[1]ਅਰਦਾਸ ਕੀਤੀ (ਕਿ ਭਾਈ ਗੁਰਦਾਸ ਜੀ) ਗੁਰਪੁਰੀ ਵਿੱਚ ਜਾਵਣ।

[1]ਘਰ।

ਬੈਠਿ ਬਾਤ ਗੁਰਦਾਸ ਚਲਾਏ।
ਚੌਥੇ ਦਿਵਸ ਅਸਥਿ ਚਨੁ ਲੀਨਿ।
ਭਸਮ ਬਿਪਾਸਾ ਪ੍ਰਾਪਤਿ ਕੀਨਿ ॥੪੮॥
ਬਾਪੀ ਮਹਿਂ ਸ਼ਨਾਨ ਕਰਿ ਤਬੈ।
ਨਮੋ ਕਰੀ ਪੂਜਨ ਥਲ ਸਬੈ।
ਤਤਛਿਨ ਹਯ ਪਰ ਕਰਿ ਅਸਵਾਰੀ।
ਚਲੇ ਸੁਧਾਸਰ ਪੰਥ ਮਝਾਰੀ ॥੪੯॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਭਾਈ ਗੁਰਦਾਸ ਪ੍ਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਚੌਦਸਮੋ ਅੰਸੂ ॥੧੪॥

੧੫. [ਮ੍ਰਿਤਕ ਗੁਰਮਰਯਾਦਾ। ਭਾਈ ਜੱਲਣ]

੧੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੬

ਦੋਹਰਾ:
ਸੁੰਦਰ ਪਰਮਾਨੰਦ ਕੋ,
ਅਪਰ ਸਰਬ ਪਰਿਵਾਰ।
ਜਥਾਜੋਗ ਮਿਲਿ ਕਰਿ ਸਭਿਨਿ,
ਹਯ ਹੋਏ ਅਸਵਾਰ ॥੧॥
ਚੌਪਈ:
ਸਭਿ ਕੁਟੰਬ ਚਢਿ ਚਲ੍ਯੋ ਪਿਛਾਰੀ।
ਜਥਾ ਜੋਗ ਅਪਨੀ ਅਸਵਾਰੀ।
ਪੁਰਿ ਖਡੂਰ ਮਹਿਂ ਪਹੁੰਚੇ ਜਾਈ।
ਉਤਰਿ ਤਰੰਗ ਪਰੇ ਤਿਸ ਥਾਈਂ ॥੨॥
ਸ਼੍ਰੀ ਅੰਗਦ ਕੇ ਮੰਦਿਰ ਗਏ।
ਫਿਰੇ ਪ੍ਰਦਛਨਾ ਬੰਦਨ ਕਿਏ।
ਸੁਭਟ ਕੁਟੰਬ ਮਿਲੇ ਤਿਹ ਸਮੋ।
ਦਰਸ਼ਨ ਪਰਸਤਿ ਕਰਿ ਕਰਿ ਨਮੋ ॥੩॥
ਸੁਨਿ ਕਰਿ ਸੁਧਿ ਦਾਤੂ ਸੁਤ ਆਯੋ।
ਝੁਕੇ ਪਰਸਪਰ ਉਰ ਹਰਖਾਯੋ।
'ਕਰਹੁ ਸਿਵਰ ਪ੍ਰਭੁ!' ਬਿਨੈ ਬਖਾਨੀ।
'ਸੇਵੌਂ ਜਥਾਸ਼ਕਤਿ ਹਿਤ ਠਾਨੀ' ॥੪॥
ਸ਼੍ਰੀ ਹਰਿਗੋਵਿੰਦ ਚੰਦ ਬਖਾਨਾ।
'ਚਹੈਂ ਆਜ ਹੀ ਪੰਥ ਪਯਾਨਾ।
ਸਿਰੀ ਗ੍ਰਿੰਥ ਸਾਹਿਬ ਸੁਖਰਾਸ।
ਪਾਠ ਕਰਾਵਹਿਂ ਹਿਤ ਗੁਰਦਾਸ' ॥੫॥
ਰਹ੍ਯੋ ਨਿਹੋਰਤਿ[1], ਦੇ ਕਰਿ ਧੀਰ। [1]ਬੇਨਤੀ ਕਰਦਾ ਰਿਹਾ (ਦਾਤੂ ਜੀ ਦਾ ਪੁੱਤ੍ਰ)।
ਚਢੇ ਪਵੰਗਮ[1] ਸਤਿਗੁਰ ਬੀਰ। [1]ਘੋੜੇ ਤੇ।
ਰਹ੍ਯੋ ਅਲਪ ਦਿਨ ਪਹੁੰਚੇ ਆਇ।
ਸੰਗ ਸੁਭਟ ਘੋਰੇ ਸਮੁਦਾਇ ॥੬॥
ਤਖਤ ਅਕਾਲ ਨਿਵਾਇ ਸੁ ਮੌਰ[1]। [1]ਸੀਸ।
ਚਲਿ ਕਰਿ ਗਏ ਦਰਸ਼ਨੀ ਪੌਰ।
ਨਮੋ ਕਰਤਿ ਅੰਤਰ ਕੋ ਗਏ।
ਸ਼੍ਰੀ ਹਰਿਮੰਦਰ ਬੰਦਤਿ ਭਏ ॥੭॥

ਦਈ ਪ੍ਰਦਛਨਾ ਬਾਹਰ ਆਏ।
ਤਖਤ ਅਕਾਲ ਬੈਠਿ ਦਰਸਾਏ।
ਪੁਰਿ ਜਨ ਸੁਧਿ ਸਨਿ ਆਨੰਦ ਪਾਯੋ।
ਤਤਛਿਨ ਆਏ ਸੀਸ ਨਿਵਾਯੋ ॥੮॥
ਧਰਹਿਂ ਅਕੋਰ ਪ੍ਰਸਾਦਿ ਅਗਾਰੀ।
ਦਰਸ਼ਨ ਦੇਖਤਿ ਗਨ ਨਰ ਨਾਰੀ।
ਭਈ ਭੀਰ ਹੋਵਤਿ ਬਲਿਹਾਰੀ।
ਗੁਰ ਬੂਝੀ ਸਭਿ ਕੁਸ਼ਲ ਉਚਾਰੀ ॥੯॥
ਸੋਦਰ ਲਗਿ ਲਾਗਜੋ ਬਡ ਮੇਲਾ।
ਹਿਤ ਦਰਸ਼ਨ ਕੇ ਅਧਿਕ ਸਕੇਲਾ।
ਪੁਨ ਸਤਿਗੁਰੁ ਨਿਜ ਮਹਿਲ ਪਯਾਨੇ।
ਸਭਿ ਪਰਵਾਰ ਆਨਿ ਸੁਖ ਠਾਨੇ ॥੧੦॥
ਸੁਭਟ ਸਕਲ ਬਾਸੋ ਨਿਜ ਥਾਨ।
ਸੁਪਤੇ ਕਰਿ ਕੈ ਖਾਨੁ ਰੁ ਪਾਨ।
ਭਈ ਪ੍ਰਭਾਤਿ ਗੁਰੂ ਚਲਿ ਆਏ।
ਸਿਰੀ ਗ੍ਰਿੰਥ ਸਾਹਿਬ ਖੁਲ੍ਹਿਵਾਏ ॥੧੧॥
ਹਿਤ ਗੁਰਦਾਸ ਪਾਠ ਧਰਿਵਾਯੋ।
ਬਿਧੀਆ ਪਠਿਬੇ ਹੇਤੁ ਬਿਠਾਯੋ।
ਚੌਦਸ਼ਮੇਂ ਦਿਨ ਪੂਰਨ ਕੀਨਿ।
ਪੋਸ਼ਿਸ਼ ਤਖਤ ਅਕਾਲ ਸੁ ਦੀਨਿ† ॥੧੨॥

†ਸਪਸ਼ਟ ਕਵੀ ਜੀ ਗੁਰ ਸਿੱਖਾਂ ਦੀ ਗੁਰ ਮਿਰਯਾਦਾ ਦੀ ਰੀਤੀ ਹੁੰਦੀ ਦੱਸ ਰਹੇ ਹਨ। ਪ੍ਰੇਤ ਕ੍ਰਿਯਾ ੧੩ਵੇਂ ਦਿਨ ਹੁੰਦੀ ਹੈ ਇਥੇ ਭੋਗ ੧੪ਵੇਂ ਦਿਨ ਪਿਆ ਹੈ, ਫਿਰ ਜੇ ਕਿਤੇ ਅਨਮਤੀ ਸੰਸਕਾਰ ਲਿਖ ਦੇਂਦੇ ਹਨ ਤਾਂ ਜਾਪਦਾ ਹੈ ਕਿ ਓਹ ਰਾਜ-ਗ੍ਰਿਹ ਦੇ ਬ੍ਰਾਹਮਣੀ ਦਬਾਉ ਹੇਠ ਲਿਖਦੇ ਹਨ ਯਾ ਓਹ ਪਾਠ ਆਖੇਪਕ ਹਨ।

ਪੰਚਾਂਮ੍ਰਿਤ ਬ੍ਰਤਾਇ ਬਿਸਾਲਾ।
ਸਿਮਰਹਿਂ ਸੇਵਕ ਕੋ[1] ਬਹੁਕਾਲਾ।
ਕੇਤਿਕ ਦਿਨ ਬੀਤੇ ਕਹਿ ਭਾਨਾ।
'ਆਗਜਾ ਚਹਤਿ ਧਾਮ ਕੋ ਜਾਨਾ' ॥੧੩॥

[1]ਭਾਵ ਭਾਈ ਗੁਰਦਾਸ ਜੀ ਨੂੰ।

ਗੁਰੂ ਕਹਜੋ 'ਜਬਿ ਕਰਹਿਂ ਹਕਾਰਨਿ।
ਆਵਹੁ ਤਬਿ ਕਰਿ ਬਿਲਮ ਬਿਸਾਰਨ[1]।'
ਕਰਿ ਪ੍ਰਨਾਮ ਕੋ ਸਦਨ ਸਿਧਾਰਜੋ।

[1]ਭਾਵ ਛੇਤੀ।

ਨਿਸ ਬਾਸੁਰ ਗੁਰੁ ਉਰ ਮਹਿਂ ਧਾਰਜੋ ॥੧੪॥
ਪੁਨ ਸਤਿਗੁਰ ਕੇਤਿਕ ਦਿਨ ਪਾਇ[1]।
ਸਾਧੂ ਬਾਂਛਤਿ ਸਦਨ ਸਿਧਾਇ।
ਬਸਤ੍ਰ ਬਿਭੂਖਨ ਬਰ ਸਮੁਦਾਇ।
ਦੀਏ ਤੁਰੰਗਨ ਜ਼ੀਨ ਪਵਾਇ ॥੧੫॥
ਬੀਰੋ ਬਡਿਭਾਗਨ ਹੁਇ ਤਜਾਰੀ।
ਮਿਲਿ ਦਮੋਦਰੀ ਤਨੁਜਾ ਪਜਾਰੀ।
ਅਪਰ ਬਿਮਾਤਨ ਮਿਲਿ ਦ੍ਰਿਗ ਨੀਰ।
ਕਰੇ ਪ੍ਰੇਮ ਸਭਿ ਦੀਨਸਿ ਧੀਰ ॥੧੬॥
ਪਿਤਾ ਗੁਰੂ ਸਾਹਿਬ ਸੋਂ ਮਿਲੀ।
ਰਥ ਅਰੂਢ ਕਰਿ ਮਾਰਗ ਚਲੀ।
ਸਾਧੂ ਤ੍ਰੈ ਸਾਸਨ ਕਰਿ ਨਮੋ।
ਗੁਰ ਪਗ ਪਰਸਤਿ ਭਾ ਤਿਹ ਸਮੋ ॥੧੭॥
ਸਭਿ ਤੇ ਸੁਖਦ ਆਸ਼ਿਖਾ[1] ਪਾਇ।
ਬਿਛੁਰਿਤ, ਪ੍ਰੇਮ ਭਯੋ ਅਧਿਕਾਇ।
ਹਯ ਅਰੂਢ ਕਰਿ ਪੰਥ ਪਧਾਰਾ।
ਪਹੁੰਚਜੋ ਮੱਲੇ ਗ੍ਰਾਮ ਮਝਾਰਾ ॥੧੮॥
ਸ਼੍ਰੀ ਹਰਿਗੋਵਿੰਦ ਜੋਧਾ ਬਲੀ।
ਕੀਰਤਿ ਜਗਤ ਬਿਥਾਰਤਿ ਭਲੀ।
ਕਬਿ ਕਬਿ ਚਢਹਿਂ ਅਖੇਰ ਸਿਦਾਵਹਿਂ।
ਪੈਂਦਖਾਨ ਸੋਂ ਖੇਲ ਮਚਾਵਹਿਂ ॥੧੯॥
ਆਯੁਧ ਬਿੱਦਜਾ ਸੁਭਟ ਕਰੰਤੇ।
ਹੇਰਿ ਹੇਰਿ ਵਧਿ ਕਮਿ ਪਰਖੰਤੇ।
ਕਰਿ ਬਰਕਸ[1] ਦਿਖਰਾਵਹਿ ਪੈਂਦਾ।
ਜਿਸ ਮਾਨਿੰਦ ਨ ਪ੍ਰਾਕ੍ਰਮ ਕੈਂਦਾ[1] ॥੨੦॥
ਡੀਲ ਦਰਾਜ਼ ਮਹਾ ਭੁਜਦੰਡੇ[1]।
ਮਹਿਖਨ ਕੋ ਲਰਵਾਹਿਂ ਪ੍ਰਚੰਡੇ।
ਪੈਂਦਾ ਬੀਚ ਖਰੋ ਹੁਇ ਜਾਇ।
ਗਹਿ ਬਖਾਨ[1] ਦੋਨਹੁ ਅਟਕਾਇ ॥੨੧॥
ਬਡੀ ਸਿਪਰ ਦੇਸ਼ਨਿ ਤੇ ਆਇ।

[1]ਕੁਛ ਦਿਨ ਪਾਕੇ ਸਤਿਗੁਰਾਂ (ਤੋਂ ਆਗਿਆ ਲੈਕੇ)।

[1]ਅਸ਼ੀਰਵਾਦ।

[1]ਕਸਰਤ, ਵਰਜ਼ਸ਼।

[1]ਜਿਸ ਦੇ ਤੁੱਲ ਕਿਸੇ ਦਾ ਬਲ ਨਹੀਂ।

[1]ਸਰੀਰ ਲੰਬਾ, ਬੜੀਆਂ ਬਾਹਾਂ।

[1]ਸਿੰਙ।

ਸਭਾ ਬਿਖੈ ਗਹਿ ਚੀਰ ਦਿਖਾਇ।
ਸ੍ਰੀ ਫਲ[1] ਭੁਜਦੰਡਨ ਤੇ ਭੰਨਿ।
ਸ੍ਰੀ ਸਤਿਗੁਰ ਕੋ ਕਰਹਿ ਪ੍ਰਸੰਨ ॥੨੨॥
ਤੁਰੰਗ ਬਲੀ ਅਸਵਾਰ ਦੁੜਾਵਤਿ।
ਹਾਥ ਪਾਇ ਬਲ ਤੇ ਅਟਕਾਵਤਿ।
ਨਰ ਕੋ ਭਾਰ ਮੁੰਗਰੋ ਭਾਰੀ[1]।
ਦੋ ਗਹਿ ਦੋਨੋ ਹਾਥ ਮਜਾਰੀ ॥੨੩॥
ਦੋਇ ਮੱਲ ਬਾਹਨ ਲਟਕਾਵੈ।
ਚਿਰੰਕਾਲ ਲਗਿ ਖਰੋ ਭ੍ਰਮਾਵੈ।
ਗੁਰੂ ਕਮਾਨ ਬਿਨਾ ਜੇ ਔਰ।
ਗਹਿ ਦੁਇ ਤੀਨ ਐਂਚ ਦੇ ਤੋਰਿ[1] ॥੨੪॥
ਇੱਤਜਾਦਿਕ ਬਲ ਅਧਿਕ ਦਿਖਾਵਨਿ।
ਬਰਕਸ ਕਰਤਿ ਰਹਤਿ ਹਰਖਾਵਨ।
ਇਕ ਦਿਨ ਚਢੇ ਅਖੇਰ ਸਿਧਾਰੇ।
ਗਏ ਦੂਰ ਨਹਿਂ ਹਟੇ ਪਿਛਾਰੇ ॥੨੫॥
ਜੱਲ੍ਹਨ ਸਾਧ ਹੁਤੋ ਜਿਸ ਥਾਨ।
ਤਹਿਂ ਲਗਿ ਪਹੁੰਚੇ ਗੁਰ ਭਗਵਾਨ।
ਦੇਖਿ ਦੂਰਿ ਤੇ ਬੰਦਿ ਅਗਾਰੀ[1]।
ਸਿਵਰ ਕਰਾ, ਇਵ ਬਿਨੈ ਉਚਾਰੀ[1] ॥੨੬॥
'ਕਰਹੁ ਸਨਾਥ[1] ਕ੍ਰਿਪਾ ਨਿਜ ਧਾਰਿ।
ਨਿਸਾ ਬਸਹੁ ਦਿਹੁ ਦਰਸ ਉਦਾਰ।'
ਉਤਰੇ ਹਯ ਪਰਯੰਕ ਬਿਠਾਏ।
ਸਰਬ ਸੇਵ ਠਾਨੀ ਸੁਖ ਪਾਏ ॥੨੭॥
ਨਾਮ ਰਾਮਕੀ ਤਿਸ ਕੀ ਦਾਰਾ।
ਹਰਖਤਿ ਉਰ ਪਿਖਿ ਬਾਕ ਉਚਾਰਾ।
'ਪੂਰਬ ਕੇ ਬਡਭਾਗ ਹਮਾਰੇ।
ਪ੍ਰਭੁ ਦਰਸ਼ਨ ਕਰਿ ਸਦਨ ਮਝਾਰੇ' ॥੨੮॥
ਸੁਨਿ ਅਨੰਦ ਕੋ ਰਿਦੇ ਪ੍ਰਕਾਸ਼।
ਬੈਠੇ ਬੰਦਨ ਕਰਿ ਜਬਿ ਪਾਸ।
ਸ੍ਰੀ ਗੁਰ ਹਰਿਗੋਬਿੰਦ ਬਖਾਨਾ।

[1]ਨਲੀਏਰ।
[1]ਮਨੁਖ ਦੇ ਭਾਰ ਦੀ ਮੁੰਗਲੀ ਭਾਰੀ।
[1]ਖਿੱਚ ਕੇ ਤੋੜ ਦੇਵੇ।
[1]ਜੱਲ੍ਹਣ) ਨੇ ਹੱਥ ਜੋੜਕੇ ਨਮਸਕਾਰ ਕੀਤੀ।
[1]ਜੱਲ੍ਹਣ ਨੇ) ਬੇਨਤੀ ਕੀਤੀ।
[1]ਨਿਹਾਲ।

'ਕਹੁ ਜੱਲ੍ਹਨ ! ਤੂੰ ਸਾਧ ਮਹਾਨਾ ॥੨੯॥
ਤੁਰਕ ਪਰੇ ਕਜੋਂ ਖਜਾਲ ਹਮਾਰੇ?
ਪਠਹਿਂ ਚਮੂੰ ਬਹੁ ਬਿਨਾਂ ਬਿਚਾਰੇ।
ਕਰਹਿਂ ਜੁੱਧ ਮਾਰਨ ਅਰੁ ਮਰਨੋ।
ਨਰਨ ਹਜ਼ਾਰਨਿ ਕੋ ਹੁਇ ਹਰਨੋ'
॥੩੦॥
ਸੁਨਿ ਜੱਲ੍ਹਨ ਕਰ ਜੋਰਿ ਉਚਾਰਾ।
'ਸ਼੍ਰੀ ਗੁਰ ! ਤੁਮ ਸਮਰਥ ਉਦਾਰਾ।
[1]ਮੁਗਲ ਸਦਨ ਮਹਿਂ ਸਰਮਾ ਮਾਯਾ।
ਨਿਸ ਬਾਸੁਰ ਬਾਸਹਿ ਮਨ ਭਾਯਾ[ਪ]
॥੩੧॥
ਸੋ ਰਾਵਰ ਨੇ ਗਹਿ ਕਰ ਲੀਨਿ[1]।
ਪਾਵੇ ਸਾਥ ਬੰਧਿਬੋ ਕੀਨਿ।
ਜਿਸ ਨੇ ਅਖਿਲ ਜਗਤ ਕੋ ਕਾਟਾ।
ਸੋ ਭੌਂਕਤਿ ਹੈ ਸਭਿਨਿ ਉਚਾਟਾ[1] ॥੩੨॥
ਕੂਕਰ ਮੁਕਲ ਕੋਪ ਕਰਿ ਦੌਰਤਿ।
-ਕਹਾਂ ਭਯੋ? -ਲਖਿ ਮਤਿ ਤੇ ਬੌਰਤਿ[1]।
ਮਾਰਤਿ ਮਰਤਿ ਖੇਦ ਕੋ ਪਾਇ।
ਭੌਂਕਤਿ ਖੁਨਸਤਿ ਹਟਜੋ ਨ ਜਾਇ
॥੩੩॥
ਨਿਜ ਪ੍ਰਯੰਕ ਪਾਵੇ ਤੇ ਤਜਾਗਹੁ।
ਨਹਿਂ ਬੰਧਹੁ ਇਸ ਨਿਕਟਿ ਵਿਰਾਗਹੁ[1]।
ਬਹੁਰ ਮੁਗ਼ਲ ਸਗਲੇ ਹਟਿ ਜੈਹੈਂ।
ਖਜਾਲ ਨ ਪਰਹਿਂ ਸਮੀਪ ਨ ਐਹੈਂ'
॥੩੪॥
ਬਿਕਸੇ ਸੁਨਿ ਸ਼੍ਰੀ ਹਰਿਗੋਵਿੰਦ।
ਮੰਦ ਮੰਦ ਮੁਖ ਜਨੁ ਅਰਬਿੰਦ।
'ਬੰਧੀ ਗਈ ਸੁ ਬੰਧੀ ਰਹੀ।
ਛੁਟਹਿ ਨ ਕਿਮ ਜੇ ਛੂਟਨ ਚਹੀ ॥੩੫॥
ਭੋਰਾ ਭਗਤਿ ਅਹੈਂ ਤੂੰ ਸੰਤ।
ਸਿਮਰਿ ਏਕ ਚਿਤ ਸ਼੍ਰੀ ਭਗਵੰਤ[†]।'

[1]ਮੁਗਲਾਂ ਦੇ ਘਰ ਵਿਚ ਮਾਇਆ ਰੂਪੀ ਕੁੱਤੀ ਨੂੰ ਰਾਤ ਦਿਨ ਵੱਸਣਾਂ ਮਨ ਵਿਚ ਚੰਗਾ ਲੱਗਾ।

[1]ਹੱਥ ਨਾਲ ਫੜ ਲਈ ਹੈ।

[1]ਭਾਵ ਸਾਰੇ ਤੁਰਕਾਂ ਨੂੰ ਉਚਾਟ ਕਰ ਦਿੰਦੀ ਹੈ।

[1]ਹੈਂ ਇਹ) ਕੀਹ ਹੋ ਗਿਆ? (ਇਹ) ਦੇਖ ਕੇ ਬੁੱਧੀ ਤੋਂ ਬੌਰੇ ਹੋ ਜਾਂਦੇ ਹਨ।

[1]ਤਿਆਗ ਕਰੋ (ਮਾਇਆ ਦਾ)।

†ਮਾਇਆ ਦਾ ਭਾਵ ਇੱਥੇ ਨਿਰੇ ਪੈਸੇ ਨਹੀਂ, ਪਰ ਮੁਲਕ ਦਾ ਹਕੂਮਤ, ਤਾਕਤ, ਦੌਲਤ, ਤੇਜ ਪ੍ਰਤਾਪ ਸੱਭੋ ਕੁਛ ਹੈ। ਬਾਬਾ ਜੱਲ੍ਹਣ ਬੜੇ ਭਗਤ ਹੋਏ ਹਨ, ਉਹ ਫਕੀਰੀ ਦਾ ਆਦਰਸ਼ ਕਹਿ ਰਹੇ ਹਨ, ਸਤਿਗੁਰ ਜੀ ਨੇ ਉਸ ਨੂੰ ਆਪਣਾ ਆਦਰਸ਼ ਦੱਸਿਆ ਹੈ ਕਿ ਅਸਾਂ ਹਲਤ ਪਲਤ ਸਵਾਰਨੇ ਹਨ। ਯਵਨ ਰਾਜ ਸਦੀਆਂ ਤੋਂ ਸਾਡੇ ਹਲਤ ਨੂੰ ਤਬਾਹ ਕਰ ਰਿਹਾ ਹੈ, ਹਲਤ ਵਿਗੜੇ ਤਾਂ ਪਲਤ ਬੀ ਕਈ ਵੇਰ ਨਾਲ ਵਿਗੜਦਾ ਹੈ। ਅਰ ਹੁਣ ਸਿੱਖ ਮਾਰਗ ਨਾਲ ਖੁਣਸ ਰਿਹਾ ਹੈ। ਪੰਚਮ ਗੁਰੂ ਜੀ ਸਮਰੱਥ ਸਨ, ਕਸ਼ਟ ਝੱਲਕੇ ਅਪਣੇ ਸਿਰ ਤੇ ਖੇਡ ਕੇ ਪਰਮ ਸ਼ਾਂਤੀ ਨਿਬਾਹ ਕੇ ਇਕ ਰੌਸ਼ਨ ਮੁਨਾਰਾ ਨਮੂਨੇ ਲਈ ਬੰਨ੍ਹ ਗਏ ਹਨ। ਪਰ ਸਾਰੀ ਸੰਗਤ ਇੱਕੋ ਜੇਹੀ ਬਲ ਵਾਲੀ ਨਹੀਂ ਹੁੰਦੀ, ਤਕੜੇ ਕਮਜ਼ੋਰ ਵਿੱਚੇ ਹੁੰਦੇ ਹਨ। ਬੀਰ ਰਸ ਇਸ ਲਈ ਆਂਦਾ ਹੈ ਕਿ ਸਾਰੇ ਸ਼ਕਤੀ ਸੰਪੰਨ ਹੋ ਜਾਣ, ਇਸ ਕਰਕੇ ਹੁਣ ਓਹ ਸ਼ਕਤੀ ਰੂਪ ਮਾਇਆ ਜਿਸ ਕਰਕੇ ਤੁਰਕ ਸਾਡੇ ਤੇ ਜ਼ੁਲਮ ਕਰਦੇ ਹਨ, ਅਸਾਂ ਸਿੱਖਾਂ ਨੂੰ ਲੈ ਦਿੱਤੀ ਹੈ। ਭਾਵ ਉਹੋ ਹੈ ਕਿ ਗ੍ਰਿਹਸਤ ਮਾਰਗ ਤੇ ਉਦਾਸ ਮਾਰਗ ਕੱਠੇ ਕੀਤੇ ਹਨ। ਸਿੱਖ ਬੰਦਗੀ ਕਰਨਗੇ, ਪਰ ਨਿਆਂ ਤੇ ਸੱਚ ਤੇ ਟੁਰ ਕੇ ਰਾਜ ਬੀ ਕਰਨਗੇ। ਇਹ ਦੱਸ ਕੇ 'ਸੰਤ' ਨੂੰ ਕਿਹਾ ਕਿ ਤੂੰ ਭੋਲਾ ਸੰਤ ਹੈਂ ਅਪਣੇ ਰੰਗ ਲੱਗਾ ਰਹੁ ਤੈਨੂੰ ਕੇਵਲ ਬੰਦਗੀ ਦਾ ਪਤਾ ਹੈ। ਅਸਾਂ ਸਾਰੀ ਸ਼ਖਸੀਅਤ, ਸੰਗਤ ਪ੍ਰਜਾ ਤੇ ਦੇਸ਼ ਉੱਨਤ ਕਰਨਾ ਹੈ।

ਸੁਨਿ ਜੱਲ੍ਹਨ ਪਦ ਪੰਕਜ ਨਮੋ।
ਸੇਵਾ ਸਰਬ ਕਰੀ ਤਿਹ ਸਮੋ ॥੩੬॥
ਭਗਤਿ ਗਜਾਨ ਕੀ ਚਰਚਾ ਚਾਰੂ।
ਕਰੀ ਮੁਦਤਿ ਚਿਤ ਜਾਨਤਿ ਸਾਰੂ।
ਜਿਸ ਜਿਸ ਬਿਧਿ ਸੋਂ ਬੂਝਤਿ ਰਹਜੋ।
ਦਯਾਸਿੰਧੁ ਤਿਮ ਉੱਤਰ ਕਹਜੋ ॥੩੭॥
ਏਕ ਨਿਸਾ ਬਸਿ ਕਰਿ ਗੋਸਾਈਂ।
ਸੁਪਤਿ ਜਥਾ ਸੁਖ ਸਕਲ ਬਿਤਾਈ।
ਸੌਚ ਸ਼ਨਾਨ ਠਾਨਿ ਪ੍ਰਸਥਾਨੇ।
ਕਰੀ ਅਖੇਰ ਬ੍ਰਿੱਤ ਉਦਜਾਨੇ ॥੩੮॥
ਆਨਿ ਸੁਧਾਸਰ ਬਹੁਰ ਬਿਰਾਜੇ।
ਜੋ ਗੁਰ ਰਖਹਿਂ ਦਾਸ ਕੀ ਲਾਜੇ।
ਤਖਤ ਅਕਾਲ ਦੌਨਹੂ ਕਾਲ।
ਦਰਸ਼ਨ ਦੇ ਸਿਖ ਕਰਤਿ ਨਿਹਾਲ ॥੩੯॥
ਸੰਗਤਿ ਨਈ ਆਨਿ ਸਿਖ ਹੋਵਤਿ।
ਅਘ ਓਘਨ ਹਤਿ ਦਰਸ਼ਨ ਜੋਵਤਿ।
ਲਾਖਹੁਂ ਦਰਬ ਚਲਜੋ ਨਿਤ ਆਵਤਿ।
ਤਿਮ ਹੀ ਖਰਚ ਹੋਤਿ ਸਭਿ ਜਾਵਤਿ ॥੪੦॥
ਜੋਧਾ ਕਰੇ ਸਕੇਲਨ ਘਨੇ।
ਬਸਤ੍ਰ ਸ਼ਸਤ੍ਰ ਭੂਖਨ ਸੋਂ ਬਨੇ।
ਤੁਰੰਗਨ ਕੀ ਖਰੀਦ ਬਹੁ ਕਰੈਂ।
ਚਪਲ ਚਲਾਕ ਮਹਾ ਬਲ ਧਰੈਂ ॥੪੧॥

ਕਰਹਿ ਸੁਭਟ ਗਨ ਕੋ ਅਸਵਾਰ।
ਸ਼ਸਤ੍ਰ ਖਰੀਦਹਿਂ ਅਨਿਕ ਪ੍ਰਕਾਰ।
ਦੇਸ਼ ਬਿਦੇਸ਼ਨ ਤੇ ਸਿਖ ਲਜਾਵੈਂ।
ਖੁਸ਼ੀ ਲੇਹਿਂ ਗੁਰ ਅੱਗ੍ਰ ਚਢਾਵੈਂ ॥੪੨॥
ਭਗਤਿ ਗਜਾਨ ਕੈ ਜੰਗ ਪ੍ਰਸੰਗ।
ਕਰਹਿਂ ਸੁਨਹਿਂ ਬਹੁ ਬਿਧਿ ਮਿਲਿ ਸੰਗ।
ਸਦਾ ਰਬਾਬੀ ਕਿਰਤਨ ਕਰੈਂ।
ਸੁਨੈਂ ਪ੍ਰੇਮ ਤੇ ਸਿਖ ਜਗ ਤਰੈਂ ॥੪੩॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਜਲ੍ਹਨ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋ ਅੰਸੂ ॥੧੫॥

੧੬. [ਸ਼੍ਰੀ ਹਰਿਰਾਇ ਜਨਮ, ਮਾਲਵੇ ਵਲ ਟੁਰਨਾ]

੧੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੭

ਦੋਹਰਾ:

ਸ਼੍ਰੀ ਗੁਰਦਿੱਤਾ ਸੁਖ ਬਸੇ,
ਰਚਿ ਕੀਰਤਿ ਪੁਰਿ ਚਾਰੁ।
ਕਰੇ ਸਕੇਲਨ ਲੋਕ ਤਹਿਂ,
ਬਸੇ ਮੋਦ ਕੋ ਧਾਰਿ ॥੧॥

ਚੌਪਈ:

ਕੇਤਿਕ ਮਾਸ ਬਸਤਿ ਦਿਨ ਟਾਰੇ।
ਨਾਨਾ ਬਿਧਿ ਕੇ ਕਰਤਿ ਸ਼ਿਕਾਰੇ।
ਸੇਵਹਿਂ ਦਾਸ ਸੰਗ ਸਮੁਦਾਏ।
ਦਰਬ ਆਦਿ ਮਨੁ ਕਾਮਨ ਪਾਏ[1] ॥੨॥
ਮ੍ਰਿਦੁਲ ਬਾਕ ਤੇ ਨਰ ਸਨਮਾਨਹਿਂ।
ਸੁਖ ਦੇ ਨਗਰ ਬਸਾਵਨ ਠਾਨਹਿਂ।
ਨੱਤੀ ਗਰਭ ਪ੍ਰਥਮ ਸਮ ਧਰਜੋ[1]।
ਵਧਜੋ ਚੰਦ ਸਮ ਭਾਗਨਿ ਭਰਜੋ ॥੩॥
ਸਮੋਂ ਪ੍ਰਸੂਤ ਹੋਨਿ ਕੋ ਆਯੋ।
ਸੁੰਦਰ ਸਮਾ ਸੁਖਦ ਦਰਸਾਯੋ।
ਮਕਰ ਰਾਸ ਮਹਿਂ ਸੂਰਜ ਬਾਸਾ।
ਤ੍ਰੈਦਸ ਬਾਸੁਰ ਬੀਤੇ ਮਾਸਾ ॥੪॥
ਪੁਰਿ ਜਨ ਅਨੰਦ ਅਚਾਨਕ ਹੋਵਾ।
ਮਾਨਵ ਸਭਿ ਦਿਸ਼ਿ ਮਹਿਂ ਸੁਖ ਜੋਵਾ।
ਸਵਾ ਜਾਮ ਜਬਿ ਰਹੀ ਤ੍ਰਿਜਾਮਾ[1]।
ਜਨਮਜੋ ਪੁੱਤ੍ਰ ਬਦਨ ਅਭਿਰਾਮਾ ॥੫॥
ਦੇਵਨ ਆਨਿ ਅਰਚਨਾ ਕਰੀ।
ਬਾਰ ਬਾਰ ਕੁਸਮਾਂਜੁਲ ਝਰੀ[1]।
ਔਚਕ ਸੰਖ ਸ਼ਬਦ ਕੋ ਸੁਨਜੋ।
ਜੈ ਜੈ ਸ਼ਬਦ ਮਿਲੇ ਸਭਿ ਭਨਜੋ ॥੬॥
ਮਿਲਿ ਦਾਸੀ ਗਨ ਮੰਗਲ ਗਾਯੋ।
ਸ਼੍ਰੀ ਗੁਰਦਿੱਤਾ ਸੁਨਿ ਹਰਿਖਾਯੋ।
ਚਹੁੰਦਿਸ਼ਿ ਤੇ ਗਨ ਦੇਤਿ ਬਧਾਈ।
ਪਾਇ ਦਰਬ ਕੋ ਆਸ਼ਿਖ ਗਾਈ ॥੭॥

[1]ਮਨ ਦੀ ਕਾਮਨਾ ਪਾਉਂਦੇ ਹਨ।

[1]ਪਹਿਲੇ ਵਾਂਙੂੰ (ਫੇਰ) ਗਰਭ ਧਾਰਨ ਕੀਤਾ।

[1]ਰਾਤ।

[1]ਫੁੱਲਾਂ ਦੇ ਬੁਕ ਭਰ ਭਰ ਝੜੀ ਲਾ ਦਿੱਤੀ, ਭਾਵ ਫੁੱਲਾਂ ਦੀ ਬਰਖਾ ਕੀਤੀ।

ਜਥਾ ਜੋਗ ਕੁਲ ਰੀਤਿ ਕਰੰਤੇ।
ਸੁਨਿ ਜਾਚਕ ਆਏ ਹਰਖੰਤੇ।
ਦਾਨ ਮਾਨ ਸਭਿਹਿਨਿ ਕੋ ਦੀਨ।
ਗੁਰ ਸੁਤ ਸੁਜਸੁ ਅਧਿਕ ਤਬਿ ਲੀਨਿ ॥੮॥
ਪਿਤਾ ਗੁਰੂ ਢਿਗ ਦਾਸ ਪਠਾਏ।
ਅਨਿਕ ਪ੍ਰਕਾਰਨ ਬਿਨੈ ਲਿਖਾਏ[1]।
'ਨਾਮ ਰਾਖੀਯਹਿ ਜੋ ਮਨ ਭਾਵਤਿ।
ਪੌਤ੍ਰ ਆਪ ਕੋ ਦੁਤੀ ਸੁਹਾਵਤਿ' ॥੯॥
ਪੰਥ ਬਿਖੈ ਬਸਿ ਚਲਿ ਕੋ[1] ਦਿਨਾ।
ਪਹੁੰਚੇ ਪੁਨ ਪ੍ਰਸਾਦਿ ਲੇ ਘਨਾ।
ਸੁਧਾ ਸਰੋਵਰ ਪੁਰਿ ਮਹਿਂ ਆਏ।
ਸਤਿਗੁਰ ਆਗੇ ਸੀਸ ਨਿਵਾਏ ॥੧੦॥
ਪੌਤ੍ਰ ਜਨਮ ਸੁਨਿ ਮਨ ਆਨੰਦੇ।
ਆਨਿ ਬਧਾਈ ਬ੍ਰਿੰਦ ਭਨੰਦੇ[1]।
ਗੁਰ ਘਰ ਮੈਂ ਬਡ ਮੰਗਲ ਕਰੈਂ।
ਬਾਜੇ ਬਜਤਿ ਪੁੰਜ ਮਦ ਭਰੈਂ ॥੧੧॥
ਜਿਨਹੁ ਆਨਿ ਸੁਧਿ ਪ੍ਰਥਮ ਸੁਨਾਈ।
ਬਸਤ੍ਰ ਬਿਭੂਖਨ ਦਏ ਗੁਸਾਈਂ।
ਅਪਰ ਦੀਨ ਗਨ ਕੋ ਧਨ ਦੀਨਿ।
ਅਤਿ ਅਨੰਦ ਗੁਰ ਪਤਨੀ ਤੀਨ ॥੧੨॥
ਸਰਬ ਪ੍ਰਕਾਰਨ ਉਤਸਵ ਸਾਜੇ।
ਦੁੰਦਭਿ ਲਘੁ ਬਿਸਾਲ ਦਰ ਬਾਜੇ।
ਜੋ ਜੋ ਸੁਨਿ ਆਯੋ ਤਿਨ ਪਾਯੋ।
ਸਤਿਗੁਰ ਸੁਜਸੁ ਜਗਤ ਪਰ ਛਾਯੋ ॥੧੩॥
'ਗੁਰਤਾ ਮਾਲਕਿ' ਸਤਿਗੁਰ ਜਾਨਾ[1] ॥੩॥
'ਸ੍ਰੀ ਹਰਿਰਾਇ' ਸੁ ਨਾਮ ਬਖਾਨਾ।
ਕੰਚਨ ਕੇ ਕੰਕਨ ਘਰਿਵਾਏ।
ਹੀਰਨ ਪੰਕਤਿ ਖਚੀ[1] ਬਨਾਏ ॥੧੪॥
ਝਗਲੀ ਝੀਨੀ[1] ਅਲਪ ਕਰਾਇ।

[1]ਬੇਨਤੀ (ਚਿੱਠੀ) ਪਰ ਲਿਖਾਈ।

[1]ਕੁਛ।

[1]ਕਹਿੰਦੇ ਹਨ।

[1]ਭਾਵ ਗੁਰੂ ਹਰਿਗੋਬਿੰਦ ਜੀ ਨੇ ਇਸ ਬਾਲਕੇ ਨੂੰ ਗੁਰਤਾ ਦਾ ਮਾਲਿਕ ਜਾਣਿਆਂ।

[1]ਜੜਾਊ ਜੜਤਿ।

[1]ਬਰੀਕ।

ਊਪਰ ਗੋਟਾ ਅਧਿਕ ਲਗਾਇ।
ਮੇਵਾ ਅਰੁ ਪਕਵਾਨ ਘਨੇਰਾ।
ਤੀਨਹੁਂ ਗੁਰ ਮਹਿਲਾ ਤਿਸ ਬੇਰਾ ॥੧੫॥
ਸਹਤ ਸਨੇਹ ਸੁ ਤੁਰਤ ਪਠਾਏ।
ਕੀਰਤਪੁਰਿ ਪੌਤ੍ਰਾ ਜਨਮਾਏ।
ਗਨ ਮੰਗਲ ਇਮ ਨਏ ਰਚੰਤੇ।
ਗੁਰੁ ਸਨਬੰਧੀ ਅਨੰਦ ਮਚੰਤੇ ॥੧੬॥
ਜਬਿ ਦੁਇ ਮਾਸ ਬਿਤੇ ਇਸ ਭਾਂਤੀ।
ਸਾਈਂ ਦਾਸ ਪਠੀ ਤਬਿ ਪਾਤੀ।
ਹੋਇ ਦੀਨ ਬਹੁ ਕੀਨਸਿ ਬਿਨਤੀ।
'ਆਵਹੁ ਮਿਹਰ ਕਰਹੁ ਤਜਿ ਗਿਨਤੀ ॥੧੭॥
ਦਿਵਸ ਬਸੋਏ ਕੋ ਬਡ ਮੇਲਾ।
ਚਹੁਂਦਿਸ਼ਿ ਤੇ ਨਰ ਹੋਇ ਸਕੇਲਾ।
ਇਹਾਂ ਆਨਿ ਕੈ ਕਰਹੁ ਗੁਸਾਈਂ!
ਦੇਹੁ ਦਰਸ ਦਾਸਨ ਸਮੁਦਾਈ' ॥੧੮॥
ਇੱਤਯਾਦਿਕ ਸਤਿਗੁਰੂ ਉਬਾਚੀ।
ਰਿਦੈ ਬਿਚਾਰਯੋ ਕਰਿਬੇ ਸਾਚੀ।
-ਉਭੈ ਜੁੱਧ ਹਮ ਕੀਨਿ ਬਿਰੋਧਾ[1]।
ਅਬਹਿ ਸ਼ਾਹ ਨਹਿਂ ਠਾਨਤਿ ਕ੍ਰੋਧਾ ॥੧੯॥
ਸੁਮਤਿ ਵਜ਼ੀਰ ਖਾਨ ਸਮੁਝਾਵੈ।
ਕਹਿ ਮਹਿਮਾ ਰਿਸ ਉਰ ਬਿਸਰਾਵੈ।
ਅਬਿ ਜੰਗਲ[1] ਚਲਿ ਦਿਵਸ ਗੁਜ਼ਾਰੈਂ।
ਤਹਾਂ ਲਰੈਂ ਰਿਪੁ ਗਨ ਕੋ ਮਾਰੈਂ ॥੨੦॥
ਜੰਗ ਨ ਭਲੋ ਸੁਧਾਸਰ ਮਾਂਹੀ।
ਆਵਹਿਂ ਤੁਰਕ ਅਦਬ ਰਹਿ ਨਾਂਹੀ।
ਅਰੁ ਲਵਪੁਰਿ ਕੋ ਨੇਰ ਘਨੇਰਾ।
ਚਢਿ ਆਵਹਿ ਲਸ਼ਕਰ ਬਹੁਤੇਰਾ ॥੨੧॥
ਨਹੀਂ ਮਵਾਸ[1] ਹੋਨਿ ਕੋ ਥਾਨ।
ਨਹੀਂ ਬਿਖਮ ਕਿਤ ਦੁਰਗ ਮਹਾਨ।

[1]ਚੰਗੀ ਤਰ੍ਹਾਂ ਰੁੱਝ ਕੇ। ਅੜਕੇ।

[1]ਮਾਲਵੇ ਦਾ ਮਾਰੂ ਥਲਾ ਦੇਸ਼।

[1]ਐਸਾ ਥਾਂ ਜਿਸ ਦੀ ਓਟ ਲੈਕੇ ਵੈਰੀ ਨਾਲ ਲੜਿਆ ਜਾ ਸਕੇ। (ਅ) ਕਿਲ੍ਹਾ।

ਲਰਨ ਸਥਲ ਜੰਗਲ ਮਹਿਂ ਆਛੋ।
ਕਹੂੰ ਕਹੂੰ ਜਲ ਪ੍ਰਾਪਤਿ ਬਾਛੋਂ[1] ॥੨੨॥

[1]ਲੋੜ ਪਈ ਤੇ ਪਾਣੀ ਕਿਤੇ ਕਿਤੇ ਹੀ ਮਿਲਦਾ ਹੈ, ਭਾਵ ਪਾਣੀ ਥੋੜਾ ਹੈ ਤੇ ਪਾਤਸ਼ਾਹੀ ਫੌਜਾਂ ਲਈ ਇਕ ਥੁੜ ਦਾ ਕਾਰਣ ਹੈ।

ਮਹਾਂ ਉਜਾਰ ਖਰੇ ਬਨ ਜਹਾਂ।
ਮਾਰਹਿਂ ਘਨੇ ਤੁਰਕ ਹਮ ਤਹਾਂ।
ਜਿਮ ਕਿਮ ਕਰਹਿਂ ਦਾਵ ਲੇ ਫਤੇ[1]।
ਸ਼ਾਹੁ ਜਿ ਆਪ ਜਾਇ, ਤਿਹ ਹਤੈਂ ॥੨੩॥

[1]ਜਿਵੇਂ ਕਿਵੇਂ ਦਾਉ ਕਰਕੇ ਜਿੱਤ ਲਵਾਂਗੇ।

ਜਲ ਕੋ ਘੇਰਿ ਚਮੂੰ ਥਿਰ ਹੋਇ।
ਜਹਿਂ ਰਿਪੁ ਕੋ ਜਲ ਪਾਇ ਨ ਕੋਇ-।
ਇੱਤਜਾਦਿਕ ਬਹੁ ਰਿਦੈ ਬਿਚਾਰਾ।
ਜੰਗਲ ਕੋ ਪਯਾਨ ਨਿਰਧਾਰਾ ॥੨੪॥
ਨਿਸ ਮਹਿਂ ਮਹਿਲ ਗਏ ਗੋਸਾਈਂ।
ਢਿਗ ਦਮੋਦਰੀ ਚਲਿ ਕਰਿ ਆਈ।
ਕਹਜੋ 'ਤੋਹਿ ਭਗਨੀ ਪਠਿ ਪਾਤੀ।
ਹਮਹਿ ਹਕਾਰਨ ਹਿਤ ਉਮਹਾਤੀ ॥੨੫॥
ਸਾਈਂਦਾਸ ਲਿਖੀ ਬਹੁ ਬਿਨਤੀ।
-ਆਵਹੁ ਮਿਹਰ ਧਰਹੁ ਤਜਿ ਗਿਨਤੀ-।
ਤੋਹਿ ਮਨੋਰਥ ਕਹਾਂ[1]? ਸੁਨਾਵਹੁ।
ਈਹਾਂ ਬਸਹੁ ਕਿ ਤਹਾਂ ਸਿਧਾਵਹੁ' ॥੨੬॥

[1]ਕੀ ਹੈ?

ਸੁਨਿ ਦਮੋਦਰੀ ਗਿਰਾ ਬਖਾਨੀ।
'ਕਰਹੁ ਆਪ ਜੈਸੇ ਮਨ ਭਾਨੀ।
ਚਲਹੁ ਚਲਹਿਂਗੇ ਸੰਗ ਤੁਮਾਰੇ।
ਬਸਹੁ ਬਸਹਿਂਗੇ ਸਭਿ ਨਿਰਧਾਰੇ' ॥੨੭॥
ਅਰਧ ਚੇਤ ਕੋ[1] ਮਾਸ ਬਿਤਾਯੋ।
ਗਮਨ ਆਪਨੋ ਸਭਿਨਿ ਸੁਨਾਯੋ।
ਤੀਨ ਹਜ਼ਾਰ ਚਮੂੰ ਭਟ ਸੰਗ।
ਸ਼ਸਤ੍ਰ ਜਿ ਧਾਰਤਿ ਸਹਤ ਤੁਰੰਗ ॥੨੮॥
ਸਿੱਖਜ ਮਸੰਦ ਮੇਵੜੇ ਘਨੇ।

[1]ਕੌਣ।

ਦਾਸ ਅਨੇਕ ਤਿਨਹਿਂ ਕੋ ਗਨੇ।
ਸੁਨਿ ਗੁਰ ਤੇ ਤਯਾਰੀ ਸਭਿ ਧਾਰੈਂ।
ਅਪਨੀ ਅਪਨੀ ਵਸਤੁ ਸੰਭਾਰੈਂ ॥੨੯॥
ਸਤਿਗੁਰ ਵਸਤੂ ਸਕਲ ਸੰਭਾਰੀ।
-ਆਵਨ ਹੋਇ ਕਿ ਨਹਿਂ- ਉਰ ਧਾਰੀ।
ਸਕਲ ਕੁਟੰਬ ਤਯਾਰ ਕਰਿਵਾਯੋ।
ਦਾਸੀ ਦਾਸਨ ਕੋ ਸਮੁਦਾਯੋ ॥੩੦॥
ਚਲਿ ਕਰਿ ਗਏ ਪ੍ਰਥਮ ਦਰਬਾਰ।
ਹਾਥ ਜੋਰਿ ਬਹੁ ਬਿਨੈ ਉਚਾਰਿ।
'ਹੇ ਪ੍ਰਭੁ ! ਮਮ ਆਵਨ ਕੈ ਨਾਂਹੀ।
ਬਸਹੁ ਸਦਾ ਹਰਿ ਮੰਦਰ ਮਾਂਹੀ ॥੩੧॥
ਜੰਗਲ ਜਾਇ ਜੰਗ ਮੈਂ ਠਾਨੌਂ†।
ਮਾਨੀ[1] ਤੁਰਕਨ ਕੇ ਗਨ ਹਾਨੌਂ*।'
ਤਬਿ ਅਵਾਜ ਭੀ ਮੰਦਿਰ ਮਾਂਹੀ*।
'ਤੁਮਰੀ ਬਿਜੈ, ਅਰਹਿਂ ਰਿਪੁ ਨਾਂਹੀ*' ॥੩੨॥
ਸ੍ਰੀ ਹਰਿਗੋਵਿੰਦ ਸੁਨਤਿ ਅਨੰਦੇ।
ਬੰਦਨ ਕਰੀ ਦੁੰਦ ਕਰ ਬੰਦੇ।
ਵਹਿਰ ਪ੍ਰਦੱਛਨ ਦੇ ਕਰਿ ਚਾਰਿ।
ਪੁਨ ਗੁਰ ਤਖਤ ਅਕਾਲ ਸਿਧਾਰਿ ॥੩੩॥
ਹਾਥ ਜੋਰਿ ਅਰਦਾਸ ਕਰਾਇ।
ਬ੍ਰਿੰਦ ਪ੍ਰਸਾਦਿ ਦਯੋ ਬਰਤਾਇ।
ਤਬਹਿ ਮੰਗਾਇ ਜਰਾਊ ਖਾਸਾ।
ਜਿਸ ਮਹਿਂ ਸੁੰਦਰ ਹੋਤਿ ਪ੍ਰਕਾਸ਼ਾ ॥੩੪॥
ਸਿਰੀ ਗ੍ਰਿੰਥ ਸਾਹਿਬ ਬਿਚ ਥਾਪਿ।
ਕਰਜੋ ਅਗਾਰੀ ਪਾਛੇ ਆਪ।
ਦੋਇ ਦਿਸ਼ਾ ਦੁਇ ਚਮਰ ਢੁਰਾਵੈਂ।
ਚਲੇ ਕਿਤਿਕ ਲੇ ਸੰਖ ਬਜਾਵੈਂ ॥੩੫॥
ਰਥ ਅਰੂਢਿ ਗੁਰੁ ਮਹਿਲਾ ਤੀਨ।

†ਸਾਰੀ ਚੌਪਈ ਦਾ ਪਾਠਾਂਤ੍ਰ ਇਕ ਥਾਵੇਂ ਐਉਂ ਬੀ ਹੈ:-ਸਭਿ ਕੀ ਕਰਹੁ ਸਹਾਇ ਦਿਆਲਾ। ਯਵਨ ਸ਼ੱਤ੍ਰ ਨਾਸਿਯ ਤਤਕਾਲਾ। ਸੁਨਿ ਧੁਨਿ ਭੀ ਹਰਿਮੰਦਰ ਮਾਂਹੀ। ਤੁਮਰੀ ਬਿਜੈ ਅਰੈਂ ਅਰਿ ਨਾਂਹੀ ॥੩੨॥

[1]ਹੰਕਾਰੀ।

ਡੋਰੇ ਨੁਖਾ ਅਰੂਢਨਿ ਕੀਨਿ।
ਤੀਨਹੁਂ ਪੁੱਤ੍ਰ ਸੰਗ ਚਢਿ ਚਾਲੇ।
ਦੁੰਦਭਿ ਬਜੈਂ ਸੁਭਟ ਗਨ ਨਾਲੇ ॥੩੬॥
ਪਨਹੀ ਬਿਨਾਂ[1] ਗ੍ਰਿੰਥ ਕੇ ਪਾਛੇ।
ਪੁਰਿ ਨਿਕਸੇ ਚਲਿ ਸ਼੍ਰੀ ਗੁਰ ਆਛੇ।
ਥਿਰ ਜਬਿ ਭਏ ਸੁ ਬਿਧੀਆ ਕਹੈ।
'ਹੁਕਮ ਕਹੁ ਜੋ ਪਾਛੇ ਰਹੈ ॥੩੭॥
ਸੇਵ ਸੰਭਾਰਹਿ ਸ਼੍ਰੀ ਦਰਬਾਰ।
ਲੇਨਿ ਦੇਨਿ ਠਾਨਹਿ ਬਿਵਹਾਰ।'
ਸੁਨਿ ਗੁਰ ਬੋਲੇ 'ਸਿੱਖ ਅਨਾਥ[1]।
ਸੇਵਾ ਕਰਹਿ ਪ੍ਰੇਮ ਕੇ ਸਾਥ ॥੩੮॥
ਗੁਰ ਘਰ ਅਵਿਚਲ ਸਿੱਖ ਘਨੇਰੇ[1]।
ਦਿਨ ਪ੍ਰਤਿ ਵਧਹਿ ਪ੍ਰਤਾਪ ਬਡੇਰੇ।
ਹਮਰੋ ਆਵਨਿ ਹੋਇ ਨ ਹੋਇ।
ਸੇਵਕ ਗੁਰ ਕੇ ਰਹਿਂ ਸਭਿ ਕੋਇ'
॥੩੯॥
ਇਮ ਕਹਿ ਸਗਰੀ ਵਸਤੁ ਸੰਭਾਰੀ।
ਠੌਰ ਠੌਰ ਦਾਸਨਿ ਕਰਿ ਤਜਾਰੀ।
ਘਰ ਸਮਾਜ ਸਭਿ ਲਾਦਿ ਚਲਾਯੋ।
ਉਸ਼ਟਰ ਭਾਰ[1] ਭਏ ਸਮੁਦਾਯੋ ॥੪੦॥
ਪੁਰਿ ਜਨ ਗਨ ਸੁਨਿ ਕੈ ਅਸ ਪਜਾਨਾ।
ਸਭਿ ਕੈ ਰਿਦੈ ਬਿਖਾਦ[1] ਮਹਾਨਾ।
ਆਪਸ ਮਹਿਂ ਕਹਿ ਕਰਿ ਨਰ ਨਾਰੀ।
ਆਵਤਿ ਮੋਚਿ ਬਿਲੋਚਨ ਬਾਰੀ ॥੪੧॥
ਮੁਖ ਤੇ ਬਾਕ ਨਹੀਂ ਨਿਕਸੰਤਾ।
ਆਨਿ ਮਿਲੇ ਸ਼੍ਰੀ ਗੁਰ ਭਗਵੰਤਾ।
ਜਥਾ ਰਾਮ ਬਨ ਓਰ ਪਧਾਰੇ।
ਔਧਪੁਰੀ[1] ਨਰ ਬਿਹ ਕੋ ਧਾਰੋ ॥੪੨॥
ਭਈ ਤਥਾ ਗਤਿ ਰੋਦਤਿ ਆਵੈਂ।
ਏਕ ਕਹੈਂ 'ਹਮ ਸੰਗ ਸਿਧਾਵੈਂ।
ਘਰ ਸਮਾਜ ਸਭਿ ਲੇ ਕਰਿ ਜੈ ਹੈਂ।
ਜਹਿਂ ਗੁਰ ਦਰਸੈਂ ਤਹਾਂ ਬਸੈ ਹੈਂ ॥੪੩॥

[1]ਭਾਵ, ਨੰਗੇ ਪੈਰੀਂ।
[1]ਕੋਈ) ਗ਼ੀਬ ਸਿੱਖ।
[1]ਗੁਰੂ ਜੀ ਦਾ ਘਰ ਅਟਲ ਹੈ ਤੇ ਸਿੱਖ ਬਹੁਤ ਹਨ।
[1]ਊਠਾਂ ਦਾ ਭਾਰ।
[1]ਦੁਖ।
[1]ਅਯੁੱਧਿਆਪੁਰੀ।

ਸ੍ਰੀ ਅਰਜਨ ਜੀ ਹਮਹਿਂ ਬਸਾਯੋ।
ਅਬਿ ਲੌ ਇਹ ਪਾਲਤਿ ਸੁਖਦਾਯੋ।
ਪਾਛੇ ਕਿਸ ਅਲੰਬ ਹਮ ਰਹੈਂ।
ਗੁਰ ਤੇ ਨਹੀਂ ਆਇਬੋ ਚਹੈਂ ॥੪੪॥
ਕੋ ਮਾਲਿਕ ਅਬਿ ਹੋਇ ਹਮਾਰੇ।
ਸਤਿਗੁਰੁ ਬਿਨ ਸਭਿ ਰਹੈਂ ਦੁਖਾਰੇ।
ਜੋ ਸਨਮਾਨ ਕਰਤਿ ਸਭਿ ਭਾਂਤੀ।
ਸੋ ਤਜਿ ਚਲੇ, ਨ ਬਿਹਰਤਿ ਛਾਤੀ[1]' ॥੪੫॥

[1]ਛਾਤੀ ਬੀ ਨਹੀਂ ਫੱਟਦੀ।

ਬਜਾਕੁਲ ਹੁਇ ਬੀਥਨਿ ਮਹਿਂ ਡੋਲਤਿ।
ਦੁਖ ਬ੍ਰਿਹੁ ਤੇ ਬਾਵਰ ਜਿਮ ਬੋਲਤਿ।
ਪੁਰਿ ਤੇ ਨਿਕਸੇ ਸ੍ਰੀ ਗੁਰੁ ਪਾਛੇ।
ਕਰਤਿ ਪੁਕਾਰ ਦਰਸ ਕੋ ਬਾਂਛੇ ॥੪੬॥
ਸਤਿਗੁਰ ਜਬਿ ਦੇਖੇ ਪਸ਼ਚਾਤੀ।
ਆਵਤਿ ਨਰ ਨਾਰਨਿ ਬਿਲਲਾਤੀ।
ਥਿਰ ਹੁਇ ਰਹੇ ਨ ਆਗੇ ਚਲੇ।
ਆਨਿ ਅਖਿਲ ਪੁਰਿ ਕੇ ਜਨ ਮਿਲੇ ॥੪੭॥
ਕਰਿ ਬੰਦਨਿ ਕਹਿਂ 'ਇਮ ਤੁਮ ਚਾਲੇ।
ਬਹੁਰ ਨ ਆਵਹੁ ਜਿਮ, ਸੰਭਾਲੇ[1]।

[1]ਐਉਂ ਸਭ ਕੁਝ ਸੰਭਾਲ ਕੇ ਟੁਰੇ ਹੋ ਕਿ ਜਿਵੇਂ ਫੇਰ ਨਹੀਂ ਆਉਣਾ ਹੁੰਦਾ।

ਕਿਸ ਕੋ ਹਮਹਿਂ ਸੋਂਪ ਕਰਿ ਛੋਰਾ?
ਗਮਨੇ ਤੁਮ ਜੰਗਲ ਕੀ ਓਰਾ ॥੪੮॥
ਤੁਮਰੇ ਸੰਗ ਚਲਹਿਂਗੇ ਸਾਰੇ।
ਸੁਤ ਬਨਿਤਾਦਿਕ ਲੇ ਪਰਵਾਰੇ।
ਰਾਵਰਿ ਬਿਰਹ ਸਹਯੋ ਨਹਿਂ ਪਰੈ।
ਰਹਿ ਪਸਚਾਤ ਕੌਨ ਦੁਖ ਭਰੈ ॥੪੯॥
ਭਲਾ ਲੋਕ ਪਰਲੋਕ ਮਝਾਰੈ।
ਨਿਤ ਉਠਿ ਤੁਮਰੋ ਦਰਸ ਨਿਹਾਰੈਂ।
ਪੁਰਿ ਉਜਾਰ ਹੁਇ ਬਸਯੋ ਨ ਜਾਈ।'
ਇਮ ਕਹਿ ਰੁਦਤਿ ਭਏ ਸਮੁਦਾਈ ॥੫੦॥

-ਅਸਮੰਜਸ- ਸਤਿਗੁਰੂ ਬਿਚਾਰੈਂ।
-ਪੁਰਿ ਜਨ ਜੇ ਹਮ ਸਾਥ ਸਿਧਾਰੈਂ।
ਸ਼੍ਰੀ ਅਰਜਨ ਪੁਰਿ ਪਰਮ ਬਸਾਵਾ।
ਮਹਾਂ ਦੋਸ਼ ਜੇ ਇਸਹਿ ਦੁਖਾਵਾ- ॥੫੧॥
ਇਮ ਬਿਚਾਰਿ ਕਰਿ ਥਿਰੇ ਨਿਹਾਰੈਂ[1]।
ਬਹੁਤ ਭਾਂਤਿ ਕੀ ਧੀਰ ਉਚਾਰੈਂ।
ਨਹਿਂ ਮਾਨਹਿਂ ਪੁਰਿ ਬਸਨ ਪਿਛਾਰੀ।
ਸੋਚ ਬਿਮੋਚਨ[1] ਸੋਚਤਿ ਭਾਰੀ ॥੫੨॥

[1]ਠਹਿਰ ਗਏ (ਤੇ ਉਨ੍ਹਾਂ ਵਲ) ਤੱਕ ਰਹੇ ਹਨ।

[1]ਭਾਵ ਗੁਰੂ ਜੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸ੍ਰੀ ਹਰਿਰਾਇ ਜਨਮ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥੧੬॥

੧੭. [ਡਰੋਲੀ ਸਾਈਂ ਦਾਸ ਦੇ ਘਰ]

੧੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੮

ਦੋਹਰਾ:
ਹਰੀ ਚੰਦ ਗੁਰੁ ਸਸੁਰ ਜੋ,
ਪਿਤਾ ਨਾਨਕੀ ਕੇਰ।
ਆਯੋ ਵਹਿਰ ਸਭਾਰਜਾ,
ਉਰ ਧਰਿ ਪ੍ਰੇਮ ਬਡੇਰ ॥੧॥
ਚੌਪਈ:
ਸਭਿ ਕੁਟੰਬ ਜੁਤਿ ਸ਼੍ਰੀ ਗੁਰ ਹੇਰਾ।
ਮੋਚਤਿ ਨੀਰ ਬਿਲੋਚਨ ਕੇਰਾ[1]। [1]ਭਾਵ ਅੱਖਾਂ ਤੋਂ ਜਲ ਚਲਦਾ ਹੈ।
ਬੋਲਯੋ 'ਗੁਰ ਅਲੰਬ ਪੁਰਿ ਸਾਰੋ।
ਤੁਮ ਤਜਾਗਤਿ[1] ਨਹਿਂ ਕਰੀ ਅਵਾਰੋ ॥੨॥ [1]ਆਪ ਨੇ (ਪੁਰੀ) ਛੱਡਦਿਆਂ।
ਪਤਿ ਬਿਹੀਨ ਜਿਮ ਰਹਤਿ ਨ ਨਾਰੀ।
ਸਸਿ ਬਿਨ ਨਿਸਾ[1], ਨਦੀ ਬਿਨ ਬਾਰੀ[2]। [1]ਚੰਦ ਬਿਨਾ ਰਾਤ੍ਰੀ। [2]ਜਲ।
ਮਹਿਪਾਲਕ ਬਿਨ ਚਮੂੰ ਨ ਆਛੈ।
ਤਥਾ ਪੁਰੀ ਸਭਿ ਤੁਮਰੇ ਪਾਛੈ ॥੩॥
ਰਹੇ ਉਡੀਕਤਿ ਆਗੈ ਗਏ[1]। [1]ਜਦ ਆਪ ਅੱਗੇ ਗਏ ਸਾਓ।
ਕੇਤਿਕ ਦਿਨ ਮਹਿਂ ਆਵਨ ਕਿਏ।
ਪੁਰਿ ਜਨ ਨਿਰਾਧਾਰ ਕਿਮ ਰਹੈਂ।
ਉਜਰ ਜਾਹਿਂ, ਕੈ ਤੁਮ ਸੰਗ ਲਹੈਂ ॥੪॥
ਮੈਂ ਅਬਿ ਤਜਾਰ ਹੋਇ ਕਰਿ ਆਯੋ।
ਚਹੌਂ ਆਪ ਕੇ ਸੰਗ ਸਿਧਾਯੋ।
ਸੁਤਾ, ਸੁਤਾ ਸੁਤ[1], ਸਹਿਤ ਤਿਹਾਰੇ। [1]ਪੁਤ੍ਰੀ ਤੇ ਦੋਹਤਾ ਭਾਵ ਮਾਤਾ ਨਾਨਕੀ ਜੀ ਤੇ ਉਨ੍ਹਾਂ ਦੇ ਪੁੱਤ੍ਰ ਸ਼੍ਰੀ ਗੁਰੁ ਤੇਗਬਹਾਦਰ ਜੀ।
ਉਰ ਅਨੰਦ ਨਿਤ ਲਹੌਂ ਨਿਹਾਰੇ' ॥੫॥
ਸੁਨਿ ਕਰਿ ਸਸੁਰ ਗਿਰਾ ਗੁਰ ਭਾਰੀ।
ਧੀਰਜ ਦੈਬੇ ਹੇਤੁ ਉਚਾਰੀ।
'ਇਹ ਗੁਰ ਪੁਰਿ ਨਿਤ ਬਸਹਿ ਸਵਾਯਾ।
ਅੰਨ ਦਰਬ ਕੀ ਕਮੀ ਨ ਕਾਯਾ[1] ॥੬॥ [1]ਕੋਈ।
ਰੰਕ ਬਸੈ ਜੋ ਧਨੀ ਬਨੈ ਹੈ।
ਅੰਨ ਬਸਨ ਕੀ ਕਮੀ ਨ ਹ੍ਵੈ ਹੈ।
ਜੋ ਗੁਰ ਪੁਰਿ ਕੋ ਬਿਘਨ ਉਠੈ ਹੈ।

ਥਿਨ ਮਾਰੇ ਆਪੇ ਮਰਿ ਜੈ ਹੈ ॥੭॥
ਸ਼੍ਰੀ ਦਰਬਾਰਿ ਬਾਹੁ ਪਕਰਾਈ।
ਅਬਿਚਲ ਜਿਸ ਕੀ ਨੀਵ ਰਖਾਈ।
ਸ਼੍ਰੀ ਹਰਿਮੰਦਿਰ ਮਹਾਂ ਪ੍ਰਤਾਪੂ।
ਬੰਦਹੁ ਨਿਤ ਰੱਛਕ ਹੁਇ ਆਪੁ' ॥੮॥
ਕਹਿ ਇੱਤਿਜਾਦਿ ਸਗਲ ਸਮੁਝਾਏ।
ਨਿਜ ਮਾਯਾ ਕਰਿ ਉਰਿ ਬਿਰਮਾਏ[1]।

[1]ਅਪਨੀ ਮਾਇਆ ਪਾਕੇ ਲੋਕਾਂ ਦੇ ਦਿਲ ਪਰਚਾ ਦਿੱਤੇ (ਪਿਛੇ ਰਹਿਣ ਲਈ)।

ਸਭਿ ਕੋ ਸਦਨ ਲਗੇ ਤਬਿ ਆਛੇ।
ਪਾਛੇ ਹਟਨਿ ਅਖਿਲ ਮਨ ਬਾਂਛੇ ॥੯॥
ਦੈ ਧੀਰਜ ਸਤਿਗੁਰ ਸਭਿ ਤਾਂਈ।
ਹਰੀ ਚੰਦ ਕੋ ਭੁਜ ਪਕਰਾਈ।
ਜਾਨਿ ਸਸੁਰ ਬਡ, ਬੰਦਨ ਕਰਿ ਕੈ।
ਮੁਰੇ ਸਰਬ ਹੀ ਦਰਸ ਨਿਹਰਿ ਕੈ ॥੧੦॥
ਸਿਵਕਾ ਪਰ ਸਤਿਗੁਰ ਆਰੂਢੇ।
ਮਾਰਗ ਗਮਨੇ ਜਿਸ ਗੁਨ ਗੂਢੇ।
ਹਰੀ ਚੰਦ ਮਿਲਿ ਤਨੁਜਾ ਸਾਥ।
ਫੇਰਿ ਹਾਥ ਦੋਹਤ ਕੇ ਮਾਥ[1] ॥੧੧॥

[1]ਪੁੱਤ੍ਰੀ ਦੇ ਪੁੱਤ੍ਰ (ਸ਼੍ਰੀ ਤੇਗ ਬਹਾਦਰ ਜੀ ਦੇ) ਸਿਰ ਤੇ ਪਿਆਰ ਦੇ ਕੇ।

ਤ੍ਰੈ ਗੁਰ ਮਹਿਲਾਂ ਸੋਂ ਨਰ ਨਾਰੀ।
ਮਿਲਿ ਮਿਲਿ ਅਖਲ ਬੰਦਨਾਂ ਧਾਰੀ।
ਜਥਾ ਜੋਗ ਕਹਿ ਸੁਨਿ ਕਰਿ ਸਾਰੇ।
ਆਪ ਆਪਨੇ ਸਦਨ ਸਿਧਾਰੇ ॥੧੨॥
ਚਮੂੰ ਸਹਤ ਗੁਰ ਕੀਨਿ ਪਯਾਨਾ।
ਦੁੰਦਭਿ ਬਜਯੋ ਕਿ ਘਨ ਗਰਜਾਨਾ।
ਸਗਲ ਕੁਟੰਬ ਸੰਗ ਮੈਂ ਲੀਨਾ।
ਸਨੇ ਸਨੇ ਗੁਰ ਚਲਿਬੋ ਕੀਨਾ ॥੧੩॥
ਹੁਤੇ ਕੋਸ ਨੌ ਤਾਰਨ ਤਰਨ।
ਤੀਰਥ ਪਿਖਯੋ ਪਾਪ ਗਨ ਹਰਨ।
ਪੂਰਬ ਦਿਸ਼ਿ ਕੋ ਡੇਰੇ ਪਾਏ।
ਬਰਨ ਬਰਨ ਕੇ ਤੰਬੂ ਲਾਏ ॥੧੪॥
ਕਰਿ ਬਿਸਰਾਮ ਜਾਮਨੀ[1] ਟਾਰੀ।
ਉਠਿ ਸਤਿਗੁਰੂ ਸੌਚ ਕੋ ਧਾਰੀ।

[1]ਰਾਤ।

ਕਰਿ ਸ਼ਨਾਨ ਕੇ ਦਰਿ ਧਨ ਦਾਨ।
ਸ੍ਰੀ ਅਰਜਨ ਕੇ ਗਏ ਸਥਾਨ ॥੧੫॥
ਹਾਥ ਜੋਰਿ ਅਰਦਾਸ ਕਰਾਈ।
ਕਰਿ ਬੰਦਨ ਸਿਵਕਾ[1] ਮੰਗਵਾਈ।

[1]ਪਾਲਕੀ।

ਚਢਿ ਕਰਿ ਸਤਿਗੁਰ ਪੰਥ ਪਧਾਰੇ।
ਸੰਗ ਚਮੂੰ ਚਲਿ ਬਜਤਿ ਨਗਾਰੇ ॥੧੬॥
ਅੱਗ੍ਰ ਗ੍ਰਿੰਥ ਸਾਹਿਬ ਅਸਵਾਰੀ।
ਚਾਰੁ ਚਮਰ ਢੋਰਤਿ ਦੁਤਿ ਭਾਰੀ।
ਪਾਛੇ ਸਭਿ ਕੁਟੰਬ ਮਗ ਚਾਲਤਿ।
ਸ਼ਬਦ ਹੋਤਿ ਬਡ ਹਯ ਪਗ ਡਾਲਤਿ ॥੧੭॥
ਗਗਨ ਅਛਾਦਹਿ ਉਡ ਕਰਿ ਧੂਰ।
ਮੰਦ ਤੇਜ ਤਿਸ ਤੇ ਹੁਇ ਸੂਰ[1]।

[1]ਸੂਰਜ ਦਾ।

ਚਲਤਿ ਬਾਹਨੀ ਪੰਕਤਿ ਕਰੈ[1]।

[1]ਫੌਜ ਸਫ ਬੰਨ੍ਹਕੇ ਚਲਦੀ ਹੈ, ਕਿਉਂਕਿ ਗੁਰੂ ਜੀ ਨੇ ਇਕ ਪ੍ਰਕਾਰ ਦੀ ਕਵੈਦ ਫੌਜ ਨੂੰ ਸਿਖਲਾਕੇ ਪੈਂਤੜੇ ਬੰਦ ਟੁਰਨਾ, ਲੜਨਾ, ਮੁੜਕੇ ਹੱਲਾ ਕਰਨਾ ਆਦਿ ਆਪ ਸਿਖਾਏ ਸਨ।

ਗ੍ਰਾਮ ਪੰਥ ਮਹਿਂ ਤ੍ਰਿਨ ਕ੍ਰਿਖ ਦਰੈ[1]† ॥੧੮॥

[1]ਰਾਹ ਦੇ ਪਿੰਡਾਂ ਵਿਚ ਘਾਹ ਖੇਤੀ ਦਲੀ ਜਾਂਦੀ ਹੈ (ਫੌਜ)।
†ਪਾਠ:-ਚਰੈ।

ਤ੍ਰਿਣ ਕਾਸ਼ਟ ਛੀਨਹਿਂ ਜਹਿਂ ਡੇਰਾ†।

†ਇਸਦਾ ਇਹ ਭਾਵ ਨਹੀਂ ਕਿ ਜ਼ੁਲਮ ਰਵਾ ਰੱਖਕੇ ਜਾ ਰਹੇ ਸਨ। ਗੁਰੂ ਘਰ ਦਾ ਅਸੂਲ ਰਿਹਾ ਹੈ ਕਿ ਅੰਨ ਦਾਣਾ ਤ੍ਰਿਣ ਮੁੱਲ ਦੇਕੇ ਲੈਂਦੇ ਸਨ। ਜਿੱਥੇ ਉਤਰਦੇ ਸਨ ਨੁਕਸਾਨ ਨਹੀਂ ਹੋਣ ਦੇਂਦੇ ਸਨ, ਪਰ ਜਦ ਦਲ ਚਲਦੇ ਹਨ ਤਾਂ ਸਹਿ ਸੁਭਾ ਕੁਛ ਨਾ ਕੁਛ ਹੋ ਜਾਂਦਾ ਹੈ। ਕਿਤੇ ਦਾਣਾ ਪੱਠਾ ਦੇਣੋਂ ਕੋਈ ਨਾਂਹ ਕਰੇ ਤਾਂ ਕੀਮਤ ਦੇ ਕੇ ਪਰ ਜ਼ੋਰ ਨਾਲ ਲੈਣਾ ਪੈਂਦਾ ਹੈ। ਕਵੀ ਜੀ ਲੋਕਾਂ ਦੀ ਦੁਭੀਤੀ ਦਰਸਾ ਰਹੇ ਹਨ ਕਿ ਕੋਈ ਤਾਂ ਈਰਖਾ ਨਾਲ ਖੁਣਸ ਰਹੇ ਹਨ, ਤੇ ਨਿੱਕੀ ਨਿੱਕੀ ਗੱਲ ਦਾ ਢੱਚਰ ਬਨਾ ਰਹੇ ਹਨ, ਕੋਈ ਬਲ ਤੇ ਸੈਨਾ ਤੇ ਤੁਰਕਾਂ ਦੇ ਸਾਹਮਣੇ ਅਭੈਤਾ ਦੇਖਕੇ ਅਚਰਜ ਹੋ ਰਹੇ ਹਨ।

ਪਿਖਹਿਂ ਲੋਕ ਰਿਸ ਧਰਹਿਂ ਘਨੇਰਾ।
ਪ੍ਰਜਾ ਕਿਧੌਂ ਹਾਕਮ ਸਹਿ ਸੈਨਾ।
ਜੇ ਬੇਮੁਖ ਮਹਿਮਾ ਸਮੁਝੈਂ ਨਾ ॥੧੯॥
ਸੇ ਖੁਨਸਾਹਿਂ ਜਰੈਂ, ਨਹਿਂ ਜਰੈਂ[1]।

[1]ਸੜਦੇ ਹਨ ਝੱਲਦੇ ਨਹੀਂ।

ਮਨਹੁ ਉਖਾਰਤਿ ਹੈਂ ਨਿਜ ਜਰੈਂ[1]।

[1]ਜੜ੍ਹਾਂ।

ਪਿਖਹਿਂ ਪ੍ਰਤਾਪ ਮਹਾਂ ਬਲ ਵਾਰੇ।
ਕਹਹਿਂ 'ਕਿ ਇਨ ਸ਼ੱਤ੍ਰੂ ਗਨ ਮਾਰੇ ॥੨੦॥
ਅਰੁ ਜੋ ਅਰਹਿਂ[1] ਚਹਹਿਂ ਸਮਤਾਈ।

[1]ਅੜਦੇ ਹਨ।

ਤੂਰਨ ਜਮ ਘਰ ਦੇਤਿ ਪਠਾਈ।

ਸ਼ਾਹੁ ਜਹਾਂ ਤੇ ਤ੍ਰਾਸ ਨ ਧਰੈਂ।
ਸੈਨ ਅਸੰਖਨ ਸੋਂ ਲਰਿ ਪਰੈਂ† ॥੨੧॥ †ਪਾ:-ਮਰੈ।
ਸਪਤ ਹਜ਼ਾਰ ਹਤੇ ਇਕ ਬਾਰੀ।
ਪੁਨਹ ਦੁਗਨ ਇਸ ਤੇ ਸੰਘਾਰੀ[1]। [1]ਮਾਰੇ।
ਟਰਯੋ ਸ਼ਾਹੁ ਰਣ ਤੇ ਧਰਿ ਸ਼ੰਕਾ।
ਇਹ ਨਹਿਂ ਮਿਟਯੋ ਬੀਰ ਬਰ ਬੰਕਾ ॥੨੨॥
ਪ੍ਰਥਮ ਪੰਚ ਗੁਰ ਸ਼ਾਂਤਿ ਸਰੂਪ।
ਇਹੁ ਧਰਿ ਸ਼ਸਤ੍ਰ ਭਯੋ ਬਡਿ ਭੂਪ।
ਜੋਧਾ ਮਹਾਂ ਕਰਨਿ ਸੰਗ੍ਰਾਮੂ।
ਦੰਡ ਪ੍ਰਚੰਡ ਦੀਹ ਬਲ ਧਾਮੂ[1] ॥੨੩॥ [1]ਬਲ ਦਾ ਘਰ ਹਨ।
ਡੀਲ ਦਰਾਜ ਨ ਦੂਸਰ ਕੋਈ।
ਬਲ ਅਰ ਸ਼ਕਤਿ ਕਹਾਂ ਸਮ ਹੋਈ।
ਸੁੰਦਰ ਮੁਖ ਮੰਡਲ ਦਰਸੰਤਾ।
ਦੀਰਘ ਬੀਰਜ[1] ਧੀਰਜਵੰਤਾ' ॥੨੪॥ [1]ਮਹਾਂ ਬਲੀ।
ਇੱਤਜਾਦਿਕ ਕਹਿ ਆਪਸ ਮਾਂਹੀ।
ਨਿਜ ਘਰ ਦਬਕਹਿਂ[1] ਨਿਕਸਹਿਂ ਨਾਂਹੀ। [1]ਘਰ ਵਿਚ ਹੀ ਦਬ ਜਾਂਦੇ ਹਨ।
-ਚਲਜੋ ਜਾਇਂ ਇਕ ਦਿਨ ਹੀ ਰਹੈਂ-।
ਯਾਂ ਤੇ ਨਹਿਂ ਕਠੋਰ ਕੋ ਕਹੈ ॥੨੫॥
ਹੁਇ ਨੁਕਸਾਨ ਸੀਸ ਸਹਿ ਲੇਤਿ।
ਨਹਿਂ ਬਿਗਰਹਿਂ ਸਮੁਝਹਿਂ ਮ੍ਰਿਤੁ ਹੇਤੁ।
ਇਸ ਪ੍ਰਕਾਰ ਗਮਨਤਿ ਸਹਿ ਸੈਨਾ।
ਮਗ ਮਹਿਂ ਬਸੇ ਚਲਤਿ ਦੁਇ ਰੈਨਾ ॥੨੬॥
ਪ੍ਰਥਮ ਪਾਇ ਸੁਧਿ ਸਾਂਈ ਦਾਸ।
ਇਤ ਆਗਮਨ ਭਯੋ ਸੁਖਰਾਸ[1]। [1]ਭਾਵ ਗੁਰੂ ਜੀ ਦਾ।
ਚਮੂੰ ਸਰਬ ਪਰਿਵਾਰ ਸਮੇਤ।
ਨਿਕਟਿ ਪਹੁੰਚੇ ਕ੍ਰਿਪਾ ਨਿਕੇਤ ॥੨੭॥
ਲੇ ਨਰ ਸੰਗ ਆਇ ਅਗੁਵਾਈ।
ਬਿਕਸਜੋ ਸਦਨ ਅਨੰਦ ਸਮੁਦਾਈ।
ਸਰਦ ਇੰਦ[1] ਹਰਿ ਗੋਵਿੰਦ ਓਰਾ। [1]ਚੰਦ੍ਰਮਾ।
ਕਰਜੋ ਚਕੋਰਨ ਕੋ ਦ੍ਰਿਗ ਜੋਰਾ[1] ॥੨੮॥ [1]ਨੇਤ੍ਰਾਂ ਦਾ ਜੋੜਾ। (ਅ) ਨੇਤ੍ਰਾਂ ਨੂੰ ਜੋੜਿਆ।

ਨਮੋ ਗ੍ਰਿੰਥ ਜੀ ਕਰਿ ਧਰਿ ਭਾਵਾ[1]।
ਪਿਖਿ ਚਰਣਾਰਬਿੰਦ ਉਤਲਾਵਾ।
ਗਹਿ ਰਕਾਬ ਕੋ ਸਿਰ ਪਰ ਧਾਰੇ।
ਅਨੰਦ ਨੀਰ ਲੋਚਨ ਕੋ ਡਾਰੇ ॥੨੯॥
ਜਨੁ ਸਨੇਹ ਅਰੁ ਆਤਮ ਗਜਾਨਾ।
ਚਿਰ ਕੇ ਬਿਛੁਰੇ ਕੀਨਿ ਮਿਲਾਨਾ।
ਸਤਿਗੁਰ ਬੂਝੀ ਕੁਸ਼ਲ ਬਤਾਈ।
ਡੇਰਾ ਕਰਜੋ ਸੁਭਟ ਸਮੁਦਾਈ ॥੩੦॥
ਤੀਨਹੁੰ ਗੁਰ ਪਤਨੀ ਜਬਿ ਦੇਖੀ।
ਪਰਜੋ ਪਾਇ ਧਰਿ ਭਾਉ ਵਿਸ਼ੇਖੀ।
ਅਪਰ ਸਗਲ ਗੁਰ ਕੇਰ ਨਜੀਕੀ।
ਮਿਲਜੋ ਤਬਹਿ ਪੂਰੀ ਇਛ ਜੀ ਕੀ ॥੩੧॥
ਤਿਮ ਰਾਮੋ ਮਿਲਿ ਮਸਤਕ ਟੇਕਾ।
ਸਭਿ ਕੁਟੰਬ ਸਹਿ ਜਲਧਿ ਬਿਬੇਕਾ।
ਸੁੰਦਰ ਗਨ ਪਰਯੰਕ ਡਸਾਏ।
ਊਜਲ ਆਸਤਰਨ ਸੋਂ ਛਾਏ ॥੩੨॥
ਸੁੰਦਰ ਮੰਦਿਰ ਅੰਦਰ ਥਿਰੇ।
ਸੈਨਾ ਵਹਿਰ ਸਿਵਰ ਬਹੁ ਕਰੇ।
ਤੰਬੂ ਸ਼ਮਿਯਾਨੇ ਬਹੁ ਤਾਨੇ।
ਗਾਡਜੋ ਝੰਡਾ ਊਚ ਮਹਾਨੇ ॥੩੩॥
ਜਥਾ ਜੋਗ ਉਤਰੇ ਸਮੁਦਾਯਾ।
ਆਦਿ ਮਸੰਦਨ ਚਮੂੰ ਨਿਕਾਯਾ[1]।
ਜਥਾ ਸ਼ਕਤਿ ਦੰਪਤੀ ਹੁਲਾਸ।
ਸੇਵਤਿ ਰਾਮੋ ਸਾਂਈਦਾਸ[1] ॥੩੪॥

ਅਧਿਕ ਪ੍ਰੇਮ ਤੇ ਅਸਨ ਬਨਾਯੋ।
ਬੈਠਿ ਨਿਕਟਿ ਧਰਿ ਭਾਉ ਅਚਾਯੋ।
ਤਥਾ ਗੁਰੂ ਕੇ ਨੰਦਨ ਸਾਰੇ।
ਧਰਿ ਅਨੰਦ ਅਚਵਾਇ ਅਹਾਰੇ ॥੩੫॥
ਪੁਨ ਰਾਮੋ ਪ੍ਰੀਤੀ ਬਡ ਧਾਰੀ।
ਅਚਿ ਦਮੋਦਰੀ ਆਦਿਕ ਸਾਰੀ।

[1]ਪ੍ਰੇਮ ਧਾਰਕੇ

[1]ਸਾਰੀ।

[1](ਆਪਣੀ) ਸ਼ਕਤਿ ਅਨੁਸਾਰ ਅਨੰਦ ਨਾਲ ਦੰਪਤੀ ਰਾਮੋ ਤੇ ਸਾਈਂ ਦਾਸ ਸੇਵਾ ਕਰਦੇ ਹਨ।

ਕਹ੍ਯੋ ਗੁਰੂ 'ਸੁਨਿ ਸਾਂਈਦਾਸ!
ਤੋਹਿ ਪ੍ਰੇਮ ਨੇ ਆਨੇ ਪਾਸ ॥੩੬॥
ਨਿਤ ਚਿਤ ਸਿਮਰਤਿ ਹਾਥਨ ਜੋਰਿ।
ਕਰਤਿ ਰਹ੍ਯੋ ਦਰਸ਼ਨ ਕੀ ਲੋਰ।
ਯਾਂ ਤੇ ਪਠਿ[1] ਕਰਿ ਤੁਵ ਅਰਦਾਸ[2]। [1]ਪੜ੍ਹ ਕੇ। [2]ਤੇਰੀ ਚਿੱਠੀ।
ਕਰਿ ਤਜਾਰੀ ਆਏ ਪੁਰਿ ਆਸੁ[1†]' [1]ਛੇਤੀ। [†]ਪਾ:-ਪਾਸ।
॥੩੭॥
ਸਾਂਈਦਾਸ ਕਹ੍ਯੋ ਧਰਿ ਭਾਉ।
'ਇਹੀ ਆਪ ਕੋ ਸਹਜ ਸੁਭਾਉ।
ਰਾਜ ਸਮਾਜ ਦਰਬ ਨਹਿਂ ਹੇਰੋ।
ਲਖਹੁ ਨ ਸਾਕ ਸਬੰਧ ਬਡੇਰੋ ॥੩੮॥
ਜਹਾਂ ਪ੍ਰੇਮ ਕੋ ਚਿਤਹੁ ਗੁਸਾਈਂ!
ਸਭਿ ਤਜਾਗਹੁ ਤਹਿਂ ਪਹੁੰਚਹੁ ਜਾਈ।
ਰਾਜ ਸਮਾਜ ਛੋਡਿ ਕੁਰੁਰਾਈ[1]। [1]ਕੌਰੁਵਾਂ ਦੇ ਰਾਜਾ (ਦਰਯੋਧਨ) ਦਾ ਤਿਆਗ ਕੇ।
ਜਾਇ ਬਿਦਰ ਕੇ ਨਿਸਾ ਬਿਤਾਈ
॥੩੯॥
ਦਿਜਬਰ ਪੰਡਿਤ ਗੁਨਿ ਗਨ ਵਾਨੇ[1]। [1]ਸਾਰੇ ਗੁਣਾਂ ਵਾਲੇ।
ਬਿਨਾਂ ਪ੍ਰੇਮ ਸੇ ਤਜਾਗੇ ਸਜਾਨੇ।
ਸ਼ੂਦ੍ਰ ਭਗਤ ਕੇ ਸੰਗ ਫਿਰੰਤੇ।
ਬਿਦਤਿ ਜਗਤ ਮਹਿਂ ਨਹੀਂ ਛਪੰਤੇ
॥੪੦॥
ਬਸਿ ਦਾਸਨ ਕੇ ਸਦਾ ਗੁਸਾਈਂ!
ਤੁਮਰੀ ਕ੍ਰਿਤ ਤੁਮ ਕੋ ਬਨਿ ਆਈ।
ਅਪਰ ਨਹੀਂ ਸਮਤਾ ਕੋ ਧਰੈ।
ਬਸ ਦੀਨਨਿ ਕੇ ਨਿਤ ਅਨੁਸਰੈਂ[1]' [1]ਗਰੀਬਾਂ ਦੇ ਵੱਸ ਹੋ ਤੇ ਨਿਤ (ਤਿਨ੍ਹਾਂ ਦੇ) ਅਨੁਸਾਰੀ ਹੋ।
॥੪੧॥
ਰਹਤਿ ਭਏ ਸਤਿਗੁਰ ਮਹਾਰਾਜ[1]। [1]ਭਾਵ ਡਰੌਲੀ ਵਿਚ।
ਸਦਾ ਸੁਧਾਰਹਿਂ ਸਿੱਖਨ ਕਾਜ।
ਕਬਿ ਕਬਿ ਵਹਿਰ ਅਖੇਰ ਸਿਧਾਵੈ।
ਕਬਹੁੰ ਬੈਠਿ ਕਰਿ ਸਭਾ ਲਗਾਵੈਂ ॥੪੨॥
ਬਹੁਰ ਵਿਸੋਏ ਕਾ ਭਰਿ ਮੇਲਾ।
ਸੁਨਿ ਸੁਧਿ ਗੁਰ ਕੀ ਭਯੋ ਸਕੇਲਾ।

ਬਹੁ ਉਪਹਾਰਨ ਆਨਿ ਚਢਾਵੈਂ।
ਬੰਦਹਿਂ ਚਰਨ ਦਰਸ ਕੋ ਪਾਵੈਂ ॥੪੩॥
ਗੁਰ ਢਿਗ ਬਸਹਿਂ ਲਾਭ ਕੋ ਜਾਨੈਂ।
ਦਰਸਹਿਂ ਅਪਨਿ ਕ੍ਰਿਤਾਰਥ ਮਾਨੈਂ।
ਅਨਗਨ ਵਸਤੁ ਅਰਪਹਿਂ ਆਇ।
ਨਰ ਨਾਰੀ ਹੋਏ ਸਮੁਦਾਇ ॥੪੪॥
ਮਨੋ ਕਾਮਨਾ ਪਾਇ ਸਿਧਾਰੇ।
ਨਿਸਾ ਤੀਨ ਗੁਰ ਨਿਕਟਿ ਗੁਜ਼ਾਰੇ।
ਸੁਜਸੁ ਕਰਤਿ ਅਪਨੇ ਗ੍ਰਿਹ ਗਏ।
ਸਤਿਗੁਰ ਤਹਾਂ ਬਿਰਾਜਤਿ ਭਏ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਡਰੋਲੀ ਪਹੁੰਚਨ' ਪ੍ਰਸੰਗ ਬਰਨਨੰ ਨਾਮ ਸਪਤ ਦਸਮੋ ਅੰਸੂ ॥੧੭॥

੧੮. [ਵੱਡੇ ਘਰ, ਭਾਈ ਸਾਦਾ ਸਾਧੂ]

੧੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੧੯

ਦੋਹਰਾ:
ਬਸਤਿ ਡਰੋਲੀ ਗ੍ਰਾਮ ਮਹਿਂ,
ਕੀਨੇ ਅਨਿਕ ਬਿਲਾਸ।
ਏਕ ਗਾਥ ਹੋਈ ਜਥਾ,
ਸੁਨਹੁ ਤਥਾ ਸੁਖਰਾਸ ॥੧॥
ਘਰ ਵੱਡੇ ਇਕ ਗ੍ਰਾਮ ਮਹਿਂ,
ਗੁਰ ਸਿਖ ਬਸਹਿ ਤਿਖਾਨ।
ਰਾਮਦਾਸ ਸਤਿਗੁਰੂ ਤੇ,
ਸਿੱਖੀ ਧਰੀ ਮਹਾਨ ॥੨॥
ਚੌਪਈ:
ਛਠੇ ਮਾਸ ਦਰਸਨ ਕੋ ਜਾਇ।
ਜਥਾ ਸ਼ਕਤਿ ਧਨ ਭੇਟ ਚਢਾਇ।
ਸੁਨਹਿ ਪ੍ਰੇਮ ਕਰਿ ਗੁਰ ਕੀ ਬਾਨੀ।
ਧਰਮ ਕਿਰਤ ਕਰਿ ਬਨਹਿ ਸੁ ਦਾਨੀ ॥੩॥
ਭਉ[1] ਉਰ ਬਿਖੈ ਭਾਉ[2] ਕੋ ਧਾਰੈ।
ਸਤਿਗੁਰ ਮਹਿਮਾ ਅਧਿਕ ਉਚਾਰੈ।
ਸ਼੍ਰੀ ਅਰਜਨ ਕੋ ਸੇਵਤਿ ਰਹਜੋ।
ਬਪੁ ਬਹੁ ਬਰਖਨ ਬਯ ਨਿਰਬਹਜੋ[1] ॥੪॥
'ਆਕਲ' ਕਹਹਿਂ ਤਾਂਹਿ ਕੋ ਨਾਮੂ।
ਮਨ ਕੋ ਗੁਰਮਤ ਮਹਿਂ ਬਿਸਰਾਮੂ।
ਤਿਸ ਕੇ ਗ੍ਰਿਹ ਨਿਪਜੀ ਇਕ ਕੰਨਜਾਂ।
ਪੂਰਬ ਜਨਮ ਪੁੰਨ ਕੀ ਧੰਨਜਾ[1] ॥੫॥
ਸਪਤ ਬਰਖ ਜਬਿ ਆਕੁਲ ਜਾਨੀ।
'ਕਿਤ ਸਨਬੰਧ ਕਰੌਂ' ਮਨ ਠਾਨੀ।
ਦਿਜ ਬੁਲਾਇ ਕਰਿ ਦਯੋ ਪਠਾਈ।
'ਕਰਿ ਸ਼ੁਭ ਥਲ ਮਮ ਸੁਤਾ ਸਗਾਈ' ॥੬॥
ਫਿਰਜੋ ਕਿਤਿਕ ਥਲ ਮਿਲਜੋ ਨ ਹਾਣੀ[1]।

[1]ਭੈ। [2]ਪ੍ਰੇਮ।
[1]ਸਰੀਰ ਦੀ ਆਯੂ ਬਹੁਤੇ ਸਾਲਾਂ ਦੀ ਨਿਰਬਾਹੀ।
[1]ਧੰਨਤਾ ਜੋਗ।
[1]ਬਰਾਬਰ ਦਾ ਵਰ।

ਖੋਜਤਿ ਆਯੋ ਪੁਰਿ ਤੁਕਲਾਣੀ।
ਬੂਝਤਿ ਘਰ ਤਿਖਾਣ ਕੇ ਗਯੋ।
ਸਮਤਾ ਮਹਿਂ ਨੀਕੇ ਪਿਖਿ ਲਯੋ ॥੭॥
ਕਹਜੋ ਸਬੰਧ ਕਰਨ ਕੋ ਜਬੈ।
ਸਾਦਾ ਨਾਮ ਸੁ ਖਾਤੀ[1] ਤਬੈ।
ਸਨਮਾਨਜੋ ਸੇਵਾ ਸਭਿ ਠਾਨੀ।
ਨਿਸ ਬਸਾਇ ਕਰਿ ਗਾਥ ਬਖਾਨੀ ॥੮॥
ਭਲੋ ਮਹੂਰਤ ਤਬਹਿ ਸੁਧਾਇ।
ਤਿਸ ਕੋ ਸੁਤ ਸਾਧੂ[†] ਬੈਠਾਇ।
ਕਾਢਿ ਤਿਲਕ ਕੁਲ ਰੀਤਿ ਕਰਾਈ।
ਪੁਨ ਆਕੁਲ ਕੋ ਆਨਿ ਸੁਨਾਈ ॥੯॥
'ਪੁਰ ਤੁਕਲਾਣੀ ਮਹਿਂ ਸ਼ੁਭ ਧਾਮ।
ਭਲੇ ਜਾਤਿ ਮਹਿਂ ਸਾਦਾ ਨਾਮ।
ਤਿਸ ਕੋ ਸੁਤ ਸਾਧੂ ਬਯ ਬਾਲਾ[1]।
ਕਰਜੋ ਸਬੰਧ ਬਹੁਤ ਥਲ ਭਾਲਾ' ॥੧੦॥
ਸੁਨਿ ਆਕੁਲ ਨੇ ਬੂਝਨ ਕਰਜੋ।
'ਗੁਰ ਕੋ ਸਿੱਖ ਕਿ ਨਹੀਂ ਨਿਹਰਜੋ?'
ਬਿੱਪ੍ਰ ਕਰੈ 'ਮੈਂ ਨਹੀਂ ਬਿਚਾਰਾ।
ਨੀਕੋ ਏਕ ਨਿਕੇਤ ਨਿਹਾਰਾ' ॥੧੧॥
ਪਛੁਤਾਯੋ ਬਸ ਚਲਜੋ ਨ ਫੇਰ।
ਬੀਤੇ ਕਿਤਿਕ ਬਰਖ ਪੁਨ ਹੇਰਿ।
ਗੁਰ ਕੋ ਰਹਜੋ ਅਰਾਧਿਤਿ ਸਦਾ।
'ਕਰਹੁ ਸਬੰਧੀ ਸਿਖ ਜਦ ਕਦਾ' ॥੧੨॥
ਇਮ ਆਕੁਲ ਚਿੰਤਾ ਬਸਿ ਹੋਵਾ।
ਸਮੈਂ ਸੁ ਬਜਾਹ ਕਰਨਿ ਕੋ ਜੋਵਾ।
ਲਿਖ ਕਰਿ ਪਾਤੀ ਦਈ ਪਠਾਇ।
ਪਿਖਿ ਸਾਦੇ ਆਨੰਦ ਉਪਜਾਇ ॥੧੩॥
ਸੇਵਕ ਸਰਵਰ ਕੋ ਨਿਤ ਸੋਈ।
ਸਦਨ ਮੁਕਾਮ ਕਰਜੋ ਰਤਿ ਹੋਈ[1]।

[1]ਤਰਖਾਣ।

[†]ਇਹ ਨਾਮ ਸਾਰੇ ਅੰਸ੍ਰ ਵਿਚ 'ਸੰਧੂ' 'ਸਾਧੂ' ਤੇ ਸੱਧੂ' ਤ੍ਰੈ ਰੂਪਾਂ ਵਿਚ ਸਾਰੇ ਨੁਸਖਿਆਂ ਵਿਚ ਮਿਲਦਾ ਹੈ। ਇਕ ਪਾਠ ਕਿਸੇ ਵਿਚ ਵੀ ਨਹੀਂ। ਅਸਾਂ ਇਕ ਪਾਠ 'ਸਾਧੂ' ਵਰਤਣ ਦਾ ਯਤਨ ਕੀਤਾ ਹੈ।

[1]ਬਾਲਕ।

[1]ਘਰ ਵਿਚ ਪ੍ਰੀਤ ਨਾਲ (ਸਰਵਰ ਦਾ) ਮੁਕ਼ਾਮ ਕੀਤਾ

ਹੋਇਆ ਸੀ।

ਸਾਧੁ ਸੁਤ ਕੋ ਮਾਥ ਟਿਕਾਵਾ।
ਕਰਜੋ ਰੋਟ† ਸਭਿ ਰੀਤਿ ਮਨਾਵਾ[1] ॥ ੧੪ ॥

[1]ਸਰਵਰ) ਨੂੰ ਮਨਾ ਕੇ। †ਸ਼ੁਧ ਪਾਠ 'ਰੋਟ' ਚਾਹੀਦਾ ਹੈ। ਹੋਇ, ਰੋਇ ਪਾਠ ਲਿਖਾਰੀ ਦੀ ਕਲਮ ਉਕਾਈ ਜਾਪਦੇ ਹਨ।

ਵੱਡੇ ਗ੍ਰਿਹ[1] ਬਜਾਹਨਿ ਪੁਨ ਗਯੋ।
ਜਾਇ ਢੁਕਾਉ ਭਲੀ ਬਿਧਿ ਕਿਯੋ।
ਆਕੁਲ ਸਾਦੇ ਮਿਲਨੀ ਕੀਨਿ।
ਜਥਾ ਸ਼ਕਤਿ ਦੇ[1] ਕੀਰਤਿ ਲੀਨ ॥ ੧੫ ॥

[1]ਵੱਡੇ ਘਰ' ਨਾਮੇ ਪਿੰਡ ਵਿਚ।

[1]ਮਿਲਣੀ ਵਿਚ) ਦੇ ਕੇ (ਪਦਾਰਥ)।

ਸਾਧੁ ਕੋ ਦੀਨੇ ਤਬਿ ਫੇਰੇ।
ਜਥਾਜੋਗ ਕਰਿ ਰੀਤਿ ਭਲੇਰੇ।
ਖਾਨ ਪਾਨ ਦੇ ਕਰਿ ਸਨਮਾਨੇ।
ਤੀਨ ਦਿਵਸ ਰਾਖੇ ਸੁਖ ਠਾਨੇ ॥ ੧੬ ॥
ਪੁਨ ਆਕੁਲ ਨੇ ਭਲੇ ਪਛਾਨੇ।
-ਇਹ ਸਰਵਰ ਕੀ ਸੇਵਾ ਠਾਨੇ-।
ਲੋਕ ਜਾਤਿ ਕੇ ਪਿਖਿ ਸਮੁਦਾਇ।
ਨਹਿਂ ਬੋਲਜੋ ਮਨ ਬਹੁ ਪਛੁਤਾਇ ॥ ੧੭ ॥
ਅਪਨ ਸੁਤਾ ਸੋਂ ਸਕਲ ਬਖਾਨੀ।
'ਤੁਵ ਸਸੁਰਾਰ ਅਹੈ ਸੁਲਤਾਨੀ।
ਤੈਂ ਨਹਿ ਮਾਨਹੁ, ਕਹਹਿਂ ਕਦਾਈ[1]।

[1]ਤੋਂ (ਸਹੁਰੇ ਦਾ) ਕਹਿਣਾ (ਸਰਵਰ ਦੀ ਪੂਜਾ ਬਾਬਤ) ਕਦੇ ਨਾ ਮੰਨਣਾ।

ਸਤਿਗੁਰ ਕੋ ਮਾਨਹੁ ਮਨ ਲਾਈ[1] ॥ ੧੮ ॥

[1]ਚਲਿਆ (ਸਾਦਾ)।

ਭਈ ਦੁਖਦ ਬਹੁ ਆਕੁਲ ਤਨਿਯਾ।
ਰਿਦੈ ਬਿਸੂਰਤਿ ਸਿਰ ਕੋ ਧੁਨਿਯਾ।
ਨਹਿਂ ਬਸ ਚਲੈ ਸਹਜੋ ਦੁਖ ਉਰ ਮੈਂ।
-ਸੈਂ ਸਿਖ ਸੁਤਾ, ਸਰਵਰੀ ਘਰ ਮੈਂ! - ॥ ੧੯ ॥
ਕਰੀ ਬਿਸਰਜਨ ਰੁਦਤਿ ਬਿਸਾਲਾ।
ਪੁੱਤ੍ਰ ਸਨੁਖਾ ਲੇ ਤਬਿ ਚਾਲਾ[2]।
ਗੁਰੂ ਡਰੋਲੀ ਪੂਰਬ ਆਏ।
ਉਤਰੇ ਹੁਤੇ ਦਸ਼ ਬਿਦਤਾਏ ॥ ੨੦ ॥
ਤੁਕਲਾਣੀ ਕੇ ਮਗ ਮੈਂ ਡੇਰਾ।
ਭਜਨ ਕੀਰਤਨ ਹੋਤਿ ਘਨੇਰਾ।

ਵੱਡੇ ਘਰ ਸੁ ਗ੍ਰਾਮ ਤੇ ਚਾਲੇ।
ਦਿਨ ਮੈਂ ਪਰਿ ਹੀ ਘਾਮ ਬਿਸਾਲੇ ॥੨੧॥
ਯਾਂ ਤੇ ਬਡੀ ਰੈਨ ਤੇ ਪਜਾਨਾ।
ਅਰਣੋਦੈ[1] ਪਹੁੰਚੇ ਗੁਰ ਥਾਨਾ।
ਸਾਦਾ ਸਹਤ ਬਰਾਤ ਅਗਾਰੀ।
ਡੋਰੀ ਸਾਧੂ ਸਹਤ ਪਿਛਾਰੀ ॥੨੨॥
ਗੁਰ ਢਿਗ ਆਸਾ ਵਾਰ ਸੁ ਗਾਵੈਂ।
ਬਾਦਤਿ ਆਦਿ ਰਬਾਬ ਬਜਾਵੈਂ।
ਆਕੁਲ ਕੀ ਦਹਿਤਾ ਸੁਨਿ ਕਾਨ।
-ਸ਼੍ਰੀ ਗੁਰ ਡੇਰਾ ਅਹੈ- ਪਛਾਨ ॥੨੩॥
ਪਿਤ ਕੇ ਸੰਗ ਗਈ ਬਹੁ ਬਾਰੀ।
ਦਰਸ਼ਨ ਦੇਖ੍ਯੋ ਹੁਤੋ ਅਗਾਰੀ।
ਚਿਤਹਿ ਉਪਾਇ ਸਮੀਪ ਗਵਨ ਕੋ।
ਕਹ੍ਯੋ ਕਹਾਰਨ ਸੰਗ ਬਚਨ ਕੋ ॥੨੪॥
'ਤੁਮ ਜਾਨਤਿ ਹੋ ਸਗਰੀ ਬਾਤ।
ਹਮ ਗੁਰ ਕੋ ਸਿਖ ਸਦ ਬੱਖ੍ਯਾਤ।
ਇਹੁ ਡੇਰਾ ਢਿਗ ਹੈ ਗੁਰ ਕੇਰਾ।
ਚਲਤਿ ਚਹੌਂ ਮੈਂ ਦਰਸ਼ਨ ਹੇਰਾ' ॥੨੫॥
ਇਮ ਕਹਿ ਦਰਬ ਕਹਾਰਨ ਦੀਨਿ।
ਲਗੇ ਲੋਭ ਤਬਿ ਚਲਿਬੋ ਕੀਨਿ।
ਦੂਰ ਟਿਕਾਇ ਉਤਰ ਕਰਿ ਡੋਰੀ।
ਗਮਨੀ ਸ਼੍ਰੀ ਹਰਿਗੋਵਿੰਦ ਓਰੀ ॥੨੬॥
ਆਕੁਲ ਸੁਤਾ ਅਨੰਦ ਮਨ ਧਾਰ੍ਯੋ।
ਬੈਠੇ ਸਤਿਗੁਰ ਦਰਸ ਨਿਹਾਰ੍ਯੋ।
ਸਭਾ ਬਿਸਾਲ ਲਗੀ ਚਹੁ ਫੇਰੇ।
ਨਰ ਨਾਰੀ ਸੁਨਿ ਸ਼ਬਦ ਘਨੇਰੇ ॥੨੭॥
ਜੁਗ ਕਰਿ ਜੋਰਿ ਬੰਦਨਾ ਕੀਨਿ।
ਬੈਠੀ ਸ਼ਬਦ ਬਿਖੈ ਚਿਤ ਦੀਨਿ।
ਕਿਤਿਕ ਵਾਰ ਮਹਿਂ[1] ਆਸਾਵਾਰ।
ਪਾਯੋ ਭੋਗ ਅਨੰਦ ਕੋ ਧਾਰਿ ॥੨੮॥
ਤਬਿ ਸਤਿਗੁਰ ਤਿਸ ਓਰ ਨਿਹਾਰੇ।
ਸਗਰੋ ਬੇਸ ਬਜਾਹਿ ਕੋ ਧਾਰੇ[†]।

[1]ਪਹੁ ਫੁਟੇ।

[1]ਕੁਝ ਚਿਰ ਪਿੱਛੋਂ।

[†]ਪਾ:-ਏਸ ਬਸਤ੍ਰਾਦਿ ਬਜ਼ਾਹ ਕੇ ਧਾਰੇ।

'ਬਡੀ ਪ੍ਰਾਤਿ ਕਿਤ ਤੇ ਚਲਿ ਆਈ।
ਕੋ ਕਾਰਜ ਅਰੁ ਕਹਾਂ ਸਿਦਾਈ?'
॥੨੯॥
ਆਕੁਲ ਸੁਤਾ ਕਹਯੋ ਤਿਸ ਬੇਰੇ।
'ਗ੍ਰਿਹ ਵੱਡੇ ਘਰ ਨੈਹਰ[1] ਮੇਰੇ।
ਸਰਵਰ ਕੇ ਸੇਵਕ ਸਸੁਰਾਰੇ।
ਇਹ ਚਿੰਤਾ ਚਿਤ ਭਈ ਉਦਾਰੇ ॥੩੦॥
ਅਬਿ ਮੈਂ ਦਰਸ਼ਨ ਕਰਿ ਹੌਂ ਗੁਰ ਕਾ।
ਪੂਰਨ ਹੋਇ ਮਨੋਰਥ ਉਰ ਕਾ।
ਪੁਨ ਮੈਂ ਪਰ ਬਸਿ ਪਰੌਂ ਦੁਖਾਰੀ।
ਨਹਿਂ ਮੇਰੋ ਬਸ ਚਲਹਿ ਬਿਚਾਰੀ ॥੩੧॥
ਯਾਂ ਤੇ ਮੈਂ ਚਲਿ ਕਰਿ ਅਬਿ ਆਈ।
ਸੁਨਯੋ ਸ਼ਬਦ ਤੁਮ ਦਰਸ਼ਨ ਪਾਈ।'
ਸੁਨਿ ਕੰਨਯਾ ਤੇ ਭਏ ਕ੍ਰਿਪਾਲ।
ਹੇਰੀ ਸ਼ਰਧਾ ਬਾਉ ਬਿਸਾਲ ॥੩੨॥
ਸ਼੍ਰੀ ਮੁਖ ਤੇ ਅੰਮ੍ਰਿਤ ਸਮ ਕਹਯੋ।
'ਤੇਰੋ ਲੇਖ ਇਸੀ ਬਿਧਿ ਲਹਯੋ।
ਚਲਿ ਆਈ ਸਤਿ ਸੰਗਤਿ ਸ਼ਰਨੀ।
ਲਿਖਹਿਂ ਲੇਖ ਅਬਿ ਜਿਉਂ ਸ਼ੁਭ ਕਰਨੀ[1]'
॥੩੩॥

[1]ਪੇਕੇ।

[1]ਹੁਣ ਲੇਖ ਲਿਖਾਂਗੇ ਜਿਵੇਂ (ਤੇਰੀ ਇਹ ਸਤਿਸੰਗ ਵਿਚ ਆਉਣ ਦੀ) ਸ਼ੁਭ ਕਰਨੀ (ਦੇ ਮੁਤਾਬਕ ਹੋਵੇ)। (ਅ) ਜਿਸ ਤੋਂ ਤੇਰੀ ਅੱਗੋਂ ਨੂੰ ਕਰਨੀ ਸ਼ੁਭ ਹੋ ਜਾਵੇ।

ਦੋਹਰਾ:
ਪਿਤਾ ਦਿਯੋ ਪਕਵਾਨ ਕੁਛ, ਸੋ ਗੁਰ ਅੱਗ੍ਰ ਚਢਾਇ।
'ਧੰਨ ਗੁਰੂ ਸਭਿ ਸ਼ਕਤਿ ਧਰਿ, ਲੀਜਹਿ ਮੋਹਿ ਬਚਾਇ' ॥੩੪॥
ਚੌਪਈ:
ਸੁਨਿ ਪ੍ਰਸੰਨ ਗੁਰ ਬਾਕ ਬਖਾਨਾ।
'ਨਵੋਂ ਲੇਖ ਲਿਖਿਬੋ ਤੁਵ ਠਾਨਾ[1]।
ਪਿਤਾ ਤੋਹਿ ਸਿਖ, ਸੋ ਤੋ ਤਰਯੋ।
ਘਰ ਸਸੁਰਾਰ ਕ੍ਰਿਤਾਰਥ ਕਰਯੋ ॥੩੫॥
ਸਿੱਖੀ ਦਾਨ ਦੀਨਿ ਹਮ ਤੋਹੀ।
ਅਧਿਕ ਸਿੱਖ ਸੁਤ ਤੇਰੋ ਹੋਹੀ।

[1]ਤੇਰਾ ਲੇਖ ਨਵਾਂ ਲਿਖ ਦਿੱਤਾ ਹੈ।

ਪਤਿ ਭੀ ਸਿੱਖ ਹੋਇ ਹੈ ਭਲੇ।
ਗੁਰ ਸਿੱਖੀ ਕੋ ਮਾਰਗ ਚਲੇ' ॥੩੬॥
ਇਮ ਗੁਰ ਬਾਕ ਸੁਨਜੋ ਹਰਿਖਾਈ।
'ਧੰਨ ਗੁਰੂ ਦੇ ਹਾਥ ਬਚਾਈ।'
ਜਬਿ ਸਾਦੇ ਨੇ ਪਿਖੀ ਨ ਡੋਰੀ।
ਏਕਲ ਸੁਤ ਆਯੋ ਨਿਜ ਓਰੀ ॥੩੭॥
'ਕਹੁ ਸਾਧੂ! ਡੋਰੀ ਕਿਤ ਛੋਰੀ?'
ਕਹਜੋ 'ਸੁ ਗਮਨੀ ਸਤਿਗੁਰ ਓਰੀ।'
ਸੁਨਿ ਸੁਤ ਤੇ ਰਿਸ ਉਰ ਮਹਿਂ ਛਾਈ।
'ਕਹਜੋ ਕਰਾਂ ਗੁਰ ਨਿਕਟਿ ਪਠਾਈ ॥੩੮॥
ਕਰਹਿ ਕੋਪ ਸਰਵਰ ਸੁਲਤਾਨ।
ਗੁਰ ਕੋ ਨਾਮ ਨ ਭੂਲਿ ਬਖਾਨਿ।
ਜਾਹੁ ਤੁਰਤ ਡੋਰੀ ਲੇ ਆਵਹੁ।
ਸਨੇ ਸਨੇ ਤਿਸ ਕਰੁ ਸਮਝਾਵਹੁ' ॥੩੯॥
ਸੁਨਤਿ ਪਿਤਾ ਤੇ ਗੁਰ ਢਿਗ ਗਯੋ।
ਜਾਗੇ ਭਾਗ ਬਿਲੋਕਤਿ ਭਯੋ।
ਰਿਸ ਕਰਿ ਗਯੋ ਹਟਾਵਨ ਜੋਇ।
ਗੁਰ ਦਰਸ਼ਨ ਤੇ ਸੀਤਲ ਹੋਇ ॥੪੦॥
ਰਹਜੋ ਨ ਗਯੋ ਬੰਦਨਾ ਠਾਨੀ।
ਬੈਠਜੋ ਨਿਕਟਿ ਕ੍ਰਿਪਾਲ ਬਖਾਨੀ।
'ਗੁਰ ਕੋ ਸਿੱਖ ਸਸੁਰ ਹੈ ਤੋਰਾ।
ਤਿਸ ਕੀ ਸੁਤਾ ਸੰਬੰਧੈ ਜੋਰਾ ॥੪੧॥
ਅਬਿ ਤੁਮ ਤਜਹੁ ਤੁਰਕ ਕੀ ਸੇਵਾ।
ਮਾਨਹੁਂ ਸ਼੍ਰੀ ਨਾਨਕ ਗੁਰ ਦੇਵਾ।
ਦੇਹੁ ਦਰੂਦ ਫੇਰ ਤੁਮ ਖਾਵਹੁ[1]।
ਤੁਰਕ ਜੂਠ ਤੇ ਜਨਮ ਗਵਾਵਹੁ[1] ॥੪੨॥
ਹਿੰਦੁ ਸਰੀਰ ਪ੍ਰਮੇਸ਼ਰ ਦੀਨਾ।
ਕਜੋਂ ਬਿਅਰਥ ਖੋਵਹੁ ਮਤਿ ਹੀਨਾ।'

[1]ਦਰੂਦ ਦੇਕੇ ਫੇਰ ਤੁਸੀਂ ਖਾਂਦੇ ਹੋ। ਦੇਖੋ ਅੰਕ ੪੪। ਰੋਟ ਤੇ ਦੁਆ ਪੜ੍ਹਕੇ ਪੀਰ ਦੇ ਮੂੰਹ ਲੁਆਕੇ ਵੰਡਦੇ ਹਨ। [ਫਾ. ਦਰੂਦ = ਦੁਆ]
[1]ਗਵਾਉਂਦੇ ਹੋ।

ਇੱਤਯਾਦਿਕ ਜਬਿ ਗੁਰੂ ਸੁਨਾਯੋ।
ਸਾਧੂ ਬਾਲਿਕ ਤਬਿ ਬਿਰਮਾਯੋ ॥੪੩॥
ਕਰਯੋ ਬਿਚਾਰਨ ਬਚ ਸ਼੍ਰੀ ਗੁਰ ਕਾ।
-ਹਮ ਹਿੰਦੂ ਕਯੋਂ ਮਾਨਹਿਂ ਤੁਰਕਾ।
ਕਰਿ ਕੈ ਰੋਟ ਦਰੂਦ ਦਿਵਾਵਹਿਂ।
ਤੁਰਕ ਜੂਠ ਲਖਿ ਕਰਿ ਪੁਨ ਖਾਵਹਿਂ-
॥੪੪॥
ਤਰਕ ਬਿਚਾਰਨ ਕੀਨਿ ਬਡੇਰੀ।
ਗੁਰ ਪਗ ਲਪਟਾਯੋ ਤਿਸ ਬੇਰੀ।
'ਮੋ ਕਹੁ ਅਪਨੋ ਸਿੱਖ ਬਨਾਵਹੁ।
ਤੁਰਕ ਸੇਵ ਤੇ ਮੋਹਿ ਹਟਾਵਹੁ' ॥੪੫॥
ਸ਼ਰਧਾ ਵਧੀ ਜਾਨਿ ਗੁਨ ਖਾਨੀ।
ਚਰਣਾਂਮ੍ਰਿਤ ਦੀਨੋ ਦੁਖ ਹਾਨੀ।
ਸੱਤਿਨਾਮ ਸਿਮਰਨਿ ਉਪਦੇਸ਼ਾ।
'ਤਵ ਸੁਤ ਉਪਜਹਿ ਸਿੱਖ ਵਿਸ਼ੇਸ਼ਾ'
॥੪੬॥
ਸੁਨਿ ਕਰਿ ਦੰਪਤਿ ਉਰ ਹਰਖਾਏ।
ਗੁਰ ਸਿੱਖੀ ਦਿਢ ਕਰਿ ਚਲਿ ਆਏ।
ਮਿਲੇ ਬਰਾਤ ਆਨਿ ਮਗ ਚਲੇ।
ਤੁਕਲਾਣੀ ਪੁਰਿ ਮਾਰਗ ਭਲੇ ॥੪੭॥
ਜਬਿ ਘਰ ਗਏ ਨਾਰਿ ਸਮੁਦਾਇ।
ਮਿਲੀ ਗੀਤ ਗਾਵਤਿ ਹਰਿਖਾਇ।
ਸਰਵਰ ਕੇ ਮੁਕਾਮ ਲੇ ਗਈ।
ਦੂਲੋ ਦੁਲਹਨਿ ਦੇਖੀ ਨਈ ॥੪੮॥
ਬ੍ਰਿੰਦ ਤ੍ਰਿਖਾਣ ਤ੍ਰਿਖਾਣੀ ਮਿਲੇ।
ਕਹੈਂ ਕਿ 'ਸਿਰ ਟੇਕਹੁ ਇਸ ਥਲੇ।'
ਸੁਨਿ ਸਾਧੂ ਨੇ ਲਾਤ ਪ੍ਰਹਾਰੀ।
'ਤੁਰਕ ਮੰਨਤਾ ਹਮਹੁਂ ਬਿਸਾਰੀ ॥੪੯॥
ਗੁਰ ਤੇ ਪਾਹੁਲ ਲੇ ਹਮ ਆਏ।
ਇਸ ਥਲ ਕੋ ਅਬਿ ਦੇਉਂ ਢਹਾਏ।'
ਸਭ ਮਿਲਿ ਕਹਯੋ 'ਮੂਢ ਕਰਿ ਮੌਨ।
ਇਹੁ ਬਿਧਿ ਸਿਖਰਾਈ ਤੁਹਿ ਕੌਨ[1]?

[1]ਕਿਸ ਨੇ?

॥ ੫੦ ॥
ਹਮ ਸਰਵਰ ਕੇ ਸੇਵਕ ਮਹਾਂ।
ਕੁਲ ਕਲੰਕ ਤੈਂ ਬੋਲਜੋ ਕਹਾਂ।
ਕਰਹਿ ਬਾਵਰਾ ਦੇਹਿ ਬਿਨਾਸ।
ਅਬਿ ਭੀ ਕਹੁ -ਮੈਂ ਸਰਵਰ ਦਾਸ-'
॥ ੫੧ ॥
ਇੱਤਜਾਦਿਕ ਬਹੁ ਕਹਿ ਕਹਿ ਹਾਰੇ।
ਨਹਿਂ ਸਾਧੂ ਨੇ ਕਿਹ ਬਚ ਧਾਰੇ।
ਹਟਿ ਸਭਿ ਰਹੇ ਪਰਸਪਰ ਇਮ ਕਹਿ।
'ਕਰਜੋ ਬਾਵਰਾ ਸਰਵਰ ਨੇ ਇਹ'
॥ ੫੨ ॥
ਸਰਬ ਸੁਪਤਿ ਜਬਿ ਨਿਸਾ ਮਝਾਰਾ।
ਲੇ ਕਰਿ ਕਹੀ ਸੁ ਥਾਨ ਬਿਦਾਰਾ[1]।
ਦਿਨ ਮਹਿਂ ਉਠਿ ਸੋ ਸਕਲ ਬਨਾਵੈਂ।
ਇਹ ਤਿਨ ਪਾਛੈ ਢਾਹਿ ਗਿਰਾਵੈ ॥ ੫੩ ॥
ਇਸ ਪ੍ਰਕਾਰ ਕੁਛ ਸਮਾਂ ਬਿਤਾਯੋ।
ਸਤਿਗੁਰ ਕੋ ਸਿਮਰਨ ਉਰ ਭਾਯੋ।
ਗੁਰੂ ਧਜਾਨ ਕਰਿ ਤ੍ਰਿਯ ਸੋਂ ਮਿਲਾ।
ਗਰਭ ਧਰਨ ਕੀਨਸਿ ਤਬਿ ਭਲਾ
॥ ੫੪ ॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸਾਧੂ ਪ੍ਰਸੰਗ' ਬਰਨਨੰ ਨਾਮ ਅਸ਼ਟ ਦਸਮੋ ਅੰਸੂ ॥ ੧੮ ॥

[1]ਢਾਹ ਦਿੱਤਾ।

੧੯. [ਭਾਈ ਸਾਧੂ ਰੂਪਾ]

੧੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੦

ਦੋਹਰਾ:
ਪੂਰਨ ਭੇ ਨਵ ਮਾਸ ਜਬਿ, ਉਪਜੜੋ ਸੁਤ ਬਡਭਾਗ।
ਸੁੰਦਰ ਬਦਨ ਸੁਹਾਇ ਪਿਖਿ, ਨਰ ਨਾਰੀ ਅਨੁਰਾਗ ॥੧॥
ਚੌਪਈ:
ਭਯੋ ਬਰਖ ਦਿਨ ਕੋ ਜਬਿ ਬਾਲਿਕ।
ਲੇ ਗੁਰ ਢਿਗ ਪਹੁੰਚੇ ਤਤਕਾਲਕ।
ਸ਼੍ਰੀ ਹਰਿ ਗੋਵਿੰਦ ਹੁਤੇ ਸੁਧਾਸਰ।
ਸਾਧੂ ਕੀਨਿ ਸ਼ਨਾਨ ਅਘਨਹਰ[1] ॥੨॥
ਜਥਾ ਸ਼ਕਤਿ ਧਰਿ ਭੇਟ ਅਗਾਰੀ।
ਹਾਥ ਜੋਰਿ ਕਰਿ ਬੰਦਨ ਧਾਰੀ।
ਬਾਨੀ ਬਿਨਤੀ ਸਹਤ ਉਚਾਰੀ।
'ਤੁਮ ਕ੍ਰਿਪਾਲ ਹ੍ਵੈ ਕੁਮਤਿ ਬਿਦਾਰੀ ॥੩॥
ਇਹੁ ਰਾਵਰ ਕੀ ਬਖਸ਼ੀ ਦਾਤ।
ਸੁੰਦਰ ਭਾਗਵਾਨ ਭਾ ਤਾਤ।
ਨਾਮ ਆਪ ਹੀ ਰਾਖਨ ਕਰੀਅਹਿ।
ਹੁਇ ਸਿਖ ਤੁਮਰੋ ਬਾਕ ਉਚਰੀਅਹਿ' ॥੪॥
ਸ਼੍ਰੀ ਗੁਰ ਪਿਖੜੋ ਰੂਪ ਅਭਿਰਾਮੂ।
'ਰੂਪ ਚੰਦ' ਧਰਿ ਯਾਂ ਤੇ ਨਾਮੂ।
'ਭਾਈ ਰੂਪਾ ਇਹੁ ਬਿਦਿਤਾਇ।
ਗੁਰ ਸਿੱਖੀ ਧਰਿ ਹੈ ਅਧਿਕਾਇ' ॥੫॥
ਸੁਨਿ ਗੁਰ ਬਰ ਦੰਪਤਿ ਹਰਖਾਏ।
ਕੇਤਿਕ ਦਿਨ ਗੁਰ ਨਿਕਟਿ ਬਿਤਾਏ।
ਪੁਨ ਆਗਜਾ ਲੇ ਕਰਿ ਘਰ ਆਏ।
ਸਤਿਗੁਰ ਕੋ ਸਿਮਰਤਿ ਸੁਖ ਪਾਏ ॥੬॥
ਖਸ਼ਟ ਮਾਸ ਕਬਿ ਬਰਖ ਬਿਤਾਵੈਂ।
ਧਰਹਿਂ ਭਾਉ ਗੁਰ ਦਰਸ਼ਨ ਜਾਵੈਂ।

[1] ਪਾਪਾਂ ਦੇ ਨਾਸ਼ਕ (ਸ਼੍ਰੀ ਅੰਮ੍ਰਿਤ ਸਰੋਵਰ ਵਿਚ)।

ਜਥਾ ਸ਼ਕਤਿ ਪਟ ਦਰਬ ਚਢਾਵੈਂ।
ਲੇ ਆਇਸੁ ਪੁਨ ਨਿਜ ਘਰ ਆਵੈਂ ॥੭॥
ਪਾਰਿ ਪੁੱਤ੍ਰ ਕੋ ਕੀਨਿ ਬਡੇਰਾ।
ਸਿੱਖੀ ਮਹਿਂ ਚਿਤ ਜਾਹਿਂ ਘਨੇਰਾ।
ਪਿਤ ਸੁਤ ਸਿੱਖੀ ਅਧਿਕ ਕਮਾਈ।
ਜਥਾ ਹੁਤੀ ਬਹੁ ਆਕੁਲ ਜਾਈ[1] ॥੮॥

[1]ਭਾਵ ਜਿਵੇਂ ਆਕਲ ਦੀ ਪੁਤ੍ਰੀ ਸਿੱਖੀ ਕਮਾਈ ਵਿਚ ਵਧੀ ਹੋਈ ਸੀ।

ਪੁਨ ਰੂਪਾ ਨਿਜ ਕ੍ਰਿਤ ਕੋ ਲਾਗੇ।
ਜਥਾ ਕਰਤਿ ਅਪਨੇ ਬ੍ਰਿਧ ਆਗੇ[1]।
ਪਿਤਾ ਪੁੱਤ੍ਰ ਜੁਗ ਕਰਹਿਂ ਕਮਾਈ।
ਸਦਾ ਰਹੈਂ ਸਤਿਗੁਰ ਸ਼ਰਣਾਈ ॥੯॥

[1]ਜੋ ਅਗਲੇ ਵੱਡੇ (ਉਸ ਦੇ) ਕਰਦੇ ਹੁੰਦੇ ਸਨ।

ਮਾਤ ਪਿਤਾ ਸਿਖ ਹੁਤੇ ਅਗਾਰੀ।
ਪੁੱਤ੍ਰ ਭਯੋ ਪ੍ਰੇਮੀ ਤਬਿ ਭਾਰੀ।
ਲਖਹਿਂ ਗੁਰੂ ਪਰਮੇਸੁਰ ਰੂਪ।
ਸਦਾ ਅਰਾਧਹਿਂ ਰਿਦੈ ਅਨੂਪ ॥੧੦॥
ਗੁਰੂ ਡਰੋਲੀ ਮਹਿਂ ਚਲਿ ਆਏ।
ਸੁਨਿ ਮਨ ਬਿਖੈ ਅਧਿਕ ਹੁਲਸਾਏ।
ਦਰਸ਼ਨ ਦਿਵਸ ਵਿਸੋਏ[1] ਕਰਯੋ।
ਨਿਤ ਪ੍ਰਤਿ ਪ੍ਰੇਮ ਹੋਤਿ ਉਰ ਹਰਯੋ ॥੧੧॥

[1]ਵਿਸਾਖੀ ਦੇ।

ਆਗਜ਼ਾ ਲੇ ਨਿਜ ਘਰ ਕੋ ਆਏ।
ਗੁਰੁ ਜਸੁ ਕਹਿਤਿ ਸੁਨਤਿ ਸੁਖ ਪਾਏ।
ਪਿਤਾ ਪੂਤ ਆਪਸ ਮਹਿਂ ਸਦਾ।
ਗੁਰੁ ਕੀਰਤਿ ਭਾਖਹਿਂ ਜਦ ਕਦਾ ॥੧੨॥
ਜੇਠ ਮਾਸ ਆਯੋ ਜਿਸ ਕਾਲਾ।
ਚੰਡ ਸੂਰ ਤੇ ਘਾਮ ਬਿਸਾਲਾ।
ਦਸਹੂੰ ਦਿਸ਼ਿ ਮਹਿਂ ਤਪਤ ਘਨੇਰੀ।
ਲੋਵਾਂ[1] ਚਲਹਿਂ ਬੇਗ ਤਿਸ ਬੇਰੀ ॥੧੩॥

[1]ਗਰਮ ਹਵਾਵਾਂ।

ਇਕ ਦਿਨ ਪਿਤਾ ਪੂਤ ਜੁਗ ਮਿਲੇ।
ਬਾਢਣ[1] ਕਾਠ ਬਹਿਰ ਕੋ ਚਲੇ।
ਹੁਤੇ ਦੂਰ ਸਾਧੂ ਤਬਿ ਕਹਜੋ।
'ਤਪਤਿ ਅਧਿਕ ਬਾਹਿਰ ਹੁਇ ਲਹਜੋ[1]

[1]ਵੱਢਣ ਨੂੰ।

[1]ਹੋਵੇਗੀ (ਏਹ) ਜਾਣੀਦਾ ਹੈ।

॥ ੧੪ ॥
ਹੇ ਸੁਤ ! ਜਲ ਕੂੰਨਾ[1] ਭਰ ਲੀਜਹਿ।
ਵਹਿਰ ਤ੍ਰਿਖਾਤੁਰ ਹੁਇੰ ਜਬਿ, ਪੀਜਹਿਂ।'
ਸੁਨਿ ਰੂਪੇ ਤਬਿ ਨੀਰ ਨਵੀਨ।
ਆਛੀ ਰੀਤਿ ਪੂਰ ਕਰਿ ਲੀਨਿ ॥ ੧੫ ॥
ਕੰਧੇ ਧਰਿ ਕੁਠਾਰ ਕੋ ਚਲੇ।
ਜਿਨ ਕੇ ਭਾਗ ਉਦਤਿ ਹ੍ਵੈ ਭਲੇ।
ਗਏ ਦੂਰ ਜਲ ਨਿਕਟਿ ਉਠਾਏ।
ਪਿਖੇ ਜਾਇ ਕਾਸ਼ਟ ਸਮੁਦਾਏ ॥ ੧੬ ॥
ਹੁਤੋ ਜੰਡ ਤਰੁ ਏਕ ਬਿਸਾਲ।
ਲਟਕਾਯੋ ਜਲ ਤਿਸ ਕੇ ਨਾਲ।
ਅਪਨਿ ਕਾਰ ਕੋ ਕਾਠ ਨਿਹਾਰੇ।
ਕਾਟਨਿ ਲਾਗੇ ਹਾਥ ਕੁਠਾਰੇ[1] ॥ ੧੭ ॥
ਭੋਜਨ ਕਰਿ ਘਰਿ ਤੇ ਚਲਿ ਆਏ।
ਤਪਤ ਘਾਮ ਤੇ ਭਏ ਤਿਸਾਏ।
ਪਾਨ ਕਰਨਿ ਜਲ ਕੋ ਚਲਿ ਗਏ।
ਜੰਡ ਤਰੇ ਥਿਤ ਹੋਵਤਿ ਭਏ ॥ ੧੮ ॥
ਪਿਤ ਕੋ ਪਜਾਵਨ ਹਿਤ ਉਕਸਾਯੋ[1]।
ਜਲ ਕੋ ਰੂਪੇ ਹਾਥ ਲਗਾਯੋ।
ਅਤਿ ਸੀਤਲ ਲਟਕਤਿ ਸੋ ਹੋਵਾ।
ਅਧਿਕ ਤ੍ਰਿਖਾ ਤੇ ਪਿਤ ਬਹੁ ਜੋਵਾ ॥ ੧੯ ॥
ਕਹਜੋ ਤਬੈ 'ਹੇ ਪਿਤਾ ! ਸੁਨੀਜੈ।
ਅਤਿ ਸੀਤਲ ਜਲ ਬਿਮਲ ਜਨੀਜੈ।
ਲੂੰਵਨ ਲਗਿਬੇ ਛਾਯਾ ਬਿਖੈ[1]।
ਯਾਂ ਤੇ ਭਯੋ ਨ ਅਸ ਕਬਿ ਪਿਖੈ ॥ ੨੦ ॥
ਹਮ ਤੁਮ ਅਹੈਂ ਮਿਹਨਤੀ ਲੋਗ।
ਸ਼ੁਭ ਅਸ ਵਸਤੂ ਕੇ ਨਹਿਂ ਜੋਗ।
ਸਤਿਗੁਰ ਕੀ ਲਾਇਕ ਜਲ ਭਯੋ।
ਅਪਰ ਉਚਿਤ ਮੈਂ ਨਹਿਂ ਲਖਿ ਲਯੋ ॥ ੨੧ ॥
ਅਤਿ ਉੱਤਮ ਜੋ ਸਭਿ ਜਗ ਨਾਇਕ।

[1] ਮਿੱਟੀ ਦੀ ਮੱਟੀ। (ਅ) ਪਪੜੇ ਦੀ ਨਿੱਕੀ ਮਸ਼ਕ।

[1] ਹੱਥ ਵਿਚ ਕੁਹਾੜੇ ਲੈਕੇ।

[1] ਉਠਿਆ।

[1] ਛਾਵੇਂ ਲੂ (ਤੱਤੀ ਤੇ ਖੁਸ਼ਕ ਹਵਾ) ਲਗਦੀ ਰਹੀ ਹੈ।

ਉੱਤਮ ਵਸਤੁ ਸਕਲ ਤਿਨ ਲਾਇਕ।
ਸਮੁਤਿਵੰਤ ਜੇ ਨਰ, ਲਖਿ ਲੇਤਿ।
ਉੱਤਮ ਵਸਤੁ ਗੁਰਨ ਹਿਤ ਦੇਤਿ ॥੨੨॥
ਅਪਨੇ ਉਚਿਤ ਜਾਨਿ ਹਰਖਾਵੈਂ[1]।
ਜਗ ਸਾਗਰ ਦੇ ਹਾਥ ਤਰਾਵੈਂ।'
ਸੁਨਿ ਸਾਧੂ ਨਿਜ ਨੰਦਨ ਬੈਨ।
ਕਰਤਿ ਧ੍ਯਾਨ ਗੁਰ ਮੁੰਦਤਿ ਨੈਨ ॥੨੩॥
ਪੁਨ ਉਠਿ ਲਗੇ ਕਾਟਿਬੇ ਲਕਰੀ।
'ਪ੍ਰਥਮ ਨ ਪੀਵੈਂ' ਟੇਕ[1] ਸੁ ਪਕਰੀ।
ਘਰੀ ਬਿਤਾਇ ਤ੍ਰਿਖਾਤੁਰ ਹੋਏ।
ਪੁਨ ਹਟਿ ਤਹਿਂ ਆਏ ਮਿਲਿ ਦੋਏ ॥੨੪॥
ਜਬਿ ਸਾਧੂ ਨੇ ਹਾਥ ਲਗਾਯਹੁ।
ਜਲ ਕੂਨ੍ਹਾ ਅਤਿਸ਼ੈ ਸਿਤਲਾਯਹੁ[1]।
ਚਹਤਿ ਹੁਤੋ ਪ੍ਰਿਯ ਪੁੱਤ੍ਰ ਪਿਆਵਨ[1]।
ਤਪਤ ਤ੍ਰਿਖਾਤੁਰ ਹੇਤੁ ਹਟਾਵਨ[1] ॥੨੫॥
ਲਖਿ ਜਲ ਸੀਤਲ ਰਿਦੈ ਬਿਚਾਰਾ।
-ਸੁਮਤਿਵੰਤ ਸੁਤ ਸਾਚ ਉਚਾਰਾ।
ਗੁਰੁ ਲਾਇਕ ਇਹੁ ਨਿਸ਼ਚੈ ਅਹਾ।
ਤਉ ਆਨਿ ਕਰਿ ਪੀਵਹਿਂ ਕਹਾਂ? - ॥੨੬॥
ਜਲ ਕੋ ਤਜਿ ਬੈਠ੍ਯੋ ਸੁਤ ਪਾਸ।
ਲਾਗੀ ਬਹੁ ਦੋਨਹੁਂ ਕੋ ਪ੍ਯਾਸ।
ਸ਼ੁਸ਼ਕ ਕੰਠ ਮੁਖ ਓਸ਼ਟ ਭਏ[1]।
ਰਸਨਾ ਚਲਤਿ ਨ ਬਹੁ ਮੁਰਝਏ ॥੨੭॥
ਸਨੇ ਸਨੇ ਤਬਿ ਨੀਠਹਿ ਨੀਠ।
ਬੋਲਹਿਂ ਦਿਸ਼ਠਿ ਚਲਾਵਹਿਂ ਡੀਠਿ[1]।
'ਸਤਿਗੁਰੁ ਡਾਰਿ ਡਰੋਲੀ ਡੇਰਾ।
ਤੀਸ ਕੋਸ ਕੋ ਪੰਥ ਘਨੇਰਾ ॥੨੮॥

[1]ਉੱਤਮ ਵਸਤੂ) ਆਪਣੇ ਲਾਇਕ ਜਾਣ ਕੇ ਖੁਸ਼ ਹੁੰਦੇ ਹਨ। (ਗੁਰੂ ਜੀ)।
[1]ਗੁਰੂ ਜੀ ਦੀ) ਟੇਕ।
[1]ਬੜਾ ਹੀ ਠੰਢਾ ਸੀ।
[1]ਪਿਆਰੇ ਪੁੱਤ ਨੂੰ ਪਿਲੌਣਾ।
[1]ਤ੍ਰਿਖਾਤੁਰ ਹੋਏ (ਪੁੱਤ੍ਰ) ਦੀ ਗਰਮੀ ਹਟਾਉਣ ਲਈ।
[1]ਗਲਾ, ਹੋਠ ਤੇ ਮੂੰਹ ਸੁੱਕ ਗਏ।
[1]ਮਸਾਂ ਮਸਾਂ ਬੋਲਦੇ ਹਨ ਤੇ (ਚਾਰੋਂ) ਪਾਸੇ ਤੱਕਦੇ ਹਨ (ਕਿ ਕਿਤੇ ਸਤਿਗੁਰੂ ਜੀ ਆਉਂਦੇ ਹੋਣ, ਪਰ ਫੇਰ ਵਿਚਾਰਦੇ ਹਨ ਕਿ)।

ਪਰਹਿ ਸਮੇ ਇਸ ਘਾਮ ਬਿਸਾਲਾ[1]।
ਕਿਮ ਅਬਿ ਐਹੈਂ ਗੁਰੂ ਕ੍ਰਿਪਾਲਾ।'
ਤਬਿ ਰੂਪੇ ਪਿਤ ਕੋ ਸਮੁਝਾਯੋ।
'ਇਮ ਸੰਸੈ ਨ ਕਰਨਿ ਬਨਿ ਆਯੋ ॥੨੯॥
ਸਰਬ ਸ਼ਕਤਿ ਮਲਿਕ ਗੁਰੁ ਪੂਰਾ।
ਜਹਿਂ ਸਿਮਰੈ ਸਭਿ ਥਾਨ ਹਜ਼ੂਰਾ।
ਹਮਰੋ ਪ੍ਰੇਮ ਪਰਣ[1] ਨਿਰਬਾਹੈਂ।
ਪਾਨ ਹੇਰਹਿਂ ਲਾਯਕ ਨਿਜ ਚਾਹੈਂ[1]' ॥੩੦॥
ਇਮ ਕਹਿ ਗਏ ਕਾਰ ਕੋ ਕਰਿਬੇ।
ਕਰੀ ਨ ਗਈ, ਹਟੇ ਪੁਨ ਪਰਿਬੇ[1]।
ਭਏ ਤ੍ਰਿਖਾਤੁਰ ਲਕਰੀ ਕਾਟੀ।
ਸੂਕੇ ਓਠ, ਲਾਗਿ ਮੁਖ ਲਾਟੀ[1]† ॥੩੧॥
ਅਤਿ ਸੀਤਲ ਜਲ ਉੱਤਮ ਜਾਨਿ।
ਚਹਿਤਿ ਕਰਾਯੋ ਸ਼੍ਰੀ ਗੁਰ ਪਾਨ[1]।
ਖਿੰਨ ਬਦਨ ਮਨ[1] ਉਮਗ ਬਡੇਰੀ।
ਪਿਤਾ ਪੁੱਤ੍ਰ ਬਜਾਕੁਲ ਤਿਸ ਬੇਰੀ ॥੩੨॥
ਸ਼੍ਰੀ ਹਰਿ ਗੋਬਿੰਦ ਮੰਦਿਰ ਅੰਦਰ।
ਥਿਰੇ ਪ੍ਰਯੰਕ ਪੀਠ[1] ਮ੍ਰਿਦੁ ਸੁੰਦਰ।
ਖਸ ਟਾਟੀ ਕੀਨੇ ਛਿਰਕਾਵ[1]।
ਜਲ ਸੀਂਚਤਿ ਸੀਤਲ ਮਹਿਕਾਵ[1] ॥੩੩॥
ਅਰਕ ਗੁਲਾਬਨ ਕੰਧ ਉਲੀਚੇ[1]।
ਅਰਤ ਸੁਗੰਧਿਤ ਬਸਤ੍ਰਨ ਬੀਚੇ[1]।
ਰਾਮੋ ਖਰੀ ਬਿਜਨ ਕੋ ਕਰੈ[1]।
ਸਾਂਈ ਦਾਸਹਿ ਬਾਤ ਉਚਰੈ ॥੩੪॥
ਕਰੀ ਪ੍ਰੇਮ ਨੇ ਖੈਂਚ ਬਡੇਰੀ।
ਸਭਿ ਕਿਛ ਤਜਾਗ ਦੀਨਿ ਤਿਸ ਬੇਰੀ।

[1]ਇਸ ਵੇਲੇ ਪੈ ਰਹੀ ਹੈ ਡਾਢੀ ਧੁੱਪ।

[1]ਪ੍ਰੇਮ ਦੀ ਪ੍ਰਤੱਗਜਾ?

[1]ਗੁਰੂ ਜੀ ਜੇ ਇਸ ਪਾਣੀ ਨੂੰ) ਆਪਣੇ ਲਾਇਕ ਦਾ ਦੇਖਣ ਤਾਂ ਆਪ) ਪੀਣ।

[1]ਲੰਮੇ) ਪੈ ਗਏ।

[1]ਹੋਠ ਸੁੱਕ ਗਏ ਤੇ ਮੂੰਹ ਦਾ ਥੁੱਕ ਖੁਸ਼ਕ ਹੋ ਗਿਆ। [ਜਿਵੇਂ ਤੁਲਸੀ ਜੀ ਨੇ ਬੀ ਕਿਹਾ ਹੈ:-ਸੂਖਹਿ ਅਧਰ ਲਾਗ ਮੂੰਹ ਲਾਟੀ। ਲਾਟੀ ਪੂਰਬੀ ਬੋਲੀ ਦਾ ਪਦ ਹੈ]।
†ਪਾ:-ਮਾਟੀ।

[1]ਨੂੰ) ਪਿਆਵਣਾ।

[1]ਮੂੰਹ ਕਮਲਾਏ (ਪਰ) ਮਨ ਵਿਚ।

[1]ਪਲੰਘ ਦੀ ਪਿੱਠ ਤੇ ਭਾਵ ਸੇਜਾ ਤੇ।

[1]ਖਸ ਦੀ ਟੱਟੀ (ਲੱਗੀ ਹੋਈ), ਛਿੜਕਾਉ ਕੀਤਾ ਹੋਇਆ।

[1]ਠੰਢਾ ਤੇ ਖੁਸ਼ਬੂਦਾਰ।

[1]ਗੁਲਾਬਾਂ ਦਾ ਅਰਕ ਕੰਧਾਂ ਤੇ ਛਿੜਕਾਇਆ ਹੋਇਆ।

[1]ਬਸਤ੍ਰਾਂ ਵਿਚ।

[1]ਪੱਖਾ ਕਰਦੀ ਸੀ।

ਕਹਤਿ ਸ਼ੀਘ੍ਰ ਹੀ ਜ਼ੀਨ ਪਵਾਯੋ।
ਚਢਿਬੇ ਹੇਤੁ ਤੁਰੰਗ ਮੰਗਾਯੋ ॥੩੫॥
ਭਏ ਇਕਾਕੀ ਤਬਿ ਅਸਵਾਰ।
ਨਹਿਂ ਦਾਸਨਿ ਦੁਖ ਸਕੇ ਸਹਾਰ।
ਤੀਸ ਕੋਸ ਪਹੁੰਚੇ ਛਿਨ ਮਾਂਹੀ।
ਹੋਇ ਤ੍ਰਿਖਾਤੁਰ ਇਤ ਉਤ ਜਾਂਹੀ ॥੩੬॥
ਜਿਮ ਜਲ ਪ੍ਰਾਪਤਿ ਕਹੂੰ ਨ ਹੋਵਾ।
ਜੰਗਲ ਬਿਖੈ ਭ੍ਰਮਤਿ ਥਲ ਜੋਵਾ।
ਪਿਤਾ ਪੂਤ ਬਜਾਕੁਲ ਛਿਤ ਪਰੇ।
ਸ਼ੁਸ਼ਕ ਬਦਨ ਓਸ਼ਠ ਜੁਗ ਜੁਰੇ ॥੩੭॥
ਇਕ ਸਤਿਗੁਰੁ ਕੀ ਆਸਾ ਲਾਗੇ।
ਪਾਨਿ[1] ਪਿਆਵਨ ਪਰ ਅਨੁਰਾਗੇ। [1]ਪਾਣੀ।
ਪੂਰਬ ਅਰਪ ਦੀਨਿ ਜਲ ਸੀਤਲ।
-ਬਿਨ ਗੁਰੁ ਪਿਯੈਂ ਨ ਹਠ ਧਰਿ ਹੀਤਲ[1] ॥੩੮॥ [1]ਮਨ ਵਿਚ।
ਪ੍ਰਾਨ ਅੰਤ ਲੌ ਪ੍ਰੇਮ ਨਿਬਾਹਾ।
ਕਿਮ ਗੁਰੁ ਨਹਿਂ ਆਵਹਿਂ ਤਿਨ ਪਾਹਾ।
ਦੇਖਿ ਦੂਰ ਤੇ ਦੋਇਨ ਦਾਸਾ।
ਊਚੇ ਸਤਿਗੁਰ ਬਾਕ ਪ੍ਰਕਾਸ਼ਾ ॥੩੯॥
'ਕੋ ਤੁਮ ਪਰੇ ਬਤਾਵਹੁ ਹਮੈ?
ਤ੍ਰਿਖਾ ਬਿਖਾਦ ਦੇਤਿ ਇਹੁ ਸਮੈ।
ਜਲ ਜੰਗਲ ਮਹਿਂ ਨਾਂਹਿਨ ਪਾਵੈਂ।
ਖੋਜਤਿ ਫਿਰੈਂ ਹਾਥ ਨਹਿਂ ਆਵੈ' ॥੪੦॥
ਸੁਨ ਗੁਹਾਰ[1] ਕੋ ਆਂਕ ਉਘਾਰੀ। [1]ਅਵਾਜ਼, ਪੁੱਛ ਦੀ ਸੱਦ, ਹਾਕ।
ਉਠਿ ਸਾਧੂ ਬਜਾਕੁਲ ਤਿਖ ਭਾਰੀ।
-ਕੌਨ ਪੁਕਾਰਤਿ ਜੰਗਲ ਮਾਂਹੀ।
ਜੇਠ ਦੁਪਹਿਰੇ ਥਿਰ ਕਜੋਂ ਨਾਂਹੀ? - ॥੪੧॥
ਚਢੇ ਤੁਰੰਗ ਪਰ ਆਵਤਿ ਹੇਰੇ।
ਸ਼੍ਰੀ ਹਰਿ ਗੋਵਿੰਦ ਹੈਂ ਇਸ ਬੈਰੇ।
[1]ਜਿਮ ਬਹੁ ਤਪਤ ਗਯੋ ਸੁਕ ਨੀਰ। [1]ਜਿਵੇਂ ਬਹੁਤੀ ਗਰਮੀ ਨਾਲ (ਕਿਸੇ) ਛੋਟੇ ਤਲਾ ਦਾ ਜਲ

ਸੁੱਕ ਗਿਆ ਹੋਵੇ (ਤੇ ਉਸ ਵਿਚ ਦੀਆਂ) ਮੱਛੀਆਂ (ਤੜਫਦੀਆਂ ਹੋਣ, ਓਵੇਂ ਏਹ) ਦੋਵੇਂ ਸਰੀਰ ਤੜਫ ਰਹੇ ਹਨ।

ਅਲਪ ਤਾਲ ਜੁਗ ਮੀਨ ਸਰੀਰ ॥੪੨॥
ਤਰਫਤਿ[੧], ਇਕ ਪਰਮੇਸ਼ੁਰ ਆਸ।
ਹੁਇ ਜਲਧਰ[1] ਗੁਰ ਪਹੁੰਚੇ ਪਾਸ।
ਜਥਾ ਕਮਲ ਜੁਗ, ਘਾਮ ਤਪਾਏ।
ਜਲ ਬਿਹੀਨ ਹੁਇ ਕਰਿ ਮੁਰਝਾਏ ॥੪੩॥
ਨਦੀ ਰੂਪ ਗੁਰੁ ਪਹੁੰਚੇ ਆਇ।
ਬਿਨ ਜਲ ਪਾਨ, ਉਠੇ ਹਰਖਾਇ।
ਸੁਤ ਰੂਪੇ ਸੰਗ ਸਾਧੂ ਕਹ੍ਯੋ।
'ਉਠਹੁ, ਗੁਰੂ ਮੈਂ ਆਵਤਿ ਲਹ੍ਯੋ ॥੪੪॥
ਭਏ ਤ੍ਰਿਖਾਤੁਰ ਜਾਚਤਿ ਨੀਰ।
ਕਰਹੁ ਪਿਆਵਨਿ ਧਰਿ ਕਰਿ ਧੀਰ।'
ਮ੍ਰਿਤਕ ਸਮਾਨ ਹੁਤੋ ਮੁਰਝਾਯੋ।
ਉਠ੍ਯੋ ਸੁਨਤਿ ਜਨੁ ਅਮੀ ਪਿਲਾਯੋ ॥੪੫॥
ਦੋਨਹੁਂ ਖਰੇ ਦੂਰ ਕਰ ਜੋਰੇ।
ਗੁਰ ਹਯ ਪ੍ਰੇਰਿ ਗਏ ਤਿਨ ਓਰੇ।
ਬਾਰ ਬਾਰ ਬਚ ਬਦਨ ਬਖਾਨੇ।
'ਹਮ ਕੋ ਲਾਗੀ ਤ੍ਰਿਖਾ ਮਹਾਨੇ ॥੪੬॥
ਖੋਜ ਰਹੇ ਜਲ ਕਤਹੂੰ ਨ ਪਾਯੋ।
ਜੇਠ ਦੁਪਹਿਰੇ ਬਹੁ ਤਪਤਾਯੋ।'
ਗਏ ਸਮੀਪ ਦੌਨ ਪਗ ਪਰੇ।
'ਪ੍ਰਭੁ ਜੀ! ਜਲ ਸੁ ਤਯਾਰ ਹਮ ਕਰੇ ॥੪੭॥
ਕੂੰਨ੍ਹਾ ਜੰਡ ਬ੍ਰਿੱਛ ਲਟਕਾਯੋ।
ਲਗ ਲੋਵਾਂ[1] ਅਤਿ ਹੀ ਸਿਤਲਾਯੋ।
ਉਚਿਤ ਆਪ ਕੇ ਪਾਨੀ ਜਾਨਾ।
ਭਏ ਤ੍ਰਿਖਾਤੁਰ ਕਰ੍ਯੋ ਨ ਪਾਨਾ' ॥੪੮॥
ਗਹਿ ਰਕਾਬ ਸਤਿਗੁਰੂ ਉਤਾਰੇ।

[1]ਬੱਦਲ।

[1]ਲੋਆਂ ਲੱਗ ਕੇ।

ਤਨ ਕੋ ਬਸਨ ਪ੍ਰਿਥੀ ਪਰ ਡਾਰੇ।
ਹਾਥ ਜੋਰਿ ਊਪਰ ਬੈਠਾਏ।
ਪਾਤਨਿ ਕੌ ਡੋਨਾ[1] ਕਰਿ ਲਜਾਏ ॥੪੯॥ [1]ਪੱਤਿਆਂ ਦਾ ਡੂੰਨਾ।
ਤਬਿ ਰੂਪੇ ਜਲ ਤਰੇ ਉਤਾਰਾ।
ਭਰਿ ਡੋਨਾ ਸਾਧੂ ਕਰ ਧਾਰਾ।
ਸ਼੍ਰੀ ਹਰਿਗੋਵਿੰਦ ਕੋ ਪਕਰਾਯੋ।
ਕਰਜੋ ਪਾਨ[1], ਪੁਨ ਬਾਕ ਅਲਾਯੋ ॥੫੦॥ [1]ਪੀ ਕਰਕੇ।
'ਜਲ ਐਸੋ ਕਬਿ ਪੀਯੋ ਨ ਆਗੇ।
ਕਿਨਹੂੰ ਨ ਦੀਨਸਿ ਕਰਿ ਅਨੁਰਾਗੇ।
ਅਧਿਕ ਤ੍ਰਿਖਾ ਕਰਿ ਪਾਨ[ਪ] ਮਿਟਾਈ।
ਅਬਿ ਤੁਮ ਪਿਯਹੁ ਜਿਯਹੁ ਸੁਖਦਾਈ ॥੫੧॥
ਹਿਮ ਅਰੁ ਸ਼ੋਰੇ ਮਹਿਂ ਧਰਿ ਰਾਖਾ।
ਅਤਿ ਸੀਤਲ ਕਰਿਬੇ ਅਭਿਲਾਖਾ[1]।

[1]ਅਤਿ ਠੰਢਾ ਕਰਨੇ ਦੀ ਇੱਛਾ ਨਾਲ ਮਾਨੋਂ ਸ਼ੋਰੇ ਵਿਚ ਕਿ ਬਰਫ ਵਿਚ ਰੱਖਕੇ (ਠਾਰਿਆ ਹੈ)। (ਅ) ਡਾਢਾ ਠੰਢਾ ਕਰਨੇ ਦੀ ਇੱਛਾ ਨਾਲ ਬਰਫ ਵਿਚ ਸ਼ੋਰਾ ਰਲਾਕੇ ਵਿਚ ਪਾਣੀ ਰੱਖਕੇ (ਠੰਢਾ ਕੀਤਾ ਹੋਇਆ ਪਾਣੀ ਤਾਂ ਅੱਗੇ ਅਸਾਂ ਪੀਤਾ ਹੈ, ਪਰ...) **ਨੋਟ—**ਉਸ ਸਮੇਂ ਪੋਹ ਵਿਚ ਰਾਤ ਨੂੰ ਸਫਾਲੀਆ ਵਿਚ ਪਾਣੀ ਜਮਾਕੇ ਖਾਤਿਆਂ ਵਿਚ ਕੱਠਾ ਕਰਕੇ ਦੱਬ ਛੱਡਦੇ ਸਨ ਤੇ ਉਨ੍ਹਾਲ ਵਿਚ ਪਾਣੀ ਠਾਰਨ ਤੇ ਕੁਲਫੀਆਂ ਜਮਾਉਣ ਲਈ ਵਰਤਦੇ ਸਨ।

ਇਸ ਜਲ ਸਮ ਹਮ ਕਬਹੂੰ ਨ ਪਿਯੋ।'
ਬਰੰਬਾਰ ਸਰਾਹਨਿ ਕਿਯੋ ॥੫੨॥
ਪਿਤਾ ਪੁੱਤ੍ਰ ਗੁਰ ਆਇਸੁ ਪਾਈ।
ਕਰਜੋ ਪਾਨਿ ਜਲ ਤ੍ਰਿਖਾ ਮਿਟਾਈ।
ਹਰਖਤਿ ਪੌਨ ਕਰਨਿ ਪੁਨ ਲਾਗੇ।
ਪੂਰਬ ਜਨਮ ਪੁੰਨ ਜਿਨ ਜਾਗੇ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸਾਧੂ ਰੂਪੇ' ਪ੍ਰਸੰਗ ਬਰਨਨੰ ਨਾਮ ਉਨੀਸਮੋ ਅੰਸੂ ॥੧੯॥

੨੦. [ਭਾਈ ਸਾਧੂ ਰੂਪਾ]

੧੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੧

ਦੋਹਰਾ:
ਸਾਧੂ ਧਰਿ ਆਨੰਦ ਉਰ, 'ਮਹਾਰਾਜ! ਕਿਸ ਥਾਨ?
ਬਿਚਰਤਿ ਹੁਤੇ ਸਮੀਪ ਕਿਤ, ਕੀਨਿ ਪਾਨ ਜਲ ਆਨਿ ॥੧॥
ਚੌਪਈ:
ਉਚਿਤ ਆਪ ਕੇ ਹਮ ਨੇ ਜਾਨਾ।
ਤੁਮ ਹਿਤ ਧਰਜੋ, ਕਿਯੋ ਨਹਿਂ ਪਾਨਾ।
ਕ੍ਰਿਪਾ ਧਾਰਿ ਕਰਿ ਪੁਰਵੀ ਆਸ।
ਦਾਸ ਜਾਨ ਕਰਿ ਪਹੁੰਚੇ ਪਾਸ' ॥੨॥
ਸੁਨਿ ਸਤਿਗੁਰੂ ਬ੍ਰਿਤਾਂਤ ਬਖਾਨਾ।
'ਤੀਸ ਕੋਸ ਹਮ ਕੀਨਿ ਪਯਾਨਾ।
ਧਾਏ ਪੀਵਨ ਨੀਰ ਤੁਮਾਰਾ।
ਜੇਠ ਦੁਪਹਿਰੀ ਅਬਿ ਕਛੁ ਢਾਰਾ ॥੩॥
ਕਾਰ ਤਿਖਾਨਨਿ ਕੀ ਅਬਿ ਤਜਾਗਹੁ।
ਕਰਹੁ ਦੇਗ਼ ਗੁਰੁ ਕੀ ਅਨੁਰਾਗਹੁ।
ਹਮ ਪ੍ਰਸੰਨ ਬਰ ਜਾਚਨ ਕੀਜੈ।
ਅਭਿਲਾਖਤਿ ਸੁਖ ਪਾਇ ਸੁ ਲੀਜੈ' ॥੪॥
ਪਿਤਾ ਪੁੱਤ੍ਰ ਕਰ ਜੋਰਿ ਉਚਾਰੇ।
'ਆਨਿ ਆਪਨੇ ਦਾਸ ਉਧਾਰੇ।
ਦਿਹੁ ਨਿਜ ਸਿੱਖੀ ਕੋ ਅਬਿ ਦਾਨ।
ਜਿਸ ਤੇ ਜਨਮ ਮਰਨ ਦੁਖ ਹਾਨਿ ॥੫॥
ਤੁਮਰੇ ਚਰਨਨ ਕੋ ਹੁਇ ਪ੍ਰੇਮ।
ਬਿਸਰਹਿ ਨਹਿਂ ਕਬਿ ਦਾਤਾ ਛੇਮ[1]।
ਜੋ ਤੁਮ ਟਹਿਲ ਦੇਹੁ ਹਮ ਤਾਂਈ।
ਕਰਹਿਂ ਦੇਗ ਨਿਤ, ਬਨਹੁ ਸਹਾਈ ॥੬॥
ਅਪਰ ਨ ਬਾਂਛਾ ਹਮਰੇ ਕੋਈ।
ਕਰਹਿਂ ਅਚਾਵਨ ਦਿਹੁ ਤੁਮ ਜੋਈ।
ਪੁਰਿ ਮੈਂ ਗੁਰ ਸਿਖ ਅਹੈਂ ਨ, ਮੂੜੇ[1]।

[1]ਮੁਕਤੀ ਦਾਤਾ।

[1]ਮੂਰਖ (ਪੁਰਖ ਰਹਿੰਦੇ ਹਨ)।

ਮਤਸਰ ਅਗਨਿ ਜਰਹਿਂ ਨਿਤ ਕੂੜੇ
॥੭॥
ਤਿਨ ਮਹੁਂ ਬਾਸ ਅਹੈ ਦੁਖਿਆਰਾ।
ਇਕ ਅਲੰਬ ਤੁਮ ਅਹੋ ਹਮਾਰਾ।
ਜਿਮ ਰਾਖਹੁ ਤਿਮ ਰਹੈਂ, ਗੁਸਾਈਂ!
ਬਿਨਾ ਸੇਵ ਅਪਰ ਨ ਚਤੁਰਾਈ' ॥੮॥
ਸੁਨਿ ਸਤਿਗੁਰੁ ਦੇ ਧੀਰਜ ਕਹੈਂ।
'ਨਰ ਦੋਖੀ ਤੁਮਰੇ ਨਹਿਂ ਰਹੈਂ।
ਉਜਰ ਜਾਇਗੋ ਗ੍ਰਾਮ ਮਹਾਨਾ।
ਰਚਹੁ ਗ੍ਰਾਮ ਅਪਨੋ ਸ਼ੁਭ ਥਾਨਾ ॥੯॥
ਵਧਹਿ ਬੰਸ ਤੇਰੋ ਤਹਿਂ ਰਹੈ।
ਬਹੁਤ ਬਡਾਈ ਬਿਦਤਿ ਸੁ ਲਹੈ।'
ਸੁਨਿ ਗੁਰ ਤੇ ਸਾਧੂ ਪੁਰਿ ਗਯੋ।
ਗੁਰ ਬ੍ਰਿਤੰਤ ਸਭਿ ਭਾਖਤਿ ਭਯੋ ॥੧੦॥
ਸੁਨਤਿ ਭਾਰਜਾ ਉਰ ਹਰਿਖਾਈ।
ਹਿਤ ਦਰਸ਼ਨ ਪਤਿ ਕੇ ਸੰਗ ਆਈ।
ਦੇਖਤਿ ਹੀ ਪਾਇਨ ਪਰ ਪਰੀ।
'ਧਨ ਗੁਰੂ! ਹਮਰੀ ਕੁਲ ਤਰੀ ॥੧੧॥
ਹਮ ਸਮ ਦੀਨਨ ਕੀ ਕੋ ਸੁਨੈ।
ਅਸ ਕਾਰਜ ਰਾਵਰ ਕੋ ਬਨੈ।'
ਰੂਪ ਚੰਦ ਕੋ ਹੇਰਨਿ ਕੀਨ।
ਬਸਤ੍ਰ ਸ਼ਸਤ੍ਰ ਅਪਨੇ ਗੁਰ ਦੀਨਿ ॥੧੨॥
ਗੁਰੂ ਡਰੋਲੀ ਤੇ ਜਬਿ ਧਾਏ।
ਬਿਧੀ ਚੰਦ ਸੁਨਿ ਜ਼ੀਨ ਪਵਾਏ।
ਪ੍ਰਬਲ ਤੁਰੰਗਮ ਤਬਿਹੂੰ ਪ੍ਰੇਰਾ।
ਕਿਤ ਧਵਾਇ ਕਿਤ ਪੋਈਆ ਛੇਰਾ[1] [1]ਪੋਈਏ ਪਾਇਆ।
॥੧੩॥
ਪੁਨ ਪੈਂਦੇ ਖਾਂ ਆਦਿਕ ਸੁਨੇ।
ਚਢੇ ਤੁਰਤ ਸ਼ਸਤ੍ਰਨ ਸੋਂ ਸਨੇ।
'ਸੋਝੀ ਨਹੀਂ ਗੁਰੂ ਕਿਤ ਗਏ।'
ਸੁਨਿ ਸੁਨਿ ਸੁਭਟ ਅਰੂਢਤਿ ਭਏ
॥੧੪॥

ਨਹਿਂ ਕੋ ਕਿਸ ਹੂੰ ਸੰਗ ਮਿਲਾਵੈ।
ਖੋਜ ਦੇਖਿ ਕਰਿ ਹਯਨ ਧਵਾਵੈਂ।
ਆਗੇ ਪਾਛੇ ਲੇਹਾ ਦੇਹੁ।
ਆਵਤਿ ਚਮੂੰ ਚਢੀ ਗੁਰ ਨੇਹੁ[1] ॥੧੫॥
ਕੁਛਕੁ ਰਹੇ ਦਿਨ ਬਿਧੀਆ ਆਯੋ।
ਦਰਸ ਦੇਖਿ ਕਰਿ ਸੀਸ ਨਿਵਾਯੋ।
ਨਿਜ ਸਿੱਖਨਿ ਸੰਗ ਬਾਕ ਬਖਾਨਤਿ।
-ਇਨ ਹਿਤ ਧਾਏ- ਰਿਦੈ ਪਛਾਨਤਿ ॥੧੬॥
'ਮਹਾਂਰਾਜ ! ਏਕਲ ਹੀ ਆਏ।
ਤੁਰਤ ਚਢ੍ਯੋ ਮੈਂ, ਨਹਿਂ ਦਰਸਾਏ।'
ਸਤਿਗੁਰ ਕਹ੍ਯੋ 'ਨ ਮੈਂ ਇਮ ਆਵਤਿ[1]।
ਸਿੱਖਨਿ ਪ੍ਰਾਨ ਅੰਤ ਹੁਇ ਜਾਵਤਿ ॥੧੭॥
ਇਨਹੁਂ ਉਬਾਰਨ ਕੇ ਹਿਤ ਧਾਏ।
ਜੇਠ ਦੁਪਹਿਰੀ ਮਹਿਂ ਉਤਲਾਏ।'
ਦਯਾ ਸਿੰਧੁ ਤਹਿਂ ਤੇ ਚਢਿ ਚਾਲੇ।
ਸਾਧੂ ਸੁਤ ਬਨਿਤਾ ਜੁਤਿ ਨਾਲੇ ॥੧੮॥
ਗੁਰ ਕੇ ਸ਼ਸਤ੍ਰ ਬਸਤ੍ਰ ਜੋ ਲੀਏ।
ਸੋ ਸੁਧਾਰਿ ਸਿਰ ਧਾਰਨ ਕੀਏ।
ਚਲਤਿ ਸੰਗ ਮਹਿਂ ਪ੍ਰਭੁ ਨਿਹਾਰੇ।
ਕ੍ਰਿਪਾ ਸਹਤ ਬਿਕਸੰਤਿ ਉਚਾਰੇ ॥੧੯॥
'ਰੂਪ ਚੰਦ ! ਤੈਂ ਬਸਤ੍ਰ ਨ ਪਾਏ।
ਦਿਯੇ ਸ਼ਸਤ੍ਰ ਜੋ ਅੰਗ ਨ ਲਾਏ।
ਸਿਰ ਪਰ ਧਰਿ ਉਠਾਇ ਕਰਿ ਚਾਲਾ।
ਕਯੋਂ ਨ ਪਹਿਰ, ਭਾ ਬੀਰ ਬਿਸਾਲਾ?' ॥੨੦॥
ਰੂਪ ਚੰਦ ਕਰਿ ਜੋਰਿ ਉਚਾਰਾ।
'ਮੈਂ ਦਾਸਨ ਕੋ ਦਾਸ ਬਿਚਾਰਾ।
ਤੁੱਛ ਜੀਵ ਮਤਿਮੰਦ ਮਲੀਨਾ।
ਭਗਤਿ ਗਜ਼ਾਨ ਗੁਨ ਗਨ ਤੇ ਹੀਨਾ ॥੨੧॥

[1]ਗੁਰੂ ਜੀ ਦੇ ਪਿਆਰ ਵਿਚ।

[1]ਜੇ ਮੈਂ ਇਸ ਤਰ੍ਹਾਂ ਨ ਆਂਵਦਾ।

ਸਭਿ ਜਗ ਕਰਤਾ ਹਰਤਾ ਸ੍ਵਾਮੀ।
ਚਹਹੁ ਸੁ ਕਰਿਹੋ ਅੰਤਰਜਾਮੀ।
ਸ਼ਸਤ੍ਰ ਬਸਤ੍ਰ ਜੋ ਤੁਮ ਤਨ ਕੇਰੇ।
ਸੁਖਦ ਸੁ ਪੂਜਜਮਾਨ ਹੈਂ ਮੇਰੇ ॥੨੨॥
ਇਤੀ ਬਿਅਦਬੀ ਕਿਮ ਬਨਿ ਆਵੈ।
ਤੁਮ ਸਮ ਜਾਨਿ ਪੂਜਿਬੋ ਭਾਵੈ।'
ਸ਼੍ਰੀ ਹਰਿ ਗੋਵਿੰਦ ਭਗਤਿ ਪਛਾਨੇ।
ਸੁਨਿ ਪ੍ਰਸੰਨ ਹੁਇ ਬਾਕ ਬਖਾਨੇ ॥੨੩॥
'ਧਰਹੁ ਨ ਤੇਗ ਜੁ ਦਈ ਹਮਾਰੀ।
ਤੌਂ ਹੁਇ ਰਸਨਾ ਤੇਗ਼ ਤੁਮਾਰੀ।
ਜਿਸ ਕੇ ਸ੍ਰਾਪਹੁ[†] ਬਿਲਮ ਨ ਹੋਇ।
ਪ੍ਰਾਨ ਅੰਤ ਤਤਛਿਨ ਹੀ ਸੋਇ' ॥੨੪॥
ਤਹਿਂ ਤੇ ਚਤਰ ਕੋਸ ਚਲਿ ਆਏ।
ਸੁੰਦਰ ਧਰਨੀ ਤਹਿਂ ਦਰਸਾਏ।
ਡੇਰਾ ਕਰਤਿ ਭਏ ਗੁਨ ਖਾਨੀ।
'ਰਚਹੁ ਗ੍ਰਾਮ ਇਹ ਠਾਂ' ਕਹਿ ਬਾਨੀ ॥੨੫॥
ਜਬਿ ਸੰਧਯਾ ਹੋਈ ਤਹਿਂ ਆਇ।
ਪੈਂਦਖਾਨ ਸੋਂ ਭਟ ਸਮੁਦਾਇ।
ਹਯਨ ਭਜਾਵਤਿ ਪਹੁੰਚੇ ਤਹਾਂ।
ਪਿਖਿ ਸਤਿਗੁਰੂ ਪਾਯੋ ਸੁਖ ਮਹਾਂ ॥੨੬॥
ਕਿਤਿਕ ਚਮੂੰ ਮਗ ਮਹਿਂ ਕਿਯ ਡੇਰਾ।
ਪਸਰਯੋ ਅੰਧਕਾਰ ਜਬਿ ਹੇਰਾ।
ਤਹਿਂ ਬਸਿ ਕਰਿ ਗੁਰ ਨਿਸਾ ਬਿਤਾਈ।
ਜਾਗੇ ਸਕਲ ਪ੍ਰਾਤਿ ਹੁਇ ਆਈ ॥੨੭॥
ਨਿਜ ਕਰ ਸੋਂ ਗੁਰ ਟੱਕ ਲਗਾਇਵ।
ਮੋਹੜਾ ਗਾਡ[1] ਰਿਦੇ ਹਰਖਾਇਵ।
ਸਾਧੂ ਸੰਗ ਕਹਯੋ 'ਹੁਇ ਗ੍ਰਾਮੂ।
ਅਪਨ ਨਾਮ ਪਰ ਧਰਿ ਇਸ ਨਾਮੂ' ॥੨੮॥
ਸੁਨਿ ਸਾਧੂ ਕਰ ਜੋਰਿ ਉਚਾਰਾ।
'ਮੁਝ ਤੇ ਮਮ ਸੁਤ ਸਿੱਖ ਉਦਾਰਾ।

[†]ਸ੍ਰਾਪਹੁ ਕਹਿਣ ਤੋਂ ਭਾਵ 'ਵਰ ਸ੍ਰਾਪ' ਦੋਹਾਂ ਦਾ ਹੈ।

[1]ਭਾਵ ਪਿੰਡ ਦੀ ਨੀਂਹ ਧਰ ਦਿੱਤੀ।

ਨਿਸ਼ਚਾ ਅਧਿਕ ਆਪ ਕੇ ਮਾਂਹੀ।
ਬਸਹੁ ਰਿਦੇ ਕਬਿ ਬਿਸਰਤਿ ਨਾਂਹੀ ॥੨੯॥
ਪੁੱਤ੍ਰ ਨਾਮ ਪਰ ਰਾਖਹੁ ਨਾਮੂ।'
ਸੁਨਿ ਗੁਰ ਭਾਖ੍ਯੋ 'ਰੂਪਾ ਗ੍ਰਾਮੂ।'
ਕਹ੍ਯੋ ਬਹੁਰ 'ਅਬਿ ਸਦਨ ਬਨੀਜੈ।
ਬਿਦਤਹਿ ਦੇਸ਼ਨਿ ਬਿਖੈ ਜਨੀਜੈ ॥੩੦॥
ਹਮ ਭੀ ਪੁਨ ਆਵਹਿਂ ਇਸ ਥਾਨ।
ਕੇਤਿਕ ਦ੍ਯੋਸ ਕਰਹਿਂ ਗੁਜ਼ਰਾਨ।'
ਇਮ ਕਹਿ ਸਤਿਗੁਰ ਭੇ ਅਸਵਾਰ।
ਸਨੇ ਸਨੇ ਚਲਿ ਖਿਲਤਿ ਸ਼ਿਕਾਰ ॥੩੧॥
ਸਾਧੂ ਰੂਪਚੰਦ ਮਿਲਿ ਦੋਊ।
ਗ੍ਰਾਮ ਬਸਾਵਨਿ ਕੀਨਸਿ ਸੋਊ।
ਗੁਰ ਬਰ ਕਰਿ ਨਰ ਗਨ ਤਬਿ ਬਾਸੇ।
ਆਨਿ ਆਪਨੇ ਰਚੇ ਅਵਾਸੇ ॥੩੨॥
ਸੇਵ ਦੇਗ਼ ਕੀ ਕਰਿਬੇ ਲਾਗੇ।
ਗੁਰੂ ਪ੍ਰੇਮ ਮਹਿਂ ਰਹਿਂ ਨਿਤ ਪਾਗੇ।
ਇਸਤ੍ਰੀ ਪੁਰਸ਼ ਟਹਿਲ ਕੋ ਕਰਿਹੀਂ।
ਛੁਧਿਤਿ ਅਸਨ ਦੇ ਭਾਉ ਸੁ ਧਰਿਹੀਂ ॥੩੩॥
ਅਬਿ ਲਗਿ ਤਿਨ ਕੇ ਹੈ ਇਹੁ ਰੀਤਿ।
ਸੇਵਹਿਂ ਦੇਗ਼ ਧਰਹਿਂ ਉਰ ਪ੍ਰੀਤ।
ਬਡੇ ਸਮ੍ਰਿੱਧਵਾਨ[1] ਭੀ ਭਏ।
ਸੇਵਕ ਅੱਗ੍ਰ ਬ੍ਰਿੰਦ ਹੁਇ ਗਏ ॥੩੪॥
ਤਊ ਆਪ ਹੀ ਤ੍ਰਿਯ ਜੁਤਿ ਸਾਰੇ।
ਕਰਹਿਂ ਦੇਗ਼ ਕੀ ਟਹਿਲ ਸੁਧਾਰੇ।
ਗਰਬ ਹੀਨ ਸੰਤਤਿ ਸਭਿ ਹੋਈ।
ਅਸਨ ਅਚਾਵਹਿਂ ਛੁਧਤਿ ਜਿ ਕੋਈ ॥੩੫॥
ਪੈਂਦਖਾਂਨ ਤਬਿ ਜੋਰੇ ਹਾਥ।
'ਹੇ ਪ੍ਰਭੁ ! ਕੋਇ ਨ ਲੀਨੋ ਸਾਥ।

[1]ਸਮੱਗ੍ਰੀ ਵਾਲੇ, ਭਾਵ ਪ੍ਰਤਾਪੀ।

ਸੁਨਿ ਸੁਨਿ ਸੁਧਿ ਪਾਛੈ ਸਭਿ ਆਏ।
ਕੇਤਿਕ ਆਜ ਮਿਲੇ ਦਰਸਾਏ ॥੩੬॥
ਬਿਧੀ ਚੰਦ ਸਭਿ ਕਹਜੋ ਪ੍ਰਸੰਗ।
'ਸਿੱਖਨਿ ਵਤਸਲ ਬਿਰਦ ਉਤੰਗ।
ਬਿਸ਼ਨੁ ਰੂਪ ਮਹਿਂ ਬਰਤਹਿਂ ਜੈਸੇ।
ਨਹੀਂ ਸੁਭਾਉ ਮਿਟਤਿ ਸੋ ਕੈਸੇ ॥੩੭॥
ਭਗਤਨਿ ਕੀ ਸਹਾਇਤਾ ਹੇਤੁ।
ਤਜਾਗਤਿ ਸਭਿ ਕੋ ਰਮਾ ਸਮੇਤ[1]।
ਜਬਿ ਸਹਾਇ ਨਿਜ ਜਨ ਕੀ ਕਰੈਂ।
ਤਿਹ ਪਸ਼ਚਾਤ ਸਭਿਨਿ ਸੁਧਿ ਧਰੈਂ ॥੩੮॥
ਸਹਿਜ ਸੁਭਾਇ ਇਨਹੁ ਕੋ ਐਸੋ।
ਜਨ ਕੋ ਰੱਛੈਂ ਜੈਸੇ ਕੈਸੇ।
ਸੋ ਗਤਿ ਈਹਾਂ ਕੀਨਿ ਗੁਸਾਈਂ।
ਤਪਤ ਜੇਠ ਤੂਰਨ ਕਰਿ ਧਾਈ' ॥੩੯॥
ਸੁਨਿ ਸਭਿਹਿਨਿ ਗੁਰ ਚਰਿਤ ਉਦਾਰਾ।
ਸ਼ਰਧਾ ਭਾਉ ਅਧਿਕ ਉਰ ਧਾਰਾ।
ਕਰਤਿ ਬਤਕ[1] ਇਮ ਖਿਲਤਿ ਅਖੇਰ।
ਸਨੇ ਸਨੇ ਚਲਿ ਪੰਥ ਬਡੇਰ ॥੪੦॥
ਏਕ ਜਾਮਨੀ ਮਗ ਮਹਿਂ ਰਹੇ।
ਬਿਚਰਤਿ ਜੰਗਲ ਮਹਿਂ ਮੁਦ ਲਹੇ।
ਬਹੁਰ ਡਰੋਲੀ ਪਹੁੰਚੇ ਜਾਇ।
ਸਾਂਈਦਾਸ ਮਿਲਜੋ ਹਰਿਖਾਇ ॥੪੧॥
ਬਿਥਰਜੋ ਸਭਿਹਿਨਿ ਬਿਖੈ ਪ੍ਰਸੰਗ।
ਏਕ ਕਹਹਿ ਦੂਸਰ ਕੇ ਸੰਗ।
'ਛਿਨ ਮਹਿਂ ਤੀਸ ਕੋਸ ਗੁਰ ਧਾਏ।
ਮਰਹਿਂ ਤ੍ਰਿਖਾਤੁਰ[1] ਸਿੱਖ ਬਚਾਏ ॥੪੨॥
ਤੀਸ ਕੋਸ ਪਰ ਤਿਨ ਸੁਧਿ ਜਾਨੀ।
ਪਿਯਤਿ ਨ ਗੁਰੂ ਉਚਿਤ ਲਖਿ ਪਾਨੀ।
ਪਰਖਿ ਪ੍ਰੇਮ ਕੋ ਬਹੁ ਉਤਲਾਏ।
ਪਿਯੋ ਜਾਇ ਜਲ, ਬਨੇ ਤਿਸਾਏ[1]†' ॥੪੩॥

[1]ਲੱਛਮੀ ਸਮੇਤ।

[1]ਬਾਤਾਂ ਕਰਦੇ।

[1]ਤ੍ਰੇਹ ਨਾਲ ਮਰ ਰਹੇ।

[1]ਤਿਹਾਏ ਬਣ ਕੇ। †ਗੁਰ ਇਤਿਹਾਸ ਵਿਚ ਪ੍ਰੇਮਾਤੁਰਾਂ ਤੇ ਦੁਖਵੰਤਾਂ ਨੂੰ ਸਤਿਗੁਰਾਂ ਦਾ ਇੰਵ ਬਹੁੜਨਾਂ ਇਕ ਅਚਰਜ ਅੰਗ ਹੈ, ਇਨਸਾਨੀ ਦਿਲ ਪੀੜਾ ਨੂੰ ਇਨਸਾਨੀ ਦਿਲ ਦੀ

ਅਤੁੱਟ ਦ੍ਰਵਣਤਾ ਨਾਲ ਬਹੁੜ ਕੇ ਠੰਢ ਪਾਉਣਾ ਇਨ੍ਹਾਂ ਦਾ ਹੀ ਅਚਰਜ ਬਿਰਦ ਹੈ ਸੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸਾਧੂ ਰੂਪ ਚੰਦ' ਪ੍ਰਸੰਗ ਬਰਨਨੰ ਨਾਮ ਬੀਸਮੋ ਅੰਸੂ ॥੨੦॥

੨੧. [ਮਾਤਾ ਦਮੋਦਰੀ ਗੁਰਪੁਰੀ ਪਯਾਨ]

੨੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੨

ਦੋਹਰਾ:
ਬਸਤਿ ਡਰੋਲੀ ਸਤਿਗੁਰੂ, ਕੇਤਿਕ ਦਿਵਸ ਬਿਤਾਇ।
ਸਿਖ ਸੰਗਤ ਆਵਤਿ ਅਨਿਕ, ਦਰਸਤਿ ਅਨਿਕ ਸਿਧਾਇ ॥੧॥
ਚੌਪਈ:
ਸ਼੍ਰੀ ਗੁਰਦਿੱਤੇ ਨਗਰ ਬਸਾਯੋ।
ਬਨਿਕ[1] ਆਦਿ ਨਰ ਬ੍ਰਿੰਦ ਟਿਕਾਯੋ।
ਸਭਿ ਬਿਧਿ ਕੀ ਸੁਧਿ ਪੁਰਿ ਜਨ ਕੇਰੀ[1]।
ਲੇ ਕਰਿ ਖਾਤਰ ਕੀਨਿ ਘਨੇਰੀ ॥੨॥
ਬਹੁਰ ਪਿਤਾ ਕਹੁ ਦਰਸ਼ਨ ਚਾਹਾ।
ਚਲਿਬੇ ਕਾਰਨ ਕੀਨਿ ਉਮਾਹਾ।
ਅਸੁਵਾਰੀ ਕਰਵਾਇਸਿ ਤਜਾਰੀ।
ਸਜੰਦਨ ਆਇ ਮੋਲ ਕੋ ਭਾਰੀ ॥੩॥
ਨੱਤੀ ਜੁਗ ਪੁੱਤ੍ਰਨ ਕੋ ਲੀਨੇ।
ਆਨੰਦ ਸਹਤ ਅਰੂਢਨ ਕੀਨੇ।
ਧੀਰ ਮੱਲ ਕੁਛ ਭਯੋ ਬਡੇਰਾ।
ਸ਼੍ਰੀ ਹਰਿਰਾਇ ਅੰਕ ਤਿਸ ਬੇਰਾ[1] ॥੪॥
ਬਹਿਲਨਿ ਮਹਿਂ ਦਾਸੀ ਚਢਿਵਾਈ।
ਗਮਨੇ ਦਾਸ ਸਾਥ ਸਮੁਦਾਈ।
ਸ਼੍ਰੀ ਗੁਰਦਿੱਤਾ ਚਢੇ ਤੁਰੰਗ।
ਚੰਚਲ ਫਾਂਦਤਿ ਮਨਹੁਂ ਕੁਰੰਗ ॥੫॥
ਇਸ ਕੁਟੰਬ ਲੇ ਕਰਿ ਨਿਜ ਸਾਥ।
ਗਮਨੇ ਦਰਸ਼ਨਿ ਹਿਤ ਪਿਤ ਨਾਥ।
ਨਗਰ ਬਿਖੈ ਇਕ ਤਜਾਗਜੋ ਦਾਸ।
ਸੁਮਤਿਵੰਤ ਰੱਛਕ ਚਹੁਂ ਪਾਸ ॥੬॥
ਪੁਰਿ ਜਨ ਮਿਲੇ ਧੀਰ ਕੋ ਦੀਨਿ।
ਪੁਨ ਮਗ ਬਿਖੈ ਪਯਾਨੋ ਕੀਨਿ।
ਸ਼੍ਰੀ ਅੰਮ੍ਰਿਤਸਰ ਨਹਿਂ ਗਮਨਏ।
ਸੁਧੇ ਪੰਥ ਆਵਤੇ ਭਏ ॥੭॥

[1]ਵਪਾਰੀ ਲੋਕ (ਵਸਾਏ ਕੀਰਤ ਪੁਰ)।
[1]ਨਗਰ ਵਿਚ ਆ ਵਸੇ ਲੋਕਾਂ ਦੀ।
[1]ਗੋਦ ਵਿਚ ਸਨ ਉਸ ਸਮੇਂ।

ਦਿਨ ਕੇਤਿਕ ਮਗ ਬਿਖੈ ਬਿਤਾਏ।
ਬਹੁਰ ਡਰੋਲੀ ਕਹੁ ਚਲਿ ਆਏ।
ਪਿਤ ਕੇ ਪਾਇਨ ਬੰਦਨ ਕੀਨਿ।
ਬੂਝੀ ਕੁਸ਼ਲ ਬਤਾਇ ਸੁ ਦੀਨਿ ॥੮॥
ਬੁੱਢਣ ਸ਼ਾਹਿ ਮਿਲਣ ਜਿਮ ਜੋਵਾ।
ਨਗਰ ਬਸਾਵਨ ਕੋ ਜਿਮ ਹੋਵਾ।
ਸਭਿ ਸਤਿਗੁਰ ਕੇ ਨਿਕਟਿ ਬਖਾਨੀ।
'ਸੈਲ ਸਮੀਪੀ ਸ਼ੁਭ ਇਸਥਾਨੀ ॥੯॥
ਚਰਨ ਆਪ ਚਲਿ ਪਾਵਹੁ ਜਬੈ।
ਸ਼ੋਭਹਿ ਪਾਵਨ ਹ੍ਵੈ ਕਰਿ ਤਬੈ।'
ਸੁਨਤਿ ਪੁੱਤ੍ਰ ਤੇ 'ਸਾਧ[1]' ਬਖਾਨਾ। [1]ਸ਼ਾਬਾਸ਼।
ਕਰਜੋ ਕਰਮ ਸਗਰੋ ਸਨਮਾਨਾ[1] ॥੧੦॥ [1]ਸਾਰੇ ਕੀਤੇ ਕੰਮ ਦਾ ਸਤਿਕਾਰ ਕੀਤਾ।
ਸ਼੍ਰੀ ਹਰਰਾਇ ਅੰਕ ਮੈਂ ਲਏ।
ਨੱਤੀ ਚਰਨ ਬੰਦਨਾ ਕਿਏ।
ਜੁਗ ਪੁੱਤ੍ਰਨ ਪਾਇਨ ਪਰ ਪਾਏ।
ਪਿਖਿ ਪੌਤ੍ਰਨ ਸਤਿਗੁਰ ਹਰਖਾਏ ॥੧੧॥
ਬੈਠਾਰੇ ਨਿਜ ਅੰਕ ਮਝਾਰੇ।
ਮ੍ਰਿਦੁ ਬਾਨੀ ਕੇ ਸਹਤ ਦੁਲਾਰੇ।
ਗੁਰੁਤਾ ਉਚਿਤ ਲਖੇ ਹਰਿਰਾਇ।
ਕ੍ਰਿਪਾ ਦ੍ਰਿਸ਼ਟਿ ਤਿਨ ਪਰ ਅਧਿਕਾਇ
॥੧੨॥
ਸ਼੍ਰੀ ਗੁਰਦਿੱਤਾ ਅੰਤਰ ਗਯੋ।
-ਤੀਨ ਮਾਤ ਕੋ ਬੰਦਤਿ ਭਯੋ।
ਪਿਖਿ ਦਮੋਦਰੀ ਸੁਤ ਹਰਖਾਈ।
ਸੁਧਾ ਸਮਾਨ ਆਸ਼ਿਖਾ ਗਾਈ ॥੧੩॥
ਬਹੁਰ ਨਾਨਕੀ ਅਰੁ ਮਰਵਾਹੀ।
ਦਈ ਅਸੀਸ 'ਰਹਹੁ ਮੁਦ ਮਾਂਹੀ।'
ਮਿਲਿ ਕਰਿ ਵਹਿਰ ਨਿਕਸਿ ਤਬਿ ਆਏ।
ਮਿਲੇ ਸਕਲ ਹੀ ਬੰਦਨ ਗਾਏ[1] ॥੧੪॥ [1]ਨਮਸਕਾਰ ਕਹੀ।
ਸਾਂਈਦਾਸ ਆਇ ਬਿਧੀ ਆਦਿ।
ਮਿਲੇ ਕੁਸ਼ਲ ਬੂਝਤਿ ਅਹਿਲਾਦਿ।
ਗੁਰ ਸੁਤ ਸਕਲ ਬਾਤ ਕੇ ਲਾਇਕ।

ਮਿੱਤ੍ਰਨ ਹਰਖਤਿ†, ਸ਼ਤ੍ਰਨਿ ਘਾਇਕ ॥੧੫॥ †ਪਾ:-ਹਰਖਦ।

ਪੁਨ ਨੱਤੀ ਘਰ ਅੰਤਰ ਬਰੀ।
ਸਭਿ ਸਾਸਨ ਕੋ ਬੰਦਨ ਕਰੀ।
ਪੌਤ੍ਰੇ ਪਿਕਤਿ ਪਰਮ ਹੁਲਸਾਈ।
ਗਹਿ ਬਾਹੁਨਿ ਲੇ ਅੰਕ ਬਿਠਾਈ ॥੧੬॥
ਕਰੀ ਨਮੋ ਰਾਮੋ ਪਗ ਫੇਰ।
'ਜੁਗ ਪੁੱਤ੍ਰਨ ਹੁਇ ਬੈਸ ਬਡੇਰ।'
ਸਭਿ ਸਾਸਨ ਸ਼ੁਭ ਨੁਖਾ ਨਿਹਾਰੀ।
ਸਨਮਾਨੀ ਬਹੁ ਨਿਕਟਿ ਬਿਠਾਰੀ ॥੧੭॥
ਸਭਿਨਿ ਬਿਖੈ ਆਨੰਦ ਬਡ ਹੋਵਾ।
ਗੁਰ ਪਰਿਵਾਰ ਏਕ ਥਲ ਜੋਵਾ।
ਕੇਤਿਕ ਦਿਨ ਪੁਨ ਬਸਤਿ ਬਿਤਾਏ।
ਮੇਲਾ ਦਿਵਸ ਬਿਸੋਵਾ ਆਏ ॥੧੮॥
ਚਹੁੰਦਿਸ਼ਿ ਕੀ ਸੰਗਤਿ ਸਮੁਦਾਈ।
ਲਏ ਅਕੋਰਨ ਕੋ ਉਮਡਾਈ।
ਨਰ ਨਾਰੀ ਗੁਰ ਕੀਰਤਿ ਕਰਿਤੇ।
ਆਨਿ ਆਨਿ ਕਰਿ ਦਰਸ ਨਿਹਰਿਤੇ ॥੧੯॥
ਬਡ ਮਸਨੰਦ[1] ਬਿਛਾਵਨ ਕਰੈਂ। [1]ਗੱਦੀ [ਅ਼. ਮਸਨਦ]
ਸ਼ਸਤ੍ਰ ਸਜਾਇ ਗੁਰੂ ਤਬਿ ਥਿਰੈਂ।
ਬਿਸਦ ਮਰਾਲਨਿ ਕੇਰ ਮਨਿੰਦ।
ਢੁਰਤਿ ਚਮਰ ਦੁਤਿ ਹੋਤਿ ਬਿਲੰਦ ॥੨੦॥
ਖਰੋ ਮੇਵਰੋ ਹੋਇ ਅਗਾਰੀ।
ਸੰਗਤਿ ਕੀ ਅਰਦਾਸ ਉਚਾਰੀ।
ਬ੍ਰਿੰਦ ਮਸੰਦ ਬਿਲੰਦ ਧਨੀ ਹੈਂ।
ਆਨਹਿਂ ਗੁਰ ਕੀ ਕਾਰ ਘਨੀ ਹੈਂ ॥੨੧॥
ਜਥਾ ਜੋਗ ਸਭਿ ਕੋ ਹਰਖਾਵਹਿਂ।
ਦੇਸ਼ਨਿ ਕੀ ਦਸਤਾਰ ਬੰਧਾਵਹਿਂ।
ਕਿਤ ਤੇ ਲੱਛ[1], ਜੁਗਮ ਲਛ ਲਜਾਵਹਿਂ। [1]ਲੱਖ।

ਗੁਰ ਕੀ ਕਾਰ ਚਲੀ ਨਿਤ ਆਵਹਿ ॥੨੨॥
ਆਦਿ ਸੰਗਲਾਦੀਪ ਨਿਕਾਯਾ[1]।
ਚਹੁੰਦਿਸ਼ਿ ਤੇ ਪਹੁੰਚਤਿ ਬਹੁ ਮਾਯਾ।
ਛਠੇ ਮਾਸ ਕੋ ਆਇ ਮਸੰਦ।
ਕੋ ਸੰਮਤ[1] ਮਹਿਂ ਲੇ ਧਨ ਬ੍ਰਿੰਦ ॥੨੩॥
ਸਭਿ ਦੇਸ਼ਨਿ ਪਰ ਬੰਧ ਅਜਾਰੇ[1]।
ਨਿਤ ਹੀ ਆਨਤਿ ਧਨ ਗੁਰ ਕਾਰੇ।
ਕੋ ਸਿਖ ਲੇ ਪਹੁੰਚਤਿ ਹੈਂ ਆਪ।
ਆਇ ਜਿ ਦਰਸਤਿ ਹੁਇ ਨਿਸ਼ਪਾਪ ॥੨੪॥
ਬੇਸ਼ੁਮਾਰ ਹੁਇ ਲੇਨਿ ਰੁ ਦੇਨਿ।
ਅਰਪਹਿਂ ਵਸਤੂ ਜੇਨ ਰੁ ਕੇਨ[1]।
ਜੋ ਮਸੰਦ ਜਿਸ ਦੇਸ਼ ਮਝਾਰਾ।
ਸੋ ਲੇ ਸੰਗਤਿ ਸੰਗ ਉਦਾਰਾ ॥੨੫॥
ਆਨਿ ਕਰਹਿ ਦਰਸ਼ਨ ਗੁਰ ਕੇਰਾ।
ਧਰਹਿ ਉਪਾਇਨ ਦਰਬ ਘਨੇਰਾ।
ਸੰਗਤਿ ਕੇ ਦਰਸ਼ਨ ਹਿਤ ਦੈਬੇ।
ਜਬਿ ਬੈਠਹਿਂ ਸਤਿਗੁਰ ਦੁਤਿ ਲੈਬੇ ॥੨੬॥
ਅਨਿਕ ਪਦਾਰਥ ਕੇ ਅੰਬਾਰ[1]।
ਹੋਤਿ ਜਾਤਿ ਨਹਿਂ ਪਰਹਿ ਸ਼ੁਮਾਰ।
ਧਰਿ ਧਰਿ ਸ਼ਰਧਾ ਸੰਗਤਿ ਆਵਹਿ।
ਮਨੋ ਕਾਮਨਾ ਪਾਇ ਸਿਧਾਵਹਿ ॥੨੭॥
ਸਾਵਣ ਮਾਸ ਪ੍ਰਬਿਰਤਯੋ ਸਾਰੇ।
ਗੁਰ ਪਰਿਵਾਰ ਮਿਲਯੋ ਮੁਦ ਧਾਰੇ।
ਸਰਬ ਇਕੱਤ੍ਰ ਮਿਲੇ ਤਿਸ ਥਾਨਾ।
ਪਿਖਤਿ ਪਰਸਪਰ ਮਿਲਿ ਸੁਖ ਮਾਨਾ ॥੨੮॥

[1]ਸਾਰੇ (ਥਾਵਾਂ) ਤੋਂ।

[1]ਸਾਲ।

[1]ਭਾਵ ਇਹ ਹੈ ਕਿ ਦੇਸ਼ ਦੇਸ਼ ਦੀ ਸਿੱਖੀ ਦੇ ਵੱਖ ਵੱਖ ਮਸੰਦ ਥਾਪੇ ਹੋਏ ਸਨ, ਤੇ ਉਨ੍ਹਾਂ ਦੇ ਨਿਜ ਗੁਜ਼ਰਾਨ ਲਈ ਸਾਲਾਨਾਂ ਖਰਚ ਬੰਨ੍ਹੇ ਹੋਏ (ਮੁਕਰਰ ਕੀਤੇ ਹੋਏ) ਸਨ। ਕਾਰ ਦਾ ਧਨ ਓਹ ਗੁਰੂ ਅਰਪਨ ਕਰਦੇ ਸਨ। [ਅਜਾਰਾ = ਠੇਕਾ]

[1]ਭਾਵ ਹਰ ਕੋਈ।

[1]ਢੇਰ।

ਤਬਿ ਦਮੋਦਰੀ ਬੈਸ ਬਿਤਾਈ।
ਪ੍ਰਾਨ ਅੰਤ ਅਪਨੋ ਲਖਿ ਪਾਈ।
ਪਤਿ ਸਤਿਗੁਰ ਕੋ ਦਰਸ਼ਨ ਕਰਜੋ।
ਹਾਥ ਜੋਰਿ ਬਚ ਬਿਨੈ ਉਚਰਜੋ ॥੨੯॥
'ਤੁਮ ਪ੍ਰਭੁ ਹੋ ਸਭਿ ਹੀ ਬਿਧਿ ਲਾਇਕ।
ਬਡੇ ਪੁੰਨ ਫਲ ਭਾ ਮਮ ਨਾਇਕ[1]। [1]ਮੇਰੇ ਸੁਆਮੀ ਹੋਏ ਹੈ।
ਮੈਂ[1] ਅਨਜਾਨ ਪਨੇ ਕੁਛ ਕਹਜੋ। [1]ਮੈਂ (ਜੋ ਕਦੇ)।
ਨਹੀਂ ਮਹਾਤਮ ਨੀਕੇ ਲਹਜੋ ॥੩੦॥
ਕ੍ਰਿਪਾ ਧਾਰਿ ਸੋ ਬਖਸ਼ਨ ਕੀਜੈ।
ਅੰਤ ਸਮਾਂ ਮੋਰੇ ਲਖਿ ਲੀਜੈ।
ਨਿਜ ਚਰਨਨ ਕੀ ਦਾਸੀ ਜਾਨੋ।
ਬੀਚ ਪ੍ਰਲੋਕ ਮਿਲਾਵਨਿ ਠਾਨੋ ॥੩੧॥
ਮੈਂ ਅਜਾਨ ਪੁਨ ਤ੍ਰਿਯ ਮਤਿ ਅਹੈ।
ਰਾਵਰਿ ਭੇਵ ਦੇਵ ਨਹਿਂ ਲਹੈਂ[1]।' [1]ਆਪਦਾ ਭੇਦ (ਯਾ ਅੰਤ) ਦੇਵਤੇ ਵੀ ਨਹੀਂ ਪਾ ਸਕਦੇ।
ਬਿਨੈ ਸੁਨੀ ਗੁਰ ਧੀਰਜ ਦੀਨਿ।
'ਸਦਾ ਸੰਗ ਤੂੰ ਹਮਰੇ ਚੀਨ ॥੩੨॥
ਗੁਰ ਘਰ ਕੀ ਮਹਿਮਾ ਬਡਿ ਭਾਰੀ।
ਸ਼ਰਧਾ ਧਰੀ ਸੁ ਨਰ ਕੈ ਨਾਰੀ।
ਪਰਮ ਗਤੀ ਸੋ ਪਹੁੰਚਹਿ ਜਾਇ।
ਤੂੰ ਮਮ ਦਾਰਾ ਸਹਜ ਸੁਭਾਇ ॥੩੩॥
ਸਦ ਸੰਗੀ ਕਿਮ ਬਿਛੁਰਹਿਂ ਨਾਂਹੀ।
ਤਨੁ ਤਜਾਗਨ ਸਭਿ ਹੀ ਜਗ ਮਾਂਹੀ।
ਥਿਰ ਕੋ ਰਹੈ ਨ ਥੂਲ ਸਰੀਰ।
ਨਿਜ ਬਾਰੀ ਸਭਿ ਪਾਇਂ ਬਹੀਰ[1]' ॥੩੪॥ [1]ਭਾਵ; ਸਭ ਚਲਾਣਾਂ ਕਰਦੇ ਹਨ।
ਸੁਨਿ ਪਤਿ ਤੇ ਉਰ ਬਹੁ ਹਰਖਾਈ।
ਬਹੁਰ ਕੁਟੰਬ ਮਿਲੀ ਸਮੁਦਾਈ।
ਕਰਿ ਸ਼ਨਾਨ ਕੋ ਪੌਢੀ ਤਹਾਂ।
ਕੁਸ਼ ਕੋ ਆਸਤਰਨ[1] ਰਚਿ ਜਹਾਂ ॥੩੫॥ [1]ਵਿਛਾਵਣਾ।
ਕੰਤ ਧਜਾਨ ਮਹਿਂ ਹੁਇ ਲੈ ਲੀਨ।
ਤਨ ਕੋ ਤਜਾਗਨਿ ਤਤਛਿਨ ਕੀਨਿ।
ਗੰਗ ਸਾਸ ਕੇ ਪਾਸ ਪਧਾਰੀ।

ਚਢਿ ਬਿਬਾਨ ਦੀਪਤ ਦੁਤਿ ਭਾਰੀ
॥੩੬॥
ਸਭਿ ਪਰਿਵਾਰ ਨਿਹਾਰਤਿ ਰਹਜੋ।
ਪ੍ਰਾਨ ਅੰਤ ਹੋਯਸ ਜਬਿ ਲਹਜੋ।
ਸੋਲਾਂ ਸੈ ਅਠਾਸੀਏ ਮਾਂਹੀ[1]। [1]੧੬੮੮ ਬਿ:।
ਭਾ ਪਰਲੋਕ ਗੁਰੂ ਤ੍ਰਿਯ ਤਾਂਹੀ ॥੩੭॥
ਰੁਦਨ ਕੀਨਿ ਮਿਲਿ ਕੈ ਸਭਿ ਨਾਰੀ।
ਰਾਮੋ ਸੁਸਾ ਸਨੇਹ ਦੁਖਾਰੀ[1]। [1]ਭੈਣ ਦੇ ਪਿਆਰ ਕਰਕੇ ਦੁਖੀ ਹੋਈ।
'ਹੁਤੀ ਸੁਮਤਿ ਬਡਭਾਗਨ ਯਾਹੀ[1]। [1]ਭਾਵ ਦਮੋਦਰੀ।
ਸਭਿ ਪਰਿਵਾਰ ਉਧਾਰਜੋ ਜਾਂਹੀ[1] [1]ਜਿਸ ਨੇ।
॥੩੮॥
ਮਾਤਾ, ਪਿਤਾ, ਮੋਹਿ, ਬਹੁ ਆਨ[1]। [1]ਮਾਤਾ, ਪਿਤਾ, ਮੈਨੂੰ ਤੇ ਬਹੁਤੇ ਹੋਰ (ਸਬੰਧੀਆਂ) ਨੂੰ।
ਗੁਰ ਪਤਿ ਤੇ ਕੀਨਸਿ ਕੱਲਜਾਨ[1]। [1]ਮੁਕਤੀ ਦਿਵਾਈ।
ਜਿਸ ਨੇ ਸ਼੍ਰੀ ਗੁਰਦਿੱਤਾ ਜਯੋ।
ਜਗਤੇਸ਼ੁਰ ਪ੍ਰਿਯ ਭਰਤਾ ਭਯੋ ॥੩੯॥
ਇਸ ਕੀ ਪਦਵੀ ਕਹਾਂ ਬਿਚਾਰੀ।
ਤਰੇ ਸਬੰਧੀ ਸਭਿ ਨਰ ਨਾਰੀ।'
ਇੱਤਜਾਦਿਕ ਗੁਨ ਅਨਿਕ ਉਚਾਰਤਿ।
ਰੋਦਤਿ ਸੁਸਾ ਪ੍ਰੀਤ ਪ੍ਰਤਿਪਾਰਤਿ ॥੪੦॥
ਰੁਦਤਿ ਨਾਨਕੀ ਤਥਾ ਮ੍ਰਵਾਹੀ।
ਨੁਖਾ[1] ਬ੍ਰਿਲਾਪਤਿ ਬਹੁ ਦੁਖ ਮਾਂਹੀ। [1]ਨੂੰਹ।
ਰੋਦਨ ਨਾਦ[1] ਉਠਜੋ ਅਧਿਕਾਈ। [1]ਸ਼ਬਦ।
ਸ਼੍ਰੀ ਹਰਿ ਗੋਬਿੰਦ ਸਕਲ ਹਟਾਈ ॥੪੧॥
'ਇਹੁ ਜਗ ਰੀਤਿ ਸਭਿਨਿ ਸਿਰ ਹੋਈ।
ਮਤ ਰੁਦਨਹੁ ਅਚਰਜ ਨਹਿਂ ਕੋਈ।'
ਮ੍ਰਿੱਤੁ ਰੀਤਿ ਗੁਰਦਿੱਤਾ ਨੰਦ।
ਕਰੀ ਸਕਲ ਜਿਮ ਭਨੀ ਬਿਲੰਦ ॥੪੨॥
ਸਾਈਂਦਾਸ ਪਰਜੋ ਮੁਰਛਾਇ।
ਉਠਿ ਕੈ 'ਹਾਯ ਹਾਯ' ਬਿਲਲਾਇ।
'ਹੇ ਬਡਿਭਾਗਨਿ! ਤੁਵ ਉਪਕਾਰਾ।
ਭਯੋ ਸਬੰਧੀ ਗੁਰੂ ਹਮਾਰਾ ॥੪੩॥
ਇੰਦ੍ਰਾਦਿਕ ਸੁਰ ਸਰਬ ਉਮਾਹਤਿ।

ਕ੍ਰਿਪਾ ਦ੍ਰਿਸ਼ਟਿ ਜਿਸ ਕੀ ਨਿਤ ਚਾਹਤਿ।
ਨਿਸ ਬਾਸੁਰ ਮਿਲਿ ਕੈ ਤਿਹ ਸੰਗ।
ਹਮ ਭੀ ਧੰਨ ਭਏ ਸਰਬੰਗ ॥੪੪॥
ਹਮ ਸਭਿ ਕੋ ਤਜਿ ਪ੍ਰਥਮ ਪਧਾਰੀ।
ਹੇ ਪਤਿਬ੍ਰਤੇ ! ਸ਼ੀਘ੍ਰਤਾ ਧਾਰੀ[1]।' [1]ਛੇਤੀ ਕੀਤੀ।
ਗੁਰ ਕਹਿ ਸਭਿ ਕੋ ਰੁਦਨ ਹਟਾਯੋ।
ਬਾਬਕ ਤੇ ਕਿਰਤਨੁ ਕਰਿਵਾਯੋ ॥੪੫॥
ਬਿਧੀਆ ਪੈਂਦੇ ਖਾਨ ਪੁਕਾਰਾ।
'ਅਹੋ ਮਾਤ ! ਕਿਤ ਗੀ ? ਇਸ ਬਾਰਾ।'
ਕਰਿ ਸ਼ਨਾਨ ਆਦਿਕ ਕ੍ਰਿਤ ਸਾਰੀ।
ਰਚਜੋ ਬਿਵਾਨ ਮੋਲ ਕੋ ਭਾਰੀ ॥੪੬॥
ਬਹੁ ਕੀਮਤ ਕੇ ਬਸਤ੍ਰ ਸੁ ਪਾਇ।
ਚਾਰਹੁੰ ਤਤਛਿਨ ਕੰਧ ਉਠਾਇ।
ਲੇ ਪੁਰਿ ਵਹਿਰ ਚਲੇ ਸਮੁਦਾਏ।
ਧੀਰਮੱਲ ਤਬਿ ਚਵਰ ਢੁਰਾਏ ॥੪੭॥
ਬਹੁ ਸੰਖਨ ਕੇ ਸ਼ਬਦ ਬਜਾਵਤਿ।
ਆਗੇ ਚਲਤਿ ਸੁ ਮਾਰੂ ਗਾਵਤਿ।
ਚੰਦਨ ਚਿਤਾ ਬਿਸਾਲ ਬਨਾਈ।
ਧਰਿ ਕਰਿ ਊਪਰਿ ਅਗਨਿ ਲਗਾਈ
॥੪੮॥
ਸ਼੍ਰੀ ਗੁਰਦਿੱਤਾ ਊਚ ਪੁਕਾਰਾ।
ਨੀਰ ਬਿਲੋਚਨ ਮੋਚਿਤਿ ਧਾਰਾ।
ਕਰੀ ਕਪਾਲ ਕ੍ਰਿਯਾ ਤਿਸਿ ਕਾਲਾ।
ਸਭਿ ਉਠਿ ਕੀਨਿ ਸ਼ਨਾਨ ਕਿਲਾਲਾ[1] [1]ਜਲ ਵਿਚ [ਸੰਸ. ਕੀਲਾਲ = ਪਾਣੀ]
॥੪੯॥
ਗਾਇ ਕੀਰਤਨ ਭੋਗ ਪਵਾਯਹੁ।
ਪੰਚਾਂਮ੍ਰਿਤ ਬਹੁਰੋ ਬਰਤਾਯਹੁ।
ਸਨੈ ਸਨੈ ਆਏ ਨਿਜ ਡੇਰੇ।
ਬੈਠ ਬੈਠ, ਨਰ ਉਠੇ ਘਨੇਰੇ ॥੫੦॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਦਮੋਦਰੀ ਮਾਤ ਪ੍ਰਲੋਕ ਗਮਨ ਪ੍ਰਸੰਗ' ਬਰਨਨੰ ਨਾਮ ਇਕੀਸਮੋ ਅੰਸੂ ॥੨੧॥

੨੨. [ਰਾਮੋ, ਸਾਈਂ ਦਾਸ, ਨਰਾਇਣ ਦਾਸ ਤੇ ਦਯਾ ਕੌਰ ਪ੍ਰਲੋਕ ਪਯਾਨ]

੨੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੩

ਦੋਹਰਾ:

ਜਹਿਂ ਜਹਿਂ ਹੁਤੇ ਸਬੰਧ ਗੁਰੁ, ਤਹਿਂ ਤਹਿਂ
ਸੁਧਿ ਪਹੁੰਚਾਇ।
ਆਇ ਨਰਾਇਣ ਦਾਸ ਤਬਿ, ਦਾਰਾ ਜੁਤਿ
ਰੁਦਨਾਇ ॥੧॥

ਚੌਪਈ:

ਰਾਮੋ ਪਤਿ ਕੇ ਸਹਤ ਦੁਖਾਰੀ।
ਕੋ ਦਿਨ ਮਹਿਂ ਪਰਲੋਕ ਪਧਾਰੀ[1]। — [1]ਭਾਵ ਰਾਮੋ ਬੀ ਚਲ ਬਸੀ।
ਸਾਈਂਦਾਸ ਉਦਾਸ ਅਵਾਸਾ[1]। — [1]ਘਰ ਵਿਚ।
ਪ੍ਰਾਨ ਤਜਾਗ ਕਰਿ ਗਯੋ ਤਮਾਸਾ[1] ॥੨॥ — [1]ਤਮਾਸ਼ਾ ਰੂਪ ਸੰਸਾਰ ਤੋਂ। (ਅ) ਝੱਟ ਪੱਟ ਚਲਾ ਗਿਆ।
ਸ਼੍ਰੀ ਹਰਿਗੋਵਿੰਦ ਸ਼ੁਭ ਗਤਿ ਦੀਨਿ।
ਮ੍ਰਿਤਕ ਕ੍ਰਿਯਾ ਗੁਰਦਿੱਤੇ ਕੀਨਿ।
ਏਕ ਸੁਤਾ[1] ਮ੍ਰਿਤੁ ਸੁਨਿ ਕਰਿ ਆਏ[2]। — [1]ਇੱਕ ਪੁੱਤ੍ਰੀ (ਦਮੋਦਰੀ ਜੀ ਦੀ)। [2]ਆਏ ਸਨ (ਸ਼੍ਰੀ ਨਾਰਾਇਣ ਦਾਸ ਗੁਰੂ ਜੀ ਦੇ ਸਹੁਰੇ ਜੀ)।
ਪਿਖ ਦੂਜੀ ਕੋ ਬਹੁ ਰੁਦਨਾਏ ॥੩॥
ਤ੍ਰਿਯ ਜੁਤਿ ਬਸਯੋ ਨਰਾਇਨ ਦਾਸ।
ਜਗਤਿ ਬਿਨਾਸੀ ਲਖਯੋ ਉਦਾਸ।
ਦਿਨ ਥੋਰਨ ਮਹਿਂ ਤਜਾਗੇ ਪ੍ਰਾਨਾ।
ਭਯੋ ਤਥਾ[1] ਪਰਮੇਸ਼ੁਰ ਭਾਨਾ ॥੪॥ — [1]ਜਿਵੇਂ ਪੁਤ੍ਰੀਆਂ ਸਾਥ ਭਾਣਾ ਵਰਤਿਆ ਸੀ) ਤਿਵੇਂ।
ਦਯਾਕੌਰ ਜੁਤਿ ਸ਼ੁਭ ਗਤਿ ਪਾਈ।
ਜਿਨ ਕੀ ਕੁਲ ਸਿੱਖੀ ਚਲਿ ਆਈ।
ਸਭਿ ਕੇ ਸਤਿਗੁਰੁ ਪੁਸ਼ਪ[1] ਚੁਨਾਏ। — [1]ਫੁੱਲ।
ਧਰਿ ਡੋਰੇ ਸੁਰ ਸਰ ਪਹੁੰਚਾਏ[†] ॥੫॥

[†]ਪਾਠ ਕਿਤੇ 'ਸੁਰਸੁਰ' ਹੈ ਕਿਤੇ 'ਸੁਰਸਰਿ।' ਜੇ ਪਾਠ ਸੁਰਸਰਿ ਹੋਵੇ ਤਾਂ ਅਰਥ ਗੰਗਾ, ਗੋਦਾਵਰੀ ਤੇ ਕਾਵੇਰੀ ਹੋ ਸਕਦਾ ਹੈ, ਪਰ ਸੁਰਸਰ ਦਾ ਅਰਥ ਹੈ = ਮਾਨਸਰੋਵਰ। ਸਭਨਾਂ ਦੇ ਚਲਾਣੇ ਗੁਰ ਰੀਤੀ ਨਾਲ ਹੋ ਰਹੇ ਹਨ। (ਦੇਖੋ ਅੱਗੇ ਅੰਕ ੧੨-੧੩)। ਫੁਲ ਗੰਗਾ ਯਾ ਮਾਨ ਸਰੋਵਰ ਘੱਲਣੇ ਇਕ ਵਾਧੂ ਗੱਲ ਜਾਪਦੀ ਹੈ, ਜੋ ਕੈਂਥਲ ਰਾਜ ਦੇ ਬ੍ਰਾਹਮਣੀ ਪ੍ਰਭਾਵ ਦਾ ਫਲ ਹੈ। ਮਾਨ ਸਰੋਵਰ ਇਤਨੀ ਦੂਰ ਹੈ ਕਿ ਉਥੇ ਫੁੱਲ ਘੱਲਣੇ ਸੰਭਵ ਹੀ ਨਹੀਂ ਜਾਪਦੇ।

ਸੁਨਿ ਸੁਨਿ ਜਿਤ ਕਿਤ ਤੇ ਚਲਿ ਆਏ।
ਬਹੁ ਕੀ ਮ੍ਰਿਤੁ ਲਖਿ ਉਰ ਬਿਸਮਾਏ।
ਬੈਠਹਿਂ ਸਤਿਗੁਰੁ ਸਭਾ ਲਗਾਇ।
ਹੋਤਿ ਕੀਰਤਨੁ ਸੁਨਿ ਸਮੁਦਾਇ ॥੬॥
ਹਰੀਚੰਦ ਆਯੋ ਯੁਤਿ ਦਾਰਾ।

ਸਹਤ ਭਾਰਜਾ ਆਯੋ ਦ੍ਵਾਰਾ।
ਪਹੁੰਚਜੋ ਸੁੰਦਰ ਪਰਮਾਨੰਦ।
ਦਈ ਦਿਖਾਈ ਦਾਤੂ ਨੰਦ ॥੭॥
ਰਾਮਾ ਤ੍ਰਿਯਾ ਸਹਤ ਚਲਿ ਆਯੋ।
ਧਰਮਾ ਸਭਿ ਕਟੰਬ ਕੋ ਲ੍ਯਾਯੋ।
ਪ੍ਰੇਮਚੰਦ ਲੇ ਦਾਰਾ ਸਾਥ।
ਆਇ ਬਿਲੋਕੇ ਸ਼੍ਰੀ ਗੁਰੁ ਨਾਥ ॥੮॥
ਗੁਰੂ ਸੁਤਾ ਬੀਰੋ ਬਿਲਲਾਇ।
'ਹੇ ਜਨਨੀ ! ਮੈਂ ਪਿਖੀ ਨ ਆਇ।
ਸਕਲ ਮੇਲ[1] ਮਿਲਿ ਕਰੀ ਪੁਕਾਰਾ। [1]ਸਾਰੇ ਮੇਲ ਨੇ।
ਜਨੁ ਕਰੁਨਾ ਸਰਿਤਾ ਕੀ ਧਾਰਾ[1] ॥੯॥ [1]ਕਰੁਨਾਰਸ ਰੂਪੀ ਨਦੀ ਦੀ ਧਾਰਾ (ਵਹਿ ਤੁਰੀ।)
ਸਿਮਰਿ ਸਿਮਰਿ ਗੁਨ ਕੋ ਰੁਦਨੰਤੇ।
ਊਚ ਪੁਕਾਰਤਿ ਬਹੁ ਬਿਲਲੰਤੇ।
ਸਤਿਗੁਰ ਦਈ ਸਭਿਨਿ ਕੋ ਧੀਰ।
'ਗਤਿ ਐਸੀ, ਜੋ ਧਰਤਿ ਸਰੀਰ ॥੧੦॥
ਲਖਹੁ ਸਾਚ ਪਰਮੇਸ਼ੁਰ ਭਾਣਾ।
ਜੋ ਆਯੋ ਤਿਸ ਸਰਪਰ ਜਾਣਾ।
ਅਪਨੋ ਆਪ ਨਹੀਂ ਥਿਰ ਹੋਇ।
ਤੌ ਕਾਹੇ ਕੋ ਪਰ ਹਿਤ ਰੋਇ' ॥੧੧॥
ਸ਼੍ਰੀ ਗ੍ਰਿੰਥ ਸਾਹਿਬ ਪਠਵਾਯੋ।
ਦਿਨ ਤ੍ਰੌਦਸਮੇਂ ਭੋਗ ਪਵਾਯੋ।
ਪੰਚਾਂਮ੍ਰਿਤ ਅਧਿਕੈ ਕਰਿਵਾਯੋ।
ਖੋਇ ਸ਼ੋਕ ਸਭਿ ਮਹਿਂ ਬਰਤਾਯੋ ॥੧੨॥
ਅਧਿਕ ਦਾਨ ਦੀਨਸਿ ਸਭਿ ਕਾਰਨ।
ਪ੍ਰਿਥਕ ਪ੍ਰਿਥਕ ਕਰਿ ਨਾਮ ਉਚਾਰਨ।
ਸ਼੍ਰੀ ਗੁਰਦਿੱਤੇ ਪਾਗ ਬੰਧਾਈ।
ਦਈ ਸਭਿਨਿ, ਹੋਈ ਸਮੁਦਾਈ[1] ॥੧੩॥ [1]ਬਹੁਤ (ਪੱਗਾਂ) ਹੋਈਆਂ।
ਰਹਜੋ ਮੇਲ[1] ਕੇਤਿਕ ਦਿਨ ਪਾਸ। [1]ਇਕੱਠ।
ਕਰੇ ਜੱਗਜ, ਭੋਜਨ ਦੇ ਰਾਸ[1]। [1]ਸਭ ਨੂੰ।
ਬਿੱਪ੍ਰ, ਸਾਧ, ਸਿਖ, ਸੰਗਤਿ ਸਾਰੇ।
ਖਸ਼ਟ ਰਸਨ ਤੇ ਸ੍ਵਾਦ ਅਹਾਰੇ ॥੧੪॥
ਪੂਪ ਪੂਰਿਕਾ, ਬਰੇ, ਪਕੌਰੇ।

ਮਿਰਚ ਧਨਿਯ ਸੋਂ ਦਧਿ ਮਹਿਂ ਬੋਰੇ।
ਗਨ ਪੰਕਤਿ ਬੈਠਾਇ ਅਚਾਵਤਿ।
ਮਨ ਭਾਵਤਿ ਲੇ ਸਭਿ ਹੀ ਖਾਵਤਿ ॥੧੫॥
ਪੁਨ ਸਭਿਹਿਨਿ ਕੋ ਦਰਬ ਦਿਵਾਯੋ।
ਹਰਖਤਿ ਹੁਇ ਮੁਖ ਗੁਰ ਜਸ ਗਾਯੋ।
ਇਮ ਸਭਿ ਸ਼ੋਕ ਨਿਵਾਰਨ ਕੀਨੋ।
ਸਕਲ ਮੇਲ ਕੋ ਧੀਰਜ ਦੀਨੋ ॥੧੬॥
ਨਿਜ ਨਿਜ ਸਦਨ ਚਲੇ ਮਿਲਿ ਸਾਰੇ।
ਗੁਰੂ ਬਿਸਰਜਨ ਕਰੇ, ਸਿਧਾਰੇ[1]।
ਸੁੰਦਰ ਪਰਮਾਨੰਦ ਪਯਾਨੇ।
ਹਰੀਚੰਦ ਦ੍ਵਾਰਾ ਪ੍ਰਸਥਾਨੇ[1] ॥੧੭॥
ਰਾਮਾ ਧਰਮਾ ਲੇ ਪਰਵਾਰੇ।
ਆਪੋ ਅਪਨੇ ਸਦਨ ਸਿਧਾਰੇ।
ਗੁਰੂ ਸੁਤਾ ਕੋ ਧੀਰਜ ਦੀਨਿ।
ਆਦਰ ਸੰਗ ਬਿਸਰਜਨ ਕੀਨਿ ॥੧੮॥
ਸਕਲ ਮੇਲ ਨਿਜ ਨਿਜ ਘਰ ਗਏ।
ਪੁਨ ਦਿਨ ਕਿਤਿਕ ਬਿਤਾਵਤਿ ਭਏ।
ਬੈਠਿ ਇਕਾਂਕੀ ਗੁਰ ਭਗਵਾਨ।
ਸਮੈ ਭਵਿੱਖਜ ਵਿਚਾਰਨ ਠਾਨਿ ॥੧੯॥
-ਕਰਿਬੇ ਚਹੀਅਹਿਂ ਜੰਗ ਅਖਾਰੇ।
ਚਿਰ ਬੀਤਯੋ ਰਿਪੁ ਤੁਰਕਨ ਮਾਰੇ।
ਘਨੀ ਸੈਨ ਨਹਿਂ ਸ਼ਾਹੁ ਪਠਾਵੈ।
ਖਾਂ ਵਜ਼ੀਰ ਸਿਖ ਕਹਿ ਸਮੁਝਾਵੈ ॥੨੦॥
ਅਬਿ ਕੇ ਅਸ ਕਰਿਹੌਂ ਘਮਸਾਨਾ।
ਥਰਹਰ ਕੰਪ ਉਠਹਿ ਤੁਰਕਾਨਾ।
ਸਭਿ ਕੁਟੰਬ ਤੇ ਬਨਹਿਂ ਨਿਰਾਲੇ।
ਤਬਿ ਕਰਿ ਹੈਂ ਨਿਜ ਸ਼ਸਤ੍ਰ ਉਠਾਲੇ- ॥੨੧॥
ਇਮ ਬਿਚਾਰ ਬਡ ਪੁੱਤ੍ਰ ਹਕਾਰਾ।
ਸਾਦਰ ਨਿਜ ਸਮੀਪ ਬੈਠਾਰਾ।
ਸਗਲ ਗਾਥ ਨੀਕੇ ਸਮੁਝਾਈ।

[1]ਗੁਰੂ ਜੀ ਦੇ ਵਿਦਾ ਕੀਤੇ ਹੋਏ ਟੁਰ ਗਏ।

[1]ਚਲੇ ਗਏ।

'ਇਹਾਂ ਰਹਿਨ ਅਬਿ ਨਹਿਂ ਮਨ ਭਾਈ ॥੨੨॥
ਲੇ ਕਰਿ ਸੰਗ ਸਰਬ ਪਰਿਵਾਰਾ।
ਬਸਹੁ ਛੇਮ ਸੋਂ ਪੁਰਿ ਕਰਤਾਰਾ।
ਸਭਿ ਕੀ ਸੁਧ ਲੇਵਤਿ ਤਹਿਂ ਰਹੀਯਹੁ।
ਚਹਤਿ ਸੁ ਦੇਹੁ ਭਲੋ ਨਿਰਬਹੀਯਹੁ ॥੨੩॥
ਹਮਰੇ ਸੰਗ ਚਮੂੰ ਅਬਿ ਭਾਰੀ।
ਬਿਚਰਹਿਂਗੇ ਇਸ ਦੇਸ਼ ਮਝਾਰੀ।
ਤ੍ਰਿਣ ਅਰੁ ਅੰਨ ਅਹੈ ਸਮੁਦਾਇ।
ਸੁਭਟ ਸੁ ਬਾਹਨ[1] ਸੁਖ ਕੋ ਪਾਇਂ' ॥੨੪॥
ਸ੍ਰੀ ਗੁਰਦਿੱਤਾ ਜੋਰੇ ਹਾਥ।
ਬੋਲਜੋ ਅਨੁਸਾਰੀ ਪਿਤ ਨਾਥ।
'ਜਿਮ ਰਾਵਰ ਕੀ ਮਰਜ਼ੀ ਹੋਇ।
ਹਮ ਸਭਿ ਕੋ ਨੀਕੀ ਸਦ ਸੋਇ ॥੨੫॥
ਤਊ ਬੇਨਤੀ ਕਹੌਂ ਸੁਨਾਈ।
ਜਬਿ ਤੁਰਕਨ ਸੋਂ ਪਰਹਿ ਲਰਾਈ।
ਤੀਨ ਦਿਵਸ ਸੁਧ ਕਰਹੁ ਅਗਾਰੀ।
ਚਲਿ ਆਵੋਂ ਮੈਂ ਨਿਕਟਿ ਤੁਮਾਰੀ ॥੨੬॥
ਅਬਿ ਲੌ ਮੋਹਿ ਨ ਜੰਗ ਦਿਖਾਵਾ।
ਕਰਿਬੇ ਕਹੁ ਮਮ ਮਨ ਲਲਚਾਵਾ।'
ਸੁਨੇ ਬੀਰ ਰਸ ਕੇ ਸੁਤ ਬੈਨ।
ਕਮਲ ਮਨਿੰਦ ਪ੍ਰਫੁੱਲਜਤਿ ਨੈਨ ॥੨੭॥
ਹੁਇ ਪ੍ਰਸੰਨ ਮੁਖ ਬਾਕ ਉਚਾਰਾ।
'ਏਕ ਜੁੱਧ ਤੂੰ ਪਿਖਹਿਂ ਹਮਾਰਾ।
ਅਬਿ ਕੁਟੰਬ ਕੀ ਪਾਲਨ ਕਰੀਅਹਿ।
ਸਭਿ ਲੇ ਪੁਰਿ ਕਰਤਾਰ ਸਿਧਰੀਅਹਿ' ॥੨੮॥
ਮਾਨਜੋ ਜਨਕ[1] ਹੁਕਮ ਕਰ ਜੋਰਿ।
ਮਨ ਕੀਨਸਿ ਨਿਜ ਪੁਰਿ ਕੀ ਓਰ।
ਗਮਨ ਹੇਤੁ ਤਜਾਰੀ ਕਰਿਵਾਏ।

[1]ਸੂਰਮੇ ਤੇ ਵਾਹਨ।

[1]ਪਿਤਾ ਜੀ ਦਾ।

ਸਜੰਦਨ ਸੰਗ ਤੁਰੰਗ ਜੁਰਾਏ ॥੨੯॥
ਡੋਰੇ ਕਰਿ ਕੈ ਸਭਿ ਬਿਧਿ ਤਜਾਰ।
ਲੇ ਕਰਿ ਪਹੁੰਚੇ ਨਿਕਟਿ ਕਹਾਰ।
ਕੇਤਿਕ ਬਹਿਲ ਬ੍ਰਿਖਭ ਬਲਵਾਨਾ।
ਸਕਟਨ[1] ਲਾਦੀ ਵਸਤੁ ਨਾਨਾ ॥੩੦॥
ਸ਼੍ਰੀ ਹਰਿਰਾਇ ਅੰਕ ਲੇ ਨਾਲੀ[2]।
ਨੱਤੀ ਡੋਰੇ ਪਰ ਚਢਿ ਚਾਲੀ।
ਖੇਮ ਕੁਇਰ ਸੂਰਜਮਲ ਦਾਰਾ।
ਸੋ ਡੋਰੇ ਚਲਿ ਪੰਥ ਮਝਾਰਾ ॥੩੧॥
ਚਢੀ ਨਾਨਕੀ ਸਜੰਦਨ ਮਾਂਹੀ।
ਦੁਸਰ ਪਰ ਅਰੂਢ ਮਰਵਾਹੀ।
ਸਾਹਿਬ ਤੇਗਬਹਾਦਰ ਚਲੇ।
ਚਢਿ ਕਰਿ ਚਪਲ ਤੁਰੰਗਮ ਭਲੇ ॥੩੨॥
ਅਣੀਰਾਇ ਸੂਰਜਮਲ ਦੋਊ।
ਚਢੇ ਹਯਨ ਪਰ ਗਮਨੇ ਸੋਊ।
ਸੁੰਦਰ ਖਾਸਾ ਗੁਰ ਮੰਗਵਾਯੋ।
ਤਿਸ ਪਰ ਸ਼੍ਰੀ ਗ੍ਰਿੰਥ ਰਖਵਾਯੋ[†] ॥੩੩॥

[1]ਗੱਡਿਆਂ ਉੱਤੇ।

[2]ਗੋਦੀ ਵਿਚ ਨਾਲ ਲੈਕੇ।

[†]ਆਦਿ ਬੀੜ ਦਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ ਵਿਚ ਪੰਚਮ ਸਤਿਗੁਰਾਂ ਨੇ ਕੀਤਾ। ਜਦ ਛੇਵੇਂ ਸਤਿਗੁਰਾਂ ਰਾਜ ਨੈਤਕ ਦਸ਼ਾ ਐਸੀ ਦੇਖੀ ਕਿ ਅੰਮ੍ਰਿਤਸਰ ਰਹਿਣਾ ਜੋਗ ਨ ਜਾਣਿਆਂ ਤਾਂ ਇਹ ਬੀੜ ਡਰੋਲੀ ਨਾਲ ਲੈ ਆਏ ਜੋ ਕਿਸੇ ਜੰਗ ਮਚੇ ਤੇ ਤੁਰਕ ਦਰਬਾਰ ਸਾਹਿਬ ਤੇ ਹੱਲਾ ਕਰ ਦੇਣ ਤਾਂ ਬੀੜ ਨਾ ਗੁੰਮ ਹੋ ਜਾਏ। ਹੁਣ ਜੰਗ ਨੇੜੇ ਦਿੱਸ ਰਿਹਾ ਹੈ ਤਾਂ ਬੀੜ ਸਪੁੱਤ੍ਰ ਦੇ ਸੀਸ ਦੇ ਕੇ ਕਰਤਾਰ ਪੁਰ ਟੋਰੀ ਹੈ। ਕਿਤਨਾ ਯਤਨ ਇਸ ਅਮੋਲਕ ਖਜ਼ਾਨੇ ਦੀ ਰੱਖਿਆ ਦਾ ਕਰ ਰਹੇ ਹਨ, ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਤੁੱਲਤਾ ਦੇ ਕੇ ਕੇਡਾ ਸਨਮਾਨ ਕਰ ਰਹੇ ਹਨ। ਇਹ ਬੀੜ ਤਦ ਤੋਂ ਕਰਤਾਰਪੁਰ ਹੀ ਰਹੀ ਤੇ ਹੁਣ ਤਕ ਉੱਥੇ ਬਿਰਾਜਮਾਨ ਹੈ। ਪਿੱਛੋਂ ਹਰਿਮੰਦਰ ਵਿਚ ਪ੍ਰਕਾਸ਼ ਕਿਸ ਬੀੜ ਦਾ ਹੋਇਆ? ਇਹ ਖੋਜਵਾਲੀ ਗੱਲ ਹੈ। ਜੋ ਬੀੜ ਖਾਲਸੇ ਦੇ ਦੁਬਾਰਾ ਮੰਦਰ ਸਾਜਣ ਦੇ ਬਾਹਦ ਪ੍ਰਕਾਸ਼ ਹੋ ਸੋ ਹੁਣ ਤਕ ਪ੍ਰਕਾਸ਼ਤਿ ਹੁੰਦੀ ਹੈ, ਇਹ ਬੀੜ ਬੀ ਜੋ ਹੁਣ ਪ੍ਰਕਾਸ਼ਦੀ ਹੈ ਜ਼ਰੂਰ ਕੋਈ ਪੁਰਾਤਣ ਤੇ ਇਤਿਹਾਸਿਕ ਹੈ। ਇਕ ਬੀੜ ਸੋਨੇ ਦੀ ਜਿਲਦ ਵਾਲੀ ਹੈ ਜਿਸ ਦਾ ਪ੍ਰਕਾਸ਼ ਗੁਰਪੁਰਦਾਂ ਪਰ ਸ੍ਰੀ ਹਰਿਮੰਦਰ ਸਾਹਿਬ ਹੁੰਦਾ ਹੈ; ਉਹ ਦਮਦਮੇ ਦੀ ਬੀੜ ਤੋਂ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਉਤਾਰਾ ਕਰਾਕੇ ਭੇਜੀ ਹੋਈ ਮੰਨੀ ਜਾਂਦੀ ਹੈ।

ਚਲਨ ਸਮੇਂ ਬਡ ਸੁਤ ਕੇ ਸਾਥ।
ਬਾਕ ਬਖਾਨਜੋ ਜਗ ਗੁਰ ਨਾਥ।
'ਚੰਦਨ ਚਰਚਹੁ ਧੂਪ ਧੁਖਾਵਹੁ।
ਫੂਲਨ ਮਾਲਾ ਗ੍ਰੰਥਿ ਚਢਾਵਹੁ ॥੩੪॥
ਘ੍ਰਿਤ ਦੀਪਕ ਕੋ ਨਿਸਾ ਜਰਾਵਹੁ।
ਨਿਤ ਪ੍ਰਣਾਮ ਕਰਿ ਸੀਸ ਨਿਵਾਵਹੁ।
ਸ਼੍ਰੀ ਨਾਨਕ ਕੇ ਜਾਨਿ ਸਮਾਨਾ।

ਪੂਜਹੁ ਗੁਰੂ ਗ੍ਰਿੰਥ ਕਹੁ ਨਾਨਾ[1] ॥੩੫॥
ਪੰਚਾਂਮ੍ਰਿਤ ਨਿਤ ਕਹਿ ਕਰਿਵਾਵਹੁ।
ਪਠਹੁ[1] ਬੈਠਿ ਕਰਿ ਮੁਦ ਉਪਜਾਵਹੁ।
ਹਮ ਭੀ ਕੇਤਿਕ ਦਿਨ ਮਹਿਂ ਆਵਹਿਂ।
ਰਹੋ ਪ੍ਰਤੀਖਤਿ ਮਿਲਿ ਸੁਖ ਪਾਵਹਿਂ’ ॥੩੬॥
ਅਸ ਕਹਿ ਧੀਰ ਦੀਨਿ ਪਰਿਵਾਰੇ।
ਕਰੇ ਬਿਸਰਜਨ ਪੰਥ ਮਝਾਰੇ।
ਕਰਜੋ ਸੰਗ ਹੀ ਪੈਂਦੇ ਖਾਂਨ।
‘ਰਹਹੁ ਸੁਚੇਤ ਨ ਆਲਸ ਠਾਨਿ’ ॥੩੭॥
ਬੀਵੀ[1] ਸੰਗ ਹੁਤੀ ਲੇ ਚਾਲਾ।
ਗੁਰ ਆਗਜਾ ਤੇ ਹਰਖ ਬਿਸਾਲਾ।
ਸਭਿਨਿ ਗੁਰੂ ਕੋ ਬੰਦਨ ਧਾਰੀ।
ਅਪਨੀ ਅਪਨੀ ਬਿਨੈ ਉਚਾਰੀ ॥੩੮॥
ਮ੍ਰਿਦੁਲ ਬਾਕ ਤੇ ਦੀਨਿ ਦਿਲਾਸਾ।
ਸ਼੍ਰੀ ਨਾਨਕ ਕੋ ਦੇ ਭਰਵਾਸਾ।
ਉਲੰਘਿ ਪੰਥ ਸਗਰੋ ਪਰਵਾਰ।
ਆਨਿ ਪਹੂੰਚੇ ਪੁਰਿ ਕਰਤਾਰ ॥੩੯॥
ਸ਼੍ਰੀ ਗ੍ਰਿੰਥ ਸਭ ਥਾਨ ਰਖਾਯੋ।
ਪੂਜਨ ਕਰਜੋ ਜਥਾ ਗੁਰੁ ਗਾਯੋ।
ਜਥਾ ਜੋਗ ਘਰ ਮਹਿਂ ਸਭਿ ਬਾਸੇ।
ਗੁਰੂ ਕ੍ਰਿਪਾ ਤੇ ਬਿਬਿਧ ਬਿਲਾਸੇ ॥੪੦॥
ਬਿਗਸਤਿ ਭਾ ਸਗਰੋ ਪਰਿਵਾਰੁ।
ਮੰਗਲ ਕਰਤਿ ਅਨੇਕ ਪ੍ਰਕਾਰੂ।
ਬ੍ਰਿਧਤਿ ਸਰੀਰਨ ਸਾਹਿਬਜ਼ਾਦੇ।
ਮਿਲਿ ਬੈਠਤਿ ਬੋਲਤਿ ਅਹਿਲਾਦੇ[1] ॥੪੧॥

[1]ਨਾਨਾ ਤਰ੍ਹਾਂ ਨਾਲ।
[1]ਪੜ੍ਹੋ।
[1]ਇਸਤ੍ਰੀ ਵੀ।
[1]ਅਨੰਦ ਸਹਤ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮਿ ਰਾਸੇ ‘ਕਰਤਾਰ ਪੁਰ ਪਰਵਾਰ ਪਠਨ’ ਪ੍ਰਸੰਗ ਬਰਨਨੰ ਨਾਮ ਦੋਇਬਿੰਸਤੀ ਅੰਸੂ ॥੨੨॥

੨੩. [ਡਰੋਲੀਓਂ ਭਾਈ ਰੂਪੇ ਪੁੱਜੇ]

੨੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੪

ਦੋਹਰਾ:

ਕਰਜੋ ਬਿਸਰਜਨ ਸਰਬ ਕੋ,
ਹਟਿ ਸ਼੍ਰੀ ਹਰਿਗੋਵਿੰਦ।
ਖਾਨ ਪਾਨ ਕਰਿ ਵਹਿਰ ਹੀ,
ਥਿਰੇ ਵਹਿਰਿ[1] ਢਿਗ ਬ੍ਰਿੰਦ ॥੧॥

[1]ਡਰੋਲੀ ਨਗਰ ਤੋਂ) ਬਾਹਰ ਹੀ (ਜਿੱਥੇ ਮੈਦਾਨ ਵਿਚ ਫੌਜਾਂ ਤੇ ਡੇਰੇ ਸਨ)।

ਚੌਪਈ:

ਸਭਾ ਬਿਖੇ ਥਿਰਤਾ ਗੁਰ ਲਈ।
ਸੋਦਰ ਸੰਧ੍ਯਾ ਜਿਸ ਛਿਨ ਭਈ।
ਕੁਛਕ ਤਿਮਰ ਬਿਥਰਜੋ ਨਭ ਛਾਏ।
ਸ਼੍ਰੀ ਹਰਗੋਵਿੰਦ ਮੰਦਿਰ[1] ਆਏ ॥੨॥

[1]ਭਾਈ ਸਾਈਂ ਦਾਸ ਵਾਲੇ ਮੰਦਰ।

ਸਭਿ ਦਿਸ਼ਿ ਸੂੰਨ[1] ਸਦਨ ਦਿਸਿ ਆਵੈਂ[2]।

[1]ਖਾਲੀ। [2]ਨਜ਼ਰ ਆਉਂਦੇ ਹਨ।

ਨਏ ਚਿਨੇ ਜਨੁ ਅਬਹਿ ਬਸਾਵੈਂ[1]।

[1]ਨਵੇਂ ਬਣੇ ਹਨ ਮਾਨੋਂ ਹੁਣੇ ਵੱਸਣਗੇ।

ਸਾਈਂ ਦਾਸ ਅਵਾਸ ਨ ਕੋਈ।
ਗੁਰ ਆਵਤਿ ਪਿਖਿ ਸਨਮੁਖ ਹੋਈ ॥੩॥
ਬਿਜਨਾ[1] ਪੌਨ ਕਰਨਿ ਤੇ ਆਦਿ।

[1]ਪੱਖੇ ਦੀ।

ਰਾਮੋ ਸੇਵ ਕਰਤਿ ਭੇ ਯਾਦਿ।
ਰਹਤਿ ਨਜੀਕੀ ਸਾਹਿਬਜ਼ਾਦੇ।
ਨਹਿਂ ਚਾਰਹੁੰ ਮਹਿਂ ਕੋ ਅਹਿਲਾਦੇ ॥੪॥
ਤੀਨਹੁੰ ਮਹਿਲਾ ਇਕ ਮ੍ਰਿਤੁ ਹੋਈ।
ਗਮਨੀ ਪੁਰਿ[1] ਦਾਸੀ ਜੁਤਿ ਦੋਈ।

[1]ਭਾਵ ਕਰਤਾਰ ਪੁਰ।

ਪੌਤ੍ਰੇ ਨਿਕਟ ਜੁਗਮ ਕਬਿ ਆਵਤਿ।
ਕਰਤਿ ਦੁਲਾਰ ਮੋਦ ਉਪਜਾਵਤਿ ॥੫॥
ਗਏ ਸਮਸਤ ਸਮੀਪ ਨ ਕੋਈ।
ਸੂੰਨੇ ਸਦਨ ਉਦਾਸੀ ਹੋਈ।
ਬਿਧੀਚੰਦ ਕੋ ਨਿਕਟਿ ਨਿਹਾਰਾ।
ਬਾਕ ਵਿਰਾਗ ਸਮੇਤ ਉਚਾਰਾ ॥੬॥
'ਦੇਖਹੁ ਜਗ ਸਨੇਹੁ ਕੀ ਚਾਲੀ।
ਇਕ ਦਿਨ ਭਰੇ, ਏਕ ਦਿਨ ਖਾਲੀ।
ਕਬਹੂੰ ਹਰੇ, ਸ਼ੁਸ਼ਕ ਕਬਿ ਜਾਵਹਿਂ।

ਕਬਹੁੰ ਜਨਮ, ਕਬਹੁੰ ਬਿਨਸਾਵਹਿਂ ॥ ੭ ॥
ਕਬਿ ਮੇਲਾ, ਕਬਿ ਬਿਰਹਿ ਦੁਹੇਲਾ[1]।
ਕਬਿ ਸੰਕਟ, ਕਬਿ ਹੋਤਿ ਸੁਹੇਲਾ[1]।
ਸਦਾ ਪ੍ਰਣਾਮ ਵੰਤਿ[1] ਜਗ ਅਹੈ।
ਨਹੀਂ ਏਕ ਰਸ ਥਿਰਤਾ ਗਹੈ ॥ ੮ ॥
ਮਿਲਿਬੇ ਤੇ ਹਰਖਹਿ ਨਹਿਂ ਗਜਾਨੀ।
ਬਿਛੁਰੇ ਸ਼ੋਕ ਨ ਦੁਖ ਕੋ ਜਾਨੀ।
ਲਖਹਿ ਕੂਰ ਨਹਿਂ ਕਰਹਿ ਸਨੇਹਾ।
ਬਿਨਸ ਜਾਇ ਜਬਿ, ਕਜੋਂ ਦੁਖ ਲੇਹਾ ॥ ੯ ॥
ਜੋ ਵਸਤੂ ਨਿਤ ਇਕ ਰਸ ਰਹੈ।
ਕਰਿ ਅਨੁਰਾਗ ਤਿਸਹਿ ਉਰ ਲਹੈ।
ਸਦਾ ਸ਼ਾਂਤਿ ਚਿਤ ਸੰਤ ਉਦਾਰਾ।
ਤਿਨ ਕੋ ਬੰਦਨ ਅਹੈ ਹਮਾਰਾ ॥ ੧੦ ॥
ਬਸਿਬੋ ਇਸ ਥਲ ਮੋਹਿ ਨ ਭਾਵੈ।
ਸਾਂਈ ਦਾਸ ਦ੍ਰਿਸ਼ਟਿ ਨਹਿਂ ਆਵੈ।[⚐]

[1]ਵਿਛੋੜੇ ਦਾ ਦੁੱਖ।
[1]ਸੁੱਖ।
[1]ਬਦਲਣ ਵਾਲਾ।

[⚐]ਸਤਿਗੁਰੂ ਜੀ 'ਗੋਵਿੰਦ ਰੂਪ' ਗੋਬਿੰਦ ਨਾਲ ਮਿਲੇ, ਸਦਾ ਉਦਾਸ, ਸਦਾ ਵਿਰਾਗ, ਰਾਗ ਵੈਰਾਗ ਤੋਂ ਉੱਚੇ ਹਨ। ਪਹਿਲਾਂ ਅੰਕ ੧੦ ਤਕ ਉਹਨਾਂ ਦੀ ਈਸ਼੍ਵਰ ਦ੍ਰਿਸ਼ਟੀ, ਬ੍ਰਹਮ ਗਿਆਨ ਦੀ ਅਡੋਲਤਾ, ਬੀਤਰਾਗ ਦਾ ਪੂਰਨ ਆਦਰਸ਼ ਕਵੀ ਜੀ ਨੇ ਦਿਖਾਇਆ ਹੈ, ਪਰ ੧੦ ਅੰਕ ਤੋਂ ਬਾਦ ਦੋ ਸਤਰਾਂ ਵਿਚ ਉਨ੍ਹਾਂ ਦੇ ਇਨਸਾਨੀ ਵਜੂਦ ਦੇ 'ਦਿਲੀ ਅਹਸਾਸ' ਤੇ 'ਡੂੰਘੇ ਭਾਵਾਂ' ਦਾ ਕਮਾਲ ਦਿਖਾਇਆ ਹੈ। ਗੁਰੂ ਹਰਿਗੋਬਿੰਦ ਜੀ ਦੀ ਸ਼ਖਸੀਅਤ ਇਨਸਾਨੀ ਨੁਕਤੇ ਤੋਂ ਬੀ ਕਮਾਲ ਦੀ ਹੈ। ਕਿਤਨੇ ਅਸਹਿ ਦੁਖ ਤੇ ਵਿਛੋੜੇ ਆਪ ਨੇ ਦੇਖੇ ਹਨ, ਬਚਪਨ ਵਿਚ ਸੱਪ, ਜ਼ਹਿਰ, ਸੀਤਲਾ ਦੇ ਕਸ਼ਟ, ਬਚਪਨ ਵਿਚ ਹੀ ਪਿਤਾ ਜੀ ਦੇ ਖੇਦ ਤੇ ਵਿਛੋੜਾ, ਫਿਰ ਗਵਾਲੀਅਰ ਦੀ ਬੰਦ, ਫਿਰ ਜੁੱਧਾਂ ਜੰਗਾਂ ਦੇ ਸਾਹਮਣੇ ਦੋਹਾਂ ਜੁਧਾਂ ਵਿਚ ਚੋਣਵੇਂ ਪਿਆਰਿਆਂ, ਅਨਿੰਨ ਗੁਰ ਪ੍ਰੇਮੀਆਂ ਤੇ ਮੇਹਨਤਾਂ ਨਾਲ ਸਿਖਾਕੇ ਬਲੀ ਕੀਤੇ ਰਣ ਵਿਦਜਾ ਦੇ ਜਾਣਕਾਰ ਸੂਰਮਿਆਂ ਦੇ ਬਿਰਹੇ ਦੇਖੇ ਤੇ ਝੱਲੇ ਹਨ। ਭਾਈ ਬ੍ਰਿੱਧ ਤੇ ਭਾਈ ਗੁਰਦਾਸ ਵਰਗੀਆਂ ਅਨਮੋਲ ਤੇ ਕੀਮਤੀ ਜ਼ਿੰਦਗੀਆਂ ਤੇ ਅਤਿ ਪਿਆਰ ਨੁਛਾਵਰੀਆਂ ਹਸਤੀਆਂ ਦੇ ਬਿਰਹੇ ਦੇਖੇ ਹਨ, ਹੁਣ ਇਕ ਪਿਆਰੀ ਪਤਿਬ੍ਰਤਾ ਇਸਤ੍ਰੀ, ਘੋਲ ਘੋਲ ਘੁਮਾਏ ਜਾਣ ਵਾਲੇ ਸਾਲੀ ਤੇ ਸਾਂਢੂ ਜੀ, ਸਸ, ਸਹੁਰਾ, ਕਿਤਨਾ ਪਿਆਰ ਦਾ ਪਰਿਵਾਰ ਇਕ ਦਮ ਗੁੰਮ ਹੋ ਗਿਆ ਹੈ, ਫਿਰ ਆਪਣਾ ਸਾਰਾ ਜੀਉਂਦਾ ਪਰਵਾਰ ਦੂਰ ਚਲਾ ਗਿਆ ਹੈ। ਫਿਰ ਦੇਖੋ ਕਿ ਇਕ ਪਾਸੇ ਤਾਂ ਇਹ ਦ੍ਰਿਸ਼ਟੀ ਹੈ: 'ਮਿਲਿਬੇ ਤੇ ਹਰਖਹਿ ਨਹਿ ਗਜਾਨੀ॥ ਬਿਛੁਰੇ ਸ਼ੋਕ ਨ ਦੁਖ ਕੋ ਜਾਨੀ।' ਦੂਜੇ ਪਾਸੇ ਪਿਆਰ ਤੇ ਪ੍ਰੇਮ ਦੀ ਦ੍ਰਵਣਤਾ ਦਾ ਉਹ ਕਮਾਲ ਹੈ ਕਿ ਫੁਰਮਾਉਂਦੇ ਹਨ:- 'ਬਸਿਬੋ ਇਸ ਥਲ ਮੋਹਿ ਨ ਭਾਵੈ। ਸਾਈਂ ਦਾਸ ਦ੍ਰਿਸ਼ਟਿ ਨਹਿਂ ਆਵੈ।' ਇਹ ਪਿਆਰ ਦੇ ਡੂੰਘਾਣ, ਇਹ ਅੰਦਰਲੇ ਦੀ ਪੰਘਰ ਇੰਨੀ ਗਹਿਰੀ ਹੈ ਕਿ ਹੁਕਮ ਦੇਂਦੇ ਹਨ:-ਸਵੇਰੇ ਹੀ ਕੂਚ ਕਰੋ। ਹੁਣ ਤੀਸਰਾ ਕਮਾਲ ਆਪਣੇ ਧਾਰਨ ਕੀਤੇ ਫਰਜ਼ ਦੇ ਨਿਰਬਾਹ ਦਾ ਹੈ। ਅਚਰਜ ਵਜਕਤੀ ਕਿਸ ਸੁੰਦਰਤਾ ਨਾਲ ਇਸ ਅਪਣੇ ਕਠਨ ਤੋਂ ਕਠਨ 'ਕਰ' ਨੂੰ ਨਿਬਾਹੁਣ ਵਾਸਤੇ ਖੁਸ਼ਖੁਸ਼ਾਂ ਅਰ ਜ਼ਿੰਮੇਵਾਰੀ ਦੀ ਪੂਰੀ ਲੱਖਤਾ ਨਾਲ ਉੱਠ ਟੁਰੀ ਹੈ। ਇਸ ਪ੍ਰਕਾਰ ਦੇ ਕਾਰਨਾਂ ਕਰਕੇ ਆਪ ਦੀ ਹਸਤੀ ਇਨਸਾਨੀ ਨੁਕਤੇ ਤੋਂ ਬੀ ਇਕ ਅਚਰਜ ਮੁਤਾਲਿਆ ਜੋਗ ਸਿੱਖ ਇਤਿਹਾਸ ਦਾ ਅਧਜਾਯ ਹੈ।

ਇਤਨੀ ਵਿਸ਼ਾਲਤਾ ਅੰਦਰਲੇ ਦੀ ਤੇ ਇਤਨੀ ਮਹਾਨਤਾ ਆਚਰਨ ਤੇ ਕਰਨੀ ਕਰਤੱਵ ਦੀ ਹੈ ਕਿ ਦਿਲ ਸਿਫਤ ਸਲਾਹ ਨਾ ਦੂਵਦਾ ਤੇ ਵਿਸਮਾਦ ਵਿਚ ਜਾਂਦਾ ਹੈ। ਫਿਰ ਦੇਖੋ ਕਿ ਫਕੀਰ ਹੋ ਕੇ, ਨਾ ਦੇਸ਼, ਨਾ ਕਿਲ੍ਹਾ, ਨਾ ਕੋਟ ਹੈ; ਨਾ ਖਜ਼ਾਨੇ ਭਰੇ ਹਨ, ਨਾ ਕੋਈ ਕੁਲ, ਕੌਮ, ਕਬੀਲਾ ਸੂਰਬੀਰਤਾ ਵਾਲਾ ਮਗਰ ਹੈ; ਪਰ ਅਚਰਜ ਹੈ ਕਿ ਪਰਦੇਸੋਂ ਆ ਕੇ ਡਟ ਗਈ ਮੁਗਲ ਕੌਮ ਦੇ ਜ਼ੁਲਮ ਨੂੰ ਤੇ ਉਨ੍ਹਾਂ ਦੀ ਮਜ਼ਹਬੀ ਕੁਨਸ ਨੂੰ ਦੇਖ ਕੇ ਆਪ ਨੇ ਆਪਣਾ ਫਰਜ਼ ਬਣਾ ਲਿਆ ਹੈ ਕਿ ਮਰ ਮਿਟੀ ਆਪਣੀ ਕੌਮ ਵਿਚ ਬੀਰਤਾ ਦਾ ਭਾਵ ਤੇ ਸੁਤੰਤ੍ਰਤਾ ਦਾ ਬਾਵਰਾਪਨ ਐਸਾ ਭਰ ਦੇਣਾ ਹੈ ਕਿ ਅੰਤ ਸਾਰੀ ਕੌਮ ਸੁਤੰਤਰ ਹੋ ਜਾਵੇ। ਕਿਤਨਾ ਔਖਾ ਕੰਮ ਚਾ ਲਿਆ ਹੈ। ਫਕੀਰਾਂ ਤੇ ਸਾਧੂ ਚੇਲਿਆਂ ਵਿਚ ਬੀਰ ਰਸ ਭਰ ਕੇ ਜੁਝਾਊ ਕੌਮ ਬਨਾਉਣੀ ਹੈ, ਨੰਗੇ ਧੜ ਲੜਨਾ ਤੇ ਧਰਮ ਹੇਤ ਮਰਨਾ ਸਿਖਾਲ ਕੇ ਸੰਸਾਰ ਨਾਸ਼ਮਾਨ ਦਾ ਅਮਲੀ ਰੰਗ ਲਾ ਦੇਣਾ ਹੈ, ਫਾਕੇ ਕੜਾਕੇ ਸਹਿ ਕੇ ਬਿਨ ਕਿਲੇ ਕੋਟ ਦੇਸ਼ ਦੇ ਇਕ 'ਧਰਮ ਭਾਵ ਦੀ ਓਟ' ਦੇ ਆਸਰੇ ਲੜਨਾ ਹੈ। ਦੋ ਜੰਗ ਚਾਹੇ ਛੋਟੇ, ਚਾਹੇ ਵੱਡੇ, ਚਾਹੇ ਸਰਕਾਰੀ ਸੈਨਾਂ ਨਾਲ, ਚਾਹੇ ਸਰਕਾਰ ਦੇ ਸੂਬੇਦਾਰਾਂ ਯਾ ਅਹਿਲਕਾਰਾਂ ਨਾਲ, ਚਾਹੇ ਟਿਕਾਣੇ ਦੇ ਹਾਕਮਾਂ ਨਾਲ ਕੀਤੇ ਹਨ, ਪਰਜਾ ਵਿਚੋਂ ਤੇ ਫਕੀਰੀ ਦੀ ਗੱਦੀ ਤੋਂ ਉੱਠ ਕੇ ਕੀਤੇ ਹਨ, ਫਤਹ ਪਾਈ ਹੈ ਤੇ ਅਜੇ ਡਟੇ ਖੜੇ ਹਨ। ਫਿਰ ਨੀਤੀ ਨਿਪੁਨਤਾ ਕੈਸੀ ਹੈ, ਪਹਿਲੇ ਜੰਗ ਮਗਰੋਂ ਰਹਿਣੇ ਦੀਆਂ ਥਾਵਾਂ ਬਦਲਦੇ, ਕੌਤਕ ਕਰਦੇ, ਸਿੱਖੀ ਬੀ ਟੋਰਦੇ, ਅਪਣੇ ਫਰਜ਼ ਪੈਗ਼ੰਬਰੀ ਨੂੰ ਪੂਰੀ ਤਰ੍ਹਾਂ ਅਦਾ ਕਰਦੇ, ਪਰਿਵਾਰਕ ਫਰਜ਼ ਨਿਬਾਹੁੰਦੇ, ਪ੍ਰੇਮ ਦੇ ਰੰਗ ਅਕਹਿ ਰੂਪਾਂ ਵਿਚ ਸਿਰੇ ਚਾੜ੍ਹਦੇ, ਬੀਰ ਰਸੀ ਫਰਜ਼ ਲਈ ਕੀਕੂੰ ਤੱਤਪਰ ਰਹੇ ਤੇ ਹੁਣ ਤਕ ਹਨ। ਤ੍ਰੈ ਹਜ਼ਾਰ ਸਨੱਧਬੱਧ ਸੂਰਮੇ, ਮੌਤ ਨੂੰ ਮਖੌਲ ਕਰਨ ਵਾਲੇ ਸਿਰੇ ਚਾੜ੍ਹ ਲਏ ਹਨ। ਹੁਣ ਸਾਰੇ ਖਸਮਾਨੇ ਕਰਕੇ, ਨਿਰਾਲੇ ਤੇ ਨਿਰਮੋਹ ਹੋ ਕੇ ਉਸ ਟਿਕਾਣੇ ਗਏ ਹਨ ਜਿੱਥੇ ਦੁਸ਼ਮਨ ਨੂੰ ਲੜਨਾ ਸੌਖਾ ਨਾ ਹੋਵੇ। ਜਿਸ ਦਿਮਾਗ਼ ਵਿਚ ਇੰਨਾ ਕੁਛ ਫੁਰੇ ਤੇ ਇੰਨਾ ਉਹ ਸਿਰੇ ਚਾੜ੍ਹੇ ਤੇ ਕਮਾਲ ਕਰ ਦਿਖਾਏ, ਉਹ (ਇਨਸਾਨੀ ਨੁਕਤਾ ਖਿਆਲ ਤੋਂ ਬੀ) ਬਹੁਤ ਮਹਾਨ, ਬਹੁਤ ਵਿਸ਼ਾਲ ਤੇ ਬਹੁਤ ਹੀ ਕਮਾਲ ਦਾ ਹੈ ਅਰ ਉਸ ਦੇ ਨਾਮਲੇਵਿਆਂ ਵਾਸਤੇ ਤੇ ਦੇਸ਼ ਵਾਸੀਆਂ ਵਾਸਤੇ ਅਤਯੰਤ ਫ਼ਖ਼ਰ ਦਾ ਹੈ, ਜਿਸ ਫ਼ਖ਼ਰ ਨਾਲ ਕਿ ਉਹਨਾਂ ਵਿਚ ਜੀਵਨ ਰੌ ਸਦਾ ਰੁਮਕਵੀਂ ਤੇ ਹੁਲਾਰੇ ਮਾਰਦੀ ਦਸ਼ਾ ਵਿਚ ਰਹਿਣੀ ਚਾਹੀਏ। ਰੂਹਾਨੀ ਕਮਾਲ ਤਾਂ ਹੈ ਹੀ ਪੈਗ਼ੰਬਰਾਂ ਤੇ ਅਵਤਾਰਾਂ ਤੋਂ ਉੱਚਾ।

ਰਾਮੋ ਸਹਤ ਸੇਵ ਕੋ ਠਾਨੈ।
ਨਿਤ ਨੂਤਨ ਮਨ ਪ੍ਰੇਮ ਮਹਾਨੈ ॥੧੧॥
ਭੋਰ ਹੋਤਿ ਹੀ ਕਰੀਯਹਿ ਤਯਾਰੀ।
ਅਸ ਮਨਸਾ ਅਬਿ ਅਹੈ ਹਮਾਰੀ।'
ਸੁਨਿ ਬਿਧੀਏ ਕਰ ਜੋਰਿ ਉਚਾਰਾ।
'ਦ੍ਰਿਸ਼ਟਿ ਪਰਤਿ ਇਹ ਧੁੰਧ ਪਸਾਰਾ[1]' ॥੧੨॥
ਕਾਲਬਾਯੁ ਕੇ[1] ਬੇਗ ਬਹੰਤੇ।
ਛਿਨ ਮਹਿਂ ਬਿਨਾਧੀਰ ਬਿਨਸੰਤੇ[1]।
ਜਿਨ ਪਰ ਕਰੁਨਾ ਅਹੈ ਤੁਮਾਰੀ।
ਲਾਭ ਲੇਤਿ ਜਪਿ ਨਾਮ ਮਰਾਰੀ ॥੧੩॥
ਨਾਂਹਿ ਤ ਹਾਥ ਝਾਰਿ ਗਮਨੰਤੇ।
ਚਲੇ ਜਾਤਿ, ਥਿਰ ਹ੍ਵੈ ਨ ਰਹੰਤੇ।
ਪ੍ਰਾਤਿ ਹੋਤਿ ਕੀਜਹਿ ਅਸਵਾਰੀ।

[1]ਇਹ (ਸੰਸਾਰ) ਪਸਾਰਾ ਧੁੰਧ ਵਾਂਙ ਨਜ਼ਰ ਆਉਂਦਾ ਹੈ।

[1]ਮੌਤ ਰੂਪ ਵਾਯੂ ਦੇ।

[1]ਛਿਨ ਵਿਚ ਬਿਨਸ ਜਾਂਦੇ ਹਨ ਸੱਥਰਤਾ (ਕਿਸੇ ਨੂੰ) ਨਹੀਂ।

ਬਿਚਰਹੁ ਇੱਛਾ ਜਹਾਂ ਤੁਮਾਰੀ ॥੧੪॥
ਜਿਨ ਕੇ ਪ੍ਰੇਮ ਕਰੇ ਖਿਚ ਆਵਤਿ।
ਸੋ ਦੰਪਤਿ ਅਬਿ ਨਹੀਂ ਦਿਸਾਵਤਿ।'
ਇਮ ਕਹਿ ਖਾਨ ਪਾਨ ਕਛ ਕੀਨੋ।
ਰਹਿ ਉਦਾਸ ਬਿਸਰਾਮ ਸੁ ਕੀਨੋ ॥੧੫॥
ਪ੍ਰਾਤਿ ਹੋਤਿ ਹੀ ਬਜੇ ਨਗਾਰੇ।
ਜਾਗੇ ਜੋਧਾ ਬਲੀ ਕਰਾਰੇ।
ਸੌਚ ਸ਼ਨਾਨ ਸ਼ੀਘ੍ਰ ਸਭਿ ਕੀਨਿ।
ਡਾਰੇ ਸਰਬ ਤੁਰੰਗਮ ਜ਼ੀਨ ॥੧੬॥
ਸ਼੍ਰੀ ਹਰਿਗੋਬਿੰਦ ਚਹਤਿ ਲਰਾਈ।
ਬਸਤ੍ਰ ਸ਼ਸਤ੍ਰ ਪਹਿਰੇ ਸਮੁਦਾਈ।
ਪੁਰਿ ਜਨ ਲਖੇ ਕੂਚ ਗੁਰ ਡੇਰੇ।
ਚਲਿ ਆਏ ਮਨ ਦੀਨ ਘਨੇਰੇ[1] ॥੧੭॥
ਹਾਥ ਜੋਰਿ ਕਰਿ ਸਭਿਹਿਨਿ ਕਹਜੋ।
'ਸਾਈਂਦਾਸ ਪਰਮਪਦ ਲਹਜੋ।
ਅਬਿ ਤੁਮ ਚਢੇ ਛੋਡਿ ਪੁਰਿ ਜਨ ਕੋ।
ਮਹਾਰਾਜ! ਕੋ ਰੱਖਜਕ ਇਨ ਕੋ?
॥੧੮॥
ਨਿਕਟਿ ਕੌਨ ਕੇ ਬਿਨੈ ਉਚਾਰੈਂ।
ਯਾਂ ਤੇ ਮਨ ਸਚਿੰਤ ਦੁਖ ਧਾਰੈਂ।'
ਦਯਾਸਿੰਧੁ ਤਬਿ ਧੀਰਜ ਦੀਨਾ।
'ਬਸਹੁ ਸੁਖੇਨ ਸੰਦੇਹ ਬਿਹੀਨਾ ॥੧੯॥
ਸ਼੍ਰੀ ਗੁਰਦਿੱਤਾ ਜਨਮ ਸਥਾਨ।
ਤਹਿਂ ਪੂਜਹੁ ਸ਼ਰਧਾ ਧਰਿ ਮਾਨ[1]।
ਅਰੁ ਤਿਸ ਮਾਤ ਜਹਾਂ ਸਸਕਾਰੀ।
ਰਚਹੁ ਦੇਹੁਰਾ ਤਹਿਂ ਸੁਖ ਕਾਰੀ ॥੨੦॥
ਜਿਸ ਕੋ ਕਾਜ ਕਹੂੰ ਅਟਕਾਇ।
ਕਰਹੁ ਬੇਨਤੀ ਤਿਸ ਥਲ ਜਾਇ।
ਮਨਹੁ ਕਾਮਨਾ ਪੁਰਹਿਂ ਤੁਮਾਰੀ।
ਸੰਕਟ ਪਰਹਿਂ ਸੁ ਲੇਹਿਂ ਉਬਾਰੀ ॥੨੧॥
ਸਿੱਖਜ ਸੰਤ ਕੀ ਕੀਜਹਿ ਸੇਵਾ।
ਸਿੱਖੀ ਧਰਿ ਪੂਜਹੁ ਗੁਰਦੇਵਾ।

[1]ਬੜੇ ਉਦਾਸ।

[1]ਤਿਸ ਨੂੰ ਪੂਜੇ ਤੇ ਸ਼ਰਧਾ ਧਰਕੇ ਮੰਨੋ।

ਸੱਤਿਨਾਮ ਕੋ ਸਿਮਰਨ ਕਰਨੋ।
ਸ਼੍ਰੀ ਸਤਿਗੁਰ ਬਾਨੀ ਨਿਤ ਰਰਨੋ ॥੨੨॥
ਇਮ ਉਪਦੇਸ਼ ਲੇਹੁ ਰਿਦ ਧਾਰੇ।
ਹਲਤ ਪਲਤ ਮਹਿਂ ਰਹਹੁ ਸੁਖਾਰੇ।'
ਇਮ ਕਹਿ ਸਤਿਗੁਰੁ ਹਯ ਮੰਗਵਾਯੋ।
ਕੰਚਨ ਜ਼ੀਨ ਸਹਤ ਚਲਿ ਆਯੋ ॥੨੩॥
ਬਾਰ ਬਾਰ ਫੁਰਕਤਿ ਬਲ ਐਨ[1]।
ਚੰਚਲ ਮਨਹੁਂ ਨਾਗਰੀ ਨੈਨ।
ਦਾਸ ਗਹੇ ਕਰਿ ਨੀਠ[1] ਸੁ ਰੋਕੈ।
ਬਹੁ ਸੁੰਦਰ, ਮਨ ਹਰਤਿ ਬਿਲੋਕੈ[1] ॥੨੪॥
ਉਠਿ ਸਤਿਗੁਰ ਹਯ ਕੇ ਕਰਿ ਨਮੋ[†]।

[1]ਬਲ (ਦਾ) ਘਰ।

[1]ਮਸਾਂ।

[1]ਮਨ ਨੂੰ ਦੁਰਾਂਵਦਾ ਹੈ ਦੇਖਦਿਆਂ (ਸਾਰ)।

[†]ਇਹ ਘੋੜੇ ਦੀ ਖਲੜੀ ਮਾਸ ਮਿੱਝ ਨੂੰ ਨਮਸਕਾਰ ਨਹੀਂ ਹੈ। ਇਹ ਉਸ ਅਤੁੱਲ ਬਲ, ਜੀਵਨ ਰੌ ਤੇ ਅਰੋਕ ਹੁਲਾਰੇ ਤੇ ਨਾ ਜਰੇ ਜਾਣ ਵਾਲੇ ਡੁਲ੍ਹ ਡੁਲ੍ਹ ਪੈ ਰਹੇ ਬਲਕਾਰ ਦੀ ਕਦਰਦਾਨੀ ਹੈ ਜੋ ਮਹਾਂ ਬਲੀ ਘੋੜੇ ਵਿਚੋਂ ਫੁਟ ਫੁਟ ਕੇ ਨਿਕਲ ਰਿਹਾ ਹੈ। ਹਰ ਜ਼ਿੰਦਗੀ ਆਪਣੇ ਕਮਾਲ ਵਿਚ ਜਦ ਹੁੰਦੀ ਹੈ ਤਾਂ ਉਸ ਵਿਚ ਕਮਾਲ ਦਾ ਖੇੜਾ ਤੇ ਹੁਲਾਰਾ ਹੁੰਦਾ ਹੈ, ਇਹ ਅਰੂਪ ਰੂਪ ਵਿਚ ਜਲਾਲ ਵਾਲੀ ਸੁੰਦਰਤਾ ਦਾ ਪ੍ਰਕਾਸ਼ ਹੈ, ਜੋ ਵਿਸਮਾਦੀ ਮਨਾਂ ਵਿਚ ਵਿਸਮਾਦ ਦਾ ਹੁਲਾਰਾ ਦੇਂਦਾ ਹੈ, ਤੇ ਉਹ ਇਸ ਨੂੰ ਪਛਾਣਦੇ ਹਨ, ਤੇ ਕਦਰ ਨਾਲ ਵੇਖਦੇ ਹਨ। ਮਰੇ ਹੋਏ ਹਿਸਾਬੀ ਮਨ ਤੇ ਗਿਣਤੀਆਂ ਵਿਚ ਪਿੰਜਰ ਹੋ ਗਏ ਲੋਕ ਇਹੋ ਜਿਹੇ ਮੌਕਿਆਂ ਤੇ ਘਾਬਰਦੇ ਹਨ ਕਿ ਇਹ ਤਾਂ ਘੋੜੇ ਦੀ ਪੂਜਾ ਹੋ ਗਈ, ਇੱਥੇ ਐਸਾ ਭਾਵ ਕੋਈ ਨਹੀਂ ਹੈ। ਜਿਵੇਂ ਗੁਰ ਨਾਨਕ ਦੇਵ ਜੀ ਨੂੰ 'ਨਾਗੇ ਫਿਰਹਿ ਜੰਤ' ਬੀ ਵਿਸਮਾਦ ਵਿਚ ਲੈ ਜਾਂਦੇ ਹਨ, ਪਰ ਸਾਧਾਰਣ ਮਨੁੱਖ ਵਿਸਮਾਦ ਤੋਂ ਅੰਨ੍ਹਾਂ ਹੋ ਚੁੱਕਾ ਹੈ ਤੇ ਅੰਦਰਲੇ ਦੇ ਖੇੜੇ ਦੇ ਹੁਲਾਰੇ ਤੋਂ ਰੇੜ੍ਹੂ ਦੇ ਟੱਟੂ ਵਾਂਙੂ ਮਰੀਅਲ ਹੋ ਚੁੱਕਾ ਹੈ, ਉਹ ਜੀਵਨ ਦੇ ਖੇੜੇ ਹੁਲਾਰੇ ਤੇ ਵਿਸਮਾਦੀ ਫੁਟਾਲੇ ਤੋਂ ਜਾਣੂ ਨਹੀਂ ਰਿਹਾ, ਉਹ ਮਰੀਅਲ ਮਨ, ਨੀਵੇਂ ਭਾਵਾਂ ਵਿਚ ਜਾਂਦਾ ਹੈ। ਉੱਚ ਦਿਮਾਗ ਕਵੀ ਜੀ ਨੇ ਇਥੇ 'ਜੀਵਨ ਹੁਲਾਰੇ' ਦੀ ਗੁਰੂ ਜੀ ਵਲੋਂ ਕਦਰਦਾਨੀ ਦਰਸਾਈ ਹੈ। ਇਸ ਤੁਕ ਵਿਚ ਨਮੋ ਦਾ ਅਰਥ ਮੱਥਾ ਟੇਕਣਾ ਨਹੀਂ ਹੈ, ਨਮੋ ਦਾ ਅਰਥ ਇਥੇ ਇਹ ਹੈ ਕਿ ਉਸ ਘੋੜੇ ਵਿਚ ਆਦਰਸ਼ਕ 'ਘੋੜਾ ਪਨ' ਵੇਖਕੇ ਜੋ ਵਿਸਮਾਦੀ ਰੰਗ ਆਪ ਉਤੇ ਉਸ ਦੀ ਸਿਫਤ ਤੇ ਸਲਾਹੁਤ ਦਾ ਛਾਇਆ ਤਾਂ 'ਵਾਹ ਤੇਰੇ ਜੀਵਨ ਦਾ ਕਮਾਲ' ਆਦਿ ਕੁਛ ਸ਼ਾਬਾਸ਼ ਦੀ ਸ਼ਕਲ ਦਾ ਵਾਕ ਕਹਿਣਾ ਤੇ ਉਸ ਪੁਚਕਾਰ ਤੇ ਪਿਆਰ ਵਿਚ ਸਿਰ ਦਾ ਹਿੱਲ ਜਾਣਾ, ਇਹ ਭਾਵ ਹੈ ਨਮੋ ਦਾ, ਕਿਉਂਕਿ ਨਮੋ ਦਾ ਧਾਤੂ ਹੈ 'ਣਮੑ' ਜਿਸ ਦੇ ਅਰਥ ਹਨ 'ਝੁਕਣਾ ਤੇ ਸ਼ਬਦ ਕਰਨਾ।' ਸੋ ਇਥੇ ਨਮੋ ਦਾ ਭਾਵ ਹੈ 'ਕਦਰਾਂ ਵਾਲਾ ਪੁਚਕਾਰਾ ਦੇਣਾ।'

ਸ਼੍ਰੀ ਨਾਨਕ ਸਿਮਰੇ ਤਿਹ ਸਮੋ।
ਭਏ ਅਰੂਢ ਪਿਖਹਿਂ ਸਮੁਦਾਈ।
ਬੰਦਨ ਕਰਤਿ ਭਏ ਅਗੁਵਾਈ ॥੨੫॥
ਪੁਰਿ ਜਨ ਹਟੇ ਸੁ ਪ੍ਰੇਰਜੋ ਘੋਰਾ।
ਦੁੰਦਭਿ ਬਜੇ ਮਨੋ ਘਨ ਘੋਰਾ[1]।
ਤੀਨ ਸਹੱਸ੍ਰ ਬਾਹਿਨੀ ਚਲੀ।
ਖੜਗ ਤੁਫੰਗ ਧਰੇ ਕਲਮਲੀ[1] ॥੨੬॥
ਚਲਤਿ ਸੁਭਟ ਕੋ ਤੁਰੰਗ ਨਚਾਵੈਂ।

[1]ਮਾਨੋ ਬੱਦਲ ਗਰਜਿਆ।

[1]ਅੰਗਾਂ ਦਾ ਕਿਸੇ ਰੋਕ ਹੇਠ ਚੰਚਲਤਾ ਵਿਚ ਆਉਣਾ, ਅਜਰ ਬਲ ਕਰਕੇ ਅੰਗਾਂ ਦਾ ਕੁਲਬੁਲਾਉਣਾ।

ਕੋ ਧਵਾਇ ਕਰਿ ਤੁਪਕ ਚਲਾਵੈਂ।
ਬਲੀ ਏਕ ਤੇ ਏਕ ਬਿਸਾਲਾ।
ਫੇਰਤਿ ਹਯ ਕੋ ਚਲਿ ਭਟ ਜਾਲਾ ॥੨੭॥
ਨਾਮ ਧ੍ਰਜੋ ਰੂਪਾ ਜਿਸ ਗ੍ਰਾਮੂ।
ਨਿਜ ਸੇਵਕ ਲਖਿ ਕਰਿ ਅਭਿਰਾਮੂ।
ਅਧਿਕ ਕ੍ਰਿਪਾ ਕਰਿਬੇ ਕਹੁ ਤਹਾਂ।
ਪ੍ਰਸਥਾਨੇ ਸਤਿਗੁਰੁ ਬਲਿ ਮਹਾਂ ॥੨੮॥
ਮਗ ਮਹਿਂ ਏਕ ਨਿਸਾ ਕਰਿ ਡੇਰਾ।
ਅਗਲੇ ਦਿਵਸ ਗ੍ਰਾਮ ਸੋ ਹੇਰਾ।
ਪਿਤਾ ਪੁੱਤ੍ਰ ਸਾਧੂ ਅਰੁ ਰੂਪਾ।
ਜਿਨ ਕੇ ਮਨ ਗੁਰ ਪ੍ਰੇਮ ਅਨੂਪਾ ॥੨੯॥
ਗ੍ਰਾਮ ਬਸਇ ਰਚੇ ਸ਼ੁਭ ਮੰਦਿਰ।
ਬਾਂਛਤਿ -ਗੁਰੂ ਬਸਹਿਂ ਇਨ ਅੰਦਰ-।
ਕਰਿ ਲੀਪਨ ਬਿਧਿ ਨੀਕ ਸੁਧਾਰੇ।
ਮਨ ਪ੍ਰਸੰਨ ਹੁਇ ਜਿਨਹੁਂ ਨਿਹਾਰੇ ॥੩੦॥
ਦੁੰਦਭਿ ਬਾਜਤਿ ਆਵਤਿ ਸੁਨੇ।
ਗੁਰ ਡੇਰਾ ਲਖਿ ਹਰਖਤਿ ਘਨੇ।
ਦੋਨਹੁਂ ਦੌਰਿ ਦਰਸ ਕੋ ਧਾਏ।
ਮਨਹੁਂ ਮਿਲਜੋ ਜਲ ਅਧਿਕ ਤਿਹਾਏ ॥੩੧॥
ਚਰਨ ਕਮਲ ਜੁਤਿ ਸ਼ੁਭਤਿ ਰਕਾਬ।
ਧਰਜੋ ਸੀਸ ਗਹਿ ਜਾਇ ਸ਼ਿਤਾਬ।
ਕੁਸ਼ਲ ਪ੍ਰਸ਼ਨ ਕਰਿ ਗਮਨੇ ਸੰਗ।
ਘਰ ਮਹਿਂ ਆਨੇ ਮੋਦ ਉਮੰਗ[1] ॥੩੨॥
ਦਯਾ ਸਿੰਧੁ ਕੋ ਗ੍ਰਾਮ ਦਿਖਾਯੋ।
'ਕ੍ਰਿਪਾ ਆਪ ਕੀ ਇਹਾਂ ਬਸਾਯੋ।'
'ਆਛੋ ਕੀਨਿ' ਗੁਰੂ ਪਿਖਿ ਕਹਜੋ।
ਪੁਨ ਬਿਸਰਾਮ ਪ੍ਰਯੰਕਹਿ ਲਹਜੋ ॥੩੩॥
ਹਿਤ ਸੇਵਾ ਦੋਨੋ ਰਹਿ ਖਰੇ।
ਦੇਖਤਿ ਦਰਸ ਹੋਤਿ ਜਨ ਹਰੇ।
-ਹਮ ਸੇ ਰੰਕਨ ਕੈ ਗੁਰੁ ਆਵਨਿ।

[1]ਖੁਸ਼ੀ ਤੇ ਉਤਸਾਹ ਨਾਲ।

ਦੀਨ ਬੰਧੁਤਾ ਕਰਹਿਂ ਜਨਾਵਨ- ॥੩੪॥
ਹਾਕਹਿਂ ਪੌਨ ਆਨਿ ਸ਼ੁਭ ਬਾਰੀ[1]।
ਚਰਨ ਕਮਲ ਕਰ ਧਰਹਿਂ ਪਖਾਰੀ।
ਇੱਤ੍ਯਾਦਿਕ ਸਭਿ ਸੇਵਾ ਕਰੈਂ।
ਭਾਉ ਅਧਿਕ ਹੀ ਨਿਤ ਪ੍ਰਤਿ ਧਰੈਂ ॥੩੫॥
ਜਯੋਂ ਜਯੋਂ ਅਧਿਕ ਪ੍ਰੇਮ ਗੁਰ ਹੇਰੈਂ।
ਤਯੋਂ ਤਯੋਂ ਠਾਨਤਿ ਕ੍ਰਿਪਾ ਘਨੇਰੈ।
ਕਿਯੋ ਬਾਸ ਕੇਤਿਕ ਦਿਨ ਤਹਾਂ।
ਕਰਿ ਗੁਰ ਸੇਵ ਰਿਝਾਏ ਮਹਾਂ ॥੩੬॥
ਬਿਧੀਚੰਦ ਸੋਂ ਕਹੀ ਗੁਸਾਈਂ।
'ਰੂਪਚੰਦ ਬਡ ਸੇਵ ਕਮਾਈ।
ਮੈਂ ਸੇਵਾ ਕੇ ਬਸਿ ਨਿਤ ਰਹੌਂ।
ਮਨ ਤਨ ਤਿਸ ਕੋ ਦੈਬੋ ਚਹੌਂ ॥੩੭॥
ਸੇਵਕ ਤੇ ਅਦੇਯ ਨਹਿਂ ਮੋਰੇ।
ਸਾਚ ਉਚਾਰਤਿ ਹੌਂ ਢਿਗ ਤੋਰੇ।'
ਇਮ ਕਹਿ ਰੂਪਾ ਨਿਕਟਿ ਹਕਾਰਾ।
ਮੰਜੀ ਦੇਨਿ ਹੇਤੁ ਬੈਠਾਰਾ ॥੩੮॥
'ਸ਼ੁਦ੍ਰ ਜਾਤਿ ਮੇਰੀ' ਕਹਿ ਰੂਪਾ।
'ਮੰਜੀ ਬੈਠਹਿ ਊਚ ਅਨੂਪਾ[1]।
ਮੈਂ ਨਿਤ ਚਹੌਂ ਦਾਸ ਬਹੁ ਸੇਵਾ।
ਅਪਰ ਨ ਇੱਛਾ, ਸ਼੍ਰੀ ਗੁਰਦੇਵਾ!' ॥੩੯॥
ਸੁਨਿ ਬੋਲੇ ਸਤਿਗੁਰ ਸੁਖ ਆਕਰ[1]।
'ਨੀਚਹੁਂ ਊਚ ਕਰੈ ਮਮ ਠਾਕੁਰ।'
ਅਸ ਕਹਿ ਮੰਜੀ ਬਖ਼ਸ਼ੀ ਨੀਕਾ।
ਸੋਢੀ ਕੁਲ ਟੀਕਾ ਕਰਿ ਟੀਕਾ[1] ॥੪੦॥
'ਅਬਿ ਜਿਮ ਕਹਹੁ ਸਾਚ ਹੁਇ ਜਾਈ।
ਤੀਖੀ ਤੇਗ ਨ ਜਿਮ ਅਟਕਾਈ।
ਤੁਝ ਤੇ ਸਪਤ ਪੁੱਤ੍ਰ ਉਪਜੈ ਹੈਂ।
ਆਗੇ ਬਡੋ ਬੰਸ ਬਿਰਧੈ ਹੈ ॥੪੧॥
ਕਰਹੁ ਦੇਗ ਗੁਰ ਕੀ ਸੁਖ ਪਾਵਹੁ।

[1]ਜਲ।

[1]ਕੋਈ ਅਨੂਪਮ ਤੇ ਉੱਚਾ ਮੰਜੀ ਤੇ ਬੈਠਣਾ ਚਾਹੀਏ।

[1]ਸੁਖਾਂ ਦੀ ਖਾਣ।

[1]ਭਾਵ ਸ਼੍ਰੀ ਗੁਰੂ ਹਰਿਗੋਬਿੰਦ ਜੀ ਨੇ ਤਿਲਕ (ਦਿੱਤਾ)।

ਨਿਰਹੰਕਾਰ ਹੋਇ ਫਲ ਪਾਵਹੁ।
ਭਾਉ ਸਦੇਗ ਰਹਹਿ ਕੁਲ ਜਬਿ ਲੌਂ[1]।
ਸ਼ਕਤਿ ਸਮੇਤ ਹੋਇੰਗੇ ਤਬਿ ਲੌਂ ॥੪੨॥
ਜਬਿ ਦੋਨਹੁ ਨਹਿਂ ਰਹਹਿਂ ਤੁਮਾਰੇ।
ਮਿਲਹਿਂ ਤਿਖਾਨਨਿ ਮਹਿਂ ਜਿਮ ਸਾਰੇ।
ਕਰਿ ਗੁਰ ਕੀ ਸੇਵਾ ਤੁਮ ਪਾਈ।
ਕਰੀ ਉਧਾਰਨ ਕੁਲ ਸਮੁਦਾਈ' ॥੪੩॥
ਸੁਨਿ ਕਰਿ ਪਿਤਾ ਪੁੱਤ੍ਰ ਹਰਖਾਏ।
ਮਨ ਨਿੰਮ੍ਰੀ ਹੁਇ ਸੇਵ ਕਮਾਏ।
ਜਨਨੀ ਰੂਪੇ ਕੀ ਹਰਖਾਈ।
ਸਿਖ ਦੀਰਘ ਸ਼ੁਭ ਆਕੁਲ ਜਾਈ ॥੪੪॥
ਮਾਸ ਭਾਦ੍ਰਪਦ ਅਰਧ ਬਿਤਾਯੋ।
ਸ੍ਰੀ ਹਰਿਗੋਵਿੰਦ ਬਸਿ ਸੁਖ ਪਾਯੋ।
ਨਿਜ ਸੇਵਕ ਬਹੁ ਕਰੇ ਨਿਹਾਲ।
ਹਲਤਿ ਪਲਤਿ ਸੁਖ ਦਏ ਬਿਸਾਲ ॥੪੫॥

[1]ਜਦ ਤਕ ਕੁਲ ਵਿਚ ਲੰਗਰ ਤੇ ਪ੍ਰੇਮ ਰਹੇਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਭਾਈ ਰੂਪੇ ਕੋ ਮੰਜੀ ਬਖਸ਼ਨ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੨੩॥

੨੪. [ਜੋਧ ਸ਼ਾਹ]

੨੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੫

ਦੋਹਰਾ:

ਪਸਰਜੋ ਦੇਸ਼ ਬਿਦੇਸ਼ ਮਹਿਂ, 'ਰੁਪਾ ਕੀਯੋ ਨਿਹਾਲ।
ਕਰੈਂ ਗਰੀਬ ਨਿਵਾਜ ਗੁਰੁ, ਰਜ ਕਨ ਸੈਲ ਬਿਸਾਲ[1] ॥੧॥

ਚੌਪਈ:

ਰਿਸਹਿਂ ਸੈਲ ਕਨ ਧੂਲ ਕਰਾਵੈਂ[1]।
ਹੋਇ ਪ੍ਰਸੰਨ ਸੁਰੇਸ਼ ਬਨਾਵੈਂ।
ਸਰਬ ਸ਼ਕਤਿ ਧਰਿ ਸ਼੍ਰੀ ਗੁਰਦੇਵ।
ਸੁਰ ਗਨ ਭੀ ਨ ਲਖਹਿਂ ਜਿਸ ਭੇਵ' ॥੨॥
ਨਿਕਟਿ ਬਸਹਿ ਕਾਂਗੜ ਪੁਰਿ ਭਾਰਾ।
ਤਹਿਂ ਬਸਿ ਜੋਧ ਸ਼ਾਹੁ ਸਰਦਾਰਾ[†]।
ਸੈਨ ਚਢਹਿ ਤਿਹ ਸਾਥ ਘਨੇਰੀ।
ਅਧਿਕ ਸੂਰਮਾ ਮਾਰਤਿ ਬੈਰੀ ॥੩॥
ਮਿੱਠਾ ਮਹਿਰ ਬਡੋ ਤਿਨ ਕੇਰਾ।
ਤਿਨਹੂੰ ਪਾਯਸ ਰਾਜ ਬਡੇਰਾ।
ਅਕਬਰ ਸ਼ਾਹੁ ਭਯੋ ਜਿਸ ਕਾਲਾ।
ਚੱਕ੍ਰਵਰਤਿ ਕਿਯ ਰਾਜ ਬਿਸਾਲਾ ॥੪॥
ਮਿੱਠੇ ਮਹਿਰ ਸੁਤਾ ਉਪਜਾਈ।
ਬਹੁ ਸੁੰਦਰ ਕੁਛ ਕਹੀ ਨ ਜਾਈ।
ਸੁਨਿ ਅਕਬਰ ਸੋ ਜਾਚਨ ਕੀਨਿ।
'ਮੁਝ ਕੋ ਬਜਾਹੁ ਦੇਹੁ ਸ਼ੁਭ ਚੀਨਿ' ॥੫॥
ਸੁਨਿ ਕਿਰ ਮਿੱਠੇ ਮਹਿਰ ਬਿਚਾਰੀ।
-ਪਾਤਸ਼ਾਹੁ ਦੇਸ਼ਨ ਪਤਿ ਭਾਰੀ।
ਨਹਿਂ ਦੈਹੌਂ ਤਬਿ ਲੈ ਹੈ ਛੀਨ।
ਨਹਿ ਕੁਛ ਬਸ ਬਸਾਇ ਹਮ ਦੀਨ[1]- ॥੬॥
ਬਲੀ ਬਿਸਾਲ ਜਾਨਿ ਕਰਿ ਕਹਜੋ।
'ਜੇ ਮਮ ਤਨੁਜਾ ਬਜਾਹਨਿ ਚਹਜੋ।

[1]ਧੂੜੀ ਦੇ ਕਿਣਕਿਆਂ ਨੂੰ ਪਹਾੜ ਬਣਾ ਦਿੰਦੇ ਹਨ।

[1]ਜੇ ਗੁੱਸੇ ਹੋ ਜਾਣ ਤਾਂ ਪਹਾੜ ਨੂੰ ਧੂੜੀ ਦਾ ਕਿਣਕਾ ਕਰ ਸਕਦੇ ਹਨ।

[†]ਪਾ:-ਜੋਧ ਸਾਹੁ ਸਰਦਾਰ ਉਦਾਰਾ।

[1]ਅਸਾਂ ਗਰੀਬਾਂ ਦਾ।

ਤੌ ਘਰ ਆਵਹਿ ਦੂਲਹੁ ਹੋਇ।
ਫੇਰੇ ਫਿਰਿ, ਲੇ ਗਮਨਹਿ ਸੋਇ' ॥੭॥
ਸੁਨਿ ਅਕਬਰ ਮਾਨਜੋ ਤਿਸ ਬੈਨ।
ਬਨਿ ਦੂਲਹੁ ਗਮਨਜੋ ਤਬਿ ਐਨ।
ਮਿੱਠੇ ਕੀ ਦੁਹਿਤਾ ਕੋ ਬਜਾਹਿ।
ਦਿਯੋ ਖਿਤਾਬ ਪ੍ਰਸੰਨ ਉਮਾਹਿ ॥੮॥
ਨਿਕਟਿ ਗ੍ਰਾਮ ਗਨ ਸਗਰੇ ਦੀਨਿ।
ਐਸ੍ਵਰਜ ਅਧਿਕ ਬਧਾਵਨਿ ਕੀਨਿ।
ਤਬਿ ਕੋ ਰਾਜ ਤਹਾਂ ਕੋ ਕਰੈ।
ਬ੍ਰਿੰਦ ਬਾਹਿਨੀ ਸੰਗੈ ਚਰੈ[1] ॥੯॥
[1]ਚੜ੍ਹਦੀ ਹੈ।
ਮਿੱਠੇ ਮਹਿਰ ਪੁੱਤ੍ਰ ਉਪਜਾਯੋ।
ਚੈਨ ਬੇਗ ਤਿਨ ਨਾਮ ਅਲਾਯੋ।
ਸੋ ਭੀ ਰਾਜ ਕਰਤਿ ਤਹਿਂ ਰਹਜੋ।
ਗਨ ਗ੍ਰਾਮਨਿ ਤੇ ਧਨ ਕੋ ਲਹਜੋ ॥੧੦॥
'ਚੈਨ ਬੇਗ' ਕੇ ਸੁਤ ਜਨਮਯੋ।
'ਸ਼ਾਹ ਉਮਰ' ਸੁ ਨਾਮ ਧਰਿ ਦਯੋ।
ਸੋ ਭੀ ਪਿਤਾ ਪਿਤਾਮੇ ਕੇਰਾ।
ਸਰਬ ਸਮਾਜ ਸੰਭਾਰਿ ਬਡੇਰਾ ॥੧੧॥
ਸੁਤ ਭਾ ਉਮਰਸ਼ਾਹੁ ਕੇ ਧਾਮ।
ਜੋਧਸ਼ਾਹੁ ਜੋਧਾ ਅਭਿਰਾਮ।
ਹੁਤੋ ਗੁਰੂ ਸਿਖ ਅਧਿਕ ਉਮਾਹਾ।
ਤਿਸ ਕੀ ਸੁਤਾ ਸੰਗ ਇਹ[1] ਬਜਾਹਾ ॥੧੨॥
[1]ਭਾਵ ਜੋਧ ਸ਼ਾਹ।
ਪਿਤਾ ਨਿਕਟਿ ਤੇ ਗੁਰਮਤਿ ਪਾਈ[1]।
[1]ਜੋਧ ਦੀ ਵਹੁਟੀ ਨੇ) ਆਪਣੇ ਪਿਤਾ ਤੋਂ ਗੁਰਮਤ ਸਿੱਖੀ ਸੀ।
ਗੁਰਸਿੱਖੀ ਕੋ ਧਰਤਿ ਸਦਾਈ।
ਸ਼੍ਰੀ ਹਰਿਗੋਵਿੰਦ ਕੋ ਆਗਵਨੁ।
ਸੁਨਜੋ ਕਿਸੂ ਤੇ ਅਪਨੇ ਭਵਨੁ ॥੧੩॥
ਕੰਤ ਜੋਧ ਕੋ ਮਹਿਮਾ ਕਹਿ ਕਹਿ[1]।
[1]ਜੋਧ ਦੀ ਵਹੁਟੀ ਨੇ) ਆਪਣੇ ਪਤੀ ਜੋਧ ਨੂੰ (ਸਤਿਗੁਰਾਂ ਦੀ) ਮਹਿਮਾ ਕਹਿ ਕਹਿਕੇ।
ਕਰਜੋ ਪ੍ਰਬੋਧਨ ਗੁਰ ਦਿਸ਼ਿ ਚਹਿ ਚਹਿ[1]।
[1]ਉਪਦੇਸ਼ ਦਿਤਾ ਗੁਰੂ ਜੀ ਦੀ ਤਰਫ ਦਾ (ਕਿ ਕਿਵੇਂ ਇਸ ਨੂੰ) ਚਾਹ ਚਮਕ ਪਵੇ। ਅਥਵਾ ਚਾਹ ਚਾਹਕੇ।
'ਭਯੋ ਨਿਕਟਿ ਆਗਵਨ ਅਚਾਨਕ।

ਜੋ ਸਰੂਪ ਖਸ਼ਟਮ ਗੁਰ ਨਾਨਕ ॥੧੪॥
ਜੇ ਕੁਛ ਭਾਗ ਉਦੈ ਤੁਵ ਮਾਥੇ।
ਚਲਿ ਕਰਿ ਮਿਲਹੁ ਸਤਿਗੁਰੂ ਸਾਥੇ।
ਮਨ ਬਾਂਛਤਿ ਫਲ ਪਾਵਨ ਕਰੋ।
ਪਿਖਿ ਕੈ ਸਿੱਖੀ ਧਾਰਨ ਕਰੋ ॥੧੫॥
ਦਾਤਾ ਹਲਤਿ ਪਲਤਿ ਸੁਖ ਕੇਰੇ।
ਅਹੈਂ ਕਰੋਰਹੁਂ ਜਿਨ ਪਗ ਚੇਰੇ।
ਜੇ ਸੇਵਾ ਮਨ ਕਰਿ ਤਿਨ ਕਰੈਂ।
ਬਹੁਰ ਨ ਚਿੰਤਾ ਕੁਛ ਉਰ ਧਰੈਂ' ॥੧੬॥
ਨਿਜ ਪਤਨੀ ਤੇ ਸੁਨਿ ਸੁਨਿ ਗਾਥ।
ਚਾਹਤਿ ਭਯੋ ਮਿਲਿਨਿ ਗੁਰ ਸਾਥ।
ਆਛੀ ਕਰੀ ਉਪਾਇਨ ਤਯਾਰ।
ਜ਼ੀਨ ਤੁਰੰਗਮ ਪਰ ਸ਼ਿੰਗਾਰ ॥੧੭॥
ਬਸਤ੍ਰ ਬਿਭੂਖਨ ਧਨ ਕੋ ਲੀਨਿ।
ਚਲਯੋ ਮਿਲਿਨਿ ਸੰਗ ਸੈਨਾ ਕੀਨਿ।
ਦੁੰਦਭਿ ਕੋ ਬਜਵਾਵਤਿ ਆਯੋ।
ਭ੍ਰਾਤ ਸਲੇਮਸ਼ਾਹ ਸੰਗ ਲਯਾਯੋ ॥੧੮॥
ਦਾਰਾ ਆਨਿ ਸਾਥ ਨਿਜ ਪਯਾਰੀ।
ਪੂਰਬ ਹੀ ਗੁਰਮਤ ਜਿਨ[1] ਧਾਰੀ।
ਸ਼੍ਰੀ ਹਰਿ ਗੋਬਿੰਦ ਨਿਕਟਿ ਪਠਾਯੋ।
ਆਨਿ ਦੂਤ ਪਗ ਮਾਥ ਨਵਾਯੋ ॥੧੯॥
'ਜੋਧਸ਼ਾਹ ਆਯੋ ਮਹਾਰਾਜ!
ਇਕ ਰਾਵਰਿ ਦਰਸ਼ਨ ਕੇ ਕਾਜ।
ਜਬਿ ਆਇਸੁ ਕੋ ਕਰਹੁ ਗੁਸਾਈਂ!
ਆਨਿ ਲਗਹਿ ਤਬਿ ਪੰਕਜ ਪਾਈ' ॥੨੦॥
ਸੁਨਿ ਗੁਰ ਕਹਯੋ 'ਪ੍ਰਾਤਿ ਹੁਇ ਮੇਲਾ।
ਕੇਤਿਕ ਲਸ਼ਕਰ ਸੰਗ ਸਕੇਲਾ?'
ਦੂਤ ਬਤਾਵਨ ਕੀਨਿ ਤਦਾਈ।
'ਰਹੈਂ ਪੰਚ ਸੈ ਸੂਰ ਸਦਾਈ' ॥੨੧॥
ਇਮ ਕਹਿ ਸੁਨਿ ਕਰਿ ਨਿਸਾ ਬਿਤਾਈ।
ਹੋਤਿ ਪ੍ਰਾਤਿ ਗੁਰੁ ਸਭਾ ਲਗਾਈ।

[1]ਜਿਸ (ਇਸਤ੍ਰੀ) ਨੇ।

ਸੁਭਟ ਮਸੰਦ ਬ੍ਰਿੰਦ ਥਿਤ ਪਾਸ।
ਖਰੋ ਮੇਵਰੋ ਹਿਤ ਅਰਦਾਸ ॥੨੨॥
ਸ਼ਬਦ ਰਬਾਬੀ ਰਾਗ ਅਜਾਬ।
ਬਜਤਿ ਮ੍ਰਿਦੰਗੈ ਸੰਗ ਰਬਾਬ।
ਚਮਰ ਚਾਰੁ ਢੋਰਤਿ ਚਹੁਂ ਓਰ।
ਸਿਖ ਟੇਕਤਿ ਮਸਤਕ ਕਰ ਜੋਰਿ
॥੨੩॥
ਸੂਰਜ ਮੁਖੀ ਬੀਜਨਾ ਫਿਰਿਹੀ।
ਸਰਬ ਸਰੀਰਨ ਸ੍ਵੇਦ[1] ਸੁ ਹਰਿਹੀ।
ਖਰੈ ਨਕੀਬ ਅਗਾਰੀ ਬੋਲਤਿ।
ਅਰਪਤਿ ਲੋਕ ਅਗਾਰੀ ਦੌਲਤ ॥੨੪॥
ਬਸਤ੍ਰ ਸ਼ਸਤ੍ਰ ਕੋ ਜੋਧ ਸਜਾਇ।
ਸੰਗ ਲੀਏ ਜੋਧਾ ਸਮੁਦਾਇ।
ਅਰਪਨ ਹਿਤ ਅਕੋਰ ਕਰਿ ਆਗੇ।
ਆਯੋ ਦਰਸ਼ਨ ਹਿਤ ਅਨੁਰਾਗੇ ॥੨੫॥
ਗੁਰ ਕੇ ਚਰਨ ਕਮਲ ਧਰਿ ਧਾਥ।
ਹੋਇ ਨਿੰਮ੍ਰਿ ਪੁਨ ਟੇਕਜੋ ਮਾਥ।
'ਚਿਤ ਆਵਹਿ ਸਤਿਗੁਰ' ਗੁਰ ਕਹਜੋ।
ਦੇਖਤਿ ਹੀ ਪ੍ਰਸੰਨ ਹ੍ਵੈ ਰਹਜੋ ॥੨੬॥
ਇਕ ਤੌਂ ਡੀਲ ਸ਼ਰੀਰ ਬਿਲੰਦ।
ਜਰੇ ਜਰਾਉ ਬਿਭੂਖਨ ਬ੍ਰਿੰਦ।
ਕਮਲ ਪੱਤ੍ਰ ਸਮ ਆਯੁਤ[1] ਲੋਚਨ।
ਕ੍ਰਿਪਾ ਕਟਾਖਨਿ ਸੋਚ ਬਿਮੋਚਨ ॥੨੭॥
ਸਤਿਗੁਰ ਬੂਝੀ ਕੁਸ਼ਲ ਬਤਾਈ।
ਪੁਨ ਸ਼ਸਤ੍ਰਨ ਕੀ ਬਾਤ ਚਲਾਈ।
ਬਹੁਰ ਜੁੱਧ ਕੋ ਚਲਜੋ ਪ੍ਰਸੰਗ।
ਜੈਸੇ ਭਏ ਸ਼ਾਹੁ ਕੇ ਸੰਗਿ ॥੨੮॥
ਇੱਤਜਾਦਿਕ ਬਹੁ ਬਾਕ ਬਿਲਾਸ।
ਕਰਤਿ ਰਹੇ ਬਿੱਦਜਾ ਅੱਭਜਾਸ।
ਘਰੀ ਦੋਇ ਬੈਠਜੋ ਪੁਨ ਗਯੋ।
ਗੁਰ ਕੇ ਭਟ ਹਯ ਦੇਖਤਿ ਭਯੋ ॥੨੯॥
ਲਰਨ ਉਚਿਤ ਆਛੇ ਸਭਿ ਹੇਰੇ।

[1]ਮੁੜਕਾ।

[1]ਦੌੜੇ।

ਭਯੋ ਅਨੰਦ ਜੋਧ ਤਿਸ ਬੇਰੇ।
ਨਿਜ ਡੇਰੇ ਮਹਿਂ ਪਹੁੰਚਜੋ ਜਾਈ।
ਲਗੀ ਲਗਨ ਗੁਰ ਕੀ ਸੁਖਦਾਈ ॥੩੦॥
ਸਮੈਂ ਇਕੰਤ ਪਾਇ ਤਿਸ ਦਾਰਾ।
ਆਨਿ ਗੁਰੂ ਕੋ ਦਰਸ ਨਿਹਾਰਾ।
'ਮੈਂ ਤੁਮਰੇ ਸਿਖ ਕੀ ਹੌਂ ਤਨਿਯਾ।
ਗੁਰੂ ਮਹਾਤਮ ਦੀਰਘ ਸੁਨਿਯਾ ॥੩੧॥
ਮਨ ਬਾਂਛਤਿ ਹੀ ਕੇਤਿਕ ਬਾਰ।
ਮਮ ਪਿਤ ਪਾਯਹੁ ਗੁਰ ਦਰਬਾਰ।
ਰਾਵਰਿ ਪਿਤਾ ਨਿਕਟਿ ਸੋ ਜਾਇ।
ਚਿਰੰਕਾਲ ਕੇ ਸਿਖ ਸੁਖ ਪਾਇ[1] ॥੩੨॥

[1]ਬੜੇ ਚਿਰਾਂ ਦੇ (ਅਸੀਂ) ਸਿੱਖ ਹਾਂ (ਤੇ ਆਪ ਦੇ ਦਰੋਂ) ਸੁਖ ਪਾ ਰਹੇ ਹਾਂ।

ਨਹਿਂ ਸਸੁਰਾਰ ਹੁਤੇ ਸਿਖ ਗੁਰ ਕੇ।
ਬਾਰ ਬਾਰ ਗੁਰ ਗੁਨ ਕਹਿ ਕਰਿ ਕੇ।
ਆਨਿ ਆਪ ਕੇ ਪਗ ਦਰਸਾਏ।
ਕਰਹੁ ਸਿੱਖ ਅਬਿ ਇਹ ਸਮੁਝਾਏ[†]' ॥੩੩॥

[†]ਪਾ:-ਸਮੁਦਾਏ।

ਸੁਨਿ ਸਤਿਗੁਰੂ ਖੁਸ਼ੀ ਬਹੁ ਕਰਿ ਕੈ।
ਦੀਨਸਿ ਬਰ ਬਚ ਮ੍ਰਿਦੁਲ[†] ਉਚਰਿ ਕੈ।

[†]ਪਾ:-ਮ੍ਰਿਦੂ।

'ਤੋਹਿ ਬੰਸ ਬਡ ਸਿੱਖੀ ਪਾਵੈ।
ਵਧਹਿ ਜਗਤ ਮਹਿਂ ਬਹੁ ਬਿਦਤਾਵੈ ॥੩੪॥
ਦਸਮ ਰੂਪ ਮੇਰੋ ਜਬਿ ਹੋਇ।
ਤੁਵ ਪਰਪੌਤ੍ਰੇ ਗੁਰ ਸਿਖ ਜੋਇ।
ਲੇ ਆਵਹਿਂਗੇ ਸਦਨ ਮਝਾਰੇ।
ਸੇਵਾ ਕਰਿ ਹੈਂ ਸੰਝ ਸਕਾਰੇ ॥੩੫॥
ਤਬਿ ਮੈਂ ਤੁਮਰੋ ਬੰਸ ਉਧਾਰੋਂ।
ਬਹੁ ਬਡਿਆਈ ਦੇਸ਼ ਬਿਥਾਰੋਂ।'
ਸੁਨਿ ਕਰਿ ਰਿਦੇ ਅਨੰਦਤਿ ਹੋਈ।
ਨਮੋ ਕੀਨਿ ਪਗ ਪੰਕਜ ਦੋਈ ॥੩੬॥
ਕੇਤਿਕ ਦਿਨ ਰਹਿ ਕਰਿ ਗੁਰ ਪਾਸ।
ਪਤਿ ਕੋ ਤਜਿ ਪੁਨ ਗਈ ਅਵਾਸ।

ਰਹਯੋ ਜੋਧ, ਗੁਰੁ ਢਿਗ ਨਿਤ ਆਵੈ।
ਅਨਿਕ ਪ੍ਰਸੰਗਨ ਸੁਨਹਿ ਸੁਨਾਵੈ ॥੩੭॥
ਪੁਰਸ਼ਾਰਥ ਸੁਨਿ ਸੁਭਟਨ ਕੇਰੇ।
'ਮਾਰਯੋ ਲਸ਼ਕਰ ਸ਼ਾਹੁ ਘਨੇਰੇ।
ਸਪਤ ਹਜ਼ਾਰ ਸੁਧਾਸਰ ਮਾਰੇ।
ਗਏ ਭਗੈਲ ਬਚੇ ਰਣ ਹਾਰੇ ॥੩੮॥
ਦਸ ਅਰੁ ਪੰਚ ਹਜ਼ਾਰ ਬਹੋਰੀ।
ਰਿਸ ਕਰਿ ਚਢਿ ਆਏ ਹਮ ਓਰੀ।
ਤਹਾਂ ਖੇਤ[1] ਐਸੋ ਕੁਛ ਭਯੋ। [1]ਜੁੱਧ।
ਭਾਜਯੋ ਬਚਯੋ, ਅਰਯੋ ਮਰਿ ਗਯੋ[1]' [1]ਜੋ ਅੜਿਆ ਸੋ ਮਾਰਿਆ ਗਿਆ।
॥੩੯॥
ਜੋਧਸ਼ਾਹੁ ਸੁਨਿ ਬੀਰ ਬਿਸਾਲਾ।
ਕਹੈ 'ਜਿ ਮੈਂ ਹੋਵਤਿ ਤਿਸ ਕਾਲਾ।
ਤੁਮ ਬਲ ਤੇ ਘਮਸਾਨ ਘਨੇਰਾ।
ਰਚਿ ਸੰਘਰ ਕੋ ਕਰਤਿ ਨਿਬੇਰਾ ॥੪੦॥
ਤੁਮ ਸਮਤਾ[1] ਕੋ ਕਰਹਿ ਨ ਕੋਈ। [1]ਬਰਾਬਰੀ।
ਸੇਵਤਿ ਮੈਂ ਜੇਤੋ ਬਲ ਹੋਈ।'
ਸ਼੍ਰੀ ਹਰਿਗੋਬਿੰਦ ਚੰਦ ਬਖਾਨਾ।
'ਜੋਧਸ਼ਾਹੁ! ਤੂੰ ਜੋਧ ਮਹਾਨਾ ॥੪੧॥
ਹਮਰੋ ਕਾਰ ਪਰਹਿ ਜਬਿ ਆਈ।
ਉਚਿਤ ਤੋਹਿ ਕੋ ਹੋਨਿ ਸਹਾਈ।
ਤੁਰਕ ਸ਼ੱਤ੍ਰ ਹਤਿਬੇ ਕੇ ਜੋਗ।
ਰਾਜ ਤੇਜ ਇਨ ਸਭਿ ਛੈ ਹੋਗ[1] ॥੪੨॥ [1]ਨਾਸ਼ ਹੋ ਜਾਏਗਾ।
ਗੁਰੂ ਪੀਰ ਕੋ ਲਖਹਿਂ ਨ ਮੂੜੇ।
ਛਿਤ ਛੀਨੌਂ ਕਰਿ ਤੁਰਕਨ ਕੂੜੇ।
ਸਨੇ ਸਨੇ ਮਮ ਸਿਖ ਹ੍ਵੈਂ ਰਾਜੇ।
ਰਚਹਿਂ ਜੰਗ, ਰਿਪੁ ਬਚਹਿਂ ਜੁ ਭਾਜੇ'
॥੪੩॥
ਜੋਧਸ਼ਾਹੁ ਸੁਨਿ ਬਚ ਸਨਮਾਨੇ।
'ਰਾਵਰਿ ਕਹਿਬੋ ਹੈ ਫਲ ਦਾਨੇ।
ਚਹਹੁ ਮਸ਼ਕ ਤੇ[1] ਗਰੁੜ ਬਨਾਵਹੁ। [1]ਮੱਛਰ ਤੋਂ।
ਸੈਲ ਬਡੇ ਕੋ ਗਰਦ ਮਿਲਾਵਹੁ ॥੪੪॥

ਜੰਬੁਕ ਕੋ ਕੇਹਰਿ[1] ਕਰਿ ਦੈਹੋ। [1]ਗਿੱਦੜ ਨੂੰ ਸ਼ੇਰ।
ਬਡ ਮਤੰਗ ਢਗ ਕੀਟ[1] ਹਤੈ ਹੋ। [1]ਕੀੜੀ ਪਾਸੋਂ।
ਕਰਹੁ ਬਸਾਵਨ[1] ਬਸੇ ਉਜਾਰਹੁ। [1](ਉੱਜੜੇ ਹੋਏ) ਬਸਾਵਣਾ ਕਰਦੇ ਹੋ।
ਕਹਨ ਮਾਤੁ ਤੇ ਸਰਬ ਸੁਧਾਰਹੁ' ॥੪੫॥
ਇੱਤਜਾਦਿਕ ਨਿਤ ਚਲਹਿਂ ਪ੍ਰਸੰਗ।
ਸੈਨਾ ਸਹਤ ਚਹਤਿ ਬਡ ਜੰਗ।
ਰਹ੍ਯੋ ਗੁਰੂ ਢਿਗ ਡੇਰਾ ਪਾਇ।
ਪਰਸ ਪ੍ਰੀਤ ਤੇ ਨਹਿਂ ਬਿਛੁਰਾਇ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਰਾਇ ਜੋਧ' ਪ੍ਰਸੰਗ ਬਰਨਨੰ ਨਾਮ ਚਤਰ ਬਿੰਸਤੀ ਅੰਸੂ ॥੨੪॥

੨੫. [ਬਖਤ ਮੱਲ ਤਾਰਾ ਚੰਦ। ਘੋੜੇ]

੨੪<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੬

ਦੋਹਰਾ:
ਕੇਤਿਕ ਦਿਵਸ ਬਿਤੀਤ ਭੇ,
ਤਹਾਂ ਸਿਵਰ ਕੋ ਘਾਲਿ।
ਦੇਸ਼ ਬਿਦੇਸ਼ਨ ਸੰਗਤਾਂ,
ਸੁਨਿ ਇਤ ਪਹੁਚਹਿਂ ਚਾਲਿ[1] ॥੧॥ [1]ਚੱਲ ਕੇ।
ਚੌਪਈ:
ਅਨਗਨ ਸਿੱਖਨਿ ਕੀ ਬਹੁ ਭੀਰ।
ਇਕ ਪਹੁੰਚਤਿ ਹੈਂ ਪਾਇ ਬਹੀਰ।
ਏਕ ਬਿਸਰਜਨ ਹੋਤਿ ਪਯਾਨੈ।
ਚਲਤਿ ਪੰਥ ਗੁਰ ਸੁਜਸੁ ਬਖਾਨੈਂ ॥੨॥
ਧਨ ਸਮੁਦਾਇ ਚਲ੍ਯੋ ਨਿਤ ਆਵੈ।
ਸ਼ਸਤ੍ਰ ਤੁਰੰਗ ਅਨਿਕ ਅਰਪਾਵੈਂ।
ਬਸਤ੍ਰ ਅਜਾਇਬ ਆਇਂ ਅਪੂਰਬ[1]। [1]ਅਨੋਖੇ।
ਉੱਤਰ, ਪਸ਼ਚਮ, ਦੱਖਨ, ਪੂਰਬ ॥੩॥
ਸੰਗਤਿ ਚਲਿ ਕਾਬਲ ਤੇ ਆਈ।
ਜਿਸ ਮਹਿਂ ਧਨੀ ਮਨੁਜ ਸਮੁਦਾਈ।
ਤਿਨ ਮਹਿਂ ਦੋਇ ਮਸੰਦ ਬਿਲੰਦ।
ਨਾਮ ਬਖਤ ਮਲ, ਤਾਰਾ ਚੰਦ ॥੪॥
ਪ੍ਰਥਮ ਸਿਵਰ ਕਰਿ ਕੈ ਸ਼ੁਭ ਥਾਨ।
ਕਰ ਪਦ ਬਦਨ ਪਖਾਰੇ ਪਾਨ[1]। [1]ਪਾਣੀ ਨਾਲ।
ਨਿਜ ਨਿਜ ਭੇਟ ਲੀਏ ਕਰ ਨੀਕੀ।
ਕਰਨਿ ਭਾਵਨਾ ਪੂਰਨ ਜੀ ਕੀ ॥੫॥
ਸਤਿਗੁਰ ਕੇ ਦਰਸ਼ਨ ਕੋ ਚਾਲੇ।
ਜਿਸ ਹਿਤ ਗਮਨੇ ਪੰਥ ਬਿਸਾਲੇ।
ਸ਼੍ਰੀ ਹਰਿਗੋਵਿੰਦ ਸਭਾ ਲਗਾਏ।
ਜਨੁ ਉਡਗਨ ਮਹਿਂ ਚੰਦ ਸੁਹਾਏ ॥੬॥
ਸਿੱਖ ਸੁਰਨਿ ਮਹਿਂ ਇੰਦ੍ਰ ਸਮਾਨਾ।
ਕੈ ਜਾਦਵ ਮਹਿਂ ਸ਼੍ਰੀ ਭਗਵਾਨਾ।
ਚਹੁੰਦਿਸ਼ਿ ਕਰਿ ਜੋਰਤਿ ਨਰ ਖਰੇ।
ਬੰਦਨ ਹੋਤਿ ਦ੍ਰਿਸ਼ਟਿ ਜਿਤ ਕਰੈਂ ॥੭॥

ਰਿਦੈ ਗਜਾਨ ਘਨ ਅੰਤਰਜਾਮੀ।
ਵਹਿਰ ਕ੍ਰਿਤ ਨਰਪਤਿ ਜਿਮ ਸ੍ਵਾਮੀ[1]।
ਚਮਰ ਚਾਰੁ ਢੋਰਤਿ ਹੈਂ ਖਰੇ।
ਅੱਗ੍ਰ ਅਰਦਾਸ ਮੇਵਰੋ ਕਰੇ ॥੮॥
ਜਿਤ ਦਿਸ਼ਿ ਕੀ ਸੰਗਤਿ ਲੇ ਨਾਮ।
ਕਰਹਿਂ ਬਿਲੋਚਨ ਤਿਤ ਅਭਿਰਾਮ।
ਇਤਨੇ ਮਹਿਂ ਦੋਨਹੁ ਚਲਿ ਆਏ।
ਜਿਨ ਕੇ ਥੂਲ ਦੇਹਿ ਦ੍ਰਿਸ਼ਟਾਏ ॥੯॥
ਜੋਰਤਿ ਹਾਥਨਿ ਆਇ ਅਗਾਰੀ।
ਮਨੁਜ ਹਜ਼ਾਰਹੁਂ ਸਿੱਖ ਪਿਛਾਰੀ।
ਚਰਨ ਕਮਲ ਪਰ ਸਿਰ ਨਿਜ ਧਾਰੇ।
ਹਾਥਨਿ ਸਾਥ ਪਲੋਸਤਿ ਪਜਾਰੇ ॥੧੦॥
ਤਿਮ ਹੀ ਸਭਿ ਸੰਗਤਿ ਪਰ ਪਾਇਨ[1]।
ਅਪਨੀ ਅਪਨੀ ਅਰਪਿ ਉਪਾਇਨ।
-ਸਫਲ ਬਿਲੋਚਨ ਕਰਤਿ ਨਿਹਾਰੇ।
ਨਹਿਂ ਤ੍ਰਿਪਤਹਿਂ ਹੋਵਤਿ ਬਲਿਹਾਰੇ ॥੧੧॥
'ਧੰਨ ਧੰਨ' ਚਹੁੰਦਿਸ਼ਿ ਤੇ ਕਰੈਂ।
'ਹਲਤਿ ਪਲਤਿ ਕੇ ਰੱਖਜਕ ਅਹੈਂ।'
ਜੁਗਲ ਮਸੰਦਨ ਕੇ ਜੁਤਿ ਬੈਸੇ।
ਬ੍ਰਿੰਦ ਚਕੋਰ ਚੰਦ ਪਿਖਿ ਜੈਸੇ ॥੧੨॥
ਬੂਝੀ ਸਤਿਗੁਰ ਕੁਸ਼ਲ ਬਤਾਈ।
ਮਨੋ ਕਾਮਨਾ ਸਭਿ ਨੇ ਪਾਈ।
ਦ੍ਰਿਸ਼ਟਿ ਮਿਹਰ ਕੀ ਤਿਨ ਪਰ ਡਾਰੀ।
ਖੁਸ਼ੀ ਕਰੀ ਸੰਗਤਿ ਲਖਿ ਪਜਾਰੀ ॥੧੩॥
ਜਿਨ ਕੇ ਰਿਦੈ ਪ੍ਰੇਮ ਨਹਿਂ ਥੋਰਾ।
ਬਾਰ ਬਾਰ ਪਿਖਿ ਸਭਿ ਕੀ ਓਰਾ।
ਬੂਝਜੋ ਬਹੁਰ ਮਸੰਦਨ ਸੰਗ।
'ਕਹਹੁ ਸਕਲ ਜਸ ਪੰਥ ਪ੍ਰਸੰਗ ॥੧੪॥
ਕੌਨ ਦੇਸ਼ ਕੋ ਚਲਿ ਕਰਿ ਆਏ?

[1]ਬਾਹਰਲੀ ਕ੍ਰਿਆ ਸ੍ਵਾਮੀ (ਸ਼੍ਰੀ ਗੁਰੂ) ਜੀ ਦੀ ਰਾਜਿਆਂ ਵਾਂਙ ਹੈ।

[1]ਚਰਣੀ ਪਈ।

ਸ਼੍ਰੀ ਅੰਮ੍ਰਿਤਸਰ ਕੋ ਦਰਸਾਏ?
ਕਿਧੌਂ ਅਪਰ ਹੀ ਮਾਰਗ ਆਏ?
ਤੁਮ ਤੇ ਸੁਧਿ ਚਾਹਤਿ ਹੈਂ ਪਾਏ' ॥੧੫॥
ਸੁਨਤਿ ਬਖਤ ਮਲ ਤਾਰਾ ਚੰਦ।
ਦੁੰਦ ਮਸੰਦ ਕਹਤਿ ਕਰ ਬੰਦਿ।
'ਕ੍ਰਿਪਾ ਨਿਧਾਨ! ਸੁਨੀਜਹਿ ਅਰਜ਼ੀ।
ਭਈ ਜਥਾ ਸਭਿ ਸੰਗਤਿ ਮਰਜ਼ੀ ॥੧੬॥
ਸੂਧੇ ਮਗ ਲਵਪੁਰਿ ਕੋ ਆਏ।
ਹਟਤਿ ਚਹਤਿ ਅੰਮ੍ਰਤਸਰ ਜਾਏ[1]।
ਰਾਵਰ ਕੋ ਦਰਸ਼ਨ ਬਹੁ ਚਾਹਾ।
ਇਸੀ ਹੇਤੁ ਪੂਰਬ ਤੁਮ ਪਾਹਾ' ॥੧੭॥
ਇੱਤਜਾਦਿਕ ਪ੍ਰਸੰਗ ਮਗ ਕੇਰਾ।
ਸੁਨਿ ਬੋਲੇ ਸਤਿਗੁਰ ਤਿਸ ਬੇਰਾ।
'ਲਵਪੁਰਿ ਸ਼ਾਹਜਹਾਂ ਕੀ ਬਾਤ।
ਕਿਮ ਦੇਖੀ ਕਹੀਯਹਿ ਬੱਖਜਾਤ?
॥੧੮॥
ਕਿਤਿਕ ਬਾਹਿਨੀ ਬਾਹਰ ਪਰੀ?
ਕੇਤਿਕ ਤੀਰ[1] ਬਿਲੋਕਨ ਕਰੀ?'
ਜੁਗਲ ਮਸੰਦ ਕਹਨਿ ਪੁਨ ਲਾਗੇ।
'ਜਥਾ ਪਿਖੀ ਸੋ ਕਹਿਂ ਤੁਮ ਆਗੇ
॥੧੯॥
ਜਿਸ ਦਿਨ ਹਮ ਲਵਪੁਰਿ ਮਹਿਂ ਆਏ।
ਡੇਰਾ ਕੀਨਿ ਦੇਖਿ ਸ਼ੁਭ ਥਾਏਂ।
ਤੁਰਕਨ ਤੇ ਹਮ ਤਬਹੂੰ ਸੁਨਜੋ।
-ਹੈ ਬਕਰੀਦ ਪ੍ਰਾਤਿ ਕੋ- ਭਨਜੋ ॥੨੦॥
-ਸ਼ਾਹਜਹਾਂ ਨਿਕਸਹਿਗੇ ਬਾਹਰ।
ਕਰਹਿ ਨਿਵਾਜ[1] ਸਭਿਨਿ ਮਹਿਂ ਜ਼ਾਹਰ।
ਬ੍ਰਿੰਦ ਗ੍ਰਾਮ ਕੇ ਨਰ ਸਮੁਦਾਏ।
ਸ਼ਾਹੁ ਬਿਲੋਕਨ ਕੇ ਹਿਤ ਆਏ- ॥੨੧॥
ਤਬਿ ਸੁਨਿ ਕੈ ਸੰਗਤਿ ਕਹਿ ਬਾਤ।
-ਨਿਕਸਤਿ ਸ਼ਾਹੁ ਨਿਹਾਰਹੁ ਪ੍ਰਾਤਿ-।
ਪੁਰਿ ਮਹਿਂ ਬਸ ਕਰਿ ਨਿਸਾ ਬਿਤਾਈ।

[1]ਮੁੜਦਿਆਂ ਚਾਹੁੰਦੇ ਹਾਂ ਅੰਮ੍ਰਿਤਸਰ ਜਾਣਾ।
[1]ਪਾਸ।
[1]ਭਾਵ ਨਿਮਾਜ਼ ਪੜ੍ਹੇਗਾ।

ਜਾਗੇ ਸਗਲ ਭੋਰ ਹੁਇ ਆਈ ॥੨੨॥
ਸਮਾਂ ਭਯੋ ਨਿਕਸਨਿ ਕੋ ਸ਼ਾਹੂ।
ਲੋਕ ਹਜ਼ਾਰਹੁੰ ਮਿਲੇ ਉਮਾਹੂ।
ਸੁੰਦਰ ਤੁੰਗ ਮਤੰਗ[1] ਸੰਗਾਰੇ।
ਕੰਚਨ ਜਰਤਿ ਸ਼੍ਰਿੰਖਲਾ[1] ਡਾਰੇ ॥੨੩॥
ਝਾਲਰ ਜ਼ਰੀ ਝੂਲ ਝਮਕੰਤੇ।
ਹੌਦਾ ਅੰਬਾਰੀ ਦਮਕੰਤੇ।
ਗਜ ਗਾਹਨਿ[1] ਜਿਨ ਕੇ ਲਟਕੰਤੀ।
ਰੇਸ਼ਮ ਕੀ ਡੋਰੈਂ ਦੁਤਿਵੰਤੀ ॥੨੪॥
ਗਿਨਤੀ ਕੁਛ ਨ ਚਮੂੰ ਕੀ ਆਈ।
ਇਤ ਉਤ ਤੇ ਬਹੁਤੀ ਉਮਡਾਈ।
ਬਹੁਰ ਸ਼ਾਹੁ ਕੇ ਕੋਤਲ ਆਏ।
ਰੇਸ਼ਮ ਜ਼ਰੀ ਡੋਰ ਡੁਰਿਆਏ[1] ॥੨੫॥
ਜ਼ੀਨ ਅਨੇਕ ਭਾਂਤਿ ਕੇ ਸੋਹੈਂ।
ਰਤਨ ਖਚਤਿ ਦਮਕਤਿ ਮਨ ਮੋਹੈਂ।
ਚਾਂਮੀਕਰ ਕੇ ਚਮਕਤਿ ਚਾਰੂ।
ਬਲੀ ਚਪਲ ਤਨ ਪੀਨ ਉਦਾਰੂ ॥੨੬॥
ਥਈ ਥਈ ਕਰਿ ਨਚਿ ਥਲ[1] ਚਾਲਤਿ।
ਅਧਿਕ ਉਤਾਇਲ ਲੇ ਪਗ ਡਾਲਤਿ।
ਨਿਕਸ੍ਯੋ ਸ਼ਾਹੁਜਹਾਂ ਤਬਿ ਬਾਹਿਰ।
ਸਭਿਨਿ ਬਿਲੋਕ੍ਯੋ ਮਗ ਮਹਿਂ ਜ਼ਾਹਿਰ ॥੨੭॥
ਦੋਇ ਤੁਰੰਗ ਚਲਤਿ ਭੇ ਆਗੇ।
ਜਿਨ ਕੇ ਸਾਥ ਮਹਾਂ ਅਨੁਰਾਗੇ[1]।
ਨਿਜ ਆਂਖਨਿ ਕੇ ਆਗੇ ਰਾਖਹਿ।
ਮਗ ਮਹਿਂ ਬਿਛੁਰਨ ਨਹਿਂ ਅਭਿਲਾਖਹਿ ॥੨੮॥
ਤਹਾਂ ਲੋਕ ਹਮ ਪੂਛੇ ਜਬੈ।
ਭਾਖੇ ਗੁਨ ਅਰੁ ਕੀਮਤ ਸਬੈ।
ਮਨਹੁਂ ਕਾਮ ਕਾਰੀਗਰ ਹੋਇ[1]।
ਘਰੀ[1] ਸੁ ਮੂਰਿਤ ਸੁੰਦਰ ਦੋਇ ॥੨੯॥

[1]ਉੱਚੇ ਹਾਥੀ।
[1]ਸੰਗਲ।
[1]ਅਰਥ ਲਈ ਦੇਖੋ ਰਾਸ ੬ ਅੰਸੂ ੩੯ ਅੰਕ ੩੫ ਵਿਚ ਆਏ ਪਦ 'ਗੰਜਗਾਹ' ਦਾ ਪ੍ਰਯਾਯ।
[1]ਰੇਸ਼ਮ ਤੇ ਜ਼ਰੀ ਦੀਆਂ ਬਾਗ ਡੋਰਾਂ ਨਾਲ ਲਿਜਾਏ ਜਾ ਰਹੇ ਸਨ। [ਹਿੰਦੀ. ਡੋਰਿ ਜਾਨਾ]
[1]ਠੁਮਕ ਠੁਮਕ ਕੇ ਨਚਦੇ ਜ਼ਿਮੀਂ ਤੇ ਚਲਦੇ ਸਨ।
[1]ਬੜਾ ਪਿਆਰ ਹੈ (ਸ਼ਾਹ ਦਾ)।
[1]ਮਾਨੋ ਕਾਮਦੇਵ ਨੇ ਕਾਰੀਗਰ ਬਣਕੇ।
[1]ਘੜੀਆਂ ਹਨ।

ਹਮਰੀ ਮਤਿ ਮੈਂ ਤਬਿ ਇਮ ਆਵੈ।
ਪਿਖਹਿ ਇੰਦ੍ਰ ਤੌ ਚਿਤ ਬਿਰਮਾਵੈ।
ਤਿਨ ਕੇ ਗੁਨ ਕਿਛੁ ਗਿਨੇ ਨ ਜਾਈ।
ਸੁਨੇ ਕਹਿਤ ਨਰ, ਹਯ ਦਰਿਆਈ[1] ॥੩੦॥

[1]ਦਰਿਆਈ ਘੋੜੇ।

ਇਕ ਗੁਲਬਾਗ, ਦੁਤਿਯ ਦਿਲਬਾਗ।
ਸੁਨੇ ਨਾਮ ਉਪਜਹਿ ਅਨੁਰਾਗ[1]।
ਭਰੇ ਨਦੀ ਨਦ ਹੋਵਤਿ ਪਾਰ।
ਨਹਿ ਭੀਗਨਿ ਦੇਂ ਜਲ ਅਸੁਵਾਰ ॥੩੧॥

[1]ਨਾਉਂ ਸੁਣਨ ਨਾਲ ਹੀ ਪਿਆਰ ਫੁੱਟ ਪੈਂਦਾ ਹੈ।

ਛਿਤ ਪਰ ਚਰਣ ਰਖਹਿਂ ਕੈ ਨਾਂਹੀ।
ਲਖੇ ਨ ਪਰਹਿਂ[1] ਚਲਤਿ ਮਗ ਮਾਂਹੀ।
ਘਨੀ ਆਰਜਾ ਹਮਹੁੰ ਬਿਤਾਈ।
ਅਸ ਅਸੁ[1] ਪਿਖੇ ਨਹੀਂ ਕਿਸ ਥਾਈਂ ॥੩੨॥

[1]ਪ੍ਰਤੀਤ ਨਹੀਂ ਹੁੰਦੇ।

[1]ਐਸੇ ਘੋੜੇ।

ਪਿਖਿ ਸੰਗਤਿ ਆਨੰਦਤਿ ਹੋਈ।
ਕਹਜੋ -ਗੁਰੂ ਢਿਗ ਚਹੀਅਤਿ ਦੋਈ।
ਜਿਨ ਕੇ ਚਿਤ ਮਹਿਂ ਸ਼ੌਕ ਬਿਸਾਲਾ।
ਚਢਹਿ, ਕਰਹਿਂ ਰਣ ਰਿਪੁਨਿ ਕਰਾਲਾ ॥੩੩॥
ਤੁਰਕੇਸ਼ੁਰ ਢਿਗ ਹੈ ਤੋ ਸਹੀ।
ਲਰਨ ਅਰੂਢਨ ਜਾਨਹਿ ਨਹੀਂ।
ਸ੍ਰੀ ਸਤਿਗੁਰ ਕੋ ਡੀਲ ਬਡੇਰੋ।
ਹੋਹਿਂ ਅਰੂਢਨ ਸ਼ੁਭਹਿਂ ਘਨੇਰੋ ॥੩੪॥
ਚਢਿ ਸੰਗਤਿ ਕੋ ਦਰਸ਼ਨ ਦੈ ਹੈਂ।
ਸਭਿ ਸਿੱਖਨਿ ਆਨੰਦ ਉਪਜੈ ਹੈਂ-।
ਹਮ ਸੁਨਿ ਕੈ ਸਭਿ ਕੇ ਸੰਗ ਕਹੀ।
-ਚਹੈਂ ਜਿ ਗੁਰੂ ਕਠਨ ਕੁਛ ਨਹੀਂ- ॥੩੫॥
ਨਿਸ਼ਚੇ ਉਚਿਤ ਤੁਮਾਰੇ ਅਹੈਂ।
ਸਿਖ ਸੰਗਤਿ ਸਗਰੇ ਹੀ ਕਹੈਂ।
ਸ੍ਰੀ ਗੁਰ ਜੀ ! ਜਬਿ ਦੇਖਹੁ ਤਿਨ ਕੋ।
ਲਖਹੁ ਤਬਹਿ ਸੁਖ ਹੁਇ ਜਿਮ ਮਨ ਕੋ'

॥੩੬॥
ਇੱਤਜਾਦਿਕ ਗੁਨ ਕਹਿ ਸਮੁਦਾਏ।
ਜਯੋਂ ਕਯੋਂ ਕਰਿ ਸ਼੍ਰੀ ਗੁਰ ਬਿਰਮਾਏ[1]।
ਇਮ ਪ੍ਰਸੰਗ ਕਰਿ ਸਰਬ ਸੁਨਾਯੋ।
ਸੰਗਤਿ ਸਿਵਰ ਕਿਤਿਕ ਦਿਨ ਛਾਯੋ
॥੩੭॥
ਜਬਿ ਗੁਰ ਢਿਗ ਬੈਠਤਿ ਹੈਂ ਜਾਇ।
ਜੁਗਮ ਤੁਰੰਗ ਪ੍ਰਸੰਗ ਚਲਾਇੰ।
'ਤਿਨ ਸਮਾਨ ਜਗ ਮਹਿਂ ਕਿਤ ਨਾਂਹੀ।
ਫਿਰੀਅਹਿ ਦੇਸ਼ ਬਿਦੇਸ਼ ਜਿ ਮਾਂਹੀ
॥੩੮॥
ਉਚਿਤ ਆਪ ਕੇ ਸਭਿ ਹੂੰ ਜਾਨੇ।
ਚਪਲ ਚਲਾਕ ਚਾਰੁ ਪਹਿਚਾਨੇ।'
ਇਮ ਕਹਿ ਕਰਿ ਗੁਰੁ ਨਿਕਟਿ ਸੁਨਾਵੈਂ।
-ਅਹੈਂ ਜਥਾਰਥ- ਸੁਨਿ ਹੁਲਸਾਵੈਂ
॥੩੯॥
ਕੇਤਿਕ ਦਿਨ ਗੁਰ ਨਿਕਟਿ ਗੁਜ਼ਾਰੇ।
ਚਲਨਿ ਸਦਨ ਕੋ ਉਮਗੇ ਸਾਰੇ।
ਜਥਾਜੋਗ ਸਿਰੁਪਾਉਨਿ ਦੀਨਿ।
ਸੰਗਤਿ ਸਗਲ ਬਿਸਰਜਨ ਕੀਨਿ
॥੪੦॥
ਮਨੋ ਕਾਮਨਾ ਪਾਇ ਪਯਾਨੇ।
ਮਾਰਗ ਮਹਿਂ ਗੁਰ ਸੁਜਸ ਬਖਾਨੇ।
ਬਾਪੀ ਮੱਜੇ ਗੋਇੰਦਵਾਲ।
ਦਰਸ ਖਡੂਰ ਸੁ ਪੁੰਨ ਬਿਸਾਲ ॥੪੧॥
ਜਾਇ ਤਰਨ ਤਾਰਨ ਇਸ਼ਨਾਨੇ।
ਬਹੁਰ ਸੁਧਾਸਰ ਮੱਜਨ ਠਾਨੇ।
ਜਥਾ ਸ਼ਕਤਿ ਅਰਦਾਸ ਕਰਾਇ।
ਕਿਤਿਕ ਦਿਵਸ ਰਹਿ ਕਰਿ ਹਰਖਾਇ
॥੪੨॥
ਕਾਬਲ ਕੋ ਸੰਗਤਿ ਪੁਨ ਗਈ।
ਮਨੋ ਕਾਮਨਾ ਪੂਰਨ ਭਈ।

[1]ਮੋਹਤ ਕਰ ਲਏ।

ਦੇਸ਼ ਬਿਦੇਸ਼ਨ ਗੁਰ ਕੀ ਕੀਰਤਿ।
ਜਿਮ ਦੇਖੀ ਕੀਨੀ ਬਿਸਤੀਰਤਿ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਕਾਬਲ ਸੰਗਤ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

੨੬. [ਦਰਿਆਈ ਘੋੜੇ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਸੁਨਿ ਸਤਿਗੁਰ ਚਿਤ ਚੌਂਪ ਕਰਿ, ਹਯ
ਚਾਹਤਿ ਜਿਮ ਆਇ[1]।
ਰਿਦੇ ਬਿਚਾਰਤਿ ਭੇ ਬਹੁਤ, -ਕਿਸ ਪ੍ਰਕਾਰ
ਕੋ ਲ੍ਯਾਇ? ॥੧॥

ਚੌਪਈ:

ਧਨ ਖਰਚਹਿਂ ਜੇਤੋ ਮਨ ਭਾਵਤਿ।
ਮੋਲ ਦਿਏ ਸੋ ਹਾਥ ਨ ਆਵਤਿ।
ਸ਼ਾਹੁਜਹਾਂ ਕੇ ਕਮੀ ਨ ਕਾਈ।
ਲੇਹਿਂ ਤੁਰੰਗ ਸੁ ਕਵਨ ਉਪਾਈ† ॥੨॥
ਅਤਿ ਪ੍ਰਿਯ ਸ਼ਾਹੁ ਰਖਹਿ ਤਕਰਾਈ।
ਲਾਖਹੁਂ ਭਟ ਨਿਤ ਰਹਤਿ ਸਹਾਈ।
ਜੇ ਕਰਿ ਲਰਹਿਂ ਹਾਥ ਨਹਿਂ ਆਵਤਿ।
ਮਹਾਂ ਦੁਰਗ ਮਹਿਂ ਤਿਨਹਿ ਰਖਾਵਤਿ =
॥੩॥
ਸਭਾ ਬਿਖੈ ਗੁਰ ਬਾਤ ਚਲਾਈ।
ਹਯਨਿ ਪ੍ਰਸੰਸ਼ਾ ਅਧਿਕ ਸੁਨਾਈ।
'ਕਿਮ ਦੇਖਨਿ ਮੈਂ ਆਇਂ ਹਮਾਰੇ?
ਸੁਮਤਿਵੰਤ ਸਭਿ ਕਰਹੁ ਬਿਚਾਰੇ?'
॥੪॥
ਚਿਤਵਹਿਂ ਜਤਨ ਅਨੇਕ ਪ੍ਰਕਾਰੀ।
ਤਬਿ ਇਕ ਸਿਖ ਨੇ ਗਿਰਾ ਉਚਾਰੀ।
'ਮਹਾਂਰਾਜ! ਤੁਮ ਸੁਮਤਿ ਨਿਧਾਨੇ।
ਅੱਗ੍ਰ ਆਪ ਕੇ ਕੌਨ ਬਖਾਨੇ ॥੫॥
ਤਊ ਦੇਖੀਯਹਿ ਭਲੇ ਬਿਚਾਰਿ।
ਹੋਇ ਨ ਬਿਨ ਬਿਧੀਏ ਨਿਰਧਾਰ।
ਤੁਮ ਸਹਾਇਤਾ ਪਾਇ ਸੁ ਲ੍ਯਾਵਹਿ।
ਅਪਰ ਉਪਾਇ ਨਹੀਂ ਕਿਮ ਆਵਹਿ
॥੬॥
ਜਿਸ ਬਿਧਿ ਕੀ ਬੁਧਿ ਇਸ ਮਹਿਂ ਅਹੈ।

[1]ਚਾਹੁੰਦੇ ਹਨ ਜਿਵੇਂ ਘੋੜੇ ਆ ਜਾਣ।

†ਹੋਰ ਇਤਿਹਾਸਕਾਰਾਂ ਇਹ ਘੋੜੇ ਸਤਿਗੁਰ ਲਈ ਆਏ ਹੋਏ 'ਹਾਕਮਾਂ ਨੇ ਖੋਹ ਲਏ' ਦੱਸੇ ਹਨ।

ਸਕਲ ਜਗਤ ਨਰ ਦੁਸਕਰ ਲਹੈਂ।
ਜਿਮ ਤਿਨ ਹਯਨਿ ਸਮਾਨ ਨ ਹੋਈ।
ਤਿਮ ਲਜਾਵਨਿ ਇਸ ਸਮ ਨਹਿਂ ਕੋਈ
॥ ੭ ॥
ਤੁਮ ਸਮ ਨਹੀਂ ਸਹਾਇਕ ਦੂਵਾ।
ਤੀਨਹੁੰ ਮੇਲ ਏਕ ਸਮ ਹੂਵਾ।
ਜੇ ਕਰਿ ਲਜਾਵਹਿ ਹਯ ਬਲ ਭਾਰੀ।
ਅਚਰਜ ਬਿਥਰਹਿ ਜਗਤ ਮਝਾਰੀ'
॥ ੮ ॥
ਸੁਨਿ ਗੁਰੁ ਬਿਧੀਏ ਓਰ ਨਿਹਾਰਾ।
'ਹਯ ਗੁਨ ਸੁਨਿ ਮਨ ਹਰਜੋ ਹਮਾਰਾ।
ਜਜੋਂ ਕਜੋਂ ਕਰਹੁ ਦਿਖਾਵਨ ਸੋਈ।

ਮਹਿਮਾਂ ਪ੍ਰਕਾਸ਼ ਗ੍ਰੰਥ ਵਿਚ ਇਨ੍ਹਾਂ ਦੋਨਾਂ ਸ਼ਾਹੀ ਮਲਕੀਅਤ ਦੇ ਘੋੜਿਆਂ ਦੇ ਲਿਆਉਣ ਦਾ ਕੋਈ ਜ਼ਿਕਰ ਨਹੀਂ, ਸਾਖੀ ੧੫੪ ਵਿਚ ਲਿਖਿਆ ਹੈ ਕਿ ਕਾਬਲ ਦੀ ਸੰਗਤ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਲਈ ਇਰਾਕੀ ਘੋੜਾ ਆਂਦਾ ਸੀ ਜਿਸਨੂੰ ਬਾਦਸ਼ਾਹ ਨੇ ਰਸਤੇ ਵਿਚ ਹੀ ਸਿੱਖਾਂ ਤੋਂ ਖੋਹ ਲਿਆ। ਸਤਿਗੁਰੂ ਜੀ ਨੂੰ ਜਦ ਬਾਦਸ਼ਾਹ ਦੀ ਇੰਜ ਸੀਨਾਜ਼ੋਰੀ ਤੇ ਅਨਿਆਇ ਦੀ ਖ਼ਬਰ ਮਿਲੀ ਤਦ ਆਪ ਨੇ ਬਿਧੀਏ ਨੂੰ ਭੇਜਕੇ ਅਪਨਾ ਘੋੜਾ ਮੰਗਾ ਲਿਆ। ਵਾਰਤਕ ਮਹਿਮਾਂ ਪ੍ਰਕਾਸ਼ ਵਿਚ ਬੀ ਇਹੋ ਸਾਖੀ ਆਈ ਹੈ ਕਿ ਵਿਲਾਇਤ ਦੇ ਸਿੱਖਾਂ ਇਕ ਇਰਾਕੀ ਘੋੜਾ ਵੱਡੇ ਜਤਨ ਨਾਲ ਹਾਸਲ ਕਰਕੇ ਆਂਦਾ, ਰਾਹ ਵਿੱਚ ਬਾਦਸ਼ਾਹੀ ਲੋਕਾਂ ਨੇ ਸਿੱਖਾਂ ਪਾਸੋਂ ਘੋੜਾ ਛੀਨ ਲੀਤਾ, ਤੇ ਬਾਦਸ਼ਾਹ ਨੂੰ ਦਿੱਤਾ। ਉਨ੍ਹਾਂ ਸਿੱਖਾਂ ਗੁਰੂ ਜੀ ਪਾਸ ਆ ਫਰਿਆਦ ਕੀਤੀ, ਤਾਂ ਗੁਰੂ ਜੀ ਨੇ ਬਿਧੀ ਚੰਦ ਨੂੰ ਘੱਲਿਆ। ਬਿਧੀ ਚੰਦ ਚਾਬਕ ਸੁਵਾਰ ਬਣਕੇ ਨੌਕਰ ਜਾ ਰਿਹਾ ਤੇ ਸਮਾਂ ਪਾਕੇ ਘੋੜਾ ਲੈ ਆਇਆ। ਇਸ ਵਿਚ ਇਕ ਘੋੜੇ ਦਾ ਜ਼ਿਕਰ ਹੈ ਤੇ ਉਹ ਘੋੜਾ ਗੁਰੂ ਜੀ ਦੇ ਸਿੱਖ ਲਿਆਏ ਸਨ, ਹਾਕਮਾਂ ਵੱਲੋਂ ਜਬਰੀ ਖੋਹਿਆ ਗਿਆ ਸੀ ਤੇ ਬਿਧੀ ਚੰਦ ਨੇ ਓਸ ਜਬਰੀ ਨੂੰ ਲਤ ਮਾਰ ਕੇ ਘੋੜਾ ਲੈ ਆਂਦਾ। ਦਬਿਸਤਾਨ ਮਜ਼ਾਹਬ (ਫਾਰਸੀ) ਵਿਚ ਇਨ੍ਹਾਂ ਘੋੜਿਆਂ ਦਾ ਜ਼ਿਕਰ ਨਹੀਂ ਆਇਆ।

ਇਤਿਹਾਸ ਗੁਰੂ ਖਾਲਸਾ, ਤਵਾਰੀਖ ਖਾਲਸਾ (ਹਿੰਦੀ) ਤੇ ਤਵਾ: ਸ: ਖਜ਼ਾਨ ਸਿੰਘ ਵਿਚ ਲਿਖਿਆ ਹੈ ਕਿ ਇਕ ਸਿੱਖ ਸੁਦਾਗਰ ਕਾਬਲੋਂ ਦੋ ਘੋੜੇ ਗੁਰੂ ਜੀ ਵਾਸਤੇ ਲਿਆਇਆ ਜੋ ਲਾਹੌਰ ਦੇ ਸੂਬੇ ਨੇ ਜਬਰਨ ਖੋਹ ਲਏ। ਮੈਕਾਲਫ਼ ਨੇ ਲਿਖਿਆ ਹੈ ਕਿ ਬਖਤਮਲ ਤਾਰਾ ਚੰਦ ਦੋ ਮਸੰਦਾਂ ਦੇ ਨਾਲ ਕਾਬਲ ਦੀ ਸੰਗਤ ਆ ਰਹੀ ਸੀ, ਸੰਗਤ ਪਾਸ ਦੋ ਘੋੜੇ ਸਤਿਗੁਰਾਂ ਵਾਸਤੇ ਸਨ, ਜੋ ਪਾਤਸ਼ਾਹੀ ਕਾਰਦਾਰਾਂ ਨੇ ਜਬਰਨ ਖੋਹ ਲਏ ਸਨ। ਇਹੋ ਖੁੱਸੇ ਘੋੜੇ ਬਿਧੀ ਚੰਦ ਨੇ ਆਂਦੇ ਦੱਸੇ ਹਨ। 'ਅਨਿਆਇ ਨੂੰ ਤੋੜਨ ਦੀ' ਗੁਰੂ ਘਰ ਦੀ ਰੀਤੀ ਤਾਂ ਛੇਵੇਂ ਗੁਰਾਂ ਨੇ ਅਰੰਭ ਕੀਤੀ ਸੀ, ਪਰ ਬਿਨ ਹਕ ਆਪ ਕਦੇ ਕਿਸੇ ਸ਼ੈ ਦੇ ਰਵਾਦਾਰ ਨਹੀਂ ਹੁੰਦੇ ਸੇ। ਜਾਪਦਾ ਹੈ ਕਿ ਕਵੀ ਜੀ ਦੀ ਨਜ਼ਰੋਂ ਮਹਿਮਾਂ ਪ੍ਰਕਾਸ਼ ਦੀ ਇਹ ਗੱਲ ਕਿ ਓਹ ਘੋੜਾ ਗੁਰੂ ਜੀ ਦਾ ਕਾਬਲ ਦੀ ਸੰਗਤ ਲਿਆਈ ਸੀ ਤੇ ਹਾਕਮਾਂ ਨੇ ਜਬਰੀ ਖੋਹ ਲਿਆ ਸੀ, ਉੱਕ ਗਈ ਹੈ, ਯਾ ਘੋੜੇ ਦੇ ਇਸ ਹਿੱਸੇ ਦੇ ਪ੍ਰਸੰਗ ਦਾ ਪੱਤ੍ਰਾ ਖਰੜੇ ਵਿਚ ਹੇਠ ਉੱਤੇ ਹੋ ਕੇ ਰਹਿ ਗਿਆ; ਯਾ ਕਿਵੇਂ ਕੁਛ ਹਸਤਾਖੇਪ ਹੋ ਗਿਆ, ਕਿਉਂਕਿ ਕਾਬਲ ਦੀ ਸੰਗਤ ਦਾ ਆਉਣਾ, ਘੋੜੇ ਦੀ ਮਹਿਮਾਂ ਕਹਿਣੀ ਆਪ ਬੀ ਲਿਖਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਅਕਾਰਣ ਮਸੰਦਾਂ ਨੂੰ ਇੰਨੀ ਮਹਿਮਾਂ ਕਰਨ ਦੀ ਕੀਹ ਲੋੜ ਸੀ? ਫਿਰ ਦੇਖੋ ਅੰਸੂ ੩੨, ਅੰਕ ੩੬ ਵਿਚ ਬਿਧੀ ਚੰਦ ਗੁਰੂ ਜੀ ਨੂੰ ਆਖਦਾ ਹੈ, 'ਅਪਨੀ ਵਸਤ ਆਪ ਅਨਵਾਈ', ਯਾਨੇ ਘੋੜੇ ਗੁਰੂ ਜੀ ਦੇ ਹੀ ਸਨ। ਫਿਰ ਸੋਚੋ ਗੁਰੂ ਜੀ ਨੂੰ ਘੋੜੇ ਦੀ ਕੀਹ ਪਕੜ ਹੋ ਸਕਦੀ ਸੀ, ਜਿਨ੍ਹਾਂ ਪਾਸ ਚੰਗੇ ਤੋਂ ਚੰਗੇ ਘੋੜੇ ਸਨ, ਤੇ ਆ ਸਕਦੇ ਸਨ। ਸੋ ਪਾਠਕਾਂ ਨੂੰ ਇਹ ਸਮਝਕੇ ਅੱਗੇ ਟੁਰਨਾਂ ਚਾਹੀਦਾ ਹੈ ਕਿ ਘੋੜਾ ਸਤਿਗੁਰ ਜੀ ਲਈ ਆਇਆ ਸੀ, ਸੰਗਤ ਲਿਆਈ

ਸੀ, ਪਾਤਸ਼ਾਹ ਦਾ ਉਸ ਨੂੰ ਖੱਸ ਲੈਣਾ ਅਨੀਤੀ ਸੀ। ਉਸ ਅਨੀਤੀ ਨੂੰ ਦਰੁਸਤ ਕਰ ਦੇਣਾ ਹੀ ਸੰਗਤ ਦੀ ਸ਼ੈ ਪਾਤਸ਼ਾਹ ਦੇ ਘਰੋਂ ਬੀ ਮੰਗਾ ਲੈਣੀ, ਇਕ ਨਿਰਭੈਤਾ ਸਿਖਾਲਣ ਦਾ ਪ੍ਰਯੋਜਨ ਸੀ। ਮਿਸਾਲ ਲਈ ਦੇਖੋ ਕਿ ਜੰਗ ਵਿਚ ਹਾਰੇ ਲਸ਼ਕਰ ਦਾ ਸਾਮਾਨ, ਹਥਿਆਰ, ਦੌਲਤ, ਘੋੜੇ ਲੈ ਲੈਣੇ ਹਰ ਕੌਮ ਨੇ ਰਵਾ ਸਮਝੇ ਹਨ, ਪਰ ਗੁਰੂ ਹਰਿਗੋਬਿੰਦ ਜੀ ਨੇ ਮਾਲਵੇ ਵਿਚ ਹੋਏ ਜੰਗ ਵਿਚ ਹਾਰੇ ਵੈਰੀ ਦੀ ਕਿਸੇ ਸ਼ੈ ਨੂੰ ਲੈਣੋਂ ਫੌਜਾਂ ਨੂੰ ਰੋਕ ਦਿੱਤਾ ਸੀ (ਦੇਖੋ ਇਸੇ ਰਾਸਿ ਦਾ ਅੰਸੂ ੫੪ ਅੰਕ ੧੪ ਅਤੇ ਅੰਕ ੨੮)। ਇਹ ਕਦ ਹੋ ਸਕਦਾ ਹੈ ਕਿ ਉਹ ਪਾਤਸ਼ਾਹ ਦੀ ਮਲਕੀਅਤ ਦਾ ਇਕ ਘੋੜਾ ਯਾ ਦੋ ਘੋੜੇ ਮੰਗਵਾਉਂਦੇ।

ਤੁਵ ਸਮਾਨ ਦੂਸਰ ਨਹਿਂ ਕੋਈ ॥੯॥
ਇਹੁ ਕਾਰਜ ਤੁਝ ਤੇ ਬਨਿ ਆਵੈ।'
ਬਿਧੀ ਚੰਦ ਕਰ ਜੋਰਿ ਅਲਾਵੈ।
'ਕਾਰਜ ਕਠਨ ਜਥਾ ਤੁਮ ਜਾਨਹੁ।
ਸਿਧ ਹੁਇ ਰਾਵਰ ਤੇ ਸਭਿ ਮਾਨਹੁਂ ॥੧੦॥
ਮੈਂ ਤੌ ਬਨਿ ਹੌਂ ਏਕ ਬਹਾਨਾ।
ਕਰਹੁ ਕਾਜ ਤੁਮ ਆਪ ਸੁਜਾਨਾ।'
ਸੁਨਿ ਪ੍ਰਸੰਨ ਸ਼੍ਰੀ ਸਤਿਗੁਰ ਹੋਏ।
'ਬਿਧੀਆ! ਤਵ ਮਾਨਿੰਦ ਨ ਕੋਏ ॥੧੧॥
ਰਾਮਚੰਦ ਜਿਮ ਲੰਕ ਪਠਾਵਨ।
ਸਭਿ ਕਪਿ ਮਹਿਂ ਖੋਜਯੋ ਮਨ ਪਾਵਨ।
ਹਨੂਮਾਨ ਬਡ ਸੁਮਤਿ ਪ੍ਰਬੀਨਾ।
ਜਾਇ ਤਹਾਂ ਸਭਿ ਕਾਰਜ ਕੀਨਾ ॥੧੨॥
ਤਸਕਰ ਸਮ ਸਭਿ ਲੋਕ ਨਿਹਾਰੀ।
ਪਿਖਿ ਸੀਤਾ, ਹਤਿ ਰਾਖਸ਼ ਭਾਰੀ[1]।
ਆਗ ਲਗਾਇ ਸਿੰਧੁ ਉਲੰਘਾਵਾ।
ਤਿਮ ਹੀ ਅਬਿ ਕਾਰਜ ਬਨਿ ਆਵਾ ॥੧੩॥
ਅਬਿ ਲੌਂ ਜਸੁ ਜਗ ਮਹਿਂ ਹਨੁਮਾਨਾ।
ਕਾਜ ਕਠਨ ਤਿਮ ਬਨਹਿ ਸਮਾਨਾ।'
ਅਪਨਿ ਪ੍ਰਸ਼ੰਸ਼ਾ ਸੁਨੀ ਬਿਸਾਲਾ।
ਬਿਧੀ ਚੰਦ ਬੋਲਯੋ ਤਿਸ ਕਾਲਾ ॥੧੪॥
'ਸ਼੍ਰੀ ਗੁਰੁ! ਤੁਮ ਸਹਾਇ ਜੇ ਪਾਊਂ।
ਕਹਾਂ ਸ਼ਾਹੁ, ਅਸੁ ਰਵਿ ਕੇ ਲਯਾਊਂ[1]।
ਸੁਨੇ ਬਰੁਨ ਢਿਗ ਸੁੰਦਰ ਘੋਰੇ[1]।

[1]ਭਾਰੀ ਰਾਖਸ਼ਾਂ ਨੂੰ ਮਾਰ ਕੇ ਸੀਤਾ ਨੂੰ ਦੇਖਿਆ।

[1]ਸੂਰਜ ਦੇ ਘੋੜੇ ਲੈ ਆਵਾਂ।

[1]ਸੁਣੀਂਦੇ ਹਨ ਕਿ ਵਰੁਣ ਪਾਸ ਵੀ ਸੁਹਣੇ ਘੋੜੇ ਹਨ।

ਤਹਿਂ ਤੇ ਲਜਾਇ ਸਕੌਂ ਤੁਮ ਜੋਰੇ[1] ॥੧੫॥

ਰਾਵਰ ਕੀ ਸਹਾਇਤਾ ਪਾਇ।
ਕੋ ਅਸ ਕਾਜ ਜੇ ਨ ਬਨਿ ਜਾਇ?'
ਸੁਨਿ ਬਿਧੀਏ ਤੇ ਭਏ ਪ੍ਰਸੰਨ।
'ਹਨੁਮਤ ਸਮ ਤੁਮ, ਕੋ ਨਹਿਂ ਅੰਨ[1] ॥੧੬॥

ਕਲੀਕਾਲ ਕੋ ਜੈਸੋ ਸਮੈਂ।
ਤੈਸੋ ਕਰਨ ਬਨਤਿ ਹੈ ਤੁਮੈਂ।
ਸੋ ਤੁਰੰਗ ਕੋ ਲੇ ਕਰਿ ਆਵਹੁ।
ਅਚਲ ਸੁਜਸੁ ਜਗ ਸ਼ੁਭ ਗਤਿ ਪਾਵਹੁ ॥੧੭॥

ਪੀਛੇ ਗ੍ਰੰਥਨ ਮੈਂ ਤੁਵ ਗਾਥਾ।
ਪਠਹਿਂ ਸੁਨਹਿਂ ਹੁਇ ਅਚਰਜ ਸਾਥਾ।
ਪੁੰਨਜਾਤਮ[1] ਤੇਰੋ ਜਸੁ ਕਰੈਂ[†]।
ਇਹੁ ਕਾਰਜ ਤੁਮ ਬਿਨ ਨਹਿਂ ਸਰੈ' ॥੧੮॥

ਬਹੁ ਅਭਿਲਾਖਾ ਗੁਰ ਕੀ ਜਾਨਿ।
ਬਿਧੀ ਚੰਦ ਹ੍ਵੈ ਕੈ ਸਵਧਾਨ।
-ਪ੍ਰਾਪਤ ਹੋਤਿ ਅਧਿਕ ਬਡਿਆਈ-।
ਭਯੋ ਤਯਾਰ ਨਹਿਂ ਬਿਲਮ ਲਗਾਈ ॥੧੯॥

ਸਨਮੁਖ ਖਰੋ ਹੋਇ ਮਤਿ ਧਾਮੁ[1]।
ਸਰਬ ਗੁਰਨ ਕੇ ਲੇ ਕਰਿ ਨਾਮੁ।
ਹਾਥ ਜੋਰਿ ਕੀਨੀ ਅਰਦਾਸ।
'ਅੰਗ ਸੰਗ ਨਿਤ ਕ੍ਰਿਪਾ ਅਵਾਸ ॥੨੦॥

ਬਾਟ ਘਾਟ ਮਹਿਂ ਬਨਹੁ ਸਹਾਈ।'
ਗੁਰ ਆਗੇ ਤਬਿ ਗ੍ਰੀਵ ਨਿਵਾਈ।
ਚਰਨ ਕਮਲ ਪ੍ਰਿਯ ਪਰਸਨ ਕਰੇ।
ਸਭਿ ਤੇ ਖੁਸ਼ੀ ਲੀਨਿ ਬਲ ਧਰੇ ॥੨੧॥

ਉਰ ਮਹਿਂ ਗੁਰ ਬਸਾਇ ਕਰਿ ਚਾਲਾ।
ਲਵਪੁਰਿ ਕੋ ਸਨਮੁਖ ਤਿਸ ਕਾਲਾ।

[1]ਆਪ ਜੀ ਦੇ (ਬਖਸ਼ੇ) ਜ਼ੋਰ ਨਾਲ।

[1]ਹੋਰ ਕੋਈ ਨਹੀਂ।

[1]ਪਵਿੱਤ੍ਰ ਲੋਕ। [†]ਜੇ ਇਹ ਕੰਮ ਅਪਣਾ ਹੱਕ ਲੈਣ ਦਾ ਨਾ ਹੁੰਦਾ ਤੇ ਚੋਰੀ ਦਾ ਹੁੰਦਾ ਤਾਂ ਇਹ ਕਿਵੇਂ ਕਹਿੰਦੇ ਕਿ ਪੁੰਨਜਾਤਮਾਂ ਤੇਰਾ ਜੱਸ ਕਰਨਗੇ?

[1]ਬੁਧੀਵਾਨ।

ਰਿਦੇ ਬਿਚਾਰਤਿ ਹਰਖਤਿ ਜਾਤੋ[1]।
-ਸਭਿ ਤੇ ਅਧਿਕ ਮੋਹਿ ਗੁਰੁ ਜਾਤੋ ॥੨੨॥

[1]ਜਾਣਿਆਂ ਹੈ।

ਕਰਜੋ ਪ੍ਰਚਾਰਨ ਸਭਾ ਸਮਾਜ[1]।
ਕਜੋਂ ਨ ਕਰੋਂ ਮੈਂ ਦੁਸ਼ਤਰ ਕਾਜ-।
ਤੀਨ ਦਿਵਸ ਮਹਿਂ ਪਹੁੰਚਜੋ ਜਾਈ।
ਪੁਰਿ ਦਰ ਢਿਗ ਅਰਦਾਸ ਅਲਾਈ ॥੨੩॥

[1]ਸਾਰੀ ਸਭਾ ਨੇ ਵੰਗਾਰਨਾ ਕੀਤਾ ਹੈ।

ਸਰਬ ਗੁਰਨਿ ਕੌ ਬੰਦਨ ਕਰੀ।
ਤਤਛਿਨ ਕਿਯੋ ਪ੍ਰਵੇਸ਼ਨ ਪੁਰੀ।
ਕਰਤਿ ਬਿਚਾਰਨ ਅਨਿਕ ਉਪਾਈ।
-ਕਿਮ ਤੁਰੰਗ ਢਿਗ ਪਹੁੰਚੋਂ ਜਾਈ ॥੨੪॥

ਦਿਯੋ ਜਾਇ ਨਹਿਂ ਸੰਨ੍ਹਿ[1] ਕਦਾਈ।
ਗਾਢੀ ਕੰਧ ਰਹਿਤ ਚੁਕਸਾਈ।
ਨਹਿਂ ਓਪਰੋ ਪ੍ਰਵੇਸ਼ਨ ਪਾਵੈ[1]।
ਪੌਰ ਅਨਿਕ ਪਰ ਨਰ ਥਿਰਤਾਵੈਂ ॥੨੫॥

[1]ਸੰਨ੍ਹ, ਪਾੜ।

[1]ਓਪਰਾ ਅੰਦਰ ਵੜ ਨਹੀਂ ਸਕਦਾ।

ਨਿਕਟਿ ਦਰੋਗੇ ਬਨ ਕਰਿ ਦਾਸ।
ਜੇ ਕਰਿ ਰਹੌਂ ਜਾਉਂ ਹਉਂ ਪਾਸ।
ਸੋ ਨਹਿਂ ਰਾਖਹਿ ਬਿਨਾ ਚਿਨਾਰੀ।
ਬਿਨਾ ਰਹੇ ਹੁਇ ਕਾਜ ਨ ਭਾਰੀ ॥੨੬॥
ਯਾਂ ਤੇ ਜਤਨ ਰਹਿਨ ਹਿਤ ਕਰੌਂ।
ਜਿਸ ਤੇ ਅਪਨੀ ਮਨਸਾ ਪੁਰੌਂ-।
ਏਵ ਬਿਚਾਰਤਿ ਪੁਰੀ ਪ੍ਰਵੇਸ਼ਾ।
ਖਾਤੀ ਜੀਵਣ ਸਿੱਖ ਵਿਸ਼ੇਸ਼ਾ ॥੨੭॥
ਤਿਸ ਕੇ ਸਦਨ ਪ੍ਰਵੇਸ਼ਜੋ ਜਾਈ।
ਨਿਕਟਿ ਹੋਇ ਕਹਿ 'ਪਰਨੋ ਪਾਈ[1]।'
ਰਹਤਿ ਗੁਰੂ ਕੇ ਨਿਕਟਿ ਨਿਹਾਰਾ।
ਜੀਵਣ ਉਠਜੋ ਜਾਨਿ ਗੁਰ ਪਜਾਰਾ ॥੨੮॥
ਕਰ ਜੋਰਤਿ ਹੀ ਕਰੀ ਪ੍ਰਣਾਮੂ।

[1]ਪੈਰੀ ਪੈਣਾ।

ਕਹ੍ਯੋ 'ਕਰਹੁ ਪਾਵਨ ਮਮ ਧਾਮੂ।
ਸ਼੍ਰੀ ਸਤਿਗੁਰੂ ਮੁਸਾਹਿਬ ਭਾਰਾ।
ਆਨਿ ਚਰਨ ਮਮ ਘਰ ਮਹਿਂ ਧਾਰਾ'
॥੨੯॥
ਮੰਚ ਡਸਾਇ ਬਸਾਇ ਅਨੰਦ।
ਸਭਿ ਬਿਧਿ ਕੀਨੀ ਸੇਵ ਬਿਲੰਦ।
ਜਲ ਤਾਤੋ ਕਰਿ ਪਾਂਇ ਪਖਾਰੇ।
ਜਥਾਸ਼ਕਤਿ ਕਰਿ ਬਿਬਿਧਿ ਅਹਾਰੇ
॥੩੦॥
ਕਰਿ ਉਰ ਹਰਖ ਪਰਸਪਰ ਬੈਸੇ।
ਕਹਿ ਜੀਵਣ 'ਆਗਵਨੁ ਕੈਸੇ?
ਸ਼੍ਰੀ ਸਤਿਗੁਰ ਕੇ ਕਾਰਜ ਆਏ?
ਕਿਧੌਂ ਚਹੈਂ ਕੁਛ ਅਪਨਿ ਬਨਾਏ?
॥੩੧॥
ਭਾਗ ਬਿਸਾਲ ਪ੍ਰਥਮ ਕੇ ਮੇਰੇ।
ਰਾਵਰ ਕਰ੍ਯੋ ਆਨਿ ਕਰਿ ਡੇਰੇ।'
ਬਿਧੀ ਚੰਦ ਸਭਿ ਗਾਥ ਸੁਨਾਈ।
'ਸਤਿਗੁਰ ਉਚਿਤਿ ਵਸਤੁ ਇਸ ਥਾਈਂ
॥੩੨॥
ਮੈਂ ਜਾਨੌਂ ਕੈ ਤੂੰ ਲਖਿ ਪਾਵਹੁ[1]।
ਨਹੀਂ ਪੰਚਮੇ ਕਰਨ ਸੁਨਾਵਹੁ[1]।
ਬਲੀ ਤੁਰੰਗ ਸ਼ਾਹੁ ਕੇ ਪਜਾਰੇ।
ਹੁਯੋ ਚਹੈਂ ਸ਼੍ਰੀ ਗੁਰ ਅਸਵਾਰੇ ॥੩੩॥
ਕਿਮ ਪਹੁੰਚਹੁਂ ਮੈਂ? ਜੁਗਤਿ ਬਤਾਵਹੁ।
ਕਿਮ ਨਿਕਸਹਿਂ ਸਭਿ ਭੇਦ ਬੁਝਾਵਹੁ।
ਤੂੰ ਪੁਰਿ ਬਸਹਿਂ ਲਖਹਿਂ ਸਭਿ ਕਾਹੂ[1]।
ਕਿਸ ਥਲ ਖਰੇ, ਰਹਿਤ ਕੋ ਪਾਹੂ?
॥੩੪॥
ਕਹਾਂ ਨਾਮ ਜੋ ਰਹੈ ਦਰੋਗਾ?
ਤਕਰਾਈ ਹਿਤ ਕੇਤਿਕ ਲੱਗਾ?'
ਸੁਨਿ ਜੀਵਣ ਮਨ ਮਹਿਂ ਬਿਸਮਾਯੋ।
'ਦੁਸ਼ਤਰ ਕਾਜ ਕਰਨ ਹਿਤ ਆਯੋ

[1]ਤੂੰ ਤੇ ਮੈਂ ਹੀ ਜਾਣੀਏਂ।
[1]ਹੋਰ ਪੰਜਵਾਂ ਕੰਨ (ਤੀਸਰਾ ਆਦਮੀ ਭੇਤ) ਨਾ ਜਾਣੇਂ।
[1]ਸਭ ਕਿਸੇ ਨੂੰ।

॥ ੩੫ ॥
ਸੰਮਨ ਬੁਰਜ ਸ਼ਾਹੁ ਕੋ ਬਾਸਾ।
ਚਪਲ ਤੁਰੰਗਨ ਪਾਸ ਨਿਵਾਸਾ।
ਨਰਨ ਸੈਂਕਰੇ ਕੀ ਰਖਵਾਰੀ।
ਸੇਵਕ ਸੇਵ ਕਰਹਿਂ ਤਿਨ ਭਾਰੀ ॥ ੩੬ ॥
ਪੌਰ ਅਨੇਕਨਿ ਕੇ ਰਹਿਂ ਅੰਤਰ[1]।
ਗਨ ਭਟ ਸ਼ਸਤ੍ਰਨਿ ਸਹਤਿ ਨਿਰੰਤਰ।
ਸੌਂਧੇਖਾਨ ਜੁ ਨਾਮ ਦਰੋਗਾ।
ਜਿਸ ਕੇ ਅਨੁਸਾਰੀ ਬਹੁ ਲੋਗਾ ॥ ੩੭ ॥
ਕਿਸ ਹੀ ਬਿਧਿ ਜੋ ਨਹਿਂ ਬਨਿ ਆਵੈ[1]।
ਤੂੰ ਕਰਿ ਲੇਹਿਂ ਜਿ ਸਤਿਗੁਰ ਭਾਵੈ।
ਅਗਮ ਥਾਨ ਕਿਮ ਪਹੁੰਚਨਿ ਪਾਸ।
ਕਹਾਂ ਸੁ ਲੈ ਕੇ ਜਾਨਿ ਅਵਾਸ[1] ॥ ੩੮ ॥
ਗੁਰ ਦੁਰਗਮ ਕੋ ਸੁਗਮ ਬਨਾਵੈਂ।
ਅਬਲ ਬਲੀ ਕਰਿ ਬਲ ਨਿਬਲਾਵੈ।
ਅਪਰ ਕੌਨ ਪਹੁੰਚਹਿ ਤਹਿਂ ਜਾਈ।
ਹੁਇ ਤਸਕਰ ਲੇ ਚਲਹਿ ਪਲਾਈ'
॥ ੩੯ ॥
ਸੁਨਿ ਬਿਧੀਆ ਕਹਿ 'ਗੁਰੂ ਭਰੋਸੇ।
ਮੈਂ ਚਲਿ ਆਯੋ ਏਤਿਕ ਕੋਸੇ।
ਸਭਿ ਕਾਰਜ ਕਰਿ ਲੇਹਿਂ ਸੁਖਾਰੇ।
ਕਹਾਂ ਹਰਨ ਹਯ ਸ਼ਾਹੁ ਬਿਚਾਰੇ ॥ ੪੦ ॥
ਦੂਬ ਖੁਰਚਨਾ ਇਕ ਕਰਿ ਦੀਜੈ[1]।
-ਪੁਰਹੁ[1] ਮਨੋਰਥ- ਬਾਕ ਕਹੀਜੈ।'
ਜੀਵਣ ਕਹ੍ਯੋ 'ਦੇਉਂ ਕਰਿ ਆਛੇ।
ਅਪਰ ਵਸਤੁ ਲੀਜਹਿ ਚਿਤ ਬਾਂਛੇ'
॥ ੪੧ ॥
ਬਿਧੀਆ ਕਹੇ 'ਅਪਰ ਨਹਿਂ ਚਾਹੂ।
ਬਾਂਛਤਿ ਹੁਤੋ ਕਹ੍ਯੋ ਤੁਵ ਪਾਹੂ।'
ਇਮ ਕਹਿ ਸੁਪਤ੍ਯੋ ਸੁਖ ਕੋ ਪਾਇ।
ਜੀਵਣ ਲਗ੍ਯੋ ਕਰਨਿ ਹਰਖਾਇ ॥ ੪੨ ॥
ਲੇ ਆਛੇ ਲੋਹਾ ਤਿਨ ਘਰ੍ਯੋ।

[1]ਅਨੇਕਾਂ ਡਿਉਢੀਆਂ ਦੇ ਅੰਦਰ ਰਹਿੰਦੇ ਹਨ।

[1]ਜੇ (ਗੱਲ) ਨਹੀਂ ਬਣ ਆਵਣੀ।

[1]ਘੋੜੇ) ਲੈ ਕੇ ਘਰ ਜਾਣਾ ਕਿਵੇਂ ਹੋਵੇ।

[1]ਘਾਹ ਖੋਤ੍ਰਣ ਵਾਲਾ (ਰੰਬਾ) ਇਕ ਬਣਾ ਦੇਹੁ।

[1]ਪੂਰਾ ਹੋਵੇ।

ਦਸਤਾ ਕਾਸ਼ਟ ਕੋ ਕਰਿ ਜਰਯੋ।
ਪ੍ਰਾਤਿ ਹੋਤਿ ਲੌ ਕਰਿ ਕੈ ਤਯਾਰੀ।
ਬਿਧੀਚੰਦ ਕੇ ਧਰਯੋ ਅਗਾਰੀ ॥੪੩॥
ਦੇਖਤਿ ਹਰਖਯੋ 'ਆਛੋ ਕਰਯੋ।'
'ਸੱਤਿਨਾਮ' ਕਹਿ ਕਰ ਮਹਿਂ ਧਰਯੋ।
ਹਿਤ ਬੰਧਨ ਕੇ ਲੇ ਇਕ ਜਾਰੀ[1]।
ਨਗਰ ਵਹਿਰ ਗਮਨਯੋ ਮਤਿ ਭਾਰੀ ॥੪੪॥

[1]ਇਕ ਜਾਲੀ ਲਈ (ਘਾਹ) ਬੰਨ੍ਹਣ ਲਈ।

ਐਰਾਵਤੀ[1] ਕੀਨਿ ਇਸ਼ਨਾਨਾ।
ਮੁਖ ਤੇ ਜਪੁਜੀ ਪਾਠ ਬਖਾਨਾ।
ਨਿਸ ਕੀ ਜਮੀ ਦੂਰਬਾ[1] ਜਹਾਂ।
ਖੁਰਚਨ ਲਗਯੋ ਜਾਇ ਕਰਿ ਤਹਾਂ ॥੪੫॥

[1]ਰਾਵੀ ਵਿਚ।

[1]ਰਾਤ ਦਾ ਫੁੱਟਿਆ ਹੋਇਆ (ਨਰਮ) ਦੂਬ ਦਾ ਘਾਹ।

ਉਰ ਗੁਰ ਧਯਾਨ, ਬਦਨ ਗੁਰ ਬਾਨੀ।
ਗੁਰ ਕੋ ਹਯ ਲਖਿ ਸੇਵਾ ਠਾਨੀ।
ਅਧਿਕ ਪ੍ਰੀਤਿ ਤੇ ਕਰਤਿ ਬਟੋਰਨ।
ਹਰਿਤ, ਰੁਚਿਰ ਕੀਨਸਿ ਹਿਤ ਥੋਰ ਨ[1]† ॥੪੬॥

[1]ਹਰੇ ਹਰੇ ਤੇ ਸੁਹਣੇ ਬਹੁਤੇ ਪ੍ਰੇਮ ਨਾਲ (ਪੱਠੇ ਕੱਠੇ) ਕੀਤੇ।
†ਪਾ:-ਬੋਰਨ। ਕੋਰਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਬਿਧੀ ਚੰਦ ਲਵਪੁਰਿ ਆਗਮਨ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

੨੭. [ਭਾਈ ਬਿਧੀ ਚੰਦ ਘਸਿਆਰੇ ਦੇ ਰੂਪ ਵਿੱਚ]

੨੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੮

ਦੋਹਰਾ:

ਗੁਰਬਾਨੀ ਪਢਿ ਖੁਰਚਤੋ,
ਜਮੀ ਜਾਨੀ ਜੋਇ[1]।
ਕਰਤਿ ਬਟੋਰਨ ਟੋਰ ਕਰਿ[1],
ਬਹੁ ਠੌਰਨ ਤੇ ਸੋਇ ॥੧॥

[1]ਜੋ ਰਾਤ ਦਾ ਉਗਿਆ ਹੋਇਆ ਸੀ।

[1]ਟੋਲ ਕੇ।

ਚੌਪਈ:

ਜਥਾ ਬਿਡੂਰਜਮਨਿ[1] ਕੋ ਬਰਣ।

[1]ਭਾਵ ਹਰੇ ਰੰਗ ਦਾ ਹੈ। [ਬਿਡੂਰਜ ਮਣਿ = ਲਹਸਨੀਆਂ : ਸੰਸ: ਵੈਦੂਰ੍ਯ ਮਣਿ। ਅੰਗ੍ਰੇਜ਼ੀ ਕੋਸ਼ਕਾਰ ਇਸ ਨੂੰ 'ਲੈਪਿਜ਼ ਲਾਜ਼ੁਲੀ' ਤੇ 'ਕੈਟਸਆਈ' (ਲਸਨੀਆਂ) ਦੱਸਦੇ ਹਨ। ਰੰਗ ਧੂਮ੍ਰ ਵੀ ਲਿਖਿਆ ਹੈ, ਪਰ ਪੱਛਮੀ ਦੱਸਦੇ ਹਨ ਕਿ ਰੰਗ ਨੀਲਾ, ਸਾਵਾ, ਊਦਾ, ਲਾਲ ਟਿਮਕਣਿਆਂ ਦਾ ਬੀ ਹੁੰਦਾ ਹੈ]

ਤਥਾ ਦੂਰਬਾ[1] ਸ਼ੁਭ ਮਨ ਹਰਣ।
ਕਰਿ ਇਕੱਤ੍ਰ ਸਿਰ ਲੀਨਿ ਉਠਾਇ।
ਸਨੇ ਸਨੇ ਚਲਿ ਪੁਰਿ ਮਹਿਂ ਆਇ ॥੨॥

[1]ਤਿੜ੍ਹਾਂ ਵਾਲਾ ਘਾਹ, ਖੱਬਲ।

ਗਮਨਜੋ ਪੁਨ ਬਜ਼ਾਰ ਕੀ ਓਰ।
ਸਨਮੁਖ ਮਹਾਂ ਦੁਰਗ ਕੇ ਪੌਰ।
ਤ੍ਰਿਣ ਕੋਮਲ ਅਰੁ ਸੁੰਦਰ ਰੰਗ।
ਨਰ ਬਿਰਮਾਇ[1] ਕਹੈਂ ਇਹ ਸੰਗ ॥੩॥

[1]ਲੁਭਾ ਕੇ।

'ਜੇ ਬੇਚਤਿ ਹੈ ਮੋਲ ਭਨੀਜੈ।
ਲੇਹੁ ਨਗਦ, ਇਹੁ ਹਮ ਕੋ ਦੀਜੈ।'
ਸੁਨਿ ਬਿਧੀਆ ਤਿਨ ਕੇ ਸੰਗ ਕਹੈ।
'ਇਸ ਕੋ ਮੋਲ ਰਜਤਪਣ[1] ਅਹੈ' ॥੪॥

[1]ਇਕ ਰੁਪੱਯਾ।

ਤੂਸ਼ਨ ਹੋਤਿ ਦੇਤਿ ਨਹਿਂ ਕੋਈ।
ਚਲਜੋ ਜਾਤਿ ਆਗੇ ਕਹੁ ਸੋਈ।
ਰਹਜੋ ਦਿਵਸ ਜਬਿ ਘਟਿਕਾ ਚਾਰੀ।
ਪਹੁੰਚ ਦੁਰਗ ਕੇ ਪੌਰ ਅਗਾਰੀ ॥੫॥
ਇਤਨੇ ਮਹਿਂ ਸੋਂਧੇ ਖਾਂ ਆਯੋ।
ਹਯਨਿ ਸੇਵ ਪਰ ਜੋ ਠਹਿਰਾਯੋ।
ਨਰ ਗਨ ਸੰਗ ਸੁ ਨਿਕਸਜੋ ਪੌਰ।
ਬਿਧੀਚੰਦ ਦੇਖਜੋ ਤਿਸ ਓਰ ॥੬॥
ਬੂਝਜੋ ਨਰਨ ਸੰਗ 'ਇਹੁ ਕੌਨ?

ਆਵਤਿ ਧਰੇ ਭਲੇ ਪਟ ਜੌਨ[1]।'
ਲੋਗਨ ਕਹ੍ਯੋ 'ਦਰੋਗਾ ਅਹੈ।
ਸ਼ਾਹੁ ਤੁਰੰਗਨ ਪਰ ਇਹੁ ਰਹੈ' ॥੭॥
ਸੁਨਿ ਕਰਿ ਉਰ ਮਹਿਂ ਭਯੋ ਅਨੰਦ।
ਕਹ੍ਯੋ 'ਧੰਨ ਸ਼੍ਰੀ ਹਰਿਗੋਵਿੰਦ।
ਪ੍ਰਥਮ ਦਿਵਸ ਹੀ ਮੇਲਾ ਕਿਯੋ।
ਸਨੈ ਸਨੈ ਚਲਿ ਤਿਸ ਢਿਗ ਗਯੋ ॥੮॥
ਸੋਂਧੇਖਾਨ ਪਿਖੇ ਤ੍ਰਿਣ ਐਸੇ।
ਬ੍ਰਿੰਦ ਬਿਡੂਰਯ ਮਣਿ ਹ੍ਵੈ ਜੈਸੇ।
ਮਨ ਬਿਰਮਾਯੋ ਨਿਕਟਿ ਹਕਾਰਾ।
ਨਿਜ ਸੰਗਨਿ ਕੇ ਸੰਗ ਉਚਾਰਾ ॥੯॥
'ਇਹੁ ਤ੍ਰਿਣ ਚਾਰੁ[1], ਨ ਅਸ ਕਬਿ ਹੇਰੇ।
ਨਫਰ ਨ ਆਨਹਿਂ, ਅਹੈਂ ਘਨੇਰੇ[1]।
ਇਹ ਦਿਲਬਾਗ ਉਚਿਤ ਹੈਂ ਖੈਬੇ।
ਮੋਲ ਕਰਾਇ ਕਰਹੁ ਨਿਜ ਲੈਬੇ' ॥੧੦॥
ਬਿਧੀਏ ਨਿਕਟਿ ਗਯੋ ਸੁਖ ਮਾਨ।
ਲੇ ਕਰ ਮਹਿਂ ਪਿਖਿ ਸੋਂਧੇਖਾਨ।
ਰਿਦੇ ਪ੍ਰਸੰਨ ਹੋਇ ਕਰਿ ਬੋਲਾ।
'ਕਹੁ ਘਾਹੀ! ਕਜਾ ਦਿਹਿਂ ਇਸ ਮੋਲਾ?
॥੧੧॥
ਨੀਕੇ ਥਾਨ ਕਹੂੰ ਤੇ ਲ੍ਯਾਵਾ।
ਹਮ ਆਗੇ ਨਹਿਂ ਕਬਿ ਦਰਸਾਵਾ।
ਸ਼ਾਹੁ ਹਯਨਿ ਕੇ ਖੈਬੇ ਜੋਗ।
ਅਰੁ ਤੂੰ ਦਿਖੀਯਤਿ ਆਛੋ ਲੋਗ' ॥੧੨॥
ਕਹਿ ਬਿਧੀਆ 'ਤੁਮ ਕਦਰ ਸ਼ਨਾਸ[1]।
ਬਡ ਬੁਧਿ ਰਹਹੁ ਸ਼ਾਹੁ ਕੇ ਪਾਸ।
ਸਮ ਉਰ ਬਿਖੈ ਕਾਮਨਾ ਘਨੀ।
ਸਾਚੋ ਪਾਤਿਸ਼ਾਹ ਜਗ ਧਨੀ ॥੧੩॥
ਤਿਨ ਕੋ ਤੁਰੰਗ† ਤ੍ਰਿਣਨ ਕੇ ਖਾਇਂ।
ਇਸ ਹਿਤ ਕੀਨੋ ਅਧਿਕ ਉਪਾਇ।
ਸਲਿਤਾ ਤਟ ਜਹਿਂ ਸ਼ੁਭ ਥਲ ਹੇਰੇ।

[1]ਜੋ ਭਲੇ ਭਲੇ ਕਪੜੇ ਪਾਈ ਆਉਂਦਾ ਹੈ?

[1]ਸੁਹਣੇ ਹਨ।

[1]ਚਾਹੇ) ਨੌਕਰ ਹੈਨ ਬਹੁਤ।

[1]ਕਦਰ ਪਛਾਣਨ ਵਾਲੇ ਹੋ।

†ਦੇਖੋ ਏਥੇ ਚਤੁਰਾਈ ਨਾਲ ਬਿਧੀ ਚੰਦ ਘੋੜੇ ਨੂੰ ਗੁਰੂ ਜੀ ਦਾ ਕਹਿ ਰਿਹਾ ਹੈ।

ਤਹਿਂ ਚਿਰਕਾਲ ਸੁ ਪ੍ਰੇਮ ਬਡੇਰੇ ॥੧੪॥
ਜਮੀ ਜਾਮਨੀ ਦੂਬ ਨਵੀਨ।
ਬੁਧਿ ਬਲ ਧਰੇ ਬਟੋਰਨ ਕੀਨਿ।
ਮਮ ਉਰ ਭਈ ਭਾਵਨਾ ਪੂਰੀ।
ਪਹੁੰਚੈ ਉਚਿਤ ਥਾਨ ਇਹ ਰੂਰੀ[1] ॥੧੫॥ [1]ਯੋਗ ਥਾਂ ਤੇ ਇਹ ਸੋਹਣਾ (ਘਾਹ) ਪਹੁੰਚੇ।

ਦੋਹਰਾ:
ਤੁਰੰਗ ਸਚੇ ਪਤਿਸ਼ਾਹ ਕੇ,
ਜੇ ਕਰਿ ਮਮ ਤ੍ਰਿਣ ਖਾਹਿ।
ਦੇਹੁ ਸੁ ਲੇਵੌਂ ਹਰਖ ਧਰਿ,
ਨਾਂਹਿ ਕਰੌਂ ਮੈਂ ਨਾਂਹਿ' ॥੧੬॥

ਚੌਪਈ:
ਸੁਨਿ ਪ੍ਰਸੰਨ ਸੋਂਧੇ ਖਾਂ ਭਯੋ।
ਗਿਰਾ ਮਧੁਰ ਜਨੁ ਮੋਹਨਿ ਕਯੋ।
ਲੇ ਨਿਜ ਸੰਗ ਦੁਰਗ ਮੈਂ ਗਮਨਜੋ।
ਲਖਿ ਘਾਹੀ[1] ਟੋਕਜੋ ਨਹਿਂ ਕਵਨਜੋ[2] ॥੧੭॥ [1]ਘਸਿਆਰਾ ਜਾਣ ਕੇ। [2]ਕਿਸੇ ਨੇ ਹਟਕਿਆ ਨਾ।
ਜਹਿਂ ਗੁਲਬਾਗ ਦੁਤਿਯ ਦਿਲਬਾਗ।
ਰੇਸ਼ਮ ਡੋਰਨ ਕੇ ਸੰਗ ਲਾਗ[1]। [1]ਬੱਧੇ ਹੋਏ।
ਮ੍ਰਿਦੁਲ ਸਥਾਨ ਖਰੇ ਗੁਨ ਖਰੇ[1]। [1]ਖੜੇ ਸਨ ਚੰਗੇ ਗੁਣਾਂ ਵਾਲੇ।
ਤਨ ਕੋ ਚਹੁ[1] ਨਹਿਂ ਲਾਗਨਿ ਪਰੇ ॥੧੮॥ [1]ਦਾਗ।
ਮੂਤ੍ਰ, ਪੁਰੀਖ[1] ਦਾਸ ਲੇਂ ਉਚੇ। [1]ਲਿੱਦ।
ਲਗਨ ਨ ਦੇਤਿ, ਥਾਨ ਰਖਿ ਸੁਚੇ।
ਸੋਂਧੇ ਖਾਨ ਭਨਜੋ 'ਇਨ ਪਾਵਹੁ।
ਝਾਰਿ ਭਲੇ ਇਨ, ਹਟਿ ਕਰਿ ਆਵਹੁ' ॥੧੯॥
ਬਿਧੀਏ ਸੁਨਿ ਢਿਗ ਹ੍ਵੈ ਤ੍ਰਿਣ ਡਾਰੇ।
ਬਾਰ ਬਾਰ ਨੀਕੇ ਤਬਿ ਝਾਰੇ।
ਗੁਰੁ ਪ੍ਰੇਰੇ, ਹਯ ਖਾਵਤਿ ਐਸੇ।
ਹੁਤੇ ਛੁਧਤਿ ਇਕ ਬਾਸੁਰ ਜੈਸੇ ॥੨੦॥
ਉਠਜੋ ਤੁਰੰਗਨ ਕੇ ਪਗ ਪਰਜੋ।
ਸਭਿਨਿ ਸੁਨਾਵਤਿ ਬਾਕ ਉਚਰਜੋ।
'ਸਾਚੇ ਪਾਤਿਸ਼ਾਹਿ ਕੋ ਘੋਰੇ।

ਬੰਦਨੀਯ ਹਮ ਕੋ ਕਰ ਜੋਰੇ' ॥੨੧॥
ਏਕ ਰਜਤਪਣ ਦੀਨਿ ਦਰੋਗੇ।
ਆਛੋ ਜਾਨਿ ਅਧਿਕ ਹੀ ਜੋਗੇ[1]।
ਨਿਕਸਤਿ ਦੁਰਗ ਦੇਖਿ ਚਹੁੰ ਓਰੇ।
-ਮੁਸ਼ਕਲ ਮਹਾਂ ਨਿਕਸਨੇ ਘੋਰੇ- ॥੨੨॥
ਆਨਿ ਬਜ਼ਾਰ ਟਕੇ ਤਿਸ ਲੀਨਿ।
ਰੰਕਨ ਬ੍ਰਿੰਦ ਖਰਾਇਤ ਦੀਨਿ।
ਤਿਮਰ ਭਏ ਜੀਵਣ ਕੇ ਧਾਮ।
ਖਨ ਪਾਨ ਕੀਨਸਿ ਬਿਸਰਾਮ ॥੨੩॥
ਜਾਗਜੋ ਰਹੀ ਜਾਮਨੀ ਜਾਮੁ[1]।
ਸਿਮਰਤਿ ਸ਼੍ਰੀ ਸਤਿਗੁਰ ਸਤਿਨਾਮੁ।
ਅਰਣੋਦੈ[1] ਨਿਕਸਜੋ ਪੁਰਿ ਛੋਰਿ।
ਗਯੋ ਤ੍ਰਿਣਨਿ[1] ਕੋ ਸਲਿਤਾ ਓਰ ॥੨੪॥
ਮਨ ਕੋ ਹਰਤਿ ਹਰਿਤ ਮ੍ਰਿਦੁ ਖੂਬ[1]।
ਦੇਖਿ ਸੁਥਲ ਕੋ ਖੁਰਚਤਿ ਦੂਬ।
ਖੋਜਿ ਖੋਜਿ ਕਰਿ ਫਿਰਿ ਸ਼ੁਭ ਠੋਰੀ।
ਖੋਦਿ ਖੋਦਿ ਕਰਿ ਅਖਲ ਬਟੋਰੀ ॥੨੫॥
ਸਿਰ ਧਰਿ ਕਰਿ ਪੁਰਿ ਮਹਿਂ ਚਲਿ ਆਯੋ।
ਪੌਰ ਦੁਰਗ ਕੇ ਅੱਗ੍ਰ ਸਿਧਾਯੋ।
ਪਿਖਿ ਜੋ ਮੋਲ ਲੇਨਿ ਹਿਤ ਚਹੈ।
'ਏਕ ਰਜਤਪਣ ਦਿਹੁ' ਤਿਸ ਕਹੈ ॥੨੬॥
ਨਹਿਂ ਕੋ ਲੇਤਿ ਚਲਜੋ ਤਹਿਂ ਆਯੋ।
ਜਹਾਂ ਦੁਰਗ ਕੋ ਪੌਰ ਸੁਹਾਯੋ।
ਜਬਿ ਦਿਨ ਬਾਕੀ ਘਟਿਕਾ ਚਾਰੀ।
ਸੋਂਧੇ ਖਾਂ ਨਿਕਸਜੋ ਤਬਿ ਦ੍ਵਾਰੀ ॥੨੭॥
ਖਰੋ ਰਹਜੋ ਤ੍ਰਿਣ ਸੀਸ ਉਠਾਏ।
ਧਰਿ ਉਡੀਕ ਨਿਜ ਦਾਵ ਲਗਾਏ।
ਪਿਖੇ ਦਰੋਗੇ ਦ੍ਰਿਗ ਤ੍ਰਿਣ ਹਰੇ।
ਉਚਿਤ ਹਯਨਿ ਕੇ ਖੈਬੇ ਖਰੇ ॥੨੮॥

[1]ਘਾਹ) ਬਹੁਤ ਹੀ ਚੰਗਾ ਤੇ (ਘੋੜਿਆਂ ਦੇ) ਲਾਇਕ ਜਾਣਕੇ।
[1]ਪਹਿਰ ਰਾਤ ਰਹੀ।
[1]ਸੂਰਜ ਚੜ੍ਹੇ।
[1]ਘਾਹ ਲਈ।
[1]ਹਰਾ, ਕੂਲਾ ਤੇ ਚੰਗਾ (ਘਾਹ), ਮਨ ਨੂੰ ਹਰਨ ਵਾਲਾ।

ਕਰਿ ਗੁਹਾਰ ਕੋ ਨਿਕਟਿ ਬੁਲਾਯੋ।
ਕੀਨਿ ਚਿਨਾਰਿ -ਪ੍ਰਥਮ ਇਹੁ ਲਜਾਯੋ-।
'ਸਾਧ ਸਾਧ' ਹਰਖਾਇ ਬਖਾਨੈ।
'ਤ੍ਰਿਣ ਸ਼ੁਭ ਠੌਰ ਬਟੋਰਤਿ ਆਨੈ' ॥੨੯॥
ਲੇ ਕਰਿ ਸੰਗ ਗਯੋ ਹਯ ਪਾਹੀ।
ਪਾਯਹੁ ਝਾਰ ਚਾਹਿ ਕਰਿ ਖਾਹੀਂ।
'ਸਾਚੇ ਪਾਤਸ਼ਾਹੁ ਕੇ ਘੋਰੇ।'
ਇਮ ਕਹਿ ਨਮੋ ਕੀਨਿ ਪਗ ਓਰੇ ॥੩੦॥
ਸਹਿਤ ਦਿਲਾਸੇ ਕਰ ਕੋ ਫੇਰਾ।
ਰੁਖ਼ ਕਰਿ ਫੁਰਕਤਿ ਭਾ ਤਿਸ ਬੇਰਾ।
ਜਾਨਿ ਸ਼ਕੁਨ ਸ਼ੁਭ[1] ਪੁਨ ਕਰਿ ਨਮੋ।
ਮੋਲ ਦਰੋਗੇ ਦਿਯ ਤਿਸ ਸਮੋ ॥੩੧॥
ਆਨਿ ਬਜ਼ਾਰ ਟਕੇ ਤਬਿ ਲੀਨਿ।
ਹੇਤੁ ਖਰਾਇਤ ਰੰਕਨ ਦੀਨਿ।
-ਨਹੀਂ ਤੁਰਕ ਘਰ ਕੋ ਕੁਛ ਖਾਊਂ।
ਲੂਣਹਰਾਮੀ ਖਾਇ ਕਹਾਊਂ ॥੩੨॥
ਮੈਂ ਗੁਰ ਹੇਤੁ ਲਿਜਾਨੋ ਘੋਰਾ।
ਅਚੌਂ ਨ ਬਦਨ ਸ਼ਾਹੁ ਕੋ ਥੋਰਾ[1]।
ਤਨਕ ਪਾਪ ਭੀ ਜੋ ਕ੍ਰਿਤ ਮਾਂਹੀ।
ਸੁਮਤਿ ਬਿਚਾਰਤਿ, ਕਰਹਿਂ ਸੁ ਨਾਂਹੀ ॥੩੩॥
ਕਰਿ ਹੰਕਾਰ ਸ਼ਾਹੁ ਬਡ ਜ਼ੋਰਾ।
ਛੀਨਜੋ ਪ੍ਰਥਮ ਗੁਰੂ ਕੋ ਘੋਰਾ।
ਮੈਂ ਬੁਧਿ ਬਲ ਕਰਿ ਪਲਟਾ ਲੈ ਹੌਂ।
ਮਹਾਂ ਤੁਰੰਗ ਜਾਇ ਕਰਿ ਦੈ ਹੌਂ ॥੩੪॥
ਰਾਖਨਿ ਕੋ ਸਮਰਥ ਗੁਰ ਪੂਰੇ।
ਹਤਹਿਂ ਸ਼ੱਤ੍ਰ ਚਢਿ ਕਰਿ ਅਸੁ ਰੂਰੇ[1]-।
ਇੱਤਯਾਦਿਕ ਬਿਚਾਰ ਕਰਿ ਓਰ ਮੈਂ।
ਘਰ ਜੀਵਣ ਕੇ ਜਾਇ ਤਿਮਰ ਮੈਂ ॥੩੫॥

[1]ਘੋੜਿਆਂ ਦਾ ਹਿਤ ਕਰਨਾ ਰੂਪ) ਸ਼ੁਭ ਸ਼ਗਨ।

[1]ਥੋੜਾ ਮਾਤ੍ਰ ਭੀ।

[1]ਸੁਹਣੇ ਘੋੜੇ ਤੇ।

ਖਾਨ ਪਾਨ ਕਰਿ ਨਿਸਾ ਬਿਤਾਵੈ।
ਅਰਣੋਦੈ ਕੋ ਵਹਿਰ ਸਿਧਾਵੈ।
ਦਿਵਸ ਰਹੇ ਜਬਿ ਘਟਿਕਾ ਚਾਰੀ।
ਤ੍ਰਿਣ ਲੇ ਪਹੁੰਚਹਿ ਪੌਰ ਅਗਾਰੀ ॥ ੩੬ ॥
ਪਿਖਿ ਉੱਤਮ ਕੋ ਲੇਤਿ ਦਰੋਗਾ।
ਕਰਹਿਂ ਸਰਾਹਨਿ ਸਗਰੇ ਲੋਗਾ।
ਜਬਹਿ ਦਿਵਸ ਖਟ ਸਪਤ ਬਿਤਾਏ।
ਹਯ ਬੋਲਹਿਂ ਪਿਖਿ ਘਾਸ, ਲਿਜਾਏ[1] ॥ ੩੭ ॥

[1]ਜਦ) ਲੈ ਜਾਵੇ (ਘਾਸ)।

ਦੇਤਿ ਦਿਲਾਸੋ ਨਿਤ ਕਰ ਫੇਰਹਿ।
ਸੋਂਧੇ ਖਾਂ ਹਰਖਤਿ ਹਿਤ ਹੇਰਹਿ।
ਬੂਝਤਿ 'ਨਾਮ ਬਤਾਵਹੁ ਮੋਹੀ।
ਰਹੈਂ ਕਿ ਨਹੀਂ ਜਿ ਰਾਖਹਿਂ[1] ਤੋਹੀ?' ॥ ੩੮ ॥

[1]ਨੌਕਰ) ਰਖੀਏ ਤਾਂ।

ਬਿਧੀਚੰਦ ਤਬਿ ਸੁਨਤਿ ਬਖਾਨਾ।
'ਨਾਮ ਕਸੇਰਾ[1] ਕਹੈਂ ਸੁਜਾਨਾ।

[1]ਭਾਵ ਘਸਿਆਰੇ ਤੋਂ ਹੈ। [ਪੰਜਾਬੀ, ਕੱਖ = ਧ੍ਰਿਣ, ਘਾਹ+ਏਰਾ = ਪ੍ਰਤੇ। ਘਾਹ ਲਿਆਉਣ ਵਾਲਾ। ਕਖੇਰਾ ਤੋਂ ਕਸੇਰਾ।

ਪੁਰਿ ਮਹਿਂ ਜਬਿ ਕੋ ਆਨਿ ਪ੍ਰਵੇਸ਼ਾ।
ਤ੍ਰਿਣ ਆਨਤਿ ਮ੍ਰਿਦੁ ਹਰਿਤ ਵਿਸ਼ੇਸ਼ਾ[1] ॥ ੩੯ ॥

[1]ਹਰੇ ਬਹੁਤ।

ਸਾਚੇ ਪਾਤਿਸ਼ਾਹੁ ਹਯ ਜੋਗ।
ਬਿਰਮਹਿ[1] ਅਪਰ ਹੇਰ ਕਰਿ ਲੋਗ।
ਸੁਨਹਿਂ ਮੋਲ ਤਬਿ ਕੋਇ ਨ ਲੇਤਿ।
ਨਿਤ ਪ੍ਰਤਿ ਆਇ ਤੁਮਹਿਂ ਕੋ ਦੇਤਿ ॥ ੪੦ ॥

[1]ਲੁਭਾਂਵਦੇ ਹਨ।

ਯਾਂ ਤੇ ਚਾਕਰ ਰਖਹੁ ਬਨਾਈ।
ਨਿਤ ਪ੍ਰਤਿ ਹੇਰਹੁ ਸੇਵ ਸਵਾਈ।
ਦਰਬ ਲੋਭ ਤੇ ਮੈਂ ਨਹਿਂ ਕਰਿਹੂੰ।
ਅਪਰ ਨ ਲਾਲਚ ਮਨ ਮਹਿਂ ਧਰਿ ਹੂੰ ॥ ੪੧ ॥
ਲਖਿ ਸਾਚੇ ਪਤਿਸ਼ਾਹੁ ਤੁਰੰਗ।
ਸੇਵਾ ਕਰਹੁ ਪ੍ਰੇਮ ਕੇ ਸੰਗ।

ਕਬਿਹੂੰ ਹਾਸਲ ਹੋਇ ਮੁਰਾਦ।
ਟਹਿਲ ਹਯਨਿ ਕੀ ਜਾਇ ਨ ਬਾਦ[1]' [1]ਬਿਅਰਥ ਨਹੀਂ ਜਾਵੇਗੀ।
॥੪੨॥
ਸੁਨਤਿ ਦਰੋਗਾ ਹਰਖਿਤਿ ਹੋਵਾ।
ਸੇਵ ਹਯਨਿ ਕੀ ਲਾਇਕ ਜੋਵਾ।
ਰੋਜ਼ ਰਜਤਪਣ ਤਬਿ ਕਰਿ ਰਾਖਾ।
ਕਰਿ ਤਾਗੀਦ ਫੇਰ ਬਚ ਭਾਖਾ ॥੪੩॥
'ਕਰਿਬੇ ਟਹਿਲ ਹਯਨਿ ਕੇ ਜੋਗ।
ਤੁਝ ਰਾਖਜੋ ਲਖਿ ਆਛੋ ਲੋਗ।
ਖਰੀ ਚਾਕਰੀ ਅਪਨੀ ਲੇਹੋ।
ਸੇਵ ਤੁਰੰਗਨ ਕੀ ਸ਼ੁਭ ਦੇਹੋ' ॥੪੪॥
ਕਹਿ ਬਿਧੀਆ 'ਕਹਿਬੇ ਮੈਂ ਕਹਾਂ[1]। [1]ਆਖਣ ਵਿਚ ਕੀ ਹੈ।
ਦੇਖਿ ਲੇਹੁ ਜਬਿ ਹੋਵਹਿ ਮਹਾਂ।
ਭਲੇ ਨਰਨਿ ਕੋ ਕਹਿਬੋ ਥੋਰਾ।
ਅਪਨੋ ਕਹਜੋ ਨਿਬਾਹਤਿ ਓਰਾ[1]' [1]ਓੜ ਤਕ ਨਿਬਾਹੁੰਦੇ ਹਨ (ਭਲੇ ਲੋਕ)।
॥੪੫॥
ਰਹਜੋ ਹਯਨਿ ਢਿਗ ਸੇਵ ਕਮਾਵਹਿ।
ਹਰਿਤ ਦੂਰਬਾ ਮ੍ਰਿਦੁ ਬਹੁ ਲਜਾਵਹਿ।
ਜਬਿ ਲੌਂ ਵਹਿਰ ਰਹਿਤਿ, ਤ੍ਰਿਣ ਆਨਤਿ।
ਪੁਨਿ ਅਹਿਨਿਸ ਸੇਵਾ ਹਯ ਠਾਨਤਿ
॥੪੬॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਬਿਧੀ ਚੰਦ ਚਾਕਰੀ ਰਹਿਨ' ਪ੍ਰਸੰਗ ਬਰਨਨੰ ਨਾਮ ਸਪਤ ਬਿਸੰਤੀ ਅੰਸੂ ॥੨੭॥

੨੮. [ਕਸੇਰੇ ਨੂੰ ਸ਼ਾਹ ਜਹਾਨ ਵਲੋਂ ਇਨਾਮ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:
ਰਹਜੋ ਹਯਨਿ ਢਿਗ ਤਬਿ ਕਹਜੋ,
'ਪੌਰਦਾਰ ਜੇ ਬ੍ਰਿੰਦ।
ਆਵਤਿ ਜਾਤਿ ਨ ਹਟਕ ਕੋ, ਤੁਮ ਕਹਿ
ਦੇਹੁ ਨਿਚਿੰਦ' ॥੧॥

ਚੌਪਈ:
ਸੰਗ ਦਰੋਗੇ ਕੇ ਸਭਿ ਪੌਰ।
ਕਹਿਵਾਯਹੁ 'ਇਹ ਚਾਕਰ ਔਰ।
ਖਾਸ ਸ਼ਾਹੁ ਕੇ ਹਯ ਪਰ ਰਹਜੋ।
ਨੀਕੋ ਉਚਿਤ ਸੇਵ ਕੋ ਲਹਜੋ ॥੨॥
ਆਵਹਿ ਜਾਹਿ ਅਬੇਰ ਸਵੇਰ[1]। — [1]ਵੇਲੇ ਕੁਵੇਲੇ।
ਨਹਿਂ ਬਰਜਹੁ ਇਸ ਕੋ ਕਬਿ ਹੇਰਿ।'
ਪੌਰਨ ਤੇ ਨਿਸ਼ੰਗ ਤਬਿ ਹੋਵਾ।
ਮਨਹੁਂ ਮਾਤਬਰ ਘਰ ਕੋ ਜੋਵਾ ॥੩॥
ਲਾਗਜੋ ਨਿਸ ਦਿਨ ਸੇਵਾ ਮਾਂਹਿ।
ਹਯਨਿ ਪਾਸ ਕੋ ਛੋਰਹਿ ਨਾਂਹਿ।
ਜੇਤਿਕ ਸੇਵਕ ਸੇਵਾ ਧਰੈਂ।
ਸਭਿ ਕੇ ਥਾਉਂ ਆਪ ਹੀ ਕਰੈ ॥੪॥
ਸਭਿ ਕੋ ਸੁਖ ਹੋਯਹੁ ਹਰਖਾਵੈਂ।
'ਭਲੋ ਪੁਰਖ ਇਹੁ' ਕਹੈਂ ਸੁਨਾਵੈਂ।
ਖਰੋ[1] ਖਰਖਰਾ[2] ਖਰੋ[3] ਕਰੰਤਾ। — [1]ਚੰਗਾ। [2]ਘੋੜੇ ਦੀ ਪਿੱਠ ਪੁਰ ਕੰਘੀ ਵਾਂਙੂ ਕਰਨ ਦਾ ਇਕ ਸੰਦ। [3]ਖਲੋ ਕੇ।
ਲੇ ਗਾਦੀ ਪਰ ਹਾਥ ਫਿਰੰਤਾ[1] ॥੫॥ — [1]ਗੱਦੀ ਹੱਥ ਵਿਚ ਲੈਕੇ (ਘੋੜਿਆਂ ਦੇ ਸਰੀਰ ਤੇ) ਫੇਰਦਾ।
ਬਦਨ ਨਾਸਕਾ ਪੌਂਛਤਿ ਆਛ।
ਸੁੰਬ ਉਠਾਇ ਅੱਗ੍ਰ ਅਰੁ ਪਾਛੇ।
ਮਸਤਕ, ਕਰਨ, ਜਾਤ, ਦ੍ਰਿਗ, ਗ੍ਰੀਵਾ[1]। — [1]ਮੱਥਾ, ਕੰਨ, ਜੱਤ, ਨੇਤਰ ਤੇ ਗਰਦਨ।
ਪੌਂਛਤਿ ਉਦਰ ਹੋਇ ਬਹੁ ਨੀਵਾ[1] ॥੬॥ — [1]ਨੀਵਾਂ ਹੋਕੇ ਢਿੱਡ ਪੂੰਝਦਾ ਹੈ।
ਆਯੁਤ ਛਾਤੀ, ਪੀਠ ਬਡੇਰੀ।
ਫੇਰਤਿ ਕਰ, ਦੇ ਜੋਰ ਹਥੇਰੀ[1]। — [1]ਤਲੀ ਦਾ ਜ਼ੋਰ ਦੇਕੇ।
ਪੁੱਠੇ[1] ਬਡੇ, ਪੁੰਛ ਸਟਕਾਰੀ[2]। — [1]ਘੋੜਿਆਂ ਦਾ) ਲੱਕ ਤੋਂ ਬੀ ਪਿਛਲਾ ਪਾਸਾ। [2]ਲਮਕਦੀ ਪੂਛ।

ਬਾਰਬਾਰ ਕਰ ਧਾਰਿ ਸੁਧਾਰੀ[1] ॥੭॥ — [1]ਸੁਆਰਦਾ ਹੈ।
ਦਸਕ ਦਾਸ ਕੀ ਸੇਵ ਬਿਸਾਲਾ।
ਸੰਭਾਰੀ ਠਾਨਤਿ ਸਭਿ ਕਾਲਾ।
ਸਭਿਨਿ ਭਯੋ ਸੁਖ, ਕਰਹਿਂ ਸਰਾਹੂ।
'ਇਹੁ ਆਛੋ ਆਯੋ ਹਮ ਮਾਹੂ' ॥੮॥
ਦ੍ਵੈ ਤੀਨਕ ਦਿਨ ਕਰਤਿ ਨਿਹਾਰਾ।
ਸੋਂਧੇਖਾਨ ਪ੍ਰਸੰਨ ਉਚਾਰਾ।
'ਕਵਿਕਾ[1] ਦੇਨਿ ਉਤਾਰਨ ਧਰਨ। — [1]ਲਗਾਮ।
ਰਹੈ ਕਸੇਰੇ ਕੇ ਅਬਿ ਕਰਨਿ[1] ॥੯॥ — [1]ਹੱਥਾਂ ਵਿਚ।
ਇਸ ਕੇ ਸੰਗ ਕਰਹਿਂ ਰੁਖ਼ ਘੋਰੇ।
ਬਾਸੁਰ ਨਿਸਾ ਨ ਸੇਵਹਿ ਥੋਰੇ।
ਦੂਬ ਖੁਰਚਨੇ ਕਬਿ ਕਬਿ ਜਾਵਹੁ।
ਮਰਦਨ ਪੌਂਛਨ ਸੇਵ ਕਮਾਵਹੁ' ॥੧੦॥
ਹਰਖਤਿ ਉਰ ਮਹਿਂ ਕਹਤਿ ਕਸੇਰਾ।
'ਸੁਨਹੁਂ ਦਰੋਗਾ! ਕਹਿਬੋ ਮੇਰਾ।
ਸੇਵ ਕਰਨ ਲਗਿ ਕਾਰਜ ਮੋਹੀ[1]। — [1]ਸੇਵਾ ਕਰਨ ਤੱਕ ਮੇਰਾ ਕੰਮ ਹੈ।
ਜਾਉਂ ਵਹਿਰ, ਕੈ ਅਸੁ ਢਿਗ ਹੋਹੀ[1] ॥੧੧॥ — [1]ਬਾਹਰ ਜਾਵਾਂ ਭਾਵੇਂ ਘੋੜਿਆਂ ਪਾਸ ਹੋਵਾਂ।
ਸਾਚੇ ਪਾਤਸ਼ਾਹੁ ਹਯ ਸੇਵੌਂ।
ਨਿਜ ਮੁਰਾਦ ਹਾਸਲ ਕਰਿ ਲੇਵੌਂ।
ਅਪਰ ਕਰਹੁਂ ਕੈ ਨਾਂਹਿਨ ਕਰਹੁਂ।
ਬੈਠੋ ਰਹਹੁਂ ਕਿਧੌਂ ਉਠਿ ਫਿਰਹੁਂ ॥੧੨॥
ਮੈਂ ਤੁਰੰਗ ਕੋ ਤੀਰ ਨ ਤਜਾਗੌਂ।
ਇਕ ਸੇਵਾ ਕੇ ਤਤਪਰ ਲਾਗੌਂ।'
ਸੌਂਧੇ ਆਦਿਕ ਮਾਨਵ ਸਾਰੇ।
ਸੁਨਹਿ ਬਾਕ ਅਰੁ ਸੇਵ ਨਿਹਾਰੇਂ ॥੧੩॥
ਕਰਯੋ ਭਰੋਸਾ ਸੌਂਪਤਿ ਸੇਵ।
ਮੂਰਖ ਅਪਰ ਨ ਜਾਨਹਿਂ ਭੇਵ।
ਮਧੁਰ ਬਚਨ ਸਭਿ ਕੇ ਸੰਗ ਉਚਰੇ।
ਬਿਨਾ ਦਿਏ ਸਕਲਨਿ ਮਨ ਹਰੇ[1] ॥੧੪॥ — [1]ਕੁਝ) ਇਤੇ ਤੋਂ ਬਿਨਾਂ ਹੀ ਸਾਰਿਆਂ ਦੇ ਮਨ ਹਰ ਲਏ।
ਸਰਬ ਸਰਾਹਹਿ 'ਆਛੋ ਆਛੋ।'
ਰਹਨਿ ਕਸੇਰੇ ਕੋ ਸ਼ੁਭ ਬਾਂਛੋ।

ਕਵਿਕਾ ਦੇਨ ਰੁ ਕਾਜੈ[1] ਕਰਿਬੇ।
ਕਾਜ ਸੰਭਾਰਤਿ ਭਾ ਜਬਿ ਸਰਬੇ ॥੧੫॥
ਲੇਨਿ ਦੂਰਬਾ ਬਾਹਿਰ ਗਯੋ।
ਇਕ ਖਿੰਘਰ ਤਬਿ ਆਨਤਿ ਭਯੋ।
ਦਿਨ ਤ੍ਰਿਣ ਗਨ ਮਹਿਂ ਰਾਖਿ ਛਪਾਈ।
ਭਈ ਜਾਮਨੀ ਅਰਧ ਲਖਾਈ ॥੧੬॥
ਕਰਿ ਬਾਹਨ ਬਲ ਬੇਗ ਬਗਾਯੋ[1]।
ਪਰਜੋ ਨਦੀ ਮਹਿਂ ਜਲ ਉਛਲਾਯੋ।
ਸ਼ਬਦ ਬਿਲੰਦ ਦੁਰਗ ਮਹਿਂ ਸੁਨਜੋ।
ਜਾਗੇ ਸੁਪਤਿ, 'ਸ਼ੋਰ ਕੋ' ਭਨਜੋ[1] ॥੧੭॥
ਪਿਖਤਿ ਪਾਹਰੂ ਜਾਰਿ ਮਸਾਲੈਂ।
'ਕੋ ਜਲ ਮਹਿਂ ਬਡ ਸ਼ਬਦ ਉਠਾਲੈ?'
ਖੋਜ ਰਹੇ ਪਾਯਹੁ ਕੁਛ ਨਾਂਹੀ।
ਕਹੈਂ ਪਾਹਰੂ ਆਪਸ ਮਾਂਹੀ ॥੧੮॥
'ਕੋ ਜਲ ਜੰਤੁ ਮੱਛ ਤੇ ਆਦਿ।
ਨੀਰ ਉਛਾਲਿ ਉਠਾਯਹੁ ਨਾਦ।'
ਸ਼ਾਹੁਜਹਾਂ ਸਹਿ ਬੇਗਮ ਜਾਗਾ।
ਰੌਰਾ ਪਰਜੋ ਸੁਨਨਿ ਸਭਿ ਲਾਗਾ ॥੧੯॥
ਸਰਬ ਦੁਰਗ ਮਹਿਂ ਹ੍ਵੈ ਕਰਿ ਰੌਰਾ।
ਨਹਿਂ ਕੁਛ ਲਖਜੋ ਪਰੈ, ਨਿਜ ਠੌਰਾ।
ਕੇਤਿਕ ਕਹਤਿ 'ਕਿੰਗੁਰਾ ਚਹਜੋ।'
'ਕੰਧ ਪੁਰਾਨੀ' ਕੇਚਿਤ ਕਹਜੋ ॥੨੦॥
ਦ੍ਵੈ ਘਟਿਕਾ ਲਗਿ ਸ਼ੋਰ ਮਚਾਏ।
ਬਿਨ ਜਾਨੇ ਪੁਨ ਸਭਿ ਸੁਪਤਾਏ।
ਰਹੇ ਪਾਹਰੂ ਬੋਲਤਿ ਘਨੇ।
ਸ਼ਾਹਜਹਾਂ ਕੀ ਚੌਕੀ ਸਨੇ ॥੨੧॥
ਬਿਧੀਚੰਦ ਬਹੁ ਦਾਵ ਬਿਚਾਰੇ।
-ਨਿਕਸਿ ਨ ਸਕਹਿ ਤੁਰੰਗਮ ਦ੍ਵਾਰੇ।
ਦੁਰਗ ਕੰਧ ਕੋ ਫਾਂਦਹਿ ਜਬੈ।
ਪਰਹਿ ਬੀਚ ਰਾਵੀ ਕੋ ਤਬੈ ॥੨੨॥

[1]ਅਰਥ ਪਿੱਛੇ ਦੇ ਆਏ ਹਾਂ ਦੇਖੋ ਸ੍ਰੀ ਗੁਰ ਨਾ: ਪ੍ਰ: ਉ: ਅਧਜਾਯ ੪੨ ਅੰਕ ੭੫।

[1]ਬਾਹਾਂ ਦਾ ਬਲ ਲਾਕੇ ਛੇਤੀ ਨਾਲ ਵਗਾਹ ਮਾਰਿਆ।

[1]ਕਹਿਆ 'ਕੀ ਸ਼ੋਰ ਹੋਇਆ ਹੈ?'

ਤਹਾਂ ਸੰਭਾਰਿ ਚਲਹਿ ਜਬਿ ਘੋਰਾ।
ਲੇ ਪਹੁਚੌਂ ਸਤਿਗੁਰ ਕੀ ਓਰਾ।
ਇਸ ਬਿਨ ਅਪਰ ਉਪਾਇ ਨ ਕੋਊ।
ਬਡ ਤਕਰਾਈ ਸਭਿ ਥਲ ਜੋਊ[1] ॥੨੩॥ [1]ਦੇਖੀਦੀ ਹੈ।
ਲਾਖਹੁੰ ਸੈਨਾ ਅੰਤਰ ਬਾਹਰ।
ਜੇ ਸੁਧਿ ਹੋਇ ਚਢਹਿਂ ਸਮਿ ਆਹਰ[1]। [1]ਉੱਦਮ ਨਾਲ ਚੜ੍ਹ ਪੈਣਗੇ।
ਜੇ ਤੁਰੰਗ ਕੀ ਪੀਠ ਰਹੌਂ ਮੈਂ।
ਢਿਗ ਢੂਕਨ ਨਹਿਂ ਦੇਉਂ ਕਿਸੂ ਮੈਂ[1] ॥੨੪॥ [1]ਨੇੜੇ ਕਿਸੇ ਨੂੰ ਨਹੀਂ ਢੁੱਕਣ ਦਿਆਂਗਾ।
ਕੰਧ ਆਦਿ ਤੇ ਹਯ ਨ ਰੁਕਹਿ ਜੇ।
ਕੋ ਦ੍ਵੈ ਮਾਥ ਪਹੂਚ ਸਕਹਿ ਜੇ[1]। [1]ਐਸਾ) ਕੌਣ ਦੋ ਸਿਰਾਂ ਵਾਲਾ (ਜੰਮਿਆਂ) ਹੈ (ਜੋ ਮੇਰੇ) ਨੇੜੇ ਢੁੱਕ ਸਕੇਗਾ।
ਸਤਿਗੁਰ ਹੁਇ ਹੈਂ ਆਪ ਸਹਾਈ।
ਸੰਸੈ ਕਰਨਿ ਨ ਮੁਹਿ ਬਨਿਆਈ ॥੨੫॥
ਥੋਰੇ ਦਿਨ ਮਹਿਂ ਮੈਂ ਢਿਗ ਹੋਵਾ।
ਅੰਤਰ ਵਹਿਰ ਭੇਵ ਸਭਿ ਜੋਵਾ।
ਆਪਹਿ ਬਨਤਿ ਜਾਤਿ ਸਭਿ ਕਾਰਜ।
ਗੁਰੂ ਭਰੋਸਾ ਤਜਹਿ ਨ ਆਰਜ[1]- ॥੨੬॥ [1]ਸ੍ਰੇਸ਼ਟ ਪੁਰਸ਼।
ਨਿਤਪ੍ਰਤਿ ਏਵ ਬਿਚਾਰਤਿ ਦਾਵ।
-ਗੁਰ ਢਿਗ ਲੇ ਪਹੁੰਚੌਂ -ਚਿਤ ਚਾਵ।
ਇਕ ਦਿਨ ਸ਼ਾਹੁਜਹਾਂ ਚਲਿ ਆਯੋ।
ਦਮਕਤਿ ਦੇਹਿ ਤੁਰੰਗ ਦਰਸਾਯੋ ॥੨੭॥
ਕਰਤਿ ਕਸੇਰਾ ਸੇਵ ਖਰੋਵਾ।
ਹਰਖਤਿ ਹਜ਼ਰਤ ਲੋਚਨ ਜੋਵਾ।
'ਕਬਿ ਕੋ ਇਹੁ ਚਾਕਰ ਤੁਮ ਰਾਖਾ?'
ਹਾਥਨਿ ਜੋਰ ਦਰੋਗੇ ਭਾਖਾ ॥੨੮॥
'ਦਿਨ ਈਖਦ[1] ਬੀਤੇ ਇਸ ਰਹੇ। [1]ਥੋੜੇ।
ਸੇਵਾ ਕਰਨਿ ਉਚਿਤ ਬਹੁ ਲਹੇ।
ਮਧੁਰ ਬੋਲਨੋ ਭਲੋ ਸੁਭਾਊ।
ਟਹਿਲ ਹਯਨਿ ਕੀ ਮਹਿਂ ਚਿਤ ਚਾਊ

॥ ੨੯ ॥
ਜਬਿ ਕੋ ਰਾਖ੍ਯੋ, ਦਿਖੈਂ ਸਵਾਏ[1]।
[1]ਘੋੜੇ) ਸਵਾਏ ਦਿਸਦੇ ਹਨ।
ਮਾਲਸ਼ ਕਰਤਿ ਪਹਿਰਿ ਹਥਵਾਏ[1]।
[1]ਗੱਦੀ ਪਹਿਰ ਕੇ। ਘੋੜੇ ਨੂੰ ਮਾਲਸ਼ ਕਰਨ ਦੀ ਗੱਦੀ ਜੋ ਹੱਥ ਤੇ ਪਾਕੇ ਮਲਦੇ ਹਨ।
ਮੁਕਤਾ ਸਮ ਦਮਕਤਿ ਦੁਤਿਤਨ ਕੀ।
ਅਸ ਦੀਪਤਿ ਇਨ ਕੀਨਿ ਹਯਨਿ ਕੀ
॥ ੩੦ ॥
-ਸਾਚੇ ਪਾਤਸ਼ਾਹ ਕੇ ਘੋਰੇ-।
ਕਹਿ ਬਹੁ ਬਾਰ ਨਮੋ ਕਰ ਜੋਰੇ।
ਇਸ ਕੋ ਰੁਖ਼ ਬਹੁ ਕਰਹਿਂ ਤੁਰੰਗ।
ਮਿਲ੍ਯੋ ਰਹੈ ਸੰਗੈ ਜਨੁ ਅੰਗ[1]' ॥ ੩੧ ॥
[1]ਮਾਨੋ (ਘੋੜਿਆਂ ਦੇ) ਅੰਗ ਸੰਗ ਹੀ ਮਿਲਿਆ ਰਹਿੰਦਾ ਹੈ।
ਸ਼ਾਹੁ ਬਦਨ ਬਿਧੀਏ ਕੋ ਦੇਖਾ।
ਪਰਖ੍ਯੋ -ਇਹੁ ਮਤਿ ਚਤੁਰ ਵਿਸ਼ੇਖਾ-।
ਕਹ੍ਯੋ 'ਚਪਲ ਹੀ ਦ੍ਰਿਸ਼ਟੀ ਪਰੇ।
ਰਾਖਹੁ ਸਾਦਰ ਸੇਵਾ ਕਰੈ' ॥ ੩੨ ॥
ਭਾ ਪ੍ਰਸੰਨ ਤਨ ਤੁਰੰਗ ਨਿਹਾਰੋ।
ਕਰੀ ਬਖਸ਼ ਤਬਿ ਏਕ ਹਜ਼ਾਰੋ।
ਸ਼ਾਹੁਜਹਾਂ ਨਿਜ ਸਦਨ ਸਿਧਾਰਾ।
ਤਬਹਿ ਕਸੇਰੇ ਤਾਂਹਿ ਉਚਾਰਾ ॥ ੩੩ ॥
'ਸੁਨਹੁ ਦਰੋਗ਼ਾ! ਦਰਬ ਹਜ਼ਾਰੇ।
ਮੈਂ ਰਾਖ੍ਯੋ ਸਭਿ ਨਿਕਟਿ ਤੁਮਾਰੇ।
ਅਪਰ ਚਾਕਰੀ ਕੋ ਧਨ ਜੋਇ।
ਜਾਹੁ ਸੰਭਾਰਤਿ ਆਪੇ ਸੋਇ ॥ ੩੪ ॥
ਜਿਸ ਦਿਨ ਮੋ ਕਹੁ ਬਨਿ ਹੈ ਲੇਨਾ।
ਜਿਤਿਕ ਚਹੌਂ ਤਬਿ ਕੀਜੈ ਦੇਨਾ।
ਮੋ ਕਹੁ ਕੁਛ ਕ੍ਰਿਤਘਨ ਨਹਿਂ ਜਾਨਹੁ?
ਰਾਵਰਿ ਕੋ ਉਪਕਾਰ ਪਛਾਨਹੁਂ[1] ॥ ੩੫ ॥
[1]ਪਛਾਣਦਾ ਹਾਂ।
ਤਨ ਮਨ ਧਨ ਤੇ ਹੌਂ ਅਨੁਸਾਰੀ।
ਆਨ ਸਮੀਪੀ ਲਗੇ ਤੁਮਾਰੀ[1]।'
[1]ਭਾਵ ਤੁਸਾਡੇ ਮਾਤਹਿਤ ਨੌਕਰੀ ਲੱਗਾ ਹਾਂ।
ਸੁਨਿ ਮ੍ਰਿਦੁ ਬਾਕ ਦਰੋਗ਼ਾ ਹਰਖ੍ਯੋ।
-ਲੋਭੀ ਹੋਇ, ਅਲੋਭੀ ਪਰਖ੍ਯੋ[1]-
॥ ੩੬ ॥
[1]ਦਰੋਗਾ ਖੁਸ਼ ਹੋਕੇ (ਸੋਚਦਾ ਹੈ ਕਿ ਮੈਂ ਤਾਂ ਜਾਣਿਆਂ ਸੀ ਕਿ ਇਹ ਧਨ ਦਾ) ਲਾਲਚੀ ਹੋਵੇਗਾ (ਪਰ ਹੁਣ)

ਪਰੀਖ੍ਯਾ ਹੋਈ ਹੈ ਤੇ ਇਹ ਨ੍ਰਿਲੋਭੀ ਨਿਕਲਿਆ [ਵੇਖੋ ਅੱਗੇ ਅੰਸੂ ੩੦ ਅੰਕ ੯]

ਲੇ ਧਨ ਕੋ ਨਿਜ ਸਦਨ ਪਠਾਯੋ।
ਬਿਧੀਏ ਪਰ ਭਰੋਸ ਬਹੁ ਪਾਯੋ।
ਗਨ ਦਾਸਨ ਤੇ ਆਛੋ ਠਾਨਾ।
ਸਭਿ ਅਨੁਸਾਰ ਕਰੇ ਹਿਤੁ ਮਾਨਾ[1] ॥੩੭॥

[1]ਦਰੋਗੇ ਨੇ) ਆਪਣਾ ਹਿਤੂ ਮੰਨਕੇ (ਹੋਰ) ਸਾਰੇ (ਨੌਕਰ ਉਸ ਦੇ) ਮਾਤਹਿਤ ਕਰ ਦਿੱਤੇ।

ਸਭਿ ਪਰ ਹੁਕਮ ਕਰਨ ਕੋ ਲਾਗਾ।
ਮਿਲ੍ਯੋ ਰਹੈ ਕਰਿ ਕਰਿ ਅਨੁਰਾਗਾ।
ਜਥਾ ਸਖਾਪਨ[1] ਤਿਨ ਸਮ ਹੋਇ।
ਤਥਾ ਕਰਹਿ ਬੋਲਨ ਮ੍ਰਿਦੁ ਸੋਇ ॥੩੮॥

[1]ਮਿਤ੍ਰਤਾਈ।

ਤਿਮਰ ਭਏ ਜੀਵਣ ਘਰ ਜਾਵੈ।
ਕਹ੍ਯੋ ਕ੍ਰਿੱਤ ਕੋ ਭੋਜਨ ਖਾਵੈ।
ਸਪੁਤਹਿ ਆਨਿ ਹਯਨਿ ਕੇ ਪਾਸਾ।
ਛਿਨ ਛਿਨ ਕਰਿ ਤਿਹ ਦੇਹਿ ਦਿਲਾਸਾ ॥੩੯॥
ਘ੍ਰਾਣ[1], ਬਿਲੋਚਨ ਪੌਂਛਹਿ ਚੀਰ[2]।
ਕਰ ਕੋ ਫੇਰਹਿ ਸਰਬ ਸਰੀਰ।
ਸੁੰਬ, ਗਾਮਚੀ[1], ਦੁਮਚੀ ਚਾਰੂ[2]।
ਬਾਰ ਬਾਰ ਕਰਿ ਧਾਰਿ ਸੁਧਾਰੂ ॥੪੦॥

[1]ਨਾਸਾਂ। [2]ਕਪੜੇ ਨਾਲ।

[1]ਗਿੱਟੇ ਤੇ ਸੁੰਮ ਦਾ ਵਿਚਲਾ ਹਿੱਸਾ। [2]ਪੱਠਿਆਂ ਦੇ ਵਿਚਲਾ ਥਾਂ। ਪੂਛ ਦਾ ਮੁਢਲਾ ਥਾਂ। ਪੂਛ।

ਨਿਸ ਮਹਿਂ ਨਿੰਦ੍ਰਾ ਤਜਾਗਨ ਕੀਨਿ।
ਬਾਸੁਰ ਮਹਿਂ ਆਲਸ ਤੱਜਿ ਦੀਨਿ।
ਮਨ ਮਹਿਂ ਕਰਹਿ ਬਿਚਾਰਨ ਘਨੋ।
-ਨੀਕੋ ਕਾਮ ਸਗਲ ਹੀ ਬਨੋ ॥੪੧॥
ਬਿਨਾ ਜ਼ੀਨ ਹੋਇ ਨ ਅਸਵਾਰੀ।
ਕਿਸ ਥਲ ਅਹੈ, ਨ ਤਿਹ ਸੁਧ ਸਾਰੀ[1]।
ਜਬਿ ਲੌ ਜ਼ੀਨ ਨ ਕਰ ਮਹਿਂ ਪਾਵੈਂ।
ਤਬਿ ਲੌਂ ਕਾਰਜ ਨਹਿਂ ਬਨਿ ਆਵੈ- ॥੪੨॥

[1]ਤਿਸ (ਕਾਠੀ ਦੀ)।

ਇਮ ਤਰਕਤਿ[1] ਚਿਤ ਦਾਵ ਬਿਚਾਰਾ।
ਮਿਲ੍ਯੋ ਸਖਾ ਸਮ ਜਿਸ ਢਿਗ ਤਾਰਾ[1]।
ਕਹਿ ਕਹਿ ਮ੍ਰਿਦੁ ਬਾਕਨਿ ਅਪਨਾਯੋ।

[1]ਦਲੀਲਾਂ ਕਰਦਿਆਂ।

[1]ਤਾਲਾ = ਜੰਦਰਾ, ਭਾਵ ਜੰਦਰੇ ਕੁੰਜੀ ਤੋਂ ਹੈ।

ਹਾਸ ਬਿਲਾਸਨ ਕਰਿ ਹਰਿਖਾਯੋ ॥੪੩॥
ਮਿਲਿ ਸਭਿ ਸੋਂ ਕਹਿ ਬਾਤਨ ਭੋਰੀ।
ਲਖਹਿਂ ਗਵਾਰ ਜਾਟ ਮਤਿ ਥੋਰੀ।
ਸੁਨਿ ਸੁਨਿ ਹਸਹਿਂ ਮੋਦ ਉਪਜਾਵੈਂ।
ਲਗ੍ਯੋ ਸਭਿਨਿ ਪ੍ਰਿਯ ਰਿਦੇ ਰਿਝਾਵੈ ॥੪੪॥

ਇਤਿ ਸ੍ਰੀ ਗੁਰ ਪ੍ਰਥਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਬਿਧੀ ਚੰਦ' ਲਵਪੁਰ ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥

੨੯. [ਕਸੇਰੇ ਨੇ ਹੋਰ ਭੇਟ ਲੈਣੇ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:
ਇਕ ਦਿਨ ਬੈਠਯੋ ਸਭਿਨਿ ਮਹਿਂ,
ਭਨਤਿ ਅਜਾਨ ਸਮਾਨ।
'ਘੋਰੇ ਸਚ ਪਾਤਿਸ਼ਾਹਿ ਕੇ,
ਬਲੀ ਚਲਾਕ ਮਹਾਨ ॥੧॥
ਚੌਪਈ:
ਹਜ਼ਰਤ ਹੇਰਨ ਹੇਤੁ ਰਖਾਏ।
ਜਿਨ ਦਰਸ਼ਨ ਤੇ ਉਰ ਹਰਖਾਏ।
ਇਸ ਬਿਧਿ ਰਹਹਿਂ ਇਸੀ ਥਲ ਖਰੇ।
ਕਿਧੋਂ ਜ਼ੀਨ ਭੀ ਡਾਰਨ ਕਰੇਂ?' ॥੨॥
ਸੁਨਿ ਇਕ ਬੋਲਯੋ 'ਭੋ ਮਤਿ ਭੋਰੇ।
ਇਨ ਕੇ ਜ਼ੀਨ ਨਹੀਂ ਮੁਲ ਥੋਰੇ।
ਜਬਰ ਜਵਾਹਰ ਜ਼ਾਹਰ ਜਰੇ।
ਚਾਮੀਕਰ ਮਹਿਂ ਦੀਪਤਿ ਖਰੇ ॥੩॥
ਮੁਕਤਾ ਕੋਰਦਾਰ ਬਰ ਹੀਰੇ।
ਕਾਰੀਗਰਨ ਚੁਕੋਰਨ[1] ਚੀਰੇ। [1]ਚੌਨਕਰੇ।
ਤਿਨ ਕੀ ਪੰਕਤਿ ਸ਼ੋਭਤਿ ਐਸੀ।
ਦਿਪਤਿ ਗਗਨ ਮੈਂ ਤਾਰਨ ਜੈਸੀ ॥੪॥
ਕਬਹੁਂ ਨ ਤੈਂ ਦੇਖਯੋ ਕਿਮ ਕੋਈ।
ਜ਼ੀਨ ਤੁਰੰਗਨ ਇਨ ਸਮ ਜੋਈ।
ਸਵਾ ਲਾਖ ਕੀਮਤ ਤਿਨ ਕੇਰੀ।
ਤੁਮ ਸਮਾਨ ਕਬਿ ਹੋਇ ਨ ਹੇਰੀ[1]† ॥੫॥ [1]ਤੇਰੇ ਵਰਗਿਆਂ ਕਦੇ ਦੇਖੀ ਬੀ ਨਹੀਂ ਹੋਣੀ। †ਪਾ:-ਨੇਰੀ।
ਕੌਨ ਗਵਾਰਨ ਕੋ ਦਿਖਰਾਵੈ।
ਸ਼ਾਹੁ ਸਮੀਪ ਹੋਨਿ ਨਹਿ ਪਾਵੈਂ।
ਬਿਨਾ ਸ਼ਾਹੁ ਕੇ ਕੌਨ ਬਨਾਵੈ[1]? [1]ਕੌਨ ਬਣਵਾਉਂਦਾ ਹੈ?
ਏਤੋ ਧਨ ਕੋ[1] ਖਰਚ ਲਗਾਵੈ?' ॥੬॥ [1]ਕੌਣ।
ਸੁਨਿ ਕਰਿ ਬਿਧਿ ਚੰਦ ਘਿਘਿਆਨੋ।
'ਮੈਂ ਤੁਮ ਬਿਖੈ ਮਿਲਯੋ ਅਬਿ ਮਾਨੋ।
ਸਚ ਪਤਿਸ਼ਾਹਿ ਹਯਨਿ ਕੋ ਦਾਸ।
ਨਿਸ ਬਾਸੁਰ ਬਾਸੋਂ ਤੁਮ ਪਾਸ ॥੭॥

ਅਸ ਮਨਸਾ[1] ਭੀ ਹੋਹਿ ਨ ਪੂਰੀ। [1]ਐਸੀ (ਮੇਰੀ) ਚਾਹ।
ਤੌਂ ਸਭਿ ਕਾਰ ਕਰਵ ਮੈਂ ਕੂਰੀ।
ਪਾਂਚ ਕਿ ਸਾਤ ਰਜਤਪਣ ਕੇਰੀ।
ਕੀਮਤਿ ਇਤਕ ਵਸਤੁ ਹਮ ਹੇਰੀ ॥੮॥
ਸਵਾ ਲਾਖ ਕੋ ਕਹਾਂ ਬਨਾਯਹੁ?
ਸੁਨਤਿ ਰਿਦੈ ਮਮ ਅਚਰਜ ਆਯਹੁ।
ਜ਼ੀਨ ਬਿਲੋਕਨ ਕੀ ਬਹੁ ਚਾਹੀ।
ਇਹੈ ਸ੍ਵਾਲ ਮੇਰੋ ਤੁਮ ਪਾਹੀ' ॥੯॥
ਇਕ ਬੋਲ੍ਯੋ 'ਸੋ ਕੁਲਫਨ ਅੰਤਰ[1]। [1]ਉਹ ਜੰਦਰਿਆਂ ਅੰਦਰ ਹੈ [ਅ਼. ਕੁਫ਼ਲ]
ਧਰ੍ਯੋ ਰਹੈ ਸੰਭਾਰਿ ਨਿਰੰਤਰ।
ਸਦਾ ਕਲੀਦ[1] ਰਹੈ ਜਿਸ ਹਾਥ। [1]ਕੁੰਜੀ [ਫਾ. ਕੁਲੀਦ]
ਕਰਹਿ ਦਿਖਾਵਨ, ਕਹੁ ਇਹ ਸਾਥ[1]' ॥੧੦॥ [1]ਇਸ ਨੂੰ ਕਹੁ।
ਸੁਨਿ ਕਰਿ ਕਹ੍ਯੋ ਕਲੀਦਨਿ ਵਾਰੇ[1]। [1]ਕੁੰਜੀਆਂ ਵਾਲੇ ਨੇ।
'ਹਮ ਤੌਂ ਸਦਾ ਖਾਨ ਅਨੁਸਾਰੇ।
ਬਿਨਾ ਦਰੋਗ਼ੇ ਬਾਕ ਉਚਾਰੇ।
ਜ਼ੀਨ ਨਿਕਾਸਹਿਂ ਕੌਨ ਬਿਚਾਰੇ[1] ॥੧੧॥ [1]ਅਸੀਂ ਕੌਣ ਵਿਚਾਰੇ ਹਾਂ।
ਕਹੈ ਕਸੇਰਾ ਜੇ ਤਿਸ ਪਾਸ[1]। [1]ਜੇ ਕਸੇਰਾ ਤਿਸ (ਦਰੋਗ਼ੇ) ਨੂੰ ਕਹੇ ਤਾਂ।
ਕੁਲਫ ਕੁਸ਼ਾਦਹਿਂ ਲੇਹਿਂ ਨਿਕਾਸਿ।
ਆਛੀ ਰੀਤਿ ਇਸੈ ਦਿਖਰਾਵੈਂ।
ਏਕ ਬਾਰ ਜੇ ਆਇਸੁ ਪਾਵੈਂ ॥੧੨॥
ਖਾਨ ਤ੍ਰਾਸ ਕੋ ਜੇ ਨਹਿਂ ਧਰੈਂ[1]। [1]ਜੇ ਖਾਨ ਕੋਲੋਂ ਅਸੀਂ ਡਰਦੇ ਨਾ ਹੋਈਏ।
ਤੌਂ ਹਮ ਤੁਰਤ ਦਿਖਾਵਨ ਕਰੈਂ।'
ਇਮ ਉਚਾਰਿ[†] ਕਰਿ ਆਪਸ ਮਾਂਹੀ। [†]ਪਾ:-ਬਿਚਾਰ।
ਖਾਨ ਕਹਾਵਨ ਤੇ ਸਭਿ ਚਾਹੀ ॥੧੩॥
ਇਤਨੇ ਬਿਖੈ ਦਰੋਗ਼ਾ ਆਯੋ।
ਸਭਿ ਮਿਲਿ ਹਾਸ ਬਿਲਾਸ ਰਚਾਯੋ।
ਦੇਖਤਿ ਸੋਂਧੇਖਾਨ ਅਲਾਯੋ।
'ਕ੍ਯਾ ਤੁਮ ਮਿਲਿ ਕੈ ਮਤਾ ਪਕਾਯੋ?' ॥੧੪॥
'ਸੁਨਹੁ ਖਾਨ! ਤੁਮ ਰਖ੍ਯੋ ਕਸੇਰਾ।
ਭੋਰਾ ਬਡ ਸੁਭਾਵ ਕੋ ਹੇਰਾ।

ਅਨਿਕ ਬਾਰਤਾ ਐਸੀ ਕਹੈ।
ਸਦਾ ਹਸਾਵਤਿ ਹੀ ਬਹੁ ਰਹੈ ॥੧੫॥
ਅਬਿ ਹੀ ਹਟੇ ਹਾਸ ਬਹੁ ਕੀਨਿ।
ਕੀਮਤ ਸਵਾ ਲਾਖ ਕਜਾ ਜ਼ੀਨ।
ਦਸ ਬੀਸਕ ਕੈ ਸੌ ਲਗਿ ਜਾਵੈ।
ਦਰਬ ਇਤੌਂ ਲਗਿ ਕਹਾਂ ਬਨਾਵੈ[1]' ॥੧੬॥

[1]ਕਾਠੀ ਵਿਚ ਹੋਰ) ਕੀ ਬਣਾਉਂਦੇ ਹਨ ਕਿ ਇੰਨਾ ਧਨ ਲਗ ਜਾਂਦਾ ਹੈ (ਅ) ਇਤਨਾ ਧਨ ਲਾਕੇ ਕੀ ਬਣਾਇਆ ਹੋਣਾ ਹੈ।

ਸੁਨਤਿ ਕਸੇਰੇ ਬਾਕ ਬਖਾਨਾ।
'ਮੈਂ ਸੁਨਿ ਮਨ ਮਹਿਂ ਭਯੋ ਹਿਰਾਨਾ[1]।
ਦੇਖਨ ਚਹਤਿ ਦਿਖਾਹਿਂ ਨ ਸੋਈ।
ਕਹਤਿ ਰਹਜੋ, ਨਹਿਂ ਮਾਨਹਿ ਕੋਈ ॥੧੭॥

[1]ਅਸਚਰਜ ਮੰਨਦਾ ਹਾਂ।

ਸਕਲ ਆਪ ਕੋ ਨਾਮ ਬਤਾਵਤਿ।
ਕਹੇ ਤੁਮਾਰੇ ਬਿਨ ਨ ਦਿਖਾਵਤਿ।
ਮੋ ਕਹੁ ਭੀ ਅਭਿਲਾਖ ਮਹਾਨਾ।
ਜਬਿ ਲੌਂ ਪਿਖੌਂ ਨ ਮਾਨ ਹਿਰਾਨਾ' ॥੧੮॥
ਸੋਂਧੇ ਭਨਜੋ 'ਈਦ ਜਬਿ ਆਵੈ।
ਤਿਸ ਦਿਨ ਜੁਗਲ ਹਯਨਿ ਪਰ ਪਾਵੈਂ।
ਲੇਹੁ ਬਿਲੋਕਿ ਅਜਾਇਬ ਭਾਰੇ।
ਜਿਨ ਕੇ ਸਮ ਕਬਿਹੂੰ ਨ ਨਿਹਾਰੇ' ॥੧੯॥
ਸੁਨਤਿ ਕਸੇਰੇ ਬਾਕ ਪ੍ਰਕਾਸ਼ਾ।
'ਇਸ ਦਮ ਕਾ ਕਹੁ ਕਜਾ ਭਰਵਾਸਾ।
ਘਰੀ ਨ ਲਾਗਹਿ ਹੋਹਿ ਬਿਨਾਸ਼ਾ।
ਨਿਕਸਤਿ ਆਇ ਕਿ ਨਹਿਂ ਪੁਨ ਸ੍ਵਾਸਾ[1] ॥੨੦॥

[1]ਨਿਕਲਿਆ ਸਾਹ ਫੇਰ ਆਵੇ ਕਿ ਨਾ ਆਵੇ।

ਕੀਨਿ ਤਰੀਫ ਜ਼ੀਨ ਕੀ ਸਭਿਹੂੰ।
ਮੋਹਿ ਰਿਦਾ ਸੁਨਿ ਬਿਸਮਜੋ ਤਬਿਹੂੰ।
ਚੈਨ ਨ ਪਰਹਿ ਬਿਲੋਕੇ ਬਿਨਾ।
ਸਵਾ ਲਾਖ ਧਨ ਅਚਰਜ ਸੁਨਾ ॥੨੧॥
ਤੁਮਰੇ ਨਿਕਟਿ ਸਦੀਵ ਰਹਾਊਂ।

ਅਸ ਭੀ ਨਹੀਂ ਕਾਮਨਾ ਪਾਊਂ।
ਯਾਂ ਤੇ ਆਇਸੁ ਦੀਜਹਿ ਖਾਨ।
ਜਿਸ ਤੇ ਜ਼ੀਨ ਦਿਖਾਵਹਿਂ ਆਨਿ' ॥੨੨॥
ਦੇਖਿ ਦਰੋਗੇ ਅਸ ਅਭਿਲਾਖਾ।
ਖਰੋ ਕਲੀਦਵਾਰ[1], ਤਿਹ ਭਾਖਾ।
'ਜ਼ੀਨ ਨਿਕਾਸਿ ਦੇਹੁ ਦਿਖਰਾਇ।
ਰਿਦੇ ਕਸੇਰਾ ਜੇ ਹਰਖਾਇ ॥੨੩॥
ਤਿਸੀ ਰੀਤਿ ਸਭਿ ਫੇਰ ਸੰਭਾਰਹੁ।
ਅੰਤਰ ਧਰਿ ਤਾਰੋ ਤਹਿਂ ਮਾਰਹੁ।'
ਲੇ ਆਇਸੁ ਕੋ ਲਾਇ ਕਲੀਦ।
ਕੁਲਫ ਖੋਲਿ ਕਰਿ ਲਖੀ ਤਗੀਦ[1] ॥੨੪॥
ਅੰਤਰ ਹੁਇ ਪ੍ਰਵੇਸ਼, ਲੈ ਆਯੋ।
ਆਨ ਵਹਿਰ ਧਰਿ ਬੈਠਿ ਖੁਲ੍ਹਾਯੋ।
ਜਬਿ ਵਸਤ੍ਰਨਿ ਤੇ ਵਹਿਰ ਨਿਕਾਰਾ।
ਜਰੇ ਜਵਾਹਿਰ ਦਮਕ ਉਦਾਰਾ ॥੨੫॥
ਹੇਰਿ ਕਸੇਰੇ ਫੇਰ ਉਚਾਰੇ।
'ਇਹੁ ਤੋ ਪਾਹਨ ਉੱਜਲ ਸਾਰੇ।
ਹਮਰੇ ਜਬਿ ਜਵਾਰ ਪਕ ਜਾਇ।
ਇਨ ਮੁਕਤਾ ਸਮ ਕਰਤਿ ਚਬਾਇ[1] ॥੨੬॥
ਮੈਂ ਜਾਨਤਿ ਕੁਛ ਆਛੋ ਹੋਇ।
ਇਨ ਸਮ ਹਮ ਚਰਬਤਿ ਦੇ ਖੋਇ[1]।
ਕਹਾਂ ਜਵਾਹਿਰ ਲਗਿ ਇਸ ਮਾਂਹੀ।
ਮੁਝ ਕੋ ਤੌ ਭਾਸਤਿ ਕੁਛ ਨਾਂਹੀ ॥੨੭॥
ਸਵਾਲਾਖ ਧਨ ਕਹਾਂ ਲਗਾਯੋ।
ਉੱਜਲ ਪਾਹਨ ਬਹੁ ਖਚਿਵਾਯੋ।
ਕੈ ਜੁਵਾਰ ਸਮ ਦਾਨੇ ਪੋਏ।
ਗੁੱਛੇ ਲਰਕਤਿ ਹੈਂ ਗਨ ਜੋਏ' ॥੨੮॥
ਸੁਨਤਿ ਹਸੇ ਸਭਿ ਕਹਿਂ 'ਮਤਿ ਭੋਰੇ!
ਹੀਰੇ ਚਾਰੂ ਚੀਰ ਚੁਕੋਰੇ।

[1]ਖੜਾ ਸੀ ਕੁੰਜੀ ਵਾਲਾ।

[1]ਦਰੋਗੇ ਦੀ) ਤਾਕੀਦ ਜਾਣੀ।

[1]ਕਹਿਣ ਲਗਾ ਇਨ੍ਹਾਂ ਮੋਤੀਆਂ ਵਾਂਙ (ਦਾਣੇ) ਚਬਦੇ ਹਾਂ।

[1]ਚਬਾਕੇ ਗੁਵਾ ਦੇਂਦੇ ਹਾਂ।

ਕਈ ਹਜ਼ਾਰਨ ਖਰਚੇ ਪਾਵੈਂ।
ਜਿਸ ਕੋ ਤੂੰ ਪਾਹਨ ਬਤਰਾਵੈਂ ॥੨੯॥
ਲਿਏ ਨ ਦੀਏ ਕਹਾਂ ਤੁ ਜਾਨਹਿਂ।
ਇਨ ਕੀ ਕੀਮਤ ਕਹਾਂ ਪਛਾਨਹਿਂ।
ਇਹ ਸ਼ਾਹੁਨਿ ਕੇ ਹੋਤਿ ਸਮੀਪ।
ਨਹੀਂ ਮਵੱਸਰ ਅਪਰ ਮਹੀਪ[1]' ॥੩੦॥

[1]ਹੋਰਨਾਂ ਰਾਜਿਆਂ ਨੂੰ ਬੀ ਐਸੇ ਪ੍ਰਾਪਤ ਨਹੀਂ (ਅ) ਰਾਜਿਆਂ ਤੋਂ ਬਿਨਾਂ ਹੋਰ ਕਿਸੇ ਨੂੰ ਪ੍ਰਾਪਤ ਨਹੀਂ ਹੁੰਦੇ [ਅ਼:-ਮੁਯੱਸਰ = ਜੋ ਸੌਖਾ ਲੱਭ ਪਵੇ]

ਨਿਜ ਕਰ ਲਾਇ ਕਸੇਰੇ ਹੇਰੇ।
ਕਹੈ 'ਨ ਮ੍ਰਿਦੁਲ, ਕਠੋਰ ਘਨੇਰੇ।
ਚੁਭੈਂ ਸ਼ਾਹੁ ਕੋ ਤਨ ਜਬਿ ਛ੍ਵੈ ਹੈਂ।
ਇਨ ਲਾਗੇ ਸੁਖ ਕਜਾ ਤਿਸ ਹ੍ਵੈ ਹੈ?'
॥੩੧॥
ਕਹਿ ਸੋਂਧਾ 'ਇਨ ਮ੍ਰਿਦੁ ਸ਼ੁਭਿ ਜਾਨੇ।
ਲੇ ਕਰਿ ਪਾਨ ਨਹੀਂ ਕੁਛ ਖਾਨੇ[1]।

[1]ਹੱਥ ਵਿਚ ਲੈ ਕੇ ਕੁਛ ਖਾਣੇ ਤਾਂ ਨਹੀਂ।

ਇਨ ਤੇ ਸ਼ੋਭਾ ਹੋਤਿ ਬਿਸਾਲਾ।
ਸੁੰਦਰ ਦੀਖਤਿ ਅਧਿਕ ਉਜਾਲਾ ॥੩੨॥
ਤੂੰ ਭੋਰਾ ਕੁਛ ਜਾਨੇ ਨਾਂਹੀ।
ਨਹੀਂ ਨਿਹਾਰੇ ਆਗੇ ਕਾਹੀ[1]।

[1]ਕਿਧਰੇ। (ਅ) ਕਦੇ।

ਵਸਤੁ ਅਪਰ ਜਿ ਪਾਇ ਨ ਕੋਇ।
ਸੋ ਸ਼ਾਹੁਨਿ ਢਿਗ ਉੱਤਮ ਹੋਇ' ॥੩੩॥
ਸੁਨਤਿ ਕਸੇਰੇ ਬਾਕ ਉਚਾਰੇ।
'ਹਮ ਸਮ ਜੇ ਧਨ ਪਾਹਿਂ ਹਜ਼ਾਰੇ।
ਸਭਿ ਬਯ ਲੌ ਠਾਨੈਂ ਗੁਜ਼ਰਾਨ।
ਨਿਜ ਅਰੁ ਸੁਤ ਕਰਿ ਬਜਾਹੁ ਮਹਾਨ
॥੩੪॥
ਇਹ ਤੋ ਦਰਬ ਜਿ ਬਾਦ ਲੁਟਾਵੈਂ।
ਇਹੁ ਸ਼ਾਹਨਿ ਕੋ ਹੀ ਬਨਿ ਆਵੈ।'
ਬਸਤ੍ਰ ਲਪੇਟੇ ਪ੍ਰਥਮ ਸਮਾਨਾ।
ਭਲੇ ਸੰਭਾਰਯੋ ਸੋਂਧੇ ਖਾਨਾ ॥੩੫॥
ਹਾਥ ਕਸੇਰੇ ਕੇ ਉਚਵਾਏ।
ਗਏ ਸੰਗ ਲੇ ਅੰਤਰ ਥਾਏਂ।

ਆਛੀ ਰੀਤਿ ਸੰਭਾਰਿ ਧਰਾਯੋ।
ਬਿਧੀਏ ਦੇਖਿ ਭੇਵ ਸਭਿ ਪਾਯੋ ॥੩੬॥
ਇਤ ਉਤ ਪਿਖਿ ਕਰਿ ਬਾਹਰ ਆਵਾ।
ਕਰ ਕਲੀਦ ਜਿਸ ਕੁਲਫ ਲਗਾਵਾ।
ਸੌਂਧੇ ਖਾਨ ਗਯੋ ਨਿਜ ਕਾਜ।
ਜਾਨਿ ਲੀਨਿ ਮਨ, ਸਕਲ ਸਮਾਜ ॥੩੭॥
ਨਿਜ ਕਰ ਤੇ ਕਲੀਦ ਜਹਿਂ ਰਖੀ।
ਸੋ ਭੀ ਥਾਇਂ ਕਸੇਰੇ ਲਖੀ[1]।
ਦਿਵਸ ਬਿਤਾਇ ਭਯੋ ਅੰਧਕਾਰਾ।
ਘਰ ਜੀਵਣ ਕੇ ਕੀਨਿ ਅਹਾਰਾ ॥੩੮॥
ਨਿਸ ਬਿਤਾਇ ਕਰਿ ਵਹਿਰ ਪਯਾਨਾ।
ਖੁਰਚੀ ਦੂਬ ਦੇਖਿ ਸ਼ੁਭ ਥਾਨਾ।
ਆਨਿ ਹਯਨਿ ਕੇ ਆਗੇ ਪਾਈ।
ਹਰਖਤਿ ਧਾਰਤਿ ਸੇਵ ਸਵਾਈ ॥੩੯॥
ਦੇਖਿ ਦਰੋਗ਼ੇ ਗਿਰਾ ਉਚਾਰੀ।
'ਤੁਹੀਂ ਕਸੇਰੇ ! ਦੇਇ ਨਿਹਾਰੀ।
ਖਾਨ ਪਾਨ ਤੁਰੰਗਨ ਕੋ ਸਾਰਾ।
ਦੇਹੁ ਤੁਹੀਂ ਲਿਹੁ ਨਿਸ ਦਿਨ ਸਾਰਾ' ॥੪੦॥
ਬਿਧੀਆ ਦੇਨਿ ਲਗ੍ਯੋ ਤਬਿ ਤੈਸੇ।
ਆਗੇ ਸੇਵਕ ਚਾਰਤਿ ਜੈਸੇ।
ਲੇਨੀ ਖਾਨ ਪਾਨ ਸੁਧਿ ਸਾਰੀ।
ਧਰੇ ਪ੍ਰੇਮ ਕੋ ਸਰਬ ਸੰਬਾਰੀ ॥੪੧॥
ਜਬੈ ਕਸੇਰੇ ਹੇਰਹਿਂ ਘੋਰੇ।
ਹਿਹਨਾਵੈਂ ਉਰ ਮੁਦਤਿ ਨ ਥੋਰੇ।
ਲਖਿ ਸੇਵਾ ਕੋ ਬਹੁ ਅਨੁਰਾਗੇ।
ਪੌਰ ਉਠਾਵਤਿ ਪਿਖਿ ਕਰਿ ਆਗੇ ॥੪੨॥
ਬਦਨ ਬਿਲੋਚਨ ਪਰ ਕਰ ਫੇਰੈ।
ਦੇਤਿ ਦਿਲਾਸਾ ਬੋਲਿ ਘਨੇਰੈ।
ਮਾਲਸ਼ ਕਰਹਿ ਪਹਿਰਿ ਹਥਵਾਈ[1]।

[1]ਜਾਣ ਲਈ।
[1]ਗੱਦੀ।

ਨਖ ਸਿਖ ਲੌ ਤਨ ਦੈ ਦਮਕਾਈ[1] ॥੪੩॥
ਖਿੰਘਰ ਏਕ ਵਹਿਰ ਤੇ ਆਨੈ।
ਆਧੀ ਰਾਤਿ ਪਰੀ ਜਬਿ ਜਾਨੈ।
ਬਡੇ ਬੇਗ ਤੇ ਨਦੀ ਗਿਰਾਵੈ।
ਜਲ ਉਛਾਲ ਕਰਿ ਨਾਦ ਉਠਾਵੈ ॥੪੪॥
ਤੀਨ ਚਾਰ ਦਿਨ ਜਾਗ ਨਿਹਾਰੇ[1]।
ਕੁਛ ਨਹਿਂ ਲਖਹਿਂ ਸੁਪਤ ਹੁਇਂ ਸਾਰੇ।
ਪੰਦ੍ਰਹਿ ਦਿਵਸ ਕਰਤਿ ਇਮ ਰਹ੍ਯੋ।
-ਕੋ ਜਲਜੰਤੁ ਹੋਇ- ਅਸ ਲਹ੍ਯੋ ॥੪੫॥
ਬਹੁਰ ਦੇਖਿਬੋ ਨਾਂਹਿਨ ਕਰੈਂ।
ਪਹਿਰਾ ਦੇਤਿ ਪਾਹਰੂ ਪਰੈ[1]।
ਘੋਰਾ ਲੈ ਨਿਕਸਨਿ ਬਲ ਭਾਰੀ।
ਅਚਰਜ ਕਰਿਬੇ ਸਭਿਨਿ ਮਝਾਰੀ ॥੪੬॥
ਅਪਨੀ ਦ੍ਰਿਸ਼ਟਿ ਤਰੇ ਸਭਿ ਕੀਨਾ।
ਬਾਰ ਬਾਰ ਫਾਂਦਨ ਥਲ[1] ਚੀਨਾ।
ਅਪਨੀ ਘਾਤ ਲਾਇਬੇ ਹੇਤੁ।
ਕਰਤਿ ਰਹਤਿ ਬਿਧਿ ਸੁਮਤਿ ਸਮੇਤ ॥੪੭॥

[1]ਚਮਕਾ ਦੇਵੇ।

[1]ਪਹਿਰੇਦਾਰ) ਜਾਗ ਪੈਂਦੇ ਤੇ ਵੇਖਦੇ।

[1]ਪਹਿਰੇਦਾਰ ਪਏ ਪਹਿਰਾ ਦੇਂਦੇ ਰਹਿਣ। (ਅ) ਪਹੈ = ਦਰ ਦੂਰ।

[1]ਟੱਪਣ ਦੀ ਥਾਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਬਿਧੀਆ ਸਰਬ ਭੇਤ ਲੇਵਨ' ਪ੍ਰਸੰਗ ਬਰਨਨੰ ਨਾਮ ਊਨ ਤ੍ਰਿਸੰਤੀ ਅੰਸੂ ॥੨੯॥

੩੦. [ਸਾਥੀਆਂ ਨੂੰ ਕਸੇਰੇ ਵਲੋਂ ਜ਼ਿਆਫ਼ਤ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:
ਸਰਬ ਭੇਵ ਕੋ ਜਾਨਿ ਕਰਿ, ਨਿਕਸਨਿ ਹੇਤੁ ਉਪਾਵ।
ਰਚਤਿ ਸੁਮਤਿ ਕਰਿ ਆਪਨੀ, ਜਯੋਂ ਲਾਗਹਿ ਨਿਜ ਦਾਵ ॥੧॥
ਚੌਪਈ:
-ਕਿਸ ਪ੍ਰਕਾਰ ਇਹੁ ਸੁਪਤਹਿਂ ਸਾਰੇ।
ਲਖਹਿਂ ਨ ਜ਼ੀਨ ਤੁਰੰਗਮ ਡਾਰੇ।
ਸੋ ਉਪਾਵ ਮੋ ਕਹੁ ਬਨਿ ਆਵਹਿ।
ਜਾਗਹਿਂ ਜਬਿ ਸਭਿ ਬਹੁਤ ਜਗਾਵਹਿਂ- ॥੨॥
ਰਿਦੈ ਬਿਚਾਰਿ ਉਪਾਵ ਅਰੰਭਾ।
ਜਿਸ ਤੇ ਹੋਵਹਿ ਸਭਿਨਿ ਅਚੰਭਾ।
ਸਤਿਗੁਰ ਕੋ ਧਰਿ ਧਯਾਨ ਮਨਾਵਹਿ।
-ਅਪਨੋ ਕਾਰਜ ਆਪ ਬਨਾਵਹਿਂ- ॥੩॥
ਹੁਤੇ ਹਯਨਿ ਕੇ ਸੇਵਕ ਸਾਰੇ।
ਰਾਗ ਰੰਗ ਕਰਿ ਮੋਦਤਿ ਭਾਰੇ[1]।
ਕੈਫ[1] ਕੰਚਨੀ[2] ਮਹਿਂ ਧਨ ਖੋਵਹਿਂ।
ਬਾਰੰਬਾਰ ਤਮਾਸ਼ੇ ਜੋਵਹਿਂ ॥੪॥
ਇਕ ਦਿਨ ਬੈਠਿ ਸਭਾ ਮਹਿਂ ਸਾਰੇ।
ਹਾਸ ਬਿਲਾਸਨ ਬਾਕ ਉਚਾਰੇ।
ਦਾਸ ਕਹੈਂ 'ਸੁਨਿ ਭ੍ਰਾਤ ਕਸੇਰੇ!
ਰਹਯੋ ਨਵੀਨ ਆਇ ਇਸ ਡੇਰੇ ॥੫॥
ਅਧਿਕ ਚਾਕਰੀ ਸਭਿ ਤੇ ਭਈ।
ਸ਼ਾਹੁ ਨਿਕਟਿ ਤੇ ਬਖਸ਼ਿਸ਼ ਲਈ।
ਨਹਿਂ ਭ੍ਰਾਤਨਿ ਮਹਿਂ ਜ਼ਯਾਫਤ ਕਰੀ[1]।
ਇਹੁ ਆਛੀ ਨਹਿਂ ਤੁਝ ਤੇ ਸਰੀ' ॥੬॥
ਸੁਨਿ ਬਿਧੀਏ ਉਰ ਹਰਖ ਉਪੰਨਾ।
-ਕਾਰਜ ਬਨਯੋ ਭਲੋ- ਮਨ ਮੰਨਾ[1]।
ਕਹਨਿ ਲਗਯੋ 'ਭ੍ਰਾਤਨਿ ਅਨੁਸਾਰੀ।

[1]ਰਾਗਾਂ ਰੰਗਾਂ ਵਿਚ ਬੜੇ ਖੁਸ਼ ਰਹਿਣ ਵਾਲੇ।
[1]ਸ਼ਰਾਬ। [2]ਵੇਸ਼ਵਾ।
[1]ਰੋਟੀ [ਅ਼. ਜ਼ਯਾਫ਼ਤ = ਖਾਣਾ। ਦਾਅਵਤ]
[1]ਮਨ ਵਿਚ ਜਾਣਿਆਂ।

ਕਜੋਂ ਨ ਕਰੋਂ ਮੈਂ ਖੁਸ਼ੀ ਤੁਮਾਰੀ ॥੭॥
ਮੈਂ ਨਹਿਂ ਜਾਨੀ, ਸਭਿ ਤੁਮ ਕਹੀ[1]। — [1]ਮੈਨੂੰ (ਆਪਣੇ ਆਪ) ਇਹ ਸੁੱਝੀ ਨਹੀਂ ਸੀ (ਚੰਗਾ ਹੋਇਆ ਜੋ) ਤੁਸਾਂ ਸਾਰੀ ਕਹਿ ਦਿਤੀ ਹੈ।
ਆਛੀ ਕਰੌਂ, ਅਬਹਿ ਉਰ ਲਹੀ।
ਇਕ ਅਜੋਗ ਮੁਹਿ ਬਹੁਤ ਬਿਚਾਰਾ।
ਜਨਮ ਹਿੰਦੁ ਮਮ, ਤੁਰਕ ਤੁਮਾਰਾ ॥੮॥
ਜ਼ਾਫਤ ਨਹਿਂ ਅਹਾਰ ਕੀ ਬਨੈ।
ਅਪਰ ਕਰਵ[1], ਤੁਮ ਸਭਿ ਜਿਮ ਭਨੈ। — [1]ਕਰਾਂਗਾ।
ਧਨ ਲਾਲਚ ਮੇਰੇ ਕੁਛ ਨਾਂਹੀ।
ਖਾਇ ਖੁਲਾਇ ਦੇਉਂ ਤੁਮ ਮਾਂਹੀ[1] ॥੯॥ — [1]ਤੁਹਾਡੇ ਵਿਚ ਖਾ ਖੁਲਾ ਦਿਆਂਗਾ।
ਮੈਂ ਨਿਜ ਭਨੋਂ ਮਨੋਰਥ ਮਨ ਕੋ।
ਜ਼ਾਫਤ ਕਰੌਂ ਕੈਫ[1] ਸਭਿਹਿਨਿ ਕੋ। — [1]ਸ਼ਰਾਬ ਦੀ।
ਜੇਤਿਕ ਚਾਹੋ ਤੇਤਿਕ ਪੀਓ।
ਬਨਹੁ ਅਨੰਦਤਿ ਅਮਲੀ ਖੀਓ ॥੧੦॥
ਮਿਲਿ ਬੈਠਹੁ ਤੁਮ ਇਕ ਥਲ ਸਾਰੇ।
ਭਰਿ ਭਰਿ ਘਟ ਮਹਿਂ[1] ਧਰੌਂ ਮਝਾਰੇ। — [1]ਘੋੜੇ ਵਿਚੋਂ।
ਰਾਗ ਰੰਗ ਕਰਿ ਕਰਿ ਹਰਖਾਵਹੁ।
ਅਮਲੀ ਹੋਇ ਅਪਨ ਥਲ ਜਾਵਹੁ ॥੧੧॥
ਨਿਜ ਕਰ ਭਰਿ ਭਰਿ ਪਜਾਲੇ ਦੈਹੌਂ।
ਸਭਿ ਤ੍ਰਿਪਤਾਇ ਖੁਸ਼ੀ ਮੈਂ ਲੈਹੌਂ।
ਕਰਹੁ ਪਰਸਪਰ ਬਾਕ ਬਨਾਇ[1]। — [1]ਆਪਸ ਵਿਚ ਖੂਬ ਗੱਪਾਂ ਮਾਰੋ।
ਕਰਹੁ ਮਜਾ ਤੁਮ ਦਿਯੋ ਖ਼ੁਦਾਇ[1] ॥੧੨॥ — [1]ਖੁਦਾ ਦੇ ਦਿੱਤੇ ਮਜ਼ੇ ਕਰਨੇ।
ਨਹਿਂ ਇਸ ਦਮ ਕੋ ਕੁਛ ਭਰਵਾਸਾ।
ਇਹੀ ਲਾਭ, ਕਰਿ ਲੇਹੁ ਬਿਲਾਸਾ।'
ਸੁਨਿ ਹਯ ਸੇਵਕ ਸਭਿ ਹਰਖਾਏ।
'ਸਾਧ ਸਾਧ' ਮੁਖ ਬਾਕ ਅਲਾਏ ॥੧੩॥
ਇਮ ਪ੍ਰਸੰਨਤਾ ਧਾਰਹਿਂ ਸਾਰੇ।
'ਪੀ ਪੀ ਕੈਫ ਬਨਹਿਂ ਮਤਵਾਰੇ।
ਖਾਨੇ ਕੋ ਖਾਨਾ ਕਜਾ ਅਹੈ।
ਨਿਜ ਨਿਜ ਸਦਨ ਹਮੇਸ਼ੈਂ ਲਹੈਂ[1] ॥੧੪॥ — [1]ਭਾਵ (ਖਾਣਾ) ਤਾਂ ਰੋਜ਼ ਖਾਂਦੇ ਹੀ ਹਾਂ ਆਪੋ ਆਪਣੇ ਘਰੀਂ।
ਮਿਲਿ ਸ਼ਰਾਬ ਨਹਿਂ ਪੀਵਤਿ ਕਬਿਹੂੰ।

ਬਚਨ ਬਿਲਾਸ ਨ ਹੋਯਹੁ ਸਭਿਹੂੰ।
ਜ਼ਾਫਤ ਇਸ ਤੇ ਨਾਂਹਿਨ ਨੀਕੀ।
ਇਹੈ ਖੁਸ਼ੀ ਹੈ ਸਭਿ ਕੇ ਜੀ ਕੀ' ॥੧੫॥
ਸੁਨਿ ਬਿਧੀਏ ਮਨ ਘਾਤ ਬਿਚਾਰੀ।
-ਅਸ਼ਟਮ ਵਦੀ ਆਜ ਸੁਖਕਾਰੀ।
ਪ੍ਰਥਮ ਨਿਸਾ ਮਹਿਂ ਵਡ ਅੰਧਕਾਰਾ।
ਉਦਹਿ ਚੰਦ ਪੁਨ ਗਗਨ ਮਝਾਰਾ ॥੧੬॥
ਤਮ ਮਹਿਂ ਦੁਰਗ ਤੁਰੰਗ ਫੰਦਾਵੌਂ।
ਹੁਇ ਪ੍ਰਕਾਸ਼ ਪਿਖਿ ਪੰਥ ਸਿਧਾਵੌਂ।
ਕਰੌਂ ਆਜ ਹੀ ਜ਼ਾਫਤ ਕੈਫ।
ਹੋਤਿ ਪ੍ਰਭਾਤ ਮਿਲੈ ਇਨ ਹੈਫ[1]- ॥੧੭॥

[1]ਪਛੁਤਾਵਾ। [ਅ਼. ਹੈਫ਼ = ਅਫ਼ਸੋਸ, ਸਿਤਮ, ਜ਼ੁਲਮ]

ਇਮ ਬਿਚਾਰ ਕਰਿ ਬੋਲਯੋ ਸੋਇ।
'ਖਾਣਾ ਖਾਹੁ ਆਜ ਨਹਿਂ ਕੋਇ।
ਤੁਮ ਸਭਿ ਕੋ ਹੈ ਕਸਮ ਖ਼ੁਦਾਇ।
ਜੇ ਨ ਮਿਲਹੁ ਇਹਠਾਂ ਸਮੁਦਾਇ ॥੧੮॥
ਮੈਂ ਅਬਿ ਜਾਇ ਬਾਰਨੀ ਲ੍ਯਾਊਂ।
ਅਤਿ ਨੀਕੀ ਨਿਜ ਹਾਥ ਪਿਲਾਊਂ।
ਪ੍ਰਥਮ ਪਾਨ ਕਰਿ ਮਿਲਿ ਇਸ ਥਾਨ।
ਮਨ ਭਾਵਤਿ ਲੇ ਅਮਲ ਮਹਾਨ ॥੧੯॥
ਬਹੁਰ ਜਥਾ ਰੁਚਿ ਖਾਨ ਕਰੀਜੈ।
ਬੇਸਜਾ ਰਮਹੁ ਕਿ ਘਰ ਗਮਨੀਜੈ†।

†ਇਹ ਸਾਰਾ ਨਕਸ਼ਾ ਤੇ ਵੇਰਵਾ ਕਵੀ ਜੀ ਦੇ ਸਮਾਂ ਬੰਨ੍ਹਣ ਤੇ ਕਵਿਤਾ ਨੂੰ ਚਿੱਤ੍ਰ, ਵਾਂਙੂ ਚਿੱਤਰ ਦੇਣ ਦਾ ਕਮਾਲ ਤਾਂ ਹੈ, ਪਰ ਇਸ ਤੋਂ ਵਧੀਕ ਹੋਰ ਭਾਵਾਂ ਵਿਚ ਇਸ ਨੂੰ ਨਹੀਂ ਸਮਝਣਾ ਚਾਹੀਏ। ਇਥੋਂ ਇਹ ਮਤਲਬ ਕੱਢਣਾ ਇਸ ਕਵਿਤਾ ਨਾਲ ਅਨਜਾਇ ਹੋਵੇਗਾ ਕਿ ਗੁਰੂ ਕਾ ਸਿੱਖ ਸ਼ਰਾਬ ਪਿਲਾ ਰਿਹਾ ਹੈ ਤੇ ਭੈੜੇ ਕੰਮਾਂ ਦਾ ਪ੍ਰਚਾਰ ਕਰ ਰਿਹਾ ਹੈ। ਕਵੀ ਜੀ ਦਾ ਇਹ ਆਸ਼ਾ ਨਹੀਂ ਕਿ ਸਿੱਖ ਤੋਂ ਪਾਪ ਦਾ ਪ੍ਰਚਾਰ ਕਰਵਾਉਣ ਦਾ ਲੇਖ ਲਿੱਖਣ।

ਨਹੀਂ ਜਾਉਂ ਇਹਠਾਂ ਪਰ ਰਹੋਂ।
ਆਜ ਚਿੰਤ ਨਹਿ ਕਿਸ ਬਿਧਿ ਲਹੋ
॥੨੦॥
ਸਭਿ ਬਿਧਿ ਬਿਲਸਹੁ ਐਸ਼[1] ਬਿਸਾਲਾ।

[1]ਐਸ਼ ਮਨਾਓ।

ਮੈਂ ਸਭਿ ਕਾਰਜ ਲੇਹੁਂ ਸੰਭਾਲਾ।
'ਇਮ ਕਹਿਤੇ ਸੰਧ੍ਯਾ ਹੁਇ ਆਈ।
ਪਸਰ੍ਯੋ ਤਿਮਰ ਗਗਨ ਲਿਯ ਛਾਈ
॥੨੧॥

ਤਿਸ ਥਲ ਕਰਿ ਇਕਠੇ ਸਮੁਦਾਇਆ।
ਆਪ ਲੈਨਿ ਹਿਤ ਕੈਫ ਸਿਧਾਇਆ।
ਘਰ ਤਿਖਾਨ ਜੀਵਨ ਕੇ ਗਯੋ।
ਬੀਸ ਰਜਤਪਣ ਲੇਤਿ ਸੁ ਭਯੋ ॥੨੨॥
ਬੂਝਜੋ ਸੌਡਕ[1] ਸਦਨ ਬਿਸਾਲਾ।
ਹਿਤ ਸ਼ਰਾਬ ਕੇ ਤਤਛਿਨ ਚਾਲਾ।
ਮਿਲਜੋ ਜਾਇ ਕਰਿ ਬੋਲਜੋ ਤਾਂਹੀ।
'ਸਾਰ ਬਾਰਨੀ[1] ਹੈ ਤੁਵ ਪਾਹੀ? ॥੨੩॥
ਆਛੀ ਦੇਹੁ ਮੋਲ ਬਹੁ ਲੀਜਹਿ।
ਅਮਲ ਘਨੌ ਜਿਸ ਥੋਰੀ ਪੀਜਹਿ।'
ਕਹਜੋ 'ਮੋਲ ਡਿਉਢਾ ਮੈਂ ਲੈ ਹੌਂ।
ਸਾਰ ਬਾਰਨੀ ਘਰ ਤੇ ਦੈ ਹੌਂ ॥੨੪॥
ਪੀਜੈ ਅਲਪ ਹੁਜੀਏ ਬੌਰਾ।
ਖੋਜਹਿ ਪਾਇ ਨ ਘਰ ਕੋ ਪੌਰਾ[1]।
ਔਰ ਤਰੀਫ ਕਹਾਂ ਕਰਿ ਕਹੈਂ।
ਨਿਕਸਹਿ ਮੂਤ੍ਰ ਨਹੀਂ ਸੁਧਿ ਲਹੈ'
॥੨੫॥
ਬਿਧੀਆ ਕਹੈ 'ਮੋਲ ਲਿਹੁ ਦੂਨਾ।
ਦਿਹੁ ਸ਼ਰਾਬ ਜਿਸ ਅਮਲ ਚਊਨਾ।'
ਇਮ ਕਹਿ ਬੀਸ ਰਜਤਪਣ ਦੀਨਿ।
ਸਾਰਬਾਰਨੀ ਘਟ[1] ਭਰਿ ਲੀਨਿ ॥੨੬॥
ਨਿਜ[1] ਦਾਸਨ ਕੇ ਸਿਰ ਉਚਵਾਇ।
ਬਿਧੀਏ ਸੰਗ ਸੁ ਦਏ ਪਠਾਇ।
ਬੀਤੀ ਜਾਮਨਿ ਘਟਿਕਾ ਚਾਰੀ।
ਪਹੁੰਚਜੋ ਨਿਕਟਿ ਜਾਇ ਮਤਿ ਭਾਰੀ
॥੨੭॥
ਆਗੈ ਦਾਸਨਿ ਕੋ ਸਮੁਦਾਯਾ।
ਮਿਲੇ ਸਕਲ ਸਠ ਲਖਹਿਂ ਨ ਮਾਯਾ।
ਥਿਰੇ ਪ੍ਰਤੀਖਤਿ -ਅਜਹੁੰ ਨ ਆਯੋ-।
ਭਏ ਮੁਦਿਤ ਚਿਤ ਜਬਿ ਦਰਸਾਯੋ
॥੨੮॥

[1]ਸ਼ਰਾਬ ਵਾਲੇ ਦਾ ਘਰ [ਸੰ. ਸ਼ੌਂਡਿਕ]

[1]ਚੰਗੀ ਸ਼ਰਾਬ। (ਅ) ਅੱਵਲ ਦਰਜੇ ਦੀ ਸ਼ਰਾਬ।

[1](ਐਸਾ ਬੌਰਾ ਹੋਵੇ) ਕਿ ਆਪਣੇ ਘਰ ਦਾ ਬੂਹਾ ਹੀ ਨਾ ਲੱਭੇ।

[1]ਘੜਾ।

[1](ਸੌਂਡਿਕ ਨੇ) ਆਪਣੇ।

ਫਰਕ ਸਾਥ[1] ਪੰਕਤਿ ਬੈਠਾਈ। — [1]ਭਾਵ ਥੋੜੀ ਥੋੜੀ ਵਿੱਥ ਤੇ।
ਪਿਖਿ ਬਿਧੀਏ ਸਭਿਹੁੰਨ ਸੁਨਾਈ।
'ਸਾਰਬਾਰਨੀ ਟੋਰਿ[1] ਘਨੇਰੀ। — [1]ਲੱਭ ਕੇ।
ਮੈਂ ਆਨੀ ਫਿਰਿ ਕੈ ਬਹੁਤੇਰੀ ॥੨੯॥
ਸਨੇ ਸਨੇ ਥੋਰੀ ਕਰਿ ਪਾਨ।
ਕਰਹੁ ਬਾਰਤਾਲਾਪ ਸੁਜਾਨ[1]। — [1]ਹੇ ਸੁਜਾਨੋ ! ਗੱਲਾਂ ਬਾਤਾਂ ਕਰੋ।
ਪੰਚ ਰਜਤਪਨ ਇਹ ਅਬਿ ਲਹੀਅਹਿ।
ਨੁਕਲ[1] ਅਨਾਵਹੁ ਜੋ ਚਿਤ ਚਹੀਅਹਿ ॥੩੦॥ — [1]ਸ਼ਰਾਬ ਨਾਲ ਖਾਣ ਵਾਸਤੇ ਸ਼ੈਆਂ।
ਮੈਂ ਭਰਿ ਭਰਿ ਦੇਵੌਂ ਤੁਮ ਪਜਾਲੇ।
ਕੀਜਹਿ ਆਜ ਬਿਨੋਦ ਬਿਸਾਲੇ।
ਬਿਛੁਰਹਿ ਯਾਦ ਰਖੋਗੇ ਸਾਰੇ।'
ਇੱਤਜਾਦਿਕ ਬਚ ਕਹਿ ਕਹਿ ਪਜਾਰੇ ॥੩੧॥
ਨੁਕਲ ਘਟੀ ਦੋ ਇਕ ਮਹਿਂ ਆਈ।
ਤਨਕ ਤਨਕ ਦੇ ਪ੍ਰਥਮ ਪਿਆਈ।
ਬਤਰਸ[1] ਕੇ ਲਾਲਚ ਤਬਿ ਲਾਏ। — [1]ਗੱਲਾਂ ਦੇ ਰਸ ਵਿਚ।
ਹੰਕਾਰਤਿ ਕੇਤੇ[†] ਹੁਲਸਾਏ[1] ॥੩੨॥ — [1]ਹੰਕਾਰਦੇ ਹੋਏ ਖੁਸ਼ੀ ਵਿਚ ਭਰ ਗਏ। [†]ਪਾ:-ਹੰਕਾਰਤਿ ਕੇਚਿਤ......।
ਮਾਦਕ[1] ਚਢਜੋ ਭਭੂਕੇ ਜੈਸਾ। — [1]ਨਸ਼ਾ।
ਕੋ ਬਿਹਸਤਿ, ਕੋ ਬਹਿਸਤਿ ਬੈਸਾ[1]। — [1]ਕੋਈ ਮੁਸਕਰਾਉਂਦਾ ਹੈ ਤੇ ਕੋਈ ਬੈਠਾ ਝਗੜਦਾ ਹੈ।
ਚਰਬਹਿਂ[1] ਨੁਕਲਨ, ਪੀਵੈਂ ਪਜਾਲੇ। — [1]ਖਾਂਦੇ ਹਨ।
ਭਏ ਗਵਾਰ ਦਾਸ ਮਤਵਾਲੇ[1] ॥੩੩॥ — [1]ਨਸ਼ਈ।
ਡੇਢ ਜਾਮ ਨਿਸ ਜਬੈ ਬਿਤਾਈ।
-ਕੈਫ ਛੂਟ ਕੀ[1] ਤਬੈ ਪਿਲਾਈ। — [1]ਖੁੱਲ੍ਹੀ। (ਅ) ਅਖੀਰਲੀ।
ਤਹਿਂ ਕੇ ਹੁਤੇ ਪਾਹਰੁ ਸਬੈ।
ਭਰਿ ਕਰਿ ਦੇਨਿ ਲਗਜੋ ਤਿਨ ਜਬੈ ॥੩੪॥
ਕਹੈਂ ਬਾਤ 'ਸੁਨਿ ਭ੍ਰਾਤ ਕਸੇਰਾ !
ਪਹਿਰਾ ਦੇਨਿ ਆਜ ਕ੍ਰਿਤ ਤੇਰਾ।
ਹਮ ਤੇ ਜਾਗਜੋ ਜਾਇ ਨ ਕੋਈ।
ਦਈ ਸ਼ਰਾਬ ਤ ਸਾਂਭਹੁ ਸੋਈ' ॥੩੫॥

ਕਹਿ ਬਿਧੀਆ 'ਤਜਿ ਦਿਹੁ ਦੁਚਿਤਾਈ[1]। [1]ਚਿੰਤਾ।
ਜਾਗੌਂ ਜਾਮਨਿ ਆਜ ਸਬਾਈ।
ਸ਼ਾਹੁ ਪ੍ਰਤਾਪ ਆਨਿ ਕੋ ਸਕੈ।
ਹੈ ਇਕ ਰਾਜ, ਆਨ ਕੋ ਤਕੈ[1]?' [1]ਹੋਰ ਕੌਣ ਤੱਕ ਸਕਦਾ ਹੈ।
॥੩੬॥
ਖਾਤਰ ਜਮਾ[1] ਭਈ ਤਿਨ ਮਨਿ ਕੀ। [1]ਤਸੱਲੀ।
ਕੀਨਸਿ ਛੂਟ[1] ਸ਼ਰਾਬ ਪਿਯਨ ਕੀ। [1]ਖੁੱਲ੍ਹ, ਭਾਵ ਬਹੁਤੀ ਪੀਤੀ।
ਦਿਯੋ ਕਲੀਦਦਾਰ ਕੋ ਭਰਿ ਕੈ।
ਲੇ ਕਰਿ ਕਹਤਿ ਭਯੋ ਹਸ ਕਰਿ ਕੈ
॥੩੭॥
'ਸੁਨਹੁ ਕਸੇਰਾ! ਮੈਂ ਇਸ ਬੇਰਾ।
ਕਰੋਂ ਪਾਨ ਇਹੁ ਲਖਿ ਹਿਤ ਤੇਰਾ।
ਮਮ ਕੋਠੇ ਕੀ ਸਭਿ ਤਕਰਾਈ।
ਤੋਰ ਹਵਾਲੇ, ਦੇਉਂ ਸੁਨਾਈ ॥੩੮॥
ਜਾਗਤਿ ਰਹਹੁ ਨ ਤੈਂ ਕਰਿ ਪਾਨੂ[1]। [1]ਤੂੰ ਨਾ ਪੀਵੀਂ।
ਸਭਿ ਬਿਧਿ ਤੇ ਰਹੀਐ ਸਵਧਾਨੂ।'
ਸੁਨਿ ਬਿਧੀਏ ਬਹੁ ਦੀਨਿ ਭਰੋਸਾ।
'ਕਜਾ ਤੁਮ ਕਲਪਤਿ ਹੋ ਅਸ ਦੋਸ਼ਾ
॥੩੯॥
ਤਪਹਿ ਪ੍ਰਤਾਪ ਸ਼ਾਹ ਕੋ ਭਾਰੀ।
ਕੋ ਇਤ ਆਨਿ ਸਕੈ ਮਤਿ ਭਾਰੀ[1]†। [1]ਮੋਟੀ ਮਤ ਵਾਲਾ। †ਪਾ:-ਬਲਿਭਾਰੀ।
ਨਹੀਂ ਗੰਮਤਾ ਖਗ ਕੀ ਆਵਨ।
ਧਰਹਿਂ ਤ੍ਰਾਸ ਕੋ ਹੋਹਿਂ ਪਲਾਵਨ ॥੪੦॥
ਅਰੁ ਮੈਂ ਜਾਗੌਂ ਜਾਮਨਿ ਸਾਰੀ।
ਤੁਮ ਸੁਪਤਹੁ ਅਬਿ ਨੀਂਦ ਸੁਖਾਰੀ।'
ਇਮ ਕਹਿ ਸਭਿ ਕੋ ਕਰਿ ਨਿਸ਼ਚਿੰਤ।
ਦੇਨਿ ਲਗਯੋ ਬਹੁ ਪਾਤ੍ਰ ਭਰੰਤਿ[1] ॥੪੧॥ [1]ਬਰਤਨ ਭਰ ਭਰਕੇ।
ਅਲਪ ਬਿਸਾਲ ਬ੍ਰਿੱਧ ਕੈ ਜ੍ਵਾਨ।
ਸਭਿਨਿ ਪਿਲਾਈ ਏਕ ਸਮਾਨ।
ਜਬਿ ਪੀਛੇ ਪਯਾਲੇ ਭਰਿ ਦਏ।
ਸੁਧਿ ਤਨ ਧਨ ਕੀ ਬਿਸਰਤਿ ਭਏ
॥੪੨॥

ਬਾਤਨ ਕਰਤਿ ਗਿਰੇ ਤਬਿ ਐਸੇ।
ਜਿਸ ਤੇ ਸੁਧਿ ਬੁਧਿ ਰਹੀ ਨ ਕੈਸੇ।
ਮੁਖ ਬੋਲਨ ਤੇ ਰਹੇ ਬਿਚਾਰੇ।
ਪਗੀਆ ਬਸਤ੍ਰ ਉਤਾਰਤਿ ਡਾਰੇ ॥੪੩॥
ਬਾਹੁ ਪਕਰਿ ਬੂਝਤਿ ਸਭਿ ਸੰਗ।
ਬੋਲਹਿਂ ਜਬਹਿ ਨ ਰਹਿ ਸੁਧ ਅੰਗ[1]।
ਤੌ ਤਜਿ ਦੇਤਿ -ਸਰਬ ਸੁਪਤਾਏ।
ਨਹਿਂ ਸੁਧਿ ਰਹੀ- ਭਲੇ ਪਤੀਆਏ ॥੪੪॥
ਸ਼੍ਰੀ ਹਰਿਗੋਬਿੰਦ ਸਿਮਰਨ ਕਰਿ ਕੈ।
ਬਾਰਿ ਬਾਰਿ ਧਰ ਪਰ ਸਿਰ ਧਰਿ ਕੈ।
ਭਯੋ ਮੁਦਿਤਿ ਮਨ ਇਸ ਬਿਧਿ ਜਬੈ।
ਜਨੁ ਕਾਰਜ ਕਰਿ ਲੀਨਹੁ ਸਬੈ ॥੪੫॥
ਸਾਵਧਾਨ ਹੁਇ ਸਭਿ ਕੋ ਛੋਰਾ।
ਚਿਤ ਮਹਿਂ ਚਹਯੋ ਲੇਨਿ ਹਿਤ ਘੋਰਾ।
ਇਤ ਉਤ ਫਿਰ ਕਰਿ ਦੁਰਗ ਨਿਹਾਰਾ।
ਦੂਰ ਪਾਹਰੂ ਕਰਤਿ ਪੁਕਾਰਾ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਬਿਧੀ ਚੰਦ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

[1]ਬੋਲਦੇ ਨਹੀਂ ਜਦੋਂ (ਤੇ ਦੇਖਦਾ ਹੈ ਬਿਧੀਆ ਕਿ) ਨਹੀਂ ਰਹੀ ਅੰਗਾਂ ਦੀ ਸੁਧ।

੩੧. [ਇਕ ਘੋੜਾ]

੩੦<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਪਟ ਕਟ ਸੋਂ ਕਸ ਕਰਿ ਤਬਹਿ, ਪਗੀਆ
ਭਲੇ ਸੁਧਾਰਿ।
ਆਰੇ ਮਹਿਂ ਤਾਰੀ[1] ਧਰੀ, ਗਮਨਜੋ ਦਾਵ
ਬਿਚਾਰਿ ॥੧॥

[1]ਆਲੇ ਵਿਚ ਕੁੰਜੀ।

ਚੌਪਈ:

ਡਾਰਜੋ ਜਹਾਂ ਪ੍ਰਥਮ ਹੀ ਹਾਥ।
ਗੁਰ ਰਜ਼ਾਇ ਲਾਗੀ ਕਰ ਸਾਥ।
ਲੇ ਕਰਿ ਕੁਲਫ[1] ਤੁਰਤ ਹੀ ਛੋਰਾ।
ਜਾਨਹਿਂ ਜ਼ੀਨ ਧਰੈਂ ਜਿਸ ਓਰਾ ॥੨॥

[1]ਜੰਦਰਾ [ਅ਼. ਕੁਫ਼ਲ]

ਕਰਤਿ ਸ਼ੀਘ੍ਰ ਹੀ ਲੀਨਿ ਉਠਾਇ।
ਹਯ ਦਿਲਬਾਗ ਨਿਕਟਿ ਤਬਿ ਜਾਇ।
ਰੇਸ਼ਮ ਡੋਰਹਿਂ ਛੋਰਨ ਕਰੀ।
ਦੇਤਿ ਦਿਲਾਸੋ ਧੀਰਜ ਧਰੀ ॥੩॥
ਤਤਛਿਨ ਕਵਿਕਾ ਮੁਖ ਪਹਿਰਾਈ।
ਗਹਿ ਗ੍ਰੀਵਾ ਪਰ ਬਾਗ ਟਿਕਾਈ।
ਤਾਹਰੂ[1] ਡਾਰਿ, ਜ਼ੀਨ ਕਰ ਲੀਨਿ[2]।
ਪੀਠ ਤੁਰੰਗਮ ਕੀ ਧਰਿ ਦੀਨਿ ॥੪॥

[1]ਜ਼ੀਨ ਹੇਠਾਂ ਜੋ ਕਪੜਾ ਪਾਈਦਾ ਹੈ। [2]ਕਾਠੀ ਹੱਥ ਵਿਚ ਲਈ।

ਹੁਤੋ ਪਟੰਬਰ ਕੋ ਮ੍ਰਿਦੁ ਤੰਗ[1]।
ਖੈਂਚ ਡਾਰਿ[1] ਖ਼ੈਚੰਜੋ ਬਲ ਸੰਗ।
ਚਾਂਮੀਕਰ ਰਕਾਬ ਨਗ ਜਰੀ।
ਦੋਨਹੁੰ ਦਿਸ਼ਿ ਲਰਕਾਵਨ ਕਰੀ ॥੫॥

[1]ਪੇਟੀ, ਜਿਸ ਨਾਲ ਜ਼ੀਨ ਕੱਸੀ ਦੀ ਹੈ ਘੋੜੇ ਤੇ।

[1]ਖਿੱਚ ਪਾ ਕੇ।

ਦੁਮਚੀ ਦੁਮਚੀ ਮਹਿਂ ਪਹਿਰਾਈ[1]।

[1]ਪੂਛ ਵਿਚ ਦੁਮਚੀ ਪਹਿਰਾਈ। ਦੁਮਚੀ ਇਕ ਚਮੜੇ ਦੇ ਸਾਜ ਦਾ ਇਕ ਹਿੱਸਾ ਹੈ ਜਿਸ ਦਾ ਇਕ ਪਾਸਾ ਘੋੜੇ ਦੀ ਪੂਛ ਵਿਚ ਪਹਿਰਾਇਆ ਜਾਂਦਾ ਹੈ।

ਚਰਨ ਪਿਛਾਰੀ[1] ਤੁਰਤ ਛੁਰਾਈ।

[1]ਪਿਛਾੜੀ, ਜਿਸ ਨਾਲ ਘੋੜੇ ਦੇ ਪਿਛਲੇ ਪੈਰ ਬੱਧੇ ਹੁੰਦੇ ਹਨ।

ਧਰਿ ਗੁਰ ਧਜਾਨ ਸਿਮਰਿ ਸਤਿਨਾਮੂ।
'ਕਰਹੁ ਸਪੂਰਨ ਅਪਨੋ ਕਾਮੂ ॥੬॥
ਹੋਤਿ ਬਿਅਦਬੀ ਮੋ ਤੇ ਜੋਇ।
ਦਿਹੁੰ ਤਨਖਾਹ[1] ਬੰਦਿ ਕਰ ਦੋਇ।

[1]ਦੇਵਾਂਗਾ ਤਨਖਾਹ।

ਪੰਚ ਰਜਤਪਣ ਕੋ ਪੰਚਾਂਮ੍ਰਿਤ।
ਅਰਪੌਂ ਮੈਂ ਬਖਸ਼ਾਵਨ ਕੇ ਹਿਤ ॥੭॥
ਗੁਰ ਹਯ ਪਰ ਮੈਂ ਪੂਰਬ ਚਰਿਹੌਂ।
ਕਾਜ ਸਰੈ ਨਹਿਂ ਯਾਂ ਤੇ ਕਰਿ ਹੌਂ।'
ਦਈ ਪ੍ਰਦਛਨਾ ਫਿਰ ਚਹੁ ਆਸਾ[1]। [1]ਚਾਰੋਂ ਪਾਸੇ।
ਬੰਦਤਿ ਭਯੋ ਚਰਨ ਕੇ ਪਾਸਾ ॥੮॥
ਲੇ ਸਤਿਨਾਮ ਤੁਰੰਗ ਅਰੂੜਾ।
ਹੁਤੋ ਜ਼ੀਨ ਮਹਿਂ ਚਾਬੁਕ ਰੂੜਾ।
ਕੰਚਨ ਦੰਡ ਜਵਾਹਰ ਜਰਿਓ[1]। [1]ਸੋਨੇ ਦਾ ਡੰਡਾ ਜਵਾਹਰਾਂ ਨਾਲ ਜੜਿਆ ਹੋਇਆ।
ਸੋ ਬਿਧੀਏ ਕਰ ਧਾਰਨ ਕਰਿਓ ॥੯॥
ਇਤ ਉਤ ਕੁਛ ਫੇਰਯੋ ਤਬਿ ਘੋਰਾ।
ਤੁੰਦ ਬਿਸਾਲ ਕੀਨਿ ਬਡ ਜੋਰਾ।
ਦੁਰਗ ਕੰਧ ਜੋ ਹੁਤੀ ਟਪਾਵਨ।
ਤਿਸ ਕੇ ਕਰਿ ਸਨਮੁਖ ਚਲਿ ਜਾਵਨ ॥੧੦॥
ਏਕ ਹਾਥ ਚਾਬੁਕ ਕੋ ਮਾਰਾ।
ਰਿਸ ਤੁਰੰਗ ਤਨ ਓਜ ਸੰਭਾਰਾ।
ਜਿਸ ਕੇ ਫੂਲ ਛਰੀ ਨਹਿਂ ਲਾਈ[1]। [1]ਫੁੱਲਾਂ ਦੀ ਛਟੀ ਨਹੀਂ ਲਗੀ ਸੀ (ਕਦੇ)।
ਲਗਤਿ ਉਠਯੋ, ਕਰ ਬਾਗ ਉਠਾਈ ॥੧੧॥
ਇਕ ਦੁਇ ਛਾਲ ਕੰਧ ਲਗਿ ਕੀਨਿ।
ਰਿਸ ਤੇ ਊਚੀ ਕਛੂ ਨ ਚੀਨਿ[1]। [1]ਕੰਧ) ਕੁਝ ਉੱਚੀ ਨਾਂ ਜਾਣੀ।
ਚਾਰਹੁ ਚਰਨ ਉਚਾਇ ਉਚੇਰੇ।
ਭਯੋ ਕੰਧ ਤੇ ਊਚ ਬਡੇਰੇ ॥੧੨॥
ਸਟਕਾਰੀ[1] ਦੁਮਚੀ ਭਰਮਾਈ। [1]ਝਟਕਾਰੀ, ਛੰਡੀ।
ਸਰਿਤਾ ਬਿਖੇ ਪਰਯੋ ਤਬਿ ਜਾਈ।
ਹੁਤੋ ਗੰਭੀਰ ਨੀਰ ਤਿਸ ਥਾਨ।
ਭੀਗਯੋ ਏਕ ਬਾਰ ਬਲਵਾਨ ॥੧੩॥
ਹਯ ਅਰੂਢਬੇ ਮਹਿਂ ਮਤਿ ਮਹਾਂ।
ਵਾਗ ਉਸਾਰਿ ਸੰਭਰਯੋ ਤਹਾਂ[1]। [1]ਵਾਗ ਉਭਰ ਕੇ ਸੰਭਾਲਿਆ (ਘੋੜਾ) ਤਿੱਥੇ।
ਜ਼ਾਨੂ ਲਗਿ ਜਲ ਕਰਿ ਕੈ ਤਾਰਯੋ।
ਭਯੋ ਪਾਰ ਬਲ ਤਨ ਸੰਭਾਰਯੋ ॥੧੪॥

ਜਬਿਹੂੰ ਛਾਰ ਬਾਰ ਮੈਂ ਮਾਰੀ।
ਉਛਰਜੋ ਬਡੇ ਬੇਗ ਤੇ ਬਾਰੀ।
ਸ਼ਬਦ ਬਿਲੰਦ ਭਯੋ ਤਬਿ ਐਸੇ।
ਜਰ ਖਰ ਗਿਰਹਿ ਅਟਾਰੀ ਜੈਸੇ[1] ॥੧੫॥

[1]ਜੜ੍ਹ (= ਨੀਂਹ) ਦੇ ਖਰ ਗਿਆਂ ਜਿਵੇਂ ਅਟਾਰੀ ਡਿੱਗੇ।

ਹੁਤੋ ਪਾਹਰੂ ਜਾਗਤਿ ਜੋਈ।
ਨਿਤ ਜਲ ਜੰਤੁ ਬਿਚਾਰਹਿ ਤੇਈ।
ਸੁਨਿ ਕੈ ਨਾਦ ਤੂਸ਼ਨੀ ਰਹੇ।
ਕਛੁ ਨਹਿਂ ਲਹੇ ਨ ਬਚ ਮੁਖ ਕਹੇ ॥੧੬॥
ਬਿਧੀਚੰਦ ਬਡ ਸੁਮਤਿ ਪ੍ਰਬੀਨਾ।
ਤਟ ਥਿਰ ਤੁਰੰਗ ਦਿਲਾਸੋ ਦੀਨਾ।
ਗ੍ਰੀਵਾ ਪਰ ਧਰਿ ਧਰਿ ਕਰਿ ਹਾਥ।
ਹੁਤੋ ਤੇਜ ਕਰਿ ਧੀਰਜ ਸਾਥ ॥੧੭॥
ਨਿਤ ਦਿਨ ਮਹਿਂ ਪਿਖਿ ਘਾਤ ਬਿਚਾਰਤਿ।
ਕੰਧ ਨਦੀ ਪਿਖਿ ਪੰਥ ਨਿਹਾਰਿਤ[1]।

[1]ਦੀਵਾਰ ਤੇ ਨਦੀ ਵਿਚੋਂ ਦੀ ਰਾਹ ਲੱਭਦਾ ਸੀ। (ਪਹਿਲੇ)।

ਸੋ ਸਭਿ ਕਰਿ ਨਿਰਨੈ ਮਗ ਚਾਲਾ।
ਗੁਰ ਸਨਮੁਖ ਮੁਖ ਕਰਿ ਤਿਸ ਕਾਲਾ ॥੧੮॥
ਅਧਿਕ ਅਨੰਦਤਿ ਸੁਮਤਿ ਬਿਲੰਦ।
ਚਲਹਿ ਤੁਰੰਗ ਪੌਨ ਮਾਨਿੰਦ।
ਸਤਿਗੁਰ ਸ਼ਬਦ ਬਦਨ ਤੇ ਗਾਵੈ।
ਭਾ ਪ੍ਰਮੋਦ ਸੋ ਰਿਦੈ ਨ ਮਾਵੈ[1] ॥੧੯॥

[1]ਮੇਉਂਦਾ ਨਹੀਂ।

ਸ਼੍ਰੀ ਮੁਖਵਾਕ:
ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥੧॥ ਰਹਾਉ ॥

ਇੱਤਜਾਦਿਕ ਤੁਕ ਗਾਵਤਿ ਆਵੈ।
ਹਯ ਕੀ ਪੀਠ ਚਢਨਿ ਸੁਖ ਪਾਵੈ।
ਇਮ ਬਡ ਥਲ ਤੇ ਗਮਨਜੋ ਘੋਰਾ।
ਨਹਿਂ ਬਿਧੀਏ ਤਨ ਹਾਲਹਿ ਥੋਰਾ ॥੨੦॥
ਉਦਜੋ ਚੰਦ ਜੁਗ ਘਟਿਕਾ ਪਾਛੇ।
ਦੀਖਨ ਲਗਜੋ ਪੰਥ ਸਭਿ ਆਛੇ।
ਦੇਤਿ ਦਿਲਾਸਾ ਮਾਰਗ ਚਾਲਹਿ।

ਭੂਲਨ ਤੇ ਨਭ ਉਡਨਿ ਸੰਭਾਲਹਿ[1] ॥੨੧॥
ਗ੍ਰਾਮ ਕੀ ਨਗਰੀ ਆਇ ਅਗਾਰੀ।
ਨਹੀਂ ਪ੍ਰਵੇਸ਼ਹਿ ਕਿਸੂ ਮਝਾਰੀ।
ਵਹਿਰ ਵਹਿਰ ਹੀ ਮਾਰਗ ਚਲੇ।
ਆਇ ਨਦੀ ਜਹਿਂ ਦੋਨੋ[1] ਮਿਲੇ ॥੨੨॥
ਦੇਖਿ ਘਾਟ ਕੋ ਠੇਲਯੋ ਬਾਰੀ[1]।
ਜ਼ੀਨ ਸ਼ੁਸ਼ਕ ਰਖਿ ਹੋਯੋ ਪਾਰੀ।
ਆਯੁਤ ਛਾਤੀ ਲਗਿ ਜਲ ਛੁਯੋ।
ਸੂਕੋ ਰਾਖ ਤੀਰ ਪਰ ਗਯੋ ॥੨੩॥
ਬਾਂਧਿ ਬ੍ਰਿੱਛ ਸੋਂ ਮੱਜਨ ਕਰਯੋ[†]।
ਧਰਿ ਗੁਰ ਧਯਾਨ ਹਯ ਊਪਰ ਚਰਯੋ*।
ਬਲ ਤੇ ਜਲ ਥਲ ਮਹਿਂ ਤੁਲ[1] ਚਾਲਹਿ।
ਸੁਖ ਅਸੁਵਾਰੀ ਕਰਤਿ ਨ ਹਾਲਹਿ ॥੨੪॥
ਬਡੇ ਬੇਗ ਤੇ ਗਮਨਹਿ ਘਨੋ।
ਗਗਨ ਬਿਮਾਨ ਪਯਾਨਤਿ ਮਨੋ।
ਧਯਾਨ ਗੁਰੂ ਕੋ ਧਾਰਤਿ ਮਨ ਮੈਂ[+]।
ਕਾਰਜ ਬਨਯੋ ਅਲਪ ਹੀ ਦਿਨ ਮੈਂ[†] ॥੨੫॥
ਬਿਧੀਚੰਦ ਕੋ ਦੇਤਿ ਅਨੰਦ।
ਨਹਿਨ ਹੋਨਿ ਦੇ ਤੁੰਦ ਬਿਲੰਦ।
ਪਹਿਲੇ ਦਿਨ ਮਹਿਂ ਮਜਲ ਬਿਸਾਲਾ।
ਇਕ ਥਲ ਖਰੇ ਬਿਤਾ ਚਿਰ ਕਾਲਾ ॥੨੬॥
ਹੋਇ ਨ ਅਸ, ਅਸੁ ਹੁਸ[1] ਨਹਿਂ ਜਾਇ।
ਗੁਰ ਢਿਗ ਏਕ ਬਾਰ ਪਹੁੰਚਾਇ।
ਧੀਰਾ[1] ਕਰਤੇ ਦੇਤਿ ਦਿਲਾਸਾ।
ਚਢਿਬੇ ਮਹਿਂ ਚਾਤੁਰ ਮਤਿ ਰਾਸਾ

[1]ਅਕਾਸ਼ ਦੇ ਤਾਰੇ ਪਰਖ ਕੇ (ਰਸਤਾ ਤੇ ਸਮਾਂ ਪਛਾਣਦਾ ਹੈ)।

[1]ਭਾਵ ਸਤਲੁਜ ਤੇ ਬਿਆਸ।

[1]ਜਲ ਵਿਚ।

[†]ਕਈ ਲਿਖਤੀ ਨੁਸਖਿਆਂ ਵਿਚ ਇਹ ਦੋ ਤੁਕਾਂ ਨਹੀਂ ਹਨ ਤੇ ਚੌਪਈ ਦੇ ਦੋ ਹੀ ਚਰਨ ਦਿੱਤੇ ਹਨ, ਤੇ ਦੋ ਹੋਰ ਲਿਖਤੀ ਨੁਸਖਿਆਂ ਵਿਚ ਪਾਠਾਂਤਰ ਇਉਂ ਹੈ:- ਨਿਕਸ ਨਦੀ ਤੇ ਗੁਰ ਕਰਿ ਬੰਦਨ। ਕਾਰਜ ਸਿੱਧ ਪਿਖਿ ਮੁਦਤਿ ਬਿਲੰਦਨ।

[1]ਇੱਕੋ ਜਿਹਾ।

[†]ਇਹ ਦੋਵੇਂ ਤੁਕਾਂ ਕਈ ਲਿਖਤੀ ਨੁਸਖਿਆਂ ਵਿਚ ਨਹੀਂ ਹਨ, ਇਕ ਛਾਪੇ ਦੇ ਤੇ ਇਕ ਲਿਖਤੀ ਵਿਚ ਹਨ।

[1]ਘਬਰਾ ਨਾ ਜਾਵੇ।

[1]ਹੌਲੀ।

॥੨੭॥
ਦੇਤਿ ਬਾਗ ਕੋ ਚਾਲ ਚਲਾਵੈ[1]। — [1]ਵਾਗ ਡੋਰ ਹੱਥ ਵਿਚ ਫੜਕੇ ਟੋਰਿਆ। ਭਾਵ ਆਪ ਬੀ ਪੈਰੀਂ ਟੁਰਿਆ।
ਤਊ ਬੇਗ ਤੇ ਬਹੁਤ ਸਿਧਾਵੈ।
ਥੋਰੋ ਚਲਹਿ, ਲਖਹਿ ਅਸਵਾਰ[1]। — [1]ਅਸਵਾਰ ਨੂੰ ਜਾਪਦਾ ਹੈ ਕਿ ਘੋੜਾ ਥੋੜਾ ਚਲ ਰਿਹਾ ਹੈ, ਪਰ ਜਾਂਦਾ ਵੇਗ ਨਾਲ ਬਹੁਤ ਸੀ।
ਪਹੁੰਚਹਿ ਦੂਰ ਨ ਲਾਗਿ ਅਵਾਰ ॥੨੮॥
ਆਨ ਰਹਜੋ ਦਿਨ ਘਟਿਕਾ ਚਾਰੇ।
ਰੂਪੇ ਪੁਰਿ ਕੇ ਚਿੰਨ੍ਹ ਨਿਹਾਰੇ।
ਦੇਖਤਿ ਹੀ ਆਨੰਦਤਿ ਹੋਵਾ।
ਕੁਸ਼ਲ ਸਮੇਤ ਪਹੁੰਚਬੋ ਜੋਵਾ ॥੨੯॥
ਉਤਰ ਪਰਜੋ ਘੋਰਾ ਡੁਰਿਰਾਯੋ[1]। — [1]ਜੱਫੀ ਭਰਕੇ।
ਅਦਬ ਹੇਤੁ ਮਗ ਚਰਨਨਿ ਆਯੋ।
ਆਗੇ ਸਤਿਗੁਰ ਲਗੇ ਦਿਵਾਨ।
ਸ਼ਬਦ ਰਬਾਬੀ ਕਰਤੇ ਗਾਨ ॥੩੦॥
ਦਿਖਜੋ ਦੂਰ ਤੇ ਸੰਗ ਤੁਰੰਗ।
ਆਵਤਿ ਬਿਧੀਚੰਦ ਮੁਦ ਅੰਗ।
ਕਮਲ ਬਿਲੋਚਨ ਜੁਗ ਬਿਗਸਾਏ।
ਉਠੇ ਹੇਰਿਬੇ ਹੇਤੁ ਲੁਭਾਏ ॥੩੧॥
ਜਿਮ ਸੀਤਾ ਸੁਧਿ ਕੋ ਹਨੁਮਾਨ।
ਰਾਮ ਸਮਾਨ ਪ੍ਰਤੀਖਤਿਵਾਨ।
ਪਰਜੋ ਪਾਇੰ ਪੰਕਜ ਪਰ ਦੌਰਿ।
ਰਘੁਬਰ ਸਮ ਉਠਾਇ ਭਰਿ ਕੌਰ[1] ॥੩੨॥ — [1]ਜੱਫੀ ਭਰਕੇ।
ਕ੍ਰਿਪਾ ਦ੍ਰਿਸ਼ਟਿ ਤੇ ਕਰਜੋ ਨਿਹਾਲ।
ਬਿਧੀਆ ਹਨੂਮਾਨ ਕੇ ਢਾਲ।
ਤਿਨ ਦੋਇਨ[1] ਸਮ ਕੋ ਬਡਭਾਗੀ। — [1]ਤਿਨਾਂ ਦੋਹਾਂ (ਭਾਵ ਬਿਧੀਏ ਤੇ ਹਨੂਮਾਨ) ਵਰਗਾ।
ਦੁਸ਼ਕਰ[1] ਕਰਜੋ ਭਏ ਅਨੁਰਾਗੀ ॥੩੩॥ — [1]ਔਖਾ ਕੰਮ।
ਨਹੀਂ ਅਪਰ ਤੇ ਜੋ ਬਨਿ ਆਯੋ।
ਗੁਰ ਪ੍ਰਭੁ ਹਿਤ ਸੋ ਕਾਜ ਬਨਾਯੋ।
ਨਹੀਂ ਪ੍ਰਾਨ ਪਜਾਰੇ ਜੁਗ[1] ਕੀਨੇ। — [1]ਦੋਹਾਂ ਨੇ।
ਕਰਨ ਕਾਜ ਕੇ ਰਸ ਮਹਿਂ ਭੀਨੇ ॥੩੪॥
ਬੂਝੀ ਕੁਸ਼ਲ ਸਰਸ ਰਘੁਬਰ ਕੇ।

ਕਹੀ ਸਕਲ ਹਨੁਮਤਿ ਸਮਸਰ ਕੇ†।

†ਇਹ ਦ੍ਰਿਸ਼ਟਾਂਤ ਮਾਤ੍ਰ ਸਮਝਣੇ ਚਾਹੀਏ। ਕਵੀ ਜੀ ਦੀ ਵਾਕਫ਼ੀ ਦਾ ਦਾਇਰਾ ਹਿੰਦੀ, ਸੰਸਕ੍ਰਿਤ ਸਾਹਿੱਤ ਤੋਂ ਬਾਹਰ ਨਹੀਂ ਹੈ, ਤਾਂ ਤੇ ਉਸੇ ਸਾਹਿਤ ਦੇ ਪ੍ਰਸੰਗ ਦੇ ਦ੍ਰਿਸ਼ਟਾਂਤ ਹੀ ਘਟਾ ਸਕਦੇ ਹਨ। ਅੱਗੇ ਚੱਲਕੇ ਅੰਸੂ ੩੩ ਅੰਕ ੨੩ ਵਿਚ ਭਾਈ ਬਿਧੀ ਚੰਦ ਨੂੰ ਹਨੂਮਾਨ ਤੋਂ ਵੱਡਾ ਦੱਸਦੇ ਹਨ, ਤੇ ਫੇਰ ਅੱਗੇ ਦੇਖੋ ਅੰਕ ੩੯ ਵਿਚ ਘੋੜੇ ਦੀ ਸੁੰਦਰਤਾ ਵਰਣਨ ਕਰਨ ਲਈ ਬੀ ਰੂਪਕ ਸਮੁੰਦਰ ਮਥਨ ਦਾ ਕਥਨ ਕੀਤਾ ਹੈ।

ਜਿਨ ਕੋ ਮੁਨਿ ਜਨ ਜੋਗੀ ਧਜਾਵੈਂ।
ਅਨਿਕ ਜਤਨ ਕਰਿ ਉਰ ਠਹਿਰਾਵੈਂ ॥੩੫॥
ਕ੍ਰਿਪਾ ਦ੍ਰਿਸ਼ਟਿ ਕਰਿ ਅੰਕ ਭਰੇ ਜੋ।
ਤਿਨ ਕੀ ਸਮਤਾ ਕੌਨ ਕਰੈ ਜੋ।
ਕਹਿ ਬਿਧੀਆ 'ਤੁਮ ਸਦਾ ਸਹਾਇ।
ਸੰਕਟ ਨਿਕਟਿ ਹੋਨਿ ਨਹਿਂ ਪਾਇ ॥੩੬॥
ਨਿਜ ਕਰੁਨਾ ਕਰਿ ਕਾਜ ਕਰਾਯੋ।
ਬਿਖਮ ਦੁਰਗ ਤੇ ਹਯ ਨਿਕਸਾਯੋ।
ਸਕਲ ਦੇਸ਼ ਬ੍ਰਿੰਦਨ ਕੋ ਮਾਲਿਕ।
ਲਾਖਹੁਂ ਸੈਨਾ ਜਿਸ ਕੇ ਤਾਲਿਕ[1] ॥੩੭॥

[1]ਅਧੀਨ।

ਖਰੇ ਹਜ਼ਾਰਹੁਂ ਪਾਹਰੂ ਰਾਖੇ।
ਰੱਖਜਾ ਸ਼ਾਹੁ ਕਰਨਿ ਅਭਿਲਾਖੇ।
ਤਿਸ ਕੋ ਅਤਿ ਪ੍ਰਿਯ ਹਯ ਹਰਿ ਆਨਾ[1]।

[1]ਖਸ ਲਿਆਂਦਾ।

ਤੁਮ ਬਿਨ ਕਰਤਿ ਕਾਜ ਕੋ ਆਨਾ?' ॥੩੮॥
ਸਤਿਗੁਰ ਸਹਤ ਜੋਧ ਤੇ ਆਦਿ।
ਹਯ ਕੋ ਪਿਖਿਨਿ ਉਠੇ ਅਹਿਲਾਦਿ।
ਨਖ ਸ਼ਿਖ ਲੌ ਪਿਖਿ ਹਰਖਤਿ ਸਾਰੇ।
ਸਹਿਤ ਜ਼ੀਨ ਜ਼ੇਵਰ ਸਭਿ ਡਾਰੇ ॥੩੯॥
ਸੁੰਦਰ ਮੂਰਤਿ ਹਯ ਕੀ ਹੇਰੇ।
ਜਿਮ ਕਾਗਦ ਪਰ ਲਿਖੀ ਚਿਤੇਰੇ।
ਜਨੁ ਸੁੰਦਰਤਾ ਸਕਲ ਬਟੋਰੀ।
ਅੰਗ ਅੰਗ ਪ੍ਰਤਿ ਬਿਧ ਕਰਿ ਜੋਰੀ ॥੪੦॥

[1]ਰੂਪ ਸਮੁੰਦ੍ਰ ਸੁ ਛਬਿ ਕਰਿ ਨੇਤੀ।
ਮਹਾਂ ਬੀਰਰਸ ਮੰਦਰ ਸੇਤੀ।
ਕਰ ਅਰਬਿੰਦ ਮਦਨ ਗਹਿ ਕਰਿ ਕੈ।
ਅਦਭੁਤ ਮਥਨ ਕੀਨਿ ਬਲ ਧਰਿ ਕੇ ॥੪੧॥
ਮਨਹੁਂ ਤੁਰੰਗਮ ਇਹੁ ਨਿਪਜਾਯੋ।
ਸਪਤਮੁਖਾ ਰਵਿ ਕੋ ਦਰਸਾਯੋ।
ਇਸ ਕੀ ਸਮਤਾ ਲਹੈ ਨ ਸੋਈ।
ਅਪਰ ਸਮੀਪ ਕਹਾਂ, ਕਿਮ ਹੋਈ[1] ॥੪੨॥
ਸ਼੍ਰੀ ਗੁਰ ਹਰਿਗੋਬਿੰਦ ਕਰ ਧਰਿਓ।
ਅੰਗ ਅੰਗ ਅਵਿਲੋਕਨਿ ਕਰਿਓ।
ਜਿਮ ਸੰਗਤਿ ਹਯ ਕੀਨਿ ਬਤਾਵਨਿ।
ਬਿਧੀਚੰਦ ਤਿਮ ਕਰਜੋ ਦਿਖਾਵਨ ॥੪੩॥
'ਤੁਰਕੇਸ਼ੁਰ ਤੇ ਪਲਟਾ ਲਿਯੋ।
ਹਰਜੋ ਹਮਾਰੋ ਹਯ ਬਲ ਕਿਯੋ।
ਤਿਮ ਬਿਧੀਏ ਬੁਧਿ ਬਲ ਕੋ ਠਾਨਾ।
ਤਿਸ ਪਲਟੇ ਕਰਿ ਹਯ ਕੋ ਆਨਾ' ॥੪੪॥
ਰੂਪਚੰਦ ਸਾਧੂ ਅਰੁ ਜੋਧ।
ਇਨ ਤੇ ਆਦਿ ਗੁਰੂ ਕੇ ਜੋਧ[1]।
ਹੇਰਿ ਹੇਰਿ ਸਗਲੇ ਬਿਸਮਾਏ।
-ਬਿਖਮ ਸਥਲ ਤੇ ਕਿਮ ਨਿਕਸਾਏ?- ॥੪੫॥
ਸਭਿਹਿਨਿ ਜਾਨਜੋ -ਗੁਰੂ ਪ੍ਰਤਾਪ।
ਕਰਨ ਕਰਾਵਨ ਆਪੇ ਆਪ।

[1]ਰੂਪ =) ਸੁੰਦਰਤਾ ਰੂਪੀ ਸਮੁੰਦਰ ਵਿਚ ਛਬੀ ਦਾ ਨੇਤਰਾ ਪਾਕੇ ਮੰਦਰਾਚਲ (ਸਮਾਨ) ਮਹਾਂ ਬੀਰ ਰਸ ਰੂਪੀ (ਮਧਾਣੇ) ਨਾਲ, ਕਾਮਦੇਵ ਨੇ ਹੱਥਾਂ ਕਵਲਾਂ ਨਾਲ (ਨੇਤ੍ਰਾ) ਫੜਕੇ, ਬਲ ਨਾਲ ਅਚਰਜ ਤਰ੍ਹਾਂ ਰਿੜਕਿਆ ਕਿ (ਉਸ ਸਮੁੰਦਰ ਵਿਚੋਂ) ਮਾਨੋ ਇਹ ਘੋੜਾ ਪੈਦਾ ਕੀਤਾ, (ਕਿ) ਸੂਰਜ ਦਾ ਸਤਮੁਖਾ ਘੋੜਾ (ਬੀ) ਇਸਦੀ ਬਰਾਬਰੀ ਨਹੀਂ ਕਰ ਸਕਦਾ, ਹੋਰ ਕਿਸੇ ਦੇ ਪਾਸ ਐਸਾ ਕੀਕੂੰ ਹੋ ਸਕਦਾ ਹੈ।

[1]ਇਥੋਂ ਤਕ ਦਾ ਪ੍ਰਯਾਯ ਪਿਛਲੇ ਪੰਨੇ ਹੇਠ ਅੰਕ ੫ ਵਿਚ ਮੁੱਕਾ ਹੈ।

[1]ਸੂਰਮੇ।

ਮਾਨਸ ਬਪੁਰੇ ਤੇ ਕਜਾ ਹੋਇ।
ਕਰੀਯਤਿ ਬੀਚ ਬਹਾਨਾ ਸੋਇ- ॥੪੬॥
ਜੇਠਾ ਨਿਕਟਿ ਗੁਰੂ ਤਬਿ ਹੇਰਾ।
ਸੌਂਪ ਤੁਰੰਗਮ ਦੀਨਿ ਬਡੇਰਾ।
'ਬਿਧੀਚੰਦ ਜਿਮ ਕਰਹਿ ਬਤਾਵਨ।
ਤਿਮ ਸੇਵਾ ਕੀਜੈ ਮਨ ਭਾਵਨ' ॥੪੭॥
ਨਫਰ ਦੋਇ ਮਾਲਸ਼ ਪਰ ਲਾਏ।
ਖਰੇ ਖਰਖਰੇ ਖਰੇ ਕਰਾਏ।
ਬਹੁਤ ਦਿਵਸ ਕੋ ਹੁਤੋ ਖਰੋਵਾ।
ਮਜਲ ਬਿਸਾਲ ਕਰੇ ਸ਼੍ਰਮ ਹੋਵਾ ॥੪੮॥
ਬਦਨ ਨਾਸਕਾ ਆਦਿਕ ਅੰਗ।
ਸਰਬ ਸੁਧਾਰਨ ਕਰੇ ਤੁਰੰਗ।
ਬਿਤੇ ਜਾਮ ਤੇ ਜ਼ੀਨ ਉਤਾਰਾ।
ਹੀਰਨਿ ਕੇ ਜਰਾਵ ਕਰਿ ਸਾਰਾ ॥੪੯॥
ਖੈਬੇ ਉਚਿਤ ਹਰੇ ਤ੍ਰਿਨ ਪਾਏ।
ਖਰੋ ਹੋਨਿ ਥਲ ਖਰੋ[1] ਬਨਾਏ।
ਕੀਨਿ ਤਿਹਾਵਲ ਦੀਨਿ ਨਿਹਾਰੀ।
ਊਪਰ ਸ਼ੁਭ ਪਟ ਰਾਖਜੋ ਡਾਰੀ ॥੫੦॥

[1]ਚੰਗਾ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਬਿਧੀ ਚੰਦ ਤੁਰੰਗ ਲਿਆਵਨ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

੩੨. [ਘੋੜਾ ਉਦਾਸ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਇਤ ਐਸੇ ਪਹੁੰਚਜੋ ਤੁਰੰਗ, ਉਤ ਲਵਪੁਰਿ ਕੀ ਗਾਥ।
ਜਿਮ ਹੋਈ, ਸੰਤਹੁ! ਸੁਨਹੁ, ਕਹਤਿ ਕਵੀ ਤੁਮ ਸਾਥ ॥੧॥

ਚੌਪਈ:

ਨਿਜ ਖਾਨੇ ਮਹਿਂ[1] ਸੋਂਧੇਖਾਨ।
ਖਾਨਾ ਖਾਨ ਕਰਜੋ ਸੁਪਤਾਨ[1†]।
ਨਿਸ ਬਿਤਾਇ ਬਡ ਪ੍ਰਾਤਿ ਸਿਧਾਰਾ।
ਇਕ ਹਯ ਨਹਿਂ, ਇਕ ਖਰਜੋ, ਨਿਹਾਰਾ ॥੨॥
ਦੇਖਿ ਭਯੋ ਸੰਦੇਹ ਮਹਾਨਾ।
ਸਭਿ ਦਾਸਨ ਸੋਂ ਊਚ ਬਖਾਨਾ।
'ਕਹਾਂ ਸੁਪਤ ਹੋ ਸਭਿ ਮਤਿ ਅੰਧੋ?
ਇਕ ਹਯ ਲੈ ਤੁਮ ਕਿਸ ਥਾਲ ਬੰਧੋ?' ॥੩॥
ਹਤੇ ਕੈਫ ਕੇ ਪਰੇ ਬਿਹਾਲਾ।
ਸੁਨਿ ਸੁਨਿ ਅਪਨੋ ਕੀਨਿ ਸੰਭਾਲਾ।
'ਘਰ ਤੇ ਚਲਜੋ ਦਰੋਗ਼ਾ ਆਯੋ।'
ਉਠੇ ਤੁਰਤ ਹੀ ਇਮ ਲਖਿ ਪਾਯੋ[1] ॥੪॥
ਸਭਿਨਿ ਆਨਿ ਸੋ ਥਾਨ ਨਿਹਾਰਾ।
ਘੋਰਾ ਨਹੀਂ, ਪਿਖਜੋ ਘਰ ਸਾਰਾ।
ਹੌਲੇ ਹਹਿਰ[1] 'ਕਹਾਂ ਚਲਿ ਗਯੋ?
ਨਹੀਂ ਸੰਨ੍ਹਿ ਕਿਤ, ਜਹਿਂ ਨਿਕਸਯੋ[1] ॥੫॥
ਦ੍ਵਾਰ ਕਿਵਾਰ ਅਸੰਜਤਿ ਸਾਰੇ।
ਲਘੁ ਤਾਕੀ ਬਿਨ ਨਹੀਂ ਉਘਾਰੇ[1]।'
ਸ਼ਾਹੁ ਸਮੀਪੀ ਸੁਧਿ ਪਹੁੰਚਾਈ।
'ਕਹਾਂ ਭਯੋ ਹਯ ਨਹਿਂ ਇਸ ਥਾਈਂ?' ॥੬॥

[1]ਆਪਣੇ ਘਰ ਵਿਚ।
[1]ਖਾਣਾ ਖਾ ਕੇ ਸੌਂ ਗਿਆ। †ਪਾ:-ਰਸ ਖਾਨ।
[1]ਭਾਵ ਦਰੋਗੇ ਨੂੰ ਆਇਆ ਜਾਣਿਓ ਨੇ।
[1]ਡਰੇ ਤੇ ਅਸਚਰਜ ਹੋਏ।
[1]ਜਿਥੋਂ ਨਿਕਲਿਆ ਹੋਵੇ।
[1]ਛੋਟੀ ਤਾਕੀ ਬਿਨਾ (ਕੋਈ) ਖੁਲ੍ਹਾ ਨਹੀਂ।

ਸੁਨਿ ਸੰਭ੍ਰਮ ਤੇ[1] ਤਬਿ ਚਲਿ ਆਯੋ।
-ਇਕ ਹਯ ਖਰੋ ਨ ਇਕ ਦਰਸਾਯੋ-।
ਮਿਲੇ ਲੋਕ ਗਨ ਇਤ ਉਤ ਹੇਰੇ।
ਲਖ੍ਯੋ ਖੋਜ 'ਹਯ ਘਰ ਮਹਿਂ ਫੇਰੇ' ॥੭॥
ਪੁਨ ਨਿਕਸਨਿ ਕੇ ਥਾਨ ਨ ਜਾਨੈਂ।
-ਕਹਾਂ ਗਯੋ? -ਨਹਿਂ ਭੇਵ ਪਛਾਨੈ।
ਬੂਝੇ ਦਾਸ ਬੁਲਾਇ ਬਹੋਰੀ।
'ਤੁਮ ਨੇ ਕ੍ਯੋਂ ਨ ਪਿਖੀ ਹਯ ਚੋਰੀ?' ॥੮॥
ਹਾਥ ਜੋਰਿ ਸਭਿਹੂੰਨਿ ਸੁਨਾਯੋ।
'ਪੌਰ ਪੰਥ ਹਮ ਕਰਿ ਤਕਰਾਯੋ[1]।
ਭਯੋ ਨਿਕੇਤ ਬਿਖੈ ਹਯ ਲੀਨਿ।
ਵਹਿਰ ਆਨਿ[1] ਨਹਿਂ ਕਿਨਹੂੰ ਲੀਨਿ ॥੯॥
ਕਿਧੌਂ ਭੁਮਕਾ ਛਿੱਦ੍ਰ ਉਘਾਰਾ।
ਬਰ੍ਯੋ ਬੀਚ, ਨਹਿਂ ਕਿਨਹੁ ਨਿਹਾਰਾ।
ਕਿਧੌਂ ਗਗਨ ਮੈਂ ਉਡਿ ਕਰਿ ਗਯੋ।
ਕੈ ਪਤਾਲ ਕੋ ਗਮਨਤਿ ਭਯੋ ॥੧੦॥
ਮਾਨੁਖ ਕੀ ਇਤ ਗੰਮਜ ਨ ਕੋਈ।
ਆਵਹਿ ਤਸਕਰ ਬਨਿ ਕਰਿ ਜੋਈ।'
ਸੁਨਿ ਸੁਨਿ ਸਜਾਨੇ ਗਨ ਚਲਿ ਆਏ।
ਸੁਮਤਿ ਕਰਤਿ[1] ਕਛੁ ਲਖ੍ਯੋ ਨ ਜਾਏ ॥੧੧॥
ਅਟਕਲ[1] ਕਰਹਿਂ ਪੇਸ਼ ਨਹਿਂ ਜਾਇ।
ਹੇਰਹਿਂ ਸੁਨਹਿ ਸ਼ਾਹੁ ਪਛੁਤਾਇ।
'ਅਤਿ ਪ੍ਰਿਯ ਹਯ ਮੇਰੋ ਕਿਨ ਲਯੋ?
ਅਪਨ ਬਿਨਾਸ਼ ਕਾਹਿ ਉਪਜਯੋ ॥੧੨॥
ਮਹਿ ਮੰਡਲ ਮਹਿਂ ਕੋ ਅਸ ਅਹੈ।
ਮੇਰੋ ਤ੍ਰਾਸ ਜੁ ਨਹਿਂ ਉਰ ਲਹੈ।
ਅਪਰ ਵਲਾਇਤ ਕੇ ਪਤਿਸ਼ਾਹੂ।
ਮੋਹਿ ਵਸਤੁ ਰਾਖਿ ਸਕਹਿਂ ਨ ਪਾਹੂ ॥੧੩॥

[1]ਵਿਆਕੁਲਤਾ ਨਾਲ।

[1]ਰਸਤੇ ਤੇ ਦਰਵਾਜੇ ਦੀ ਅਸਾਂ ਤਕੜਾਈ ਰੱਖੀ ਹੈ।

[1]ਬਾਹਰੋਂ ਆਕੇ।

[1]ਸਿਆਣਪ ਕਰਦੇ ਹਨ (ਪਰ)।

[1]ਕਿਆਸ, ਟੋਹ ਲਾਉਣੀ।

ਕਿਸ ਕੇ ਸੀਸ ਉਭੈ ਹੁਇ ਗਏ[1]।
ਨ੍ਰਿਭੈ ਹੋਇ ਘੋਰਾ ਜਿਨਿ ਲਏ।
ਛਪਹਿ ਪਹਾਰਨ ਮੈਂ ਕੋ ਜਾਇ।
ਤਹਾਂ ਸੈਨ ਮਮ ਆਨਹਿ ਧਾਇ ॥੧੪॥
ਮਰੂ, ਦੁਰਗ[1] ਮਹਿਂ ਹੋਇ ਪ੍ਰਵੇਸ਼।
ਛੋਰਹਿ ਤਹਾਂ ਨ ਚਮੂੰ ਵਿਸ਼ੇਸ਼।
ਸ਼ੱਤ੍ਰੁ ਬਿਸਾਲ ਮੋਹਿ ਅਬਿ ਸੋਇ।
ਹਤੌਂ ਸਹੀ ਕਰਿ, ਕੋ ਕਿਤ ਹੋਇ[1]' ॥੧੫॥
ਰਿਸਹਿ ਸ਼ਾਹੁ ਘੋਰਾ ਚਿਤ ਆਵੈ[1]।
ਨਿਜ ਥਲ ਕਹਿ ਕੈ ਸਭਿਨਿ ਸੁਨਾਵੈ।
'ਨਹਿਂ ਕਿਸ ਥਲ ਅਸ ਅਸੁ ਦਰਯਾਈ[1]।
ਨਹਿਂ ਪ੍ਰਾਪਤਿ, ਗਨ ਕਰਹਿਂ ਉਪਾਈ' ॥੧੬॥
ਪਿਖ੍ਯੋ ਦਰੋਗਾ ਖਰੋ ਅਗਾਰੀ।
ਕੋਪ ਸ਼ਾਹੁ ਕਰਿ ਗਿਰਾ ਉਚਾਰੀ।
'ਖੋਜੀ ਅਬਹਿ ਹਕਾਰਹੁ ਸਾਰੇ।
ਨਿਜ ਬੁਧਿ ਬਲ ਤੇ ਖੋਜ ਨਿਕਾਰੇ ॥੧੭॥
ਸੈਨਾ ਦਿਹੁ ਖੋਜੀ ਕੇ ਸੰਗ।
ਚਲ੍ਯੋ ਜਾਇ ਜਹਿਂ ਖੋਜਿ ਤੁਰੰਗ।
ਬਹੁਰ ਆਇ ਸੁਧਿ ਜਬਹਿ ਸੁਨਾਵੈ।
ਤਬਿ ਭਾਰੀ ਲਸ਼ਕਰ ਚਢਿ ਜਾਵੈ ॥੧੮॥
ਪ੍ਰਾਨ ਬਿਨਾਸ਼ਨਿ ਪਲਟਾ ਲੈ ਹੌਂ।
ਅਪਰ ਦੰਡ ਨਹਿਂ ਕੋ ਤਿਸ ਦੈ ਹੌਂ।
ਇਮ ਕਹਿ ਸ਼ਾਹੁ ਮਹਿਲ ਨਿਜ ਗਯੋ।
ਲਖਿ ਅਪਰਾਧ ਕ੍ਰੋਧ ਬਹੁ ਭਯੋ ॥੧੯॥
ਤਿਸ ਛਿਨ ਖੋਜੀ ਸਭਿ ਚਲਿ ਆਏ।
ਨਿਜ ਨਿਜ ਬੁਧਿ ਬਲ ਕੋ ਉਪਜਾਏ।
ਘੋਰਾ ਅਜਰ[1] ਫਿਰ੍ਯੋ ਉਤਲਾਯੋ।
ਇਹ ਤੌ ਖੋਜ ਸਭਿਨਿ ਹੀ ਪਾਯੋ ॥੨੦॥
ਨਿਕਸਨਿ ਵਹਿਰ ਭੇਵ ਨਹਿਂ ਜਾਨਾ।

[1]ਕਿਸ ਦੇ ਦੋ ਸਿਰ ਹੋ ਗਏ ਭਾਵ ਮਰਨ ਦੀ ਇੱਛਾ ਹੋ ਆਈ ਹੈ, ਯਾ ਸੀਸ ਦੇ ਦੋ ਟੋਟੇ ਹੋ ਗਏ ਭਾਵ ਵਿਚਾਰ ਨਹੀਂ ਰਹੀ।

[1]ਮਾਰੂ ਥਲ ਤੇ ਕਿਲ੍ਹੇ।

[1]ਕੋਈ ਭਾਵੇਂ ਕਿਤੇ ਹੋਵੇ।

[1]ਯਾਦ ਆਉਂਦਾ ਹੈ।

[1]ਐਸਾ ਦਰਿਆਈ ਘੋੜਾ।

[1]ਵਿਹੜੇ ਵਿਚ।

ਗੁਰ ਮਾਯਾ ਤੇ ਮਤਿ ਭਈ ਹਾਨਾ।
ਪ੍ਰਵਿਸ਼ਜੋ ਭੂਮਿ ਕਿ ਨਭ ਉਡਿ ਗਯੋ।
ਆਗੇ ਖੋਜ ਨ ਕਤ ਹੂੰ ਭਯੋ ॥੨੧॥
ਨਿਕਸੇ ਦੁਰਗ ਵਹਿਰ ਚਲਿ ਆਏ।
ਚਹੁੰਦਿਸ਼ਿ ਬਿਚਰਹਿਂ ਖੋਜ ਨ ਪਾਏ।
ਕੋਸ ਕੋਸ ਲਗਿ ਫਿਰੇ ਚੁਫੇਰੇ।
ਨਿਸ ਗਮਨਜੋ ਅਸੁ ਖੋਜ ਨ ਹੇਰੇ[1] ॥੨੨॥
ਮਿਲਹਿਂ ਬਿਚਾਰਹਿਂ ਬਿਸਮਹਿਂ ਸਾਰੇ।
-ਇਸ ਅਚਰਜ ਕੀ ਪਰਹਿ ਨ ਸਾਰੇ[1]।
ਕਹਾਂ ਭਯੋ, ਪੰਛੀ ਕੋ ਆਇ।
ਉਡ ਕਰਿ ਗਯੋ ਤੁਰੰਗ ਉਠਾਇ- ॥੨੩॥
ਹਾਰ ਪਰੇ ਜਬਿ, ਸ਼ਾਹੁ ਬੁਲਾਏ।
'ਕਰਹੁ, ਕਹਾਂ ਮਤਿ ਮੈਂ ਤੁਮ ਲਜਾਏ?
ਪਾਯਹੁ ਖੋਜ ਕਿ ਨਹਿਂ ਕਿਸ ਦਿਸ਼ਿ ਮੈਂ[1]?
ਕਿਮ ਲੇ ਗਮਨਜੋ ਅਸੂ ਅਸ, ਬਿਸਮੈ[1]' ॥੨੪॥
ਹਾਥ ਜੋਰਿ ਕਰਿ ਸਭਿਨਿ ਸੁਨਾਈ।
'ਹਜ਼ਰਤ ਜੀ! ਕੁਛ ਲਖੀ ਨ ਜਾਈ।
ਲੇ ਫਰੇਸ਼ਤੇ ਗੇ ਅਸਮਾਨ।
ਕੈ ਪਤਾਲ ਪ੍ਰਵਿਸ਼ਜੋ ਇਸ ਥਾਨ ॥੨੫॥
ਏਕ ਅਕਲ ਮੈਂ ਆਵਹਿ ਔਰ।
ਨਿਕਸਜੋ ਨਹੀਂ ਤੁਰੰਗਮ ਪੌਰ[1]।
ਦਿਸ਼ਿ ਦਰਿਆਉ ਦੁਰਗ ਦੀਵਾਰ।
ਹੁਇ ਅਸਵਾਰ ਕਰਾਇਵ ਛਾਰ[1] ॥੨੬॥
ਨੀਰ ਨੀਰ ਹੀ ਸਰਿਤਾ ਮਾਂਹਿ।
ਲੇ ਗਮਨਜੋ ਕੋ ਤਸਕਰ ਤਾਂਹਿ।
ਔਰ ਭੇਵ ਕੋ ਲਖਜੋ ਨ ਜਾਈ।
ਹਾਰੇ ਬੁਧਿ ਕੋ ਕਰਿ ਸਮੁਦਾਈ' ॥੨੭॥
ਸੁਨਿ ਕੈ ਕੇਤਿਕ ਬਾਤ ਹਟਾਈ।
'ਦੀਰਘ ਦੁਰਗ ਦਿਵਾਰ ਉਚਾਰੀ।

[1]ਰਾਤੀਂ ਗਏ ਘੋੜੇ ਦਾ ਖੋਜ ਦਿਸਦਾ ਨਹੀਂ।
[1]ਖਬਰ।
[1]ਕਿਸੇ ਦਿਸ਼ਾ ਵਿਚ ਕੋਈ ਖੋਜ ਪਾਇਆ ਹੈ ਕਿ ਨਹੀਂ?
[1]ਕਿਵੇਂ ਇਹੋ ਜਿਹੇ ਘੋੜੇ ਨੂੰ ਲੈ ਗਿਆ? ਹੈਰਾਨੀ ਹੈ।
[1]ਦਰਵੱਜੇ ਵਿਚ ਦੀ।
[1]ਛਾਲ ਮਰਵਾਈ ਹੈ।

ਨੀਰ ਗਹੀਰ ਅਗਾਰੀ ਫੇਰ[1]।
ਕੋ ਤਸਕਰ ਇਮ ਹੋਇ ਦਿਲੇਰ? ॥੨੮॥
ਅਨਬਨ ਹੈ, ਮਨ ਲਗੈ ਨ ਕੈਸੇ।
ਹਯ ਕੇ ਪੰਖ ਲਗੇ ਹੁਇਂ ਜੈਸੇ।'
ਅਪਰ ਕਹਾਂ ਲਗ ਕਹੌਂ ਬਨਾਈ।
ਇੱਤ੍ਯਾਦਿਕ ਬਹੁ ਅਕਲ ਦ੍ਰਿੜਾਈ ॥੨੯॥
ਸੁਨਿ ਕੈ ਸ਼ਾਹੁ ਕਹ੍ਯੋ ਸਭਿ ਸੰਗ।
'ਜ੍ਯੋਂ ਕ੍ਯੋਂ ਖੋਜਨ ਕਰਹੁ ਤੁਰੰਗ।
ਰਮਲੀ ਗਣਕ[1] ਸ਼ਕੁਨ ਤੇ ਆਦਿ।
ਜਿਨ ਪੁਰਖਨਿ ਕੋ ਵਿੱਦ੍ਯਾ ਯਾਦਿ ॥੩੦॥
ਦੇਸ਼ ਬਿਦੇਸ਼ਨ ਤੇ ਚਲਿ ਆਵੈਂ।
ਤਿਨ ਬੂਝਹੁ ਬਿਧਿ ਜਥਾ ਬਤਾਵੈਂ।
ਜਹਿਂ ਕਹਿਂ ਤੇ ਸੁਧਿ ਕੋ ਮੰਗਵਾਵਹੁ।
ਸਭਿ ਸੂਬਨਿ ਪਰ ਲਿਖ੍ਯੋ ਪਠਾਵਹੁ' ॥੩੧॥
ਬਹੁ ਤਾਗੀਦ ਕੀਨਿ ਇਮ ਸ਼ਾਹੂ।
ਖੋਜ ਕਰਤਿ ਭੇ ਦੇਸ਼ਨਿ ਮਾਂਹੂ।
ਕਹ੍ਯੋ ਦਰੋਗੇ 'ਕਹਾਂ ਕਸੇਰਾ?
ਨਹਿਂ ਦੀਖਤਿ ਕਿਤਹੂੰ ਇਸ ਬੇਰਾ' ॥੩੨॥
ਸਭਿ ਦਾਸਨ ਫਿਰ ਇਤ ਉਤ ਦੇਖਾ।
ਨਹਿਂ ਪਾਯੋ ਤਬਿ, ਕਰਤਿ ਪਰੇਖਾ[1]।
'ਘੋਰਾ ਗਯੋ ਪ੍ਰਥਮ ਤਿਨ ਜਾਨਾ[1]।
ਤੁਮ ਤੇ ਅਧਿਕ ਤ੍ਰਾਸ ਕੋ ਮਾਨਾ ॥੩੩॥
-ਮੁਝ ਤੇ ਭਈ ਨ ਹਯ ਤਕਰਾਈ।
ਹਤਹਿ ਦਰੋਗਾ- ਗਯੋ ਪਲਾਈ।'
ਸਭਿ ਕੀ ਮਤਿ ਸਤਿਗੁਰ ਬਿਚਲਾਈ।
ਹਯ ਕੀ ਸੁਧਿ ਕਿਸ ਬਿਧਿ ਨਹਿਂ ਪਾਈ ॥੩੪॥

[1]ਅੱਗੇ ਫੇਰ ਡੂੰਘਾ ਪਾਣੀ ਹੈ।

[1]ਰਮਲੀ ਤੇ ਜੋਤਸ਼ੀ।

[1]ਅਨੁਮਾਨ, ਕਿਆਸ ਕਰਦੇ ਹਨ ਕਿ।

[1]ਉਸ ਨੂੰ ਘੋੜੇ ਗੁਆਚਣ ਦੀ ਖਬਰ ਪਹਿਲੋਂ ਲਗੀ ਹੈ।

ਇਤ ਸ਼੍ਰੀ ਹਰਿਗੋਬਿੰਦ ਅਨੰਦੇ।
ਪਿਖਹਿਂ ਤੁਰੰਗਮ ਬਲੀ ਬਿਲੰਦੇ।
ਬਿਧੀ ਚੰਦ ਤੇ ਗਾਥਾ ਸੁਨਿ ਸੁਨਿ।
'ਸਾਧਸਾਧ' ਭਨਿ 'ਬਡ ਬੁਧਿ' ਗੁਨਿ ਗੁਨਿ ॥੩੫॥
'ਕ੍ਰਿਪਾ ਆਪਕੀ ਤੇ ਸਭਿ ਬੰਚੇ[1]।
ਮੂੜ੍ਹ ਭਏ, ਲਖਿ ਭੇਵ ਨ ਰੰਚੇ[1]।
ਅਪਨੀ ਵਸਤੁ ਆਪ ਅਨਿਵਾਈ।
ਦਾਸ ਜਾਨਿ ਮੁਝ ਦੇਹੁ ਬਡਾਈ' ॥੩੬॥
ਨਿਸ ਮਹਿਂ ਖਾਨ ਪਾਨ ਕਰਿ ਸੋਏ।
ਪੂਰ ਮਨੋਰਥ ਸੁਖ ਸੋਂ ਹੋਏ।
ਜਾਮ ਜਾਮਨੀ ਰਹੀ ਸੁ ਜਾਗੇ।
ਸੌਚ ਸ਼ਨਾਨ ਕਰਨਿ ਸਭਿ ਲਾਗੇ ॥੩੭॥
ਪਠਹਿਂ ਕੰਠ ਤੇ ਸ਼੍ਰੀ ਗੁਰੁ ਬਾਨੀ।
ਜਪੁਜੀ, ਸੁਖਮਨਿ ਆਦਿ ਮਹਾਨੀ।
ਆਸਾਵਾਰ ਰਬਾਬੀ ਗਾਵੈਂ।
ਭਾਂਤਿ ਭਾਂਤਿ ਕੇ ਰਾਗ ਸੁਨਾਵੈਂ ॥੩੮॥
ਸੱਤਿਨਾਮ ਕੋ ਹੋਤਿ ਉਚਾਰਿ।
ਸ਼੍ਰੀ ਕਰਤਾਰ ਕੇਰ ਜੈਕਾਰ।
ਹੁਇ ਅੰਮ੍ਰਿਤ ਵੇਲੇ ਚਿਤ ਸ਼ਾਂਤੀ।
ਪਠਤਿ ਸੁਨਤਿ ਮਨ ਬਨਹਿਂ ਇਕਾਂਤੀ ॥੩੯॥
ਮਨਹੁ ਬਿਕੁੰਠ ਗੁਰੂ ਦਰਬਾਰ।
ਹਤੇ ਕਾਮ ਕ੍ਰੋਧਾਦਿ ਬਿਕਾਰ।
ਬਹੁਰ ਪ੍ਰਕਾਸ਼ ਭਯੋ ਦਿਸ਼ਿ ਬੀਚ[1]।
ਗਗਨ ਦੁਰੇ ਉਡ ਉਚ ਅਰੁ ਨੀਚ[1] ॥੪੦॥
ਆਸਾਵਾਰ ਭੋਗ ਕੋ ਪਾਯੋ।
ਚਲਿ ਜੇਠਾ ਸਤਿਗੁਰ ਢਿਗ ਆਯੋ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।
'ਮਹਾਰਾਜ ! ਘੋਰਾ ਬਲ ਭਾਰੀ ॥੪੧॥
ਰੁਖ਼ ਕਰਿ ਤ੍ਰਿਣ ਦਾਨਾ ਨਹਿਂ ਖਾਇ।

[1]ਮੋਹੇ ਗਏ।

[1]ਰੰਚਕ ਮਾਤ੍ਰ ਵੀ ਭੇਦ ਨ ਜਾਣ ਸਕੇ।

[1]ਦਿਸ਼ਾ ਵਿਚ ਪ੍ਰਕਾਸ਼ ਹੋ ਗਿਆ ਭਾਵ ਦਿਨ ਚੜ੍ਹ ਪਿਆ।

[1]ਉੱਚੇ ਨੀਵੇਂ ਤਾਰੇ ਅਕਾਸ਼ ਵਿਚ ਲੁਕ ਗਏ।

ਬਹੁਤ ਬਿਲੋਚਨ ਤੇ ਜਲ ਜਾਇ।
ਖਰੋ ਅਚੰਚਲ ਮਨ ਮੁਰਝਾਯੋ।
ਜਾਨਜੋ ਜਾਇ ਨ, ਕਿਮ ਨਿਬਲਾਯੋ[1]? ॥੪੨॥
ਸੇਵਤਿ ਰਹਜੋ ਦੀਪ ਨਿਸ ਬਾਰੇ[1]।
ਨਹੀਂ ਨਿਹਾਰੀ ਕੋ ਮੁਖ ਧਾਰੇ[1]।
ਸ਼੍ਰਮਤਿ ਹੁਤੋ ਮਾਲਸ਼ ਬਹੁ ਕੀਨਿ।
ਫੇਰਤਿ ਹਾਥ ਦਿਲਾਸਾ ਦੀਨਿ ॥੪੩॥
ਲੇਹੁ ਆਪ ਸੁਧ ਫੇਰਹੁ ਹਾਥ।
ਕ੍ਰਿਪਾ ਧਾਰਿ ਤਿਹ ਕਰੋ ਸਨਾਥ।'
ਸੁਨਿ ਕਰਿ ਜੋਧ ਸ਼ਾਹੁ ਤਬਿ ਬੋਲਾ।
'ਬਹੁ ਦਿਨ ਬਿਤੇ ਥਾਨ ਤੇ ਖੋਲਾ ॥੪੪॥
ਮਜਲ ਬਿਸਾਲ ਪਹਿਲ ਹੀ ਆਯੋ।
ਹੁਯੋ ਸ਼੍ਰਮਤਿ ਯਾ ਤੇ ਮੁਰਝਾਯੋ।'
ਸ਼੍ਰੀ ਹਰਿ ਗੋਬਿੰਦ ਚੰਦ ਬਖਾਨਾ।
'ਸੁਨਹੁ ਜੋਧ! ਇਮ ਪਰੈ ਪਛਾਨਾ ॥੪੫॥
ਬਹੁਤ ਬਿਲੋਚਨ ਤੇ ਬਹਿ ਬਾਰੀ[1]।
ਉਰ ਪੀਰਾ ਜਨੁ ਵਹਿਰ ਪਸਾਰੀ[1]।
ਹੁਯੋ ਹੋਇਗੋ ਬ੍ਰਿਹੁ ਇਸ ਤਾਈਂ।
ਜਿਸ ਢਿਗ ਰਹਤਿ ਸਮੀਪ ਸਦਾਈ' ॥੪੬॥
ਬਿਧੀ ਚੰਦ ਸਭਿ ਗਾਥ ਸੁਨਾਈ।
'ਘੋੜੇ ਦੋਇ ਹੁਤੇ ਦਰਿਆਈ।
ਇਹ ਦਿਲਬਾਗ, ਦੁਤਿਯ ਗੁਲਬਾਗ।
ਬੰਧਤਿ ਨਿਕਟਿ ਬਢਜੋ ਅਨੁਰਾਗ ॥੪੭॥
ਤ੍ਰਿਣ ਦਾਣਾ ਬਹੁ ਭਾਂਤਿ ਨਿਹਾਰੀ।
ਦੋਨਹੁਂ ਖਾਤਿ ਖਰੇ ਇਕ ਸਾਰੀ।
ਈਦ ਆਦਿ ਦਿਨ ਖੋਲਹਿਂ ਕਬੈ।
ਨਤੁ ਰਹਿਂ ਖਰੇ ਜਿ ਸੰਬਤ ਸਬੈ ॥੪੮॥
ਤਿਸ ਹਯ ਕੋ ਬ੍ਰਿਹੁ ਜਾਨਜੋ ਜਾਇ।

[1]ਕਿਉਂ ਕਮਜ਼ੋਰ ਹੋ ਗਿਆ ਹੈ?
[1]ਰਾਤ ਨੂੰ ਦੀਵਾ ਬਾਲਕੇ।
[1]ਨਿਹਾਰੀ ਨੂੰ ਮੂੰਹ ਨਹੀਂ ਲਾਉਂਦਾ।
[1]ਜਲ।
[1]ਮਾਨੋਂ ਦਿਲ ਦੀ ਪੀੜਾ ਬਾਹਰ ਦਿਖਾਈ ਹੈ।

ਸੰਕਟ ਤੇ ਦ੍ਰਿਗ ਜਲ ਚਲਿ ਆਇ।'
ਇਮ ਸੁਨਿ ਸਭਿ ਕੈ ਨਿਸ਼ਚੈ ਭਯੋ।
'ਬ੍ਰਿਹਾ ਤੁਰੰਗਮ ਤੇ ਦੁਖ ਥਿਯੋ' ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਘੋੜਾ ਲਜਾਵਨ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

੩੩. [ਦੂਜਾ ਘੋੜਾ। ਜੋਧ ਰਾਇ ਦੇ ਪਾਸ ਗਏ]

੩੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੪

ਦੋਹਰਾ:
ਇਮ ਨਿਸ਼ਚੈ ਕਰਿ ਤੁਰੰਗ ਦੁਖ, ਉਠੇ ਗੁਰੂ
ਮਹਾਰਾਜ।
ਕੌਤਕ ਕਰਤਿ ਅਨੇਕ ਬਿਧਿ, ਬਡੇ ਗ਼ਰੀਬ
ਨਿਵਾਜ ॥੧॥
ਚੌਪਈ:
ਜਾਇ ਤੁਰੰਗਮ ਕੋ ਤਬਿ ਹੇਰਾ।
ਬਹਤਿ ਬਿਲੋਚਨ ਬਾਰਿ ਬਡੇਰਾ।
ਇਤ ਉਤ ਨਹਿਂ ਦੇਖਿਤ, ਮੁਰਝਾਯੋ।
ਤ੍ਰਿਣ ਦਾਨਾ ਈਖਦ[1] ਹੀ ਖਾਯੋ ॥੨॥ [1]ਥੋੜਾ।
ਜੋਧ ਸੰਗ ਤਬਿ ਗੁਰੂ ਬਖਾਨੀ।
'ਬ੍ਰਿਹੁ ਕੀ ਪੀਰ ਇਸੇ ਹਮ ਜਾਨੀ।
ਅਪਰ ਨ ਤਨ ਮਹਿਂ ਸੰਕਟ ਕੋਈ।
ਏਕ ਥਾਨ ਬੰਧੇ ਰਹਿਂ ਦੋਈ' ॥੩॥
ਸ਼੍ਰੀ ਗੁਰ ਬੈਨ ਜੋਧ[1] ਸਨਮਾਨਾ। [1]ਭਾਈ ਜੋਧ ਨੇ।
'ਨਿਸ਼ਚੈ ਆਪ ਪ੍ਰਥਮ ਹੀ ਜਾਨਾ।
ਸਰਬ ਸ਼ਕਤਿ ਕੇ ਮਾਲਿਕ ਰਾਵਰ।
ਕਹਜੋ ਜੁ ਤਰਕਹਿ ਸੋ ਮਤਿ ਬਾਵਰ ॥੪॥
ਅਬਿ ਕਰ ਫੇਰ ਧੀਰ ਕਹੁ ਦੈ ਹੋ।
ਮਨ ਇਸ ਕੋ ਥਿਰ ਭਲੇ ਕਰੈ ਹੋ।'
ਤਬਿ ਸਤਿਗੁਰ ਨਿਜ ਪੰਕਜ ਹਾਥ।
ਫੇਰਨਿ ਕੀਨਿ ਦਿਲਾਸੇ ਸਾਥ ॥੫॥
ਬਦਨ ਬਿਲੋਚਨ ਪੀਠ ਉਦਾਰਾ।
ਧਰ ਕਰਿ ਕਰ ਕੋ ਰੁਚਿਰ ਉਚਾਰਾ[1]। [1]ਹੱਥ ਰੱਖਕੇ ਪਿਆਰ (ਦਾ ਵਾਕ) ਕਿਹਾ।
ਨਾਮ 'ਜਾਨ ਭਾਈ!' ਕਹਿ ਕਰਿ ਕੈ।
'ਤ੍ਰਿਣ ਦਾਨਾ ਅਚਵਹੁ ਹਿਤ ਧਰਿ ਕੈ
॥੬॥
ਗੁਰ ਘਰ ਆਇ ਕਸ਼ਟ ਨਹਿਂ ਪਾਵਹੁ।
ਤਨ ਮਨ ਕੀ ਸਭਿ ਪੀਰ ਮਿਟਾਵਹੁ।
ਜਿਸ ਕੋ ਚਹੈਂ ਆਇ ਸੋ ਜੈਹੈ।

ਪ੍ਰਿਯ ਪ੍ਰੇਮੀ ਕੋ ਪ੍ਰਭੁ ਮਿਲੈ ਹੈ' ॥੭॥
ਸੁਨਿ ਸਤਿਗੁਰ ਕੇ ਬਾਕ ਸੁਹਾਏ।
ਫੁਰਕਯੋ ਘੋਰਾ ਉਰ ਹਰਖਾਏ।
ਆਗੇ ਪਰੇ ਤ੍ਰਿਣਨਿ ਮੁਖ ਡਾਰੇ।
ਜੋਧ ਆਦਿ ਤਿਹ ਸਰਬ ਨਿਹਾਰੇ ॥੮॥
ਖਾਨ ਲਗਯੋ ਲਖਿ ਰਿਦੇ ਅਨੰਦੇ।
'ਧੰਨ ਧੰਨ ਸ੍ਰੀ ਹਰਿਗੋਬਿੰਦੇ।'
ਪੁਨ ਇਕਾਂਤ ਮਹਿਂ ਬੈਠੇ ਜਾਇ।
ਜੋਧ ਰਾਇ ਕੋ ਲੀਨਿ ਬੁਲਾਇ ॥੯॥
ਬਿਧੀਚੰਦ ਪੁਨ ਨਿਕਟਿ ਹਕਾਰਾ।
ਸਾਦਰ ਕਹਿ ਕਰਿ ਤਿਹ ਬੈਠਾਰਾ।
'ਭੋ ਸੁਮਤੇ[1] ! ਘੋਰਾ ਹਰਿ ਲਯਾਯੋ। [1]ਹੇ ਦਾਨੇ !
ਕਰਿ ਅਚਰਜ ਸਭਿ ਕੋ ਦਿਖਰਾਯੋ ॥੧੦॥
ਇਹੁ ਪੁਰਸ਼ਾਰਥ[1] ਇਕ ਤੁਮ ਮਾਂਹੀ। [1]ਬਲ।
ਅਪਰ ਨਰਨ ਕਿਸ ਮਹਿਂ ਅਸ ਨਾਂਹੀ।
ਹਯ ਦੂਜੇ ਬਿਨ ਭਈ ਅਜੋਗ।
ਮੁਰਝਾਯੋ ਜਨ ਉਪਜਯੋ ਰੋਗ ॥੧੧॥
ਪਰਮ ਦੁਖੀ ਬਨਿ ਰੋਦਤਿ ਇਹਾਂ।
ਦੂਸਰ ਐਸੋ ਹੁਇ ਹੈ ਤਹਾਂ।
ਭਯੋ ਸੰਤਾਪ ਦੁਹਿਨ ਕੇ ਮਨ ਕੋ।
ਰਿਸ਼ਟ ਪੁਸ਼ਟ ਕਿਮ ਹੋਇ ਨ ਤਨ ਕੋ ॥੧੨॥
ਕਰਹੁ ਜਤਨ ਦੂਸਰ ਕੋ ਲਯਾਵਹੁ।
ਨਾਂਹਿ ਤ ਇਸ ਕੌ ਤਹਿਂ ਪਹੁੰਚਾਵਹੁ।
ਜੋਰੀ ਰਹੈ ਏਕ ਥਲ ਮਿਲੀ।
ਹਮਰੇ ਉਰ ਭਾਵਤਿ ਇਮ ਭਲੀ' ॥੧੩॥
ਸੁਨਤਿ ਜੋਧਿ ਕਹਿ 'ਲਯਾਵਨ ਠਾਨੋ।
-ਇਹ ਪਹੁੰਚਾਵਹੁ- ਮੁਖ ਨ ਬਖਾਨੋ।
ਹੈ ਅਤਿ ਕਠਨ ਹਰਨ ਹਯ ਕੇਰਾ।
ਮੁਸ਼ਕਲ ਤੇ ਮੁਸ਼ਕਲ ਬਹੁ ਤੇਰਾ ॥੧੪॥
ਤਊ ਆਪ ਕੀ ਕਰੁਨਾ ਪਾਇ।

ਲਜਾਯਹੁ ਬਿਧੀਆ ਬੁਧਿ ਉਪਜਾਇ।
ਹਮ ਕੋ ਮਹਾਂ ਚਤੁਰ ਇਹ ਦੀਖਾ।
ਅਪਰ ਨ ਜਗ ਮਹਿਂ ਇਸੀ ਸਰੀਖਾ
॥੧੫॥
ਪੂਰਬ ਤੇ ਦੂਸਰ ਹਯ ਲਜਾਵਨ।
ਅਧਿਕ ਕਠਨ ਤੇ ਕਠਨ ਸੁ ਆਵਨਿ।
ਤਉ ਮੋਹਿ ਨਿਸ਼ਚੈ ਅਸ ਹੋਵਾ।
ਤੁਮ ਚਿਤ ਚਹਹੁ ਤ ਆਵਤਿ ਜੋਵਾ[1]' [1]ਆਂਵਦਾ ਦਿਸਦਾ ਹੈ।
॥੧੬॥
ਸੁਨਿ ਬਿਧੀਏ ਕਰ ਜੋਰਿ ਬਖਾਨਾ।
'ਅਪਰ ਨਰਨ ਕੋ ਕਠਨ ਮਹਾਨਾ।
ਤੁਰੰਗ ਸ਼ਾਹੁ ਕੇ ਅਤਿ ਤਕਰਾਈ।
ਸੁਭਟ ਹਜ਼ਾਰਹੁਂ ਸਦਾ ਸਹਾਈ ॥੧੭॥
ਬਹੁਰ ਦੁਰਗ ਮਹਿਂ ਘੋਰਾ ਖਰਜੋ।
ਅਧਿਕ ਸਭਿਨਿ ਸਵਧਾਨੀ ਕਰਜੋ।
ਗੁਰ ਪ੍ਰਤਾਪ ਤੇ, ਮੈਂ ਨਹਿਂ ਜਾਨੋਂ।
ਲੋਹੁ ਦੁਰਗ ਤੇ ਮੈਂ ਹਰਿ ਆਨੌਂ[1] ॥੧੮॥ [1]ਲੋਹੇ ਦੇ ਕਿਲੇ ਤੋਂ (ਵੀ) ਮੈਂ ਕੱਢ ਲਿਆ ਸਕਦਾ ਹਾਂ।
ਪ੍ਰਥਮ ਸਭਿਨਿ ਕੀ ਅਸ ਮਤਿ ਮਾਰੀ।
ਲਖੀ ਨ ਕਨਿਹੂੰ ਛਲ ਕ੍ਰਿਤ ਭਾਰੀ।
ਸੁਨਹੁਂ ਪ੍ਰਭੂ ! ਕਜੋਂ ਦੈਬੋ ਘੋਰਾ[1]। [1]ਦੇਣਾ ਕਿਉਂ ਹੈ ਘੋੜਾ।
ਆਨਿ ਮਿਲਾਵੌਂ ਮੈਂ ਇਸ ਜੋਰਾ ॥੧੯॥
ਆਯੁਧਪਾਣੀ ਜੇ ਭਟ ਲਾਖੇ[1]। [1]ਹੱਥਾਂ ਵਿਚ ਸ਼ਸਤ੍ਰਧਾਰੀ ਜੇ ਸੂਰਮੇ ਲੱਖਾਂ ਹੋਵਣ।
ਹੁਇ ਸਵਧਾਨ ਬਨਹਿਂ ਸਭਿ ਰਾਖੇ।
ਐਸੀ ਕਹੌਂ ਬੰਚਨਾ[1] ਤਿਨ ਕੀ। [1]ਭਾਵ ਐਸਾ ਮੋਹ ਲਵਾਂ।
ਚਹੋਂ ਸੁ ਲਜਾਵੌਂ ਅੱਗ੍ਰ ਨਯਨ ਕੀ[1] [1]ਅੱਖਾਂ ਦੇ ਅਗੋਂ ਲੈ ਆਵਾਂ।
॥੨੦॥
ਪ੍ਰਭੁ ਜੀ ! ਆਗਜਾ ਦੇਹੁ ਸਿਧਾਵੌਂ।
ਲਜਾਇ ਤੁਰਤ ਹਯ ਦਰਸ਼ਨ ਪਾਵੌਂ।'
ਮੁਖ ਮੁਸਕਾਵਤਿ ਕਹਜੋ ਗੁਸਾਈਂ।
'ਗਮਨਹੁ ਬਿਧੀਆ ! ਗੁਰੂ ਸਹਾਈ
॥੨੧॥
ਕਰਿ ਕਾਰਜ ਤੂਰਨ ਹੀ ਆਵਹੁ।

ਬਹੁਰ ਜੰਗ ਕਰਿ ਤੁਰਕ ਖਪਾਵਹੁ।'
ਸੁਨਤਿ ਉਠ੍ਯੋ ਪਗ ਪੰਕਜ ਹਾਥ।
ਧਰ ਕਰਿ ਪ੍ਰਿਯ ਉਰ ਟੇਕ੍ਯੋ ਮਾਥ ॥੨੨॥
ਅਤਿ ਉਤਸਾਹੁ ਧਾਰਿ ਪ੍ਰਸਥਾਨਾ।
ਅਦਭੁਤ ਕੌਤਕ ਕਰਨਿ ਮਹਾਨਾ।
ਪ੍ਰਥਮ ਕ੍ਰਿੱਤ ਹਨੁਮਾਨ ਸਮਾਨਾ।
ਅਧਿਕ[1] ਕਰਨ ਕਹੁ ਅਬਹਿ ਪਯਾਨਾ ॥੨੩॥ [1]ਹਨੂਮਾਨ ਤੋਂ ਬੀ) ਵੱਧ।
ਜਬਿ ਬੰਦਨ ਕਰਿ ਝੁਕ੍ਯੋ ਅਗਾਰੀ।
ਥਾਪੀ ਦੀਨਿ ਗੁਰੂ ਬਲ ਭਾਰੀ।
'ਜਿਮ ਚਿਤ ਚਹਹਿ ਕਰਹਿਗੋ ਸੋਊ।
ਤੁਵ ਕ੍ਰਿਤ ਕੋ ਅਟਕਾਇ ਨ ਕੋਊ ॥੨੪॥
ਤੁਵ ਬੁਧਿ ਸਭਿ ਕੇ ਊਪਰ ਛਾਵੈ।
ਨਰ ਬਪੁਰੇ ਸੁਰ ਨਹਿਂ ਲਖਿ ਪਾਵੈਂ।'
ਲੇ ਬਰ ਲਵਪੁਰਿ ਮਾਰਗ ਪਰ੍ਯੋ।
ਉਰ ਨਿਸ਼ੰਕ ਕਿਸ ਤ੍ਰਾਸ ਨ ਧਰ੍ਯੋ ॥੨੫॥
ਤਿਸ ਪੀਛੇ ਸ਼੍ਰੀ ਸਤਿਗੁਰ ਰਹੇ।
ਜੋਧਾ[1] ਜੋਧ ਬਿਨੈ ਬਚ ਕਹੇ। [1]ਸੂਰਮਾਂ।
'ਡੇਰਾ ਪਰ੍ਯੋ ਭਯੋ ਚਿਰਕਾਲਾ।
ਮੋਰ ਕਾਮਨਾ ਰਿਦੇ ਬਿਸਾਲਾ ॥੨੬॥
ਤੀਨ ਕੋਸ ਇਸ ਥਲ ਤੇ ਪੁਰਿ ਹੈ।
ਤਹਿਂ ਤੁਮਰੇ ਸੇਵਕ ਕੋ ਘਰ ਹੈ।
ਕਰੁਨਾ ਕਰਹੁ ਚਰਨ ਨਿਜ ਪਾਵਹੁ।
ਪਾਵਨ ਹੋਹਿ, ਮੋਹਿ ਮਨ ਭਾਵਹੁ ॥੨੭॥
ਦੇਹੁ ਦਾਸ ਕੋ ਚਲਿ ਬਡਿਆਈ।
ਤਹਾਂ ਕਰਹੁ ਕੁਛ ਦਿਵਸ ਬਿਤਾਈ।'
ਆਗੇ ਕਹਤਿ ਰਹ੍ਯੋ ਬਹੁ ਬਾਰੀ।
ਦੇਖਿ ਭਾਉ ਬਹੁ ਕੀਨਸਿ ਤਜਾਰੀ ॥੨੮॥
ਸਾਧੂ ਰੂਪਚੰਦ ਤਬਿ ਜਾਨੀ।

ਆਇ ਜੋਰਿ ਕਰ ਗਿਰਾ ਬਖਾਨੀ।
'ਹਮ ਭੀ ਰਾਵਰਿ ਸਾਥ ਸਿਧਰਿ ਹੈਂ।
ਗਨ ਸੇਵਕ ਸਮ ਸੇਵਾ ਕਰਿਹੈਂ ॥੨੯॥
ਦਰਸ਼ਨ ਕਰਤਿ ਰਹੈਂ ਆਨੰਦਹਿਂ।
ਹੋਹਿ ਜਨਮ ਨਰ ਸਫਲ ਬਿਲੰਦਹਿ।
ਬਿਛੁਰਨ ਨਹਿਂ ਮਨ ਭਾਇ ਹਮਾਰੇ।
ਰਾਵਰਿ ਸੰਗ ਸਦਾ ਸੁਖ ਭਾਰੇ' ॥੩੦॥
ਸ਼੍ਰੀ ਸਤਿਗੁਰ ਕਹਿ ਧੀਰਜ ਦੀਨਾ।
'ਮੇਰੇ ਸੰਗ ਸਦਾ ਤੁਮ ਲੀਨਾ।
ਅਬਿ ਤੁਮ ਕਹਜੋ ਮਾਨਿ ਪੁਰ ਵਾਸਹੁ[1]।
ਕਰਹੁ ਦੇਗ ਨਿਤ ਜਗਤ ਪ੍ਰਕਾਸ਼ਹੁ ॥੩੧॥
ਕਹਜੋ ਤੁਮਾਰੇ ਹੋਵਹਿ ਸਾਚਾ।
ਵਸ ਮਹਿਂ ਰਾਖਹੁ ਅਪਨੋ ਬਾਚਾ[1]।
ਜੇਨ ਕੇਨ ਥਲ ਕਹੀਅਹਿ ਨਾਂਹੀ।
ਇਮ ਨਿਸ਼ਚੈ ਠਾਨਹੁ ਮਨ ਮਾਂਹੀ ॥੩੨॥
ਅਪਨੇ ਗ੍ਰਾਮ ਕੀਜੀਯਹਿ ਵਾਸਾ।
ਹੁਇ ਹੈ ਦੀਰਘ ਬੰਸ ਪ੍ਰਕਾਸ਼ਾ।
ਬਿਦਤਹਿ ਜਗ ਮਹਿਂ ਬਹੁ ਬਡਿਆਈ।
ਹਲਤ ਪਲਤ ਲਿਹੁ ਸੁਖ ਸਮੁਦਾਈ ॥੩੩॥
ਕਈ ਰੀਤਿ ਕੇ ਚਲਿਤ ਹਮਾਰੇ।
ਕਰਿਬੇ ਜੰਗ ਅਨੇਕ ਪ੍ਰਕਾਰੇ।
ਤੁਰਕ ਸੰਗ ਸੰਗ੍ਰਾਮ ਹਮਾਰਾ।
ਬਜਹਿ ਲੋਹ ਪਰ ਲੋਹ ਕਰਾਰਾ ॥੩੪॥
ਸ਼ੁਭ ਸੰਤਨ ਕੀ ਰੀਤਿ ਤੁਮਾਰੀ।
ਸੇਵਹੁ ਦੇਗ਼ ਸਕਲ ਨਰ ਨਾਰੀ।'
ਸੁਨਿ ਗੁਰ ਆਗਜਾ ਰਿਦੇ ਅਨੰਦੇ।
ਹਾਥ ਜੋਰਿ ਪਦ ਪੁਨ ਪੁਨ ਬੰਦੇ ॥੩੫॥
ਰੂਪ ਚੰਦ ਕੀ ਜਨਨੀ ਆਈ।
ਪਦ ਅਰਬਿੰਦਨਿ ਸੋ ਲਪਟਾਈ।
ਦੇ ਕਰਿ ਧੀਰਜ ਪ੍ਰਭੁ ਉਦਾਰੇ।

[1]ਕਹਿਣਾ ਮੰਨਕੇ (ਆਪਣੇ) ਗ੍ਰਾਮ ਵਿਚ ਵੱਸੇ।

[1]ਬਚਨ।

ਭਏ ਤੁਰੰਗਮ ਪਰ ਅਸਵਾਰੇ ॥੩੬॥
ਨਾਮ 'ਜਾਨ ਭਾਈ' ਗੁਰ ਧਰਜੋ।
ਤਿਸ ਪਰ ਜ਼ੀਨ ਪਾਇਬੋ ਕਰਜੋ।
ਜਬਰ ਜਵਾਹਿਰ ਜ਼ਾਹਰ ਜਰੇ।
ਜਗਮਗ ਜੋਤਿ ਹੋਤਿ ਛਬਿ ਭਰੇ ॥੩੭॥
ਨਗ ਮਾਨਿਕ ਹੀਰੇ ਬਹੁ ਬਰਣ[1]। — [1]ਬਹੁਤੇ ਰੰਗਾਂ ਦੇ।
ਲਗੇ ਕਿਰਣ ਤੇ ਛੁਟਤਿ ਕਿਰਣ[1]। — [1]ਸੂਰਜ ਦੀ ਕਿਰਨ ਪੈਣ ਤੇ ਉਸ ਦੇ ਵਿਚੋਂ ਕਈ ਤਰ੍ਹਾਂ ਦੀਆਂ (ਪ੍ਰਕਾਸ਼ ਦੀਆਂ) ਕਿਰਣਾਂ ਨਿਕਲਦੀਆਂ ਹਨ।
ਬਾਂਧੀ ਜਿਗਾ ਜਰਾਊ ਮਾਥੇ।
ਕਲਗੀ ਤੁੰਗ ਦਿਪਤਿ ਦੁਤਿ ਸਾਥੇ ॥੩੮॥
ਬਰ ਅੰਬਰ ਬਸਤਰੀ[1]† ਬਿਰਾਜੈ। — [1]ਸੁਹਣੇ ਕਪੜੇ ਦੀ ਬਸਤਰੀ (= ਕਾਠੀ ਦੇ ਉਪਰਲਾ ਸੁਹਣਾ ਕਪੜਾ)। †ਪਾ:-ਬਸਤੀਨ।
ਝਾਲਰ ਜ਼ਰੀ ਝੁਲਤਿ ਸ਼ੁਭ ਸਾਜੈ[1]। — [1]ਸੁਹਣੀ ਸਜ ਰਹੀ ਹੈ।
ਮਨਹੁ ਚਪਲਤਾ ਸਕਲ ਸਕੇਲੀ।
ਸਹਤ ਚਾਤੁਰੀ ਬਿਧਿ ਹਯ ਮੇਲੀ[1] ॥੩੯॥ — [1]ਬਿਧਾਤਾ ਨੇ ਘੋੜੇ ਵਿਖੇ ਇਕੱਠੀ ਕੀਤੀ ਹੈ।
ਰੇਸ਼ਮ ਡੋਰ ਸੰਗ ਡੁਰਿਆਯਹੁ।
ਚਲੇ ਦਾਸ ਕੇ ਹਾਥ ਗਹਾਯਹੁ।
'ਜਬਿ ਜੁਗ ਮਿਲੈਂ ਹਰਖ ਉਰ ਭਰੈਂ।
ਤੌ ਅਸਵਾਰੀ ਹਮ ਇਸ ਕਰੈਂ' ॥੪੦॥
ਕਰਿ ਆਗੇ ਸਤਿਗੁਰੂ ਪਯਾਨੇ।
ਬਜਯੋ ਦਮਾਮਾ ਬਡਿ ਧੁਨਿ ਠਾਨੇ।
ਕਰਤਿ ਬਤਕ ਹੀ[1] ਮੁਖ ਮੁਸਕਾਵਤਿ। — [1]ਗੱਲਾਂ ਕਰਦੇ।
ਜੋਧ ਸੰਗ ਇਮ ਪੰਥ ਸੁਹਾਵਤਿ ॥੪੧॥
ਚਢੇ ਲੰਕ ਪਰ ਰੁਘਬਰ ਨਾਥ।
ਕਰਤਿ ਬਾਰਤਾ ਕਪਿਪਤਿ[1] ਸਾਥ। — [1]ਸੁਗ੍ਰੀਵ (ਅ) ਹਨੂਮਾਨ।
ਤੀਨ ਕੋਸ ਕਾਂਗੜਿ ਪੁਰਿ ਅਹੇ।
ਗਏ ਤੁਰਤ ਹੀ ਦ੍ਰਿਸ਼ਟੀ ਲਹੇ ॥੪੨॥
ਜੋਧਰਾਇ ਕੇ ਮੰਦਿਰ ਊਚੇ।
ਸਤਿਗੁਰ ਹੇਰੇ ਨਿਕਟਿ ਪਹੂਚੇ।
ਉੱਤਮ ਥਲ ਪੁਰਿ ਤੇ ਜਿਸ ਦਿਸ਼ਿ ਮੈਂ।
ਲੇ ਡੇਰਾ ਉਤਰਾਯੋ ਤਿਸ ਮੈਂ ॥੪੩॥

ਸੁਨਿ ਕਰਿ ਜੋਧ ਰਾਇ ਕੀ ਨਾਰੀ।
ਪਹੁੰਚੀ ਲੇ ਬਹੁ ਭੇਟ ਅਗਾਰੀ।
ਦਰਸ਼ਨ ਕੀਨਿ ਬੰਦਨਾ ਚਰਣ।
ਜਨਮ ਮਰਨ ਦੁਖ ਜਿਨ ਤੇ ਹਰਨ
॥੪੪॥
ਜੋਧਾਰਾਇ ਕਰਿਵਾਇਵ ਡੇਰਾ।
ਸੇਵਾ ਸਰਬ ਸੰਭਾਰਿ ਬਡੇਰਾ।
ਨਿਤ ਨੂਤਨ ਚਿਤ ਧਾਰਿਤ ਭਾਊ।
ਗੁਰੂ ਪ੍ਰੇਮ ਬਸਿ ਸਹਿਜ ਸੁਭਾਊ ॥੪੫॥
ਬਸਿ ਕਰਿ ਬਾਸੁਰ ਕਿਤਿਕ ਬਿਤਾਏ।
ਬਨਹਿਂ ਸਿੱਖ ਬਹੁ ਦਰਸ਼ਨ ਪਾਏ।
ਜੋਧ ਸੰਗ ਸ਼੍ਰੀ ਸਤਿਗੁਰ ਆਪ।
ਕਰਤੇ ਰਹਤਿ ਬਾਰਤਾਲਾਪ ॥੪੬॥
ਕਰਹਿਂ ਪ੍ਰਤੀਖਨ ਬਿਧੀਏ ਕੇਰੀ।
'ਹਯ ਕੋ ਲਜਾਵਹਿਗੋ ਜਿਸ ਬੇਰੀ।
ਲਸ਼ਕਰ ਤੁਰਕਨ ਕੋ ਬਹੁ ਐਹੈ।
ਹਮ ਰਿਪੁ ਹਤਿ ਘਮਸਾਨ ਮਚੈ ਹੈਂ'
॥੪੭॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਬਿਧੀ ਚੰਦ ਬਹੁਰ ਪਠਨ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥੩੩॥

੩੪. [ਭਾਈ ਬਿਧੀ ਚੰਦ ਰਮਲੀ ਦੇ ਭੇਸ]

੩੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੫

ਦੋਹਰਾ:

ਉਤ ਬਿਧੀਏ ਕੀ ਕਥਾ ਜਿਮ, ਲ੍ਯਾਵਨ ਦੁਤਿਯ ਤੁਰੰਗ।
ਸੁਨਿਯਹਿ ਸ਼੍ਰੋਤਾ ਪ੍ਰੇਮ ਧਰਿ, ਗੁਰ ਕੋ ਸੁਜਸੁ ਉਤੰਗ ॥੧॥

ਚੌਪਈ:

ਸਤਿਗੁਰ ਤੇ ਹੁਇ ਬਿਦਾ ਪਯਾਨਾ।
ਗਮਨਤਿ ਦਾਵ ਬਿਚਾਰਤਿ ਨਾਨਾ।
ਤੀਨ ਦਿਵਸ ਮਹਿਂ ਪਹੁੰਚਜੋ ਜਾਈ।
ਪੁਰਿ ਕੇ ਪੌਰ ਸਮੀਪ ਸਥਾਈ[1] ॥੨॥ [1]ਖੜੋਕੇ।
ਸਭਿ ਸਤਿਗੁਰ ਕੇ ਨਾਮ ਉਚਾਰੇ।
ਕਰਿ ਅਰਦਾਸ ਧਰਾ ਸਿਰ ਧਾਰੇ[1]। [1]ਧਰਤੀ ਤੇ ਮੱਥਾ ਟੇਕਿਆ।
'ਅੰਗ ਸੰਗ ਪ੍ਰਭੁ ਬਨਹੁ ਸਹਾਈ।
ਪੁਰਵਹੁ ਇਹੁ ਕਾਰਜ ਸਹਿਸਾਈ[1]' ॥੩॥ [1]ਛੇਤੀ ਹੀ।
ਇਮ ਕਹਿ ਅੰਤਰ ਜਾਇ ਪ੍ਰਵੇਸਾ।
ਗਯੋ ਜਹਾਂ ਧ੍ਰਮਸਾਲ ਵਿਸ਼ੇਸ਼ਾ।
ਪੈਰੀ ਪੈਣਾ ਕਹਿ ਸਭਿ ਸਾਥ।
ਬੈਠਜੋ ਸਿਮਰਤਿ ਸਤਿਗੁਰ ਨਾਥ ॥੪॥
ਜਿਤਿਕ ਸਿੱਖ ਤਹਿਂ ਕਰਿ ਕਰਿ ਨਮੋ।
ਸਨਮਾਨਜੋ ਸਭਿ ਨੇ ਤਿਹ ਸਮੋ।
ਆਯੋ ਸੰਧਜਾ ਮੈਂ ਬੁਧਿਵਾਨ।
ਪਸਰ ਪਰਜੋ ਤਮ ਤੁਰਨ ਮਹਾਨ ॥੫॥
ਕੁਸ਼ਲ ਛੇਮ ਬੁਝੀ ਰੁ ਬਤਾਈ।
ਖਾਨ ਪਾਨ ਸ਼ੁਭ ਕੀਨਿ ਤਦਾਈ।
ਇਤਨੇ ਬਿਖੈ ਫਿਰਤਿ ਢੰਡੋਰਾ।
ਆਯਹੁ ਧਰਮਸਾਲ ਕੀ ਓਰਾ ॥੬॥
ਕਹਤਿ ਫਿਰਤਿ ਇਮ ਉਚ ਪੁਕਾਰੈ।
'ਜੋ ਨਰ ਖੋਜ ਤੁਰੰਗਮ ਡਾਰੈ।
ਮੁਖ ਮਾਂਗਜੋ ਹਜ਼ਰਤ ਤੇ ਪਾਵੈ।

ਜੋ ਚਾਹਹਿ, ਕਾਰਜ ਬਨਿਵਾਵੈ' ॥੭॥
ਬਿਧੀ ਚੰਦ ਬੂਝੇ ਸਿਖ ਤਹਾਂ।
'ਇਹ ਕਜਾ ਬੋਲਤਿ ਊਚੇ ਮਹਾਂ?'
ਤਿਨਹੁੰ ਸਰਬ ਬਿਰਤਾਂਤ ਸੁਨਾਯੋ।
'ਸ਼ਾਹੁ ਤੁਰੰਗਮ ਕਿਸੇ ਚੁਰਾਯੋ ॥੮॥
ਸਪਤ ਦਿਵਸ ਬੀਤੇ ਹਯ ਗਏ।
ਦਿਨ ਚਾਰਿਕ ਇਹੁ ਕਹਤਿ ਸੁਨਏ।
ਖੋਜ ਨ ਪਾਇ ਹਾਰ ਸਭਿ ਰਹੇ।
ਪੀਛੇ ਡਿੰਡਮ[1] ਦੇ ਇਮ ਕਹੇ ॥੯॥ [1]ਡੌਂਡੀ।
-ਮੁਖ ਮਾਂਗਜੋ ਹਜ਼ਰਤ ਤੇ ਲੇਹਿ।
ਜੋ ਨਰ ਖੋਜ ਤੁਰੰਗਮ ਦੇਹਿ-।'
ਸੁਨਿ ਬਿਧੀਆ ਬਹੁ ਭਾਂਤਿ ਬਿਚਾਰੈ।
-ਕੌਨ ਦਾਵ ਤੇ ਦੁਤੀ ਨਿਕਾਰੈਂ ॥੧੦॥
ਪੂਰਬ ਸਮ ਅਬਿ ਰਹਜੋ ਨ ਜਾਈ।
ਕਿਮ ਗਮਨੌਂ ਬਾਜ਼ੀ ਜਿਸ ਥਾਈਂ।
ਨਿਸ ਮੈਂ ਨਹੀਂ ਪ੍ਰਵੇਸ਼ਨਿ ਪਾਵੌਂ।
ਜਿਮ ਕਿਮ ਬਰੌਂ ਨ ਪੁਨ ਨਿਕਸਾਵੌਂ ॥੧੧॥
ਸਾਵਾਧਾਨ ਹੈਂ ਸੁਭਟ ਹਜ਼ਾਰੋਂ।
ਅਟਕਾਵਹਿਂ, ਕੇਤਿਕ ਤਬਿ ਮਾਰੋਂ[1]? [1]ਰੋਕਣਗੇ ਤਾਂ ਮੈਂ ਕਿੰਨ ਕੁ ਮਾਰਾਂਗਾ?
ਨਹੀਂ ਜਾਨ ਦੈ ਹੈਂ ਇਸ ਰੀਤਿ।
ਪਕਰੇ ਪਰਹਿ ਗਰੇ ਬਿੱਪ੍ਰੀਤ[1] ॥੧੨॥ [1](ਮੇਰੇ) ਫੜੇ ਗਿਆਂ ਉਲਟੀ (ਬਲਾ) ਗਲ ਪੈ ਜਾਏਗੀ।
ਸੋ ਬਲ ਮਤਿ ਉਪਾਇ ਹੁਇ ਰੂਰਾ[1]। [1]ਇਸ ਲਈ ਬੁੱਧੀ ਦਾ ਬਲ ਲਾਵਾਂ ਤਾਕਿ ਕੋਈ ਸੁਹਣਾਂ ਉਪਾਉ ਹੋ ਜਾਵੇ।
ਜਿਸ ਤੇ ਕਾਜ ਲੇਹਿਂ ਕਰਿ ਪੂਰਾ।
ਬਿਗਰ ਜਾਇ ਕਾਰਜ[1] ਮੈਂ ਮਰੋਂ। [1](ਕਿਉਂਕਿ) ਜੇ ਕੰਮ ਵਿਗੜ ਗਿਆ ਤਾਂ।
ਗੁਰ ਅਪਵਾਦ ਜਗਤ ਮੈਂ ਕਰੋਂ ॥੧੩॥
ਯਾਂ ਤੇ ਨੀਕੇ ਬਨੈ ਬਿਚਾਰਨ।
ਕਰੌਂ ਤੁਰੰਗ ਸੁਖੈਨ ਨਿਕਾਰਨਿ।
ਪਲਟੌਂ ਬੇਸ ਪਛਾਨੈਂ ਨਾਂਹੀ।
ਬੁਧਿ ਬਲ ਕਰਿ ਮਿਲਿ ਤੁਰਕਨ ਮਾਂਹੀ ॥੧੪॥

ਅਬਿ ਖੋਜੀ ਕੀ ਚਾਹਿ ਘਨੇਰੋ।
ਰੋਜ ਪੁਕਾਰਤਿ ਕਰਤੇ ਫੇਰੋ।
ਸੋ ਸਰੂਪ ਧਰਿ ਪਹੁੰਚੋਂ ਜਾਈ।
ਪਿਖੋਂ ਸ਼ਾਹੁ, ਹਯ ਕੋ ਨਿਕਸਾਈ ॥੧੫॥
ਇਮ ਨਿਸ਼ਚੈ ਕਰਿ ਸੁਪਤਜੋ ਰਾਤੀ।
ਸਤਿਗੁਰ ਸਿਮਰਤਿ ਜਾਗਜੋ ਪ੍ਰਾਤੀ।
ਸਲਿਤਾ ਕੂਲ ਦੂਰ ਹੀ ਜਾਇ।
ਸ਼ੌਚ ਸ਼ਨਾਨ ਕੀਨਿ ਮਨ ਭਾਇ ॥੧੬॥
ਢਰੇ ਦੁਪਹਿਰੇ ਪੁਰਿ ਕੇ ਮੁਰਜੋ।
ਦਾਵ ਆਪ ਕੋ ਨਿਸ਼ਚੈ ਕਰਜੋ।
ਖੱਤ੍ਰੀ ਸਿੱਖ ਬਹੋੜਾ ਨਾਮੂ।
ਕਰਹਿ ਬਜਾਜੀ ਕੋ ਬਹੁ ਕਾਮੂ ॥੧੭॥
ਤਿਸ ਕੇ ਸਦਨ ਪ੍ਰਵੇਸ਼ਜੋ ਜਾਇ।
ਦੇਖਤਿ ਉਠਜੋ ਭਾਉ ਅਧਿਕਾਇ।
ਕਰੀ ਪਰਸਪਰ ਬੰਦਨ ਦੋਊ।
ਰਿਦੈ ਅਨੰਦਤਿ ਖੱਤ੍ਰੀ ਸੋਊ ॥੧੮॥
'ਗੁਰੂ ਮੁਸਾਹਿਬ ਤੂੰ ਮਤਿ ਭਾਰਾ।
ਪਾਵਨ ਕੀਨੋ ਸਦਨ ਹਮਾਰਾ।'
ਰੁਚਿਰ ਪ੍ਰਯੰਕ ਡਸਾਵਨ ਕੀਨਾ।
ਤਹਿਂ ਬਿਠਾਇ ਬਹੁ ਆਦਰ ਦੀਨਾ ॥੧੯॥
ਦੰਪਤਿ ਮਿਲਿ ਕਰਿ ਪਾਇ ਪਖਾਰੇ।
ਸੋ ਜਲ ਸੀਸ ਬਦਨ ਮਹਿਂ ਡਾਰੇ।
ਸਕਲ ਸਦਨ ਕੋ ਸਿੰਚਨ ਕਰਿ ਕੈ[1]।
ਅਪਨੇ ਦੀਰਘ ਭਾਗ ਬਿਚਰਿ ਕੈ ॥੨੦॥
ਖਟ ਰਸ ਕੇ ਭੋਜਨ ਕਰਿਵਾਏ।
ਸਨਮਾਨਿਤ ਧਰਿ ਭਾਉ ਅਚਾਏ।
ਤ੍ਰਿਪਤਿ ਹੋਇ ਕਰਿ ਪਾਨ ਪਖਾਰੇ।
ਬਹੁਰ ਬਹੋੜਾ ਬਿਨੈ ਉਚਾਰੇ ॥੨੧॥
'ਮਮ ਲਾਇਕ ਜੋ ਸੇਵਾ ਹੋਇ।
ਫੁਰਮਾਵੋ ਸਭਿ ਕਰਿਹੌਂ ਸੋਇ।
ਗੁਰ ਸਮ ਤੁਮਰੀ ਟਹਿਲ ਪਛਾਨੋ।

[1]ਸਾਰੇ ਘਰ ਵਿਚ ਛਿੜਕ ਕੇ।

ਅਧਿਕ ਸ਼੍ਰੇਯ ਮੈਂ ਅਪਨੀ ਜਾਨੋਂ ॥੨੨॥
ਕਹਿਤਿ ਨ ਸੁਕਚਹੁ ਚਹੀਅਹਿ ਲੇਹੀ[1]। [1]ਆਖਦਿਆਂ ਸੰਗੋ ਨਾ, ਜੋ ਲੋੜ ਹੈ ਸੋ ਲਵੋ।
ਤੂੰ ਪੂਰਨ ਸਿਖ ਗੁਰੂ ਸਨੇਹੀ।'
ਬਿਧੀਚੰਦ ਪਿਖਿ ਭਾਉ ਬਖਾਨੀ।
'ਸ਼ੋਭ ਪੋਸ਼ਿਸ਼ ਇਕ ਹਿੰਦੁਸਤਾਨੀ ॥੨੩॥
ਸੋ ਬਨਿਵਾਇ ਦੇਹੁ ਅਬਿ ਮੋਹੀ।
ਇਹੀ ਸੇਵ ਸ਼ੁਭ ਲਾਇਕ ਤੋਹੀ।'
ਸੁਨਤਿ ਬੰਦਿ ਕਰ ਭਨਤਿ ਬਹੋਰਾ।
'ਮੈਂ ਬਨਿਵਾਇ ਦੇਉਂ ਹੁਇ ਭੋਰਾ[1]' ॥੨੪॥ [1]ਸਵੇਰੇ।
ਪਰਿ ਕੈ ਸੁਪਤੇ ਨਿਸਾ ਬਿਤਾਈ।
ਜਾਗੇ ਤਬਿ ਪ੍ਰਭਾਤਿ ਹੁਇ ਆਈ।
ਸਾਥ ਬਹੋੜੇ ਉਠਿ ਕਰਿ ਭਾਖਾ।
'ਅਸ ਪੋਸ਼ਿਸ਼ ਕੀ ਮੁਝ ਅਭਿਲਾਖਾ ॥੨੫॥
ਸੂਖਮ ਸੂਤ ਬਸਤ੍ਰ ਬਰ ਝੀਨੋ[1]। [1]ਬਰੀਕ।
ਤਿਸ ਕੇ ਕਰਹੁ ਪਿਰਾਹਨ[1] ਤੀਨੋ। [1]ਈਰਾਨੀ ਤਰੀਕੇ ਦਾ ਲੰਮਾਂ ਚੋਲਾ। [ਫਾ. ਪੈਰਾਹਨ]
ਏਕ ਬਡੋ ਜ਼ਾਨੂ ਤੇ ਤਰੇ[1]। [1]ਗੋਡਿਆਂ ਦੇ ਹੇਠ ਤਕ।
ਦੁਤੀਓ ਛੋਟਾ ਤਿਸਤੇ ਕਰੇ ॥੨੬॥
ਤਿਸਤੇ ਛੋਟਾ ਤੀਸਰ ਹੋਇ।
ਪਾਇਨ ਹੇਤੁ[1] ਪਜਾਮਾ ਜੋਇ। [1]ਭਾਵ ਤੇੜ ਪਹਿਨਣ ਲਈ।
ਗੁਲਫ ਲਗੇ ਹੋਵਹਿ ਬਡ ਚੌਰਾ[1]। [1]ਲੰਮਾਂ) ਗਿੱਟਿਆ ਤਕ ਹੋਵੇ ਤੇ ਬਹੁਤ ਚੌੜਾ।
ਘੇਰ ਦਾਰ ਦੀਖਹਿ ਜਿਮ ਗੌਰਾ ॥੨੭॥
ਸੁੰਦਰ ਤਿਹ ਇਜ਼ਾਰਬੰਦ[1] ਪਾਇ। [1]ਨਾਲਾ [ਫਾ. ਆਜ਼ਾਰਬੰਦ]
ਆਜ ਤਜਾਰ ਇਹੁ ਦਿਹੁ ਕਰਿਵਾਇ।
ਲਾਂਬੀ ਗਜਨ ਬਿਖੈ ਇਕ ਪਾਗ[1]। [1]ਗਜਾਂ ਵਿਚ ਲੰਮੀ ਪਗ।
ਜਿਸ ਕੇ ਛੋਰ[1] ਜ਼ਰੀ ਬਡ ਲਾਗ ॥੨੮॥ [1]ਪੱਲਿਆਂ ਨੂੰ।
ਪੀਛੇ ਹੀਨੋ, ਨੋਕ ਦਰਾਜ਼[1]। [1]ਅੱਡੀ ਤੋਂ ਬਿਨਾ ਲੰਮੀ ਨੋਕ ਵਾਲਾ।
ਜੋਰਾ ਜ਼ਰੀ ਜੁਗਤਿ[1] ਲਿਹੁ ਆਜ। [1]ਜੋੜਾ (= ਜੁੱਤੀ) ਜ਼ਰੀ ਵਾਲਾ।
ਰਹੇ ਜਾਮ ਦਿਨ ਮੈਂ ਤਬਿ ਆਊਂ।

ਸੌਚ ਸ਼ਨਾਨ ਕਰਨਿ ਅਬਿ ਜਾਊਂ'
॥੨੯॥
'ਆਛੀ ਬਾਤ' ਬਹੋਰੇ ਕਹੀ।
'ਬਨਹਿਂ ਤਯਾਰ ਕਿਮ ਬਿਲਮਹਿ ਨਹੀਂ।'
ਬਿਧੀਏ ਬਡੇ ਚਾਦਰੇ ਸੰਗ।
ਕਰੇ ਅਛਾਦਨ ਸਗਰੇ ਸੰਗ ॥੩੦॥
ਨਿਕਸ੍ਯੋ ਸਦਨ ਗਯੋ ਪੁਰਿ ਛੋਰਿ।
ਰਾਵੀ ਤੀਰ ਦੂਰ ਕਿਤ ਓਰ।
ਸੌਚ ਸ਼ਨਾਨ ਠਾਨਿ ਕਰਿ ਬਾਰੀ[1]।
ਗੁਰੂ ਗਿਰਾ ਜਪ ਆਦਿ ਉਚਾਰੀ ॥੩੧॥
ਤੀਨ ਪਹਿਰ ਪੁਨ ਵਹਿਰ ਬਿਤਾਇ।
ਸਦਨ ਬਹੋਰੇ ਪ੍ਰਵਿਸ਼ਜੋ ਆਇ।
ਮੰਚ ਬਸਾਇ ਸਹਿਤ ਸਨਮਾਨਾ।
ਤਯਾਰ ਅਹਾਰ ਕਰ੍ਯੋ ਰਸ ਨਾਨਾ ॥੩੨॥
ਹੁਤੀ ਬਹੋਰੇ ਕੀ ਤਬਿ ਤ੍ਰੀਆ।
ਭੋਜਨ ਸਭਿ ਅਚਿਵਾਵਨ ਕੀਆ।
ਸੰਧ੍ਯਾ ਲਗੋਂ ਤਯਾਰ ਕਰਿਵਾਇ।
ਸਭਿ ਪੋਸ਼ਿਸ਼ ਕੋ ਸ਼ੁਭ ਬਨਿਵਾਇ ॥੩੩॥
ਆਨਿ ਬਹੋਰੇ ਧਰੀ ਅਗਾਰੀ।
ਪਿਖਿ ਪ੍ਰਸੰਨ ਹ੍ਵੈ ਖੁਸ਼ੀ ਉਚਾਰੀ।
'ਸਿੱਖਨ ਕੀ ਸੇਵਾ ਸਿਖ ਕਰੈ।
ਨਿਜ ਤੇ ਵਧਿ ਗੁਰੁ ਲੇਖੇ ਧਰੈ ॥੩੪॥
-ਮੇਰੋ ਜਾਨਿ[1] ਮਾਨ ਇਨ ਕੀਨਿ-।
ਪਿਖਹਿਂ ਭਾਉ ਹੁਇਂ ਗੁਰੂ ਪ੍ਰਸੀਨ।
ਸੁੰਦਰ ਇਕ ਗੁੱਛਾ ਸੰਗਰੀਨ[1]।
ਦਿਹੁ ਘਰਿਵਾਇ ਲੁਹਾਰ ਪ੍ਰਬੀਨ ॥੩੫॥
ਪ੍ਰਾਤਿ ਭਏ ਮੁਝ ਪਾਸ ਪਠਾਵਹੁ।
ਅਪਰ ਭੇਵ ਨਹਿਂ ਕਿਸੂ ਸੁਨਾਵਹੁ।'
ਇਮ ਕਹਿ ਪੋਸ਼ਿਸ਼ ਲੀਨਿ ਬਿਸਾਲਾ।
ਤਿਮਰ ਭਏ ਆਯੋ ਧ੍ਰਮਸਾਲਾ ॥੩੬॥
ਸੁਪਤ ਹੋਇ ਕਰਿ ਨਿਸਾ ਬਿਤਾਈ।
ਸੌਚ ਸ਼ਨਾਨ ਕੀਨਿ ਸਹਿਸਾਈ।

[1]ਜਲ ਵਿਚ।

[1]ਮੇਰਾ (ਸਿਖ) ਜਾਣਕੇ।

[1]ਇਕ ਸੁਹਣਾ ਸੰਗਲੀਆਂ ਦਾ ਗੁੱਛਾ।

ਆਨ ਆਪਨਾ ਭੇਸ ਬਨਾਯਹੁ।
ਚਾਰੁ ਚਿਕਰ ਚੋਪਰ ਚਮਕਾਯਹੁ[1] ॥੩੭॥
[1]ਸੁਹਣੇ ਕੇਸ ਚੋਪੜ ਕੇ ਚਮਕਾ ਲਏ।

ਸਾਫ ਸ਼ਮਸ਼ ਕੇ ਕਰ ਬਿਚ ਚੀਰੇ[1]।
[1]ਸਾਫ ਕੀਤੀ ਦਾੜ੍ਹੀ ਨੂੰ ਵਿਚੋਂ ਚੀਰ ਕੇ।

ਦਿਸ਼ ਦੋਨਹੁਂ ਕਰਣੰਤਿ ਉਚੀਰੇ।
ਚਿਬੁਕ ਸਥਲ ਕੋ ਕਾਢਿ ਦਿਖਾਵਾ[1]।
[1]ਦੋਹਾਂ ਤਰਫਾਂ ਤੋਂ ਕੰਨਾਂ (ਤਕ) ਉੱਚੀ ਕੀਤੀ, ਕਿ ਵਿਚੋਂ ਠੋਡੀ ਦਿੱਸ ਪਏ।

ਜੁਗ ਮੂਛਨ ਕਰਿ ਊਚ ਮਿਲਾਵਾ ॥੩੮॥
ਪੂਰਬ ਪਹਿਰ ਪਿਰਾਹਨ ਨੀਵਾ।
ਬਹੁਰ ਦੂਸਰੋ ਪਹਿਰ ਊਚੀਵਾ।
ਅਲਪ ਸਭਿਨਿ ਕੇ ਊਪਰਿ ਪਾਇ।
ਉਤਰੋਤਰ[1] ਤਬਿ ਤੀਨ ਬਨਾਇ ॥੩੯॥
[1]ਉੱਤੋੜੁੱਤੀ।

ਚੌਰੀ ਤਰ੍ਹਾਂ ਬੰਧਿ ਦਸਤਾਰ।
ਸਿਪਰ ਸਮਾਨ ਸੁ ਕੀਨਿ ਅਕਾਰ।
ਪਾਇਨ ਪਰਮ ਪਜਾਮਾ[†] ਪਾਯੋ[1]।
[1]ਲੰਮਾਂ ਪਜਾਮਾ ਤੇੜ ਪਾਯਾ। [†]ਪਾ:-ਪਰ ਪੈਜਾਮਾ। ਪਰ ਸੁ ਪਜਾਮਾ।

ਬੰਧ ਇਜ਼ਾਰਬੰਦ ਦਿਖਰਾਯੋ[1] ॥੪੦॥
[1]ਨਾਲਾ (ਇਉਂ) ਬੱਧਾ ਕਿ ਹੇਠ ਲਮਕਦਾ ਨਜ਼ਰ ਪਿਆ ਪਾਵੇ।

ਜੋਰਾ ਨੋਕਦਾਰ ਪਗ ਪਹਿਰਾ।
ਹਿੰਦੁਸਤਾਨੀ ਬਨਿ ਕੈ ਗਹਿਰਾ।
ਬੈਠਯੋ ਹੁਤੋ ਸੰਗਰੀ[1] ਆਈ।
[1]ਸੰਗਲੀ।

ਲੇ ਕਰ ਬਿਖੈ, ਅੱਗ੍ਰ ਲਟਕਾਈ ॥੪੧॥
ਸਨੈ ਸਨੈ ਪਗ ਧਰਹਿ ਅਗਾਰੀ।
ਗਰੀ ਬਜ਼ਾਰਨ ਕੇਰਿ ਮਝਾਰੀ।
ਦ੍ਰਿਸ਼ਟਿ ਅਚੰਚਲ ਧੀਰਜ ਧਾਰੀ।
ਸੂਛਮ ਛਰੀ ਖਰੀ ਦੁਤਿਵਾਰੀ[†] ॥੪੨॥
[†]ਕਵੀ ਜੀ ਨੇ ਇਹ ਉਸ ਸਮੇਂ ਦੇ ਪੂਰਬੀਏ ਰਮਲੀਏ ਦਾ ਰੂਪ ਬੱਧਾ ਹੈ।

ਨਰਨ ਅਜਾਇਬ ਬੇਸ ਨਿਹਾਰਾ।
ਹੇਰਨ ਹੇਤੁ ਆਇਂ ਚਲਿ ਲਾਰਾ[1]।
[1]ਕਤਾਰਾਂ, ਭਾਵ ਬਹੁਤੇ।

'ਕੌਨ ਦੇਸ਼ ਦੇ ਇਹੁ ਚਲਿ ਆਯੋ?
ਆਗੇ ਪੁਰਿ ਮਹਿਂ ਨਹਿਂ ਦਰਸਾਯੋ' ॥੪੩॥
ਕੇਚਿਤ ਬੂਝਤਿ ਹੈਂ ਹੁਇ ਪਾਸ।
'ਕੌਨ ਨਾਮ ਅਰੁ ਕਹਾਂ ਨਿਵਾਸ?'

'ਸਾਹਿਬ ਲੋਕ ਦੂਰ ਹਮ ਦੇਸ਼।
ਗੁਨੀ ਮਹਾਂ ਗੁਨ ਧਰਹਿਂ ਵਿਸ਼ੇਸ਼' ॥੪੪॥
ਧੀਰਜ ਸਹਿਤ ਕਹਤਿ ਇਮ ਜਾਇ।
ਜਹਾਂ ਦੁਰਗ ਕੋ ਪੌਰ ਸੁਹਾਇ।
ਹੇਰਨ ਹੇਤੁ ਅਨਿਕ ਨਰ ਸੰਗ।
ਚਲਯੋ ਜਾਤਿ ਕਰਿ ਗ੍ਰੀਵ ਉਤੰਗ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਬਿਧੀ ਚੰਦ ਬੇਸ ਬਨਾਵਨ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥੩੪॥

੩੫. [ਭਾਈ ਬਿਧੀ ਚੰਦ ਦੀ ਦਰਬਾਰ ਵਿਚ ਪਹੁੰਚ]

੩੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੩੬

ਦੋਹਰਾ:

ਦੁਰਗ ਪੌਰ ਕੇ ਨਿਕਟਿ ਇਕ, ਕੰਧ ਉਚੇਰੀ ਥੋਰ।
ਤਿਸ ਪਰ ਚਢਿ ਬੈਠਜੋ ਸੁਮਤਿ, ਦਾਵ ਕਰਨ ਕੋ ਔਰ ॥੧॥

ਚੌਪਈ:

ਭਲੇ ਭਲੇ ਕੇਤਿਕ ਨਰ ਆਏ।
ਤਿਨ ਬੂਝਜੋ ਸਭਿ ਕਹਤਿ ਸੁਨਾਏ।
'ਖੋਜੀ, ਗਣਕ, ਗੁਣੀ ਬਡਿ ਮੈ ਹੌਂ।
ਗਈ ਵਸਤੁ ਕੋ ਸੋਧਿ ਬਤੈ ਹੌਂ' ॥੨॥
ਕੇਚਿਤ ਭਾਖਤਿ 'ਗਜੋ ਹਮਾਰੋ।
ਦਿਹੁ ਬਤਾਇ ਜੇ ਗਣਕ[1] ਉਚਾਰੋ।'
ਸੁਨਿ ਕਰਿ ਸੰਗਰੀ ਹਾਥ ਲਗਾਵੈ।
ਸੁੰਘਤਿ ਤਿਸ ਕੌਂ ਬਹੁਰ ਬਤਾਵੈ ॥੩॥
'ਬਡੇ ਉਪਾਇ ਕਰਹਿ ਧਨ ਪਾਯੋ[1]।
ਬਿਖਮ ਸਥਾਨ ਗਯੋ ਕਿਤ ਧਾਯੋ[1]।'
ਕਿਹ ਕੋ ਕੁਛ, ਕਿਹ ਕੋ ਕੁਛ ਕਹੈ।
ਸੁਨਿ ਸੁਨਿ ਲੋਕ ਅਚੰਭੌ ਲਹੈਂ ॥੪॥
ਹੇਰਨ ਵੇਸ਼ ਹੇਤੁ ਬਹੁ ਮਿਲੇ।
ਖਰੇ ਕਿਤਿਕ ਬਾਤਨਿ ਰਸ ਢਲੇ।
ਬੈਠਿ ਦਿਖਾਵਤਿ ਆਪਾ ਊਚੇ[1]।
ਲਗੈ ਬਿਲੋਕਨ ਤਹਿਂ ਜੁ ਪਹੂਚੇ ॥੫॥
ਚਾਰੁ ਮੁਕਰ[1] ਇਕ ਧਰਜੋ ਅਗਾਰੇ।
ਬਾਰ ਬਾਰ ਮੁਖ ਚਾਰੁ ਨਿਹਾਰੇ।
ਸ਼ਮਸ਼[1] ਸੁਧਾਰਹਿ ਊਚ ਚਢਾਇ।
ਪਕਰਹਿ ਸੰਗਰੀ ਹਾਥ ਕਦਾਇ ॥੬॥
ਦਾਸ ਦਰੋਗੇ ਕੋ ਇਕ ਆਯੋ।
ਭੀਰ ਹੇਰਿ ਲਖਿਬੇ ਬਿਰਮਾਯੋ।
ਗਯੋ ਨਿਕਟਿ ਬੂਝਜੋ 'ਇਹ ਕੌਨ?
ਬੇਸ ਅਜਾਇਬ, ਕਿਸ ਪੁਰਿ ਭੌਨ?'

[1]ਜੇ (ਆਪਣੇ ਆਪ ਨੂੰ) ਜੋਤਸ਼ੀ।
[1]ਉਪਾਇ ਕਰਕੇ ਧਨ ਪਾਇਆ ਸੀ।
[1]ਔਖੇ ਥਾਂ ਵਿਚ (ਲੈਕੇ) ਕੋਈ ਦੌੜ ਗਿਆ ਹੈ।
[1]ਉੱਚੇ ਬੈਠਕੇ ਆਪ ਨੂੰ ਦਿਖਾਂਵਦਾ ਹੈ।
[1]ਸ਼ੀਸ਼ਾ।
[1]ਦਾੜ੍ਹਾ।

॥੭॥
ਸੁਨਿ ਕੈ ਬੋਲਤਿ ਭਾ ਤਿਸ ਬੇਰਾ।
'ਖੋਜੀ ਗਣਕ ਨਾਮ ਹੈ ਮੇਰਾ।
ਦੂਰ ਦੇਸ਼ ਜੰਗਲ ਹਮ ਰਹੈਂ।
ਗੁਣ ਅਪਨੋ ਦਿਖਰਾਯੋ ਚਹੈਂ' ॥੮॥
ਸੁਨਿ ਕਰਿ ਦਾਸ ਅਚੰਭੋ ਭਯੋ।
ਬੋਲਨ ਬੇਸ[1], ਬੇਸ ਬਪੁ ਨਯੋ[2]।

[1]ਚੰਗਾ ਬੋਲਨਾ [ਫਾ. ਬੇਸ਼] (ਅ) ਬੋਲਨ ਦਾ ਢੰਗ। [2]ਅਤੇ ਸਰੀਰ ਦਾ ਭੇਸ ਬੀ ਨਵਾਂ ਹੈ।

'ਇਹ ਠਾਂ ਹਜ਼ਰਤ ਕੋ ਇਕ ਘੋਰਾ।
ਲੇ ਤਸਕਰ ਗਮਨਜੋ ਕਿਤ ਓਰਾ ॥੯॥
ਸਰਬ ਰੀਤਿ ਕੇ ਗੁਣੀ ਬੁਲਾਏ।
ਕਿਸਹੂੰ ਤੇ ਨਹਿਂ ਗਯੋ ਬਤਾਏ।
ਜੋ ਹੁਇ ਤੁਰੰਗ ਬਤਾਵਨ ਹਾਰ।
ਤਿਸ ਕੌਂ ਚਾਹਤਿ ਸ਼ਾਹੁ ਉਦਾਰ ॥੧੦॥
ਤੋ ਮਹਿਂ ਜੇ ਗੁਨ, ਦੇਹੁ ਬਤਾਇ।
ਕਰਹਿਂ ਸ਼ਾਹੁ ਕੋ ਸੁਧਿ ਹਮ ਜਾਇ।'
ਕਹਤਿ ਭਯੋ 'ਜੇ ਖੋਜੀ ਬ੍ਰਿੰਦ।
ਨਹਿਂ ਮੁਹਿ ਜਾਨਹੁ ਤਿਨ ਮਾਨਿੰਦ ॥੧੧॥
ਮੈਂ ਸੁਗੰਧਿ ਥਲ ਲੇਤਿ ਬਤਾਵੌਂ।
ਸੁਧਿ ਪਾਤਾਲ ਗਗਨ ਕੀ ਪਾਵੌਂ।
ਮਹਿ ਮਹਿਂ ਖੋਜਨ ਕਜਾ ਮੁਹਿ ਆਗੇ।
ਦੇਹੁਂ ਬਤਾਇ ਚੋਰ ਜਿਮ ਲਾਗੇ ॥੧੨॥
ਹਜ਼ਰਤ ਕੋ ਜਹਿਂ ਪਹੁਚਜੋ ਘੋਰਾ।
ਸਭਿ ਸੁਧਿ ਕਹੌਂ ਗਯੋ ਜਿਸ ਓਰਾ।
ਅਬਿ ਜਹਿਂ ਖਰੋ ਬਤਾਵੌਂ ਥਾਨ।
ਜਿਮ ਲੇ ਗਮਨਜੋ ਕਰੋਂ ਬਖਾਨ ॥੧੩॥
ਬਿਨ ਗੁਨ ਹੇਰੇ ਤਰਕ ਨ ਕਰੀਅਹਿ।
[1]ਬਡੇ ਬਡੇ ਨਰ ਜਗਤ ਬਿਚਰੀਅਹਿ।

[1]ਜਗਤ ਵਿਚ ਵੱਡੇ ਵੱਡੇ ਪੁਰਖ ਹਨ, ਵਿਚਾਰ ਲਓ, ਪ੍ਰਿਥਵੀ ਵਿਚ ਸਭ ਤਰ੍ਹਾਂ ਦੇ (ਗੁਣੀਆਂ ਰੂਪੀ) ਰਤਨ ਹਨ, ਪਰ ਖੋਜਿਆਂ ਮਿਲਦੇ ਹੈਨ ਭਾਂਤ ਭਾਂਤ ਦੇ ਗੁਣੀ।

ਮਹਿ ਮਹਿਂ ਰਤਨ ਅਹੈਂ ਸਭਿ ਬਿਧਿ ਕੇ।
ਖੋਜੇ ਪਾਵਹਿ ਗੁਨੀ ਬਿਬਿਧਿ ਕੇ ॥੧੪॥
ਲਜਾਇ ਸੁ ਦੇਨੋ ਹਮ ਬਸਿ ਨਾਂਹਿ।

ਕਰੌਂ ਬਤਾਵਨ ਜਿਸ ਥਲ ਮਾਂਹਿ।
ਨਿਜ ਬਲ ਤੇ ਹਜ਼ਰਤ ਹਯ ਲੇਹਿ।
ਹਮ ਕੋ ਦੋਸ਼ ਨਹੀਂ ਪੁਨ ਦੇਹਿ' ॥੧੫॥
ਸੁਨਿ ਕੈ ਸੇਵਕ ਨਿਸ਼ਚੈ ਜਾਨਜੋ।
ਜਾਇ ਦਰੋਗੇ ਨਿਕਟਿ ਬਖਾਨਜੋ।
'ਸੁਨਹੁ ਖਾਨ ਜੀ! ਖੋਜੀ ਭਲੋ।
ਤੁਮ ਖੋਜਤਿ ਸੋ ਅਬਿ ਹੈ ਮਿਲੋ ॥੧੬॥
ਦੂਰ ਦੇਸ਼ ਕੋ ਸੋ ਦਿਸ ਆਵੈ।
ਗੁਨ ਖੋਜਨਿ ਕੋ ਅਧਿਕ ਬਤਾਵੈ।
ਕਹੈ -ਸੁਗੰਧਿ ਸੁ ਲੇਯ ਬਤਾਊਂ।
ਜਹਾਂ ਖਰੋ ਹਯ ਥਾਨ ਜਨਾਊਂ-' ॥੧੭॥
ਸੁਨਤਿ ਦਰੋਗਾ ਹਰਖਤਿ ਗਯੋ।
ਹਜ਼ਰਤ ਨਿਕਟਿ ਬਤਾਵਤਿ ਭਯੋ।
'ਟੋਰਨਿ ਖੋਜੀ ਕੋ ਤੁਮ ਕਹਜੋ।
ਏਕ ਅਚਾਨਕ ਹੀ ਅਬਿ ਲਹਜੋ ॥੧੮॥
ਭਾਖਤਿ -ਜਹਾਂ ਖਰੋ ਹੁਇ ਘੋਰਾ।
ਕਰੋਂ ਬਤਾਵਨਿ ਸੋ ਅਬਿ ਠੌਰਾ-।'
ਹਰਖ ਸ਼ਾਹੁ ਕਹਿ 'ਤਿਸਹਿ ਬੁਲਾਵਹੁ।
ਜਾਹੁ ਆਪ ਤੂੰ, ਅਬਿ ਹੀ ਲਜਾਵਹੁ'
॥੧੯॥
ਲੇ ਸੰਗ ਦਾਸ ਦਰੋਗਾ ਗਯੋ।
ਭੀਰ ਸਮੇਤ ਬਿਲੋਕਤਿ ਭਯੋ।
ਦੇਸ਼ ਦੂਰ ਕੋ ਹਿੰਦੁਸਤਾਨੀ।
ਨਿਕਟਿ ਹੋਇ ਕਰਿ ਖਾਨ ਬਖਾਨੀ
॥੨੦॥
'ਚਲਿ ਖੋਜੀ! ਤੁਝ ਸ਼ਾਹੁ ਬੁਲਾਵੈ।
ਖੋਜ ਤੁਰੰਗਮ ਕੋ ਨਿਕਸਾਵੈ।'
ਗੁਰ ਕੋ ਸਿਮਰਿ ਹਰਖ ਹੁਇ ਖਰਜੋ।
ਸੰਗ ਦਰੋਗੇ ਅੰਤਰ ਬਰਜੋ ॥੨੧॥
ਗਯੋ ਕਚਹਿਰੀ ਮਹਿਂ ਹੁਇ ਠਾਂਢੋ।
ਤਸਲੀਮਾਤ ਕਰੀ ਮਨ ਗਾਢੋ[1]।
ਗੁਰ ਮਾਯਾ ਸਭਿ ਕੀ ਮਤਿ ਮਾਰੀ।

[1]ਨਮਸਕਾਰ ਕੀਤੀ ਦ੍ਰਿੜ੍ਹ ਮਨ ਨਾਲ।

ਤਬਿ ਕੋਇ ਨ ਕਰਿ ਸਕੈ ਚਿਨਾਰੀ ॥੨੨॥
ਸਭਿ ਮਹਿਂ ਬਹੁ ਦਿਨ ਰਹਿ ਕਰਿ ਆਛੇ।
ਬੋਲਜੋ ਮਿਲਜੋ, ਲਯੋ ਹਯ ਗਾਛੇ[1]।
ਤਊ ਨ ਜਾਨ ਸਕਹਿਂ ਮਤਿ ਮੰਦੇ।
ਖਰੋ ਸਭਿਨਿ ਮਹਿਂ ਧੀਰ ਬਿਲੰਦੇ ॥੨੩॥
ਬੂਝਜੋ ਸ਼ਾਹੁ 'ਕਹਾਂ ਤੂੰ ਰਹੈਂ?
ਕੌਨ ਦੇਸ਼ ਤੇਰੋ? ਕਹੁ ਲਹੈਂ[1]।
ਕੋ ਗੁਨ ਤੋ ਮਹਿਂ, ਕਿਮ ਚਲਿ ਆਯੋ?
ਕੌਨ ਨਾਮ ਅਪਨੋ ਕਹਿਵਾਯੋ?' ॥੨੪॥
ਸੁਨਿ ਕਰਿ ਕਹਜੋ ਸਧੀਰਜ ਬੈਨ।
'ਜੰਗਲ ਦੇਸ਼ ਹਮਾਰੇ ਐਨ।
ਖੋਜੀ ਗਣਕ ਨਾਮ ਨਰ ਕਹਜੋ।
ਅਪਨੇ ਗੁਣ ਬਿਸਾਲ ਤੇ ਲਹਜੋ ॥੨੫॥
ਸ਼ਕੁਨ ਵਿਚਾਰੋਂ, ਖੋਜ ਬਤਾਵੌਂ।
ਕਰੌਂ ਗਣਕ, ਲੇ ਗੰਧਿ[1] ਜਨਾਵੌਂ।
ਇਸ ਕਾਰਨ ਆਗਵਨ ਹਮਾਰਾ।
-ਕਰਹਿਂ ਸ਼ਰੀਕ ਬੈਰ ਕੋ ਭਾਰਾ ॥੨੬॥
ਸੋ ਬਹੁਤੇ ਮੈਂ ਏਕਲ ਰਹਜੋ।
ਤਿਨ ਤੇ ਬਡੋ ਕਸ਼ਟ ਨਿਤ ਲਹਜੋ।
ਹੇਤ ਨਜਾਂਵ ਕੇ ਇਤ ਚਲਿ ਆਯੋ।
ਦੇਉਂ ਤਾਂਹਿ ਸੁਧਿ, ਹਯ ਜੁ ਗਵਾਯੋ' ॥੨੭॥
ਸੁਨਿ ਹਜ਼ਰਤ ਜਾਨਜੋ -ਨਰ ਭਲੇ।
ਇਸ ਤੇ ਖੋਜ ਤੁਰੰਗ ਕੋ ਮਿਲੇ-।
ਘਨੇ ਮੋਲ ਜੋ ਪੋਸ਼ਿਸ਼ ਲਈ।
ਤਤਛਿਨ ਮੁਦਿਤ ਬਖਸ਼ ਕਰਿ ਦਈ ॥੨੮॥
'ਦਰਬ ਦਿਵਾਵੌਂ ਹਿਤ ਮਿਹਮਾਨੀ[1]।
ਖੋਜਿ ਬਤਾਵਹੁ ਹਯ ਜਿਸ ਥਾਨੀ।
ਜਬਿ ਤੂੰ ਹਮ ਕੋ ਖੋਜ ਬਤਾਵੈਂ।

[1]ਸਭਨਾਂ ਵਿਚ ਕਈ ਦਿਨ ਚੰਗੀ ਤਰ੍ਹਾਂ ਰਹਿਕੇ ਮਿਲਿਆ ਬੋਲਿਆ ਸੀ (ਤੇ ਫੇਰ) ਘੋੜਾ ਲੈ ਕੇ ਚਲਿਆ ਗਿਆ ਸੀ।

[1]ਦੱਸ ਅਸੀਂ ਜਾਣੀਏਂ।

[1]ਮੁਸ਼ਕ ਲੈ ਕੇ।

[1]ਪ੍ਰਾਹੁਣਾਚਾਰੀ।

ਲਾਖਨਿ ਲਗਿ ਗਿਨਤੀ ਧਨ ਪਾਵੈਂ'
॥੨੯॥
ਸੁਨਿ ਬਿਧੀਏ ਕਰਿ ਸੰਗਰੀ ਡਾਰੀ।
ਧਰਾ ਹਾਥ ਧਰਿ ਸਿਰ ਤ੍ਰੈ ਬਾਰੀ[1]।
ਨਮੋ ਕਰਤਿ ਸਭਿ ਕੋ ਦਿਖਰਾਇ।
ਅਪਨੋ ਮੁਰਸ਼ਦ ਬਹੁਰ ਮਨਾਇ ॥੩੦॥
ਸੰਗ ਅੰਗੁਸ਼ਠ ਅੰਗੁਰਿਨਿ ਪੋਰੀ[1]।
ਗਿਨਿ ਗਿਨਿ ਦਿਖਰਾਵਤਿ ਸਭਿ ਓਰੀ।
ਇਤ ਉਤ ਊਚ ਰੁ ਨੀਚੇ ਦੇਖੈ।
ਨਰਨਿ ਜਨਾਵਤਿ ਸ਼ਕੁਨ ਪਰੇਖੈ[1] ॥੩੧॥
ਕਿਤਿਕ ਬਾਰ ਲਗਿ ਰਹਜੋ ਬਿਚਾਰਤਿ।
ਸ਼ਾਹੁ ਸਹਿਤ ਸਭਿ ਇਸੇ ਨਿਹਾਰਤਿ।
ਕਹਨਿ ਲਗਜੋ 'ਹਜ਼ਰਤ ! ਜਹਿਂ ਘੋਰਾ।
ਮੈਂ ਸਭਿ ਜਾਨਿ ਲੀਨਿ ਜਿਸ ਠੌਰਾ
॥੩੨॥
ਜਿਸ ਥਲ ਹਰਜੋ ਗਯੋ ਲੇ ਜੈਸੇ।
ਚਹੌਂ ਪਿਖਿਨਿ ਇਸ ਬਾਰੀ ਤੈਸੇ।
ਪੁਨ ਮੈਂ ਨੀਕੇ ਦੇਉਂ ਬਤਾਇ।
ਤਸਕਰ ਕੋ ਕਹਿ ਨਾਮ ਸੁਨਾਇ ॥੩੩॥
ਜਿਮ ਨਿਕਸਜੋ ਹਯ, ਕਹਿਬੇ ਕਰੌਂ।
ਇਤੀ ਸ਼ਕਤਿ ਅਪਨੇ ਮਹਿਂ ਧਰੌਂ।
ਤਹਿਂ ਤੇ ਲੇਨੋ ਬਸੀ ਤੁਮਾਰੇ।
ਬਲ ਕਰਿ ਲਰੋ ਕਿ ਲੇਹੁ ਸੁਖਾਰੇ'
॥੩੪॥
ਸੁਨਤਿ ਸ਼ਾਹੁ ਮਨ ਮਾਨਿ ਅਚੰਭਾ।
ਗੁਰ ਮਾਯਾ ਕਰਿ ਲਖਹਿਂ ਨ ਦੰਭਾ[1]।
'ਜੇ ਕਰਿ ਤੁਰੰਗ ਬਤਾਵੈਂ ਮੋਹੀ।
ਮਨਸਬਦਾਰ ਕਰੌਂ ਢਿਗ ਤੋਹੀ[1] ॥੩੫॥
ਚਾਰ ਲਾਖ ਤੁਵ ਗੁਨ ਕੋ ਦੇਉਂ।
ਤੋਹਿ ਸ਼ਰੀਕ ਬਸੀ ਕਰਿ ਦੇਉਂ।
ਏਕ ਬਾਰ ਹਯ ਦੇਹੁ ਬਤਾਇ।
ਮੈਂ ਲੇਵੋਂ ਨਿਜ ਓਜ ਲਗਾਇ' ॥੩੬॥

[1]ਧਰਤੀ ਤੇ ਹੱਥ ਧਰ ਕੇ ਸਿਰ ਤ੍ਰੈ ਵਾਰੀ ਨਿਵਾਇਆ।
[1]ਉਂਗਲੀਆਂ ਦੀਆਂ ਗੰਢਾਂ।
[1]ਸ਼ਗੁਨ ਪਰਖਦਾ ਹੈ।
[1]ਬਨਾਵਟ ਨੂੰ।
[1]ਆਪਣੇ) ਪਾਸ ਤੈਨੂੰ।

ਕਹਿ ਬਿਧੀਆ 'ਤੁਮ ਬਲੀ ਬਡੇਰੇ।
ਕਾਗਦ ਪਰ ਲਿਖਿ ਦਿਹੁ ਇਸ ਬੇਰੇ।
ਕਹਹਿ ਕਚਹਿਰੀ ਸਭਿ ਕਰ ਜੋਰੇ।
-ਬਿਛੁਰੇ ਮਿਲਹਿਂ ਉਭੈ ਅਬਿ ਘੋਰੇ-
॥੩੭॥
ਬਹੁਤਨਿ ਕੀ ਭਾਖਾ ਫੁਰਿ ਜਾਇ।
ਸਾਹਿਬ ਬੀਚ ਨਰਨਿ ਸਮੁਦਾਇ[1]।
-ਹਾਸਲ ਹੁਇ ਮੁਰਾਦ ਉਰ ਮੋਰੀ-।
ਬਿਨੈ ਸੁ ਕਰਿ ਖੁਦਾਇ ਕੀ ਓਰੀ'
॥੩੮॥

[1]ਬਹੁਤ ਪੁਰਸ਼ਾਂ ਵਿਚ ਪਰਮੇਸ਼ੁਰ ਹੁੰਦਾ ਹੈ।

ਸੁਨਿ ਖੁਸ਼ਾਮਤੀ ਨਰ ਜੇ ਨੇਰੇ।
ਹਾਥ ਜੋਰਿ ਭਾਖਜੋ ਤਿਸ ਬੇਰੇ।
ਲਿਖਿ ਦੀਨਸਿ ਕਾਗਦ ਪਰ ਸ਼ਾਹੂ।
ਚਾਹਤਿ ਮੂਢ -ਆਇ ਅਸੁ[1] ਪਾਹੂ-
॥੩੯॥

[1]ਘੋੜਾ।

'ਅਬਿ ਤੁਰੰਗ ਕੋ ਖੋਜ ਨਿਕਾਰੋ।
ਸਭਿ ਮਾਨੀ ਹਮ, ਜਥਾ ਉਚਾਰੋ।'
ਬਿਧੀਆ ਕਹੈ 'ਚਲਹੁ ਤਿਸ ਥਾਨ।
ਜਹਿਂ ਤੇ ਚੋਰਜੋ[1] ਤੁਰੰਗ ਮਹਾਨ ॥੪੦॥

[1]ਚੋਰੀ ਹੋਇਆ।

ਤਹਾਂ ਸੰਗਰੀ ਡਾਰਿ ਨਿਹਾਰੋਂ।
ਰਮਣ ਗਣਕ ਅਰੁ ਸ਼ਕੁਨ ਬਿਚਾਰੋਂ।
ਜਹਿਂ ਘੋਰਾ ਸੋ ਪੁਰੀ ਬਤਾਵੌਂ।
ਤਸਕਰ ਕੋ ਲੇ ਨਾਮ ਸੁਨਾਵੌਂ ॥੪੧॥
ਹਮ ਗੁਰ ਸਿੱਖ ਨ ਬੋਲਹਿਂ ਕੂਰ।
ਬਹੁਰ ਕਚਹਿਰੀ ਸ਼ਾਹੁ ਹਜੂਰ।'
ਸੁਨਿ ਕਰਿ ਸ਼ਾਹੁ ਤਹਾਂ ਕੋ ਚਾਲਾ।
ਜਿਸ ਥਲ ਖਰੋ ਤੁਰੰਗ ਬਿਸਾਲਾ ॥੪੨॥
ਸੰਗ ਦਰੋਗਾ ਅਪਨੇ ਲੀਨਿ।
ਬਹੁਤ ਲੋਕ ਕੋ ਬਰਜਨ ਕੀਨਿ।
ਥੋਰਨਿ ਸਾਥ ਸ਼ਾਹੁ ਚਲਿ ਗਯੋ।
ਹਯਨਿ ਤਬੇਲੇ ਮਹਿਂ ਪ੍ਰਵਿਸ਼ਯੋ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਹਯ ਖੋਜਨ ਬਿਧੀ ਚੰਦ ਬੇਸ ਧਾਰਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

੩੬. [ਦੂਜਾ ਘੋੜਾ ਲੈਕੇ ਟੁਰਨਾ]

੩੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੭

ਦੋਹਰਾ:
ਹਯਨਿ ਸਥਾਨ ਪ੍ਰਵੇਸ਼ਿਓ,
ਕਹਿ ਬਿਧੀਏ ਕੇ ਸੰਗ।
'ਇਸ ਘਰ ਮਹਿਂ ਤੇ ਲੈ ਗਯੋ,
ਤਸਕਰ ਬਲੀ ਤੁਰੰਗ ॥੧॥
ਚੌਪਈ:
ਨਿਜ ਬਿੱਦਯਾ ਇਤ ਦੇਖਿ ਬਿਚਾਰੋ।
ਜਹਾਂ ਗਯੋ ਅਬਿ ਨਾਮ ਉਚਾਰੋ।'
ਸੁਨਿ ਬਿਧੀਆ ਇਤ ਉਤ ਮਹਿਂ ਫਿਰਜੋ।
ਸਦਨ ਕੋਨ ਕੋ[1] ਸੂੰਘਨ ਕਰਜੋ ॥੨॥
ਖੁਲਜੋ ਤੁਰੰਗ ਸੋ ਸੂੰਘਜੋ ਥਾਨ।
ਐਂਠਤਿ ਨਾਕ[1] ਬਿਲੋਕਿ ਸੁਜਾਨ।
ਸੂੰਘੀ ਸਭਿ ਦਿਵਾਰ ਫਿਰ ਕਰਿ ਕੈ।
ਡਾਰਿ ਸੰਗਰੀ ਧਰਨੀ ਧਰਿ ਕੈ ॥੩॥
ਬਾਰ ਬਾਰ ਪੋਰੀ ਅੰਗੁਰੀਨ।
ਧਰਿ ਅੰਗੁਸ਼ਟ ਸੁ ਗਿਨਨਾ ਕੀਨ।
ਕਿਤਿਕ ਦੇਰ ਮਹਿਂ ਊਚੇ ਕਹਜੋ।
'ਲਿਯੋ ਖੋਜ ਪਰ ਸੰਸੈ ਰਹਜੋ ॥੪॥
ਜ਼ੀਨ ਤੁਰੰਗਮ ਪਾਇ ਨਿਕਾਰਾ।
ਕਿਧੌਂ ਉਲਾਣਾ ਲੀਨਿ ਸਿਧਾਰਾ?
ਅਰੁ ਕਿਸ ਕਾਲ ਹਰਯੋ? ਸੁ ਬਤਾਵੋ।
ਇਹੁ ਸੁਧਿ ਦੇ ਹਯ ਕੀ ਸੁਧਿ ਪਾਵੋ'
॥੫॥
ਕਹਜੋ ਸ਼ਾਹੁ 'ਨਿਸ ਅਰਧ ਮਝਾਰਾ।
ਪਾਇ ਜ਼ੀਨ ਕੋ ਤੁਰੰਗ ਨਿਕਾਰਾ।
ਫਿਰਜੋ ਅਜਰ ਮਹਿਂ ਖੋਜ ਨਿਹਾਰਾ।
ਵਹਿਰ ਨ ਹੇਰਜੋ ਕਹਾਂ ਸਿਧਾਰਾ' ॥੬॥
ਦੋਹਰਾ:
'ਸੁਨਹੁ ਸ਼ਾਹੁ ਇਸ ਹੇਤੁ ਤੇ,
ਖੋਜ ਨਹੀਂ ਮੁਝ ਪਾਇ।

[1]ਮਕਾਨ ਦੀਆਂ ਨੁੱਕਰਾਂ ਨੂੰ।
[1]ਨੱਕ ਵੱਟਕੇ।

ਜੇ ਹੋਤੋ ਬਿਨ ਜ਼ੀਨ ਤੇ,
ਤਾਤਕਾਲ ਸੁਧਿ ਆਇ ॥੭॥
ਚੌਪਈ:
ਅਬਿ ਉਪਾਇ ਇਕ ਇਮ ਕਰਿ ਲੈਹੌਂ।
ਦੁਤੀਏ ਹਯ ਪਰ ਜ਼ੀਨ ਪਵੈ ਹੌਂ।
ਕਵਿਕਾ ਮੁਖ ਦੈ ਤਯਾਰ ਕਰੀਜੈ।
ਜਬਿ ਲਗਿ ਹਯ ਕੋ ਖੋਜ ਨ ਲੀਜੈ ॥੮॥
ਅਰਧ ਨਿਸਾ ਲੌਂ ਅਬਹਿ ਬਿਚਾਰੋਂ।
ਉਠੌਂ ਤਬਹਿ, ਜਬਿ ਖੋਜ ਨਿਕਾਰੌਂ।
ਸ਼ੁਭ ਗੁਨ ਕੀ ਕੀਮਤਿ ਹੁਇ ਤੁਮ ਤੇ।
ਲੇਹੁ ਤੁਰੰਗਮ ਕੀ ਸੁਧਿ ਹਮ ਤੇ' ॥੯॥
ਹਜ਼ਰਤ ਨੇ ਕਹਿ ਜ਼ੀਨ ਪਵਾਯੋ।
ਕਵਿਕਾ ਦੇ ਕਰਿ ਤਯਾਰ ਕਰਾਯੋ।
'ਸੁਨਿ ਖੋਜੀ ! ਤੈਂ ਬਿਲਮ ਬਤਾਇ[1]। — [1]ਤੂੰ ਬੜੀ) ਡੇਰ ਦੱਸੀ ਹੇ।
ਅਰਧ ਨਿਸਾ ਜਿਸ ਕਾਲ ਬਿਤਾਇ[1] ॥੧੦॥ — [1]ਬੀਤੇਗੀ।
ਨਿਸ ਕੇ ਸਮ ਜੇ ਦਿਵਸ ਬਿਤਾਵੈਂ।
ਸਵਾ ਲਾਖ ਬਖ਼ਸ਼ਿਸ਼ ਵਧ ਪਾਵੈਂ।
ਤਸਕਰ ਕੋ ਇਕ ਵਾਰ ਬਤਾਵੋ।
ਥਾਨ ਬਿਖਮ ਤੇ ਬਿਖਮ ਜਨਾਵੋ[1] ॥੧੧॥ — [1]ਥਾਂ ਭਾਵੇਂ ਔਖੀ ਤੋਂ ਔਖੀ ਦੱਸੋ।
ਬਹੁਰ ਨ ਮੈਂ ਕੈਸੇ ਬਿਲਮਾਊਂ।
ਪਠੌਂ ਬਾਹਨੀ ਤੁਰਤ ਮੰਗਾਊਂ।'
ਬਿਧੀਆ ਕਹੈ 'ਸ਼ੀਘ੍ਰਤਾ ਐਸੇ[1]। — [1]ਛੇਤੀ ਐਉਂ (ਹੋ ਸਕਦੀ ਹੈ)।
ਪੁਰਿ ਜਨਿ ਸਭਿ ਟਿਕਾਇ ਨਿਸ ਜੈਸੇ ॥੧੨॥
ਨਿਜ ਨਿਜ ਘਰ ਬਰ ਮਾਰਹਿਂ ਤਾਰੇ[1]। — [1]ਜੰਦਰੇ।
ਕੋਟ ਦੁਰਗ ਦਰ[1] ਭੇੜਹੁ ਸਾਰੇ।' — [1]ਫਸੀਲ ਦੇ ਦਰਵਾਜ਼ੇ।
ਸੁਨਤਿ ਸ਼ਾਹੁ ਚਿਤ ਚੌਂਪ ਘਨੇਰੀ।
ਕਹਯੋ ਜਥਾ ਨਰ ਪਠਿ ਤਿਸ ਬੇਰੀ ॥੧੩॥
ਗਰੀ ਗਰੀ ਅਰੁ ਸਗਰੇ ਪੌਰ।
ਆਦਿ ਦੁਰਗ ਜੇਤੀ ਸਭਿ ਠੌਰ।

'ਵਹਿਰ ਨ ਨਿਕਸਹਿ ਪੁਰਿ ਤੇ ਕੋਇ।
ਨਿਜ ਨਿਜ ਘਰ ਮੈਂ ਥਿਰ ਕੈ ਸੋਇ'
॥੧੪॥
ਤਤਛਿਨ ਫਿਰੇ ਕਹਤਿ ਪੁਰਿ ਸਾਰੇ।
'ਸ਼ਾਹੁ ਤੁਰੰਗ ਕੋ ਖੋਜ ਨਿਕਾਰੇ।'
ਪੁਰਿ ਕੇ ਪੌਰ ਜਾਇ ਕਰਿ ਸਾਰੇ।
ਕਰੇ ਕਿਵਾਰ ਅਸੰਜਤਿ ਭਾਰੇ ॥੧੫॥
ਕੁਲਫਨਿ ਮਾਰਿ ਸੁ ਲੀਨਿ ਕਲੀਦ।
ਸਭਿ ਕੀ ਲੀਨੀ ਸਾਹੁ ਰਸੀਦ।
ਪਿਖਿ ਬਿਧੀਏ ਤਬਿ ਗਿਰਾ ਉਚਾਰੀ।
'ਹਜ਼ਰਤ! ਦਿਹੁ ਕਲੀਦ ਮੁਝ ਸਾਰੀ
॥੧੬॥
ਹਯ ਕੇ ਹੇਰਤਿ ਜਹਾਂ ਤੁਮ ਸੋਵਹੁ[1]।
ਸੁਖ ਸੋਂ ਜਾਇ ਤਹਾਂ ਥਿਰ ਹੋਵਹੁ।
ਅਬਿ ਮੈਂ ਲਾਗੋਂ ਕਰਨ ਬਿਚਾਰ।
ਖੋਜਿ ਪਾਇ ਤਬਿ ਕਹੋਂ ਪੁਕਾਰ ॥੧੭॥
ਕੋ ਲਾਗਜੋ ਬਡ ਚੋਰ ਹਠੀਲਾ।
ਖੋਜਤਿ ਖੋਜ ਲਾਗਤੀ ਢੀਲਾ।
ਮੁਰਸ਼ਦ ਪੂਰਾ ਤਸਕਰ ਕੇਰਾ।
ਤਿਸ ਤੇ ਤੁਮ ਭੀ ਖੋਜ ਨ ਹੇਰਾ ॥੧੮॥
ਸੋ ਮੁਰਸ਼ਦ ਹੀ ਅਬਿ ਬਿਲਮਾਵੈ।
ਪਰੇ ਨਿਸਾ ਕਾਰਜ ਬਨਿ ਜਾਵੈ।'
ਸੁਨਤਿ ਸ਼ਾਹੁ ਗਮਨਜੋ ਤਿਸ ਬਾਰੀ।
ਥਿਰਜੋ ਬੁਰਜ ਸੰਮਨ ਕੀ ਬਾਰੀ ॥੧੯॥
ਗੁਰ ਮਾਯਾ ਐਸੇ ਭਰਮਾਏ।
ਤਥਾ ਕਰਹਿਂ ਸਭਿ ਜਥਾ ਬਤਾਏ।
ਟਿਕਜੋ ਦਰੋਗਾ ਅਪਨ ਠਿਕਾਨੇ।
ਤਹਾਂ ਕੁਲਫ ਦੀਨਸਿ ਨਿਜ ਪਾਨੇ[1]
॥੨੦॥
ਪੁਰਿ ਕੋ ਪੌਰ ਦੁਰਗ ਕੋ ਪੌਰ।
ਕੁਲਫ ਦੀਏ ਇੱਤਜਾਦਿਕ ਔਰ।
ਬ੍ਰਿੰਦ ਕੋਲੀਦ ਬਿਧੀ ਚੰਦ ਲੀਨਿ।

[1]ਚੋਰੀ ਹੋਣ ਵੇਲੇ ਜਿੱਥੇ ਤੁਸੀਂ ਸੁੱਤੇ ਸੀ।

[1]ਤਿੱਥੇ ਆਪਣੇ ਹੱਥੀਂ (ਬਿਧੀ ਚੰਦ ਨੇ) ਜੰਦਰਾ ਲਾ ਦਿੱਤਾ।

ਪਾਇ ਜੇਬ ਮਹਿਂ ਸੁਮਤਿ ਪ੍ਰਬੀਨ ॥੨੧॥
ਭੌਨ ਭੌਨ ਮੈਂ ਸਭਿ ਨਰ ਮੌਨ।
ਸ਼ਾਹੁ ਤ੍ਰਾਸ ਨੇ ਕਹਹਿ ਨ ਕੌਨ।
'ਖੋਜ ਤੁਰੰਗਮ ਕੋ ਨਿਕਸਾਵੈ।'
ਇਮ ਲਖਿ ਥਿਰੇ, ਨ ਬਾਹਰ ਆਵੈਂ ॥੨੨॥
ਕਹਤਿ ਸੁਨਤਿ ਇਮ ਸੰਧਜਾ ਪਈ[†]। [†]ਪਾ:-ਪਾਈ।
ਬੋਲਜੋ ਸ਼ਾਹੁ ਕੁਛਕ ਰਿਸ ਆਈ[†]। [†]ਪਾ:-ਆਈ।
'ਕਜੋਂ ਨਹਿਂ ਅਬਿ ਲੌ ਖੋਜ ਨਿਕਾਰਤਿ?
ਬਿਤੇ ਜਾਮ ਇਮ ਗਿਨਤਿ ਬਿਚਾਰਤਿ' ॥੨੩॥
ਬਿਧੀ ਚੰਦ ਤਬਿ ਬਾਕ ਬਖਾਨੋ।
'ਹਜ਼ਰਤ ਜੀ! ਅਬਿ ਦੇਰ ਨ ਜਾਨੋ।
ਮੋਹਿ ਰਿਦੈ ਸੁਧਿ ਸਭਿ ਹੁਇ ਆਈ।
ਤਸਕਰ ਨਾਮ ਨ ਜਾਨਜੋ ਜਾਈ ॥੨੪॥
ਜਬਿ ਲੌ ਨਾਮ ਨ ਜਾਇ ਬਖਾਨੋ।
ਤਬਿ ਲੌ ਨਿਜ ਬਿੱਦਜਾ ਲਘੁ ਜਾਨੌਂ।
ਜਿਸ ਬਿਧਿ ਗਯੋ ਅਹੈ ਜਹਿਂ ਘੋਰਾ।
ਜਾਨਿ ਲੀਨਿ ਮਨ ਮਾਨਜੋ ਮੋਰਾ ॥੨੫॥
ਕਠਨ ਅਹੈ ਇਹ ਗਿਨਤੀ ਕਾਮ।
ਤੁਮ ਕੀਜੈ ਸੁਖ ਸੰਗ ਅਰਾਮ।
ਚਾਰ ਘਰੀ ਕੈ ਜਾਮ ਬਿਤਾਊਂ।
ਨਾਮ ਠਾਮ ਤੁਮ ਪਾਸ ਬਤਾਊਂ' ॥੨੬॥
ਭਈ ਨਿਸਾ ਪਸਰਜੋ ਅੰਧਕਾਰਾ।
ਲਖਜੋ ਸ਼ਾਹੁ -ਇਹ ਖੋਜੀ ਭਾਰਾ।
ਜੇਕਰਿ ਥਾਨ ਰੁ ਨਾਮ ਬਤਾਵੈ।
ਤੌ ਮੇਰੋ ਹਯ ਕਹੂੰ ਨ ਜਾਵੈ ॥੨੭॥
ਅਪਨੋ ਕੋਪ ਨਿਕਾਰੌਂ ਸਾਰਾ।
ਕੈਸੋ ਹੋਹਿ ਪ੍ਰਾਨ ਦਿਹੁ ਮਾਰਾ-।
ਤੂਸ਼ਨ ਹੋਇ ਪ੍ਰਤੀਖਤਿ ਫੇਰ।
ਅਚਰਜ ਬਰਤਹਿ ਰਿਦੈ ਬਡੇਰ ॥੨੮॥
ਕਹਤਿ ਸੁਨਤਿ ਲਾਰਾ[1] ਇਮ ਦੇਤਿ। [1]ਗੱਲਾਂ ਨਾਲ ਹੀ ਆਸ ਲਾਈ ਜਾਣੀ।

ਹੋਤਿ ਭਯੋ ਸਭਿ ਰੀਤਿ ਸੁਚੇਤ।
ਰੇਸ਼ਮ ਡੋਰ ਬਧਯੋ ਸ਼ੁਭ ਘੋਰਾ।
ਗੰਠ ਛੋਰਿ ਤੁਰਨ ਬਡ ਜੋਰਾ ॥੨੯॥
ਖਸ਼ਟ ਗੁਰਨਿ ਕੇ ਨਾਮ ਪ੍ਰਕਾਸ਼।
ਹਾਥ ਜੋਰਿ ਕੀਨਸਿ ਅਰਦਾਸ।
'ਅਪਨਾ ਕਾਰਜ ਆਪਿ ਬਨਾਵਹੁ।
ਦਾਸ ਜਾਨਿ ਮੁਹਿ ਜਸੁ ਬਿਦਤਾਵਹੁ' ॥੩੦॥
ਇਮ ਕਹਿ ਧਰਨੀ ਪਰ ਸਿਰ ਧਰਯੋ।
ਬਹੁਰ ਪ੍ਰਣਾਮ ਤੁਰੰਗ ਪਗ ਕਰਯੋ।
ਚਰਣ ਰਕਾਬ[1] ਸਿਮਰਿ ਸਤਿਨਾਮ।
ਭਯੋ ਅਰੁਢਨਿ ਹਯ ਅਭਿਰਾਮ ॥੩੧॥
ਇਤ ਉਤ ਫੇਰਯੋ ਕੀਨਸਿ ਤੁੰਦ[2]।
ਉਠਿ ਪਾਇਨਿ ਤੇ ਸ਼ਬਦ ਬਿਲੰਦ।
ਸ਼ਾਹੁ ਜਹਾਂ ਸੁਨਿ ਉਚ ਉਚਾਰਾ।
'ਕੋ ਹਯ ਛੁਟਯੋ ਹੋਇ ਨਿਰਧਾਰਾ' ॥੩੨॥
ਬਿਧੀਏ ਕਹਯੋ 'ਨ ਛੁਟਯੋ ਆਪ।
ਮੈਂ ਖੋਲਯੋ ਬਲ ਗੁਰੂ ਪ੍ਰਤਾਪ।
ਤੋ ਸੰਗ ਬਚਨ ਕਹਯੋ ਮੈਂ ਜੋਈ।
ਅਬਿ ਮੈਂ ਕਰੋ ਸਾਚ ਸੁਨਿ ਸੋਈ ॥੩੩॥
ਖੋਜਿ ਨਿਕਾਸਿ ਦੇਨਿ ਹਯ ਕੇਰਾ।
ਥਾਨ ਬਤਾਵਨ ਕਾਰਜ ਮੇਰਾ।
ਸੋ ਮੈਂ ਕਹੋਂ ਦੋਸ਼ ਨਹਿਂ ਰਹੈ।
ਜਿਹ ਸੁਨਿਬੇ ਕੋ ਤੁਵ ਚਿਤ ਚਹੈ' ॥੩੪॥
ਹਰਖਯੋ ਸ਼ਾਹੁ ਖੋਜ ਜਨੁ ਪਾਯੋ।
ਕਹਿ ਸੋਂਧੇ ਕੋ ਊਚ ਸੁਨਾਯੋ।
'ਜਹਾਂ ਤੁਰੰਗਮ ਪੁਰਿ ਅਰੁ ਧਾਮ।
ਤਸਕਰ ਅਰੁ ਤਸਕਰ ਪਤਿ ਨਾਮ ॥੩੫॥
ਸੁਨਿ ਕਰਿ ਲਿਖਹੁ ਕਿ ਯਾਦ ਰਖੀਜੈ।

[1]ਰਕਾਬ ਵਿਚ ਪੈਰ (ਧਰਕੇ)।
[2]ਤਿੱਖ਼ਾ।

ਪ੍ਰਾਤਿ ਕਚਹਿਰੀ ਮਹਿਂ ਕਹਿ ਦੀਜੈ।'
ਬਿਧੀਆ ਕਹਿ 'ਸਭਿ ਹੂੰ ਸੁਨਿ ਲੀਜੈ।
ਬਿਸਰਨ ਹਾਰੋ ਨਹੀਂ ਜਨੀਜੈ ॥੩੬॥
ਬੰਦਨੀਯ ਸ਼੍ਰੀ ਹਰਿ ਗੋਬਿੰਦ।
ਜਸੁ ਬਿਲੰਦ ਜਿਨ ਚੰਦ ਮਨਿੰਦ।
ਪ੍ਰਥਮ ਤਿਨਹੁ ਕੋ ਹਯ ਬਲ ਪੀਨਾ।
ਤੈਂ ਦਲ ਬਲ ਤੇ ਛੀਨਿ ਸੁ ਲੀਨਾ ॥੩੭॥
ਸੋ ਪਲਟਾ ਸਤਿਗੁਰ ਅਬਿ ਕਿਯੋ।
ਪ੍ਰਥਮ ਤੁਰੰਗ ਬੁੱਧਿ ਕਰਿ ਲਯੋ।
ਮੈਂ ਗੁਰਦਾਸ[1] ਬਿਧੀ ਚੰਦ ਨਾਮੂ।
ਲੇ ਗਮਨਜੋ ਪੂਰਬ ਅਭਿਰਾਮੂ[1] ॥੩੮॥
ਹਯ ਦਿਲਬਾਗ ਰੁਦਨ ਬਹੁ ਕੀਨਾ।
ਖਾਨ ਪਾਨ ਰੁਖ਼ ਕਰਿ ਨਹਿਂ ਲੀਨਾ।
ਯਾਂ ਤੇ ਇਸ ਘੋਰੇ ਹਿਤ ਆਯੋ।
ਤਨ ਖੋਜੀ ਕਹੁ ਭੇਸ ਬਨਾਯੋ ॥੩੯॥
ਮੈਂ ਤਸਕਰ ਸਤਿਗੁਰ ਪਤਿ ਮੇਰਾ।
ਨਹਿਂ ਬਿਸਰਹੁ ਲਖਿ ਨਾਮ ਬਡੇਰਾ।
ਅਬਿ ਗੁਲਬਾਗ ਜ਼ੀਨ ਕੋ ਪਾਇ।
ਤੁਮ ਨੇ ਦੀਨਸਿ ਮਤਿ ਉਪਜਾਇ ॥੪੦॥
ਸਕਲ ਕਚਹਿਰੀ ਕੀ ਬੁਧਿ ਘਨੀ।
ਪਰਖਨਿ ਕੀਨਿ, ਪਿਖੀ ਅਰੁ ਸੁਨੀ।
ਜਿਸ ਪੁਰਿ ਬਾਜ਼ੀ ਅਹੈ ਉਚਾਰੋਂ।
ਕਹਿ ਸਭਿ ਅਪਨੋ ਦੋਸ਼ ਉਤਾਰੋਂ ॥੪੧॥
-ਭਾਈ ਰੂਪਾ- ਗ੍ਰਾਮ ਨਵੀਨ।
ਕਿਯ ਡੇਰਾ ਸਤਿਗੁਰੂ ਪ੍ਰਬੀਨ।
ਤਹਿਂ ਦਿਲਬਾਗ ਖਰੋ ਹਯ ਜਾਨਿ।
ਅਬਿ ਗੁਲਬਾਗ ਜਾਇ ਤਿਸ ਥਾਨ' ॥੪੨॥
ਸ਼ਾਹਜਹਾਂ ਰਿਸ ਕਰਿ ਕਹਿ ਊਚੋ।
'ਗਹਹੁ ਦਰੋਗ਼ਾ ! ਨਿਕਟਿ ਪਹੂੰਚੋ।
ਇਹੁ ਤਸਕਰ ਲੇ ਜਾਇ ਨ ਘੋਰਾ।

[1]ਗੁਰਾਂ ਦਾ ਦਾਸ।
[1]ਪਹਿਲਾ ਸੁਹਣਾ (ਘੋੜਾ)।

ਸੁਭਟ ਹਕਾਰਿ ਘੇਰਿ ਚਹੁੰ ਓਰਾ'
॥੪੩॥
ਸੋਂਧਾ ਕਹੈ 'ਕਲੀਦ ਨ ਪਾਏ।
ਸਰਬ ਪੌਰ ਕੇ ਕੁਲਫ ਲਗਾਏ।
ਸੁਭਟ ਸਹਿਤ ਮੈਂ ਪਹੁੰਚੋਂ ਕੈਸੇ।
ਪ੍ਰਥਮ ਕਰੇ ਇਨ ਕੈਦੀ ਜੈਸੇ ॥੪੪॥
ਰਸ ਰਨਿ ਸੋਂ ਜਨੁ[1] ਬੰਧਿ ਬਿਠਾਏ। [1]ਰੱਸਿਆਂ ਨਾਲ ਮਾਨੋਂ।
ਬਨਹਿਂ ਉਪਾਇ ਨ ਕੋ ਬਲਲਾਏ।'
ਖਿਝ ਕਰਿ ਹਜ਼ਰਤ ਗਾਰਿ ਨਿਕਾਰੈ।
'ਕੋ ਨਰ ਪਹੁੰਚਹੁ' ਊਚ ਪੁਕਾਰੈ ॥੪੫॥
ਸੁਨਿ ਬਿਧੀਏ ਪੁਨ ਊਚ ਬਖਾਨਾ।
'ਅਹੋ ਸ਼ਾਹੁ! ਕਜੋਂ ਕੁਪਤਿ† ਮਹਾਨਾ[1]? [1]ਕਿਉਂ ਐਡਾ ਗੁੱਸੇ ਹੁੰਦਾ ਹੈਂ?। †ਪਾ:-ਕੁਮਤਿ।
ਘੋਰੇ ਜਥਾ ਜੋਗ ਮੈਂ ਲੀਨੇ।
ਸਿਮਰੋ ਬਚ ਜੋ[1] ਤੁਮ ਕਹਿ ਦੀਨੇ ॥੪੬॥ [1]ਯਾਦ ਕਰ ਆਪਣੇ ਬਚਨਾਂ ਨੂੰ ਜੋ।
ਪ੍ਰਥਮ ਚਾਕਰੀ[1] ਮੇਰੀ ਰਹੀ। [1]ਨੌਕਰੀ।
ਬਖਸ਼ਿਸ਼ ਦਈ, ਨ ਸੋ ਮੈਂ ਲਹੀ।
ਖੋਜ ਦੇਨਿ ਕੇ ਚਾਰਹੁ ਲਾਖਾ।
ਰਹੇ ਇਹਾਂ, ਜੋ ਤੁਮ ਤਬਿ ਭਾਖਾ ॥੪੭॥
ਸਵਾਲਾਖ ਤੁਮ ਫੇਰ ਬਤਾਏ।
ਇਕ ਬਿਰਾਟਕਾ[1] ਮੋਹਿ ਨ ਪਾਏ। [1]ਕੌਡੀ।
ਲੀਨੇ ਮੋਲ ਸਮਾਨ ਕਿਕਾਨ।
ਜ਼ੀਨ ਸਮੇਤ† ਇਤੇ ਹੀ ਜਾਨਿ[1] ॥੪੮॥ [1]ਕਾਠੀਆਂ ਸਮੇਤ (ਮਸਾਂ) ਇਤਨੇ ਕੁ (ਮੁੱਲ) ਦੇ ਹੀ ਜਾਣ ਪੈਂਦੇ ਹਨ। †ਪਾ:-ਸਮਾਨ।
ਰਹੀ ਕੁਛਕੁ ਬਾਕੀ ਮਮ ਜੋਇ।
ਬਨਹੁ ਅਰਿਣੀ[1] ਪੁਚਾਵਹੁ ਸੋਇ। [1]ਕਰਜ਼ ਰਹਿਤ ਹੋਵੋ, ਭਾਵ ਅਦਾ ਕਰੋ।
ਨਤੁ ਲੇਖਾ ਮੇਰਾ ਅਰੁ ਤੇਰਾ।
ਹੁਇ ਦਰਗਾਹ ਬੀਚ ਬਡ ਝੇਰਾ ॥੪੯॥
ਜੇ ਅਬਿ ਚਹਹੁ ਰੋਕਿਬੇ ਮੋਹੀ।
ਧਨ ਕੋ ਦੇਨਿ ਮਤੋ ਨਹਿਂ ਤੋਹੀ।
ਮੈਂ ਗਮਨੌਂ ਨੀਕੇ ਕਰਿ ਕੂਰਾ।
ਸਦਾ ਸਹਾਇਕ ਸ਼੍ਰੀ ਗੁਰ ਪੂਰਾ ॥੫੦॥
ਇਹੁ ਕਲੀਦ ਸਭਿ ਹੈਂ ਮਮ ਤੀਰ।

ਗੇਰੌਂ ਸਰਿਤਾ ਨੀਰ ਗਹੀਰ।
ਕਰਹੁ ਸ਼ੀਘ੍ਰਤਾ ਘੇਰ ਪਾਵਨ।
ਪ੍ਰਥਮ ਤਾਰੀਅਨ ਕਰਿ ਨਿਕਸਾਵਨ'
॥੫੧॥
ਇਮ ਸਭਿ ਕਹਿ ਕੇ ਧੀਰਜ ਸਾਥ।
ਨ੍ਰਿਭੈ ਬੀਰ ਸਿਮਰਯੋ ਗੁਰ ਨਾਥ।
ਪੰਚਾਂਮ੍ਰਿਤ ਪੰਚਨ ਕੋ ਮਾਨਾ।
ਕੀਨਿ ਬੰਦਨਾ ਧਰਿ ਗੁਰ ਧਯਾਨਾ ॥੫੨॥
'ਅਬਿ ਮੈਂ ਜਾਉਂ, ਫੇਰ ਸੁਨਿ ਲੀਜੈ।
ਕਰਿਬੇ ਹੋਇ ਜਤਨ ਸੋ ਕੀਜੈ।
ਬਹੁਰ ਨ ਪਛੁਤਾਵਹੁ ਮਮ ਪਾਛੇ।
ਕਹਹੁ ਕਿ ਸੁਧਿ ਹੋਇ ਨਹਿਂ ਆਛੇ'
॥੫੩॥
ਹਾਥ ਗਹਯੋ ਗੁੱਛਾ ਗਨ ਤਾਰੀ।
ਕਹਿ ਕੈ ਊਚੈ ਇਕ ਦ੍ਵੈ ਬਾਰੀ।
ਡਾਰੀ ਸਰਿਤਾ ਨੀਰ ਗਹੀਰ[1]। [1]ਡੂੰਘੇ ਪਾਣੀ ਵਿਚ।
'ਤੁਮ ਖੁਜਵਾਇ ਲੇਹੁ ਧਰਿ ਧੀਰ'
॥੫੪॥
ਤਬਿ ਘੇਰੇ ਕਹੁ ਚਾਬੁਕ ਮਾਰਾ।
ਰਿਸ ਕਰਿ ਅਪਨੋ ਬਲ ਸੰਭਾਰਾ।
ਉਛਰਯੋ ਛਾਰ ਪਾਰਿ ਦੀਵਾਰ[1]। [1]ਛਾਲ ਮਾਰ ਕੇ ਕੰਧ ਦੇ ਪਾਰ ਹੋਇਆ।
ਪਰਯੋ ਜਾਇ ਵਿਚ ਦੀਰਘ ਬਾਰਿ ॥੫੫॥
ਹਯ ਅਰੂਢਬੇ ਬਿਖੈ ਪ੍ਰਬੀਨ।
ਬਿਧੀਏ ਭਲੇ ਸੰਭਾਰਨ ਕੀਨਿ।
ਏਕ ਬਾਰ ਭੀਗੇ ਸਭਿ ਅੰਗ।
ਪੁਨ ਜ਼ਾਨੁ ਲਗਿ ਨੀਰ ਤੁਰੰਗ ॥੫੬॥
ਬਹੁ ਬਲ ਤੇ ਪਹੁੰਚਯੋ ਜਲ ਪਾਰ।
ਰੋਕ ਬਾਗ ਕਰ ਗ੍ਰੀਵਾ ਧਾਰਿ।
ਦੀਨਿ ਦਿਲਾਸਾ ਭਲੇ ਟਿਕਾਯੋ।
ਚਾਬਕ ਤੇ ਰਿਸ ਕਰਿ ਚਪਲਾਯੋ ॥੫੭॥
ਸਨੇ ਸਨੇ ਕਰਿ ਪੰਥ ਚਲਾਯੋ।
ਨੀਠ ਨੀਠ ਕਰਿ ਸ਼ੁਭ ਗਤਿ ਪਾਯੋ[1]। [1]ਸੁਹਣੀ ਚਾਲੇ ਪਾਇਆ।

ਕਰਿ ਤਾਰਨ ਕੀ[1] ਸੇਧ ਪਯਾਨੋ।
ਚੀਨਤਿ ਚਿੰਨ੍ਹ ਜਾਤਿ ਸੁਖ ਠਾਨੋ ॥੫੮॥

[1]ਤਾਰਿਆਂ ਦੀ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਦੂਤੀ ਘੋਰਾ ਨਿਕਾਸਨ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

੩੭. [ਗੁਰੂ ਜੀ ਦੇ ਹਜ਼ੂਰ]

੩੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੮

ਦੋਹਰਾ:

ਲੇ ਗਮਨਜੋ ਪਿਖਿ ਪੰਥ ਕੋ,
ਹੋਵਤਿ ਰਿਦੈ ਅਨੰਦ।
ਗਾਵਤਿ ਸਤਿਗੁਰ ਕੇ ਸਬਦ,
ਉਮਗੇ ਪ੍ਰੇਮ ਬਿਲੰਦ ॥੧॥

ਸ੍ਰੀ ਮੁਖਵਾਕ:

ਆਸਾ ਮਹਲਾ ੫ ॥
ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥
ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥
ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥੨॥੭॥੧੨੯॥

ਚੌਪਈ:

ਇੱਤਜਾਦਿਕ ਗੁਰ ਸਬਦਨਿ ਗਾਵੈ।
ਊਚੀ ਧੁਨੀ ਪ੍ਰੇਮ ਉਮਗਾਵੈ।
ਗ੍ਰਾਮ ਨਗਰ ਜੋ ਮਗ ਮਹਿਂ ਆਵੈ।
ਵਹਿਰ ਵਹਿਰ ਬਿਨ ਤ੍ਰਾਸ ਸਿਧਾਵੈ ॥੨॥
ਧੀਰਜ ਦੇਤਿ ਚਲਾਵਤਿ ਘੋਰਾ।
ਜਿਸ ਤੇ ਸ਼੍ਰਮਤਿ ਹੋਹਿ ਤਨ ਤੋਰਾ।
ਮਜਲ ਪ੍ਰਥਮ ਕੀ ਚਲਨਿ ਬਿਸਾਲਾ।
ਰਹਜੋ ਬੰਦ[†] ਹਯ ਭਾ ਬਹੁ ਕਾਲਾ[1] ॥੩॥

[1]ਘੋੜੇ ਨੂੰ ਬੰਨ੍ਹਿਆਂ ਰਹਿਆਂ ਬਹੁਤ ਸਮਾਂ ਹੋ ਗਿਆ ਸੀ।
[†]ਪਾ:-ਜਾਉ ਬੰਦ।

ਮਹਾਂ ਚਤੁਰ ਸ਼ੁਭ ਬੁਧਿ ਉਪਜਾਵਤਿ।
ਆਛੀ ਰੀਤਿ ਚਲਜੋ ਮਗ ਜਾਵਤਿ।
ਸਰਿਤਾ ਜੁਗਲ ਏਕ ਥਲ ਬਹੈਂ।
ਪਹੁੰਚਜੋ ਤਹਾਂ ਨੀਰ ਬਡ ਅਹੈ ॥੪॥
ਲਖਿ ਸ਼ੁਭ ਘਾਟ ਉਤਾਰਜੋ ਘੋਰਾ।
ਚਰਨਨ ਕੋ ਜ਼ਾਨੂ ਲਗਿ ਬੋਰਾ।
ਤਰਿ ਕਰਿ ਪਾਰ ਭਯੋ ਸਭਿ ਬਾਰੀ[1]।
ਲਖਹਿ ਭੇਵ ਸਭਿ ਦੂਸਰ ਬਾਰੀ[1] ॥੫॥

[1]ਸਾਰਾ ਜਾਲ।
[1]ਕਿਉਂਕਿ) ਦੂਸਰੀ ਵਾਰੀ (ਆਇਆ ਹੈ) ਇਸ ਕਰਕੇ ਸਾਰਾ ਭੇਤ ਜਾਣਦਾ ਹੈ।

ਚਲਜੋ ਜਾਤਿ ਬਿਨ ਭੈ ਬੁਧਿਵਾਨ।

ਆਸਮਾਨ ਮਹਿਂ[1] ਜਥਾ ਬਿਮਾਨ।
ਪੀਠ ਤੁਰੰਗਮ ਕੋ ਆਨੰਦ।
ਮਨਹੁਂ ਸੁਰਗ ਸੁਖ ਲਹਯੋ ਬਿਲੰਦ ॥੬॥
ਬਿਨਾ ਡੋਲ ਬਲ ਤੇ ਕਲ ਚਾਲੇ[1]।
ਥੋਰੇ ਕਾਲ ਪਯਾਨ ਬਿਸਾਲੇ।
ਰੋਕਿ ਰੋਕਿ ਹਯ ਪੰਥ ਚਲਾਵੈ।
'ਸ਼੍ਰਮਤਿ ਨ ਹੋਇ' ਸਧੀਰਜ ਜਾਵੈ ॥੭॥
ਰਹਯੋ ਕਿਤਿਕ ਦਿਨ ਜਬਿਹੀ ਆਇ।
ਰੂਪਾ ਗ੍ਰਾਮ ਦ੍ਰਿਸ਼ਟਿ ਤਬਿ ਥਾਇਂ।
ਤੰਬੂ ਨਹੀਂ ਸੰਬੂਹ ਨਿਹਾਰੇ।
-ਕਿਤ ਗਮਨੇ ਗੁਰ- ਰਿਦੈ ਬਿਚਾਰੇ ॥੮॥
-ਕੂਚ ਕਰਯੋ ਇਹ ਥਲ ਤੇ ਕੈਸੇ?
ਕਾਰਨ ਕਵਨ ਰਹੇ ਨਹਿਂ ਤੈਸੇ-?
ਗ੍ਰਾਮ ਬਿਖੈ ਤੂਰਨ ਹੀ ਆਯੋ।
ਬੂਝਨ ਕੀਨੋ ਨਰ ਦ੍ਰਿਸ਼ਟਯੋ ॥੯॥
ਤਿਸ ਤਬਿ ਭਨਯੋ 'ਗੁਰੂ ਕੇ ਆਗੇ।
ਬਿਨਤੀ ਕੀਨੀ ਜੋਧ ਸਭਾਗੇ[1]।
ਕਾਂਗੜ ਪੁਰਿ ਨਿਜ ਘਰ ਲੈ ਗਯੋ।
ਇਸ ਹਿਤ ਡੇਰਾ ਗਮਨਤਿ ਭਯੋ' ॥੧੦॥
ਸੁਨਿ ਪ੍ਰਸੰਨ ਮਨ ਹ੍ਵੈ ਕਰਿ ਚਾਲਾ।
ਕਹਤਿ 'ਧੰਨ ਗੁਰ, ਧੰਨ ਬਿਸਾਲਾ।'
ਜੁਗ ਕੋਸਨ ਤੇ ਉਤਰਿ ਚਲਾਯੋ।
ਰੇਸ਼ਮ ਡੋਰਨਿ ਤੇ ਡੁਰਿਆਯੋ ॥੧੧॥
ਜਗ ਮਗ ਜ਼ੀਨ ਕਰੈ ਜਿਸ ਕੇਰਾ।
ਸਨੇ ਸਨੇ ਚਲਿ ਕਰਿ ਤਿਸ ਬੇਰਾ।
ਗੁਰ ਡੇਰੇ ਕਹੁ ਜਬਿ ਨਿਯਰਾਯੋ।
ਦੇਖਤਿ ਨਮੋ ਕੀਨਿ ਸਿਰ ਨਜਾਯੋ ॥੧੨॥
ਆਗੇ ਲਗਯੋ ਦਿਵਾਨ ਮਹਾਨੂ।
ਰਾਗ ਰੰਗ ਕਰਿ ਰਹੇ ਸੁਜਾਨੂ।
ਜੋਧ ਮਹੀਪ ਸਮੀਪ ਗੁਸਾਈਂ।

[1]ਆਕਾਸ਼ ਵਿਚ।
[1]ਸੁਹਣੀ ਚਾਲੇ।
[1]ਭਾਗਾਂ ਵਾਲੇ ਰਾਇ ਜੋਧ ਨੇ।

ਸਿਮਰਤਿ ਸੇਵਕ[1] -ਹਯ ਲੇ ਆਈ[2]- ॥ ੧੩ ॥
[1]ਯਾਦ ਕਰਦੇ ਹਨ ਸੇਵਕ ਨੂੰ। [2]ਘੋੜਾ ਲੈ ਆਵੇਗਾ।

ਇਤਨੇ ਮਹਿਂ ਆਵਤਿ ਕੋ ਹੇਰਾ।
ਸੰਗ ਤੁਰੰਗਮ ਚਪਲ ਬਡੇਰਾ।
ਉਠਿ ਦਿਵਾਨ ਤੇ ਆਗੂ ਆਏ।
ਦੇਖਨਿ ਕੋ ਬਾਜੀ ਲਲਚਾਏ ॥ ੧੪ ॥
ਉਤਲਾਵਤਿ ਬਿਧੀਏ ਪਗ ਗਹੇ।
ਸੀਸ ਧਰਯੋ ਬਡ ਆਨੰਦ ਲਹੇ।
ਭੁਜਾ ਪਕਰਿ ਗੁਰ ਉਰਧ ਉਠਾਯੋ।
ਅਪਨੇ ਅੰਗ ਸੰਗ ਗੁਰ ਲਾਯੋ ॥ ੧੫ ॥
ਕਹਯੋ 'ਕੀਨ ਤੈਂ ਬਡ ਉਪਕਾਰਾ।
ਜੋ ਦੁਸ਼ਕਰ ਅਤਿ ਕਠਨ ਕਰਾਰਾ[1]।
[1]ਜੋ ਬੜਾ ਔਖਾ ਤੇ ਕਰੜਾ ਕਠਨ ਕੰਮ ਸੀ।

ਭਯੋ ਅਧਿਕ ਰਿਣ ਸੀਸ ਹਮਾਰੇ।
ਜਾਚਹੁ ਬਰ ਅਬਿ ਦੇਹਿਂ ਉਤਾਰੇ' ॥ ੧੬ ॥
ਸੁਨਿ ਕਰਿ ਬਿਧੀ ਚੰਦ ਕਰ ਜੋਰੇ।
ਪ੍ਰਭੁ ਜੀ ! ਬਰਤਹੁ ਸਭਿ ਹੀ ਠੌਰੇ।
ਕਰਜ਼ ਆਪ ਅਰੁ ਆਪ ਚਢਾਵੈਂ[1]।
[1]ਕਰਜ਼ਾ ਵੀ ਆਪ ਹੋ ਚੜ੍ਹਾਉਣ ਵਾਲੇ ਵੀ ਆਪ ਹੋ।

ਬਹੁਰ ਦੇਨ ਆਪੇ ਲਲਚਾਵੈਂ[1] ॥ ੧੭ ॥
[1]ਫਿਰ (ਕਰਜ਼ਾ) ਦੇਣਾ ਵੀ ਆਪ ਹੀ ਚਾਹੁੰਦੇ ਹੋ।

ਇਹ ਸਭਿ ਤੁਮਰੋ ਚੋਜ ਵਿਡਾਨਾ।
ਕਰਹੁ ਆਪ ਅਰੁ ਆਪਹਿ ਠਾਨਾ[1]।
[1]ਆਪੇ (ਕਾਰਜ ਆਰੰਭ) ਕਰਦੇ ਹੋ ਤੇ ਆਪੇ (ਉਸ ਨੂੰ) ਕਰਦੇ ਹੋ।

ਮੁਝ ਪਰ ਤੋ ਬਹੁ ਕਰੁਨਾ ਕਰੀ।
ਜਾਚਨ ਕੀ ਅਭਿਲਾਖਾ ਹਰੀ[1] ॥ ੧੮ ॥
[1]ਮੰਗਣ ਦੀ ਇੱਛਾ ਦੂਰ ਕੀਤੀ।

ਦਿਹੁ ਗੁਰ ! ਸੰਗ ਨਾਮ ਕੋ ਰੰਗ[1]।
[1]ਨਾਮ ਦੇ ਨਾਲ ਪ੍ਰੇਮ ਦਿਓ।

ਬੀਤਹਿ ਬੈਸ ਸੰਤ ਕੇ ਸੰਗ। '
ਸੁਨਿ ਕਰਿ ਸਤਿਗੁਰ ਭਏ ਪ੍ਰਸੀਨਾ।
ਸਭਿਨਿ ਸੁਨਾਵਤਿ ਉਚਰਨ ਕੀਨਾ ॥ ੧੯ ॥
'ਬਿਧੀ ਚੰਦ ਛੀਨਾ ਗੁਰ ਸੀਨਾ[1]।
[1]ਬਿਧੀ ਚੰਦ ਛੀਨਾ, ਗੁਰਾਂ ਦਾ ਸੀਨਾ ਹੈ। ਭਾਵ ਛੀਨਾ ਬਿਧੀ ਚੰਦ ਬੜਾ ਪਿਆਰਾ ਹੈ। ਛੀਨਾ ਬਿਧੀ ਚੰਦ ਦੀ ਗੋਤ ਸੀ।

ਸਦਾ ਗੁਰੂ ਕੇ ਰਸ ਮਹਿਂ ਭੀਨਾ।
ਸਰਬ ਬਿਕਾਰਨ ਤੇ ਉਰ ਹੀਨਾ।

ਹਮਰੇ ਉਰ ਅਨੰਦ ਕੋ ਦੀਨਾ ॥੨੦॥
ਦੁਸ਼ਕਰ ਕਾਜ ਸੁਗਮ ਕਰਿ ਲੀਨਾ।
ਗੁਰੂ ਸੇਵ ਮਹਿਂ ਸੁਮਤਿ ਪ੍ਰਬੀਨਾ।
ਇਸ ਕੇ ਸਮਸਰ ਅਪਰ ਨ ਚੀਨਾ।
ਸਭਿ ਕੇ ਮਨ ਬਿਸਮਾਵਨ ਕੀਨਾ ॥੨੧॥
ਕਹੈਂ ਕਹਾਂ ਲਗਿ ਤੋਹਿ ਬਡਾਈ।
ਅਤਿ ਚਾਤੁਰਤਾ ਚਿਤ ਉਪਜਾਈ।
ਛਲੇ ਸ਼ਾਹੁ ਜੁਤਿ ਤੁਰਕ ਘਨੇਰੇ।
ਅਚਰਜ ਚਲਿਤ ਲਖੇ ਨਹਿਂ ਤੇਰੇ'
॥੨੨॥
ਜੋਧ ਰੁ ਜੇਠਾ ਬਿਧੀਆ ਮਿਲੇ।
ਸਭਿਹਿਨਿ ਕਰਜੋ ਸਰਾਹਨਿ ਭਲੇ।
'ਸਾਧ ਸਾਧ' ਸਭਿ ਸਭਾ ਸੁਨਾਵੈ।
'ਇਹ ਕਾਰਜ ਤੋਹੀ ਬਨਿ ਆਵੈ ॥੨੩॥
ਅਪਰ ਕੌਨ ਕਰਿ ਸਾਕਹਿ ਐਸੇ।
ਛਲੇ ਤੁਰਕ ਤੁਰਕੇਸ਼ੁਰ ਜੈਸੇ।
ਮਨਹੁਂ ਕਲੰਕਤਿ ਕੀਨੇ ਸਾਰੇ।
ਰਹੇ ਬਿਸੂਰਤਿ ਕੁਮਤਿ ਬਿਚਾਰੇ' ॥੨੪॥
ਹਯ ਗੁਲਬਾਗ ਲਿਯੇ ਗੁਰ ਸੰਗ।
ਮੇਲਜੋ ਜਹਿਂ ਦਿਲਬਾਗ ਤੁਰੰਗ।
ਪਿਖਤਿ ਪਰਸਪਰ ਜੁਗ ਹਿਹਨਾਏ।
ਕਰੇ ਨੇਰ ਦ੍ਵੈ ਘ੍ਰਾਣ[1] ਮਿਲਾਏ ॥੨੫॥ [1]ਨਾਸਾਂ।
ਮ੍ਰਿਦੁਲ ਹਿਰੇਖਾ[1] ਬੋਲਤਿ ਭਲੇ। [1]ਹਿਣਕਣਾ।
ਜਨੁ ਜੁਗ ਭ੍ਰਾਤ, ਬਿਛੁਰਿ ਬਹੁ, ਮਿਲੇ।
ਦਾਸਨ ਕੋ ਤਾਗੀਦ ਬਖਾਨੀ।
'ਹਯ ਕੀ ਸੇਵਾ ਕਰਹੁ ਮਹਾਨੀ ॥੨੬॥
ਅਹੈ ਸ਼੍ਰਮਤਿ ਬਹੁ ਮਾਲਸ਼ ਕਰੀਅਹਿ।
ਖਾਨ ਪਾਨ ਸਭਿ ਆਗੇ ਧਰੀਅਹਿ।'
ਸੌਂਪਨਿ ਕਰਿ ਜੇਠੇ ਕਹੁ ਤਬੈ।
'ਰਾਖਹੁ ਤਕਰਾਈ ਬਿਧਿ ਸਬੈ' ॥੨੭॥
ਬਿਧੀ ਚੰਦ ਕੀ ਗਹਿ ਕਰਿ ਬਾਹੂ।
ਆਏ ਪੁਨ ਦਿਵਾਨ ਕੇ ਮਾਂਹੂ।

ਬਿਕਸਤਿ ਬੋਲਤਿ ਬੂਝਤਿ ਬਾਤ।
'ਸਭਿਨਿ ਸੁਨਾਵਹੁ ਸਰਬ ਬ੍ਰਿਤਾਂਤ
॥੨੮॥
ਕਿਮ ਤੁਰੰਗ ਪੂਰਬ ਕੋ ਆਨਯੋ?
ਮਿਲਯੋ ਸ਼ਾਹ ਸੋਂ ਕਹਾਂ ਬਖਾਨਯੋ?
ਹਯ ਦੂਸਰ ਕੋ ਕੈਸੇ ਹਰਯੋ?
ਮਤਿ ਅੰਧੇ ਸਭਿ ਕੋ ਕਿਮ ਕਰਯੋ?
॥੨੯॥
ਬਿਖਮ ਸਥਾਨ ਦੁਰਗ ਬਡ ਗਾਢੇ।
ਰਹਤਿ ਹਜ਼ਾਰਹੁਂ ਨਰ ਜਹਿਂ ਠਾਂਢੇ।
ਅਨਿਕ ਰੀਤਿ ਕਰਿ ਜਹਿਂ ਤਕਰਾਈ।
ਕਿਮ ਉਲੰਘ ਆਯੋ ਇਸ ਥਾਈਂ?
॥੩੦॥
ਜਿਨ ਦੇਖੀ ਸੋ ਅਤਿ ਬਿਸਮਾਏ।
ਸੁਨਹਿਂ ਜਹਾਂ ਕਹਿਂ ਨਰ ਸਮੁਦਾਏ।
ਸੋ ਭੀ ਸਗਰੇ ਅਚੰਭਾ।
ਬਿਦਤਹਿ ਜਗ ਜੋ ਦੰਭ ਅਰੰਭਾ[1] ॥੩੧॥

[1]ਜੋ ਬਣਾਉਟ ਕੀਤੀ ਹੈ।

ਅਪਰ ਕੌਨ ਕਰਿ ਸਾਕਹਿ ਐਸੇ।
ਅਚਰਜ ਲਖਿ ਕਹਿਂ -ਕੀਨਸਿ ਕੈਸੇ[1]? -
।

[1]ਅਚੰਭਾ ਜਾਣਕੇ ਕਹਿੰਦੇ ਹਾਂ ਕਿ ਕਿਵੇਂ ਕਰ ਲਿਆ?

ਬ੍ਰਿੰਦ ਮਸੰਦ ਜੋਧ ਤੇ ਆਦਿ।
ਕਹੁ ਗਾਥਾ, ਸੁਨਿ ਹੁਇਂ ਬਿਸਮਾਦਿ'
॥੩੨॥
ਬਿਧੀਆ ਕਹਤਿ ਭਯੋ 'ਸੁਨਿ ਸ੍ਵਾਮੀ!
ਤੁਮ ਸਭਿ ਜਾਨਤਿ ਅੰਤਰਜਾਮੀ।
ਮੋਹਿ ਬਦਨ ਤੇ ਸਭਿ ਕੇ ਸ਼੍ਰੌਨ।
ਚਹਹੁ ਸੁਨਾਵਨ ਕਰੁਨਾ ਭੌਨ! ॥੩੩॥
ਤੌ ਮੈਂ ਕਹੌਂ ਬ੍ਰਿਤੰਤ ਅਬਿ ਸਾਰਾ।
ਪ੍ਰਥਮ ਰਹਯੋ ਬਨਿ ਕਰਿ ਘਸਿਆਰਾ।
ਸੇਵ ਹਯਨਿ ਕੀ ਇਸ ਬਿਧਿ ਕਿਏ।
ਜਿਸ ਕੋ ਦੇਖਿ ਰੀਝ ਸਭਿ ਗਏ ॥੩੪॥
ਧਰਯੋ ਜ਼ੀਨ ਸੋ ਥਾਨ ਨਿਹਾਰਾ।

ਨਿਕਸਨਿ ਹੇਤੁ ਭੇਤ ਲੇ ਸਾਰਾ।
ਕਰਿ ਇਕੱਤ੍ਰ ਸੇਵਕ ਸਮੁਦਾਈ।
ਸਾਰਬਾਰਨੀ[1] ਆਨਿ ਪਿਲਾਈ ॥ ੩੫ ॥ [1]ਚੰਗੀ ਸ਼ਰਾਬ।
ਸਭਿ ਅਚੇਤ[1] ਭੇ, ਲੇ ਨਿਸ ਘੋਰਾ। [1]ਬੇਖ਼ਬਰੇ।
ਪਾਇ ਜ਼ੀਨ ਰਸਰਨਿ[1] ਤੇ ਛੋਰਾ। [1]ਰਸਿਆਂ।
ਦਿਸ਼ਿ ਦਰੀਆਉ ਦੁਰਗ ਦੀਵਾਰ।
ਹਯ ਚਢਿ ਚਾਬੁਕ ਹਤਿ ਕਿਯ ਛਾਰ ॥ ੩੬ ॥
ਸੁਨੋ ਪ੍ਰਭੁ ਜੀ ! ਕੂਦਯੋ ਐਸੇ।
ਪੰਛੀ ਉਡਯੋ ਜਾਤਿ ਕੋ ਜੈਸੇ।
ਏਕ ਬਾਰ ਭੀਗਯੋ ਲਗਿ ਬਾਰੀ[1]। [1]ਜਲ ਲੱਗਕੇ।
ਪੁਨ ਜ਼ਾਨੂੰ ਲਗਿ ਰਖਿ ਭਾ ਪਾਰੀ[1] ॥ ੩੭ ॥ [1]ਜਲ ਨੂੰ) ਰੱਖਕੇ ਗੋਡਿਆਂ ਤੱਕ ਪਾਰ ਹੋ ਗਿਆ।
ਮਗ ਨਿਚਿੰਤ ਸਲਿਤਾ ਤਰਿ ਆਯੋ।
ਸਿਰ ਧੁਨਿ ਧੁਨਿ ਹਜ਼ਰਤ ਪਛੁਤਾਯੋ।
ਅਤਿ ਪ੍ਰਿਯ ਗਏ[1] ਰਿਸਯੋ ਕਹਿ ਤਬੈ। [1]ਪਿਆਰਾ (ਘੋੜਾ) ਚਲਾ ਗਿਆ।
-ਚਾਰ ਲੱਛ ਲਿਹੁ ਖੋਜਹਿ ਜਬੈ- ॥ ੩੮ ॥
ਮੈਂ ਪੁਨ ਗਯੋ ਦੂਸਰੇ ਹੇਤੁ।
ਉਤਰਯੋ ਧਰਮ ਸਾਲ ਹਿਤ ਭੇਤ।
ਡਿੰਡਮ ਫਿਰਤਿ ਸੁਨਯੋ ਮੈਂ ਜਬੈ।
ਖੋਜੀ ਬਨਯੋ ਚਹਤਿ ਜਿਹ ਤਬੈ ॥ ੩੯ ॥
ਸੁਨੀ ਸ਼ਾਹੁ ਸੁਧਿ ਖੋਜੀ ਆਯੋ।
ਬਾਂਛਤਿ ਹੁਤੋ ਸਮੀਪ ਬੁਲਾਯੋ।
ਬੇਸ ਧਰਯੋ ਅਸ ਹਿੰਦੁਸਤਾਨੀ।
ਨਹਿੰ ਕਿਸ ਹੂੰ ਤੇ ਗਯੋ ਪਛਾਨੀ ॥ ੪੦ ॥
-ਰਮਲ ਗਨਕ ਅਰੁ ਸ਼ਗੁਨ ਬਿਚਾਰਨ।
ਇਹ ਗੁਨ ਮੋ ਮਹਿਂ- ਕੀਨਿ ਉਚਾਰਨ।
ਸ਼ਾਹੁ ਰਿਦੇ ਬਹੁ ਭਾਂਤਿ ਦ੍ਰਿੜਾਯੋ।
ਹਯ ਕੋ ਖੋਜ ਲੇਹੁ ਮਨ ਭਾਯੋ ॥ ੪੧ ॥
ਅਸੁ ਗੁਲਬਾਗ ਪਾਸ ਲੇ ਗਯੋ।
ਜਿਮ ਮੈਂ ਕਹਤਿ ਰਹਯੋ, ਤਿਮ ਕਿਯੋ।
ਜ਼ੀਨ ਪਵਾਇ ਪਠਾਯਹੁ ਡੇਰੇ[1]। [1]ਪਾਤਸ਼ਾਹ ਨੂੰ) ਡੇਰੇ ਭੇਜ ਦਿੱਤਾ।

ਸੰਮਨ ਬੁਰਜ ਗਯੋ ਤਿਸ ਬੇਰੇ ॥੪੨॥
ਤਿਸ ਨੀਚੇ ਢਿਗ ਮੈਂ ਅਰੁ ਘੋਰਾ।
ਤਾਰੇ ਮਾਰਿ ਦਿਏ ਸਭਿ ਪੌਰਾ[1]। [1]ਸਾਰੇ ਦਰਵੱਜੀਂ।
ਭਯੋ ਇਕਾਂਕੀ ਸਭਿ ਅਟਕਾਏ।
ਕਰੇ ਕੈਦ ਜਨੁ ਬਸ ਨ ਬਸਾਏ ॥੪੩॥
ਸ਼ਾਹੁ ਸੰਗ ਮੈਂ ਬੋਲਤਿ ਰਹ੍ਯੋ।
ਦੇਉਂ ਖੋਜ ਮੈਂ ਸਭਿ ਹੀ ਲਹ੍ਯੋ।
ਲਾਰਾ ਦੇਤਿ ਨਿਸਾ ਬਡ ਬੀਤੇ।
ਘੋਰਾ ਛੋਰਿ ਚਢ੍ਯੋ ਨਿਰਭੀਤੇ[1] ॥੪੪॥ [1]ਨਿਡਰ ਹੋਕੇ।
ਬੂਝਨਿ ਲਗ੍ਯੋ ਸ਼ਾਹੁ ਅਸੁ ਖੋਜ[1]। [1]ਘੋੜੇ ਦਾ ਖੋਜ।
ਕਹ੍ਯੋ ਸਾਚ ਤਬਿ ਸਤਿਗੁਰੁ ਓਜ[1]। [1]ਸਤਿਗੁਰਾਂ ਦੇ ਬਲ ਨਾਲ।
ਸਕਲ ਜਥਾਰਥ ਕਹਿ ਸਮੁਝਾਯੋ।
-ਗਹਹੁ ਗਹਹੁ- ਸੁਨ ਸ਼ਾਹੁ ਅਲਾਯੋ ॥੪੫॥
-ਹਯ ਪਲਟੇ ਹਯ ਸ਼੍ਰੀ ਗੁਰੁ ਲੀਨਾ।
ਮੋਹਿ ਨਾਮ- ਕਹਿ[1] -ਬਿਧੀਆ ਛੀਨਾ। [1]ਮੈਂ) ਕਹਿ ਦਿੱਤਾ।
ਆਦਿ ਚਾਕਰੀ ਧਨ ਭਾ ਮੇਰੋ।
ਲਿਯੋ ਮੋਲ ਸਮ ਆਛੇ ਹੇਰੋ ॥੪੬॥
ਸ਼ਾਹੁ! ਕੋਪ ਕ੍ਯੋਂ ਬਾਦ ਕਰੰਤਾ?
ਜੇ ਅਬਿ ਮੋ ਕੋ ਗਹ੍ਯੋ ਚਹੰਤਾ।
ਸਭਿ ਤਾਰੀ ਮੈਂ ਪ੍ਰਥਮ ਮੰਗਾਈ-।
ਕਰਿ ਮਹਿਂ ਧਰਿ ਕਰਿ ਸ਼ਾਹੁ ਦਿਖਾਈ ॥੪੭॥
-ਇਹੁ ਸਭਿ ਪਰੀ ਨਿਕਾਸਨ ਕੀਜੈ।
ਖੋਲ ਕੁਲਫ ਮੋ ਕਹੁ ਗਹਿ ਲੀਜੈ-।
ਇਮ ਕਹਿ ਘੋਰਾ ਤੇਜ ਕੁਦਾਯੋ[†]। [†]ਦੇਖੋ ਇਸੇ ਰਾਸ ਦੇ ਅੰਸੂ ੨੬ ਅੰਕ ੨੯ ਦੀ ਹੇਠਲੀ ਟੂਕ।
ਉਲੰਘਿ ਦਿਵਾਰ ਬਾਰਿ ਮਹਿਂ[1] ਆਯੋ ॥੪੮॥ [1]ਜਲ ਵਿਚ।
ਪੀਛੇ ਹਾਇ ਹਾਇ ਬਡ ਰੌਰਾ।
ਬਸਿ ਨ ਬਸਾਇ ਭਿਰੇ ਸਭਿ ਪੌਰਾ।
ਸਤਿਗੁਰ ਸ਼ਬਦ ਪ੍ਰੇਮ ਉਮਗਾਯੋ।

ਮਗ ਸੁਖੇਨ ਗਾਵਤਿ ਚਲਿ ਆਯੋ ॥੪੯॥
ਹੇ ਪ੍ਰਭੁ ! ਅਸ ਦੁਸ਼ਕਰ ਜੇ ਕਾਰਾ।
ਤੁਮ ਬਿਨ ਕੋ ਕਰਿ ਸਕੈ ਬਿਚਾਰਾ।
ਸਰਬ ਸ਼ਕਤਿ ਧਰਿ ਮਾਨੁਖ ਲੀਲਾ।
ਤ੍ਰੈ ਲੋਚਨ ਪਤਿ ਕਰਹੁ ਸੁਸ਼ੀਲਾ ! ॥੫੦॥
ਭਏ ਸਹਾਇਕ ਜਹਿਂ ਕਹਿਂ ਜਾਈ।
ਤੌਂ ਇਹ ਕਾਰ ਕਰਨ ਬਨਿ ਆਈ।
ਪੰਚਾਂਮ੍ਰਿਤ ਮਾਨਜੋ ਸਮੁਦਾਯੋ।
ਸੋ ਚਹੀਐਗੋ ਅਬਿ ਕਰਿਵਾਯੋ' ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਦੁਤਿਯੇ ਘੋਰਾ ਲਿਆਵਨ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

੩੮. [ਯੁੱਧ ਦੀਆਂ ਤਿਆਰੀਆਂ]

੩੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੯

ਦੋਹਰਾ:

ਅਸ ਪ੍ਰਸੰਗ ਬਿਧੀਏ ਸਕਲ,
ਕਹਜੋ ਸਹਿਤ ਵਿਸਤਾਰ।
ਮੈਂ ਸੰਛੇਪ ਬਰਨਨ ਕਰਜੋ,
ਸੁਨਹੁ ਕਥਾ ਸੁਖ ਸਾਰ ॥੧॥

ਚੌਪਈ:

'ਇਹ ਚਰਿੱਤ੍ਰ ਸਭਿ ਤੁਮ ਹੀ ਕੀਨਿ।
ਦਾਸ ਜਾਨਿ ਜਸੁ ਮੋ ਕਹੁ ਦੀਨਿ।'
ਇਮ ਕਹਿ ਬੰਦੇ ਪਦ ਅਰਬਿੰਦ।
ਸੁਨਜੋ ਪ੍ਰਸੰਗ ਸਭਾ ਨਰ ਬਿੰਦ ॥੨॥
ਅਚਰਜ ਭਏ ਸੁਨਤਿ ਚਤੁਰਾਈ।
'ਸਾਧ ਸਾਧ' ਸਭਿਹੂੰਨਿ ਸੁਨਾਈ।
'ਇਹੁ ਕਾਰਜ ਤੁਝ ਹੀ ਤੇ ਹੋਇ।
ਕਰਿ ਨ ਸਕਹਿ ਜਗ ਮਾਨਵ ਕੋਇ'
॥੩॥
ਪੰਚਾਂਮ੍ਰਿਤ ਬਿਧੀਏ ਕਰਿਵਾਯੋ।
ਤਤਛਿਨ ਕਰਿਬੇ ਸਿੱਖ ਪਠਾਯੋ।
ਸ਼੍ਰੀ ਹਰਿ ਗੋਵਿੰਦ ਚੰਦ ਬਖਾਨਾ।
'ਇਕ ਹਜ਼ਾਰ ਕੋ ਹਮ ਨੇ ਮਾਨਾ ॥੪॥
ਅਬਿ ਹੀ ਲ਼ਜਾਵੋ ਸਭਿ ਕਰਿਵਾਇ।'
ਸੁਨਤਿ ਕਰਤਿ ਭੇ ਨਰ ਸਮੁਦਾਇ।
ਸੁਨਿ ਸੁਨਿ ਕਰਿ ਪੁਰਿ ਗ੍ਰਾਮ ਜੁ ਨੇਰੇ।
ਲੇਨਿ ਹੇਤੁ ਚਲਿ ਆਇ ਘਨੇਰੇ ॥੫॥
ਹੁਕਮ ਦਿਯੋ ਦੁੰਦਭਿ ਬਜਵਾਏ।
ਉਤਸਵ ਅਧਿਕ ਭਯੋ ਨਰ ਆਏ।
ਕਈ ਹਜ਼ਾਰਨਿ ਕੀ ਹੁਇ ਭੀਰ।
ਦਰਸਹਿਂ ਸ਼੍ਰੀ ਸੋਢੀ ਬਰ ਬੀਰ ॥੬॥
ਕੇਤਿਕ ਕੌਤਕ ਕਰਨੇ ਹਾਰੇ।
ਰਚਹਿਂ ਤਮਾਸ਼ਾ ਬਿਬਿਧਿ ਪ੍ਰਕਾਰੇ।
ਬਾਦਿਤ ਅਪਰ ਨਗਰ ਕੇ ਆਏ।

ਡਫ, ਢੋਲਾਦਿਕ ਬਹੁਤ ਬਜਾਏ ॥੭॥
ਅਧਿਕ ਮੁਦਿਤਿ ਚਿਤ ਹ੍ਵੈ ਨਰ ਨਾਰੀ।
ਦਰਸਹਿਂ ਸਤਿਗੁਰ ਹ੍ਵੈਂ ਬਲਿਹਾਰੀ।
ਮਹਾਂ ਕਲਾਹਲ ਸਭਿ ਮਹਿਂ ਹੋਵਾ।
ਸੁਨੈ ਪ੍ਰਸੰਗ ਸੁ ਅਚਰਜ ਜੋਵਾ ॥੮॥
ਪੰਚਾਂਮ੍ਰਿਤ ਆਯੋ ਸਮੁਦਾਇ।
ਪੰਕਤਿ ਕਰਿ ਕਰਿ ਦਿਯੋ ਬਿਠਾਇ।
ਦੂਰ ਦੂਰ ਲਾਗੀ ਗਨ ਪਾਂਤੀ।
ਗੁਰ ਪ੍ਰਤਾਪ ਬੈਠੇ ਚਿਤ ਸ਼ਾਂਤੀ ॥੯॥
ਬਹੁ ਬਰਤਾਵੈ ਤਬੈ ਲਗਾਏ।
ਦਿਯੋ ਇਤੋ ਜਿਹ ਅਚਿ ਤ੍ਰਿਪਤਾਏ।
ਚਾਰ ਘਟੀ ਲਗਿ ਇਤਿਕ ਬ੍ਰਤਾਯੋ।
ਲੇ ਜਿਨ ਅਚਜੋ ਰਹਜੋ ਤ੍ਰਿਪਤਾਯੋ† ॥੧੦॥

†ਇਥੇ ਹੇਠ ਲਿਖੀਆਂ ਦੋ ਹੋਰ ਤੁਕਾਂ ਛਾਪੇ ਦੇ ਨੁਸਖਿਆਂ ਵਿਚ ਮਿਲਦੀਆਂ ਹਨ:-ਅਤਿ ਅਨੰਦ ਮਨ ਸਭਿ ਕੋ ਹੋਵਾ। ਨਰ ਨਾਰਿਨ ਬਾਲਿਕ ਸਭਿ ਖੋਵਾ।

ਮਿਲੇ ਹਜ਼ਾਰਨ ਕੇ ਸਮੁਦਾਏ।
ਨਹਿਂ ਨਿਖੁਟਜੋ ਸਗਰੋ ਤ੍ਰਿਪਤਾਏ।
ਲੀਨਿ ਤਿਹਾਵਲ ਸਦਨ ਸਿਧਾਏ।
ਗੁਰ ਜਸੁ ਪੁਰਿ ਪੁਰਿ ਘਰ ਘਰ ਛਾਏ ॥੧੧॥
ਜੋਧ ਸੁ ਜੋਧਾ ਗਨ ਢਿਗ ਬੈਸੇ[1]।

[1]ਜੋਧ ਰਾਇ ਜੀ ਸਾਰੇ ਸੂਰਮਿਆਂ ਸਮੇਤ ਪਾਸ ਬੈਠੇ ਸਨ।

ਬਿਧੀਏ ਕਹਜੋ ਗੁਰੂ ਸੰਗ ਐਸੇ।
'ਮਹਾਂਰਾਜ ! ਅਬਿ ਦੇਰ ਨ ਕੋਈ।
ਸ਼ਾਹੁ ਜਹਾਂ ਕੇ ਰਿਸ ਅਤਿ ਹੋਈ ॥੧੨॥
ਆਪ ਚਢਹਿ ਤੁਰਨ ਹੀ ਆਵਹਿ।
ਕੈ ਗਾਢੋ ਉਮਰਾਵ ਚਢਾਵਹਿ।
ਆਇ ਲਰਹਿ ਲਸ਼ਕਰ ਅਬਿ ਭਾਰਾ।
ਇਮ ਜਾਨਹੁ ਜਿਮ ਮੋਹਿ ਨਿਹਾਰਾ[1] ॥੧੩॥

[1]ਜਿਵੇਂ ਮੈਨੂੰ (ਛੇਤੀ ਆਏ ਨੂੰ) ਤਕ ਰਹੇ ਹੋ (ਇਵੇਂ ਮੈਨਾ ਆਈ) ਜਾਣੋ।

ਪਹੁੰਚੇ ਹੀ ਸ਼ੱਤ੍ਰੂ ਗਨ ਲਖੋ।
ਬਨਿ ਸੁਚੇਤ ਨਹਿਂ ਆਲਸ ਰਖੋ।
ਡਾਰੇ ਰਹੈਂ ਤੁਰੰਗਮ ਜ਼ੀਨ।
ਸਕਲ ਤੁਫੰਗਨਿ ਤਜਾਰੀ ਕੀਨਿ'

॥੧੪॥
ਸੁਨਿ ਗਨ ਤੁਰਕਨ ਕੋ ਆਗਵਨੂ।
ਜਗਜੋ ਬੀਰ ਰਸ ਉਰ ਅਰਿਦਵਨੂ[1]। [1]ਭਾਵ ਸ਼੍ਰੀ ਗੁਰੂ ਹਰਿਗੋਵਿੰਦ ਜੀ ਦੇ ਰਿਦੇ ਵਿਚ।
ਬੂਝਜੋ ਤਬੈ ਜੋਧ ਕੇ ਸੰਗ।
'ਇਹਾਂ ਕਰਹੁ ਤੁਮ ਕਿਸ ਬਿਧਿ ਜੰਗ?
॥੧੫॥
ਅਪਨੇ ਹੋਹਿਂ ਅਲਪ ਭਟ ਨਾਲ।
ਸ਼ੱਤ੍ਰ ਬ੍ਰਿੰਦ ਚਢਿ ਆਏ ਬਿਸਾਲ।
ਕਠਨ ਦੁਰਗ ਮਹਿਂ ਹੋਇ ਪ੍ਰਵੇਸ਼ੂ।
ਕੈ ਜੰਗਲ ਥਲ ਪਿਖਹੁ ਵਿਸ਼ੇਸ਼ੂ ॥੧੬॥
ਕਿਧੌਂ ਮਰੂ ਥਲ ਹੈ ਇਤ ਕੋਇ।
ਕਿਸ ਬਿਧਿ ਰਹਹੁ ਮਵਾਸੇ ਹੋਇ?'
ਜੋਧ ਕਹਜੋ ਕਰ ਜੋਰਿ ਬਹੋਰ।
'ਮਹਾਰਾਜ! ਹੁਇ ਸੰਘਰ ਘੋਰ ॥੧੭॥
ਅਹੈ[1] ਦਿਲੇਸ਼ੁਰ ਕੀ ਬਹੁ ਸੈਨਾ। [1]ਦਿਲੀਪਤ।
ਰਾਜ ਜਗਤ ਕੋ, ਗਿਨਤੀ ਹੈ ਨਾ।
ਟਰਹੁ ਆਪ ਕਿਮ ਸਰਬਰ ਹੋਵਹੁ[1]। [1]ਆਪ ਟਲ ਜਾਓ ਕਿਵੇਂ ਬਰੱਬਰ ਹੋ ਸਕੋਗੇ।
ਤੋਪ ਜੰਬੂਰਨ ਕੋ ਗਨ ਜੋਵਹੁ ॥੧੮॥
ਜੰਗਲ ਬਿਖੈ ਪ੍ਰਵੇਸ਼ਹੁ ਦੂਰ।
ਤਾਲ ਬਿਲੋਕਹੁ ਜਹਿਂ ਜਲ ਰੂਰ।
ਤਿਸ ਕੇ ਤੀਰ ਰਾਖੀਅਹਿ ਡੇਰਾ।
ਭੇਜਹਿ ਲਸ਼ਕਰ ਸ਼ਾਹੁ ਘਨੇਰਾ ॥੧੯॥
ਖੋਜਿ ਖੋਜਿ ਕਰਿ ਇਤ ਉਤ ਥਾਨ।
ਹਟਿ ਜੈ ਹੈ ਹੁਇ ਕਰਿ ਵੈਰਾਨ।
ਜੰਗਲ ਵਿਖੈ ਸੁ ਪ੍ਰਵਿਸ਼ੈ ਨਾਂਹੀ।
ਜਲ ਕੇ ਥਲ ਭੇਵ ਨ ਤਿਨ ਪਾਹੀ[1] [1]ਜਲ ਦੇ ਥਾਂ ਉਨ੍ਹਾਂ ਨੂੰ ਪਤਾ ਨਹੀਂ ਹੈ।
॥੨੦॥
ਲਵਪੁਰਿ ਕੈ ਦਿੱਲੀ ਚਲਿ ਜਾਇ।
ਬਹੁਰ ਪ੍ਰਵੇਸ਼ਹੁ[†] ਇਸ ਥਲ ਆਇ। [†]ਪਾ:-ਬਿਰਾਜਹੁ।
ਬਿਬਿਧ ਬਿਲਾਸ ਕਰਹੁ ਹਰਖਾਵਹੁ।
ਸਿਖ ਸੰਗਤ ਕੋ ਸੁਖ ਉਪਜਾਵਹੁ ॥੨੧॥
ਇਸ ਪ੍ਰਕਾਰ ਕੋ ਮਤਿ ਹੈ ਏਕ।

ਬਿਨ ਬਿਖਾਦ[1], ਹੇ ਜਲਧਿ ਬਿਬੇਕ!'
ਸ੍ਰੀ ਹਰਿ ਗੋਬਿੰਦ ਸੁਮਤਿ ਨਿਧਾਨ।
ਸੁਨਤਿ ਜੋਧ ਤੇ ਕੀਨਿ ਬਖਾਨਿ ॥੨੨॥
'ਇਤ ਮਤਿ ਨਹੀਂ ਪਸੰਦ ਹਮਾਰੇ।
ਹੋਹਿ ਨ ਜੰਗ, ਨ ਸ਼ੱਤ੍ਰੂ ਮਾਰੇ।
ਸ਼ਾਹੁ ਸਹਿਤ ਗਨ ਤੁਰਕ ਬਖਾਨੈਂ।
-ਲਰਹਿ ਨ ਅਬਿ ਉਰ ਮਹਿਂ ਡਰ ਮਾਨੈ-
॥੨੩॥
ਪਲਟਾ ਲੇਨਿ ਤੁਰੰਗਮ ਕੇਰਾ।
ਤੌ ਰਣ ਚਹੀਅਤਿ ਕਰਨਿ ਬਡੇਰਾ।
ਸ਼ਸਤ੍ਰ ਤੁਰੰਗਮ ਸੈਨਾ ਰਾਖਨ।
ਹੋਤਿ ਸਫਲ ਸੰਘਰ ਕੇ ਕਾਂਖਨ[1] ॥੨੪॥
ਤੁਰਕਨਿ ਸਾਥ ਲਰਨ ਗੁਨ ਘਨੇ।
ਮਰੇ ਦੇਵ ਪੁਰਿ ਬਾਸਾ ਬਨੇ।
ਅਨਿਕ ਪ੍ਰਕਾਰਨਿ ਕੇ ਸੁਖ ਪਾਇ।
ਜਨਮ ਜਨਮ ਕਸ਼ਟ ਮਿਟਾਇ ॥੨੫॥
ਜੀਵਤਿ ਜਸੁ ਥੀਵਤਿ ਜਗ ਮਾਂਹੀ।
ਸੁਖ ਭੋਗਤਿ ਹੁਇ ਬਿਘਨ ਬਿਨਾ ਹੀ।
ਲੋਕ ਜਿ ਦੋਨਹੁ ਹਲਤਿ ਪਲੰਤੇ।
ਸੁਭਟਨਿ ਕੀ ਭੁਜ ਸੋਂ ਲਟਕੰਤੇ ॥੨੬॥
ਹਮ ਛੱਤ੍ਰੀ ਕਿਮ ਛੋਰਹਿਂ ਰਨ ਕੋ।
ਅਬਹਿ ਮਨੋਰਥ ਹੋਯਸਿ ਮਨ ਕੋ।
ਦੇਖਹੁ ਜਬਹਿ ਪਰਹਿ ਸੰਗ੍ਰਾਮੂ।
ਸ਼ੱਤ੍ਰੂ ਪਠਾਵੌਂ ਜਮ ਕੇ ਧਾਮੂ ॥੨੭॥
ਭਯੋ ਯੁੱਧ ਜੁਗ ਸਮੈਂ[1] ਹਮਾਰਾ।
ਅਬਿ ਬਿਸਾਲ ਹੀ ਪਰਹਿ ਅਖਾਰਾ।
ਸ਼ਸਤ੍ਰ ਸਮੇਤ ਬਡੇ ਉਮਰਾਵਾ।
ਮਾਰਹਿਂ ਪੁਨ ਦਫਨਹਿਂ ਰਣ ਥਾਵ
॥੨੮॥
ਊਪਰ ਬੈਠਕ ਬਨਹਿ ਹਮਾਰੀ।
ਬੈਠਹਿਂ ਬੋਲਹਿਂ ਸਾਥ ਤੁਮਾਰੀ।
ਲਰਿਬੇ ਹੇਤੁ ਬਤਾਵਹੁ ਥਾਨ।

[1]ਬਿਨਾ ਝਗੜੇ ਤੋਂ ਇਕ ਮਤਾ ਇਹ ਹੈ।

[1]ਜੁੱਧ ਦੇ ਚਾਹਿਆਂ।

[1]ਦੋ ਵਾਰੀ (ਅੱਗੇ) ਹੋ ਚੁੱਕਾ ਹੈ।

ਜਹਾਂ ਪਰਹਿ ਤੁਰਕਨ ਘਮਸਾਨ ॥੨੯॥
ਰਣ ਤਜਿਬੋ ਮੁਹਿ ਨਹਿਂ ਮਨ ਭਾਵੈ।
ਅਹੈ ਉਚਿਤ ਲਰਿਬੇ ਜਸੁ ਪਾਵੈਂ।'
ਜੋਧਰਾਇ ਲਖਿ ਸਤਿਗੁਰੁ ਆਸ਼ੈ।
ਹਰਖਤਿ ਮੁਖ ਤੇ ਬਾਕ ਪ੍ਰਕਾਸ਼ੈ ॥੩੦॥
'ਧੰਨ ਗੁਰੂ! ਸਭਿ ਕੁਛ ਤੁਮ ਹਾਥ।
ਚਹਹੁ ਸੁ ਕਰਹੁ ਬਾਕ ਕੇ ਸਾਥ।
ਲਰਿਬੇ ਤੇ ਕਿਉਂ ਹੋਇ ਨ ਸੱਕਈ[1]?
ਮਰਹਿਂ ਸ਼ੱਤ੍ਰ ਰਿਸ ਕਰਿ ਜੋ ਤੱਕਈ ॥੩੧॥
ਇਹਾਂ ਲਰਨ ਕੋ ਘਾਤ ਸੁਨੀਜੈ।
ਭਰਜੋ ਤਾਲ ਜਲ ਜਹਾਂ ਲਖੀਜੈ।
ਚਹੁਂ ਦਿਸ਼ਿ ਮਹਿਂ ਉਜਾਰ ਹੁਇ ਭਾਰੀ।
ਖੋਜ਼ਜੋ ਪਾਇ ਨਹੀਂ ਕਿਤ ਬਾਰੀ ॥੩੨॥
ਸੋ ਸਰੁਵਰੁ ਘੇਰਹੁ ਚਹੁਂ ਓਰ।
ਪਾਇ ਨ ਹਲਹਿਂ ਪਰੇ ਬਡ ਜੋਰਿ।
ਕਿਤਿਕ ਕਾਲ ਜਬਿ ਜੁੱਧ ਪ੍ਰਕਾਸ਼ੇ।
ਰਿਪੁ ਗਨ ਕੋ ਬਹੁ ਲਾਗਹਿ ਪਜਾਸੇ ॥੩੩॥
ਕੇਤਿਕ ਮਰਹਿਂ ਸ਼ਸਤ੍ਰ ਕੇ ਮਾਰੇ।
ਕਿਤਿਕ ਚਹਤਿ ਜਲ ਕੋ ਤਿਸ ਬਾਰੇ।
ਖੋਜਜੋ ਪਾਇਂ ਨਹੀਂ ਜਿਸ ਕਾਲਾ।
ਤਬਿ ਭਾਜਹਿਂ ਧਰਿ ਤ੍ਰਾਸ ਬਿਸਾਲਾ ॥੩੪॥
ਬਹੁਰ ਨ ਜਾਨਿ ਦੇਹਿਂ ਸੁਖ ਸੇਤੀ।
ਕਟਹਿਂ ਖੜਗ ਸੋਂ ਜਯੋਂ ਪਕਿ ਖੇਤੀ।
ਲੂਟ ਲੇਹਿਂਗੇ ਸ਼ਸਤ੍ਰ ਤੁਰੰਗ।
ਰਾਖਹਿਂ ਮਾਰਿ ਸ਼ੱਤ੍ਰ ਗਨ ਜੰਗ' ॥੩੫॥
ਕਹੇ ਬਚਨ ਉਤਸਾਹਿ ਸਮੇਤ।
ਸੁਨਿ ਪ੍ਰਸੰਨ ਭੇ ਕ੍ਰਿਪਾ ਨਿਕੇਤ।
'ਸੁਨਹੁ ਜੋਧ! ਐਸੋ ਅਬਿ ਥਾਨੇ।
ਕਰਹੁ ਬਤਾਵਨ ਤੂੰ ਸਭਿ ਜਾਨੇ ॥੩੬॥

[1]ਕਿਉਂ ਨਾ ਹੋ ਸਕੇਗਾ।

ਗਾਹਜੋ ਜੰਗਲ ਦੇਸ਼ ਘਨੇਰਾ।
ਬਿਖਮ ਸੁਗਮ ਥਲ ਤੈਂ ਸਭਿ ਹੇਰਾ।'
ਜੋਧਰਾਇ ਮਨ ਮੈਂ ਕਰਿ ਗਿਨਤੀ।
ਸਭਿ ਥਲ ਕੀ ਲਖਿ, ਭਾਖਤਿ ਬਿਨਤੀ ॥੩੭॥
'ਸੁਨਹੁ ਪ੍ਰਭੂ ! ਮੈਂ ਜਾਨਜੋ ਥਾਨ।
ਜਹਾਂ ਕਰਹੁ ਤੁਮ ਜੰਗ ਮਹਾਨ।
ਹਤਹਿਂ ਤੁਰਕ ਅਰੁ ਰਹਹਿਂ ਸੁਖਾਰੇ।
ਭਾਜਹਿਂ ਰਿਪੁ ਕਰਿ ਪ੍ਰਾਨਨਿ ਪਜਾਰੇ ॥੩੮॥
ਪੰਚ ਰੁ ਚਾਰ ਕੋਸ ਇਸ ਥਲ ਤੇ।
ਭਰਜੋ ਸਰੋਵਰ ਸੁੰਦਰ ਜਲ ਤੇ।
ਤਿਸ ਕੇ ਗਿਰਦ ਕਰਹੁ ਚਲਿ ਡੇਰਾ।
ਹਮ ਤੇ ਦੱਖਨ ਦਿਸ਼ਿ ਮਹਿਂ ਹੇਰਾ ॥੩੯॥
ਚਾਰਕਿ ਪੰਚ ਕੋਸ ਇਕ ਗ੍ਰਾਮ।
ਜਿਹ ਕੌ ਕਹੈਂ ਨਿਥਾਣਾ ਨਾਮ।
ਹਮ ਨਹਿਂ ਤਜਾਗਹਿਂਗੇ ਜਲ ਸੋਇ।
ਸ਼ੱਤ੍ਰੂ ਪਲਾਇੰ ਤਿਖਾਤੁਰ ਹੋਇ' ॥੪੦॥
ਸੁਨਤਿ ਜੋਧ ਤੇ ਸਤਿਗੁਰ ਮਾਨੀ।
'ਇਹੁ ਤੈਂ ਆਛੀ ਬਾਤ ਬਖਾਨੀ।
ਅਬਿ ਤੌ ਪਰੀ ਸੰਝ ਲਖਿ ਲੀਜੈ।
ਪ੍ਰਾਤਿ ਹੋਇ ਪ੍ਰਸਥਾਨੋ ਕੀਜੈ ॥੪੧॥
ਆਵਹਿ ਸ਼ਾਹੁ ਕਿ ਲਸ਼ਕਰ ਭਾਰੋ।
ਹੱਥਜਾਰਨ ਕੋ ਪਕਰਿ ਸੰਘਾਰੋ।'
ਮਸਲਤ ਜਬਿ ਨੀਕੇ ਕਰਿ ਲੀਨਿ।
ਬਹੁ ਬਾਰੂਦ ਅਨਾਵਨਿ ਕੀਨਿ[1] ॥੪੨॥
ਮਣ ਹਜ਼ਾਰ ਸਿੱਕਾ ਮੰਗਵਾਯੋ।
ਬ੍ਰਿੰਦ ਸੁਨਾਰਨਿ ਤੇ ਢਲਿਵਾਯੋ।
ਦੀਨਿ ਸੁਭਟਨਿ ਕੋ ਮਨ ਭਾਵਤਿ।
ਡਾਰਤਿ ਗੋਰੀ ਤੁਪਕ ਚਲਾਵਤਿ ॥੪੩॥
ਜਿਸ ਢਿਗ ਧਨੁਖ, ਤੀਰ ਕੋ ਛੋਰਤਿ।
ਨਿਜ ਵਿੱਦਜਾ ਕਰਿ ਅਰਿ ਉਰ ਫੋਰਤਿ।

[1]ਸੰਗ੍ਰਹਿ ਕੀਤਾ।

ਤਿਨ ਕੋ ਤਰਕਸ਼[1] ਬਖ਼ਸ਼ਨ ਕਰੇ। [1]ਭੱਥੇ।
ਤੀਛਨ ਤੀਛਨ ਸਰ ਗਨ ਭਰੇ ॥੪੪॥
ਕੇਤਿਕ ਕੋ ਤੋਮਰ ਖਰ ਦਏ।
ਸਰਬ ਲੋਹ[1] ਕੀ ਸ਼ਕਤੀ[2] ਲਏ। [1]ਫੌਲਾਦ। [2]ਬਰਛੀ।
ਸੈਫ, ਸਰੋਹੀ, ਤੇਗ਼ੇ ਚੌਰੇ।
ਖੰਡੇ, ਖੜਗ ਦੁਧਾਰੇ ਗੌਰੇ[1] ॥੪੫॥ [1]ਭਾਰੇ।
ਹੁਤੇ ਤਬੇਲੇ ਖਰੇ ਤੁਰੰਗ।
ਬਖ਼ਸ਼ਿ ਦਿਏ ਤਿਸ ਛਿਨ ਹਿਤ ਜੰਗ।
ਕਰਾਬੀਨ[1] ਬਹੁ ਤੁਪਕ ਤਮਾਂਚੇ[2]। [1]ਛੋਟੀ ਬੰਦੂਕ [ਫ਼੍ਰਾਂਸੀਸੀ, Carbine]। [2]ਉਸ ਸਮੇਂ ਦਾ ਪਸਤੌਲ।
ਜਿਸ ਕੇ ਲਗਤਿ ਨ ਸ਼ੱਤ੍ਰੂ ਬਾਚੇ ॥੪੬॥
ਕੋਸ਼ ਬਿਖੈ ਤੇ ਸਭਿ ਮੰਗਵਾਏ।
ਬਖ਼ਸ਼ ਦਏ ਸੁਭਟਨਿ ਸਮੁਦਾਏ।
ਲੇ ਰਜ਼ਾਇ ਘਰ ਜੋਧ ਸਿਧਾਰਾ।
ਤਿਨ ਭੀ ਤਜਾਰ ਕਰਜੋ ਦਲ ਸਾਰਾ ॥੪੭॥
ਕੇਤਿਕ ਚਾਕਰ, ਕੇਤਿਕ ਭਾਈ।
ਸਰਬ ਬਟੋਰਿ ਕਰੇ ਸਮੁਦਾਈ।
ਸੁਭਟ ਹਜ਼ਾਰ ਏਕ ਤਿਹ ਸੰਗ।
ਤਿਨ ਭੀ ਬਖ਼ਸ਼ੇ ਸ਼ਸਤ੍ਰ ਤੁਰੰਗ ॥੪੮॥
ਸਾਵਧਾਨ ਲਰਿਬੇ ਹਿਤ ਕਰੇ।
ਗੋਰੀ ਬਹੁ ਬਰੂਦ ਲੈ ਭਰੇ।
ਸਰਬ ਜਾਮਨੀ ਮਹਿਂ ਕਰਿ ਤਜਾਰੀ।
ਭਈ ਸੁਚੇਤ ਬਾਹਿਨੀ ਸਾਰੀ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਜੰਗ ਤਜਾਰੀ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

੩੯. [ਕਾਂਗੜ ਪੁਰੋਂ ਕੂਚ]

੩੮<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪੦

ਦੋਹਰਾ:

ਸੁਨਿਆਰੇ ਆਦਿਕ ਸਕਲ, ਨਿਸ ਮਹਿਂ ਕਰੀ ਸੁ ਕਾਰ।
ਖਾਨ ਪਾਨ ਕਰਿ ਸਤਿਗੁਰੂ, ਪੌਢੇ ਨਿੰਦ੍ਰਾਧਾਰਿ ॥੧॥

ਚੌਪਈ:

ਜਾਮ ਜਾਮਨੀ ਸਤਿਗੁਰ ਜਾਗੇ।
ਸੌਚ ਸ਼ਨਾਨ ਕਰਨਿ ਅਨੁਰਾਗੇ।
ਕਹਿ ਕਰਿ ਦੁੰਦਭਿ ਕੋ ਬਜਵਾਯੋ।
ਮਹਾਂ ਧੁਨੀ ਜਨੁ ਘਨੁ[1] ਗਰਜਾਯੋ ॥੨॥ [1]ਬੱਦਲ।
ਸੁਨਤਿ ਜੋਧ ਪੁਰਿ ਮਹਿਂ ਤਬਿ ਜਾਗਾ।
ਸੌਚ ਸ਼ਨਾਨ ਕਰਨ ਕਹੁ ਲਾਗਾ।
ਦੋਨਹੁਂ ਧੁਜਨੀ[1] ਕੇ ਭਟ ਭਾਰੇ। [1]ਸੈਨਾ।
ਜਾਗ੍ਰਤਿ ਕੀਨਿ ਸੁਚੇਤਾ[1] ਸਾਰੇ ॥੩॥ [1]ਸੌਚ ਸ਼ਨਾਨ।
ਸ਼ਸਤ੍ਰ ਬਸਤ੍ਰ ਪਹਿਰੇ ਨਿਜ ਅੰਗਾ।
ਡਾਰੇ ਸੁੰਦਰ ਜ਼ੀਨ ਤੁਰੰਗਾ।
ਸੁਭਟ ਸਕਲ ਉਤਸਾਹੁ ਸਮੇਤ।
ਚਾਹਤਿ ਬਿਜੈ ਕਰਜੋ ਰਣ ਖੇਤ ॥੪॥
ਸ੍ਰੀ ਹਰਿਗੋਬਿੰਦ ਚੰਦ ਅਨੰਦੇ।
ਹਿਤ ਰਣ ਕੇ ਉਤਸਾਹਿ ਬਿਲੰਦੇ।
ਬਸਤ੍ਰ ਨਵੀਨ ਸਰਬ ਹੀ ਪਾਏ।
ਦੀਰਘ ਜਾਮਾ ਗਰਹਿ ਸੁਹਾਏ ॥੫॥
ਸੁੰਦਰ ਸੇਤ ਬਡੀ ਦਸਤਾਰ।
ਜ਼ਰੀਦਾਰ ਜੁਗ ਛੋਰ[1] ਉਦਾਰ। [1]ਦੋਵੇਂ ਪੱਲੇ।
ਪੇਚ ਅਨੂਠੇ[1] ਕਰਿ ਕਰਿ ਲਾਏ। [1]ਅਚਰਜ।
ਊਪਰ ਬਾਂਧੀ ਜਿਗਾ ਸੁਹਾਏ ॥੬॥
ਜਰੇ ਜਵਾਹਰ ਜਾਗਤਿ ਜੋਤਿ।
ਦੀਪਤਿ ਦਿਪਤਿ ਸੁ ਦੀਪਤਿ ਹੋਤਿ[1]। [1]ਦੀਵੇ (ਜਿਵੇਂ) ਪ੍ਰਕਾਸ਼ਦੇ ਹਨ (ਤਿਵੇਂ) ਸੋ ਪ੍ਰਕਾਸ਼ਦੇ ਹਨ।
ਤੀਖਨ ਖੰਡਾ ਖਰੋ ਦੁਧਾਰਾ।
ਲੇਕਰ ਬਿਖੇ ਗਰੇ ਮਹਿ ਡਾਰਾ ॥੭॥

ਤਰਕਸ਼ ਖਰ ਖਪਰੇ ਭਰਿਵਾਯੋ।
ਊਪਰ ਹੀਰਨ ਤੇ ਦਿਪਤਾਯੋ।
ਗਰ ਮਹਿਂ ਡਾਰਿ ਸੁ ਬਾਂਧਜੋ ਕਟ ਸੋਂ।
ਕਸਿ ਕਟਿ[1] ਬਹੁ ਸੂਖਮ ਦਿਢ ਪਟ ਸੋਂ ॥੮॥ [1]ਲੱਕ ਕਸਿਆ।
ਜਮਧਰ ਤਿਸ ਮਹਿਂ ਕਰੀ ਸਜਾਵਨ।
ਧਨੁਖ ਕਠੋਰ ਲੀਨਿ ਮਨ ਭਾਵਨ।
ਭਏ ਅਰੂਢਨਿ ਕੋ ਜਬਿ ਤਜਾਰੀ।
ਜੋਧ ਪਠਜੋ ਨਰ ਬਿਨੈ ਉਚਾਰੀ ॥੯॥
'ਪ੍ਰਭੁ ਜੀ! ਮੋ ਕਹੁ ਲੇ ਕਰਿ ਸੰਗ।
ਆਪ ਅਰੋਹੋ ਤੇਜ ਤੁਰੰਗ।'
ਸ਼ਸਤ੍ਰ ਬਸਤ੍ਰ ਬੈਸੇ ਗੁਰ ਪਹਿਰੇ।
ਜੋਧ ਪ੍ਰਤੀਖਤਿ ਹੈਂ ਕੁਛ ਠਹਿਰੇ ॥੧੦॥
ਸਿਖ ਕੀ ਤਨੁਜਾ ਸੁਨਜੋ ਪ੍ਰਸੰਗ।
'ਤੁਰਕਨ ਸੰਗ ਪਰਹਿ ਗੁਰ ਜੰਗ।'
ਜੋਧ ਆਪਨੋ ਪਤਿ ਸਮੁਝਾਯੋ।
'ਭਲੀ ਕਰੀ ਤੁਮ, ਮਮ ਮਨ ਭਾਯੋ ॥੧੧॥
ਸਰਬ ਕਲਾ ਸਮਰਥ ਗੁਰ ਪੂਰਾ।
ਕਰਮ ਕਰਤਿ ਮਾਨਵ ਸਮ ਰੂਰਾ।
ਕਬਹੁੰ ਨ ਹੂਜਹਿ ਇਨ ਪ੍ਰਤਿਕੂਲ।
ਹਾਥ ਜੋਰਿ ਰਹੀਅਹਿ ਅਨਕੂਲ ॥੧੨॥
ਨਹਿਂ ਸੰਗ੍ਰਾਮ ਬਿਖੈ ਡਰ ਕੋਈ।
ਲਸ਼ਕਰ ਤੁਰਕ ਜਿ ਦਸ ਗੁਨ ਹੋਈ।
ਨਰ ਬਪੁਰੇ ਇਹ ਕਹਾਂ ਅਗਾਰੀ।
ਸੁਰਪਤਿ ਲਰਹਿ ਜਿ ਲੇ ਸੁਰ ਝਾਰੀ[1] ॥੧੩॥ [1]ਸਾਰੇ ਦੇਵਤੇ ਲੈ ਕੇ ਜੋ ਇੰਦ੍ਰ ਬੀ ਲੜੇ।
ਸ਼੍ਰੀ ਹਰਿਗੋਬਿੰਦ ਸਭਿਨਿ ਪਲਾਵਹਿਂ।
ਸ਼ੱਤ੍ਰੂ ਹਤਹਿਂ ਜੀਤ ਕੋ ਪਾਵਹਿਂ।
ਨਹੀਂ ਸ਼ਾਹੁ ਤੇ ਕੀਜਹਿ ਤ੍ਰਾਸ।
ਗੁਰੁ ਸਹਾਇ, ਤੌ ਸਦਾ ਬਿਲਾਸ[1] ॥੧੪॥ [1]ਤਾਂ ਸਦਾ ਅਨੰਦ ਹੈ।
ਸਨਮੁਖ ਹਤਹੁ ਸ਼ੱਤ੍ਰ ਰਣ ਬਿਖੈ।

ਹੁਇ ਪ੍ਰਸੰਨ ਜਿਸ ਤੇ ਗੁਰੁ ਪਿਖੈਂ।
ਨਿਜ ਕੁਲ ਓਰ ਨਿਹਾਰਨਿ ਕਰੀਅਹਿ।
ਸੁਜਸੁ ਜਗਤ ਜ਼ਾਹਰ ਬਿਸਤਰੀਅਹਿ' ॥੧੫॥
ਨਿਜ ਤ੍ਰਿਯ ਤੇ ਸੁਨਿ ਜੋਧ ਉਚਾਰੀ।
'ਮਮ ਉਰ ਉਪਜੀ ਸ਼ਰਧਾ ਭਾਰੀ।
ਗੁਰ ਕੋ ਸੰਗ ਨ ਤਜੋਂ ਕਦਾਈਂ।
ਇਨ ਪਦ ਤਰ[1] ਦਿਉਂ ਪ੍ਰਾਨ ਗਵਾਈ ॥੧੬॥

[1]ਇਨ੍ਹਾਂ ਦੇ ਚਰਨਾਂ ਦੇ ਹੇਠ।

ਦੋਨਹੁ ਲੋਕ ਭਲਾ ਜੋ ਕਰਿਹੀਂ[1]।
ਮੂਰਖ ਇਨ ਕੀ ਸ਼ਰਨ ਪ੍ਰਹਰਿਹੀਂ।
ਜਝੋਂ ਜਝੋਂ ਰਣ ਮਹਿਂ ਆਇਸੁ ਦੈ ਹੈਂ।
ਜਹਾਂ ਪਠਹਿਂ, ਜਿਹ ਸੰਗ ਲਰੈ ਹੈਂ ॥੧੭॥
ਤਹਿਂ ਘਾਲੌਂ ਘਮਸਾਨ ਘਨੇਰਾ।
ਸੁਨੀਅਹਿ ਇਹਾਂ ਜਥਾ ਬਲ ਮੇਰਾ।'
ਇਮ ਦੰਪਤਿ ਕਹਿ ਆਪਸ ਮਾਂਹੀ।
ਸ਼ਸਤ੍ਰ ਬਸਤ੍ਰ ਪਹਿਰੇ ਤਨ ਤਾਂਹੀ ॥੧੮॥
ਚਢਿ ਤੁਰੰਗ ਪਰ ਤਬਿ ਚਲਿ ਆਯੋ।
ਗੁਰ ਪਗ ਪੰਕਜ ਸੀਸ ਨਿਵਾਯੋ।
ਭ੍ਰਾਤ ਸਲੇਮ ਸ਼ਾਹੁ ਕੋ ਆਨਾ।
ਦੋਨਹੁ ਜੋਧਾ ਬਲੀ ਮਹਾਨਾ ॥੧੯॥
ਸਾਦਰ ਸਤਿਗੁਰ ਪਾਸ ਬਿਠਾਏ।
ਏਕ ਹਜ਼ਾਰ ਸੈਨ ਸੰਗ ਲ਼ਜਾਏ।
ਜੋਧ ਰਾਇ ਕਹਿ 'ਸੁਨਿ ਗੁਰ ਪੂਰੇ!
ਅਬਿ ਅਰੂਢਿਬੋ ਬਨਹਿਂ ਜ਼ਰੂਰੇ' ॥੨੦॥
ਸ਼੍ਰੀ ਹਰਿਗੋਬਿੰਦ ਗਿਰਾ ਉਚਾਰੀ।
'ਹਮ ਬੈਠੇ ਬਨਿ ਕਰਿ ਅਬਿ ਤਯਾਰੀ।
ਪਹਿਲੇ ਪਹਿਰ ਦਿਵਸ ਕੇ ਡੇਰਾ।
ਗਮਨਹਿਂ, ਕਰਹਿਂ ਤਾਲ ਜਲ ਘੇਰਾ' ॥੨੧॥

[1]ਦੋਹਾਂ ਲੋਕਾਂ ਵਿਚ (ਜੋ ਗੁਰੂ ਸਾਹਿਬ) ਭਲਾ ਕਰਦੇ ਹਨ।

ਨਾਮ 'ਜਾਨ ਭਾਈ' ਹਯ ਮੇਲਾ[1]।
ਧਰਿ ਦੂਸਰ ਕੋ ਨਾਮ 'ਸੁਹੇਲਾ।'

[1](ਇਕ) ਘੋੜੇ ਦਾ ਨਾਮ 'ਜਾਨ ਭਾਈ' ਰਖਿਆ ਸੀ।

ਜਬਰ ਜਵਾਹਰ ਜ਼ੀਨ ਜਰਾਊ।
ਦੋਨਹੁੰ ਪਰ ਸ਼ੋਭਤਿ ਦੁਤਿ ਦਾਊ[1] ॥੨੨॥

[1]ਸੋਭਾ ਦੇਣ ਵਾਲੀਆਂ (ਕਾਠੀਆਂ)।

ਕਹ੍ਯੋ 'ਜਾਨ ਭਾਈ' ਮੰਗਵਾਯੋ।
ਸ਼੍ਰਮਤਿ ਸੁਹੇਲਾ ਲਖਿ ਨ ਅਨਾਯੋ[1]।

[1]ਨਹੀਂ ਮੰਗਵਾਇਆ।

'ਕੋਤਲ ਚਲਹਿ ਸੰਗ ਡੁਰਿਆਯੋ[1]।'

[1]ਵਾਗ ਫੜ ਕੇ ਨਾਲ ਖਾਲੀ ਤੁਰਿਆ ਚੱਲੇ [ਫਾ. ਕੋਤਲ = ਸਜਾਵਟ ਲਈ ਖਾਲੀ ਚਲਦਾ ਘੋੜਾ। ਤੁਰਕੀ ਵਿਚ ਕੋਤਲ = ਖਾਸ ਸਵਾਰੀ ਦੇ ਘੋੜੇ ਨੂੰ ਕਹਿੰਦੇ ਹਨ। ਕਸ਼ਮੀਰੀ ਵਿਚ ਕੋਤਲ ਨਾਮ ਕਬੂਤਰ ਦਾ ਹੈ। ਜਿਸ ਘੋੜੇ ਦੀ ਧੌਣ ਕਬੂਤਰ ਵਰਗੀ ਹੋਵੇ]

ਸੁਨਿ ਗੁਰ ਹੁਕਮ ਤੁਰਤ ਲੇ ਆਯੋ ॥੨੩॥
ਜੋਧਾਰਾਇ ਕੋ ਕਰ ਗੁਰ ਗਹ੍ਯੋ।
ਆਗੇ ਹੋਇ ਤੁਰੰਗਮ ਲਹ੍ਯੋ।
ਕਰਹਿ ਸਰਾਹਿਨ ਤਬਿ ਆਰੋਹੇ।
ਮਨਹੁੰ ਬਿਸ਼ਨੁ ਖਗਪਤਿ[1] ਪਰ ਸੋਹੇ ॥੨੪॥

[1]ਗਰੁੜ।

ਕਹ੍ਯੋ, ਰਾਇ ਤਬਿ ਨਿਜ ਹਯ ਚਢ੍ਯੋ।
ਉਰ ਉਤਸਾਹੁ ਸਭਿਨਿ ਕੇ ਬਢ੍ਯੋ।
ਪਰੀ ਚੋਬ ਧੌਂਸਾ ਧੁੰਕਾਰਾ।
ਸੁਨਤਿ ਅਰੂਢ੍ਯੋ ਤਬਿ ਦਲ ਸਾਰਾ ॥੨੫॥
ਤੀਨ ਹਜ਼ਾਰ ਚਮੂੰ ਗੁਰ ਕੇਰੀ।
ਕਾਂਗੜ ਪਤਿ ਹਜ਼ਾਰ ਤਿਸ ਬੇਰੀ।
ਚਤਰ ਸਹੰਸ੍ਰ ਸੰਗ ਚਢਿ ਚਾਲੀ।
ਲਰਿਬੇ ਹਿਤ ਚਿਤ ਚੌਂਪ ਬਿਸਾਲੀ ॥੨੬॥
ਮਾਰਗ ਗਮਨੇ ਗੁਰੂ ਅਗਾਰੀ।
ਜੋਧ ਬਰਾਬਰ ਕਰ੍ਯੋ ਹਕਾਰੀ।
ਚਲੇ ਸਰਾਹਤਿ ਚਪਲ ਤੁਰੰਗ।
ਅਰੁ ਲਜਾਵਨ ਕੋ ਕਹਤਿ ਪ੍ਰਸੰਗ ॥੨੭॥
'ਬਿਖਮ ਸਥਾਨ ਸ਼ਾਹੁ ਕੇ ਤੀਰ।
ਰਹਹਿ ਸੁਭਾਇਕ ਬਹੁ ਭਟ ਭੀਰ।
ਬਲ ਬੁਧਿ ਤੇ ਬਡ ਕਰੀ ਦਲੇਰੀ।

ਬਨਜੋ ਘਸੇਰਾ ਸੇਵ ਘਨੇਰੀ ॥੨੮॥
ਹਯ ਗੁਨ ਬਡੇ ਸ਼ਾਹੁ ਕੋ ਪਜਾਰੇ।
ਪ੍ਰਥਮ ਕਰੇ ਸੇਵਕ ਮਤਿਵਾਰੇ[1]।
ਆਨਜੋ ਘੋਰਾ ਪ੍ਰਥਮ ਕੁਦਾਇ।
ਸਭਿ ਕੇ ਬਦਨ ਕਲੰਕ ਲਗਾਇ ॥੨੯॥
ਜੋਧਰਾਇ ਤੁਮ ਕਰਹੁ ਬਿਚਾਰਾ।
ਜਜੋਂ ਜਜੋਂ ਪੂਰਬ ਤੁਰੰਗ ਨਿਕਾਰਾ।
ਗਯੋ ਬਹੁਰ ਇਹੁ ਲਜਾਇ ਸੁਹੇਲਾ।
ਪਹੁੰਚਨਿ ਭੀ ਢਿਗ ਹੁਤੋ ਦੁਹੇਲਾ ॥੩੦॥
ਬੇਸ ਬਨਾਯੋ ਹਿੰਦੁਸਤਾਨੀ।
ਨਹਿਂ ਪਰਖਨ ਤੇ ਇਹੁ ਬਿਧਿ ਠਾਨੀ।
ਖੋਜੀ ਬਨਿ ਕੀਨੋ ਸੰਬਾਦਿ।
ਸਭਿ ਕੇ ਸੰਗ[†] ਸ਼ਾਹੁ ਤੇ ਆਦਿ ॥੩੧॥
ਕਹਜੋ ਰਜਤਪਣ ਲਾਖਹੁਂ ਦੈਨਿ।
ਹਮਰੇ ਹਿਤ ਕਰਿ ਚਹੇ ਨ ਲੇਨਿ।
ਕੂਰ ਪਦਾਰਥ ਸਗਰੇ ਜਾਨੇ।
ਸਿੱਖੀ ਰਖੀ ਸਾਚ ਕੋ ਮਾਨੇ[1] ॥੩੨॥
ਤਹਿਂ ਦੇਖਹੁ ਬੁਧਿ ਬਲ ਇਸ ਕੇਰਾ।
ਤਿਨ ਤੇ ਜ਼ੀਨ ਪਵਾਯਹੁ ਫੇਰਾ।
ਕੁਲਫ ਲਗਾਇ ਕੈਦ ਸਭਿ ਕਰੇ।
ਹਯ ਲਜਾਯਹੁ ਮੂਰਖ ਸਭਿ ਛਰੇ ॥੩੩॥
ਇਸ ਬਿਧਿ ਕੀ ਬੁਧਿ ਬਿਧੀਏ ਮਾਂਹਿ।
ਅਪਰ ਕਿਸੀ ਕੇ ਲਖੀਯਤਿ ਨਾਂਹਿ।'
ਸੁਨਤਿ ਜੋਧ ਕਹਿ 'ਕ੍ਰਿਪਾ ਤੁਮਾਰੀ।
ਸੁਮਤਿਵੰਤ ਮਹਿਂ ਉੱਤਮ ਭਾਰੀ ॥੩੪॥
ਭਯੋ ਨ ਹ੍ਵੈ ਹੈ ਕਬਿ ਅਸ ਦੰਭਾ।
ਦੇਖਤਿ ਸੁਨਤੇ ਹੋਤਿ ਅਚੰਭਾ।'
ਇੱਤਜਾਦਿਕ ਗਮਨਤਿ ਕਰਿ ਬਾਤੀ।
ਨਿਸ ਬਿਤੀਤ ਪ੍ਰਗਟੀ ਪੁਨ ਪ੍ਰਾਤੀ ॥੩੫॥
ਤੇਜ -ਜਾਨ ਭਾਈ- ਕਰਿ ਛੇਰਾ[1]।
ਗਿਨ ਗਿਨ ਚਰਨ ਧਰਹਿ ਤਿਸ ਬੇਰਾ।

[1]ਸ਼ਰਾਬ ਵਿਚ ਮਸਤ।

[†]ਪਾ:-ਤੇ ਅੱਗੂ।

[1]ਸਿਖੀ ਨੂੰ ਸੱਚੀ ਮੰਨਕੇ ਧਾਰੀ ਰੱਖਿਆ।

[1]ਛੇੜਕੇ ਤੇਜ਼ ਕੀਤਾ।

ਲਘੁ ਛਾਲਨਿ ਤੇ ਸੋਹਤਿ ਬਾਜੀ[1]। [1]ਘੋੜਾ।
ਜਨੁ ਉੱਤਮ ਨਟ ਕੀਨਸਿ ਬਾਜ਼ੀ[1] ॥੩੬॥ [1]ਬਾਜ਼ੀਗਰ ਦੀ) ਖੇਡ।
ਸੁੰਮ ਆਗਲੇ ਛੁਵਤਿ ਸੁ ਛਾਤੀ[1]। [1]ਅਗਲੇ ਸੁੰਮ ਛਾਤੀ ਨੂੰ ਛੁਹਾਕੇ।
ਕਰਤਿ ਕੁੰਡਲੀ ਜੁਗ ਇਕ ਭਾਂਤੀ[1]। [1](ਇਕੱਠੇ) ਦੋਹਾਂ ਪੈਰਾਂ (ਨਾਲ) ਇਕੇ ਤਰ੍ਹਾਂ ਕੁੰਡਲੀ ਪਾਉਂਦਾ ਹੈ।
ਛਿਤ ਛੁਹਾਇ ਪਾਛਲ ਪਗ ਜਾਨੂ[1]। [1]ਪਿਛਲੇ ਪੈਰ ਗੋਡਿਆਂ ਤਕ ਪ੍ਰਿਥਵੀ ਨੂੰ ਛੁਹਾਕੇ।
ਉਠਿ ਉਠਿ ਪਰਤਿ ਸੁਭਤਿ ਬਲਵਾਨੂ ॥੩੭॥
ਚਪਲਤਿ ਚਲਤਿ, ਕਹਾਂ ਮ੍ਰਿਗਛੌਨਾ[1]। [1]ਹਰਨ ਦਾ ਬੱਚਾ ਵੀ ਕਿੱਥੇ (ਚਲ ਸਕਦਾ ਹੈ)।
ਧਾਇ ਪਿਛਾਰੀ ਡਾਰਤਿ ਪੌਨਾ[1]। [1]ਪੌਣ ਨੂੰ ਪਿੱਛੇ ਸੁੱਟਦਾ ਹੈ (ਜਦ) ਦੌੜਦਾ ਹੈ।
ਇਕ ਦੁਇ ਛਾਰ ਕਰਾਇ ਬਡੇਰੀ।
ਧੀਰ ਦੇਤਿ ਰੋਕਯੋ ਤਿਸ ਬੇਰੀ ॥੩੮॥
ਚੰਚਲਿ ਚਲਤਿ ਚਾਲ ਚਤੁਰਾਈ।
ਚਾਰੁ ਬਿਲੋਚਨ ਚਤੁਰ ਨਚਾਈ[1]। [1]ਚਹੁੰਆਂ (ਪਾਸਿਆਂ ਵਲ) ਨਚਾਉਂਦਾ ਹੈ ਸੁਹਣੇ ਨੈਣ।
ਚਿਤਵਤਿ ਚਾਹਿ ਚਕਤਿ ਚਿਤ ਸਾਰੇ[1]। [1]ਸਾਰੇ ਚਾਹ ਕੇ ਦੇਖਦੇ ਹਨ ਤੇ ਦੇਖਕੇ ਹੈਰਾਨ ਹੋ ਜਾਂਦੇ ਹਨ।
ਹਰਖਤਿ ਕਹਿਂ 'ਬਿਧਿ[1] ਆਪ ਸੁਧਾਰੇ' ॥੩੯॥ [1]ਬਿਧਾਤਾ ਨੇ।
ਅਪਰ ਕਹਾਂ ਲਗਿ ਕਰਵ ਬਡਾਈ।
ਤੁਰੰਗਨ ਕੇ ਗੁਨ ਗਨ ਇਕ ਥਾਈਂ।
ਕਾਂਗੜ ਤੇ ਦੱਖਣ ਦਿਸ਼ਿ ਗਏ।
ਮਹਾਂ ਉਜਾੜ ਬਿਲੋਕਤਿ ਭਏ ॥੪੦॥
ਭਰਯੋ ਬਿਮਲ ਜਲ ਤਾਲ ਨਿਹਾਰਾ।
ਜੋਧਰਾਇ ਗੁਰ ਸੰਗ ਉਚਾਰਾ।
'ਮਹਾਰਾਜ! ਇਹੁ ਥਾਨ ਮਹਾਨਾ।
ਲਰਿਬੇ ਹਿਤ ਹਮ ਪਰਖਨਿ ਠਾਨਾ ॥੪੧॥
ਦੂਰ ਦੂਰ ਲਗਿ ਬਡੀ ਉਜਾਰੀ।
ਖੋਜਯੋ ਪਾਇ ਨਹੀਂ ਕਿਤ ਬਾਰੀ[1]। [1]ਜਲ।
ਹਮ ਆਗੇ ਬਹੁ ਬਾਰ ਨਿਹਾਰਾ।
ਖੇਲਤਿ ਪਹੁਚੇ ਅਧਿਕ ਸ਼ਿਕਾਰਾ ॥੪੨॥
ਰਹੇ ਬਿਚਾਰਤਿ -ਕਬਿ ਇਸ ਥਾਂਈ।

ਰਿਪੁ ਆਵਹਿਂ ਜਬਿ ਕਰਹਿਂ ਲਰਾਈ-।
ਚਹਤਿ ਹੁਤੇ ਸੋਈ ਬਿਧਿ ਹੋਈ।
ਹਤਹਿਂ ਸ਼ੱਤ੍ਰੁ ਚਲਿ ਪਹੁੰਚੈ ਕੋਈ' ॥੪੩॥
ਪਿਖਿ ਸਥਾਨ ਗੁਰ ਹਰਖ ਨ ਥੋਰਾ।
'ਸਾਧ ਸਾਧ, ਆਛੇ ਥਲ ਟੋਰਾ।'
ਇਹ ਕਹਿ ਉਤਰ ਪਰੇ ਸਰ ਤੀਰ।
ਨੈਨ ਨਿਹਾਰਯੋ ਨਿਰਮਲ ਨੀਰ ॥੪੪॥
ਕੀਨੋ ਸੈਨਾ ਸਿਵਰ ਪ੍ਰਮੋਦ।
ਭਰੇ ਤਾਲ ਕੇ ਚਾਰਹੁ ਕੋਦ[1]। [1]ਚਾਰੋਂ ਪਾਸੇ।
ਸਾਵਧਾਨ ਹ੍ਵੈ ਕੈ ਬਰ ਬੀਰ।
ਖਰ ਆਯੁਧ ਕੀ[1] ਜਹਿ ਕਹਿਂ ਭੀਰ ॥੪੫॥ [1]ਤਿੱਖੇ ਸ਼ਸਤ੍ਰਾਂ ਦੀ।
ਤਾਲ ਤੀਰ ਥਲ ਭਲ ਅਵਿਲੋਕਾ।
ਗੁਰੁ ਤੰਬੂ ਲਗਿ ਚੋਬ ਸੁ ਦੋ ਕਾ[1]। [1]ਦੋ ਚੋਬਾ ਤੰਬੂ।
ਬਿਚ ਸੁੰਦਰ ਪਰਯੰਕ ਡਸਾਏ।
ਆਸਤਰਨ ਕਰਿ ਬੈਠਿ ਸੁਹਾਏ ॥੪੬॥
ਦਿਸ਼ਾ ਦੂਸਰੀ ਹੇਰਿ ਸਥਾਨ।
ਲਗਯੋ ਰਾਇ ਤੰਬੁ ਦੁਤਿਵਾਨ।
ਨਿਜ ਨਿਜ ਸ਼ੁਭਟਨ ਬ੍ਰਿੰਦ ਲਗਾਏ।
ਹਿਤ ਬਿੱਸ੍ਰਾਮ ਖਰੇ ਸਮੁਦਾਏ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਕਾਂਗੜ ਤੇ ਪ੍ਰਸਥਾਨ' ਪ੍ਰਸੰਗ ਬਰਨਨੰ ਨਾਮ ਏਕ ਊਨ ਚਤਵਾਰਿੰਸਤੀ ਅੰਸੂ ॥੩੯॥

੪੦. [ਜੰਗ ਦੀਆਂ ਤਿਆਰੀਆਂ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:
ਤਿਸੀ ਤਾਲ ਕੇ ਦੁਇ ਦਿਸ,
ਲਹਿਰਾ ਔਰੁ ਮਰ੍ਰਾਜ[1]।
ਪਹੁੰਚੇ ਸ਼੍ਰੀ ਹਰਿਰਾਇ ਜਬਿ,
ਗ੍ਰਾਮ ਬਸਾਏ ਸਾਜ[1] ॥੧॥
ਚੌਪਈ:
ਦੁਇ ਦੁਇ ਕੋਸ ਦੋਇ ਦਿਸ਼ ਗ੍ਰਾਮੂ।
ਲਹਿਰਾ ਅਰੁ ਮਰ੍ਰਾਜ ਜਿਸ ਨਾਮੂ।
ਸ਼੍ਰੀ ਸਤਿਗੁਰ ਹਰਿਰਾਇ ਬਸਾਏ।
ਅੱਗ੍ਰ ਕਥਾ ਇਹ ਦੇਉਂ ਸੁਨਾਏ ॥੨॥
ਸ਼੍ਰੀ ਹਰਿ ਗੋਵਿੰਦ ਪਹੁੰਚੇ ਜਾਇ।
ਹੁਤੀ ਉਜਾਰ ਤਹਾਂ ਸਮੁਦਾਇ।
ਨਹੀਂ ਗ੍ਰਾਮ ਨੇਰੇ, ਨਹਿਂ ਪਾਨੀ।
ਭਏ ਮਵਾਸ ਮਹਾਂ ਗੁਨਖਾਨੀ ॥੩॥
ਸਭਿ ਸੁਭਟਨਿ ਕੋ ਦੀਨਿ ਸੁਨਾਈ।
'ਰਹਹੁ ਸੁਚੇਤ ਕਰਹੁ ਤਕਰਾਈ।
ਰਿਪੁ ਗਨ ਪਹੁੰਚੇ ਹੀ ਅਬਿ ਜਾਨੋਂ।
ਦ੍ਵੈ ਗੁਲਕਾ ਭਰਿ[1] ਹਤਹੁ ਨਿਸ਼ਾਨੋ ॥੪॥
ਗੁਰ ਪ੍ਰਤਾਪ ਤੇ ਜਢ ਰਿਪੁ ਬਨੈ[1]।
ਆਇਂ ਸਮੂਹ ਸੁਗਮ ਹੀ ਹਨੈਂ।
ਜਿਮ ਹਯ ਲਜਾਇ ਲਗਾਇ ਕਲੰਕ[1]।
ਤਿਮ ਲਿਹੁ ਬਿਜੈ ਸੰਘਾਰਿ ਨਿਸ਼ੰਕ'
॥੫॥
ਸੁਨਿ ਉਤਸਾਹ ਭਟਨ ਕੋ ਹੋਵਾ।
ਅਧਿਕ ਬੀਰ ਰਸ ਰਿਦੈ ਪਰੋਵਾ।
ਜ਼ੀਨ ਸਮੇਤ ਖਰੇ ਹਯ ਰਾਖੇ।
ਆਪ ਸਨੱਧਬੱਧ ਰਿਪੁ ਕਾਂਖੇ[1] ॥੬॥
ਇਮ ਸਤਿਗੁਰ ਤਹਿਂ ਕੀਨਸਿ ਡੇਰਾ।
ਅਬਿ ਪ੍ਰਸੰਗ ਸੁਨਿ ਤੁਰਕਨਿ ਕੇਰਾ।
ਜਬਿ ਬਿਧੀਏ ਹਯ ਕੀਨਿ ਕੁਦਾਵਨ।

[1]ਦੋ ਪਿੰਡਾਂ ਦੇ ਨਾਮ ਹਨ।
[1]ਸਜਾਕੇ।
[1]ਦੋ ਦੋ ਗੋਲੀਆਂ ਭਰਕੇ।
[1]ਵੈਰੀ ਜੜ ਹੋ ਜਾਣਗੇ।
[1]ਵੈਰੀ ਨੂੰ) ਕਲੰਕ ਲਾ ਕੇ।
[1]ਵੈਰੀ ਨੂੰ ਉਡੀਕਦੇ ਹਨ।

ਦੁਰਗ ਦਿਵਾਰ ਨਦੀ ਤਰਿ ਜਾਵਨ ॥੭॥
ਸ਼ਾਹ ਸਰਬ ਹੀ ਚਰਿਤ ਨਿਹਾਰੇ।
ਹਾਕ ਪੁਕਾਰ ਪੁਕਾਰ ਉਚਾਰੇ[1]।
'ਕਹਾਂ ਭਈ ਤੁਮ ਮਾਰ ਖੁਦਾਇ।
ਪ੍ਰਿਯ ਤੁਰੰਗ ਲੇ ਚਲ੍ਯੋ ਧਵਾਇ ॥੮॥
ਤੁਮ ਸਭਿਹਿਨਿ ਕੀ ਅਸਿ ਮਤਿ ਮਾਰੀ।
ਨਹਿਂ ਤਸਕਰ ਕੀ ਕੀਨਿ ਚਿਨਾਰੀ।'
ਜਹਾਂ ਪਾਹਰੂ ਅਰ ਨਰ ਕੋਈ।
ਸੁਨਹਿ ਸ਼ਾਹੁ ਬਾਨੀ ਦੁਖ ਭੋਈ[1] ॥੯॥
ਉਤਰਹਿ ਤਰੇ ਬਹੁਰਿ ਚਢਿ ਜਾਇ।
ਨਹਿਂ ਨਿਕਸਨਿ ਕੋ ਪਾਵਹਿ ਥਾਇਂ।
ਸਭਿ ਪੌਰਨ ਕੋ ਕੁਲਫ ਲਗਾਏ।
ਇਤ ਉਤ ਬਿਚਰਹਿ ਬਸ ਨ ਬਸਾਏ ॥੧੦॥
ਜਥਾ ਬਿਹੰਗ ਪਿੰਜਰੇ ਕੋਇ।
ਛੇਰੀਂ ਭਰਮੈ ਮੁਕਤਿ ਨ ਹੋਇ[1]।
ਊਚੇ ਚਢਹਿ ਪੁਕਾਰਤਿ ਭਾਖੇ।
ਕ੍ਰਿਖੀ ਮਨੋ ਜਿਮ ਬੋਲਤਿ ਰਾਖੇ[1] ॥੧੧॥
ਮਨਹੁਂ ਗਿਰਨ ਕੇ ਸਿਖਰ ਪਹਾਰੀ।
ਉਤਰ੍ਯੋ ਜਾਇ ਨ ਕਰਤਿ ਪੁਕਾਰੀ।
ਸ਼ਾਹੁ ਜਹਾਂ ਹੁਇ ਕੋਪ ਬਿਸਾਲੇ।
ਦੰਤਨਿ ਪੀਸਤਿ ਵਸ ਨਹਿਂ ਚਾਲੇ ॥੧੨॥
ਮਰਦਤਿ ਹਾਥਨ ਕੋ ਦੁਖ ਭਰੇ।
ਲੇ ਲੇ ਨਾਮ ਪੁਕਾਰਨ ਕਰੇ।
ਉਚੇ ਬੋਲਤਿ ਲੋਕ ਸੁਨਾਵੈਂ।
'ਹਜ਼ਰਤ ਜੀ! ਕੁਛ ਵਸ ਨ ਵਸਾਵੈ ॥੧੩॥
ਕਰਹਿਂ ਉਖੇਰਨਿ ਅਬਹਿ ਕਿਵਾਰ।
ਨਿਕਸਹਿਂ ਵਹਿਰ ਸਰੈ ਨਹਿਂ ਕਾਰ।
ਹਯ ਗੁਲਬਾਗ, ਗਹੈ ਤਿਸ ਕੌਨ।
ਜੋ ਪਾਛੈ ਹੀ ਛੋਰਤਿ ਪੌਨ' ॥੧੪॥

[1]ਪੁਕਾਰ ਪੁਕਾਰ ਕੇ ਹਾਕਾਂ ਮਾਰਨ ਲੱਗਾ।

[1]ਦੁੱਖ ਨਾਲ ਮਿਲੀ।

[1]ਇਹ ਤੁਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ। ਅਰਥ ਹੈ:-(ਜਿਵੇਂ ਪਿੰਜਰੇ ਪਿਆ ਪੰਛੀ ਪਿੰਜਰੇ ਦੇ) ਛੇਕਾਂ ਵਿਚ (ਸਿਰ ਦੇ ਦੇ) ਫਿਰਦਾ ਹੈ, ਉਹ ਛੁੱਟ ਨਹੀਂ ਸਕਦਾ।

[1]ਖੇਤੀ ਦਾ ਰਾਖਾ।

ਜ਼ੋਰ ਦਰੋਗੇ ਕਰਿ ਕਰਿ ਬਾਹੂੰ।
ਕਰਯੋ ਕਿਵਰ ਉਖਾਰਨ ਤਾਹੂੰ।
ਨਿਕਸਯੋ ਵਹਿਰ ਸ਼ਾਹੁ ਦਿਸ਼ਿ ਗਯੋ।
ਸੰਮਨ ਬੁਰਜ ਕੁਲਫ ਤਹਿਂ ਦਯੋ ॥੧੫॥
ਲੇ ਕੁਠਾਰ ਕਹੁ ਤੋਰਯੋ ਤਾਰਾ।
ਅੰਤਰਿ ਪਹੁੰਚਯੋ ਸ਼ਾਹੁ ਨਿਹਾਰਾ।
ਮਹਾਂ ਦੁਖਤਿ ਬਯਾਕੁਲ ਹੁਇ ਰਹਯੋ।
ਦੇਖਿ ਦਰੋਗੇ ਕੋ ਤਬਿ ਕਹਯੋ ॥੧੬॥
'ਕਹਾਂ ਭਯੋ ਅਚਰਜ, ਮਤਿ ਮੰਦਹੁ !
ਦੰਭ[1] ਨ ਜਾਨਯੋ ਮਿਲਿ ਨਰ ਬ੍ਰਿੰਦਹੁ ! — [1]ਬਨਾਉਟ।
ਬਿਨ ਤਾਰੀ ਤਾਰੇ[1] ਤੁਰਵਾਵਹੁ। — [1]ਕੁੰਜੀਆਂ ਤੋਂ ਬਿਨਾਂ (ਜੋ) ਜੰਦਰੇ ਹਨ।
ਜਹਿਂ ਕਹਿਂ ਅਧਿਕ ਮਸਾਲ ਜਲਾਵਹੁ ॥੧੭॥
ਸੋਂਧੇ ਮਾਨਵ ਕਿਤਿਕ ਹਕਾਰੇ।
ਜਾਰਿ ਮਸਾਲੈਂ ਤੋਰਤਿ ਤਾਰੇ।
ਕਹੂੰ ਸ਼ੀਘ੍ਰਤਾ ਅਧਿਕ ਕਰੰਤੇ।
ਆਗ ਲਗਾਇ ਕਿਵਾਰ ਜਲੰਤੇ ॥੧੮॥
ਕਹੂੰ ਕੁਠਾਰਨਿ ਸੋਂ ਕਰਿ ਕਾਟੈਂ।
ਡਰਤਿ ਸਰਬ ਹੀ, ਹਜ਼ਰਤ ਡਾਂਟੈ।
ਕਹੂੰ ਕੰਧ ਕੋ ਕਰਹਿਂ ਬਿਦਾਰਨ।
ਫਸੇ ਜੁ ਨਰ ਸੋ ਕਰੇ ਨਿਕਾਰਨ ॥੧੯॥
ਹੁਤੇ ਕੈਦ ਜਨੁ ਕਰੇ ਖਲਾਸੀ।
ਕੋ ਚਲਿ ਜਾਤਿ ਸ਼ਾਹੁ ਕੇ ਪਾਸੀ।
ਭਯੋ ਨਗਰ ਮਹਿਂ ਏਕ ਅਚੰਭਾ।
ਪਿਖਯੋ ਨ ਅਸ ਕਬਿ ਕੌਤਕ ਦੰਭਾ ॥੨੦॥
ਜਾਗ ਪਰੇ ਸਗਰੇ ਨਰ ਨਾਰੀ।
ਠੌਰ ਠੌਰ ਰੌਰਾ ਪਰਿ ਭਾਰੀ।
'ਕਹਾਂ ਭਯੋ ?' ਬੂਝਤਿ ਕੋ ਖਰੇ।
ਕੋ ਕੋ ਲਖੈਂ, ਬਤਾਵਨ ਕਰੇ ॥੨੧॥
ਹੁਤੇ ਸਮੀਪੀ ਸੋ ਚਲਿ ਗਏ।
ਸ਼ਾਹੁ ਜਹਾਂ ਕੋ ਬੂਝਤਿ ਭਏ।

'ਕਹਹੁ ਉਪਾਇ ਕੌਨ ਬਨਿ ਆਵੈ?
ਲੇ ਅਬਿ ਗਯੋ ਨ ਕਰਯੋ ਜਾਵੈ ॥੨੨॥
ਗ੍ਰਾਮ ਨਾਮ ਅਰੁ ਜੋ ਗੁਰ ਬਲੀ।
ਕਹਿ ਇਹੁ ਗਯੋ ਲਖਹੁ ਬਹੁ ਭਲੀ[1]।
[1](ਇਹ) ਵੀ ਬੜੀ ਚੰਗੀ ਗੱਲ ਜਾਣੋ।
ਅੰਧਕਾਰ ਫੈਲਯੋ ਨਿਸ ਮਹਾਂ।
ਅਬਿ ਹਯ ਤਸਕਰ ਪ੍ਰਾਪਤਿ ਕਹਾਂ'
॥੨੩॥
ਸੁਨਤਿ ਸ਼ਾਹੁ ਬਹੁ ਰਿਸ ਕਰਿ ਕਹਯੋ?
'ਕਿਨਹੁਂ ਸੁਮਤਿ ਕਰਿ ਚੋਰ ਨ ਲਹਯੋ।
ਕੇਤਿਕ ਦਿਵਸ ਅਗਾਰੀ ਰਹਯੋ।
ਅਬਿ ਲੇ ਗਯੋ ਰਿਦਾ ਮਮ ਦਹਯੋ ॥੨੪॥
ਸਰਬ ਲੋਕ ਕਰਿ ਕੈ ਮਤਿ ਮੰਦੇ।
ਲੇ ਗਮਨਯੋ ਮਮ ਤੁਰੰਗ ਬਿਲੰਦੇ।
ਅਬਿ ਤੇ ਹੋਤਿ ਉਪਾਵ ਨ ਕੋਈ।
ਗਯੋ ਸੁ ਗਯੋ ਨ ਪ੍ਰਾਪਤਿ ਹੋਈ ॥੨੫॥
ਹੋਤਿ ਪ੍ਰਾਤ ਕੇ ਚਢਤਿ ਸਿਧਾਰੌਂ।
ਕੈ ਗੁਰ ਗਹੌਂ ਕਿ ਰਣ ਕਰਿ ਮਾਰੌਂ।
ਮੁਝ ਤੇ ਤ੍ਰਾਸ ਨਹੀਂ ਕਬਿ ਕਰੈ।
ਲਰਨ ਹੇਤੁ ਸਭਿ ਥਲ ਅਰਿ ਪਰੈ ॥੨੬॥
ਅਬਿ ਕੇ ਲਸ਼ਕਰ ਲੇ ਕਰਿ ਭਾਰਾ।
ਗਹੌਂ ਕਿ ਮਾਰੌਂ, ਬਨੌਂ ਸੁਖਾਰਾ।'
ਇੱਤਜਾਦਿਕ ਬਕਬਾਦ ਕਰੰਤਾ।
ਰਿਸ ਅਗਨੀ ਤੇ ਮਨਹੁਂ ਜਰੰਤਾ ॥੨੭॥
ਸਭਿ ਲੋਕਨਿ ਕੋ ਕਹਯੋ 'ਸਿਧਾਵੋ[1]।
[1]ਜਾਓ।
ਪ੍ਰਾਤਿ ਹੋਤਿ ਤਜਾਰੀ ਕਰਿਵਾਵੋ।'
ਇਮ ਸੁਨਿ ਗਮਨੇ ਸਭਿ ਨਿਜ ਧਾਮੂ।
ਪਰੇ ਸੁਪਤਿ ਹ੍ਵੈ ਕੀਨਿ ਅਰਾਮੂ ॥੨੮॥
ਭਈ ਪ੍ਰਭਾਤਿ ਸ਼ਾਹੁ ਰਹਿ ਜਾਗਾ[1]।
[1]ਸਵੇਰ ਹੋਈ (ਤਕ) ਸ਼ਾਹ ਜਾਗਦਾ ਰਹਿਆ।
ਪਲਕ ਬਿਲੋਚਨ ਕੈ ਨਹਿਂ ਲਾਗਾ[1]।
[1]ਨੇਤ੍ਰਾਂ ਦੀ ਪਲਕ ਨਾ ਲੱਗੀ।
ਨਿਤ ਨਵੀਨ ਸੌ ਪਾਲਨਿ[1] ਜਾਮਾ।
[1]ਸੌ ਪੱਲਿਆਂ ਦਾ।
ਪਹਿਰਤਿ ਸੂਖਮ ਅਤਿ ਅਭਿਰਾਮਾ
॥੨੯॥

ਸੰਧਜਾ ਲਗਿ ਸੋ ਫਟਿ ਕਰਿ ਜਾਇ।
ਅਗਲੇ ਪ੍ਰਾਤਿ ਨਵੋਂ ਪੁਨ ਪਾਇ।
ਆਮਖਾਸ[1] ਮਹਿਂ ਚਲਿ ਕਰਿ ਆਯੋ।
ਬੈਠਤਿ ਗਨ ਉਮਰਾਵ ਬੁਲਾਯੋ ॥੩੦॥
ਸੁਨਿ ਆਇਸੁ ਕੋ ਸਭਿ ਚਲਿ ਆਏ।
ਬਡੇ ਬਡੇ ਜਾਮੇ ਗਰ ਪਾਏ।
ਹੁਤੇ ਦਿਵਾਨ ਮੁਸਾਹਿਬ ਜੇਈ।
ਮਹਾਂ ਸੁਭਟ ਕਹਿਲਾਵਤਿ ਕੇਈ ॥੩੧॥
ਹੁਤੇ ਸਲਾਹੀ ਬਾਕ ਪ੍ਰਬੀਨ[1]।
ਤਸਲੀਮਾਤ ਆਨਿ ਗਨ ਕੀਨਿ[1]।
ਬਸਤ੍ਰ ਬਿਭੂਖਨ ਪਹਿਰੇ ਤਨ ਮੈਂ।
ਜਰਤਿ ਜਵਾਹਰ ਜ਼ਾਹਰ ਗਨ ਮੈਂ[1] ॥੩੨॥
ਸਤਿਗੁਰ ਸਿਖ ਵਜ਼ੀਰ ਖਾਂ ਆਯੋ।
ਸੁਮਤਿਵੰਤਿ ਬਡ ਸਿਦਕ ਕਮਾਯੋ।
ਲਗੀ ਕਚਹਿਰੀ ਚਾਰਹੁੰ ਕੋਦ।
ਬੈਠਜੋ ਹਜ਼ਰਤ ਹੀਨ ਪ੍ਰਮੋਦ[1] ॥੩੩॥
ਅਤਰਨਿ ਕੀ ਛੁਟੀ ਮਹਿਕਾਰ।
ਚਹੁੰ ਦਿਸ਼ਿ ਧਰੀ ਆਨਿ ਗੁਲਜ਼ਾਰ[1]।
ਚਾਮੀਕਰ[1] ਤੇ ਚਿੱਤ੍ਰਤਿ ਥਾਨ।
ਤਿਸ ਹੇਰੇ ਉਰ ਹਰਖ ਮਹਾਨ ॥੩੪॥
ਕਹਜੋ ਸ਼ਾਹੁ 'ਸਭਿ[†] ਸੁਮਤਿ ਪ੍ਰਬੀਨ!
ਕਿਨਹੁੰ ਨ ਕਪਟ ਪਰਖਿਬੋ ਕੀਨਿ?
ਇਕ ਹਯ ਲੀਨਿ ਬਨਜੋ ਘਸਿਆਰੋ।
ਕੈਫ ਪਿਲਾਇ ਕਰੇ ਮਤਵਾਰੋ ॥੩੫॥
ਸੋ ਤੋ ਗਯੋ ਅਚਾਨਕ ਜਾਨਹੁ।
ਦੂਸਰ ਕੋ ਬਡ ਅਚਰਜ ਮਾਨਹੁ।
ਜ਼ੀਨ ਪਾਇ ਹਮ ਆਪਹੁੰ ਦੀਨੋ।
ਮਹਿਂ ਕਿਮ ਹੂੰ ਕਿਨ ਪਰਖਨਿ ਕੀਨੋ ॥੩੬॥
ਹੇਰਹੁ ਤਸਕਰ ਕੇਰ ਦਿਲੇਰੀ।

[1]ਮੁਰਾਦ ਹੈ ਉਸ ਦੀਵਾਨ ਤੋਂ ਜਿੱਥੇ ਸਭ ਅਹਿਲਕਾਰ ਵੱਡੇ ਛੋਟੇ ਤੇ ਦੂਸਰੇ ਲੋਕ ਆ ਸਕਦੇ ਹਨ।

[1]ਸਲਾਹ ਦੇਣ ਵਿਚ ਜੋ ਚਤੁਰ ਸਨ।

[1]ਸਾਰਿਆਂ ਨੇ ਆਕੇ ਸਲਾਮ ਕੀਤੀ।

[1]ਸਾਰੇ (ਗਹਿਣਿਆਂ) ਵਿਚ ਜਵਾਹਰ ਜੜੇ ਹਨ।

[1]ਨਾਖੁਸ਼, ਉਦਾਸ।

[1]ਭਾਵ ਗੁਲਦਸਤੇ।

[1]ਸੋਨਾ।

[†]ਪਾ:-ਸੁਨਿ।

ਬਿਨ ਡਰ ਲੇ ਗਮਨਜੋ ਜੁਗ ਬੇਰੀ[1]।
ਸੁਨਜੋ ਨ, ਹਮ ਨੇ ਆਂਖ ਨਿਹਾਰਾ।
ਕੀਨਿ ਕਪਟ ਹਮ ਸਭਿਨਿ ਮਝਾਰਾ ॥੩੭॥
ਬੋਲਤਿ ਬਾਤ ਕਰਤਿ ਲੇ ਗਯੋ।
ਹਮਹੁਂ ਕੈਦ ਸਮ ਠਾਨਤਿ ਭਯੋ।
ਚਢਿ ਤੁਰੰਗ ਪਰ ਸਗਲ ਬਤਾਏ[1]।
-ਹਰਿਗੋਬਿੰਦ ਗੁਰ ਹਯ ਨਿਕਰਾਏ[1]- ॥੩੮॥
ਜੰਗਲ ਬਿਖੇ ਗ੍ਰਾਮ ਕੋ ਰੂਪਾ।
ਤਹਿਂ ਲੇ ਪਹੁਂਚੇ ਤੁਰੰਗ ਅਨੂਪਾ।
ਅਬਿ ਨਹਿਂ ਬਿਲਮ ਸੁਹਾਵਤਿ ਮੋਹੀ।
ਤਜਾਰੀ ਕਰਹੁ ਸ਼ੀਘ੍ਰ ਜਿਮ ਹੋਰੀ ॥੩੯॥
ਜ਼ੀਨ ਜਵਾਹਰ ਜ਼ਾਹਰ ਜਰੇ।
ਪ੍ਰਿਯ ਹਯ ਸਹਿਤ ਨਿਕਾਰਨਿ ਕਰੇ।
ਜਬਿ ਲੌ ਗੁਰ ਕੋ ਗਹੌਂ ਕਿ ਮਾਰੌਂ।
ਤਬਿ ਲੌ ਨਿੰਦ੍ਰਾ ਨਹਿਂ ਸੁਖ ਧਾਰੌਂ ॥੪੦॥
ਕਹਹੁ ਅਰੂਢਹਿ ਲਸ਼ਕਰ ਸਾਰਾ।
ਜਬਰ ਜੰਜੈਲ, ਜੰਮੂਰਨ ਵਾਰਾ।
ਦਿਹੁ ਸਭਿ ਕੋ ਬਾਰੂਦ ਰੁ ਗੋਰੀ।
ਤੋਪ ਸਮੂਹ ਚਲਹਿ ਗੁਰ ਓਰੀ' ॥੪੧॥
ਜਹਿਂ ਕਹਿਂ ਕਹਿਤਿ ਫਿਰੈਂ ਹਲਕਾਰੇ।
'ਸਾਮਾ ਜੰਗ[1] ਲੇਹੁ ਕਰਿ ਤਜਾਰੇ।'
ਨਿਜ ਨਿਜ ਦਲ ਮੈਂ ਸਭਿਹਿਨਿ ਦੀਨਿ।
ਗੋਰੀ ਅਰੁ ਬਾਰੂਦ ਮਹੀਨ ॥੪੨॥
ਚਢਨਿ ਹੇਤੁ ਹਜ਼ਰਤ ਅਸਵਾਰੀ।
ਸੁਨਿ ਆਇਸੁ ਤਤਛਿਨ ਕਰਿ ਤਜਾਰੀ।
ਇਤ ਉਤ ਦੌਰੇ ਮਾਨਵ ਫਿਰੈਂ।
ਰਣ ਕੀ ਸਭਿ ਬਿਧਿ ਤਜਾਰੀ ਕਰੈਂ ॥੪੩॥
ਹਲਾਚਾਲ ਲਵਪੁਰਿ ਮਹਿਂ ਹੋਈ।
'ਭਯੋ ਅਚੰਭਾ' ਭਾਖਤਿ ਕੋਈ।

[1]ਦੋਨੋਂ ਵੈਰੀ।
[1]ਸਾਰੀ (ਗੱਲ ਉਸ ਨੇ) ਦੱਸੀ।
[1]ਘੋੜੇ ਕਢਵਾਏ।
[1]ਜੰਗ ਦਾ ਸਾਮਾਨ।

'ਪ੍ਰਥਮ ਹਯਨਿ ਕੀ ਸੋ ਬਿਧਿ ਭਈ।
ਸ਼ਾਹੁ ਚਢਨਿ ਤਜਾਰੀ ਅਬਿ ਲਈ ॥੪੪॥
ਨਹਿਂ ਸੁਧ ਕਿਸ ਕੋ ਕਯਾ ਹੁਇ ਜਾਇ।
ਦੁਹਿ ਦਿਸ਼ ਭੇਰ ਪਰਹਿ ਸਮੁਦਾਇ।
ਉਤ ਸ਼੍ਰੀ ਨਾਨਕ ਕੋ ਘਰ ਭਾਰੀ।
ਜਿਨ ਕੀ ਅਜ਼ਮਤ ਕਿਹ ਨ ਸਹਾਰੀ ॥੪੫॥
ਇਤ ਸਭਿ ਦੇਸ਼ਨਿ ਕੋ ਬਡ ਮਾਲਿਕ।
ਕਈ ਲਾਖ ਲਸ਼ਕਰ ਜਿਸ ਤਾਲਿਕ[1]।
ਜਹਾਂਗੀਰ ਤੌਂ ਰਾਖ੍ਯੋ ਰੰਗ।
ਇਹ ਬਿਗਰ੍ਯੋ ਸ਼੍ਰੀ ਸਤਿਗੁਰ ਸੰਗ ॥੪੬॥
ਨਹੀਂ ਆਦਿ ਤੇ ਕਿਮ ਬਨਿ ਆਈ।
ਰਖੀ ਨ ਗੁਰ ਘਰ ਕੀ ਬਡਿਆਈ।
ਛੀਨ ਲੀਨਿ ਹਯ ਪੂਰਬ ਸ਼ਾਹੂ।
ਤਬਿ ਤੇ ਭਾ ਬਿਰੋਧ ਇਨ ਮਾਂਹੂ ॥੪੭॥
ਸ਼੍ਰੀ ਹਰਿਗੋਵਿੰਦ ਚਾਰੁ ਛਬੀਲਾ।
ਪੀਰ ਮੀਰ ਬਡ ਬੀਰੁ ਹਠੀਲਾ।
ਬਾਜ ਰੁ ਬਾਜੀ[1] ਲੀਨਿ ਸੁ ਛੀਨਿ।
ਨਿਜ ਤੁਰੰਗ ਕੇ ਪਲਟਾ ਕੀਨਿ' ॥੪੮॥
ਪੁਰਿ ਮਹਿਂ ਨਰ ਨਾਰੀ ਸਭਿ ਕਹੈਂ।
'ਲਰਹਿਂ ਮਹਾਂ ਜੁਗ[1]' ਸਗਲੇ ਲਹੈਂ।
ਇਮ ਤਜਾਰੀ ਸਾਰੀ ਕਰਿ ਭਾਰੀ।
ਚਹਤਿ ਸ਼ਾਹੁ ਚਢਿਬੇ ਰਿਸ ਧਾਰੀ ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸ਼ਾਹ ਤਜਾਰੀ' ਪ੍ਰਸੰਗ ਬਰਨਨੰ ਨਾਮ ਚਤਵਾਰਿੰਸਤੀ ਅੰਸੂ ॥੪੦॥

[1]ਤਅੱਲਕ ਵਿਚ, ਭਾਵ ਅਧੀਨ।

[1]ਬਾਜ਼ ਅਤੇ ਘੋੜਾ।

[1]ਭਾਵ ਦੋਹਾਂ ਦਾ ਭਿਆਨਕ ਜੰਗ ਹੋਵੇਗਾ।

੪੧. [ਲਲਾਬੇਗ ਦੀ ਚੜ੍ਹਾਈ]

੪੦<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਤਬਿ ਵਜ਼ੀਰ ਖਾਂ ਦੇਖਿ ਕਰਿ,
ਤਜਾਰੀ ਹਜ਼ਰਤ ਕੀਨਿ।
ਕਿੰਚਬੇਗ[†] ਕਹਿ ਆਦਿ ਕੁਛ,
ਨਿਜ ਮਸਲਤ ਮਹਿਂ ਲੀਨਿ[1] ॥੧॥

[†]ਪਾ:-ਕਿਲਚਬੇਗ।

[1]ਕਿੰਚਬੇਗ ਨੂੰ ਪਹਿਲੋਂ ਕੁਝ ਕਹਿਕੇ ਆਪਣੀ ਸਲਾਹ ਵਿਚ ਲੈ ਲਿਆ।

ਚੌਪਈ:

'ਕਜੋਂ ਨ ਬਿਚਾਰਹੁ ਜਿਤਿਕ ਨਜੀਕੀ?
ਤਜਾਰੀ ਨਹੀਂ ਸ਼ਾਹੁ ਕੀ ਨੀਕੀ।
ਹਮ ਇਸ ਕੇ ਹੈਂ ਸਭਿ ਸੁਖਦਾਈ।
ਕਜੋਂ ਨ ਕਹਹੁ ਇਸ ਰਖਹੁ ਹਟਾਈ ॥੨॥
ਸ੍ਰੀ ਨਾਨਕ ਘਰ ਅਜ਼ਮਤ ਭਾਰੀ।
ਤਿਨ ਸੋਂ ਕਰੇ ਜੰਗ, ਹੁਇ ਹਾਰੀ।'
ਕਰਿ ਸੰਗੀ ਸਭਿ ਸ਼ਾਹੁ ਸਲਾਹੀ[1]।
ਕਹੀ ਮਿਟਹਿ ਜਿਸ ਤੇ ਕਿਮ ਨਾਂਹੀ[1] ॥੩॥

[1]ਸਾਰੇ ਸ਼ਾਹ ਦੇ ਸਲਾਹਕਾਰ ਸੰਗੀ ਕਰ ਲਏ।

[1]ਜਿਸ ਤਰ੍ਹਾਂ ਕਿ ਕਹੀ (ਗੱਲ) ਕਿਵੇਂ ਬੀ ਨਾ ਮਿਟੇ। ਭਾਵ ਐਸੇ ਤ੍ਰੀਕੇ ਨਾਲ ਸਮਝਕੇ ਬਾਦਸ਼ਾਹ ਨੂੰ ਕਹਿਣ ਕਿ ਉਹ ਮੰਨ ਲਵੇ।

ਹਾਥਨਿ ਜੋਰਿ ਗੁਜ਼ਾਰਤਿ ਅਰਜ਼ੀ।
'ਕਰੀ ਹਜ਼ੂਰ ਜਾਨਿ ਕੀ ਮਰਜ਼ੀ।
ਸੋ ਆਛੀ ਨਹਿ ਸਭਿਨਿ ਬਿਚਾਰੀ।
ਤੁਮਰੋ ਚਢਨਿ ਅਹੈ ਅਤਿ ਭਾਰੀ ॥੪॥
ਬ੍ਰਿੰਦ ਬਲਾਇਤ ਲਿਖਜੋ ਸਿਧਾਰੇ।
ਸਗਰੇ ਤੁਮਰੇ ਕਰਮ ਬਿਚਾਰੇਂ।
ਗੁਰ ਢਿਗ ਅਲਪ ਬਾਹਨੀ ਰਹੈ।
ਤੁਮ ਕੋ ਮਾਲਿਕ ਮੁਲਖਨਿ ਕਹੈਂ ॥੫॥
ਹੋਹਿ ਬਰੋਬਰ ਤੌ ਬਨਿ ਆਵੈ।
ਨਾਂਹਿ ਤ ਲਰਿਬੋ ਸੈਨ ਪਠਾਵੈ।
ਜੇ ਅਜ਼ਮਤ ਕਰਿ ਗੁਰੂ ਭਜਾਵੈ।
ਹਜੌ[1] ਆਪ ਕੀ ਜਗਤ ਅਲਾਵੈ ॥੬॥
ਦੁਰਗ ਸਮੀਪ ਨ ਗੁਰ ਕੇ ਕੋਈ।

[1]ਨਿੰਦਿਆਂ [ਫਾ. ਹਜੋ]

ਜਿਸ ਹਿਤ ਬਡੇ ਜਤਨ ਕੋ ਜੋਈ।'
ਕਿੰਚਬੇਗ* ਤਬਿ ਗਿਰਾ ਬਖਾਨੀ।
'ਕਹਤਿ ਵਜ਼ੀਰ ਖਾਨ ਹਿਤ ਠਾਨੀ ॥੭॥
ਹਮ ਸਭਿ ਰਾਵਰ ਕੇ ਸੁਖਦਾਈ।
ਬਿਗਰਤਿ ਕਾਰ ਸਹੀ ਨਹਿਂ ਜਾਈ।
ਰਿਸ ਕਰਿ ਆਪ ਚਢਨਿ ਕੋ ਚਹੈਂ।
ਲਖਹਿਂ ਅਨੁਚਿਤੀ ਕਯੋਂ ਨਹਿਂ ਕਹੈਂ'
॥੮॥
ਸ਼ਾਹੁ ਸਮੀਪੀ ਅਪਰ ਜਿ ਸਾਰੇ।
ਬਾਕ ਵਜ਼ੀਰ ਖਾਨ ਸਤਿਕਾਰੇ।
'ਰਾਵਰ ਚਢਹੁ ਬਿਚਾਰਨ ਕਰਿ ਕੈ।
ਲਾਇਕ ਅਨਲਾਇਕ ਉਰਿ ਧਰਿ ਕੈ
॥੯॥
ਤਨ ਤੁਮਾਰੇ ਕੀ ਹਮ ਸੁਖ ਚਹੈਂ।
ਉਤ ਅਜ਼ਮਤ ਜੁਤਿ ਗੁਰ ਘਰ ਲਹੈਂ।'
ਬਾਕ ਵਜ਼ੀਰ ਖਾਨ ਪੁਨ ਕਹਯੋ।
'ਲਸ਼ਕਰ ਪਠਹੁ ਜਿਤਿਕ ਚਿਤ ਚਹਯੋ
॥੧੦॥
ਬਹੁਤ ਤੋਪਨ ਕੋ ਨਹੀਂ ਪਠਾਵਹੁ।
ਥੋਰੀ ਪਠਹੁ ਸੰਗ ਭਟ ਲਾਵਹੁ।
ਨੰਗੀ ਤੇਗ ਰਖਾਵਹੁ ਬੀਰਾ।
ਆਨਿ ਉਠਾਵਹਿ ਜੋ ਬਰ ਬੀਰਾ[1] ॥੧੧॥

[1]ਨੰਗੀ ਤੇਗ (ਉਤੇ) ਬੀੜਾ (ਪਾਨ ਦਾ) ਰਖਵਾਓ, ਜੋ ਬੀਰ ਹੈ ਆਕੇ ਚੁੱਕੇ। ਭਾਵ ਜੋ ਮਰਨ ਮਾਰਨ ਨੂੰ ਤਿਆਰ ਹੋਵੇ। [ਇਕ ਪੁਰਾਣੀ ਰਸਮ ਹੁੰਦੀ ਸੀ ਕਿ ਪਾਨ ਦਾ ਬੀੜਾ ਸਭਾ ਵਿਚ ਰੱਖਕੇ ਕਹਿਣਾ ਕਿ ਜੋ ਕੰਮ ਸਿਰੇ ਚਾੜ੍ਹਨ ਦਾ ਜਿੰਮਾ ਲਵੇ ਮੋਰਚਾ ਲਵੇ। ਜੋ ਬੀੜਾ ਚਾ ਲੈਂਦਾ ਸੀ ਸੋ ਮਾਰਨ ਮਰਨ ਤਕ ਜਾਂਦਾ ਸੀ]

ਸੋ ਚਢਿ ਜਾਇ ਗੁਰੂ ਕੇ ਊਪਰ।
ਲਰਹਿ ਮਰਹਿ ਕਟਿ ਕਰਿ ਰਣ ਭੂ ਪਰ।
ਪੀਛੇ ਲਖਹੁ ਕਰਹੁ ਜਿਮ ਲਾਇਕ।
ਤੁਮ ਹੋ ਸਰਬ ਜਗਤ ਕੇ ਨਾਇਕ'
॥੧੨॥
ਸ਼ਾਹੁ ਜਹਾਂ ਸੁਨਿ ਕਰਿ ਇਨ ਬਾਨੀ।

ਆਛੀ ਜਾਨਿ ਲੀਨਿ ਮਨ ਮਾਨੀ।
ਸੈਨਾਪਤਿ ਉਮਰਾਵ ਬੁਲਾਏ।
ਪਹੁੰਚੇ ਸੁਨਤਿ ਹੁਕਮ ਸਮੁਦਾਏ ॥ ੧੩ ॥
ਸਭਾ ਬਿਸਾਲ ਗਈ ਭਰਿ ਸਾਰੀ।
ਗਨ ਉਮਰਾਵ ਬਡੇ ਹੰਕਾਰੀ।
ਤਬਹਿ ਸ਼ਾਹੁ ਤਰਵਾਰ ਨਿਕਾਰੀ।
ਧਰ ਬੀਰੇ[1] ਕੇ ਸਹਤ ਅਗਾਰੀ ॥ ੧੪ ॥ [1]ਪਾਨ ਦੀ ਗਿਲੌਰੀ।
ਖਰੋ ਅਰਜ਼ ਬੇਗੀ[1] ਤਿਸ ਥਾਨੈ। [1]ਭਾਵ ਅਰਜ਼ ਕਰਨ ਵਾਲਾ।
ਨਾਮ ਸਲਾਬਤ ਖਾਨ ਬਖਾਨੈ।
ਸਭਿਨਿ ਸੁਨਾਵਤਿ ਐਸੇ ਕਹਯੋ।
'ਗੁਰ ਅਰਿ ਹਜ਼ਰਤ ਜੀਤਨਿ ਚਹਯੋ ॥ ੧੫ ॥
ਗਹਿ ਆਨਹੁ ਕੈ ਰਣਿ ਕਰਿ ਮਾਰਹੁ।
ਤਿਨ ਤੇ ਅਧਿਕ ਜਿ ਓਜ ਨਿਹਾਰਹੁ।
ਨਗਨ ਤੇਗ ਸੋ ਲੇਹੁ ਉਠਾਈ।
ਪਾਨਨਿ ਬੀਰਾ ਮੁਖ ਚਰਬਾਈ' ॥ ੧੬ ॥
ਗੁਰ ਪ੍ਰਤਾਪ ਕੋ ਜਾਨਤਿ ਜੇਈ।
ਠਾਂਢੇ ਧਾਰਿ ਤੁਸ਼ਨੀ ਤੇਈ।
ਪ੍ਰਥਮ ਜੁੱਧ ਮਹਿਂ ਬਲ ਧਰਿ ਮਾਰੇ।
ਜਿਨਹੁਂ ਸੁਨਯੋ ਸੋ ਨਹਿਂਨ ਉਠਾਰੇ ॥ ੧੭ ॥
ਲਲਾ ਬੇਗ ਕਾਬਲ ਠਕੁਰਾਈ[1]। [1]ਕਾਬਲ ਪਰ ਹੁਕਮ ਕਰਨ ਵਾਲਾ ਸੀ।
ਸੋ ਗਰਬਤਿ ਚਿਤ ਲੀਨਿ ਉਠਾਈ।
ਗਹਿ ਤਰਵਾਰ ਮਜਾਨ ਕੋ ਕੀਨਾ।
ਪਾਨਨਿ ਬੀਰਾ ਚਰਬ ਸੁ ਲੀਨਾ ॥ ੧੮ ॥
ਪ੍ਰਥਮ ਜੁ ਹਯ ਕਾਬਲ ਤੇ ਲਯਾਯੋ।
ਮਗ ਮਹਿਂ ਸਿਖ ਕਰਿ ਜਤਨ ਛੁਪਾਯੋ।
ਆਵਤਿ ਇਸਨੇ ਹੀ ਲਖਿ ਲੀਨਿ।
ਲਿਖਿ ਕਰਿ ਹਜ਼ਰਤ ਕੇ ਸੁਧ ਦੀਨਿ ॥ ੧੯ ॥
ਕਰੀ ਅਵੱਗਜਾ ਸ਼੍ਰੀ ਗੁਰ ਕੇਰੀ।
ਹਤਨਿ ਹੇਤੁ ਇਸ ਕੀ ਮਤਿ ਪ੍ਰੇਰੀ।
ਲਖੀ ਸ਼ਾਹੁ ਤਰਵਾਰ ਉਠਾਈ।

ਦੀਨੋ ਸਿਰੇਪਾਉ ਬਡਿਆਈ ॥੨੦॥
ਕੰਚਨ ਲਿਪਤਿ ਜਰੇ ਬਿਚ ਹੀਰੇ।
ਦਈ ਤੁਫੰਗ ਕਹੇ ਬਚ ਧੀਰੇ।
ਬਹੁ ਮੋਲਾ ਇਕ ਦਿਯੋ ਤੁਰੰਗ।
ਕੰਚਨ ਕਟਕ[1] ਜਵਾਹਰ ਸੰਗ ॥੨੧॥ [1]ਸੋਨੇ ਦੇ ਕੜੇ।
ਕਲਗੀ ਜਿਗਾ ਬਖਸ਼ਿ ਕਰਿ ਦੀਨਿ।
ਹਿਤ ਸੰਘਰ ਕੇ ਹਰਖਤਿ ਕੀਨਿ।
ਕਹ੍ਯੋ ਸ਼ਾਹੁ 'ਲੀਜੈ ਦਲ ਭਾਰੇ।
ਜਾਨਿ ਨ ਦੀਜੈ ਬਿਨ ਅਰਿ ਮਾਰੇ ॥੨੨॥
ਜੇ ਗੁਰੁ ਗਹ੍ਯੋ ਜਾਇ ਤੌ ਆਛੋ।
ਪੁਨ ਮਾਰਨ ਕੇ ਨਾਂਹਿਨ ਬਾਂਛੋ।
ਚਹੁੰ ਓਰ ਤੇ ਲੀਜੈ ਘੇਰ।
ਗਹਿ ਲੀਜੈ ਮਿਲਿ ਕੈ ਇਕ ਬੇਰ ॥੨੩॥
ਜੋ ਆਨੈਂ[1] ਮਨਸਬ ਲਿਹੁ ਦੂਨਾ। [1]ਜੋ (ਫੜ) ਲਿਆਵੇਂ ਤਾਂ।
ਅਬਿ ਤੇ ਕਰਿ ਹੌਂ ਮਾਨ ਚਊਨਾ।
ਭਾਜ ਨ ਜਾਇ ਕਹੂੰ ਲੇ ਘੋਰੇ।
ਪਰਹੁ ਅਚਾਨਕ ਰਣ ਕਰਿ ਘੋਰੇ'
॥੨੪॥
ਸੁਨਿ ਕਰਿ ਬੋਲਤਿ ਭਾ ਬਡ ਮਾਨੀ।
'ਕਹਾਂ ਗੁਰੂ ਹੈ ਮਮ ਅਗਵਾਨੀ।
ਏਕ ਬਾਰ ਭੀ ਹੇਰਨਿ ਪਾਵੌਂ।
ਗਹਿ ਲੈਹੌਂ ਜੀਵਤਿ, ਨਤੁ ਘਾਵੌਂ'
॥੨੫॥
ਲਲਾਬੇਗ ਕੋ ਭ੍ਰਾਤ ਖਰ੍ਯੋ ਹੈ।
ਹਜ਼ਰਤ ਕੀ ਤਬਿ ਦ੍ਰਿਸ਼ਟਿ ਪਰ੍ਯੋ ਹੈ।
ਕੰਬਰ ਬੇਗ ਨਾਮ ਤਿਹ ਲੀਨਾ।
ਦਾਨ ਮਾਨ ਦੇ ਕਰਿ ਸੰਗ ਕੀਨਾ ॥੨੬॥
ਦੋਇ ਪੁੱਤ੍ਰ ਸੋ ਨਿਕਟਿ ਖਰੇ ਹੈਂ।
ਤਿਨ ਕੋ ਭੀ ਪਿਖਿ ਸੰਗ ਕਰੇ ਹੈਂ।
'ਕਾਸਮ ਬੇਗ ਸ਼ੰਮਸਾ ਬੇਗ!
ਤੁਮ ਭੀ† ਗਮਹੁ ਸੰਗ ਕਰਿ ਬੇਗ[1]' [1]ਛੇਤੀ। †ਪਾ:-ਹੀ।
॥੨੭॥

ਬੇਗਲਲਾ ਭਗਨੀ ਕੋ ਨੰਦ।
ਸਭਿ ਤੇ ਜਿਸ ਕੋ ਦੇਹਿ ਬਿਲੰਦ।
ਬਕਰਾ ਇਕ ਹਲਾਲ ਕਰਿ ਖਾਵੈ।
ਕਿਤਿਕ ਅੰਨ ਜੁਤਿ ਤਬਿ ਤ੍ਰਿਪਤਾਵੈ ॥੨੮॥
ਲਘੁ ਘਟਕਾ ਸਮ[1] ਸਿਰ ਜਿਸ ਕੇਰਾ।
ਸਭਿ ਮਹਿਂ ਗਿਨੀਅਤਿ ਓਜ ਬਡੇਰਾ।
ਗਹੇ ਰਜਤਪਣ ਹਰਫ ਮਿਟਾਵੈ।
ਸਿਪਰ ਚੀਰ ਕਰਿ ਦੋਇ ਬਨਾਵੈ ॥੨੯॥
ਇੱਤਯਾਦਿਕ ਬਡ ਬਲ ਜਿਸ ਮਾਂਹੀ।
ਹਜ਼ਰਤ ਕਹਯੋ ਹੇਰਿ ਕਰਿ ਤਾਂਹੀ।
'ਤੂੰ ਮਾਤੁਲ ਕੇ ਸੰਗ ਸਿਧਾਰੋ।
ਡੀਲ ਦਰਾਜ਼, ਗੁਰੂ ਗਹਿ ਮਾਰੋ' ॥੩੦॥
ਅਧਿਕ ਕਠੋਰ ਕਮਾਨ ਮੰਗਾਈ।
ਜੁਗ ਤਰਕਸ਼ ਤੀਰਨਿ ਭਰਿਵਾਈ।
ਬਸਤ੍ਰ ਬਿਭੂਖਨ ਜੁਤਿ ਬਹੁ ਦੀਨਿ।
ਮਾਨੋ ਬਡੋ ਹਜ਼ਰਤ ਨੇ ਕੀਨਿ ॥੩੧॥
ਪੰਚਹੁਂ ਬੀਰਨ ਕੋ ਸਨਮਾਨਾ।
ਲਸ਼ਕਰ ਦੀਨੋ ਸੰਗ ਮਹਾਨਾ।
ਸੁਭਟ ਸਹੰਸ੍ਰ ਪੰਚ ਅਰੁ ਤੀਸ।
ਕਰੇ ਸੰਗ ਕਹਿ ਤੁਰਕਨ ਈਸ਼[1] ॥੩੨॥
ਲੇ ਬਡਿਆਈ ਨਿਕਸਯੋ ਬਾਹਿਰ।
ਲਾਖਹੁਂ ਨਰ ਮੈਂ ਹੋਯਸਿ ਜ਼ਾਹਰ।
'ਲਲਾਬੇਗ ਸ਼੍ਰੀ ਗੁਰ ਪਰ ਚਢਿਓ।
ਬਡੋ ਬਿਰੋਧ ਸ਼ਾਹੁ ਸੰਗ ਬਢਿਓ' ॥੩੩॥
ਨਿਜ ਲਸ਼ਕਰ ਮੈਂ ਦਿਯੋ ਨਗਾਰਾ।
ਸੁਨਿ ਕਰਿ ਤਯਾਰ ਹੋਇ ਦਲ ਸਾਰਾ।
ਸਭਿਹਿਨਿ ਜ਼ੀਨ ਤੁਰੰਗਮ ਡਾਰੇ।
ਬਸਤ੍ਰ ਸ਼ਸਤ੍ਰ ਤੂਰਨ ਹੀ ਧਾਰੇ ॥੩੪॥
ਪੁਨ ਹਜ਼ਰਤ ਨਰ ਭਲੋ ਪਠਾਯੋ।
'ਲਲਾਬੇਗ ਨੀਕੇ ਸਮੁਝਾਯੋ।
-ਮਗ ਮਹਿਂ ਬਿਲਮ ਨ ਕਰੀਅਹਿ ਕੈਸੇ।

[1]ਛੋਟੇ ਘੜੇ ਜਿੱਡਾ।

[1]ਸ਼ਾਹਜਹਾਂ ਨੇ।

ਗਮਨਹੁ ਤੂਰਨ ਪਹੁੰਚੋ ਜੈਸੇ ॥੩੫॥
ਤ੍ਰਾਸ ਪਾਇ ਕਰਿ ਜਾਇ ਪਲਾਇ।
ਪਿਖਿ ਲਸ਼ਕਰ ਬਹੁ ਨਹਿਂ ਠਹਿਰਾਇ।
ਪ੍ਰਵਿਸ਼ਹਿ ਦੀਰਘ ਜੰਗਲ ਜਬੈ।
ਮੁਸ਼ਕਲ ਹੋਇ ਖੋਜਨੋ ਤਬੈ ॥੩੬॥
ਨਹਿਂ ਜਹਿਂ ਜਲ ਤਹਿਂ ਦਲ ਨਹਿਂ ਜਾਇ।
ਬਨਹਿ ਮਵਾਸ ਕਹੂੰ ਸਰ ਪਾਇ[1]।
ਜੇ ਨਹਿਂ ਭਾਜਹਿ ਬਨੈ ਦਲੇਰ।
ਤੁਮਰੇ ਪਹੁੰਚਨਿ ਮਹਿਂ ਹੁਇ ਦੇਰ ॥੩੭॥
ਸੈਨਾ ਲੇਹਿ ਸਕੇਲ ਬਿਲਾਸਾ।
ਸਿਖ ਅਪਨੇ ਕੈ ਧਨ ਦੇ ਜਾਲਾ।
ਬਿਲਮ ਲਗਨ ਮਹਿਂ ਇਹੁ ਜੁਗ ਦੋਸ਼-।
ਨਿਫਲ ਹੋਇ ਤਬਿ ਹਜ਼ਰਤ ਰੋਸ ॥੩੮॥
ਤੋ ਕਹੁ ਭੀ ਆਛੀ ਇਹੁ ਨਾਂਹੀ।
ਗਹਿ ਸ਼ਮਸ਼ੇਰ ਸਭਾ ਕੇ ਮਾਂਹੀ।
ਰਹਿ ਆਵਹਿ ਤੁਝ ਕੋ ਇਹੁ ਭਲੀ।
ਗਮਨਹੁ ਹਤਹੁ ਕਿ ਗਹੁ ਗੁਰ ਬਲੀ'
॥੩੯॥
ਲਲਾਬੇਗ ਤਬਿ ਕਹਜੋ ਸੁਨਾਇ।
'ਜਿਹਿਂ ਲਗਿ ਚਲਜੋ ਜਾਨਿ ਤਹਿਂ ਜਾਇ।
ਸ਼ਾਹੁ ਰਿਦੈ ਕਹੁ ਧੀਰਜ ਦੀਜੈ।
ਦੁਸ਼ਮਨ ਅਲਪ ਜਾਨ ਜੀਅ ਲੀਜੈ
॥੪੦॥
ਅਧਿਕ ਜਤਨ ਕਜੋਂ ਠਾਨਤਿ ਐਸੇ।
ਲਖਹੁ ਸ਼ੱਤ੍ਰੂ ਮਾਰਜੋ ਹੁਇ ਜੈਸੇ।
ਇਤੀ ਚਮੂੰ ਗਨ ਮੈਂ ਲੇ ਸੰਗ।
ਦੁਰਗ ਮਵਾਸੇ ਕਰਿ ਹੌਂ ਭੰਗ ॥੪੧॥
ਲਾਖਹੁਂ ਸੈਨਾ ਕੋ ਹਨਿ ਡਾਰੌਂ।
ਥਿਰੌਂ ਜੰਗ ਮੈਂ ਨਾਹਿਨ ਹਾਰੌਂ।
ਆਗੇ ਕਰੀ ਅਨੇਕ ਲਰਾਈ।
ਮਾਰਤਿ ਮਰਤੇ ਅਵਧ ਬਿਤਾਈ ॥੪੨॥
ਰਹਹਿ ਜੰਗ ਮਹਿਂ ਜੀਤ ਹਮਾਰੀ।

[1]ਕਿਤੇ (ਕੋਈ) ਤਲਾਬ ਲੱਭ ਕੇ।

ਪਰਖਨਿ ਕੀਨਸਿ ਕੇਤਿਕ ਬਾਰੀ।
ਕਹਹੁ ਸ਼ਾਹੁ ਸੋਂ -ਮੈਂ ਅਬਿ ਜਾਊਂ।
ਨਹਿਂ ਮਾਰਗ ਮਹਿਂ ਬਿਲਮ ਲਗਾਊਂ-'
॥੪੩॥
ਸੁਨਿ ਸੋ ਗਯੋ ਕਹਯੋ ਸਭਿ ਜਾਇ।
'ਨਿਸ਼ਚੇ ਜਾਨਯੋ ਗੁਰ ਗਹਿ ਲ਼ਯਾਇ।
ਕੈ ਸ਼ਸਤ੍ਰਨਿ ਸੋਂ ਮਾਰਯੋ ਜਾਇ।
ਹਯ ਨਿਕਸਾਵਨ ਤਬਿ ਫਲ ਪਾਇ'
॥੪੪॥
ਸਭਾ ਬਿਖੈ ਬਹੁ ਬਾਰਿ ਉਚਾਰਾ।
'ਅਸ ਤਸਕਰ ਨਹਿਂ ਸੁਨਯੋ ਨਿਹਾਰਾ।
ਕਰਿ ਬਿਸਾਲ ਛਲ ਠਗ ਕਰਿ ਗਯੋ।
ਅਧਿਕ ਅਚੰਭਾ ਚਿਤ ਮਹਿਂ ਕਿਯੋ'
॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਲਲਾ ਬੇਗ ਆਰੂਢਨ' ਪ੍ਰਸੰਗ ਬਰਨਨੰ ਨਾਮ ਏਕ ਚਤਵਾਰਿੰਸਤੀ ਅੰਸੂ ॥੪੧॥

੪੨. [ਸ਼ਾਹੀ ਫੌਜ ਮਾਲਵੇ ਪੁੱਜੀ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਬਜੇ ਨਗਾਰੇ ਕੂਚ ਕੇ,
ਕਰਿ ਸਮਾਜ ਸਭਿ ਜੰਗ।
ਲਲਾਬੇਗ ਭਟ ਚਢਿ ਚਲਯੋ,
ਅਤਿ ਗਰਬਤਿ ਦਲ ਸੰਗ ॥੧॥

ਚੌਪਈ:

ਚਲੇ ਤੁਰਕ ਜਿਨ ਜਾਤਿ ਅਨੇਕ[1]।
ਈਸੁਬਜ਼ਈ[1] ਬਡੋ ਦਲ ਏਕ।
ਦਾਓਜ਼ਈ[1] ਰੁਹੇਲੇ ਘਨੇ।
ਮਹਾਂ ਸੁਭਟ ਸੰਜੋਇਨ ਸਨੇ ॥੨॥
ਕਾਬਲ ਕੇ ਗਿਲਜੇ ਜਿਨ ਕਹੈਂ।
ਡੀਲ ਦਰਾਜ਼ ਜਿਨਹੁ ਕੇ ਅਹੈਂ।
ਆਮਿਖ ਸਭਿ ਪਸੂਅਨਿ ਕੇ ਭੱਖਜਤਿ।
ਇਕ ਸ਼ੂਕਰ ਤੇ ਰੱਖਜਾ ਰੱਖਜਤਿ[1] ॥੩॥
ਪਸੁਨਿ ਸਮਾਨ ਬ੍ਰਿਤੀ ਜਿਨ ਚੀਨੇ।
ਬਹੁ ਨਿਰਦਈ ਮਹਾਂ ਮਤਿ ਹੀਨੇ।
ਹਫਸ ਵਲਾਇਤ[1] ਕੇ ਤਨ ਕਾਰੇ।
ਮਹਾਂ ਮਲੇਛ ਮਹਾਂ ਬਲਵਾਰੇ ॥੪॥
ਮੋਟੇ ਨਾਕ ਓਠ ਜਿਨ ਕੇਰੇ।
ਕਹਯੋ ਨ ਸਮੁਝਹਿਂ ਮੰਦ ਬਡੇਰੇ।
ਕੇਤਿਕ ਬਰਣ ਦੇਹ ਕੇ ਭੂਰੇ।
ਪੁਰਿ ਕਸ਼ਮੀਰ ਆਦਿ ਬਸਿ ਭੂਰੇ[1] ॥੫॥
ਕਾਚੋ ਮਾਸ ਖਾਹਿਂ ਸੁਖ ਕਰੈਂ।
ਪਸ਼ਤੋ ਬੋਲਤਿ ਸਮੁਝਿ ਨ ਪਰੈ।
ਤੁਰਕੀ ਤਰੇ ਤੁਰੰਗਮ ਤੋਰੈਂ[1]।
ਗਮਨਹਿ ਬਡ ਮਗ, ਥਕਤਿ ਨ ਥੋਰੈ ॥੬॥
ਟੰਮਕ ਬਾਂਧੇ[1] ਸਭਿਨਿ ਅਗੇਰੇ।
ਹੇਲਾ ਕਰਤਿ ਬਜਾਇੰ ਬਡੇਰੇ।
ਬਾਜੇ ਅਨਿਕ ਬਜਾਵਤਿ ਚਲੇ।

[1]ਅਨੇਕ ਜਾਤੀਆਂ ਦੇ।
[1]ਯੂਸਫਜ਼ਾਈ ਤੋਂ ਮੁਰਾਦ ਹੈ ਮਰਦਾਨ ਦੇ ਇਲਾਕੇ ਦੇ।
[1]ਦਾਊਦਜ਼ਈ।
[1]ਭਾਵ ਸੂਰ ਨਹੀਂ ਖਾਂਦੇ।
[1]ਹਬਸ਼, ਐਬੇਸੀਨੀਆਂ।
[1]ਕਸ਼ਮੀਰੋਂ ਪਰੇ ਯਾਗਸਤਾਨੀ ਲੋਕਾਂ ਤੋਂ ਮੁਰਾਦ ਹੈ।
[1]ਤੁਰਕੀ ਘੋੜੇ ਹੇਠ ਤੁਰਦੇ ਹਨ।
[1]ਛੋਟੀਆਂ ਭੇਰੀਆਂ ਬੰਨ੍ਹੀਆਂ (ਘੋੜਿਆਂ ਤੇ)।

ਤੂਰ, ਤੁਰਮ, ਰਣਸਿੰਙੇ ਭਲੇ ॥੭॥
ਬਡੇ ਦਮਾਮੇ ਚੋਬ ਲਗੰਤੀ।
ਲੇਹਾ ਦੇਹਿ[1] ਸੈਨ ਗਮਨੰਤੀ।
ਚਲੇ ਤੁਰਕ ਮਤਿਮੰਦ ਗਵਾਰੇ†।
ਹਾਨ ਲਾਭ ਨਹੀਂ ਕਛੁ ਬਿਚਾਰੇ* ॥੮॥
ਭਏ ਕੁਸ਼ਗੁਨ ਅਗਨਿ ਮਿਲਿ ਆਗੇ।
ਈਂਧਨ ਭਾਰ ਸਮੁਖ ਦ੍ਰਿਗ ਲਾਗੇ।
ਮੁਰਦਾ ਦਾਹ ਦੇਨਿ ਲੇ ਚਲੇ।
ਇਨ ਕੇ ਚਢਤਿ ਅਗਾਰੀ ਮਿਲੇ ॥੯॥
ਛੂਟੇ ਬਾਰ[1] ਨਾਰਿ ਰੁਦਨਾਵੈਂ।
ਸ਼ਿਵਾ ਬਮਤਿ ਬੰਨੀ ਕੂਕਾਵੈਂ[1]।
ਬੋਲਿ ਉਠੇ ਚਹੁੰ ਦਿਸ਼ਿ ਖਰ[1] ਘੋਰ।
ਲਖਤਿ ਨ ਮੰਦ ਜਾਹਿਂ ਗੁਰ ਓਰ ॥੧੦॥
ਕਹੂੰ ਚਾਲ ਕਹੂੰ ਪੋਈਆ ਪਾਏ।
ਕਰਤਿ ਸ਼ੀਘ੍ਰਤਾ ਹਯ ਗਮਨਾਏ।
ਉਡੀ ਧੂਲ ਰਵਿ[1] ਬੀਚ ਸਮਾਯੋ।
ਮਗ ਮਹਿਂ ਪੁਰਿ ਗ੍ਰਾਮਨਿ ਕੋ ਛਾਯੋ ॥੧੧॥
ਹਿਮ ਰਿਤੁ ਹੁਤੀ ਪਰਹਿ ਬਹੁ ਪਾਰਾ।
ਚਲ੍ਯੋ ਜਾਇ ਲਸ਼ਕਰ ਖਲ ਭਾਰਾ।
ਸਗਰੇ ਦਿਵਸ ਗਮਨਤੇ ਆਏ।
ਰਾਤਿ ਪਰੀ ਤੇ ਨਹਿਂ ਠਹਿਰਾਏ ॥੧੨॥
ਆਗੇ ਪਾਛੈ ਕੋ ਸਮ ਚਾਲੇ[1]।
ਪੀ ਪੀ ਕੈਫ[1] ਭਏ ਮਤਵਾਲੇ।
ਮਾਰ ਬਕਾਰਾ ਕਰਤਿ ਸੁਨਾਵੈਂ।
'ਕਹਾਂ ਗੁਰੂ ਹਮ ਜੰਗ ਮਚਾਵੈਂ ॥੧੩॥
ਹਮ ਤੇ ਆਗੇ ਭਾਗ ਨ ਜਾਇ।
ਹਾਸਲ ਕਰਹਿ ਮੁਰਾਦ ਖ਼ੁਦਾਇ।
ਹਜ਼ਰਤ ਕੇ ਹਯ ਦੇ ਕਰਿ ਮਿਲੇ।
ਇਹ ਭੀ ਹਮ ਕੋ ਨਾਂਹਿਨ ਭਲੇ ॥੧੪॥
ਬਜਹਿ ਲੋਹਿ ਸੋਂ ਲੋਹ ਕਰਾਰਾ।

[1]ਮਾਰੋ ਮਾਰ ਕਰਦੀ, ਛੇਤੀ ਛੇਤੀ।
†ਇਹ ਦੋ ਤੁਕਾਂ ਇਕ ਲਿਖਤੀ ਤੇ ਇਕ ਛਾਪੇ ਦੇ ਨੁਸਖੇ ਵਿਚ ਹਨ ਕਈ ਲਿਖਤੀ ਨੁਸਖਿਆਂ ਵਿਚ ਨਹੀਂ ਹਨ।
[1]ਖੁੱਲੇ ਵਾਲ।
[1]ਗਿਦੜੀਆਂ ਬੋਲਦੀਆਂ ਕਿ ਅੱਗ ਉਗਲਦੀਆਂ ਹਨ।
[1]ਖੋਤੇ।
[1]ਸੂਰਜ।
[1]ਬਰਾਬਰ ਹੋਕੇ।
[1]ਸ਼ਰਾਬ।

ਮਾਰਨ ਮਰਿਬੇ ਮਚਹਿ ਅਖਾਰਾ।
ਮਨ ਭਾਵਤਿ ਹਮ ਤਬਿ ਕਰਿ ਲੈ ਹੈਂ।
ਮਾਰਹਿਂ ਗੁਰੂ ਕਿਧੌਂ ਪਕਰੈ ਹੈਂ' ॥੧੫॥
ਸਤੁਦ੍ਰਵ ਮਿਲੀ ਬਿਪਾਸਾ ਦੋਊ।
ਆਵਤਿ ਭਈ ਅਗਾਰੀ ਦੋਊ।
ਗਨ ਤਰਨੀ[1] ਬਹੁ ਘਾਟਨਿ ਕੇਰੀ।
ਗਹਿ ਮੰਗਵਾਇ ਬਟੋਰਿ ਘਨੇਰੀ ॥੧੬॥
ਲਗੀ ਰਾਤਿ ਕੋ ਹੋਵਨਿ ਪਾਰ।
ਮੁਗ਼ਲ ਪਠਾਨ ਸੁ ਕਈ ਹਜ਼ਾਰਾ।
ਸਿਖ ਕੀ ਸੁਤਾ ਜੋਧ ਕੀ ਦਾਰਾ[1]।
ਤਿਨ ਦਲ ਕੋ ਆਗਵਨ ਬਿਚਾਰਾ ॥੧੭॥
ਧਰਜੋ ਹੁਤੋ ਧਰਨੀ ਪਰ ਥਾਰ[1]।
ਤਿਸ ਮਹਿਂ ਮੁਕਤਾ ਚਾਰੁ ਸੁ ਡਾਰਿ।
ਧਰ ਕਰਿ ਨਾਥ ਸੁਧਾਰਤਿ ਸੋਇ[1]।
ਮੰਦ ਮੰਦ ਸੋ ਥਰਕਨ[1] ਹੋਇ ॥੧੮॥
ਹੁਤੀ ਚਤਰ ਪੁਨ ਪਰਖਤਿ ਮੋਤੀ।
-ਕਜੋਂ ਨਹਿਂ ਇਨ ਕੀ ਥਿਰਤਾ ਹੋਤੀ? -।
ਬਾਰ ਬਾਰ ਸੋ ਨੀਕੇ ਦੇਖਿ।
ਜਾਨਜੋ -ਲਸ਼ਕਰ ਆਇ ਵਿਸ਼ੇਖ ॥੧੯॥
ਧਰਾ ਇਹਾਂ ਲਗਿ ਹਾਲਤਿ ਮੰਦ[1]।
ਪਰਤੇ ਸੁੰਮ ਤੁਰੰਗਮ ਬ੍ਰਿੰਦ-।
ਤਤਛਿਨ ਨੀਕੇ ਨਿਰਨੇ ਕੀਨਿ।
ਸੁਧਿ ਹਿਤ ਨਰ ਪਠਾਇ ਕਰਿ ਦੀਨਿ ॥੨੦॥
ਪ੍ਰਥਮ ਸੁ ਰਾਇ ਜੋਧ ਢਿਗ ਆਯੋ।
ਘਰ ਕੋ ਕਹਜੋ ਸੰਦੇਸ਼ ਸੁਨਾਯੋ।
ਜਿਮ ਪਰਖਜੋ ਸੋ ਰੀਤਿ ਬਤਾਈ।
'ਦੇਰਿ ਨ ਲਖਹੁ ਸੈਨ ਬਡ ਆਈ' ॥੨੧॥
ਤਿਸ ਲੇ ਜੋਧ ਆਪਨੇ ਸਾਥ।
ਪਹੁੰਚਜੋ ਜਹਿਂ ਬੈਠੇ ਗੁਰ ਨਾਥ।
ਸਿੱਖ ਮਸੰਦ ਬ੍ਰਿੰਦ ਬਰ ਬੀਰ।

[1]ਬੇੜੀਆਂ।
[1]ਇਸਤ੍ਰੀ ਨੇ।
[1]ਥਾਲ।
[1]ਉਸ (ਥਾਲ ਵਿਚ) ਨੱਥ ਧਰਕੇ ਠੀਕ ਕਰ ਰਹੀ ਸੀ।
[1]ਧਰਤੀ ਇਥੋਂ ਤਾਈਂ ਹੌਲੀ ਹੌਲੀ ਹਿਲਦੀ ਹੈ।
[1]ਧਰਤੀ ਇਥੋਂ ਤਾਈਂ ਹੌਲੀ ਹੌਲੀ ਹਿਲਦੀ ਹੈ।

ਬੈਠੇ ਸ਼੍ਰੀ ਹਰਿ ਗੋਵਿੰਦ ਤੀਰ ॥੨੨॥
ਭਾਈ ਭਗਤੂ ਬਹਿਲੋ ਦੋਇ।
ਇਹੁ ਬੈਠੇ ਸਤਿਗੁਰ ਢਿਗ ਹੋਇ।
ਜਬਿ ਕੇ ਜੰਗਲ ਕੋ ਗੁਰ ਆਏ।
ਤਬਿ ਕੇ ਸੰਗ ਰਹਤਿ ਸੁਖ ਪਾਏ ॥੨੩॥
ਦਰਸ਼ਨ ਲਾਭ ਲੇਤਿ ਹੈਂ ਲੋਚਨ।
ਬੀਚ ਬਿਰਾਜਹਿਂ ਕਸ਼ਟ ਬਿਮੋਚਨ।
ਬੈਠਜੋ ਜੋਧ ਗੁਰੂ ਸਨਮਾਨਾ।
'ਲਸ਼ਕਰ ਆਯੋ ਪ੍ਰਭੂ ! ਮਹਾਨਾ ॥੨੪॥
ਇਹ ਨਰ ਸੁਧਿ ਲੇ ਕਰਿ ਅਬਿ ਆਵਾ।
ਪਰਖਨਿ ਸਿੱਖ ਸੁਤਾ ਜਿਮ ਪਾਵਾ।
ਥਰਕਤਿ ਥਿਰਾ[1] ਇਹਾਂ ਲਗਿ ਜਾਨੋਂ। — [1]ਧਰਤੀ।
ਯਾਂ ਤੇ ਜਾਨੀ ਸੈਨ ਮਹਾਨੋ ॥੨੫॥
ਬਿਲਮ ਨਹੀਂ ਅਬਿ ਆਵਨ ਮਾਂਹੀ।
ਪਰਹਿ ਜੰਗ ਘਮਸਾਨ ਮਹਾਂ ਹੀ।'
ਸੁਨਿ ਸ਼੍ਰੀ ਹਰਿ ਗੋਵਿੰਦ ਕਹਿਂ ਐਸੇ।
'ਹਮ ਭੀ ਤਜਾਰ ਅਗਾਰੀ ਬੈਸੇ ॥੨੬॥
ਜਾਫਤ[1] ਦੇਨਿ ਹੇਤੁ ਸਵਧਾਨਾ। — [1]ਜ਼ਜਾਫਤ, ਖਾਣਾ।
ਸਮੁਖ ਸਿਪਰ ਇਹ ਪਾਤਰ[1] ਨਾਨਾ। — [1]ਭਾਂਡੇ ਹਨ।
ਗੋਰੀ ਗਨ ਜਨੁ ਸ਼ੱਕਰ ਪਾਰੇ।
ਖਪਰੇ ਮਨਹੁੰ ਜਲੇਬ ਉਤਾਰੇ ॥੨੭॥
ਚੱਕ੍ਰ ਬੱਕ੍ਰ[1] ਘੇਵਰ[2] ਗਨ ਦੈ ਹੈਂ। — [1]ਟੇਢੇ ਚੱਕਰ। [2]ਇਕ ਮਠਿਆਈ ਦਾ ਨਾਮ ਹੈ।
ਬਡੇ ਸੁਹਾਰ[1] ਕ੍ਰਿਪਾਨ ਖੁਐ ਹੈਂ।' — [1]ਇਕ ਪ੍ਰਕਾਰ ਦਾ ਮੋਣ ਵਾਲਾ ਤੇ ਸਲੂਣਾ ਪਕਵਾਨ ਜੋ ਮੈਦੇ ਦਾ ਬਣਦਾ ਹੈ ਤੇ ਤ੍ਰਿਕੋਣਾ ਹੁੰਦਾ ਹੈ। [ਹਿੰਦੀ. ਸੁਹਾਲ। ਹਿੰਦੀ ਵਿਚ 'ਸੁਹਾਰੀ' ਸਾਦੀ ਪੂਰੀ ਨੂੰ ਬੀ ਕਹਿੰਦੇ ਹਨ]
ਕਹਿ ਬਿਧੀਆ 'ਜਬਿ ਹੀ ਹਯ ਲਜਾਯੋ।
ਤਬਿ ਕੇ ਤਜਾਰ ਚਹਤਿ ਹੈਂ ਧਾਯੋ[1] ॥੨੮॥ — [1]ਧਾਵਾ ਕਰਨਾ।
ਨਹਿਂ ਬਿਲਮਹਿਂ ਰਿਪੁ ਆਵਨ ਮਾਂਹੀ।
ਆਵਹਿ ਸ਼ਾਹੁ ਕਿ ਲਸ਼ਕਰ ਤਾਂਹੀ।
ਮਗ ਮਹਿਂ? ਨਹਿਂ ਸੁਧਿ, ਹੈਂ ਅਬਿ ਕਹਾਂ?
ਬਿਨਾ ਬਿਲਮ ਪਹੁੰਚੈਂਗੇ ਇਹਾਂ' ॥੨੯॥

ਸ਼੍ਰੀ ਹਰਿ ਗੋਵਿੰਦ ਦ੍ਰਿਸ਼ਟਿ ਚਲਾਏ।
ਬਹਿਲੋ ਕੋ ਬੂਝਤਿ ਬਿਕਸਾਏ।
'ਭੂਤ ਪ੍ਰੇਤ ਚਾਰੋਂ ਦਿਸ਼ਿ ਕੇਰੇ।
ਸ਼੍ਰੀ ਗੁਰ ਬਸੀ ਕਰੇ ਸਭਿ ਤੇਰੇ ॥੩੦॥
ਤਿਨ ਤੇ ਸੁਧ ਮੰਗਵਾਇ ਸੁਨਾਵਹੁ।
ਜਹਿਂ ਲਸ਼ਕਰਿ, ਅਬਿ ਤਹਾਂ[1] ਬਤਾਵਹੁ।' [1]ਭਾਵ ਉਹ ਥਾਂ।
ਸੁਨਿ ਬਹਿਲੋ ਇਕ ਪ੍ਰੇਤ ਧਵਾਯੋ।
ਮਨ ਸਮ ਬੇਗ ਕਰਤਿ[1] ਸੁਧਿ ਲਜਾਯੋ ॥੩੧॥ [1]ਮਨ ਵਤ ਛੇਤੀ ਕਰਕੇ।
ਬਾਤਨਿ ਕਰਤਿ ਤਹਾਂ ਤਬਿ ਕਹਜੋ।
'ਪ੍ਰਭੁ ਜੀ! ਸਲਿਤਾ ਤਟ ਅਬਿ ਲਹਜੋ।
ਸਾਰੇ ਦਿਵਸ ਚਲੇ ਹੀ ਆਏ।
ਨਿਸਾ ਪਰੀ ਬਹੁ ਤਹਾਂ ਥਿਰਾਏ ॥੩੨॥
ਕੇਤਿਕ ਪਾਰ, ਉਰਾਰ ਕਿਤੇਕ।
ਕੇਤਿਕ ਨੌਕਾ ਚਢੇ ਅਨੇਕ।
ਥਕਤਿ ਥਿਰੇ, ਕੋ ਸੁਪਤਿ ਪਰੇ ਹੈਂ।
ਕੋ ਸ਼ਰਾਬ ਕਰਿ ਪਾਨ ਗਿਰੇ ਹੈਂ ॥੩੩॥
ਕਿਤਿਕ ਮਿਲੇ ਬਹੁ ਪਾਵਕ[1] ਜਾਰੀ। [1]ਅਗਨੀ।
ਲਗਜੋ ਸੀਤ ਬਹੁ ਕੰਪਾ ਧਾਰੀ।
ਕਰ ਪਗ ਸੁੰਨ ਭਏ ਜਿਨ ਕੇਰੇ।
ਸਲਿਤਾ ਤਟ ਕਰਿ[1] ਸੀਤ ਘਨੇਰੇ' ॥੩੪॥ [1]ਨਦੀ ਦਾ ਕੰਢਾ ਹੋਣ ਕਰਕੇ।
ਸੁਨਿ ਭਾਈ ਬਹਿਲੋ ਤੇ ਬੈਨ।
'ਪਰੀ ਨਦੀ ਤਟ ਸਗਰੀ ਸੈਨ।'
ਜੋਧ ਆਦਿ ਸਭਿ ਅਚਰਜ ਮਾਨਜੋ।
ਸ਼੍ਰੀ ਹਰਿਗੋਬਿੰਦ ਬਹੁਰ ਬਖਾਨਜੋ ॥੩੫॥
'ਅਬਿ ਤੂੰ ਪ੍ਰੇਮ ਪਠਾਵਹੁ ਕੋਈ।
ਮਿਲਜੋ ਰਹੈ ਤਿਸ ਲਸ਼ਕਰ ਸੋਈ।
ਜਬਿ ਹੁਇ ਕੂਚ ਬਤਾਵਹਿ ਆਇ।
ਬਨਿ ਸਵਧਾਨ ਰਹੈ ਸਮੁਦਾਇ' ॥੩੬॥
ਡੇਢ ਕੁ ਜਾਮ ਜਾਮਨੀ ਗਈ।
ਇਹ ਬਾਤੈਂ ਸਤਿਗੁਰ ਸਭਿ ਕਈ।

ਕਰਿ ਨਿਸ਼ਚੈ ਪੁਨ ਪੌਢਿ ਪ੍ਰਯੰਕ।
ਸੁਖ ਸੋਂ ਸੁਪਤੇ ਬਿਨਾ ਅਤੰਕ[1] ॥੩੭॥
ਨਿਜ ਨਿਜ ਡੇਰੇ ਸਭਿ ਚਲਿ ਗਏ।
ਅਰਧ ਸੁਭਟ ਸਵਧਾਨੀ ਕਏ।
ਅਰਧ ਸੁਪਤਿ ਭੇ ਨਿੰਦ੍ਰਾ ਪਾਈ।
ਜਾਗੇ ਪ੍ਰਭੂ ਪ੍ਰਭਾਤਿ ਹੁਇ ਆਈ ॥੩੮॥
ਸੌਚ ਸ਼ਨਾਨ ਆਦਿ ਸਭਿ ਕੀਨਿ।
ਸੁਨਿ ਕਰਿ ਆਸਾਵਾਰ ਪ੍ਰਬੀਨ।
ਬੈਠੇ ਹੁਤੇ ਸਕਲ ਚਲਿ ਆਇ।
ਸੁਭਟ ਮਸੰਦ ਸਿੱਖ ਸਮੁਦਾਇ ॥੩੯॥
ਗੁਰ ਕੇ ਕਹੇ ਭੂਤਨੀ ਪਹਿਲੋਂ।
ਪਠੀ ਨਿਸਾ ਮਹਿਂ ਸੁਧ ਹਿਤ ਬਹਿਲੋ।
'ਜਬਿ ਲਸ਼ਕਰ ਕੋ ਹੋਵਹਿ ਕੂਚ।
ਤਬਿ ਸੁਧਿ ਦਿਹੁ ਇਤ ਆਇ ਪਹੂਚਿ'
॥੪੦॥
ਸੋ ਤੁਰਕਨ ਕੇ ਦਲ ਮਹਿਂ ਗਈ।
ਸੁਧ ਹਿਤ ਬੀਚ ਪ੍ਰਵੇਸ਼ਤਿ ਭਈ।
ਤਹਾਂ ਹੁਤੋ ਇਕ ਪਠਤਿ ਮੁਲਾਨਾ।
ਭੂਤਨ ਬਿੱਦਜਾ ਬਿਖੈ ਮਹਾਨਾ ॥੪੧॥
ਲਖੀ ਭੂਤਨੀ ਕੀ ਗਤਿ ਤਾਂਹੂ।
ਸੁਧਿ ਹਿਤ ਪਹੁੰਚੀ ਲਸ਼ਕਰ ਮਾਂਹੂ।
ਮੰਤ੍ਰਨ ਸੰਗ ਪਕਰਿ ਸੋ ਲਈ।
ਭੂਤਨ ਸੌਂਪਿ ਕੈਦ ਕਰਿ ਦਈ ॥੪੨॥
ਬਹਿਲੋ ਕੋ ਸੁਧਿ ਭਈ ਨ ਆਇ।
ਨਿਸ਼ਚੈ ਧਰਯੋ ਕਿ -ਇਹੁ ਸੁਧ ਲਜਾਇ-।
ਸ਼੍ਰੀ ਗੁਰ ਢਿਗ ਬੈਠਯੋ ਤਬਿ ਜਾਈ।
ਚਹੁੰ ਦਿਸ਼ ਮਹਿਂ ਥਿਰ ਨਰ ਸਮੁਦਾਈ
॥੪੩॥
ਸਾਦਰ ਨਿਕਟਿ ਬਿਠਾਯੋ ਜਬੈ।
ਮੁਸਕਾਵਤਿ ਬੋਲੇ ਗੁਰ ਤਬੈ।
'ਕਹੁ ਭਾਈ! ਸੁਧ ਲਸ਼ਕਰ ਕੇਰੀ।
ਕੂਚ ਕਿ ਹੈ ਮੁਕਾਮ[1] ਇਸ ਬੇਰੀ?'

[1]ਬੇ ਡਰ ਹੋਕੇ।

[1]ਲਸ਼ਕਰ ਨੇ) ਕੂਚ ਕਰ ਦਿੱਤਾ ਹੈ ਜਾਂ ਨਹੀਂ।

॥ ੪੪ ॥
ਕਹਤਿ ਭਯੋ ਦੋਨਹੁ ਕਰ ਜੋਰੇ।
'ਤੁਰਕ ਜਿ ਕੂਚ ਕਰਹਿਂ ਇਤਿ ਓਰੇ।
ਤਤਛਿਨ ਹੀ ਸੁਧ ਮੋ ਢਿਗ ਆਇ।
ਸਭਿ ਰਾਵਰ ਕੋ ਦੇਉਂ ਸੁਨਾਇ' ॥ ੪੫ ॥
ਅੰਤਰਜਾਮੀ ਗੁਰੂ ਬਖਾਨਾ।
'ਭਯੋ ਕੂਚ ਲਸ਼ਕਰ ਪ੍ਰਸਥਾਨਾ।
ਤਹਾਂ ਭੂਤਨੀ ਤੋਹਿ ਪਠਾਈ।
ਗਹੀ ਮੁਲਾਨੇ ਤਿਨ ਸੁਧ ਪਾਈ ॥ ੪੬ ॥
ਤਿਸ ਕੋ ਅਬਿ ਤਜਿ ਦਿਹੁ ਭਰਵਾਸਾ।
ਸੋ ਨਹਿਂ ਛੂਟਹਿ ਕਰਸਿ ਬਿਨਾਸਾ[1]।'
ਸੁਨਿ ਗੁਰ ਬਚਨ ਸਕਲ ਬਿਸਮਾਏ।
ਤਬਿ ਬਹਿਲੋ ਬਹੁ ਭੂਤ ਪਠਾਏ ॥ ੪੭ ॥
ਤਿਨ ਤਤਛਿਨ ਸੁਧ ਆਨਿ ਸੁਨਾਈ।
'ਗਹੀ ਭੂਤਨੀ[1], ਸੈਨ ਸੁ ਆਈ।'
ਸਭਿਨਿ ਸੁਨਜੋ ਮਨ ਮੈਂ ਸੁਖ ਪਾਏ।
'ਧੰਨ ਧੰਨ ਸਤਿਗੁਰੂ' ਅਲਾਏ[†] ॥ ੪੮ ॥

[1]ਕਰੇਗਾ ਨਾਸ਼ (ਉਸਦਾ)।

[1]ਭੂਤਨੀ ਫੜੀ ਗਈ ਹੈ, ਤੇ।

[†]ਭੂਤ ਵਿੱਦਜਾ ਨਾਲੋਂ ਗੁਰੂ ਗਜਾਤ ਦੀ ਵਡਿਆਈ ਦਰਸਾਈ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਲਸ਼ਕਰ ਗਮਨ' ਪ੍ਰਸੰਗ ਬਰਨਨੰ ਨਾਮ ਦੋਇ ਚਤਵਾਰਿੰਸਤੀ ਅੰਸੂ ॥ ੪੨ ॥

੪੩. [ਹਸਨ ਖਾਂ ਦੂਤ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਸਲਿਤਾ ਉਤਰੇ ਜਾਮਨੀ, ਸਗਲੇ ਮੁਸ਼ਕਲ ਹੋਇ[1]।
ਖਾਨ ਪਾਨ ਪ੍ਰਾਪਤਿ ਕਿਸੂ, ਰਹੇ ਛੂਛ ਹੀ ਕੋਇ ॥੧॥

[1]ਸਾਰੇ ਔਖੇ ਹੋਕੇ।

ਚੌਪਈ:

ਜੁਗ ਤ੍ਰੈ ਜਾਮ ਕੀਨਿ ਬਿਸਰਾਮੇ।
ਬਜੇ ਕੂਚ ਕੇ ਦੀਹ ਦਮਾਮੇ।
ਮਹਾਂ ਸੀਤ ਮਹਿਂ ਮੁਸ਼ਕਲ ਹੋਏ।
ਸੁੰਨ ਚਰਨ ਅਰੁ ਕਰ ਸਭਿ ਕੋਏ ॥੨॥
ਅਗਨੀ ਜਾਰਿ ਜਾਰਿ ਠਰ ਖੋਵੈਂ।
ਡਾਰਿ ਜ਼ੀਨ ਹਯ ਤਯਾਰੀ ਹੋਵੈਂ।
ਪ੍ਰਾਤਿ ਹੋਤਿ ਹੀ ਸੈਨਾਂ ਚਾਲੀ।
ਬਸਤ੍ਰ ਸ਼ਸਤ੍ਰ ਸਭਿ ਲੀਨਿ ਸੰਭਾਲੀ ॥੩॥
ਉਦੈ ਭਯੋ ਸੂਰਜ ਭਗਵਾਨ।
ਸੀਤ ਬਿਨਾਸਯੋ ਮਗ ਪ੍ਰਸਥਾਨ।
ਲਲਾਬੇਗ ਜਬਿ ਪੁਰਿ ਤੇ ਧਾਯੋ।
ਭੇਤ ਹੇਤੁ ਇਕ ਦੂਤ ਪਠਾਯੋ ॥੪॥
'ਡੇਰਾ ਕਹਾਂ ਸੈਨ ਹੈ ਕੇਤੀ?
ਬਿਚ ਪ੍ਰਵੇਸ਼ ਹੁਇ ਹੇਰਹੁ ਤੇਤੀ।
ਕਬਿ ਹਮ ਲਰਹਿਂ ਸੁ ਪਰਖਹੁ ਕਾਲ[1]।
ਇਸ ਕਾਰਨ ਆਗੇ ਤੂੰ ਚਾਲਿ' ॥੫॥

[1]ਸੋ ਸਮਾਂ ਦੇਖੀਂ।

ਹਯ ਕੌ ਤਯਾਗਿ ਗ੍ਰਾਮ ਕਿਸ ਮਾਂਹੀ।
ਬੇਖ ਆਪਨੋ ਰਾਖਯੋ ਨਾਂਹੀ।
ਸੇਵਕ ਏਕ ਸੰਗ ਜਿਹ ਲੀਨੋ।
ਗੁਰ ਦਲ ਮਹਿਂ ਪ੍ਰਵੇਸ਼ ਕੋ ਕੀਨੋ ॥੬॥
ਸੰਧਯਾ ਸਮੈ ਪਿਖਿਨਿ ਹਿਤ ਫਿਰਯੋ।
ਦਲ ਗਨ ਨੀਰ ਤਾਲ[1] ਕੋ ਘਿਰਯੋ।
ਫਿਰਤਿ ਫਿਰਤਿ ਸੈਨਾ ਕੇ ਮਾਂਹੀ।
ਗਮਨਯੋ ਰਾਇ ਚਮੂੰ ਕੇ ਮਾਂਹੀ ॥੭॥

[1]ਜਲ ਦਾ ਤਲਾ।

ਤਿਨਹੂੰ ਪਰਖ੍ਯੋ ਮਨੁਖ ਬਿਰਾਨਾ।
ਗਹਿ ਬੂਝ੍ਯੋ ਨਹਿਂ ਜਾਇ ਬਖਾਨਾ।
ਤਤਛਿਨ ਤਿਸਕੀ ਪਾਗ ਉਤਾਰੀ।
ਮੁਸ਼ਕੈਂ ਬਾਂਧਿ ਕਰੀ ਬਹੁ ਮਾਰੀ ॥੮॥
ਦਈ ਕਸ਼ਟ ਤੇ ਭੂਰ ਦੁਹਾਈ।
'ਸ਼੍ਰੀ ਸਤਿਗੁਰ ਮੁਹਿ ਲੇਹੁ ਛੁਟਾਈ।'
ਪਰ੍ਯੋ ਸ਼ੋਰ ਸਗਰੇ ਨਰ ਧਾਏ।
ਗਹ੍ਯੋ ਤਾੜ ਕਰਿ ਗੁਰ ਢਿਗ ਲ੍ਯਾਏ ॥੯॥
ਸ਼੍ਰੀ ਹਰਿ ਗੋਵਿੰਦ ਸੁਨਤਿ ਦੁਹਾਈ।
ਪਠਿ ਬਿਧੀਆ ਮੁਸ਼ਕੈਂ ਖੁਲਿਵਾਈ।
ਸੰਗ ਆਨਿ ਥਿਰ ਕਰ੍ਯੋ ਹਜੂਰੇ।
ਹੇਰਤਿ ਬੋਲੇ ਸਤਿਗੁਰ ਪੂਰੇ ॥੧੦॥
'ਕੌ ਹੈਂ ਤੂੰ? ਕਿਤ ਤੇ ਚਲਿ ਆਯੋ?
ਕਹਹੁ ਸਾਚ, ਨਤੁ ਦੇਂ ਮਰਿਵਾਯੋ।'
ਡਰਤਿ ਮਾਰ ਤੇ ਸਾਚ ਬਖਾਨਾ।
'ਪ੍ਰਭੁ ਜੀ! ਤਜਹੁ ਕਿ ਕਰ ਦਿਹੁ ਹਾਨਾ ॥੧੧॥
ਕਹੌਂ ਸਾਚ ਮੈਂ ਆਪ ਅਗਾਰੀ।
ਲਲਾਬੇਗ ਕਾਬਲ ਪਤਿ ਭਾਰੀ।
ਭੇਤ ਹੇਤੁ ਹੇ ਕ੍ਰਿਪਾ ਨਿਕੇਤ!
ਪਠ੍ਯੋ ਮੋਹਿ ਬਡ ਸ਼ੀਘ੍ਰ ਸਮੇਤ ॥੧੨॥
ਦਲ ਪ੍ਰਵੇਸ਼ ਮੈਂ ਸਕਲ ਨਿਹਾਰਾ।
ਭਟਨ ਪਛਾਨਿ ਲੀਨਿ ਬਹੁ ਮਾਰਾ।
ਸ਼੍ਰੀ ਗੁਰ ਤੁਮ ਪੀਰਨ ਕੇ ਪੀਰ।
ਦੁਹ ਲੋਕਨ ਕੇ ਮੀਰਨ ਮੀਰ' ॥੧੩॥
ਸ਼੍ਰੀ ਹਰਿ ਗੋਵਿੰਦ ਬੂਝਨ ਠਾਨਾ।
'ਕਹਾਂ ਸੈਨ ਤੁਰਕਾਨ ਮਹਾਨਾ?
ਕੇਤਿਕ ਗਿਨਤੀ ਮਹਿਂ ਚਢਿ ਧਾਈ।
ਕਬਿ ਇਤ ਪਹੁੰਚਤਿ ਹੇਤੁ ਲਰਾਈ!' ॥੧੪॥
ਸੁਨਤਿ ਹਸਨਖਾਂ ਦੂਤ ਬਖਾਨਾ।

'ਕਾਬਲ ਕੇ ਉਮਰਾਵ ਮਹਾਨਾ।
ਲਸ਼ਕਰ ਪੰਚ ਰੁ ਤੀਸ ਹਜ਼ਾਰ।
ਤੁਰਕੀ ਘੋਰੇ ਪਰ ਅਸਵਾਰ ॥੧੫॥
ਕਹਜੋ ਸ਼ਾਹੁ -ਮਗ ਨਹਿਂ ਬਿਲਮਾਵਹੁ।
ਲਰਹੁ ਸ਼ੀਘ੍ਰ, ਗੁਰ ਨਿਕਟਿ ਪਠਾਵਹੁ[1]-।

[1]ਗੁਰ ਨੂੰ (ਸਾਡੇ) ਪਾਸ ਭੇਜੋ (ਫੜਕੇ)।

ਨਹੀਂ ਦੇਰ ਅਬਿ ਆਵਨ ਮਾਂਹੀ।
ਪਹੁੰਚੀ ਲਖਹੁ ਚਮੂੰ ਨਿਜ ਪਾਹੀ ॥੧੬॥
ਮੈਂ ਪਿਖਿ ਪਰਖਨ ਕੀਨਿ ਬਿਚਾਰ[1]।

[1]ਤੁਹਾਡੇ ਪਾਸ ਜੋ ਸੌ (ਜੁਆਨ) ਹੈ ਤੇ ਓਹ (ਓਧਰੋਂ) ਹਜ਼ਾਰ ਆ ਰਿਹਾ ਹੈ ਤਾਂ ਤੁਹਾਡੇ (ਉਹਨਾਂ ਨੂੰ) ਮਾਰ ਲੈਣਗੇ ਜਾਣ ਨਹੀਂ ਦੇਣਗੇ।

ਤੁਮਰੇ ਸਤ, ਸੋ ਆਇੰ ਹਜ਼ਾਰ।
ਮਾਰ ਲੇਹਿਂਗੇ ਦੇਹਿਂ ਨ ਜਾਨੇ[4]।
ਇਮ ਤੁਰਕਾਨਾ ਕਰਿ ਹੋ ਹਾਨੇ[1] ॥੧੭॥

[1]ਤੁਸੀਂ ਮਾਰੋਗੇ ਤੁਰਕਾਂ ਨੂੰ।

ਸਵਾਧਾਨ ਰਾਵਰ ਕੀ ਸੈਨ।
ਬਿਸਰਾਮੀ, ਇਨ ਕੇ ਸ਼੍ਰਮ ਹੈ ਨਾ[1]।

[1]ਇਹ ਤਰੋਤਾਜ਼ਾ ਹਨ ਕੋਈ ਥਕਾਨ ਨਹੀਂ ਪਿਆ ਨੇ।

ਚਾਹਿਤ ਹੈਂ ਸੰਗ੍ਰਾਮ ਸੁ ਠਾਂਢੇ।
ਬਹੁ ਅਨੰਦਤਾ ਜਿਨ ਮਹਿਂ ਬਾਢੇ' ॥੧੮॥
ਸੁਨਿ ਪ੍ਰਸੰਨ ਸਤਿਗੁਰ ਹੁਇ ਆਯੋ।
ਢਿਗ ਤੇ ਪਾਗ ਦਿਵਾਇ ਪਠਾਯੋ।
ਕਹਜੋ 'ਦੇਹੁ ਸੁਧਿ ਤਿਨ ਕਹੁ ਜਾਈ।'
ਛੁਟਜੋ ਹਸਨ ਖਾਂ ਗਮਨਜੋ ਧਾਈ ॥੧੯॥
ਲਲਾਬੇਗ ਕੋ ਮਿਲਜੋ ਅਗਾਰੀ।
ਆਵਤਿ ਲਿਏ ਜੁ ਲਸ਼ਕਰ ਭਾਰੀ।
ਕਰਜੋ ਸਲਾਮ ਖਰੋ ਤਬਿ ਭਯੋ।
'ਕਹੁ ਸੁਧ ਜਿਸ ਕਾਰਨ ਤੂੰ ਗਯੋ ॥੨੦॥
ਕਿਤਿਕ ਸੈਨ ਸੋ ਗੁਰ ਹੈ ਕਹਾਂ?
ਭਾਜਿ ਕਿ ਨਹਿਂ ਪਿਖਿ ਲਸ਼ਕਰ ਮਹਾਂ[1]?

[1]ਬਹੁਤੇ ਲਸ਼ਕਰ ਨੂੰ ਦੇਖ ਕੇ ਭੇਜਿਆ ਹੈ ਕਿ ਨਹੀਂ।

ਲਰਨ ਹੇਤੁ ਗਾਢੋ ਭੀ ਦੇਖਾ?
ਭਾਖਹੁ ਭੇਤ ਜੁ ਕੀਨਿ ਪਰੇਖਾ' ॥੨੧॥
ਸੁਨਤਿ ਹਸਨ ਖਾਂ ਭੇਵ ਬਤਾਯੋ।
ਡੇਰਾ ਗੁਰ ਉਜਾਰ ਮਹਿਂ ਪਾਯੋ।

ਜਲ ਕੇ ਤਾਲ ਚੁਗਿਰਦੇ ਘੇਰਾ।
ਲਰਨ ਹੇਤੁ ਉਤਸਾਹ ਘਨੇਰਾ ॥੨੨॥
ਕਰਹਿਂ ਉਡੀਕਨਿ ਭਟ ਬਲਵਾਨਾ।
ਤੁਰੰਗ ਜ਼ੀਨ ਧਰਿ ਆਯੁਧ ਨਾਨਾ।
ਤਿਨ ਕੈ ਕਹਾਂ ਪਲਾਵਨ ਬਾਤ।
ਚਾਹਤਿ ਹੈਂ ਸਭਿ ਲਸ਼ਕਰ ਘਾਤ ॥੨੩॥
ਮੋਹਿ ਰਿਦੇ ਮਹਿਂ ਐਸੀ ਆਵੈ।
ਸੌ ਭਟ, ਤੁਮ ਹਜ਼ਾਰ ਕੋ ਘਾਵੈ।
ਗੁਰੂ ਬਿਲੰਦ ਬਲੀ ਸਮ ਸ਼ੇਰ।
ਕਰਹਿ ਪ੍ਰਤੀਖਨਿ ਗਹਿ ਸ਼ਮਸ਼ੇਰ ॥੨੪॥
ਮ੍ਰਿਗਨਿ ਮਨਿੰਦ ਬ੍ਰਿੰਦ ਤੁਵ ਸੈਨਾ।
ਤੁਮ ਮਹਿਂ ਤਿਨ ਕੀ ਸਮਤਾ ਹੈ ਨਾ।
ਦਲ ਹੈ ਅਲਪ ਤਊ ਸਮ ਬਾਜ਼[1]।
ਕਾਕ ਬਟੇਰਾ ਤੋਹਿ ਸਮਾਜ[1] ॥੨੫॥
ਚਾਰ ਹਜ਼ਾਰ ਭਟਨਿ ਕੇ ਟੋਲ।
ਚਾਰਹੁਂ ਕਰ ਸ਼ੇਰ ਸਮ ਬੋਲ।'
ਸੁਨਿ ਕਰਿ ਬਾਕ ਦੂਤ ਕੇ ਸਾਚੇ।
ਤੁਰਕ ਤੁਰਕਪਤਿ ਸਭਿ ਰਿਸ ਰਾਚੇ ॥੨੬॥
'ਇਹੁ ਕਸਾ ਮੂਰਖ ਕਰਤਿ ਬਖਾਨ।
ਬਡ ਜੋਧਾ ਹੌਂ ਬਿਦਤਿ ਜਹਾਨ।
ਕਈ ਜੰਗ ਮੈਂ ਰਿਪੁ ਗਨ ਹਤੇ।
ਕਰਿ ਪੁਰਸ਼ਾਰਥ ਲੀਨਸਿ ਫਤੇ' ॥੨੭॥
ਪਾਨ ਬਾਰਨੀ ਕੋ ਕਰਿ ਰਹਯੋ[1]।
ਸੁਨਤਿ ਦੂਤ ਤੇ ਰਿਸ ਕਰਿ ਕਹਯੋ।
'ਇਹ ਕੁਛ ਗੁਰ ਤੇ ਲੈ ਕਰਿ ਆਯੋ।
ਕਹਿ ਕਰਿ ਚਾਹਤਿ ਹਮੈਂ ਡਰਾਯੋ ॥੨੮॥
ਦੁਸ਼ਮਨ ਕੋ ਪੱਖੀ ਇਹ ਜਾਨਾ।
ਤਿਸ ਕੀ ਜੀਤ, ਹਮਹਿਂ ਚਹਿ ਹਾਨਾ।
ਪਨਹੀ ਮਾਰਹੁ ਦੇਹੁ ਨਿਕਾਸੀ।
ਬਹੁਰ ਨ ਕਹੈ ਆਨਿ ਕੋ ਪਾਸੀ ॥੨੯॥

[1]ਬਾਜ਼ ਵਾਂਙੂ ਹੈ।
[1]ਭਾਵ ਤੇਰਾ ਲਸ਼ਕਰ।
[1]ਸ਼ਰਾਬ ਪੀਤੀ ਹੋਈ ਸੀ।

ਗੁਰ ਤਰੀਫ, ਕਰਿ ਨਿੰਦ ਹਮਾਰੀ।
ਕਹਾਂ ਮਤੀ ਇਨ ਮੂਢ ਬਿਚਾਰੀ।'
ਇਮ ਕਹਿ ਮਾਰਤਿ ਖੇਦਿ ਖਦੇਰਾ[1]।
ਜਾਨਿ ਅਨਾਦਰ ਬਹੁ ਨਿਜ ਕੇਰਾ ॥੩੦॥
-ਗੁਰੂ ਪੀਰ ਕੇ ਨਿਕਟਿ ਸਿਧਾਊਂ।
ਮਨ ਬਾਂਛਤਿ ਤਿਨ ਤੇ ਬਰਪਾਊਂ-।
ਸੁਮਤਿਵੰਤ ਇਮ ਰਿਦੈ ਬਿਚਾਰਾ।
ਸ਼ੀਘ੍ਰ ਗੁਰੂ ਕੇ ਨਿਕਟਿ ਸਿਧਾਰਾ ॥੩੧॥
ਕਹਿ ਨਿਜ ਨਾਮ ਬੂਝ ਕਰਿ ਕਹਯੋ।
ਸੀਸ ਨਿਵਾਇ ਸਮੁਖ ਗੁਰ ਭਯੋ।
'ਆਨਿ ਪਰਯੋ ਮੈਂ ਰਾਵਰਿ ਸ਼ਰਨੀ।
ਜਾਇ ਪ੍ਰਸੰਸਾ ਤਿਨ ਢਿਗ ਬਰਨੀ ॥੩੨॥
ਸਹਿ ਨ ਸਕੇ ਮਤਿਮੰਦ ਗੁਮਾਨੀ।
ਮਾਰਯੋ ਮੋਹਿ ਕਟਕ[1] ਕਹਿ ਬਾਨੀ।
ਰਾਖਹੁ ਲਾਜ ਪੀਰ ਜੀ! ਮੋਰੀ।
ਨਹੀਂ ਅਲੰਬ ਰਹਯੋ ਅਬਿ ਹੋਰੀ' ॥੩੩॥
ਕ੍ਰਿਪਾ ਨਿਧਾਨ ਕ੍ਰਿਪਾ ਸੁਨਿ ਕਰੀ।
-ਹਮ ਹਿਤ- ਲਖਯੋ -ਮਾਰ ਇਸ ਪਰੀ[1]-।
ਸੁਖ ਤੇ ਤ੍ਰਿਣ ਦਾਨਾ ਅਰੁ ਪਾਨੀ
ਖਾਨ ਪਾਨ ਕਰਿ ਬਿਸਰਯੋ ਈਠ[1]। — [1]ਪਿਆਰਾ (ਸਾਥੀ)।
ਤਿਸ ਪਰ ਹੋਇ ਅਰੂਢਨਿ ਗਮਨਹਿਂ
ਜਨੁ ਮਨ ਕੋ ਹੁਇ ਚਲਹਿ ਬਸੀਠ[1] ॥੯॥ — [1]ਮਨ ਨਾਲ ਮਾਨੋ ਟੋਰਿਆ ਹੋਇਆ ਟੁਰਦਾ ਹੈ। ਭਾਵ ਮਨ ਦੇ ਅਧੀਨ ਹੋਕੇ [ਸੰਸ. ਅਵਸ਼੍ਰਿਖ਼੍ਰ = ਘੱਲਿਆ ਹੋਇਆ। ਹਿੰਦੀ, ਬਸੀਠ]

ਸਭਾ ਬਿਖੈ ਥਿਤ ਸ਼੍ਰੀ ਹਰਿਗੋਵਿੰਦ
ਕਹਯੋ 'ਮੋਹਿ ਰਣਥੰਭਾ ਥਾਨ[1]। — [1]ਮੇਰੇ ਰਣਥੰਭੇ ਦਾ ਥਾਂ।
ਨਾਮ 'ਗੁਰੂ ਸਰ' ਤੀਰਥ ਪਾਵਨ
ਕਲਮਲ ਗਨ ਨਾਸ਼ਨਿ ਇਸ਼ਨਾਨ।
ਧਰਿ ਸ਼ਰਧਾ ਨਰ ਪਰਸਹਿ ਆਇ ਜੁ
ਪੁਰਵਹਿ ਮਨਹੁ ਕਾਮਨਾ ਠਾਨਿ।
ਗੁਰਸਿਖੀ ਕੋ ਪ੍ਰਾਪਤਿ ਹੋਵਹਿ'
ਗੁਰੂ ਮਹਾਤਮ ਕੀਨਿ ਬਖਾਨਿ ॥੧੦॥
ਜੋਧ ਸਲੇਮਸ਼ਾਹੁ ਜੁਗ ਭ੍ਰਾਤਾ
ਗੁਰ ਮਰਜ਼ੀ ਲਖਿ ਅਰਜ਼ੀ ਕੀਨਿ।
'ਮਹਾਰਾਜ! ਅਬਿ ਕਾਂਗੜ ਪੁਰਿ ਕੋ
ਗਮਨ ਕਰਹੁ ਨਿਜ ਬਿਲਮ ਬਿਹੀਨ।
ਇਸ ਥਲ ਕੋ ਆਗਵਨ ਜਿ ਕਾਰਜ
ਕਰਿ ਕੈ ਜੰਗ ਫਤੇ ਬਡ ਲੀਨਿ।
ਅਸ਼ਟ ਦਿਵਸ ਅਬਿ ਬੀਤਿ ਗਏ ਥਿਤਿ,
ਰਿਪੁਨਿ ਪ੍ਰਤੀਖਤਿ ਰਹੇ ਪ੍ਰਬੀਨ ॥੧੧॥
ਸ਼ਾਹੁ ਜਹਾਂ ਮਹਿਮਾ ਤੁਮ ਲਖਿ ਕਰਿ
ਹਟਕ ਰਹਯੋ ਹੁਇ[1], ਜਾਨੀ ਜਾਇ। — [1]ਹੱਟ ਰਹਿਆ ਹੈ।
ਬੈਰ ਬਿਸਾਰਿ ਸ਼ਾਂਤਿ ਮਨ ਕੀਨਸਿ
ਯਾਂ ਤੇ ਲਸ਼ਕਰ ਨਹਿਂ ਚਢਿ ਆਇ।

ਨਾਂਹਿ ਤ ਅਬਿ ਲੌ ਕਈ ਹਜ਼ਾਰਹੁੰ
ਭਿਰੇ ਹੁਤੇ ਜੋਧਾ ਸਮੁਦਾਇ।
ਸੈਨਾ ਮਰਤਿ ਹੋਤਿ ਸੰਗਰਾਮੂ
ਤੁਮ ਪ੍ਰਤਾਪ ਤੇ ਦੇਤਿ ਖਪਾਇ' ॥੧੨॥
ਜੁਗ ਭ੍ਰਾਤਨਿ ਕੀ ਸ਼ਰਧਾ ਲਖਿ ਕਰਿ
ਭਏ ਪ੍ਰਸੰਨ ਬਿਲੰਦ ਕ੍ਰਿਪਾਲ।
'ਚਲੈਂ ਤੁਮਾਰੇ ਪੁਰਿ ਇਕ ਬਾਰਹਿਂ,
ਰਹਹਿਂ ਕਿਤਿਕ ਦਿਨ ਮਿਲਿਨਿ ਬਿਸਾਲ।'
ਇਮ ਕਹਿ ਗਮਨ ਕੀਨਿ ਤਿਨ ਕੇਰਾ†,
ਬਸੇ ਤਹਾਂ ਸੋ ਜਾਮਨਿ ਟਾਲਿ[1]।

ਪ੍ਰਾਤਿ ਭਏ ਤੇ ਦੁੰਦਭਿ ਬਾਜਯੋ
ਪਰੇ ਹਯਨਿ ਪਰ ਜ਼ੀਨ ਉਤਾਲ ॥੧੩॥
ਤੁਰੰਗ 'ਜਾਨ ਭਾਈ' ਪਰ ਸੁੰਦਰ
ਸੁਵਰਨ ਜਟਤਿ ਜ਼ੀਨ ਤਬਿ ਪਾਇ।
ਸਭਿ ਭੂਖਨ ਪਹਿਰਾਵਨ ਕੀਨੇ
ਕਰਯੋ ਸ਼ਿੰਗਾਰਨ ਰੁਚਿਰ ਬਨਾਇ।
ਸ਼੍ਰੀ ਹਰਿਗੋਵਿੰਦ ਬਸਤ੍ਰ ਸ਼ਸਤ੍ਰ ਸ਼ੁਭ
ਸਜਤਿ ਬਿਭੂਖਨ ਤਨ ਸਮੁਦਾਇ।
ਭਏ ਅਰੂਢਨ, ਗਮਨ ਕੀਨਿ ਤਬਿ
ਚਢੀ ਬਾਹਨੀ ਦੁੰਦਭਿ ਵਾਇ ॥੧੪॥
ਗ੍ਰਾਮ ਨਿਥਾਣਾ ਹੁਤੋ ਨਿਕਟਿ ਹੀ
ਤਿਸ ਮਹਿਂ ਕਾਲੂ ਨਾਥ ਰਹੰਤਿ।
ਇਕ ਨਰ ਪਠਯੋ ਕਹਯੋ ਸ਼੍ਰੀ ਸਤਿਗੁਰ
'ਤਿਸ ਕੋ ਪਰਖਹੁ ਜਾਇ ਇਕੰਤ।
ਹਮਰੀ ਸੁਧ ਦਿਹੁ ਵਹਿਰ ਸਿਵਰ ਹੁਇ,
ਮਿਲਹਿ ਆਨਿ ਇਹ ਲਖਹੁ ਮਤੰਤ।'
ਸੁਨਿ ਗਮਨਯੋ ਗੁਰ ਤੇ ਸੋ ਪੂਰਬ
ਰਿਦੈ ਮਨੋਰਥ ਕੋ ਚਿਤਵੰਤਿ[1] ॥੧੫॥
-ਧੇਨੁ ਗੌਰ[1] ਦੂਧ ਕੋ ਦੁਹਿ ਕਰਿ
ਮੋਹਿ ਕਰਾਵਹਿ ਪਾਨਿ ਜਿ ਲਯਾਇ।

†ਸੁਧ ਪਾਠ 'ਡੇਰਾ' ਚਾਹੀਦਾ ਹੈ।

[1]ਇਸ ਤਰ੍ਹਾਂ ਕਹਿਕੇ ਉਨ੍ਹਾਂ ਨੂੰ (ਉਨ੍ਹਾਂ ਦੇ ਡੇਰੇ) ਟੋਰਿਆ ਤੇ ਆਪ ਉਥੇ ਰਹਿਕੇ ਓਹ ਰਾਤ ਗੁਜ਼ਾਰੀ।

[1]ਚਿਤਵਦਾ ਹੋਇਆ (ਉਹ ਸਿੱਖ)।

[1]ਗੋਰੀ ਗਊ।

ਤੌ ਅਜ਼ਮਤ ਜੁਤਿ ਨਾਥ ਪਛਾਨੌਂ-
ਪਹੁੰਚਜੋ ਨਿਕਟਿ ਚਿਤਵ ਇਸ ਭਾਇ।
ਮਿਲਜੋ ਜਾਇ, ਕਰਿ ਬੰਦਨ ਬੈਠਜੋ,
ਤਬਿ ਕਾਲੂ ਉਰ ਮਹਿਂ ਲਖਿ ਪਾਇ।
ਕਰਿ ਸਨਮਾਨ ਬੂਝਿ ਗੁਰ ਗਾਥਾ
ਜਥਾ ਤੁਰਕ ਘਮਸਾਨ ਮਚਾਇ ॥੧੬॥
ਪੁਨ ਉਠਿ ਗੌਰ ਬਰਨ ਕੀ ਸੁਰਭੀ[1]
ਤਿਹ ਦਿਖਾਇ ਕਰਿ ਦੋਹਿਨ ਕੀਨਿ।
ਤਪਤ ਠਾਨਿ ਤਬਿ ਪਾਨ ਕਰਨਕੋ
ਸ਼੍ਰੀ ਸਤਿਗੁਰ ਕੇ ਨਰ ਕੋ ਦੀਨਿ।
ਤ੍ਰਿਪਤਿ ਹੋਇ ਕਰਿ ਜਾਨਜੋ ਮਨ ਮਹਿਂ
ਕਾਲੂ ਕਰਾਮਾਤ ਮਹਿਂ ਪੀਨ।
ਸ਼੍ਰੀ ਹਰਿਗੋਬਿੰਦ ਕੋ ਆਗਵਨੂ
ਕਰਜੋ ਸੁਨਾਵਨ ਸੁਮਤਿ ਪ੍ਰਬੀਨ ॥੧੭॥
ਨਮੋ ਕੀਨਿ ਪੁਰਿ ਤੇ ਜਬਿ ਨਿਕਸਜੋ
ਇਤਨੇ ਬਿਖੈ ਗੁਰੂ ਚਲਿ ਆਇ।
ਬ੍ਰਿੰਦ ਤੁਰੰਗਮ ਕੀ ਸਭਿ ਸੈਨਾ
ਜੋਧ ਸਮੇਤ ਸੁਭਟ ਸਮੁਦਾਇ।
ਜੀਤੇ ਜੰਗ ਅਨੰਦ ਉਮੰਗਤਿ
ਆਵਤਿ ਦੁੰਦਭਿ ਸ਼ਬਦ ਉਠਾਇ।
ਧੂਲ ਅਕਾਸ਼ ਚਢਤਿ ਤਿਤ ਦਿਸ਼ ਮਹਿਂ
ਤਰਨਿ[3] ਪ੍ਰਕਾਸ਼ ਢਾਂਪਤੋ ਜਾਇ ॥੧੮॥
ਸੁੰਦਰ ਥਲ ਬਿਲੋਕਿ ਜਲ ਕਲ[1] ਕੋ
ਕਰਜੋ ਨਿਵੇਸ ਗੁਰੂ ਜਗ ਰਾਇ।
ਉਤਰੀ ਜੁਤਿ ਬਿਸਤਾਰ ਬਾਹਿਨੀ,
ਨਿਜ ਨਿਜ ਮਿਸਲ[1] ਮਿਲੇ ਸਭਿ ਆਇ।
ਜ਼ੀਨ ਉਤਾਰਿ ਸ਼ਸਤ੍ਰ ਭਟ ਧਰਿ ਕਰਿ
ਹੋਤਿ ਹਿਰੇਖਾ ਹਯਨਿ ਲਗਾਇ।
ਖਾਨ ਪਾਨ ਕੋ ਕਰੇ ਜਥਾ ਰੁਚਿ,
ਬਿਸਰਾਮੇ ਜੋਧਾ ਸਮੁਦਾਇ ॥੧੯॥

[1]ਸੂਰਜ।

[1]ਸੁੰਦਰ।

[1]ਆਪੋ ਆਪਣੇ ਜਥੇ ਵਿਚ [ਅ਼. ਮਿਸਲ = ਸੋ ਸਭ ਸਿਫ਼ਤਾਂ ਵਿਚ ਬਰੱਬਰ ਹੋਵੇ। ਇਸ ਤੋਂ ਸਿਖਾਂ ਵਿਚ ਜਥੇ ਦਾ ਨਾਮ ਪਿਆ, ਫਿਰ ਇਕ ਸਰਦਾਰ ਹੇਠ ਇਲਾਕੇ ਦੇ ਸੁਤੰਤਰ ਰਾਜ ਪ੍ਰਬੰਧ ਦਾ ਨਾਮ ਪਿਆ]

ਸ਼੍ਰੀ ਹਰਿਗੋਵਿੰਦ ਅਸਨ ਅਚਵ ਕਰਿ
ਠਾਨਿ ਦੁਪਹਿਰੇ ਮਹਿਂ ਬਿਸਰਾਮ।
ਸਵਾਜਾਮ ਦਿਨ ਰਹੇ ਉਠੇ ਜਬਿ
ਭਏ ਸੁਚੇਤ ਗੁਰੂ ਅਭਿਰਾਮ।
ਸੁੰਦਰ ਫਰਸ਼ ਅਨੇਕ ਬਰਣ ਕੇ
ਡਸੇ[1] ਮਖਮਲੀ ਦੀਹ ਤਮਾਮ। [1]ਵਿਛ ਗਏ।
ਚਾਰ ਓਰ ਜਿਸ ਛੋਰ ਜ਼ਰੀ ਕੇ,
ਮੁਕਤਾ ਜਟਤਿ ਜਹਾਂ ਛਬਿ ਧਾਮ ॥੨੦॥
ਅਸ ਗਾਦੀ ਡਸਿ ਰੁਚਿਰ ਫਰਸ਼ਪਰ
ਉਪਾਧਾਨ[1] ਦੀਰਘ ਧਰਿ ਦੀਨਿ। [1]ਤਕੀਆ। ਸਿਰਹਾਣਾ।
ਲਰਕਤਿ ਦੁਹਿ ਦਿਸ਼ਿ ਮੁਕਤਾ ਗੁੱਛਨਿ
ਬਹੁਤ ਮੋਲ ਤੇ ਰਚਜੋ ਨਵੀਨ।
ਬੈਠਿ ਬਿਰਾਜਤਿ ਭੇ ਸ਼੍ਰੀ ਸਤਿਗੁਰ
ਚਮਰਦਾਰ ਤਬਿ ਚਾਮਰ[1] ਕੀਨਿ। [1]ਚਉਰ।
ਗਾਵਨ ਲਗੇ ਰਬਾਬੀ ਰਾਗਨਿ
ਸ਼੍ਰੀ ਗੁਰ ਸ਼ਬਦ ਸ਼ਾਂਤਿ ਰਸ ਭੀਨ ॥੨੧॥
ਸਿਖ ਜੋਧਾ ਗਨ ਜੋਧ ਸਹਿਤ ਮਿਲਿ
ਦਰਸਹਿਂ ਨਮੋ ਕਰਹਿਂ ਸਮੁਦਾਇ।
ਜਥਾ ਉਚਿਤ ਕਰਿ ਸਭਾ ਸੁ ਬੈਠੇ
ਸ਼੍ਰੀ ਹਰਿਗੋਵਿੰਦ ਬੀਚ ਸੁਹਾਇਂ।
ਮਨਹੁ ਸੁਰਨਿ ਮਹਿਂ ਸੁਰਪਤਿ ਦੁਤਿਮਤ[1] [1]ਸੋਭਾਵਾਨ।
ਕਿਧੌਂ ਬਿਸ਼ਨੁ ਅਵਨੀ ਪਰ ਆਇ।
ਸੰਗਤਿ ਸਕਲ ਗ੍ਰਾਮ ਕੀ ਆਇਵ
ਅਨਿਕ ਅਕੋਰਨ ਕੋ ਅਰਪਾਇ ॥੨੨॥
'ਜੰਗ ਜੀਤ ਕਰਿ ਸਤਿਗੁਰ ਆਏ'
ਕਹਹਿ ਪਰਸਪਰ ਗਨ ਨਰ ਨਾਰਿ।
ਚੌਂਪ ਕਰਤਿ ਚਿਤ ਦਰਸ਼ਨ ਦਰਸਹਿਂ
'ਧੰਨੁ ਧੰਨ ਪ੍ਰਭੁ ਗੁਰ ਜੈਕਾਰ।'
ਸੁਨਿ ਕਾਲੂ ਆਗਵਨ ਗੁਰੂ ਕੋ
ਦ੍ਵੈ ਘਟ ਦੁਗਧ ਲਿਏ ਕਰਿ ਤਯਾਰ।
ਇਕ ਬਾਲਕ ਕੇ ਸਿਰ ਧਰਿ ਲਯਾਯੋ
ਏਕ ਉਠਾਇ ਆਪ ਕਰ ਧਾਰਿ ॥੨੩॥

ਆਨਿ ਗੁਰੂ ਪਗ ਮਸਤਕ ਟੇਕ੍ਯੋ
ਬੈਠ੍ਯੋ ਨਿਕਟਿ ਜੋਰਿ ਕਰਿ ਹਾਥ।
ਸ਼੍ਰੀ ਹਰਿਗੋਵਿੰਦ ਕ੍ਰਿਪਾ ਦ੍ਰਿਸ਼ਟਿ ਤੇ
ਦੇਖਤਿ ਕਰ੍ਯੋ ਵਾਕ ਤਿਹ ਸਾਥ।
'ਘਾਲੀਘਾਲ ਮਾਨ ਤੇ ਮਾਨਵ
ਨਾਮ ਭਯੋ ਅਬਿ ਕਾਲੂ ਨਾਥ[1]।'

[1]ਤੂੰ ਘਾਲ ਘਾਲੀ ਹੈ ਤੇ ਮਨੁੱਖ ਤੈਨੂੰ ਮੰਨਦੇ ਹਨ (ਇਸ ਵਾਸਤੇ) ਤੇਰਾ ਨਾਮ ਹੁਣ ਤੋਂ ਕਾਲੂ ਨਾਥ ਹੋਇਆ।

[1] 'ਸ਼੍ਰੀ ਗੁਰ ! ਨਹੀਂ ਨਾਥ ਮੁਹਿ ਜਾਨਹੁਂ,
ਤੁਮਰੋ ਕੂਕਰ ਧਰਿ ਪਦ ਮਾਥ[1]' ॥੨੪॥

[1](ਕਾਲੂ ਨੇ ਕਿਹਾ)।

[1]ਚਰਣਾਂ ਤੇ ਸੀਸ ਰੱਖਣ ਵਾਲੇ।

ਪੁਨਹਿ ਪ੍ਰਸੰਨ ਹੋਇ ਗੁਰ ਬੋਲੇ
'ਬਿਦਤਿ ਨਾਥ ਤੂੰ ਹੋਹਿਂ ਜਹਾਨ।
ਸਭਿ ਮਾਨਹਿਂ ਤੁਵ ਨਾਥ ਜਾਨਿ ਕਰਿ
ਕ੍ਰਿਪਾ ਗੁਰੁਨਿ ਕੀ ਭਈ ਮਹਾਨ।'
ਪੁਨ ਕਾਲੂ ਕਹਿ 'ਸ਼੍ਰੀ ਪ੍ਰਭੁ ! ਸੁਨੀਅਹਿ
ਆਪ ਬਖਾਨਤਿ ਕਰੁਨਾ ਠਾਨਿ।
ਇਤੀ ਬਡਾਈ ਉਚਿਤ ਨਹੀਂ ਮੈਂ
ਤੁਮਰੇ ਦਰ ਪੌਰੇ ਕਹੁ ਸ੍ਵਾਨ[1]' ॥੨੫॥

[1]ਦਰਵਾਜ਼ੇ ਵਿਚ ਦਾ ਕੁੱਤਾ ਹਾਂ।

ਸੁਨਿ ਕਾਲੂ ਕੀ ਅਧਿਕ ਨੰਮ੍ਰਿਤਾ
ਸ਼੍ਰੀ ਹਰਿ ਗੋਵਿੰਦ ਅਧਿਕ ਕ੍ਰਿਪਾਲ।
ਭਏ ਪ੍ਰਸੰਨ ਦਯੋ ਵਰ ਦੀਰਘ
'ਭਾ ਨਾਥਨਿ ਕੋ ਨਾਥ ਬਿਸਾਲ।
ਸਿਖ ਸੇਵਕ ਮਹਿਂ ਬਿਦਤਹਿ ਮਹਿਮਾ
ਪਰੀ ਥਾਇਂ ਘਾਲੀ ਬਡ ਘਾਲ।
ਜ੍ਯੋਂ ਜ੍ਯੋਂ ਨੰਮ੍ਰਿ ਅਧਿਕਤਾ ਤ੍ਯੋਂ ਤ੍ਯੋਂ,
ਬਡ ਪੁਰਖਨਿ ਕੀ ਹੈ ਅਸ ਚਾਲ'
॥੨੬॥
ਕਰ੍ਯੋ ਬਚਨ ਜਬਿ ਸ਼੍ਰੀ ਹਰਿਗੋਵਿੰਦ
ਕਾਮਲ ਕਰਾਮਾਤ ਤਬਿ ਪਾਇ।
ਅਤਿ ਅਨੰਦ ਕਰਿ ਪਦ ਅਰਬਿੰਦਨਿ
ਬੰਦਨ ਕੀਨਿ ਸੀਸ ਕੋ ਨਜਾਇ।
ਬਾਲਕ ਹੁਤੋ ਸੰਗ ਪਯ ਲਜਾਯੋ
ਤਿਸ ਦਿਸ਼ਿ ਦੇਖਿ ਗੁਰੂ ਸੁਖਦਾਇ।

ਦੁਗਧ ਚੁਰੂ ਭਰ ਤਿਸ ਕੋ ਦੀਨਸਿ
ਕਹਯੋ 'ਪਾਨ ਕਰਿ ਬਿਲਮ ਨ ਲਾਇ'
॥੨੭॥
ਮਾਨ ਬਾਕ ਕੋ ਪਾਨ ਕਰਯੋ ਜਬਿ
ਭਈ ਸ਼ਕਤਿ ਸਭਿ ਜਾਨੀ ਬਾਤ।
ਦੇਸ਼ ਬਿਦੇਸ਼ਨਿ ਕੀ ਸੁਧਿ ਉਰ ਮਹਿਂ
ਕਰਿ ਬਦਰੀ ਫਲ ਤਿਮ[1] ਬੱਖਜਾਤ।
ਅਚਰਜ ਚਿਤ ਧਰਿ ਗੁਰ ਪਦ ਬੰਦੇ,
ਧੰਨ ਧੰਨ ਗੁਰ ਦੀਰਘ ਦਾਤ।
ਕਛੁ ਤੇ ਕਛੂ ਛਿਨਕ ਮਹਿਂ ਕੀਨਸਿ
ਕੌਨ ਕਰੈ ਸਮਤਾ ਕਿਸ ਭਾਂਤਿ ॥੨੮॥
ਕਾਲੂ ਜਾਨਿ ਲਈ ਤਿਸ ਕੀ ਗਤਿ,
ਬੂਝਤਿ ਭਯੋ 'ਸੁਨਾਵਹੁ ਬਾਲ!
ਅਬਿ ਗੁਰ ਦੁਤੀ ਰੁਪ ਕਿਸ ਥਲ ਹੈਂ?
ਉਠੇ ਕਿਧੌਂ ਬੈਠੇ, ਕਿਤ ਚਾਲ?'
ਸਿਸ ਬੋਲਯੋ 'ਤੁਮ ਸੁਨਹੁ ਨਾਥ ਜੀ!
ਅਰਬ ਵਲਾਇਤ ਬਿਖੈ ਕ੍ਰਿਪਾਲੁ।
ਪ੍ਰੇਮੀ ਤੁਰਕ ਗੁਰੂ ਕੋ ਮਾਨਹਿ
ਤਿਨ ਸਿਮਰੇ ਬਹੁ ਬਿਨਤੀ ਨਾਲ ॥੨੯॥
-ਸ਼੍ਰੀ ਨਾਨਕ ਗਾਦੀ ਪਰ ਜੋ ਹੈਂ
ਮੇਰੋ ਪ੍ਰੇਮ ਪਰਖ ਸੋ ਆਇਂ।
ਦੇ ਦਰਸ਼ਨ ਕੋ ਕਰਹਿਂ ਕ੍ਰਿਤਾਰਥ
ਕਾਮਲ ਕਰਾਮਾਤ ਸਮੁਦਾਇ-।
ਤਹਾਂ ਤਰੋਵਰ ਕੇ ਤਰੁ ਠਾਂਢੇ
ਸ਼ਾਖਾ ਪਕਰੀ ਹਾਥ ਉਠਾਇ।
ਤੁਰਕ ਮੁਰੀਦ ਸਿਦਕ ਕੋ ਲਖਿ ਕਰਿ
ਬਿਨਾ ਬਿਲੰਬ ਪਹੂਚੇ ਧਾਇ' ॥੩੦॥
ਕਾਲੂ ਬਿਸਮਯੋ ਸ਼ੀਘ੍ਰ ਲਈ ਇਨ,
ਇਤੀ ਸ਼ਕਤਿ ਕੇ ਉਚਿਤ ਨ ਬਾਲ।
ਸਭਿ ਜਹਾਨ ਕੀ ਉਰ ਸੁਧ ਪ੍ਰਾਪਤਿ,
ਗੁਰੂ ਦਈ ਲਖਿ ਕਰਿ ਮਮ ਨਾਲ-।
ਤਿਸ ਕੇ ਸਿਰ ਪਰ ਨਿਜ ਕਰ ਕੋ ਧਰਿ

[1]ਹੱਥ ਤੇ ਧਰੇ ਬੇਰ ਵਾਂਙੂ।

ਐਂਚੀ ਤੂਰਨ ਇਸ ਬਿਧਿ ਨਾਲ।
ਪੋਲ ਤੀਲ ਮਹਿਂ ਫੂਕ ਸੁ ਬਲ ਤੇ
ਜਲ ਕੋ ਖੈਂਚਿ ਲੇਤਿ ਤਤਕਾਲ[1] ॥੩੧॥

[1]ਜਿਵੇਂ ਪੋਲੇ ਤੀਲੇ (ਭਾਵ ਨਾੜ) ਨਾਲ ਫੂਕ ਖਿੱਚਕੇ ਪਾਣੀ ਖਿੱਚ ਲਈਦਾ ਹੈ।

ਪੁਨ ਬੂਝਤਿ ਭਾ 'ਅਬਿ ਸੁਧ ਦੀਜੈ'
ਬਾਲਕ ਭਨਜੋ 'ਨ ਮੈਂ ਕੁਛ ਜਾਨ।'
ਸ਼੍ਰੀ ਹਰਿਗੋਵਿੰਦ ਰਿਦੈ ਬਿਚਾਰੀ
-ਸਿਸ ਕੀ ਅਰੁ ਹਮ ਦਈ ਮਹਾਨ[1]।

[1]ਬਾਲਕ ਦੀ (ਖਿੱਚ ਹੋਈ ਕਰਾਮਾਤ ਭੀ ਇਸ ਨੇ ਲੈ ਲਈ ਹੈ ਤੇ) ਅਸਾਂ ਨੇ ਭੀ ਬਹੁਤ ਦਿੱਤੀ ਹੈ।

ਘਾਲ ਨ ਘਾਲੀ ਸੰਗ ਰਹਜੋ ਨਹਿਂ,
ਅਬਿ ਪਰਖੈਂ ਨਿਸ਼ਚਾ ਇਸਥਾਨ[1]-।
ਇਕ ਲੋਟਾ ਤਿਸ ਨਿਕਟਿ ਅਧਿਕ ਪ੍ਰਿਯ
ਕਿਸੂ ਦੇਸ਼ ਤੇ ਸੁੰਦਰ ਆਨਿ ॥੩੨॥
ਸੋ ਸਤਿਗੁਰੁ ਤਬਿ ਜਾਚਨ ਕੀਨਸਿ
'ਹਮ ਕੋ ਦੇਹੁ ਬਨਜੋ ਇਹੁ ਚਾਰੁ।'
ਕਾਲੂ ਕਹਜੋ 'ਅਧਿਕ ਪ੍ਰਿਯ ਮੇਰੋ
ਨਿਤ ਰਾਖੌਂ ਸੁਧ ਭਲੇ ਸੁਧਾਰ।
ਇਹ ਨਹਿ ਦਿਯੋ ਜਾਇ ਕਬਿ ਮੋ ਤੇ
ਜੀਵਤਿ ਤਜਾਗ ਨ ਸਕੌਂ ਬਿਚਾਰ।
ਲੋਟੇ ਸਹਿਤ ਆਪ ਕੋ ਮੈਂ ਨਿਤ[1],
ਇਹੁ ਬਖਸ਼ਹੁ ਮੁਹਿ ਗੁਰੂ ਉਦਾਰ!
॥੩੩॥

[1]ਨਿਸ਼ਚਾ (ਨਾਥ ਦਾ) ਬੇਬੇ।

[1]ਲੋਟੇ ਸਮੇਤ ਨਿੱਤ ਮੈਂ ਆਪਦਾ (ਦਾਸ) ਹਾਂ।

ਸ਼੍ਰੀ ਹਰਿਗੋਵਿੰਦ ਲਖਿ ਬਹੁ ਮਮਤਾ
'ਹਮ ਨਾਥਨਿ ਕੋ ਨਾਥ ਬਨਾਇ।
ਨਹਿ ਤੈਂ ਰਹਜੋ[1] ਪ੍ਰਥਮ ਸਮ ਹੂਜਹਿ,
ਨਹੀਂ ਬਾਕ ਮਾਨਜੋ ਮਨ ਲਜਾਇ।
ਲਈ ਬਾਲ ਤੇ, ਆਪ ਭਯੋ ਬਡ
ਤੋ ਕਹੁ ਭੀ ਨ ਉਚਿਤ ਇਸ ਭਾਇ।'
ਕਹਿਬੇ ਮਾਤ੍ਰ ਗੁਰੂ ਕੇ, ਤਿਮ ਹੀ
ਕਾਲੂ ਹੋਯੋ ਸਹਿਜ ਸੁਭਾਇ ॥੩੪॥
ਰਿਦੈ ਬਿਸੂਰਤਿ ਬੰਦਨ ਕਰਿ ਕੈ
ਗਯੋ ਆਪਨੇ ਥਾਨ ਮਝਾਰ।
ਧਰੇ ਨੰਮ੍ਰਿਤਾ ਪ੍ਰਾਪਤਿ ਹੋਈ,

[1]ਤੂੰ (ਨਾਥਾਂ ਦਾ ਨਾਥ) ਨਹੀਂ ਰਹਿਆ।

ਪੁਨ ਗੁਰ ਮਾਯਾ ਪ੍ਰਬਲ ਉਦਾਰ।
ਭਰਮਾਯੋ, ਨਹਿਂ ਸਮੁਝਿ ਸਕ੍ਯੋ ਮਨ,
ਇਮ ਕਾਲੂ ਕੀ ਗਾਥ ਬਿਚਾਰ।
ਅਬਿ ਲੌਂ ਥਾਨ ਤਹਾਂ ਤਿਸ ਕੇਰਾ
ਬਿਦਤ ਅਹੈ ਤਿਸ ਦੇਸ਼ ਮਝਾਰ ॥੩੫॥

ਦੋਹਰਾ:

ਧੀਵਰ[1] ਕਾਲੂ ਔਰ ਹੈ, ਤਿਸ ਕੀ ਕਥਾ ਨ ਜਾਨ[2]।
ਗ੍ਰਾਮ ਨਿਥਾਣੇ ਸੋ[1] ਬਸਹਿ, ਸੁਨਿ ਸ਼੍ਰੋਤਾ ਸਵਧਾਨ ॥੩੬॥

[1]ਝੀਵਰ। [2](ਇਹ) ਕਥਾ ਉਸਦੀ ਨਾ ਜਾਣੋ।

[1]'ਸੋ' ਦਾ ਅਰਥ 'ਓਹ ਨਾਥ ਕਾਲੂ' ਲੈਣਾ ਚਾਹਜੇ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਕਾਲੂ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਤੀ ਅੰਸੂ ॥੫੬॥

੫੭. [ਕਾਂਗੜ ਪੁਰ ਪ੍ਰਵੇਸ਼ ਅਜਗਤ ਮੁਕਤ]

੫੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੮

ਦੋਹਰਾ:

ਸ਼੍ਰੀ ਸਤਿਗੁਰੁ ਸੰਧਜਾ ਭਏ, ਉਠੇ ਸਭਾ ਤੇ ਆਇ।
ਤੰਬੂ ਬਿਖੈ ਪ੍ਰਯੰਕ ਪੁਰ, ਬੈਠੇ ਅਨੰਦ ਉਪਾਇ ॥੧॥

ਨਿਸ਼ਾਨੀ ਛੰਦ:

ਖਾਨ ਪਾਨ ਕਰਿ ਜਾਮਨੀ, ਸੁਖ ਤੇ ਪਰਿ ਸੋਏ।
ਭਈ ਭੋਰ ਜਾਗੇ ਪ੍ਰਭੂ, ਸਵਧਾਨਹਿ ਹੋਏ।
ਸੌਚ ਸ਼ਨਾਨਹਿ ਠਾਨਿ ਕਰਿ, ਜਬਿ ਭਯੋ ਪ੍ਰਕਾਸ਼ਾ।
ਹੇਤੁ ਅਰੂਢਨਿ ਕੇ ਤੁਰੰਗ, ਅਨਵਾਯੋ ਪਾਸਾ ॥੨॥
ਜੋਧ ਸਹਿਤ ਜੋਧਾ ਸਕਲ, ਕਰਿ ਕਰਿ ਨਿਜ ਤਜਾਰੀ।
ਜ਼ੀਨ ਪਵੰਗਮ ਪਾਇ ਕਰਿ, ਠਾਨੀ ਅਸਵਾਰੀ।
ਦੁੰਦਭਿ ਬਾਜਤਿ ਸ਼ਬਦ ਬਡ, ਸਤਿਗੁਰੁ ਚਢਿ ਚਾਲੇ।
ਕਰਤੇ ਬਿਰਤ ਅਖੇਰ ਕੋ, ਹਨਿ ਮ੍ਰਿਗਨਿ ਬਿਸਾਲੇ ॥੩॥
ਕਰਤਿ ਬਤਕ[1] ਬਹੁ ਜੋਧ ਸੋਂ, ਮੁਖ ਹਾਸ ਬਿਲਾਸੇ।
ਕਾਂਗੜ ਪੁਰਿ ਪ੍ਰਾਪਤਿ ਭਏ, ਉਤਰੇ ਤਿਸ ਪਾਸੇ।
ਆਵਤਿ ਭਯੋ ਪ੍ਰਯੰਕ ਬਰ, ਤਤਕਾਲ ਡਸਾਯੋ।
ਸ਼੍ਰੀ ਸਤਿਗੁਰੁ ਬੈਠੇ ਤਬਹਿ, ਮੁਖ ਤੇ ਫੁਰਮਾਯੋ ॥੪॥
'ਜੋਧਸ਼ਾਹੁ! ਗਮਨਹੁ ਸਦਨ, ਬਿੱਸ੍ਰਾਮ

[1]ਗੱਲਾਂ ਕਰਦੇ।

ਕਰੀਜਹਿ।
ਮਿਲਹੁ ਸਕਲ ਪਰਵਾਰ ਸੋਂ, ਸੁਖ ਲੇ ਸੁਖ ਦੀਜੈ।'
ਆਇਸੁ ਮਾਨੀ ਗਯੋ ਘਰ, ਆਈ ਤਿਸ ਦਾਰਾ[1]।
ਲਗੇ ਘਾਵ ਗਨ ਤਨ ਬਿਖੈ, ਪਤਿ ਸੂਰ ਨਿਹਾਰਾ ॥੫॥
ਜਾਨਜੋ ਭਯੋ ਸਹਾਇ ਗੁਰੁ, ਏਤਿਕ ਰਣ ਘਾਲਾ।
ਜਿਯਤਿ ਪਿਖਜੋ ਨਿਜ ਕੰਤ ਕੋ, ਬਲ ਕਰੇ ਬਿਸਾਲਾ[1]।
ਤਬਿ ਬੂਝਜੋ ਸਭਿ ਕਹਿਤਿ ਭਾ, 'ਗੁਰ ਸਮ ਨਹਿਂ ਦੂਜਾ।
ਸਕਲ ਕਲਾ ਸਮਰਥ ਬਲੀ, ਸਗਰੇ ਜਗ ਪੂਜਾ ॥੬॥
ਚਹੈ ਜਥਾ ਠਾਨਹਿਂ ਤਥਾ, ਮਾਨਹਿਂ ਸੁਰ ਆਨਾ[1]।
ਬਡੇ ਭਾਗ ਹਮਰੇ ਭਏ, ਮਿਲਿ ਕਿਯ ਸੁਖ ਨਾਨਾ।
ਫਤੇ ਪਾਇ ਜਸੁ ਕੋ ਲਿਯੋ, ਗਨ ਤੁਰਕ ਖਪਾਏ।
ਕੌਨ ਕਰੈ ਅਸ ਜੰਗ ਕੋ, ਲਸ਼ਕਰ ਬਡ ਆਏ ॥੭॥
ਤੁਰਕ ਹੁਤੇ ਬਹੁ ਅਧਿਕ ਹੀ, ਹਮ ਭਟ ਬਹੁ ਥੋਰੇ।
ਰਣ ਕਰਿ ਇਮ ਮਾਰੇ ਸਕਲ, ਕਰ ਜੋਰਤਿ ਛੋਰੇ।'
ਇੱਤਜਾਦਿਕ ਪਤਿ ਤੇ ਸੁਨੀ, ਮਨ ਅਨੰਦ ਉਪਾਈ।
ਬੂਝਤਿ ਅਨਿਕ ਅਕੋਰ ਲੇ, ਸਤਿਗੁਰ ਢਿਗ ਆਈ ॥੮॥
ਦੋਨਹੁਂ ਹਾਥਨਿ ਜੋਰ ਕਰਿ, ਪਗ ਪਰ ਧਰਿ

[1]ਇਸਤ੍ਰੀ।

[1]ਜਿਸਨੇ) ਬਹੁਤ ਬਲ ਕੀਤਾ ਹੈ (ਜੰਗ ਵਿਚ)। ਇਸਦਾ ਟਿਕਾਣਾ ਪਚਨੰਗਲ ਪਿੰਡ (ਹੁਸ਼ਯਾਰਪੁਰ) ਦੱਸੀਦਾ ਹੈ।

[1]ਦੇਵਤੇ ਈਨ ਮੰਨਦੇ ਹਨ।

ਮਾਥਾ।
ਦਰਸ਼ਨ ਤੇ ਹਰਖਤਿ ਭਈ, ਸ਼ਰਧਾ ਉਰ ਸਾਥਾ।
ਸਿਖ ਤਨੁਜਾ ਕੋ ਪ੍ਰੇਮ ਲਖਿ, ਬਰ ਗੁਰੂ ਬਖਾਨਾ।
'ਰਹਹੁ ਸੁਹਾਗਨ ਲੋਕ ਜੁਗ, ਭੋਗਹੁ ਸੁਖ ਨਾਨਾ ॥੯॥
ਗੁਰ ਸਿੱਖੀ ਮਹੁਂ[1] ਮਨ ਰਹਹਿ, ਪੁਰਵਹੁ ਉਰ ਆਸ਼ਾ।
ਸੰਕਟ ਨਾਨਾ ਭਾਂਤਿ ਕੇ, ਤੁਮ ਤੇ ਹੁਇਂ ਨਾਸ਼ਾ।'
ਗੁਰ ਪ੍ਰਸੰਨ ਜਾਨਤਿ ਭਈ, ਮਮ ਕੰਤ ਰਿਝਾਏ।
ਉਰ ਪ੍ਰਮੋਦ ਕਹੁ ਪਾਇ ਕੈ, ਸ਼ੁਭ ਦਰਸ਼ਨ ਪਾਏ ॥੧੦॥
'ਪ੍ਰਭੁ ਜੀ! ਹਮ ਸੇਵਕ ਅਹੈਂ, ਤੁਮ ਹੋ ਰਖਵਾਰੇ।
ਦੇਹੁ ਬਡਾਈ ਦਾਸ ਕੋ, ਰਾਵਰਿ ਬਿਵਹਾਰੇ[1]।
ਕਾਰਨ ਕਰਨ ਸਮਰੱਥ ਹੋ, ਜਿਮ ਚਹੋ ਬਨਾਵੋ।
ਚਰਨ ਕਮਲ ਚਿਤ ਮਹਿਂ ਬਸਹਿਂ, ਨਹਿਂ ਕਬਹੁਂ ਭੁਲਾਵੋ' ॥੧੧॥
ਪੁਨ ਪ੍ਰਨਾਮ ਕਰਿ; ਧਾਮ ਕੋ, ਡੋਰੇ ਚਢਿ ਆਈ।
ਨਿਸ ਕੀ ਸੇਵਾ ਸਕਲ ਹੀ, ਸਭਿ ਬਿਧਿ ਪਹੁੰਚਾਈ।
ਮਧੁਰ ਤੁਰਸ਼ ਖਟ ਰਸਨਿ ਕੇ, ਬਹੁ ਪਠੇ ਅਹਾਰਾ।
ਹਯਨਿ ਹੇਤੁ ਤ੍ਰਿਣ ਹਰਿਤ ਗਨ, ਪਹੁੰਚੇ ਤਬਿ ਭਾਰਾ[1] ॥੧੨॥
ਕਰਤਿ ਸਰਾਹਨਿ ਸਤਿਗੁਰੂ, ਸ਼ੁਭ ਅਚਜੋ

[1]ਵਿਚ।

[1]ਭਾਵ ਸੁਤੇ ਸੁਭਾਵ ਹੈ ਆਪਦਾ ਜਨਾਂ ਨੂੰ ਨਿਵਾਜਣਾ।

[1]ਪੰਡਾਂ ਚਾਰੇ ਦੀਆਂ।

ਅਹਾਰੇ।
ਤ੍ਰਿਪਤੇ ਪਾਨੀ ਪਾਨ ਕਰਿ, ਪੁਨ ਪਾਨ ਪਖਾਰੇ।
ਸੁਪਤਿ ਜਥਾ ਸੁਖ ਜਾਮਨੀ, ਜਾਗੇ ਜਬਿ ਜਾਮੂ।
ਸੌਚ ਸ਼ਨਾਨਹਿਂ ਠਾਨਿ ਕਰਿ, ਬ੍ਰਿਤਿ ਆਤਮ ਰਾਮੂ[1] ॥ ੧੩ ॥
ਭਯੋ ਪ੍ਰਭਾਤਿ ਪ੍ਰਕਾਸ਼ ਤਬਿ, ਸ਼ੁਭ ਬਸਤ੍ਰ ਸਜਾਏ।
ਸ਼ਸਤ੍ਰ ਸਿਪਰ ਕਟ ਧਾਰਿ ਕੈ, ਬਡ ਸਭਾ ਲਗਾਏ।
ਪੁਰਿ ਕੀ, ਗ੍ਰਾਮਨਿ ਅਨਿਕ ਕੀ, ਸੁਨਿ ਸੰਗਤਿ ਆਈ।
ਦੁਗਧ ਦਹੀ ਘ੍ਰਿਤ ਆਇ ਗਨ, ਉਪਹਾਰਨ[1] ਲਜਾਈ ॥ ੧੪ ॥
ਚਾਮਰ ਚਾਰੁ ਮਰਾਲ[1] ਸਮ, ਢੁਰਤੋ ਦੁਤਿ ਪਾਵੈ।
ਖਰੇ ਹਜ਼ਾਰਹੁਂ ਜੋਰਿ ਕਰਿ, ਸ਼੍ਰੀ ਮੁਖ ਦਰਸਾਵੈਂ।
ਚੰਦ ਮਨਹੁ ਰਿਤੁ ਸਰਦ ਕੋ, ਉਡਗਨ ਮਹਿਂ ਸੋਹੈ।
ਐਸੋ ਕੌਨ ਕਠੋਰ ਨਰ, ਪਿਖਿ ਨਹਿਂ ਮਨ ਮੋਹੈ ॥ ੧੫ ॥
ਸਾਧੂ ਰੂਪਾ ਪਿਤਾ ਸੁਤ, ਦੋਨਹੁਂ ਚਲਿ ਆਏ।
ਧਰਿ ਅਕੋਰ ਆਗੇ ਪ੍ਰਭੂ, ਪਾਇਨਿ ਲਪਟਾਏ।
ਕੁਸ਼ਲ ਪ੍ਰਸ਼ਨ ਕਰਿ ਕੈ ਭਲੇ, ਪੇਖਤਿ ਹਰਖਾਨੇ।
ਸਿੱਖ ਆਪਨੇ ਜਾਨਿ ਕਰਿ, ਨੀਕੇ ਸਨਮਾਨੇ ॥ ੧੬ ॥
'ਪ੍ਰਭੁ ਜੀ! ਮਾਨਵ ਮੰਦ ਮਤਿ, ਜਾਨਹਿਂ

[1]ਆਤਮਾ ਵਿਖੇ ਬ੍ਰਿਤੀ ਲਗਾਈ।

[1]ਭੇਟਾ।

[1]ਹੰਸ ਵਾਂਙੂ।

ਨਹਿਂ ਭੇਵਾ।
ਸਮਤਾ ਚਾਹਤਿ ਆਪ ਸੋਂ, ਤੁਮ ਦੇਵਨ ਦੇਵਾ।
ਨਹੀਂ ਸਹਾਰਹਿਂ ਸੁਰਾਸੁਰ, ਰਣ ਖੇਤ ਮਝਾਰੇ।
ਕੌਨ ਤੁਰਕ ਗਨ ਬਾਪੁਰੇ, ਜੇ ਥਿਰਹਿਂ ਅਗਾਰੇ' ॥੧੭॥
ਸ਼੍ਰੀ ਹਰਿਗੋਵਿੰਦ ਕਹਤਿ ਭੇ, 'ਹਯ ਨਾਮ ਸੁਹੇਲਾ।
ਰਹਜੋ ਜੰਗ ਮਹਿਂ, ਸ਼ੱਤ੍ਰੁ ਹਤਿ, ਬਹੁ ਘਾਵਨਿ ਮੇਲਾ[1]।'
ਸੁਨਤਿ ਜੋਧ ਕਰ ਜੋਰਿ ਕਹਿ, 'ਸਨਮੁਖ ਰਣ ਮਾਂਹੀ।
ਤੁਮਰੇ ਚਰਣ ਸਪਰਸ਼ ਤੇ, ਹੁਇ ਪ੍ਰਾਨ ਬਿਨਾਹੀ[1] ॥੧੮॥
ਉੱਤਮ ਪਦ ਪ੍ਰਾਪਤਿ ਭਯੋ, ਤਿਨ ਧੰਨ ਮਹਾਨਾ।
ਬਡੇ ਭਾਗ ਪੂਰਬ ਹੁਤੇ, ਨਹਿਂ ਆਨ ਸਮਾਨਾ।'
ਬਿਧੀਚੰਦ ਸੁਨਿ ਕੈ ਕਹਜੋ, 'ਬਿਛੁਰਨ ਦੁਖ ਭਾਰੀ।
ਰਾਵਰਿ ਬਾਕਨਿ ਤੇ ਮਿਟਜੋ, ਸ਼ਾਂਤੀ ਮਨ ਧਾਰੀ ॥੧੯॥
ਜੇਕਰਿ ਹੋਤੋ ਅਪਰ ਢਿਗ, ਇਕ ਕੇ ਮਰ ਜਾਨੇ।
ਦੋਨੋ ਮਰਤੇ ਰਹਤਿ ਨਹਿਂ, ਅਸ ਪ੍ਰੇਮ ਮਹਾਨੇ।'
ਜਾਤੀ ਮਲਕ ਬਖਾਨਤੋ, 'ਇਨ ਸਮ ਨਹਿਂ ਆਨਾ[1]।
ਹੁਤੇ ਉਚਿਤ ਇਹੁ ਆਪ ਕੇ, ਤੁਮ ਮਹਦ ਮਹਾਨਾ' ॥੨੦॥
ਇੱਤਜਾਦਿਕ ਰਣ ਬਾਰਤਾ, ਮਾਰਨਿ

[1]ਵੈਰੀ ਦਾ ਮਾਰਿਆ ਹੋਇਆ ਬਹੁਤ ਜ਼ਖਮਾਂ ਦੇ ਲੱਗਣ ਨਾਲ ਜੰਗ ਵਿਚ ਹੀ ਰਹਿਆ ਭਾਵ, ਮਰ ਗਿਆ।

[1]ਭਾਵ ਮਰ ਗਿਆ ਹੈ।

[1]ਇਨ੍ਹਾਂ ਵਰਗਾ ਹੋਰ ਨਹੀਂ।

ਤੁਰਕਾਨੇ।
ਕਹਤਿ ਸੁਨਤਿ ਬੀਤੀ ਜਥਾ[1], ਸੁਨਿ ਸੁਨਿ ਬਿਸਮਾਨੇ।
ਇਸੀ ਰੀਤਿ ਤ੍ਰੈ ਜਾਮਨੀ, ਗੁਰ ਤਹਾਂ ਬਿਤਾਈ।
ਚੌਥੇ ਦਿਨ ਤਹਿਂ ਤੇ ਚਢੇ, ਬਡ ਦੁੰਦਭਿ ਵਾਈ ॥੨੧॥

[1]ਜਿਵੇਂ ਲੜਾਈ ਵਿਚ ਬੀਤੀ।

ਹਿਤ ਅਖੇਰ ਕੇ ਗਮਨ ਕਿਯ, ਗਨ ਚਮੂੰ ਪਯਾਨੀ।
ਸੰਗ ਜੋਧ ਚਢਿ ਕਰਿ ਚਲ੍ਯੋ, ਹਿਤ ਸੇਵ ਮਹਾਨੀ।
ਕਿਤਿਕ ਕੋਸ ਲੋ ਚਲਿ ਗਏ, ਫਿਰਿ ਕਰਿ ਮਨ ਭਾਯੋ।
ਡੇਰਾ ਕੀਨਸਿ ਤਿਸੀ ਥਲ, ਪਿਖਿ ਥਾਨ ਸੁਹਾਯੋ ॥੨੨॥

ਉਤਰਿ ਤੁਰੰਗ ਤੇ ਖਰੇ ਹੁਇ, ਕਿਛੁ ਭਟ ਢਿਗ ਆਏ।
ਜੋਧਰਾਇ ਸੋਂ ਬਾਤ ਕਹਿ, ਸ਼੍ਰੀ ਮੁਖ ਬਿਕਸਾਏ[1]।
ਇਕ ਅਜਗਰ ਭਾਰੀ ਮਹਾਂ, ਨਿਕਸ੍ਯੋ ਮੁਖ ਬਾਏ[1]।
ਦਾਰੁਨ ਦੀਰਘ ਦੁਖੀ ਬਹੁ, ਗਮਨਤਿ ਫੁਂਕਰਾਏ ॥੨੩॥

[1]ਗੱਲਾਂ ਕਰ ਰਹੇ ਸੀ ਸ਼੍ਰੀ ਗੁਰੂ ਜੀ।

[1]ਮੂੰਹ ਟੱਡਕੇ।

ਸਨਮੁਖ ਆਵਤਿ ਗੁਰੂ ਕੇ, ਗਤਿ ਬੱਕ੍ਰ[1] ਕਰੰਤਾ।
ਨੀਠ ਨੀਠ ਹੀ ਚਲਤਿ ਹੈ, ਚਿਤ ਮ੍ਰਿਤੂ ਚਹੰਤਾ।
ਭਟ ਦੌਰੇ ਤਿਹ ਬਰਜਿਬੇ[1], ਕੋ ਚਹਤਿ ਪ੍ਰਹਾਰਾ[2]।
ਸਤਿਗੁਰ ਕ੍ਰਿਪਾ ਨਿਧਾਨ, ਤਬਿ ਬਚ ਊਚ ਉਚਾਰਾ ॥੨੪॥

[1]ਟੇਢੀ ਚਾਲ।

[1]ਸੂਰਮੇ ਤਿਸ (ਅਜਗਰ ਨੂੰ) ਰੋਕਣ ਵਾਸਤੇ ਦੌੜ ਗਏ।
[2]ਤੇ ਕੋਈ ਉਸ ਨੂੰ ਮਾਰਿਆ ਚਾਹੁੰਦਾ ਸੀ ਹੈ।

‘ਹਟਕਹੁ ਨਹਿਂ ਪਰਹਾਰੀਯਹਿ, ਆਵਨ

ਇਤ ਦੀਜੈ।
ਦੂਰ ਦੂਰ ਸਭਿ ਖਰੇ ਹੁਇ, ਅਵਿਲੋਕਨ ਕੀਜੈ।'
ਅਚਰਜ ਹੇਰਨ ਹੇਤੁ ਤਬਿ, ਹੋਏ ਥਿਰ ਸਾਰੇ।
ਮੰਦ ਮੰਦ ਅਜਗਰ ਚਲਹਿ, ਸ਼੍ਰੀ ਗੁਰੂ ਅਗਾਰੇ ॥੨੫॥
ਖਰੇ ਰਹੇ ਨਿਸ਼ਚਲ ਸਕਲ[1], ਨੇਰੇ ਤਬਿ ਆਯੋ।
ਸਤਿਗੁਰ ਚਰਨ ਸਰੋਜ ਤੇ, ਪਨਹੀ ਨਿਕਸਾਯੋ[1]।
ਦਹਨ ਅੰਗੁਸ਼ਟ[1] ਉਠਾਇ ਕਰਿ, ਤਿਹ ਸੀਸ ਛੁਹਾਯੋ।
ਪਤਿਤ ਪੁਨੀਤਹਿ ਕੋ ਪਰਸ, ਬਹੁ ਪਾਪ ਮਿਟਾਯੋ[1] ॥੨੬॥
ਭਗਨ ਸੀਸ ਭਾ ਉਦਰ ਲਗਿ, ਮਰਿ ਗਾ ਤਤਕਾਲਾ।
ਕਲਮਲਾਤ ਬਿਚ ਕਿਰਮ ਲਘੁ, ਕਾਟਤਿ ਨਿਤ ਜਾਲਾ[1]।
ਅੰਤਰ ਤੇ ਪੂਰਨ ਹੁਤੇ[1], ਆਮਿਖ ਤਿਸ ਖਾਤੇ।
ਸਦਾ ਦੇਤਿ ਸੰਕਟ ਅਧਿਕ, ਬਸ ਚਲਹਿ ਨ ਜਾਂ ਤੇ[1] ॥੨੭॥
ਨਿਕਟਿ ਖਰੇ ਸਭਿ ਦੇਖਤੇ, ਸੁਨਿ ਪਹੁੰਚੇ ਧਾਏ।
ਬਿਧੀਚੰਦ ਅਰੁ ਜੋਧ ਆਦਿ, ਉਰ ਮਹਿਂ ਬਿਸਮਾਏ।
ਬੂਝਨਿ ਕੀਨੇ ਜੋਰਿ ਕਰ, 'ਅਹਿ ਇਹ ਕਿਮ ਆਯੋ?
ਚਰਨ ਛੁਵਤਿ ਹੀ ਆਪ ਕੋ, ਨਿਜ ਤਨ ਮੁਕਤਾਯੋ ॥੨੮॥
ਪਰੇ ਕਿਰਮ ਕਿਮ ਘਨੇ ਤਨ, ਇਹ

[1]ਸਾਰੇ।
[1]ਜੁੱਤੀ ਤੋਂ ਚਰਨ ਕਵਲ ਕੱਢਿਆ।
[1]ਸੱਜਾ ਅੰਗੂਠਾ (ਚਰਨ ਦਾ)।
[1]ਪਾਪਾਂ ਨੂੰ ਪਵਿੱਤ੍ਰ ਕਰਨ ਵਾਲੇ (ਚਰਨ ਕਵਲ ਨੂੰ) ਪਰਸਕੇ ਅਪਣਾ ਪਾਪ ਉਸਨੇ ਮਿਟਵਾਯਾ।
[1]ਵਿਚ ਨਿੱਕੇ ਨਿੱਕੇ ਕਰਮ ਕੁਰਬਲ ਕੁਰਬਲ ਪਏ ਕਰਦੇ ਸਨ ਜੋ ਸਾਹ (ਸਪ ਨੂੰ) ਕਟਦੇ ਹੁੰਦੇ ਸਨ।
[1]ਭਰਿਆ ਸੀ (ਕੀੜਿਆਂ ਨਾਲ)।
[1]ਇਸੇ ਕਰਕੇ ਵੱਸ ਨਹੀਂ ਸੀ ਚਲਦਾ।

ਅਚਰਜ ਜੋਵਾ।
ਕਿਹ ਕਲਮਲ ਕੇ ਕਰੇ ਤੇ, ਇਮ ਦੁਖ ਫਲ ਹੋਵਾ?'
ਸ਼੍ਰੀ ਹਰਿਗੋਵਿੰਦ ਸਭਿਨਿ ਸੋਂ, ਅਹਿ ਗਾਥ ਉਚਾਰੀ।
'ਪੂਰਬ ਜਨਮ ਮਹੰਤ ਇਹ, ਬਿਦਤਯੋ ਜਗ ਭਾਰੀ ॥੨੯॥
ਚਹੁੰਦਿਸ਼ਿ ਕੇ ਨਰ ਮੰਨਤਾ, ਕਰਿ ਸੀਸ ਨਿਵਾਵੈਂ।
ਅਨਿਕ ਪਦਾਰਥ ਆਨ ਕਰਿ, ਇਸ ਕੋ ਅਰਪਾਵੈਂ।
ਜਿਤੇ ਕਿਰਮ ਤਨ ਮਹਿਂ ਪਰੇ, ਸਗਰੇ ਤਬਿ ਚੇਲੇ।
ਹੋਇ ਬਡਾਈ ਜਗਤ ਬਡ, ਇਸ ਹਿਤ ਕਰ ਮੇਲੇ[1] ॥੩੦॥

[1]ਇਕੱਠੇ ਕੀਤੇ ਸੀ (ਚੇਲੇ)।

ਅਹੰਕਾਰ ਉਰ ਮਹਿਂ ਬਡੋ, -ਮਮ ਸਮ ਨਹਿਂ ਦੂਜਾ।
ਕਰਹਿ ਦੇਸ਼ ਸਭਿ ਬੰਦਨਾ, ਚਰਨਨਿ ਕੀ ਪੂਜਾ।
ਸਿਮਰਯੋ ਨਹਿਂ ਕਰਤਾ ਪੁਰਖ, ਸ਼ੁਭ ਕਰਮ ਨ ਕੀਨਾ।
ਗਨ ਚੇਲਨਿ ਕਰਿਬੋ ਭਜਨ, ਉਪਦੇਸ਼ ਨ ਦੀਨਾ[1] ॥੩੧॥

[1]ਨੂੰ..... ਭਜਨ ਕਰਨ ਦਾ ਉਪਦੇਸ਼ (ਇਸਨੇ) ਨਾ ਦਿੱਤਾ।

ਹੰਕਾਰਤਿ ਹੀ ਮਰਿ ਗਯੋ, ਜੂਨੀ ਅਹਿ ਪਾਈ।
ਲੋਕ ਪ੍ਰਲੋਕ ਸੁਖ ਤੇ ਰਖੇ, ਸੋ ਕ੍ਰਿਮ, ਸਮੁਦਾਈ[1]।

[1]ਸੋ ਸਾਰੇ ਕੀੜੇ (ਹੋ ਗਏ)।

ਕਾਟਿ ਕਾਟਿ ਗਨ ਖਾਤਿ ਹੈਂ, ਨਹਿਂ ਇਨਹਿ ਉਧਾਰਾ।
ਪਲਟਾ ਪੂਰਬ ਜਨਮ ਕੋ, ਲੇਤੇ ਇਸ ਬਾਰਾ ॥੩੨॥
ਆਪ ਨ ਉਧਰਯੋ ਜਗਤ ਤੇ, ਨਹਿਂ ਸਿੱਖ

ਉਬਾਰੇ।
ਨਿਜ ਮਨਤਾ ਕੇ ਹੇਤੁ ਕਰਿ, ਸ਼ੁਭ ਕਾਜ ਬਿਸਾਰੇ†।
ਇਨ ਸਮ ਕੀ ਗਤਿ ਦੇਖਿ ਕਰਿ, ਜੇ ਨਹਿੰ ਸਿਮਰੰਤੇ।
ਸ੍ਰੀ ਨਾਨਕ ਜੀ ਸ਼ਬਦ ਇਕ, ਉਚਰਜੋ ਹਿਤਵੰਤੇ ॥੩੩॥

†ਪਾ:-ਸਭਿ ਕਾਰਜ ਸਾਰੇ।

ਸ੍ਰੀ ਮੁਖਵਾਕ:
ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥
ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ॥

ਦੋਹਰਾ:
ਕਰ ਨ ਸਕਹਿਂ ਅਪਨੋ ਭਲੋ, ਗੁਰ ਮਿਲਿ ਪਾਇਂ ਨ ਗਯਾਨ।
ਉਰ ਅੰਧੇ ਅਹੰਕਾਰ ਤੇ, ਨਹਿਂ ਪ੍ਰਭੁ ਸਿਮਰਨ ਠਾਨਿ ॥੩੪॥
ਹਿਤ ਮਨਤਾ ਕਰਿ ਜਤਨ ਬਹੁ ਚੇਲੇ ਬ੍ਰਿੰਦ ਬਨਾਇ।
ਤਿਨ ਕੀ ਹੋਵਤਿ ਅਸ ਦਸ਼ਾ, ਬਹੁ ਜੂਨੀ ਭਰਮਾਇ ॥੩੫॥
ਹੁਤੋ ਸੁਕਰਮ ਵਿਸ਼ੇਸ਼ ਇਸ, ਆਇ ਪਰਜੋ ਸ਼ਰਨਾਇ।
ਅਬਿ ਸ਼ੁਭ ਗਤਿ ਪ੍ਰਾਪਤਿ ਭਈ, ਤਨ ਪੰਨਗ ਮੁਕਤਾਇ' ॥੩੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਅਜਗਰ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਤੀ ਅੰਸੂ ॥੫੭॥

੫੮. [ਕਾਂਗੜ ਪੁਰ ਡੇਰਾ]

੫੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੯

ਦੋਹਰਾ:
ਉਤਰਜੋ ਡੇਰਾ ਜਹਿਂ ਕਹਾਂ,
ਸ਼੍ਰੀ ਸਤਿਗੁਰ ਚਹੁਂ ਓਰ।
ਕਰਤਿ ਹਿਰੇਖਾ ਹਯ ਲਗੇ,
ਬਡੇ ਕਿਲਕ ਬੰਧਿ ਡੋਰ ॥੧॥

ਨਿਸ਼ਾਨੀ ਛੰਦ:
ਕਰੇ ਫਰਸ਼ ਸ਼੍ਰੀ ਗੁਰ ਥਿਰੇ, ਬੈਠੇ ਬਹੁ ਪਾਸਾ।
ਅਨਿਕ ਪ੍ਰਕਾਰਨਿ ਬਾਰਤਾ, ਯੁਤਿ ਹਾਸ ਬਿਲਾਸਾ।
ਸੂਪਕਾਰ ਤਿਸ ਕਾਲ ਮਹਿਂ, ਹਿਤ ਕਰਨ ਰਸੋਈ।
ਲਗੇ ਸੁਧਾਰਨ ਥਾਨ ਕੋ, ਖਨਿ ਅਵਿਨੀ ਜੋਈ ॥੨॥
ਕੁਛਕ ਖਨੀ ਜਬਿ ਅਸਥਿ ਗਨ, ਨਿਕਸੇ ਨਰ ਕੇਰੇ।
ਸ਼੍ਰੀ ਸਤਿਗੁਰ ਕੇ ਢਿਗ ਕਹਜੋ, 'ਉਦਿਆਨ ਘਨੇਰੇ।
ਨਿਕਸਤਿ ਮਾਨੁਖ ਕੇ ਅਸਥਿ, ਇਕ ਥਲ ਸਮੁਦਾਏ।
ਕਿਸ ਕਾਰਨ ਇਕਠੇ ਗਡੇ, ਨਹਿਂ ਜਾਨੀ ਜਾਏ' ॥੩॥

ਸ੍ਰੈਯਾ ਛੰਦ:
ਉਠਿ ਗਮਨੇ ਹਿਤ ਹੇਰਨਿ ਸਤਿਗੁਰ
ਬਿਧੀਚੰਦ ਆਦਿਕ ਸਮੁਦਾਇ।
ਜੋਧਰਾਇ ਸੰਗ ਸਗਰੇ ਬਿਸਮਤਿ
ਜਾਇ ਪਿਖਜੋ ਠਾਂਢੇ ਤਿਸ ਥਾਇਂ।
ਖਨਵਾਵਤਿ ਨਿਕਸੇ ਨਰ ਅਸਥੀ
ਭਏ ਬ੍ਰਿੰਦ ਤਹਿਂ ਢੇਰ ਲਗਾਇ[1]।
ਸਭਿ ਕੇ ਤਰੇ ਕਰੰਗ ਇਕ ਸਾਰੋ
ਅਸਥਿ ਨ ਭਗਨ ਤਾਂਹਿ ਦਰਸਾਇ ॥੪॥

[1]ਸਮੂੰਹ ਹੱਡੀਆਂ ਦਾ ਉਥੇ ਢੇਰ ਲਗ ਗਿਆ।

ਸਭਿਹਿਨਿ ਬੂਝੇ ਸਤਿਗੁਰ ਬੋਲੇ
'ਅਤਿ ਦੁਰਭਿੱਛ[1] ਪਰਜੋ ਇਕ ਕਾਲ। [1]ਕਾਲ।
ਕਿਤਿਕ ਬਰਖ ਬਰਖਾ ਨ ਕਰੀ ਘਨ
ਧਰਾ ਭਈ ਤਬਿ ਸ਼ੁਸ਼ਕ ਬਿਸਾਲ।
ਨਿਕਟਿ ਦੇਸ਼ ਇਸ ਅੰਨ ਨ ਉਪਜਜੋ
ਛੁਧਾ ਕਸ਼ਟ ਤੇ ਮਨੁਖ ਬਿਹਾਲ।
ਤਜਿ ਤਜਿ ਸਦਨ ਫਿਰੇ ਸਭਿ ਇਤ ਉਤ
ਤ੍ਰਿਪਤਿ ਨ ਹੋਤਿ, ਰਹੇ ਬਹੁ ਭਾਲ ॥੫॥
ਜਿਸ ਕੋ ਸਰਬ ਕਰੰਗ ਇਹ ਦੇਖਤਿ,
ਹੁਤੋ ਸਮੈ ਤਿਸ ਅਜ਼ਮਤਵਾਨ।
ਜੇ ਚਿਤ ਚਾਹਤਿ ਅਪਨੇ ਇਹ ਤਬਿ
ਖਸ਼ਟ ਰਸਨਿ ਕੇ ਅਸਨ ਮਹਾਨ।
ਪਕੀ ਰੋਟਕਾ ਸੂਪ[1] ਰੁਓਦਨ[2] [1]ਦਾਲ। [2]ਚਾਵਲ।
ਅਨਿਕ ਬਿਧਿਨਿ ਕੇ ਗਨ ਪਕਵਾਨ।
ਸਭਿ ਅਵਿਨੀ ਕੋ ਛਾਦਨ ਕਰਤੋ,
ਬਾਂਛਤਿ ਬਨਤਿ ਜਿ ਕਰਤਿ ਬਖਾਨ ॥੬॥
ਪ੍ਰਭੂ ਕੋ ਭਾਣਾ ਮਾਨਿ ਸੀਸ ਪਰ
ਕਰਾਮਾਤ ਕਜੋਂਹੁ ਨ ਤਬਿ ਕੀਨਿ।
ਛੁਧਤਿ ਦੁਖਜੋ ਅਤਿ ਅੰਨ ਨ ਪ੍ਰਾਪਤਿ
ਅਪਨੋ ਸਦਨ ਤਜਾਗਿ ਕਰਿ ਦੀਨਿ।
ਵਸਤੁ ਟੋਕਰਾ ਸਿਰ ਪਰ ਧਰਿ ਕਰਿ
ਗਮਨਜੋ ਲੋਕਨਿ ਸੰਗ ਪ੍ਰਬੀਨ।
ਜਿਤ ਕਿਤ ਫਿਰਤਿ ਅੰਨ ਬਿਨ ਬਜਾਕੁਲ
ਦੁਰਬਲ ਅੰਗਨਿ ਓਜ ਬਿਹੀਨ ॥੭॥
ਬਿਚਰਤਿ ਇਤ ਉਤ ਥਕਤਿ ਪ੍ਰਾਨਿ ਹੁਇ
ਆਨ ਪਰੇ ਸਗਰੇ ਇਸ ਥਾਇਂ।
ਇਕ ਨਿਸ ਦਿਨ ਮਹਿਂ ਮ੍ਰਿਤਕ ਭਏ ਗਨ
ਜਿਯਤਿ ਰਹੇ ਜੋ ਤਿਨਹੁਂ ਉਠਾਇ।
ਝੇਰੇ[1] ਬਿਖੈ ਪਾਇ ਕਰਿ ਦਫਨੇ, [1]ਟੋਏ।
ਤਬਿ ਕੇ ਅਸਥਿ ਅਹੈਂ ਸਮੁਦਾਇ।
ਕਰੰਗ ਸਕਲ ਜਿਸ, ਧੰਨ ਪੁਰਖ ਇਹੁ,
ਅਜਰ ਜਰਨ ਭਾਖਹਿ ਇਸ ਭਾਇ ॥੮॥

ਅਜ਼ਮਤ ਜਰਯੋ ਪ੍ਰਾਨਿ ਤਨ† ਛੋਰੇ
ਪ੍ਰਭੁ ਆਇਸੁ ਮਹਿਂ ਰਹਿ ਸੁਖ ਮਾਨਿ।
ਬੰਦਨੀਯ ਸਭਿ ਜਗ† ਕੇ ਅਸ ਹੁਇਂ
ਧੀਰਜ ਬੀਰਜਵੰਤਿ ਮਹਾਨ।'
ਇਮ ਕਹਿ ਸਤਿਗੁਰ ਸਭਾ ਬਿਰਾਜੇ
ਬਿਸਮ ਭਏ ਸੁਨਿ ਗਾਥ ਪੁਰਾਨ[1]।
ਸੂਪਕਾਰ ਤਬਿ ਤਯਾਰ ਅਹਾਰ ਸੁ
ਕਰਯੋ ਜਾਇ ਕਰਿ ਆਨ ਸਥਾਨ ॥ ੯ ॥
ਲ੍ਯਾਇ ਨਿਕਟਿ ਗੁਰ ਕੋ ਅਚਵਾਇਵ
ਸਗਰੇ ਤ੍ਰਿਪਤਿ ਭਏ ਭਟ ਬ੍ਰਿੰਦ।
ਏਕ ਜਾਮਨੀ ਤਹਾਂ ਬਿਤਾਈ,
ਚਢੇ ਪ੍ਰਾਤਿ ਸ਼੍ਰੀ ਹਰਿਗੋਵਿੰਦ।
ਉਤਰ ਪਰੇ ਪੁਰਿ ਕਾਂਗੜ ਕੇ ਢਿਗ
ਕ੍ਰਿਪਾ ਜੋਧ ਪਰ ਧਰਤਿ ਬਿਲੰਦ।
ਮਿਲ੍ਯੋ ਰਹੈ ਨਿਸ ਦਿਨ ਸੁਖ ਪਾਵੈ
ਕਰਤਿ ਬਾਰਤਾਲਾਪ ਅਨੰਦ ॥ ੧੦ ॥
ਹਾਥ ਜੋਰਿ ਕਰਿ ਜੋਧ ਬਖਾਨੀ
'ਕ੍ਰਿਪਾ ਕਰਹੁ ਇਮ ਕ੍ਰਿਪਾ ਨਿਧਾਨ!
ਪਾਵਨ ਕੋ ਕਰਿ ਪਾਵਨ ਘਰ ਮਮ
ਪਾਵਨ ਕਰਹੁ ਦਾਸ ਕੋ ਜਾਨਿ[1]।
ਅਚਹੁ ਅਹਾਰ ਆਪ ਤਹਿਂ ਬੈਠਹੁ,
ਪੁਨ ਚਾਹਤਿ ਕੀਨੋ ਪ੍ਰਸਥਾਨ[1]।
ਇਹ ਅਭਿਲਾਖਾ ਪੂਰਨ ਕੀਜੈ,
ਸਰਬ ਕਲਾ ਸਮਰਥ ਗੁਨਵਾਨ' ॥ ੧੧ ॥
ਭਏ ਪ੍ਰੇਮ ਬਸਿ ਬਿਨਤੀ ਮਾਨੀ
ਗੁਰੂ ਗ਼ਰੀਬ ਨਿਵਾਜ ਕ੍ਰਿਪਾਲ।
ਲੇ ਕਰਿ ਗਮਨ੍ਯੋ ਸਦਨ ਆਪਨੇ
ਰੁਚਿਰਾਸਨ[1] ਇਕ ਡਾਸਿ ਬਿਸਾਲ।
ਕਰ ਕੋ ਜੋਰਿ ਬਿਠਾਵਨ ਕੀਨੇ,
ਦੰਪਤਿ ਆਇ ਹਰਖ ਤਿਸ ਕਾਲ।
ਜਲ ਕਰ ਧਾਰਿ ਜੋਧ ਤਬਿ ਡਾਰਤਿ,
ਚਰਨ ਭਾਰਜਾ ਭਲੇ ਪਖਾਲਿ[1] ॥ ੧੨ ॥

†ਪਾ:-ਤਬਿ।
†ਪਾ:-ਜਨ।
[1]ਪੁਰਾਣੀ।
[1]ਚਰਨਾਂ ਨੂੰ ਪਾਕੇ ਮੇਰੇ ਘਰ ਨੂੰ ਪਵਿੱਤ੍ਰ ਕਰੋ ਦਾਸ ਜਾਣਕੇ।
[1]ਵਿਦਾ ਹੋਣਾ।
[1]ਸਹੁਣਾਂ ਵਿਛੌਣਾਂ।
[1]ਧੋਤੇ।

ਚਰਨਾਂਮ੍ਰਿਤ ਕੋ ਪਾਨ ਕਰਜੋ ਜੁਗ[1]
ਸੀਸ ਬਿਲੋਚਨ ਕੋ ਤਬਿ ਲਾਇ।
ਸਦਨ ਕਰਜੋ ਛਿਰਕਾਵਨ ਸਾਰੇ
ਸਤਿਗੁਰ ਸ਼ਰਧਾ ਅਧਿਕ ਵਧਾਇ।
ਨਾਨਾਬਿਧਿ ਕੇ ਸ੍ਵਾਦਲ ਭੋਜਨ
ਥਾਰ ਪਰੋਸਿ ਆਪ ਹੀ ਲਜਾਇ।
ਧਰਿ ਆਗੇ ਨਿਜ ਲੇ ਰੁਮਾਲ ਕਰ,
ਦੰਪਤਿ ਠਾਂਢੇ ਅਸਨ ਅਚਾਇੰ ॥੧੩॥
'ਇਹੁ ਸ੍ਵਾਦਲ ਬਹੁ ਮਧੁਰ ਬਨਜੋ ਪ੍ਰਭੁ,
ਇਹ ਬਹੁ ਤੁਰਸ਼ ਸਲਵਨ ਪ੍ਰਕਾਰ।'
ਇਮ ਕਹਿ ਕਰਿ ਬਹੁ ਧਰਿ ਧਰਿ ਭਾਊ
ਸਨੇ ਸਨੇ ਅਚਵਾਇ ਅਹਾਰ।
'ਮਹਾਂਰਾਜ ਇਹ ਅਪਰ ਅਸਨ ਸ਼ੈ,
ਲੀਜਹਿ ਸ੍ਵਾਦ ਕਰਜੋ ਹਿਤ ਧਾਰਿ।'
ਇਮ ਕਹਿ ਨਏ ਨਏ ਧਰਿ ਆਗੈ
ਕਰਹਿਂ ਰਿਝਾਵਨ ਗੁਰੂ ਉਦਾਰ ॥੧੪॥
ਤ੍ਰਿਪਤਿ ਭਏ, ਸੁੰਦਰ ਜਲ ਸੀਤਲ
ਸਿੱਖ ਸੁਤਾ ਲੇ ਕਰਿ ਨਿਜ ਹਾਥ।
ਦਿਯੋ ਪਾਨਿ ਕਰਿਬੇ ਕੋ ਤਿਸ ਛਿਨ,
ਲੇ ਕਰਿ ਪੀਵਤ ਭੇ ਜਗ ਨਾਥ।
ਕਰਜੋ ਚੁਰਾ ਅਰੁ ਪਾਨ ਪਖਾਰੇ[1]
ਪ੍ਰੇਮ ਪਰਖਿ ਲਖਿ ਸ਼ਰਧਾ ਸਾਥ।
ਬਰੋ ਕੋ ਦੇਤਿ ਭਏ ਸ਼੍ਰੀ ਜਗ ਗੁਰ
ਜਬਿ ਦੰਪਤਿ ਪਦ ਧਾਰਜੋ ਮਾਥ ॥੧੫॥
'ਤੁਮਰੇ ਉਰ ਗੁਰਮਤਿ ਹੁਇ ਪ੍ਰਾਪਤਿ,
ਹਮ ਪ੍ਰਲੋਕ ਮਹਿਂ ਬਨਹਿਂ ਸਹਾਇ।
ਭਗਤਿ ਗਜਾਨ ਅਭਜਾਸੋ ਦੰਪਤਿ
ਸੱਤਿਨਾਮ ਸਿਮਰਹੁ ਲਿਵਲਾਇ।
ਪ੍ਰਭੁ ਭਾਣੇ ਮਹਿਂ ਹਰਖਹੁ ਹਿਤ ਧਰਿ,
ਹਉਮੈ ਤਜਾਗਹੁ ਮਿਥਜਾ ਭਾਇ।
ਅਨਹੋਵਤਿ ਹੀ ਉਪਜੀ ਹਿਯ ਮਹਿਂ[1],

[1]ਦੋਹਾਂ ਨੇ।

[1]ਹੱਥ ਧੋਤੇ।

[1]ਹਉਮੈ ਭਾਵਨਾ ਤਿਆਗੋ (ਕਿਉਂਕਿ) ਇਹ ਮਿਥਜ ਹੈ ਅਣਹੁੰਦੀ ਹੀ ਹਿਰਦੇ ਵਿਚ ਉਪਜੀ ਹੈ।

ਲਖਹੁ ਸਰੂਪ ਸੁ ਸਹਿਜ ਸੁਭਾਇ ॥੧੬॥
ਹੁਤੋ ਭੂਤ ਜੋ ਰਹੈ ਭਵਿੱਖਤ
ਸਤਿ ਚੇਤਨ ਆਨੰਦ ਪ੍ਰਮਾਨਿ[1]। — [1]ਜਾਣੇ।
ਸੋ ਸਰੂਪ ਤੁਮ ਅਪਨੋ ਜਾਨਹੁ
ਨਹਿਂ ਉਪਜੈ ਨਹਿਂ ਹੋਵਤਿ ਹਾਨ।
ਸੂਖਮ ਤੇ ਅਤਿ ਸੂਖਮ ਹੈ ਨਿਤ,
ਅਹੈ ਮਹਦ ਤੇ ਮਹਦ ਮਹਾਨ।
ਅੰਤਹਿਕਰਣ ਉਪਾਧੀ ਸੋਂ ਮਿਲਿ
ਇੰਦ੍ਰਯ ਸੋਂ ਸਬੰਧ ਪੁਨ ਠਾਨਿ ॥੧੭॥
ਹਰਖ ਸੋਗ ਕੋ ਭਾਗੀ ਬਨਿ ਕਰਿ
ਜਨਮ ਮਰਨ ਕੋ ਪੁਨ ਪੁਨ ਪਾਇ।
ਨਹਿਂ ਸੰਖ੍ਯਾ ਪੂਰਬ ਤਨ ਧਾਰਨ[1] — [1]ਪਿਛੇ ਜੋ ਸਰੀਰ ਧਾਰੇ ਤਿਨ੍ਹਾਂ ਦੀ ਗਿਣਤੀ ਹੀ ਨਹੀਂ।
ਚੌਰਾਸੀ ਲਖ ਜੂਨ ਭ੍ਰਮਾਇ।
ਆਗੇ ਜੁਗ[1] ਅਸੰਖ ਮਹਿਂ ਜਾਨਹੁ — [1]ਅਗਲੇ ਜੁਗ ਵਿਚ।
ਧਰਹਿ ਦੇਹਿ[1], ਭੋਗਹਿ, ਬਿਨਸਾਇ। — [1]ਬੇਅੰਤ ਦੇਹਾਂ ਧਾਰੇਗਾ।
ਬਾਰ ਬਾਰ ਜਮ ਕੈ ਬਸ ਪਰਿ ਕੈ
ਉਚ ਕਿ ਨੀਚ ਹਰਟ ਕੇ ਭਾਇ[1] ॥੧੮॥ — [1]ਹਰਟ ਦੀ ਤਰ੍ਹਾਂ।
ਜਹਿਂ ਤਨ ਧਰਹਿ ਥਿਰਹਿਂ ਨਹਿਂ ਕਿਤਹੂੰ,
ਬਿਨ ਤਨ ਰਹਹਿ ਨਹੀਂ ਕਿਸ ਕਾਲ।
ਯਾਂ ਤੇ ਬਡ ਸੰਕਟ ਕੋ ਤਜਾਗਨਿ,
ਕਰਹਿ ਭਲੇ ਨਰ ਜਤਨ ਬਿਸਾਲ।
ਇਕ ਸਿਮਰਨ ਸਤਿਨਾਮ ਕਰੇ ਬਿਨ
ਫਸਜੋ ਰਹੈ ਇਹ ਨਿਤ ਜਮ ਕਾਲ[1†]। — [1]ਜੰਮਣ ਮਰਨ ਵਿਚ। [†]ਪਾ:-ਜਾਲਿ।
ਬਿਨ ਸਤਿਗੁਰ ਤੇ ਨਾਮ ਨ ਪ੍ਰਾਪਤਿ
ਗੁਰ ਸੇਵਹਿ ਤਬਿ ਹੋਇ ਨਿਹਾਲ[†]'
॥੧੯॥

[†]ਕਵੀ ਜੀ ਦੇ ਵੇਦਾਂਤ ਦੇ ਖਿਆਲ ਤੇ ਹੋਰ ਵੇਦਾਂਤ ਦੇ ਗ੍ਰੰਥ ਪੜ੍ਹ ਕੇ ਪੰਥ ਵਿਚ ਖਰੜ ਗਿਆਨੀ ਬੜੇ ਵਧੇ ਹਨ। ਕਵਿ ਜੀ ਦੀ ਇਸ ਖਾਸ ਤਾਕੀਦ ਪਰ ਵਾਚਜ ਗਿਆਨੀ ਕਦੇ ਧਿਆਨ ਨਹੀਂ ਦੇਂਦੇ ਜੋ ਕਹਿ ਰਹੇ ਹਨ ਕਿ 'ਇਕ ਸਤਿਨਾਮ ਦੇ ਸਿਮਰੇ ਬਿਨਾਂ ਜਮ ਦੇ ਵੱਸ ਪਿਆ ਰਹੇਗਾ, ਨਾਮ ਸਤਿਗੁਰ ਦੀ ਦਾਤ ਹੈ, ਤੇ ਸਤਿਗੁਰ ਸੇਵਾ ਪਰ ਪ੍ਰਸੰਨ ਹੋ ਕੇ ਨਿਹਾਲ ਕਰ ਦੇਂਦੇ ਹਨ।' ਇਹ ਜੋ ਨਾਮ ਅਰਾਧੇ ਬਿਨਾਂ, ਹਾਂ, 'ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ਼' ਇਨ੍ਹਾਂ ਪਤ ਦੀਆਂ ਪਉੜੀਆਂ ਚੜ੍ਹੇ ਬਿਨਾ ਜੋ ਬਣ ਬੈਠਦੇ ਹਨ, ਓਹ ਗੁਰਬਾਣੀ ਵਿਚ ਐਉਂ ਦਰਸਾਏ ਹਨ:- 'ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ।' ਉਨ੍ਹਾਂ ਦਾ ਅੰਤ ਦਸਿਆ ਹੈ 'ਕੂੜੀ ਕੂੜੈ ਠੀਸ' (ਜਪੁਜੀ)।

ਦੋਹਰਾ:

ਸੁਨਤਿ ਜੋਧ ਕਹਿ ਜੋਰਿ ਕਰ,
'ਲਖਹੁ ਆਪਨੇ ਦਾਸ।
ਰਖਹੁ ਲਾਜ ਨਿਜ ਨਾਮ ਕੀ,
ਕੀਜਹਿ ਸੁਮਤਿ ਪ੍ਰਕਾਸ਼ ॥੨੦॥
ਪ੍ਰਾਤਿ ਹੋਤ ਤਯਾਰੀ ਕਰਹੁਂ,
ਰੁਚਹਿ ਨ ਤਜਿਬੋ ਸਾਥ।
ਦਰਸ਼ਨ ਤੇ ਆਨੰਦ ਹੁਇ,
ਲੇਹੁ ਸੰਗ ਮੁਝ ਨਾਥ!' ॥੨੧॥
ਪੁਨ ਪ੍ਰਸੰਨ ਹ੍ਵੈ ਸਤਿਗੁਰੂ,
ਕ੍ਰਿਪਾ ਰਸੀਲੇ ਨੈਨ।
ਪਿਖਿ ਦੰਪਤਿ ਕੇ ਭਾਵ ਕੋ,
ਕਹਤਿ ਸੁ ਮੁਖ ਤੇ ਬੈਨ ॥੨੨॥
'ਅਬਿ ਤੁਮ ਕਾਂਗੜ ਪੁਰਿ ਬਸਹੁ,
ਰਿਦੈ ਧਾਰਿ ਗੁਰ ਧਯਾਨਾ।
ਸੱਤਿਨਾਮ ਸਿਮਰਨ ਕਰਹੁ,
ਦੁਹਿ ਲੋਕਨਿ ਕਲਿਆਨ ॥੨੩॥
ਪੁਨ ਹਮ ਪਠਹਿਂ ਹਕਾਰ ਜਬਿ,
ਕੈ ਦਿਨ ਕਿਤਿਕ ਬਿਤਾਇਂ।
ਮਿਲਹੁ ਆਨਿ ਆਨੰਦ ਸੋਂ,
ਹੁਇ ਡੇਰਾ ਜਿਸ ਥਾਇਂ' ॥੨੪॥
ਬਹੁਰ ਜੋਧ ਕੀ ਭਾਰਜਾ,
ਬੋਲੀ ਬਿਨੈ ਸਮੇਤ।
'ਰਾਵਰ ਭੀ ਇਸ ਦੇਸ਼ ਮਹਿਂ,
ਆਵਹੁ ਕਬਹਿ ਨਿਕੇਤ' ॥੨੫॥
ਪੁਨ ਸ਼੍ਰੀ ਹਰਿਗੋਵਿੰਦ ਕਹਯੋ,
'ਰੂਪ ਅਪਰ ਕੋ ਧਾਰਿ।
ਤੁਵ ਸੰਤਤਿ ਕੇ ਸਦਨ ਮਹਿਂ,
ਬਸੌਂ ਆਨਿ ਤਿਸ ਬਾਰ† ॥੨੬॥

ਬੰਸ ਪ੍ਰਵਿਰਤਹਿ ਅਧਿਕ ਸੁਖ,
ਤੁਮ ਆਏ ਮਮ ਕਾਜ[1]।

†ਇਹ ਵਰ ਅੱਗੇ ਜਾਕੇ ਦਸਮ ਪਾਤਸ਼ਾਹ ਜੀ ਦੇ ਸਮੇਂ ਫਲੇਗਾ, ਦੇਖੋ ਰੁਤ ੬ ਅੰਸੂ ੫੩ ਅੰਕ ੨੮ ਤੋਂ ਅੱਗੇ ਜਿੱਥੇ ਦਸਮ ਪਾਤਸ਼ਾਹ ਜੀ ਸ਼ਮੀਰ ਲਖਮੀਰ ਪਾਸ ਕਾਂਗੜ ਪੁਰ ਜਾ ਕੇ ਉਤਰਦੇ ਹਨ।

[1]ਤੁਸੀਂ ਮੇਰੇ ਕੰਮ ਆਏ ਹੋ।

ਹਲਤਿ ਪਲਤਿ ਰੱਖਜਕ ਅਹੋਂ,
ਭੁਗਤਹੁ ਰਾਜ ਸਮਾਜ' ॥੨੭॥
ਇਮ ਬਰ ਦਿਯੋ ਬਿਸਾਲ ਕੋ,
ਦੁਹੁੰ ਲੋਗਨਿ ਸੁਖ ਕੇਰ।
ਦੰਪਤਿ ਪਾਇ ਪ੍ਰਮੋਦ ਕੋ,
ਸਿਰ ਧਰਿ ਪਦ ਪਰ ਫੇਰ ॥੨੮॥
ਆਸ਼ਿਖ ਦੇ ਸਤਿਗੁਰ ਉਠੇ,
ਸਿਵਰ ਬਿਰਾਜੇ ਜਾਇ।
ਸੁਪਤਿ ਜਥਾ ਸੁਖ ਜਾਮਨੀ,
ਪ੍ਰਾਤਿ ਭਈ ਪੁਨ ਆਇ ॥੨੯॥
ਸੌਚ ਸ਼ਨਾਨ ਸੁ ਧਜਾਨ ਕਰਿ,
ਬਸਤ੍ਰ ਸ਼ਸਤ੍ਰ ਕੋ ਪਾਇ।
ਤਜਾਰ ਅਰੂਢਨਿ ਕੋ ਭਏ,
ਸ੍ਰੀ ਸਤਿਗੁਰ ਸੁਖਦਾਇ ॥੩੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਕਾਂਗੜ ਪੁਨਿ ਆਗਵਨ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤੀ ਅੰਸੂ ॥੫੮॥

੫੯. [ਕਾਂਗੜ ਪੁਰੋਂ ਕੂਚ। ਫਤੂਹੀ ਰਾਹਕ]

੫੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੦

ਦੋਹਰਾ:

ਤਜਾਰ ਭਏ ਸ਼੍ਰੀ ਸਤਿਗੁਰੂ, ਚਲਿ ਪਹੁੰਚੇ ਤਿਸ ਕਾਲ।
ਸਾਧੂ ਰੂਪਾ ਦੌਨ ਮਿਲਿ, ਬੰਦਤਿ ਪ੍ਰੇਮ ਬਿਸਾਲ ॥੧॥

ਸ੍ਵੈਯਾ ਛੰਦ:

'ਹਮ ਕੋ ਹੁਕਮ ਅਹੈ ਕਿਸ ਬਿਧਿ ਕੋ,
ਮਹਾਰਾਜ! ਅਬਿ ਦੇਹੁ ਸੁਨਾਇ।
ਦਰਸ਼ਨ ਕੀ ਉਰ ਅਧਿਕ ਲਾਲਸਾ
ਜਥਾ ਕਮਲ ਬਾਂਛਤਿ ਦਿਨ ਰਾਇ[1]।
ਕਰੇ ਨਿਹਾਲ ਦੀਨਿ ਬਡਿਆਈ
ਜੁਗ ਲੋਕਨ ਕੇ ਬਨੇ ਸਹਾਇ।
ਰਾਵਰ ਕੇ ਮਾਨਿੰਦ ਕ੍ਰਿਪਾਲ ਨ
ਰਜ ਕਨ ਤੇ ਸਮ ਮੇਰੁ ਬਨਾਇ' ॥੨॥
ਕਹ੍ਯੋ ਗੁਰੂ 'ਤੁਮ ਕਰਹੁ ਦੇਗ਼ ਕੋ
ਸਭਿ ਕੋ ਦੇਹੁ ਅਸਨ ਬਰਤਾਇ।
ਬਰੁ ਅਰੁ ਸ੍ਰਾਪ ਸਫਲ ਹੁਇੰ ਤੁਮਰੇ
ਤ੍ਰਿਖੀ ਤੇਗ਼ ਸਮ ਕਾਟਤਿ ਜਾਇੰ।
ਸਤਿ ਸੰਗਤਿ ਕਰ ਸਿਮਰਹੁ ਸਤਿਗੁਰ
ਅਪਰ ਰੂਪ ਧਰਿ ਮੈਂ ਪੁਨ ਆਇ[1†]।
ਤੁਵ ਸੰਤਤਿ ਸਭਿ ਮਿਲਹਿ ਸੇਵ ਕਰਿ
ਅੰਗ ਸੰਗ ਗੁਰ ਤੁਮਹਿ ਸਹਾਇ' ॥੩॥
ਜੋਧਰਾਇ ਲੇ ਸੰਗ ਬ੍ਰਿੰਦ ਨਰ
ਚਰਨ ਕਮਲ ਟੇਕ੍ਯੋ ਸਿਰ ਆਇ।
ਭਏ ਅਰੂਢਨ ਸਤਿਗੁਰ ਸ੍ਵਾਮੀ
ਪਹੁੰਚਵਾਨ ਹਿਤ ਸਾਥ ਸਿਧਾਇ।
ਦੁੰਦਭਿ ਬਜੇ, ਨਕੀਬ ਪੁਕਾਰਤਿ,
ਸੈਨਾ ਚਲੀ ਮਨਹੁਂ ਦਰੀਆਇ।

[1]ਸੂਰਜ ਨੂੰ।

[1]ਮੈਂ ਫਿਰ ਆਵਾਂਗਾ ਹੋਰ ਰੂਪ ਧਾਰਕੇ। †ਦੇਖੋ ਰੁਤ ੬ ਅੰਸੂ ੫੪ ਜਿੱਥੇ ਦਸਮ ਪਾਤਸ਼ਾਹ ਜੀ ਪਰਮ ਸਿੰਘ ਤੇ ਧਰਮ ਸਿੰਘ ਜੀ ਦੇ ਬਹੁੜਦੇ ਹਨ ਜੋ ਕਿ ਭਾਈ ਰੂਪੇ ਜੀ ਦੀ ਸੰਤਾਨ ਸਨ ਤੇ ਇਹ ਵਰ ਉੱਥੇ ਫਲਦੇ ਹਨ।

ਏਕ ਕੋਸ ਪਰ ਥਿਰ ਹੁਇ ਬੋਲੇ
'ਹਟਹੁ ਅਬੈ ਸਾਦਰ ਹਿਤ ਆਇ[1]' ॥੪॥
ਉਤਰਿ ਤੁਰੰਗ ਤੇ ਜੋਧਰਾਇ ਤਬਿ
ਅਧਿਕ ਪ੍ਰੇਮ ਤੇ ਪਕਰੇ ਪਾਇ।
'ਅਪਨੇ ਜਾਨਿ ਯਾਦ ਮੁਝ ਰਾਖਹੁ
ਲੇਹੁ ਮਿਲਾਇ ਆਪ ਸਹਿਸਾਇ।
ਨਹਿਂ ਬਿਛੁਰਨਿ ਕੋ ਮਨ ਕਬਿ ਕਰਤਾ
ਤਊ ਰਾਵਰੀ ਅਮਿਟ ਰਜ਼ਾਇ।
ਤੁਮਰੋ ਸੰਗ ਸਰਬ ਤੇ ਊਤਮ
ਅਵਚਲ ਅਨੰਦ ਜਿਨਹੁੰ ਤੇ[1] ਪਾਇ' ॥੫॥
ਸਤਿਗੁਰ ਕਰਜੋ 'ਮਿਲਜੋ ਤੈਂ ਨਿਤ ਹੀ,
ਲੋਕ ਪ੍ਰਲੋਕਹਿਂ ਗੁਰੂ ਸਹਾਇ।
ਤੁਵ ਸੰਤਤਿ ਕੋ ਹਮਰੀ ਸੰਤਤਿ
ਪਿਖਿ ਸੇਵਾ ਕੋ ਅਨੰਦ ਉਪਾਇ।
ਗੁਰ ਘਰ ਸੋਂ ਬਡ ਮੇਲ ਭਯੋ ਸ਼ੁਭ,
ਯਾਂ ਤੇ ਰਹਹੁ ਸਦਾ ਸੁਖ ਪਾਇ।
ਬਿਘਨ ਬ੍ਰਿੰਦ ਜੇ ਬਿਬਿਧ ਬਿਧਿਨ ਕੇ
ਭਏ ਬਿਨਾਸ਼ਨਿ ਬਨਹਿ ਨ ਕਾਇ' ॥੬॥
ਇਮ ਕਹਿ ਕਰਜੋ ਹਟਾਵਨ ਘਰ ਕੋ,
ਗਯੋ ਚਰਨ ਪੰਕਜ ਲਪਟਾਇ।
ਗਮਨਤਿ ਮੁਰਿ ਮੁਰਿ ਪਾਛੇ ਹੇਰਤਿ
ਜਿਸ ਦੈ ਰਿਦੈ ਪ੍ਰੀਤਿ ਅਧਿਕਾਇ।
ਗਮਨਤਿ ਸਤਿਗੁਰ ਮੂਰਤਿ ਉਰ ਧਰਿ
ਕਰਤਿ ਸਰਾਹਨ ਜਨਨਿ ਸੁਨਾਇ।
'ਨਹੀਂ ਗ਼ਰੀਬ ਨਿਵਾਜ ਗੁਰੂ ਸਮ
ਦਾਸਨਿ ਸੁਖਦ ਰਿਪੁਨਿ ਦੁਖਦਾਇ' ॥੭॥
ਸਾਧੂ ਰੂਪਚੰਦ ਕਰਿ ਬੰਦਨ
ਹਟੇ ਗੁਰੂ ਕੀ ਆਇਸੁ ਪਾਇ।
ਜਿਨ ਕੈ ਰਿਦੈ ਬਸੈ ਪ੍ਰਭੁ ਨਿਸ ਦਿਨ

[1]ਜੋ ਆਦਰ ਤੇ ਹਿਤ ਕਰਕੇ (ਟੋਰਨ ਲਈ) ਆਏ ਹਨ ਸੋ ਹੁਣ ਮੁੜ ਜਾਣ।

[1]ਜਿਸ (ਆਪ ਜੀ) ਤੋਂ।

ਕਜਾ ਮਹਿਮਾ ਤਿਨ ਕਹੌਂ ਬਨਾਇ।
ਬਿਛੁਰਤਿ ਲੋਚਨ ਤੇ ਜਲ ਢਰਕ੍ਯੋ
ਨੀਠ ਨੀਠ ਪਾਛੈ ਪਰਿ ਪਾਇ[1]।
ਅਪਰ ਲੋਕ ਭੀ ਦੇ ਕਰਿ ਧੀਰਜ
ਕਰੇ ਹਟਾਵਨਿ ਤਬਿ ਸੁਖਦਾਇ ॥੮॥
ਗਮਨੇ ਪੰਥ ਬਜਤਿ ਬਡ ਦੁੰਦਭਿ,
ਚਮੂੰ ਚਲਤਿ ਨਭ ਧੂਲਿ ਉਡੰਤਿ।
ਕਿਤਿਕ ਕੋਸ ਚਲਿ ਸ਼੍ਰੀ ਹਰਿਗੋਵਿੰਦ
ਡੇਰਾ ਕਰਿ ਨਿਸ ਕੀਨਿ ਬਿਤੰਤਿ।
ਖਿਲਤਿ ਅਖੇਰ ਚਲਤਿ ਚਿਤ ਭਾਵਤਿ
ਸਨੇ ਸਨੇ ਮਗ ਸ਼੍ਰੀ ਭਗਵੰਤ।
ਮਿਲਹਿਂ ਆਇ ਅਰਪਿ ਉਪਾਇਨਿ,
ਬੰਦਹਿਂ ਚਰਨ ਕਮਲ ਸੁਖਵੰਤਿ ॥੯॥
ਗਮਨਹਿਂ ਇਮ ਸੁਖੇਨ ਸ਼੍ਰੀ ਸਤਿਗੁਰ,
ਗੁੱਜਰਵਾਲ ਗ੍ਰਾਮ ਕੋ ਆਇ।
ਸ਼ੁਭ ਸਥਾਨ ਪਿਖਿ ਸਿਵਰ ਕਰ੍ਯੋ ਤਹਿਂ
ਉਤਰੀ ਸੈਨਾ ਮਿਸਲ ਬਨਾਇ।
ਸ਼੍ਰੀ ਹਰਿਗੋਵਿੰਦ ਫਰਸ਼ ਕਰਾਇਵ
ਬੈਠਿ ਗਏ ਜੁਤਿ ਨਰ ਸਮੁਦਾਇ।
ਨਿਕਟਿ ਨਿਕਟਿ ਕੇ ਗ੍ਰਾਮ ਸੁਨੀ ਸੁਧਿ
ਲਏ ਉਪਾਇਨ ਕੋ ਦਰਸਾਇਂ ॥੧੦॥
'ਸ਼੍ਰੀ ਗੰਗਾ ਘਰ ਮਹਿਂ ਭੀ ਪ੍ਰਾਪਤਿ'
ਇਮ ਕਹਿ ਆਵਤਿ ਮੋਦ ਉਪਾਇ।
ਕਿਤਿਕ ਹੋਤਿ ਸਿਖ ਨਵੇਂ ਦਰਸ ਕਰਿ
ਕਿਤਿਕ ਪ੍ਰਥਮ ਕੇ ਪਹੁੰਚਹਿਂ ਧਾਇ।
ਰਹਤਿ ਭੀਰ ਨਿਤ ਸੰਗਤਿ ਕੀ ਬਹੁ
ਦਰਸਹਿਂ ਬਿਨੈ ਕਰਹਿਂ ਬਰ ਪਾਇਂ।
ਅੰਨ, ਦੁਗਧ, ਦਧਿ, ਦਰਬ, ਦੁਕੂਲਨਿ,
ਤੁਰੰਗ, ਸ਼ਸਤ੍ਰ ਹਿਤ ਚਹਿਂ ਅਰਪਾਇ[1]
॥੧੧॥
ਤਹਿਂ ਕੋ ਰਾਹਕ ਵਧ੍ਯੋ ਹੁਤੋ ਬਹੁ[1]
ਸੁਨੀ ਤਾਂਹਿ ਸੁਧਿ ਗੁਰ ਭਗਵਾਨ।

[1]ਮਸਾਂ ਮਸਾਂ ਪਿੱਛੇ ਪੈਰ ਧਰਦੇ ਹਨ।

[1](ਆਪਣੇ) ਭਲੇ ਦੀ ਇੱਛਾ ਕਰਕੇ ਅਰਪਦੇ ਹਨ।

[1]ਬਹੁਤ ਵਧਿਆ ਹੋਇਆ ਸੀ (ਪਦਾਰਥ ਵਿਚ)।

ਡੇਰਾ ਕਰਯੋ ਆਨਿ ਕਰਿ ਬਾਹਰ
ਹਰਖ ਰਿਦੈ ਉਪਜਾਇ ਮਹਾਨ।
ਪਿਛਲੇ ਪਹਿਰ ਦਿਵਸ ਕੇ ਆਯਹੁ
ਨਰ ਗਨ ਸੰਗ ਲਿਏ ਸਵਧਾਨ।
ਅਧਿਕ ਉਪਾਇਨ ਅਰਪਨ ਕੇ ਹਿਤ
ਲ੍ਯਾਇ ਸਦਨ ਤੇ ਰੁਚਿ ਕੋ ਠਾਨਿ
॥੧੨॥
ਖੜਗ ਸਿਪਰ ਨਿਜ ਅੰਗ ਬੰਧਿ ਕਰਿ
ਬਾਜ ਹਾਥ ਪਰ ਲਿਯੋ ਬਿਠਾਇ।
ਕੁਛ ਕੂਕਰ ਅਪਨੇ ਸੰਗ ਕਰਿ ਕੈ
ਬ੍ਰਿੱਤਿ ਅਖੇਰ ਸਮਾਜ ਬਨਾਇ।
'ਗੁਰ ਕੋ ਮਿਲਿ ਪੁਨ ਚਲਹਿਂ ਵਹਿਰ ਕੋ
ਕਰਹਿਂ ਸ਼ਿਕਾਰ ਸਦਨ ਤਬਿ ਆਇ।'
ਇਮ ਕਹਿ ਚਢਿ ਤੁਰੰਗ ਪਰ ਪਹੁੰਚਯੋ
ਕਿਤਿਕ ਸਊਰ ਸੰਗ ਦੁਤਿ ਪਾਇ
॥੧੩॥
ਗੁਰੂ ਸਿਵਰ ਕੇ ਨਿਕਟਿ ਉਤਰਿ ਕਰਿ
ਆਗੈ ਕਰਿ ਅਕੋਰ ਸਮੁਦਾਇ।
ਪਹੁੰਚਿ ਸਮੀਪ ਗਹੇ ਪਗ ਪੰਕਜ
ਬੰਦਨ ਕਰੀ ਸੀਸ ਕੋ ਨ੍ਯਾਇ।
ਬੈਠ੍ਯੋ ਨਿਕਟਿ ਬਿਕਟ ਭਟ ਗੁਰ ਕੇ[1]
ਦੇਖਤਿ ਭਯੋ ਸ਼ੇਰ ਸਮਤਾਇ।
ਰਣ ਕੀ ਬਾਤ ਬੂਝਿ ਹਰਖਾਯੋ
ਬਿਧੀ ਚੰਦ ਸਭਿ ਕਹੀ ਸੁਨਾਇ ॥੧੪॥
ਸ਼੍ਰੀ ਹਰਿਗੋਵਿੰਦ ਕੁਸ਼ਲ ਪ੍ਰਸ਼ਨ ਕਰਿ,
ਕਰ ਪਰ ਬਾਜ਼ ਬਿਲੋਕਨਿ ਕੀਨਿ।
ਬੂਝਤਿ ਭਏ 'ਕਹਹੁ ਇਹੁ ਕਸ ਹੈ?
ਗਹੈ ਬਿਹੰਗਮ ਕਿਮ ਬਲ ਪੀਨ[1]?
ਸੀਛਤਿ ਕਰਯੋ ਕਿ ਨਹਿਂ ਅਬਿ ਲੌਂ[1] ਇਹੁ
ਕਿਤ ਤੇ ਆਇ, ਕਿਧੌਂ ਮੁਲ ਲੀਨਿ।
ਕਿਤਿਕ ਕਾਲ ਕੋ ਤੁਮ ਸਮੀਪ ਹੈ?

[1]ਅਜਿੱਤ ਸੂਰਮੇ ਗੁਰੂ ਜੀ ਦੇ ਪਾਸ ਜਾ ਬੈਠਾ [ਬਿਕਟ = ਨਾ ਕੱਟੇ ਜਾਣ ਵਾਲਾ = ਅਜਿਤ]

[1]ਤੇ ਬਲਵਾਨ ਪੰਛੀਆਂ ਨੂੰ ਕਿਵੇਂ ਫੜਦਾ ਹੈ?

[1]ਹੁਣ ਤਕ ਸਿਖਾਇਆ ਹੈ ਕਿ ਨਹੀਂ।

ਕਰਨਿ ਅਖੇਰ ਸ਼ੌਕ ਚਿਤ ਲੀਨ' ॥੧੫॥
ਨਾਮ ਫਤੂਹੀ ਰਾਹਕ ਕੋ ਤਿਹ,
ਕਹਤਿ ਭਯੋ 'ਸੁਨੀਯਹਿ ਮਹਾਂਰਾਜ!
ਦੂਰ ਦੇਸ਼ ਕੋ ਮੁਝ ਢਿਗ ਆਯਹੁ
ਇਹੁ ਸੁੰਦਰ ਸੀਛਤਿ ਹੈ ਬਾਜ।
ਝਪਟਤਿ ਬਡੇ ਬਿਹੰਗਨਿ ਗਨ ਕੋ
ਰਾਖਯੋ ਮੈਂ ਅਖੇਰ ਕੇ ਕਾਜ।
ਬਹੁ ਬਿਧਿ ਸੋਂ ਇਸ ਪਾਰਨ ਕਰਿਹੌਂ
ਜਤਨ ਅਨੇਕਨਿ ਕੋ ਉਪਰਾਜ[1] ॥੧੬॥

[1]ਅਨੇਕ ਜਤਨ ਕਰਕੇ।

ਖਾਨ ਪਾਨ ਇਸ ਕੋ ਨਿਜ ਹਾਥਨਿ
ਕਰਤਿ ਰਹੌਂ ਮੈ ਨਿਕਟਿ ਰਖਾਇ।
ਅਧਿਕ ਅਖੇਰ ਤਮਾਸ਼ ਦਿਖਾਵਤਿ
ਕੋ ਖਗ ਝਪਟੇ ਨਹਿਂ ਬਚ ਜਾਇ।
ਜੋ ਬਾਜਨਿ ਕੇ ਗੁਨ ਸਭਿ ਧਾਰਤਿ
ਕਰਿ ਤਰੀਫ ਮੈਂ ਕਿਤਿਕ ਸੁਨਾਇ।
ਨਿਸ ਬਾਸੁਰ ਮਹਿਂ ਨਹਿਂ ਬਿਸਾਹ ਕਰਿ,
ਰਾਖੌਂ ਨਿਤ ਹੀ ਨਿਕਟਿ ਬਿਠਾਇ'
॥੧੭॥
ਸੁਨਤਿ ਬਾਜ਼ ਗੁਨ ਸਤਿਗੁਰ ਬੋਲੇ
'ਪਜਾਰੀ ਵਸਤੁ ਗੁਰੂ ਅਰਪੰਤਿ।
ਤਿਸ ਕੋ ਫਲ ਅਤਿਸ਼ੈ ਹੁਇ ਪ੍ਰਾਪਤਿ,
ਯਾਂ ਤੇ ਹਮ ਕੋ ਦੇਹੁ ਸੁਹੰਤਿ[1]।

[1]ਸਾਨੂੰ ਦੇਣਾ (ਤੈਨੂੰ) ਸ਼ੋਭਦਾ ਹੈ।

ਕਰਹਿਂ ਅਖੇਰ ਸੰਗ ਅਬਿ ਇਸ ਕੇ
ਹੇਰਹਿਂ ਗੁਨ ਜੇਤਿਕ ਬਰਨੰਤਿ।
ਕਿਮ ਝਪਟਤਿ ਹੈ ਬਡੇ ਬਿਹੰਗਮ,
ਕਿਮ ਕਰਿ ਬੇਗ ਉਡਤਿ ਪਕਰੰਤਿ'
॥੧੮॥ ⚐

⚐ਕਵੀ ਜੀ ਇਸ ਚੋਜ ਵਿਚ ਸਤਿਗੁਰ ਜੀ ਦੇ ਇਕ ਮਨੁੱਖੀ ਨਾਟ ਨੂੰ ਦਿਖਾ ਰਹੇ ਹਨ, ਜਿਸ ਵਿਚ ਪ੍ਰਯੋਜਨ ਹੈ ਸਿੱਖ ਦਾ ਉਧਾਰ। ਗੁਰੂਦੁਆਰੇ ਦਿਲਾਂ ਨੂੰ ਸਫਾ ਕਰਨ ਦੇ ਅਨੋਖੇ ਢੰਗ ਵਰਤਣੇ ਦੀਆਂ ਵਾਰਤਾ ਕਈ ਵੇਰ ਵਰਤਦੀਆਂ ਸਨ। ਬਾਜ਼ ਦੀ ਲੋੜ ਨਹੀਂ, ਅਸਲ ਮਤਲਬ (ਇਹ ਹੈ) ਕਿ ਫਤੂਹੀ ਬਾਜ਼ ਵਿਚ ਲਗੇ ਅਪਨੇ ਮੋਹ ਨੂੰ ਤਿਆਗੇ ਤੇ ਹਉਂ ਨੂੰ ਜੋ ਉਸ ਦੇ ਅੰਦਰ ਬੜੀ ਪ੍ਰਬਲ ਹੋ ਰਹੀ, ਗੁਰੂ ਅੱਗੇ ਨੀਵਾਂ ਕਰੇ, ਫਿਰ ਉਸ ਨੂੰ ਆਤਮ ਜੀਵਨ ਵਲ ਰੁਖ਼ ਹੋ ਆਵੇ।

ਐਸ੍ਵਰਜ ਪ੍ਰਤਾਪ ਵਿਚ ਹੁੰਦਿਆਂ ਰਾਇ ਜੋਧ ਵਾਂਙ ਓਹ ਨਿਰਹੰਕਾਰ ਪ੍ਰਜਾ ਰੱਖ੍ਯਕ ਜੋਧਾ ਬੀ ਤਾਂ ਹੀ ਹੋ ਸਕਦਾ ਹੈ ਜੇ ਪ੍ਰਿਯ ਵਸਤੂ ਦੇ ਤਿਆਗਣ ਦਾ ਸਬਕ ਸਿੱਖ ਲਵੇ ਤਾਂ; ਨਹੀਂ ਤਾਂ ਐਸੇ ਅਮੀਰ ਤਾਂ ਕਦੋਂ ਬਥੇਰੇ ਸਨ ਜੋ ਪ੍ਰਜਾ ਪਾਲਕ ਨਹੀਂ ਸਗੋਂ ਪ੍ਰਜਾ ਦ੍ਰੋਹੀ ਸਨ। ਬਾਜ਼ ਦਾ ਲੋਭ ਗੁਰੂ ਜੀ ਨੂੰ ਕੋਈ ਨਹੀਂ ਸੀ। ਦੇਖੋ ਰਾਸ ੮, ਅੰਸੂ ੮, ਅੰਕ ੧੧, ੧੨, ੧੩ ਵਿਚ ਦੁਰਲਭ ਬਾਜ਼ ਚਿੱਟੇ ਰੰਗ ਦਾ ਬਦਖਸ਼ਾਂ ਤੋਂ ਭੇਟਾ ਆਇਆ ਹੈ ਤਾਂ ਤਤਛਿਨ ਸ਼੍ਰੀ ਗੁਰਦਿੱਤਾ ਜੀ ਨੂੰ ਦੇ ਦਿੱਤਾ ਹੈ, ਲੱਖ ਰੁਪਏ ਦਾ ਘੋੜਾ ਆਇਆ ਹੈ ਤਾਂ ਪੈਂਦੇ ਖਾਂ ਨੂੰ ਬਖਸ਼ ਦਿੱਤਾ ਹੈ। ਤ੍ਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਫਤੂਹੀ ਨੇ ਗੁਰੂ ਜੀ ਨੂੰ ਆਖਿਆ ਸੀ "ਮੇਰਾ ਤਨ ਮਨ ਧਨ ਸਭ ਗੁਰੂ ਅਰਪਣ ਹੈ"। ਫਿਰ ਲਿਖਿਆ ਹੈ ਕਿ "ਉਸਦਾ ਸਿਦਕ ਪਰਖਣ ਲਈ ਓਹ ਜਾਨਵਰ ਉਸ ਮੰਗ ਲੀਤਾ"। ਸੋ ਸਾਫ ਹੈ ਕਿ ਇਹ ਪਰਤਾਵਾ ਸੀ ਤੇ ਜਦੋਂ ਫਤੂਹੀ ਬੀਮਾਰ ਹੋਏ ਬਾਜ਼ ਨੂੰ ਅਰਪਣ ਕਰ ਦੇਂਦਾ ਹੈ ਤੇ ਗੁਰੂ ਜੀ ਉਸਨੂੰ ਵੱਲ ਕਰ ਦੇਂਦੇ ਹਨ ਤਦੋਂ "ਫਤੂਹੀ ਨੇ ਗੁਰੂ ਜੀ ਦੇ ਚਰਨ ਫੜ ਲੀਤੇ, ਮਨੋਂ ਤਨੋਂ ਸਿਖ ਬਣ ਗਿਆ। ਕਈ ਦਿਨ ਗੁਰੂ ਜੀ ਨੂੰ ਰਖਿਆ"। (ਪੰਨਾ ੧੦੩੩)। ਸੋ ਬਾਜ ਮੰਗਣ ਦਾ ਕਾਰਣ ਉਸਨੂੰ ਸਿੱਖੀ ਦਾਨ ਕਰਨੀ ਸੀ।

ਸੁਨਤਿ ਫਤੂਹੀ ਅਰਜ਼ ਗੁਜਾਰੀ
'ਸ਼੍ਰੀ ਪ੍ਰਭੁ ! ਮੁਝ ਤੇ ਦਿਯੋ ਨ ਜਾਇ।
ਅਧਿਕ ਪ੍ਰੇਮ ਹੈ ਇਸ ਮਹਿਂ ਮਨ ਕੋ,
ਨਹਿਂ ਨਜਾਰੋ ਮੈਂ ਕਰੌਂ ਕਦਾਇਂ।
ਦੇਸ਼ ਬਿਦੇਸ਼ਨਿ ਸਗਰੀ ਦਿਸ਼ਿ ਤੇ
ਤੁਮ ਕੋ ਵਸਤੁ ਚਲੀ ਗਨ ਆਇ।
ਮੁਝ ਢਿਗ ਤੋ ਇਕ ਇਹੀ ਬਾਜ਼ ਹੈ
ਪ੍ਰਿਯ ਮਨ ਕੌ ਮੈਂ ਰਖੌਂ ਬਨਾਇਂ' ॥੧੯॥
ਸ਼੍ਰੀ ਗੁਰ ਲਖੀ -ਕ੍ਰਿਪਨ ਇਹ ਮਨ ਕੋ-
ਕਰਜੋ ਬਚਨ ਤਿਸ ਕੋ ਤਤਕਾਲ।
'ਜੇ ਗੁਰ ਉਚਿਤ ਵਸਤੁ ਕੁਛ ਹੋਵਹਿ
ਸੋ ਪਹੁੰਚੈਗੀ ਆਇ ਉਤਾਲ।
ਨਹਿਂ ਦੇਵਨਿ ਕੋ ਅਪਜਸੁ ਲੇਵਨਿ
ਸੋ ਪ੍ਰਾਪਤਿ ਹੀ ਹੋਤਿ ਬਿਸਾਲ।'

ਮੂਢ ਫਤੂਹੀ ਲਖਿ ਨਹਿਂ ਸਾਕਹਿ
ਕਰਿ ਅਭਿਬੰਦਨ ਉਠਿ ਤਬਿ ਚਾਲਿ
॥੨੦॥
ਭਾ ਮਨ ਭੰਗ ਬਿਰਸ ਗੁਰ ਸੰਗਹਿ,
ਗਯੋ ਨ ਵਹਿਰ, ਹਟ੍ਯੋ ਘਰ ਆਇ।
ਪਿਖਿ ਆਡੇ ਪਰ[1] ਬਾਜ ਬਿਠਾਇਵ
ਆਪ ਮੰਚ ਪਰ ਥਿਰ੍ਯੋ ਤਦਾਇ।
ਚਿਤਵਤਿ ਚਿਤ -ਗੁਰ ਜਾਚਨ ਕੀਨਸਿ,
ਪ੍ਰਿਯ ਮਨ ਕੋ ਕਿਮ ਦਿਯੋ ਨ ਜਾਇ।
ਕਰ ਪਰ ਮੈਂ ਬਿਠਾਇ ਕਰਿ ਗਮਨ੍ਯੋ
ਨਹਿਂ ਨੀਕੀ ਇਹੁ ਤਿਨਹੁਂ ਦਿਖਾਇ-
॥੨੧॥
ਰਿਦੈ ਬਿਚਾਰਤਿ ਬਾਜ਼ ਨਿਹਾਰਤਿ
ਇਕ ਰੇਸ਼ਮ ਡੋਰਾ ਤਿਸ ਪਾਸ।
ਗਹਤਿ ਚੋਂਚ ਮੈਂ ਨਿਗਲ ਗਯੋ ਤਬਿ
ਦਿਖਤਿ ਫਤੂਹੀ ਰਹਿਗਾ ਤਾਸ[1]।
ਤੂਰਨ ਕਰਤ੍ਯੋਂ ਗਹਤਿ ਰਹ੍ਯੋ ਤਿਹ[1]†,
ਨਹਿਂ ਬਚਾਵ ਹੋਯਹੁ, ਪਛੁਤਾਸੁ।
ਅੰਤਰ ਗਯੋ ਬਿਹਾਲ ਭਯੋ ਤਬਿ
ਲੋਟ ਪੋਟ ਦੁਖ ਤੇ ਜਿਮ ਨਾਸ਼ ॥੨੨॥
ਘਨੇ ਉਪਾਵਨ ਕਰਤਿ ਫਤੂਹੀ
ਭਯੋ ਬਾਜ ਜਿਮ ਪ੍ਰਾਨਨਿ ਹਾਨ।
ਜਾਤਿ ਹਾਥ ਤੇ ਮ੍ਰਿਤਕ ਹੋਇ ਅਬਿ
ਗੁਰ ਗਾਥਾ ਮਨ ਮਹਿਂ ਤਬਿ ਆਨਿ।
-ਦੇਵੌਂ ਤਿਨਹਿਂ ਮਰਨ ਅਬਿ ਲਾਗ੍ਯੋ,
ਬਨੋਂ ਸਮੁਖ ਤਿਨ ਬਾਕ ਸੁ ਮਾਨਿ।
ਪੁਨਿ ਮਰਿ ਜਾਇ ਰਹੈ ਕੈ ਜੀਵਤਿ,
ਉਤਰਹਿ ਦੋਸ਼ ਕੀਨਿ ਅਗ੍ਯਾਨ ॥੨੩॥
ਬਚਨ ਨ ਮਾਨ੍ਯੋ ਮੈਂ ਗੁਰ ਕੋ ਤਬਿ
ਕਿਧੋਂ ਭਯੋ ਅਪਰਾਧ ਜੁ ਸੋਇ।
ਦੇਨੋ ਉਚਤਿ ਹੁਤੋ, ਮੈਂ ਦੀਯ ਨ,

[1]ਅੱਡੇ ਉੱਤੇ।

[1]ਉਸਨੂੰ।

[1]ਛੇਤੀ ਕਰਕੇ ਉਸ ਨੂੰ ਫੜਦਾ ਹੀ ਰਹਿ ਗਿਆ।
†ਪਾ:-ਗਰਤ ਰਹ੍ਯੋ ਤਿਹ = ਉਸ (ਡੋਰੇ ਨੂੰ) ਨਿਗਲ ਗਿਆ।

ਯਾਂ ਤੇ ਦਸ਼ਾ ਬਾਜ਼ ਅਸ ਹੋਇ-।
ਏਵ ਬਿਚਾਰਤਿ ਤੁਰਤ ਤੁਰੰਗ ਚਢਿ
ਲੇ ਕਰਿ ਚਲਜੋ ਬਿਲਮ ਕੋ ਖਾਇ।
ਸ਼ੀਘ੍ਰ ਪਹੁੰਚਜੋ ਗੁਰੂ ਨਿਕਟਿ ਸੋ
ਦੀਨ ਮਨਾ ਚਿਤ ਲਾਜ ਪਰੋਇ ॥੨੪॥
ਬਾਜ ਬਿਠਾਇ ਗੁਰੂ ਕੇ ਆਗੇ
ਕਰ ਜੋਰੇ ਜੁਗ ਬਿਨੈ ਬਖਾਨਿ।
'ਮਹਾਰਾਜ! ਇਹੁ ਰਾਵਰ ਕੋ ਅਬਿ
ਲੀਜਹਿ ਨਿਜ, ਕੀਜਹਿ ਸਵਧਾਨ।
ਬਾਕ ਨ ਮਾਨਜੋ ਭਯੋ ਦੋਸ਼ ਬਡ
ਲੈ ਅਬਿ ਬਖਸ਼ਹੁ ਕ੍ਰਿਪਾ ਨਿਧਾਨ!
ਭੂਲਨਹਾਰ ਸਦਾ ਇਹੁ ਪ੍ਰਾਨੀ
ਬਖਸ਼ਨ ਹਾਰ ਸੁ ਆਪ ਮਹਾਨ' ॥੨੫॥
'ਕਹਾਂ ਭਯੋ?' ਤਬਿ ਸਤਿਗੁਰ ਬੂਝਜੋ,
ਸੁਨਤਿ ਫਤਹੀ ਸਗਲ ਬਿਤਾਇ।
'ਤੁਮ ਢਿਗ ਤੇ ਮੈਂ ਜਾਇ ਬਿਠਾਇਵ,
ਰੇਸ਼ਮ ਡੋਰਾ ਗਯੋ ਲੰਘਾਇ।
ਤਤਛਿਨ ਭਯੋ ਬਿਹਾਲ ਮਰਨ ਕੋ
ਪਹਿਚਨਜੋ ਆਨਜੋ ਉਤਲਾਇ।
ਜੇ ਚਿਤ ਚਹਹੁ ਜਿਵਾਇ ਲੇਹੁ ਪ੍ਰਭੁ!
ਨਾਤੁਰ ਮਰਹਿ, ਨਹੀਂ ਬਿਲਮਾਇ'
॥੨੬॥
ਸੁਨਿ ਸ਼੍ਰੀ ਹਰਿਗੋਵਿੰਦ ਚੰਦ ਗੁਰ
ਅਪਨੇ ਹਾਥ ਬਿਠਾਵਨਿ ਕੀਨਿ।
ਕਹਤਿ ਭਏ 'ਕਿਸ ਕਾਰਨ ਕਰਿ ਕੈ
ਡੋਰਾ ਬਦਨ ਨਿਗਲ ਤੈਂ ਲੀਨਿ?
ਜਿਮ ਨਿਗਲਜੋ ਤਿਮ ਉਗਲ ਤੁੰਡ ਤੇ
ਸਾਵਧਾਨ ਬਨਿ ਕੈ ਬਲ ਪੀਨ।'
ਇਮ ਭਨਤੇ ਤਤਛਿਨ ਹੀ ਮੁਖ ਤੇ
ਰੇਸ਼ਮ ਡੋਰ ਉਗਲ ਕਰਿ ਦੀਨਿ ॥੨੭॥
ਦੋਹਰਾ:
ਪਰਜੋ ਗੁਰੂ ਆਗੇ ਤਬਹਿ, ਕੀਨਿ

ਬਿਲੋਕਨ ਡੋਰ।
ਰਿਦੈ ਫਤੂਹੀ ਬਿਸਮ ਕਰਿ, ਰਹ੍ਯੋ ਜੁਗਲ
ਕਰ ਜੋਰਿ ॥੨੮॥
'ਸ਼੍ਰੀ ਸਤਿਗੁਰ ਸਮਰੱਥ ਤੁਮ, ਸਭਿ ਬਿਧਿ
ਸ਼ਕਤਿ ਬਿਸਾਲ।
ਮਾਰਨ ਅਰੁ ਜੀਵਾਵਨੋ, ਕਰਹੁ ਬਾਕ ਕੇ
ਨਾਲ ॥੨੯॥
ਕਰ੍ਯੋ ਦੋਸ਼ ਸੋ ਬਖਸ਼ੀਏ, ਲੀਜਹਿ ਬਾਜ਼
ਸੰਭਾਲ।'
ਇਮ ਕਹਿ ਗਮਨ੍ਯੋ ਸਦਨ ਕੋ, ਕਰਿ
ਬੰਦਨ ਤਤਕਾਲ ॥੩੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਫਤੂਹੀ' ਪ੍ਰਸੰਗ ਬਰਨਨੰ ਨਾਮ ਏਕੋਨ ਸਸ਼ਠੀ ਅੰਸੂ ॥੫੯॥

੬੦. [ਸ਼੍ਰੀ ਕਰਤਾਰ ਪੁਰ ਆਏ]

੫੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੧

ਦੋਹਰਾ:

ਸ਼੍ਰੀ ਸਤਿਗੁਰ ਲੇ ਬਾਜ ਕੋ, ਸੌਂਪਜੋ ਮੀਰ ਸ਼ਿਕਾਰ।
ਖਾਨ ਪਾਨ ਕਰਿ ਕੈ ਭਲੇ, ਬਿਸਰਾਮੇ ਸੁਖ ਧਾਰਿ ॥੧॥

ਨਿਸ਼ਾਨੀ ਛੰਦ:

ਨਿਸਾ ਬਿਤਾਈ ਸਤਿਗੁਰੂ, ਕਰਿ ਸੌਚ ਸ਼ਨਾਨਾ।
ਤਿਮਰ ਬਿਨਾਸ਼ਿ ਪ੍ਰਕਾਸ਼ ਭਾ, ਹੋਏ ਸਵਧਾਨਾ।
ਬਸਤ੍ਰ ਸ਼ਸਤ੍ਰ ਪਹਿਰੇ ਪ੍ਰਭੂ, ਹਯ ਨਿਕਟਿ ਮੰਗਾਯੋ।
ਨਾਮ 'ਜਾਨ ਭਾਈ' ਧਰਜੋ, ਨੀਕੇ ਉਰ ਭਾਯੋ ॥੨॥
ਭਏ ਅਰੂਢਨਿ ਸਤਿਗੁਰੂ, ਧੌਂਸਾ ਧੁੰਕਾਰਾ।
ਸਕਲ ਬਾਹਨੀ ਸੁਨਿ ਚਢੀ, ਹੱਥਜਾਰਨਿ ਧਾਰਾ।
ਗਮਨੇ ਮਾਰਗ ਮੈਂ ਤਬਹਿ, ਅਰੁ ਕਰਤਿ ਅਖੇਰਾ।
ਨਵੇ ਬਾਜ਼ ਕੋ ਛੋਰਤੇ, ਪਿਖਿ ਲਵਾ[1] ਬਟੇਰਾ ॥੩॥
ਪੰਛੀ ਪਿਖਹਿਂ ਸੁਕਾਬ[1] ਕੋ, ਛੋਰਹਿਂ ਤਿਹ ਪਾਛੇ।
ਝਪਟਤਿ ਹੈ ਕਰਿ ਬੇਗ ਕੋ, ਦਿਖਰਾਵਤਿ ਆਛੇ।
ਸਨੇ ਸਨੇ ਮਗ ਮਹਿਂ ਚਲਤਿ, ਇਮ ਕਰਤਿ ਬਿਲਾਸੈ।
ਖੇਲਤਿ ਭਏ ਸ਼ਿਕਾਰ ਕੋ, ਅਵਿਲੋਕ ਤਮਾਸ਼ੇ ॥੪॥
ਜਥਾ ਕ੍ਰਮ[1] ਮਗ ਉਲੰਘਤੇ, ਸਲਿਤਾ ਤਟ

[1]ਇਕ ਨਿੱਕਾ ਪੰਛੀ [ਸੰਸ. ਲਵ:]

[1]ਸੁਰਖਾਬ।

[1]ਹੌਲੀ ਹੌਲੀ।

ਆਏ।
ਕਰਨਿ ਬਾਹਨੀ ਪਾਰ ਸਭਿ, ਕੇਵਟ[1] ਸਮੁਦਾਏ।
ਤਰਨੀ ਕੀਨਿ ਇਕੱਤ੍ਰ ਬਹੁ, ਆਵਹਿ ਇਕ ਜਾਈ।
ਸੁਭਟਨਿ ਸਹਿਤ ਪਵੰਗਮਨਿ, ਦੇ ਪਾਰ ਲੰਘਾਈ ॥੫॥
ਹੋਤਿ ਕੁਲਾਹਲ ਘਾਟ ਪਰ, ਭਰਿ ਪੂਰ ਚਲਾਵੈਂ[1]।
ਜਾਇ ਉਤਾਰਤਿ ਪਾਰ ਤਟ, ਪੁਨ ਤੂਰਨ ਲਜਾਵੈਂ।
ਇਸ ਬਿਧਿ ਕੇਤਿਕ ਕਾਲ ਮਹਿਂ, ਸਭਿ ਪਾਰ ਲੰਘਾਏ।
ਸ਼੍ਰੀ ਹਰਿਗੋਵਿੰਦ ਹੇਤੁ ਪੁਨ, ਤਰਨੀ ਸ਼ੁਭ ਲਜਾਏ ॥੬॥
ਹੁਤੀ ਨਵੀਨੀ ਦੀਰਘਾ, ਬਹੁ ਰੰਗ ਲਗਾਏ।
ਤੁਰਕੇਸ਼ੁਰ ਕੇ ਹੇਤੁ ਜੇ, ਆਛੀ ਬਨਿਵਾਏ।
ਉਰ ਪ੍ਰਸੰਨ ਗੁਰ ਕੋ ਕਰਨ, ਤਟ ਪਰ ਥਿਰ ਕਾਰੀ।
ਹਾਥਿ ਜੋਰਿ ਕੇਵਟ ਤਬਹਿ, ਇਮ ਬਿਨੈ ਉਚਾਰੀ ॥੭॥
'ਮਹਾਰਾਜ! ਸਭਿ ਬਾਹਨੀ, ਹਮ ਪਾਰ ਲੰਘਾਈ।
ਰਾਵਰ ਕੇਰ ਚਢਾਵਨੇ, ਇਹੁ ਤਰਨੀ ਆਈ।
ਦਿਨ ਸਾਰੇ ਮਹਿਂ ਪਾਰ ਕਰਿ, ਅਬਿ ਆਪ ਚਢੀਜੈ।
ਸਲਿਤਾ ਸਤਦ੍ਰਵ ਦੀਰਘਾ, ਚਢਿ ਪਾਰ ਕਰੀਜੈ' ॥੮॥
ਸੁਨਿ ਕੇਵਟ ਕੀ ਬਿਨੈ ਕੋ, ਉਠਿ ਚਲੇ ਕ੍ਰਿਪਾਲਾ।
ਸੈਲ ਕਰਾਵਤਿ ਨੀਰ ਕੀ, ਲੇ ਚਲੇ

[1]ਮਲਾਹ।

[1]ਪੂਰ ਨੂੰ ਭਰਕੇ।

ਬਿਸਾਲਾ।
ਉਰ ਪ੍ਰਸੰਨ ਸਤਿਗੁਰ ਕਰੇ, ਗਨ ਦਰਬ ਦਿਵਾਏ।
ਲੀਨਿ ਰਜਤਪਨ ਪੰਚ ਸੈ, ਕੇਵਟ ਹਰਖਾਏ ॥੯॥
ਉਤਰੇ ਪਾਰ ਕਰਾਰ[1] ਪਰ, ਸਤਦ੍ਰਵ ਜਲ ਹੇਰੇ।
ਸਕਲ ਬਾਹਨੀ ਰੁਚਿਰ ਥਲ, ਕੀਨਸਿ ਜਹਿਂ ਡੇਰੇ।
ਖਾਨ ਪਾਨ ਸਤਿਗੁਰ ਕਰੇ, ਤਹਿਂ ਨਿਸਾ ਬਿਤਾਈ।
ਭਈ ਪ੍ਰਾਤਿ ਕਰਿ ਸੌਚ ਕੋ, ਮੱਜੇ ਗੋਸਾਈਂ ॥੧੦॥
ਬਸਤ੍ਰ ਸ਼ਸਤ੍ਰ ਕੋ ਪਹਿਰ ਕੈ, ਆਰੂੜ੍ਹਿ ਤੁਰੰਗਾ।
ਗਮਨ ਕੀਨਿ ਸਤਿਗੁਰੁ ਪ੍ਰਭੂ, ਜਿਨ ਕੋ ਜਸੁ ਗੰਗਾ[1]।
ਜਥਾ ਕਰਮ ਮਗ ਕੋ ਉਲੰਘ, ਪਹੁੰਚੇ ਤਬਿ ਜਾਈ।
ਸ਼੍ਰੀ ਕਰਤਾਰ ਪੁਰਾ ਜਹਾਂ, ਗੁਰ ਰਚਜੋ ਬਨਾਈ ॥੧੧॥
ਸਰਬ ਜਹਾਂ ਪਰਵਾਰ ਹੈ, ਗੁਰ ਕੋ ਹਿਤਕਾਰੀ।
ਰਿਦੈ ਪ੍ਰਤੀਖਤਿ ਰਹਤਿ ਹੈ, ਕਬਿ ਦਰਸ ਨਿਹਾਰੀ।
ਬਨਿਤਾ, ਨੁਖਾ, ਸਪੁੱਤ੍ਰ ਬਸਿ, ਅਰੁ ਪੌਤ੍ਰ ਅਛੇਰੇ।
ਕਬਿ ਕਰਿਹੈਂ ਆਗਵਨ ਕੋ, ਇਮ ਚਹਿਤ ਘਨੇਰੇ ॥੧੨॥
ਗੁਰੂ ਦੂਰ ਪੁਰਿ ਤੇ ਹੁਤੇ, ਧੌਂਸਾ ਧੁੰਕਾਰੇ।
ਨਰਨ ਸੁਨੀ ਧੁਨਿ ਕਾਨ ਮਹਿਂ, ਚਿਤ ਕੀਨਿ ਬਿਚਾਰੇ।

[1]ਕਿਨਾਰੇ।

[1]ਭਾਵ ਉੱਜਲ।

ਨਿਸ਼ਚੈ ਕਰਿ ਆਗਵਨ ਗੁਰ, ਬਡਿ ਆਨੰਦ ਰਾਚੇ।
ਮਨੋ ਮੋਰ ਘਨਘੋਰ ਤੇ, ਕਰਿ ਸ਼ੋਰ ਉਬਾਚੇ[1] ॥੧੩॥
ਇਤ ਉਤ ਦੌਰਤਿ ਨਰ ਫਿਰਹਿਂ, ਕੋ ਕਾਂਹਿ ਸੁਨਾਵਹਿ।
ਕਰਤਿ ਕੁਲਾਹਲ ਆਪ ਮਹਿਂ, 'ਸ੍ਰੀ ਸਤਿਗੁਰ ਆਵਹਿਂ।'
ਸਗਰੇ ਪੁਰਿ ਮਹਿਂ ਸੁਧ ਭਈ, ਸਭਿ ਤਜਾਗਜੋ ਕਾਜਾ।
ਤਤਪਰ ਇਕ ਗੁਰ ਦੇਖਿਬੇ, ਰੱਯਤ ਨਿਜ ਰਾਜਾ[1] ॥੧੪॥
ਸ੍ਰੀ ਗੁਰਦਿੱਤਾ ਹਯ ਚਢ੍ਯੋ, ਸੂਰਜ ਮਲ ਸੰਗਾ।
ਤੇਗ ਬਹਾਦਰ ਤੁਰਤ ਚਢਿ, ਮੰਗਵਾਇ ਤੁਰੰਗਾ।
ਅਪਰ ਲੋਕ ਬਹੁ ਚਢਿ ਚਲੇ, ਹੁਇ ਇਨ ਕੇ ਸਾਥਾ।
ਲੇ ਪ੍ਰਮਾਦਿ ਮਨ ਭਾਵਤੇ, ਅਵਿਲੋਕਨ ਨਾਥਾ ॥੧੫॥
ਆਇ ਅਗਾਊ ਗੁਰ ਮਿਲੇ, ਪਗ ਪੰਕਜ ਬੰਦੇ।
ਸ੍ਰੀ ਹਰਿਗੋਵਿੰਦ ਚੰਦ ਪਿਖਿ, ਆਨੰਦ ਬਿਲੰਦੇ।
ਕੁਸ਼ਲ ਪ੍ਰਸ਼ਨ ਕਰਿ ਸਭਿਨਿ ਸੋਂ, ਆਗੇ ਪੁਨ ਚਾਲੇ।
ਨਿਕਸੇ ਪੁਰਿ ਤੇ ਬ੍ਰਿੰਦ ਨਰ, ਗਮਨੇ ਪਗ ਨਾਲੇ[1] ॥੧੬॥
ਸੋ ਆਗੇ ਆਵਤਿ ਮਿਲੇ, ਦੇ ਭੇਟ ਅਗੇਰੇ।
ਚਰਨ ਸਰੋਜਨ ਪਰਸਤੇ, ਧਰਿ ਮੋਦ ਘਨੇਰੇ।
ਸਭਿ ਸੋਂ ਸਤਿਗੁਰ ਬੋਲ ਕਰਿ, ਪ੍ਰਿਯ ਬਾਕ

[1]ਭਾਵ ਮੋਰ ਵਾਂਙੂੰ ਸ਼ਹਿਰ ਦੇ ਲੋਕ ਆਪੋ ਵਿਚ ਬੋਲ ਉਠੇ 'ਗੁਰੂ ਆਏ।'

[1]ਜਿਵੇਂ ਰਈਅਤ ਆਪਣੇ ਰਾਜਾ ਨੂੰ (ਦੇਖਦੀ ਹੈ)।

[1]ਪੈਦਲ।

ਬਿਸਾਲੇ।
ਚਲੇ ਅਗਾਰੀ ਕੋ ਪ੍ਰਭੂ, ਬਡ ਸ਼ੋਭਾ ਨਾਲੇ ॥੧੭॥
ਸੈਨਾ ਸਭਿ ਪਸ਼ਚਾਤ ਕਰਿ, ਏਕਲ ਹੁਇ ਆਗੇ।
ਧਰਿ ਧਰਿ ਪਹੁੰਚਹਿਂ ਪ੍ਰੇਮ ਜੋ, ਪਗ ਪੰਕਜ ਲਾਗੇ।
ਆਇ ਪ੍ਰਵੇਸ਼ੇ ਪੁਰੀ ਦਰ, ਜਨੁ ਉਦਯੋ ਸੁ ਚੰਦੂ।
ਨਿਜ ਦਰ ਦਰ ਦਾਰਾ ਖਰੀ, ਲੇ ਮਾਲ ਬਿਲੰਦੁ[1] ॥੧੮॥
ਪਹਿਰਾਵਤਿ ਗੁਰ ਕੇ ਗਰੇ, ਗਨ ਪੁਸ਼ਪ ਵਸਾਵੈਂ।
ਬਾਰ ਬਾਰ ਕਰਿ ਆਰਤੀ, ਸਨਮੁਖ ਦਰਸਾਵੈਂ।
ਬਲਿਹਾਰੀ ਹੁਇ ਪ੍ਰੇਮ ਸੋਂ, ਗੁਰ[†] ਮੂਰਤ ਹੇਰੈਂ।
ਸੁਨੀ ਲਰਾਈ ਤੁਰਕ ਗਨ, ਕਰਿ ਫਤੇ ਘਨੇਰੈ ॥੧੯॥
ਸਾਦਰ ਸਭਿਨਿ ਬਿਲੋਕਤੇ, ਬੋਲਤਿ ਕਿਹ ਸਾਥਾ।
ਸਨੇ ਸਨੇ ਪੁਰਿ ਕੋ ਚਲਤਿ, ਹਰਖਤਿ ਗੁਰ ਨਾਥਾ।
ਦੇਤਿ ਮੋਦ ਕੋ ਪੁਰਿ ਜਨਨਿ, ਬੂਝਤਿ ਸੁਖ ਸ਼ਾਂਤੀ।
ਇਮ ਪ੍ਰਾਪਤਿ ਅਪਨੇ ਮਹਲ, ਪਹੁੰਚੇ ਰਿਪੁ ਘਾਤੀ ॥੨੦॥
ਸ੍ਰੀ ਗ੍ਰਿੰਥ ਸਾਹਿਬ ਜਹਾਂ, ਤਹਿਂ ਪੂਰਬ ਆਏ।
ਧਰਿ ਪ੍ਰਸਾਦਿ ਦਰਸ਼ਨ ਕਰਯੋ, ਨਿਜ ਸੀਸ ਨਿਵਾਏ।
ਸੁਨੇ ਸ਼ਬਦ ਤਬਿ ਪੰਚ ਤਹਿਂ, ਥਿਰ ਕੇਤਿਕ

[1]ਮਾਲਾ ਵੰਡੀਆਂ।
[†]ਪਾ:-ਪ੍ਰਿਯ।

ਕਾਲਾ।
ਪੁਰਿ ਜਨ ਬੈਠੇ ਸਗਲ ਗਨ, ਪਿਖਿ ਅਨੰਦ ਬਿਸਾਲਾ ॥੨੧॥
ਹਾਥ ਜੋਰਿ ਬੂਝਨ ਕਰੇ, 'ਰਣ ਭਯੋ ਘਨੇਰਾ।
ਰਹੀ ਸ਼੍ਰੇਯ ਤਨੁ ਆਪ ਕੇ, ਪ੍ਰਭੂ ਜੀ! ਤਿਸ ਬੇਰਾ।'
ਬਿਧੀਚੰਦ ਤਬਿ ਸਭਿ ਕਹੀ, ਜਿਮ ਤੁਰਕ ਖਪਾਏ।
'ਸ਼ਲਭਾ[1†] ਸਮ ਅਨਗਿਨਤ ਹੀ, ਰਿਪੁ ਚਢਿ ਕਰਿ ਧਾਏ ॥੨੨॥

[1]ਟਿੱਡੀ, ਮੱਕੜੀ। [ਸੰਸ. ਸ਼ਲਭ]। †ਪਾ:-ਸ਼ੂਘਾ।

ਸ਼੍ਰੀ ਨਾਨਕ ਕੀ ਕ੍ਰਿਪਾ ਤੇ, ਜਾਨੇ ਕੁਛ ਨਾਂਹੀ।
ਸੁਗਮ ਹਤੇ ਰਿਪੁ ਪ੍ਰਬਲ ਜੇ, ਰਾਖੇ ਰਣ ਮਾਂਹੀ।
ਫਤੇ ਗੁਰੂ ਕੀ ਬਡ ਭਈ, ਜਗ ਮਹਿਂ ਬਿਦਤਾਈ।
ਕੋ ਨ ਅਰਹਿ, ਅਰਿ ਗਨ ਮਰਹਿਂ ਥਿਰਹਿਂ ਨ[†] ਸਮੁਹਾਈ ॥੨੩॥

†ਪਾ:-ਸੁ।

ਭਾ ਅਚਰਜ ਸੁਨਿ ਸਭਿਨਿ ਕੇ, ਕੰਪਜੋ ਤਬਿ ਸ਼ਾਹੂ।
-ਮੇਰੋ ਤਖਤ ਨ ਛੀਨ ਲੇ-, ਤ੍ਰਾਸਜੋ ਮਨ ਮਾਂਹੂ।
ਕਾਬਲ ਬਲਖ ਬੁਖਾਰ ਲੌਂ, ਬਡ ਧਾਂਕ ਉਠਾਈ।
ਪਤਿਸ਼ਾਹਿਤਿ ਗਰਦਸ਼ ਕਰੀ[1], ਗੁਰ ਧੂਮ ਮਚਾਈ ॥੨੪॥

[1]ਪਾਤਸ਼ਾਹੀ ਨੂੰ ਹਿੱਲਾ ਦਿੱਤਾ ਹੈ।

ਜਹਿਂ ਕਹਿਂ ਕੇ ਸੂਬੇ ਡਰੇ, -ਗੁਰ ਨਹਿਂ ਇਤ ਆਵਹਿਂ-।
ਦਬਕੇ ਚਾਰਹੁਂ ਚੱਕ ਮਹਿਂ, ਨਹਿਂ ਕੋ ਗਰਬਾਵਹਿ।
ਨਿਜ ਨਿਜ ਸਵਧਾਨੀ ਕਰੇ, ਕੋ ਚਹਤਿ

ਪਲਾਈ।'
ਇੱਤਜ਼ਾਦਿਕ ਸਭਿ ਬਾਰਤਾ, ਸੁਨਿ ਮੋਦ ਉਪਾਇ ॥੨੫॥
ਪੁਰਿ ਜਨ ਸੁਨਿ ਕਰਿ ਬਚ ਭਨਜੋ, 'ਇਨ ਸਮ ਨਹਿਂ ਦੂਜਾ।
ਜਿਨ ਕੀ ਦੇਵ ਅਦੇਵ ਮਿਲਿ, ਠਾਨਤਿ ਪਗ ਪੂਜਾ।
ਬੰਦਨੀਯ ਇਹ ਸਭਿਨਿ ਕੋ, ਗੁਰ ਨਾਨਕ ਗਾਦੀ।
ਸਕਲ ਜਗਤ ਜਿਨ ਕੋ ਨਿਮਹਿਂ, ਹਾਰੇ ਸਭਿ ਬਾਦੀ' ॥੨੬॥
ਕੇਤਿਕ ਘਟਿਕਾ ਦਿਨ ਰਹਜੋ, ਤਬਿ ਉਠੇ ਕ੍ਰਿਪਾਲਾ।
ਪੁਰਿ ਜਨ ਕਰੇ ਬਿਸਰਜਨਾ, ਪ੍ਰਿਯ ਭਾਖਿਬਿ ਸਾਲਾ।
ਸੁੰਦਰ ਮੰਦਰ ਅੰਦਰੇ, ਗੁਰ ਪਾਇ ਪ੍ਰਵੇਸ਼ੇ।
ਮਰਵਾਹੀ ਅਰੁ ਨਾਨਕੀ, ਉਰ ਅਨੰਦ ਵਿਸ਼ੇਸ਼ੇ ॥੨੭॥
ਪਗ ਪੰਕਜ ਗੁਰੁ ਕੇ ਲਗੀ, ਮੂਰਤਿ ਪ੍ਰਿਯ ਹੇਰੀ।
ਲੈ ਕਰਿ ਸ਼੍ਰੀ ਹਰਿਰਾਇ ਕੋ, ਆਈ ਤਬਿ ਚੇਰੀ।
ਧੀਰਮੱਲ ਕੇ ਸਹਿਤ ਹੀ, ਗੁਰ ਚਰਨੀਂ ਲਾਏ।
ਨੁਖਾ ਦੌਨਹੂੰ ਆਇ ਕਰਿ, ਨਿਜ ਸੀਸ ਨਿਵਾਏ ॥੨੮॥
ਕਰਿ ਕਰਿ ਸਗਰੀ ਬੰਦਨਾ, ਪਹੁੰਚੀ ਨਿਜ ਥਾਨੇ।
ਬਰ ਪ੍ਰਯੰਕ ਪਰ ਗੁਰ ਥਿਰੇ, ਸ਼ੁਭ ਬਾਕ ਬਖਾਨੇ।
ਲਏ ਗੋਦ ਹਰਿਰਾਇ ਕੋ, ਦੈ ਮੋਦ ਦੁਲਾਰੈਂ।
ਧੀਰਮੱਲ ਬੈਠਜੋ ਨਿਕਟਿ, ਤਿਸ ਓਰ

ਨਿਹਾਰੈਂ ॥੨੯॥
ਸ਼੍ਰੀ ਗੁਰਦਿੱਤਾ ਢਿਗ ਥਿਰਜੋ, ਕਰਿ ਲੋਚਨ ਨੀਚੇ।
ਸੂਰਜਮਲ ਦਿਸ਼ਿ ਦੇਖਿ ਗੁਰ, ਅੰਮ੍ਰਿਤ ਜਨੁ ਸੀਚੇ।
ਤੇਗ ਬਹਾਦਰ ਦਹਿਨ ਦਿਸ਼ਿ, ਇਕ ਰਸ ਬ੍ਰਿਤਿ ਜਾਂਹੀ।
ਸਨਮਾਨਤਿ ਸਿਰ ਹਾਥ ਧਰਿ, ਬਾਨੀ ਮ੍ਰਿਦੁ ਪ੍ਰਾਹੀ ॥੩੦॥
ਅਣੀਰਾਇ ਸਨਮੁਖ ਥਿਰਜੋ, ਪਿਤ ਰੂਪ ਦਿਖੰਤੇ।
ਕ੍ਰਿਪਾ ਦ੍ਰਿਸ਼ਟਿ ਪਰਵਾਰ ਪਰ, ਸ਼੍ਰੀ ਗੁਰੂ ਕਰੰਤੇ।
ਦਾਸ ਰੁ ਦਾਸੀ ਸਭਿਨਿ ਹੀ, ਠਾਂਢੀ ਕਰ ਜੋਰੇ।
ਦੇਖ ਅਨੰਦਤਿ ਉਰ ਕਰੇ, ਰਸ ਪ੍ਰੇਮ ਸੁ ਬੋਰੇ[1] ॥੩੧॥
ਪਰਿਵਾਰਤਿ ਪਰਵਾਰ ਤੇ, ਦ੍ਵੈ ਘਰੀ ਬਿਤਾਈ।
ਸ਼੍ਰੀ ਗੁਰਦਿੱਤੇ ਦਿਸ਼ਿ ਪਿਖਜੋ, ਮ੍ਰਿਦੁ ਗਿਰਾ ਸੁਨਾਈ।
'ਬ੍ਰਿੰਦ ਮਸੰਦ ਬੁਲਾਇ ਢਿਗ, ਬਾਹਿਰ ਥਿਰ ਹੂਜੈ।
ਤ੍ਰਿਣ ਦਾਣਾ, ਖਾਣਾ ਭਲੇ, ਜਿਮ ਸਭਿ ਕੋ ਪੂਜੈ[1] ॥੩੨॥
ਕਰਹੁ ਦਿਵਾਵਨ ਧੀਰ ਸੋਂ, ਨਰ ਖਰੇ ਕਰੀਜੈ।
ਜਥਾ ਜੋਗ ਸਭਿ ਸੈਨ ਕੀ, ਨੀਕੇ ਸੁਧ ਲੀਜੈ।'
ਸੂਰਜਮਲ ਅਣਿਰਾਇ ਤਬਿ, ਉਠਿ ਬਾਹਿਰ ਆਇ।
ਧੀਰਮੱਲ ਹਰਿਰਾਇ ਜੀ, ਤਿਨ ਸੰਗ

[1]ਪ੍ਰੇਮ ਰਸ ਵਿਚ ਡੁੱਬੇ ਹੋਏ।

[1]ਪਹੁੰਚੇ।

ਸਿਧਾਏ ॥੩੩॥
ਤੇਗ ਬਹਾਦਰ ਪੁਨ ਉਠੇ, ਸਭਿ ਮਿਲਿ ਕੈ ਸੰਗਾ।
ਪਿਖ੍ਯੋ 'ਜਾਨਭਾਈ' ਭਲੇ, ਬਡ ਬੇਗ ਤੁਰੰਗਾ।
ਸੁੰਦਰ ਹੇਰਿ ਪ੍ਰਮੋਦ ਤੇ, ਕਰ ਫੇਰਤਿ ਅੰਗਾ।
ਮਨਹੁਂ ਚਿਤਰੇ ਲਿਖਿ ਕਰੀ, ਮੂਰਤ ਸਰਬੰਗਾ[†] ॥੩੪॥

[†]ਇਥੋਂ ਅੱਗੇ ਇਕ ਛਾਪੇ ਦੇ ਨੁਸਖੇ ਵਿਚ ਹੇਠਲੀਆਂ ਦੋ ਤੁਕਾਂ ਵਾਧੂ ਹਨ ਬਾਕੀ ਲਿਖਤੀ ਨੁਸਖਿਆਂ ਵਿਚ ਇਹ ਨਹੀਂ ਮਿਲੀਆਂ-ਚੰਦ ਮਨਿੰਦ ਪ੍ਰਕਾਸ਼ ਹ੍ਵੈ ਬਚ ਕਰਤੇ ਧੀਰਾ। ਭਗਤਿ ਗਯਾਨ ਵੈਰਾਗ ਮੈਂ ਹੈਂ ਗਹਿਰ ਗੰਭੀਰਾ।

ਇਮ ਉਤਸਵ ਪੁਰਿ ਮਹਿਂ ਮਹਾਂ, ਪਰਵਾਰ ਮਝਾਰਾ।
ਦੀਪ ਮਾਲਿਕਾ ਬਹੁ ਕਰੀ, ਘਰ ਗਰੀ ਬਜਾਰਾ।
ਅਤਿ ਅਨੰਦ ਸਭਿ ਮੈਂ ਭਯੋ, ਜਿਮ ਰਾਵਣ ਮਾਰਾ।
ਰਾਮਚੰਦ ਪੁਰਿ ਆਪਨੇ, ਮਿਲਿ ਕਰਿ ਪਰਵਾਰਾ ॥੩੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ 'ਸ਼੍ਰੀ ਕਰਤਾਰ ਪੁਰ ਆਵਨ' ਪ੍ਰਸੰਗ ਬਰਨਨੰ ਨਾਮ ਸਸ਼ਟੀ ਅੰਸੂ ॥੬੦॥

੬੧. [ਕਰਤਾਰ ਪੁਰ ਦਰਬਾਰ]

੬੦<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>

ਦੋਹਰਾ:

ਨਿਜ ਘਰ ਪੈਂਦੇ ਖਾਨ ਸੁਨਿ,
ਆਯੋ ਕਰਤਿ ਉਤਾਲ।
ਬਿਧੀਚੰਦ ਕੋ ਮਿਲਤਿ ਭਾ,
ਕਰਿ ਸਲਾਮ ਤਤਕਾਲ ॥੧॥

ਨਿਸ਼ਾਨੀ ਛੰਦ:

ਸਤਿ ਗੁਰ ਕੀ ਸੁਧ ਬੂਝਿ ਤਬਿ, ਮੰਦਰ ਨਿਜ ਮਾਂਹੀ।
ਬੈਠਿ ਨਿਕਟ ਕਰਿ ਬਾਰਤਾ, 'ਕਿਮ ਭੀ ਰਨ ਮਾਂਹੀ?'
ਬਿਧੀਏ ਸਕਲ ਬਖਾਨ ਤਬਿ, ਜਿਮ ਭਾ ਘਮਸਾਨਾ।
'ਤੁਰਕਾਨੀ ਬਹੁ ਬਾਹਿਨੀ, ਧਰਿ ਆਯੁਧ ਨਾਨਾ ॥੨॥
ਆਇ ਪਰੀ ਅਧ ਜਾਮਨੀ, ਗਨ ਛੁਟੀ ਤੁਫੰਗਾ।
ਪਹੁੰਚੇ ਸਤਿਗੁਰ ਸੂਰਮੇ, ਕਰਿ ਤੇਜ਼ ਤੁਰੰਗਾ।
ਲਰਤਿ ਭਏ ਮਿਲਿ ਆਪ ਮਹਿਂ, ਤੋਮਰ ਤਰਵਾਰੈਂ।
ਨਹਿਂ ਤੁਰਕਨਿ ਤੇ ਕਛੁ ਸਰੀ, ਇਹ ਸਮੁਖ ਪ੍ਰਹਾਰੈਂ ॥੩॥
ਨਿਸ ਮਹਿਂ ਮਰੇ ਸਹੱਸ੍ਰ ਬਹੁ, ਪੁਨ ਭਯੋ ਪ੍ਰਕਾਸ਼ਾ।
ਚਢੇ ਆਪ ਹਯ ਪਰ ਗੁਰੂ, ਹਿਤ ਰਿਪੁਨਿ ਬਿਨਾਸ਼ਾ।
ਬਲੀ ਕਾਬਲੀ ਬੇਗ ਭਟ, ਉਮਰਾਵ ਮਹਾਨਾ।
ਦੁੰਦ ਜੁੱਧ ਕੀਨੋ ਮਹਾਂ, ਗਹਿ ਹਾਥ ਕ੍ਰਿਪਾਨਾ ॥੪॥

ਸਤਿਗੁਰ ਖੜਗ ਪ੍ਰਹਾਰਿ ਕੈ, ਰਾਖ੍ਯੋ ਬਿਚ ਖੇਤਾ।
ਲਲਾਬੇਗ ਸਭਿ ਚਮੂੰ ਮੁਖਿ[1], ਆਯੋ ਰਣ ਹੇਤਾ।
ਅਰ੍ਯੋ ਪ੍ਰਥਮ ਜੇਠਾ ਤਹਾਂ, ਬਹੁ ਕਰਿ ਹੱਥਜਾਰਾ।
ਘਿਰ੍ਯੋ ਤੁਰਕ ਗਨ ਮਹਿਂ ਬਲੀ, ਬਹੁਤਿਨਿ ਮਿਲਿ ਮਾਰਾ ॥੫॥
ਪੁਨ ਗੁਰ ਗਮਨੇ ਸਮੁਖ ਤਿਹ, ਸੰਘਰ ਬਡ ਠਾਨਾ।
ਲਲਾਬੇਗ ਅਰੁ ਗੁਰੂ ਕੇ, ਹੋਏ ਹਯ ਹਾਨਾ।
ਸੋ ਭੀ ਲੀਨੋ ਮਾਰਿ ਕਰਿ, ਸਭਿ ਚਮੂੰ ਪ੍ਰਹਾਰੀ।
ਭਈ ਪਰਾਜੈ ਤੁਰਕ ਇਮ, ਗੁਰ ਜੈ ਕਰਿ ਭਾਰੀ ॥੬॥
ਜਾਤੀ ਮਲਕ ਜਿ ਆਦਿ ਭਟ, ਗਨ ਸ਼ਸਤ੍ਰ ਪ੍ਰਹਾਰੇ।'
ਸੁਨਿ ਪੈਂਦੇ ਖਾਂ ਕਹਤਿ ਭਾ, 'ਕਜਾ ਕਰੋਂ ਉਚਾਰੇ।
ਮੈਂ ਹੋਤੋ ਜੇ ਰਣ ਬਿਖੈ, ਬਲ ਕਰਤਿ ਘਨੇਰੇ।
ਗੁਰ ਕੋ ਜਾਨਿ ਨ ਦੇਤਿ ਕਬਿ, ਹਯ ਹਤ੍ਯੋ ਅਗੇਰੇ[1] ॥੭॥
ਕਜੋਂ ਜੇਠਾ ਰਣ ਹੋਇ ਹਤਿ, ਮੈਂ ਬਨਤਿ ਸਹਾਈ।
ਸਮਾਂ ਨ ਆਵੈ ਹਾਥ ਕਬਿ, ਕਜਾ ਕਹੌਂ ਸੁਨਾਈ।
ਬਲ ਮੇਰੋ ਜਗ ਬਿਦਤ ਹੈ, ਜਿਹ ਨਾਮ ਸੁਨੰਤੇ।
ਭਾਜਤਿ ਸ਼ੱਤ੍ਰ ਬ੍ਰਿੰਦ ਤਿਤ, ਨਹਿਂ ਠਹਿਰ ਸਕੇਤੇ ॥੮॥
ਤੀਰਨ ਸੋਂ ਬੇਧਤਿ ਘਨੇਂ, ਗਹਿ ਫੇਰ

[1]ਸਾਰੀ ਸੈਨਾ ਦਾ ਮੁਖੀਆ।

[1]ਅਗੇ (ਗਿਆਂ) ਘੋੜਾ ਮਾਰਿਆ ਗਿਆ।

ਕ੍ਰਿਪਾਨਾ।
ਸੰਘਾਰਤਿ ਹੀ ਕਰਤਿ ਮੈਂ, ਗੁਰ ਅੱਗ੍ਰ ਮਦਾਨਾ।
ਨਿਕਟਿ ਨ ਹੋਨੇ ਦੇਤ ਰਿਪੁ, ਘਾਲਤਿ ਘਮਸਾਨਾ।
ਕਯੋਂ ਜੇਠਾ, ਹਯ ਮਰਤਿ ਰਣ, ਕਯਾ ਕਰੌਂ ਬਖਾਨਾ' ॥੯॥
ਬਿਧੀਆ ਸੁਨਿ ਕੈ ਕਹਤਿ ਭਾ, 'ਕਹਿਂ ਜਿਮ, ਹੈ ਤੈਸੇ।
ਪਰ ਗੁਰ ਕੀ ਮਰਜ਼ੀ ਕਹਾਂ, ਲਖਿ ਸਕਿਯ ਨ ਕੈਸੇ।'
ਇਮ ਨਿਸ ਮੈਂ ਕਰਿ ਬਾਰਤਾ, ਮਿਲਿ ਕੈ ਸਭਿ ਸੰਗਾ।
ਜਾਤੀ ਮਲਕ ਜਿ ਆਦਿ ਹੈਂ, ਸੁਖ ਬੂਝਤਿ ਅੰਗਾ ॥੧੦॥
ਖਾਨ ਪਾਨ ਕਰਿ ਜਥਾ ਸੁਖ, ਸਭਿ ਨਿਸ ਬਿਸਰਾਮੇ।
ਅਨੰਦ ਕਰਤਿ ਘਰ ਘਰ ਬਿਖੈ, ਲੇ ਸਤਿਗੁਰ ਨਾਮੇ।
ਰਹੀ ਜਾਮ ਜਬਿ ਜਾਮਨੀ, ਜਗ ਗੁਰ ਤਬਿ ਜਾਗੇ।
ਸੌਚ ਸ਼ਨਾਨੀ ਬੈਠਿ ਪੁਨ, ਧਯਾਨ ਸੁ ਰਸ ਪਾਗੇ ॥੧੧॥
ਆਸਾਵਾਰ ਸੁ ਰਾਗਿ ਧੁਨਿ, ਗਾਵਤਿ ਸੁਨਿਯਤੇ।
ਜਹਾਂ ਕਹਾਂ ਗੁਰ ਗਿਰਾ ਸਿਖ, ਧਰਿ ਪ੍ਰੇਮ ਪਠੰਤੇ।
ਲਘੁ ਦੁੰਦਭਿ ਨੌਬਤ ਬਜਤਿ, ਅਨੰਦ ਉਪਜੰਤੀ।
ਸੰਗ ਨਫੀਰੀ ਗੁਰ ਸਬਦਿ, ਗਾਵਤਿ ਸੁਖਵੰਤੀ[1] ॥੧੨॥
ਬਰਖਾ ਸੁਧਾ ਮਨਿੰਦ ਹੈ, ਧੁਨਿ ਸ਼੍ਰੀ

[1]ਨਾਲ ਸੁਖਾਉਂਦੀ ਨਫੀਰੀ ਗੁਰ ਸ਼ਬਦ ਗਾ ਰਹੀ ਹੈ।

ਗੁਰਬਾਨੀ।
ਉਠੇ ਅਨੰਦਤਿ ਸੁਨਤਿ ਸਭਿ, 'ਸਤਿਨਾਮ' ਬਖਾਨੀ।
ਇਮ ਪ੍ਰਭਾਤਿ ਮੰਗਲ ਸਹਤ, ਸ਼ੁਭ ਭਯੋ ਪ੍ਰਕਾਸ਼ਾ।
ਭਾਟ ਨਕੀਬ ਉਚਾਰਤੇ, ਗੁਰ ਕੋ ਜਸੁ ਰਾਸਾ ॥ ੧੩ ॥
'ਪਾਤਸ਼ਾਹੁ ਸਾਚਾ ਜਗਤ, ਹੁਇ ਅੰਤ ਸਹਾਈ।
ਸੋਢੀ ਬੰਸ ਸਮੁੰਦ੍ਰ ਮਹਿਂ, ਬਿਦਤੀ ਨਿਸਰਾਈ[1]।
ਦੇਗ਼ ਤੇਗ਼ ਪੂਰੋ ਧਨੀ, ਬਡ ਡੀਲ ਬਿਸਾਲਾ।
ਫਤੇ ਕਰਤਿ ਅਨਗਨ ਰਿਪੁਨਿ, ਰਣ ਕਰਮ ਕਰਾਲਾ ॥ ੧੪ ॥
ਪੀਰੀ ਅਰੁ ਮੀਰੀ ਮਹਾਂ, ਦੋਨੋ ਨਿਤ ਧਾਰੀ।
ਧਰਤਾ ਦੋਨੋ ਖੜਗ ਕੋ, ਦੋਨਹੁੰ ਭੁਜ ਭਾਰੀ।
ਰੱਖਜਕ ਦੋਨੋ ਲੋਕ ਕੋ, ਦਾਸਨ ਸੁਖ ਦੇਤਾ।
ਮੁਗਲਸਖਾਂ ਕੇ ਪ੍ਰਾਨ ਹਨਿ, ਰਾਖ੍ਯੋ ਰਣ ਖੇਤਾ ॥ ੧੫ ॥
ਸਤਿਗੁਰ ਪਿਤ ਕੋ ਰਿਪੁ ਮਹਾਂ, ਚੰਦੂ ਗਹਿ ਮਾਰਾ।
ਅਬੁਦੁਲਖਾਂ ਸੁਤ ਸਖਾ ਜੁਤਿ[1], ਕਰਿ ਜੰਗ ਪ੍ਰਹਾਰਾ।
ਬਲੀ ਕਾਬਲੀ ਬੇਗ ਕੋ, ਸੰਘਾਰਕ ਬੀਰੰ।
ਲਲਾਬੇਗ ਬਡਿ ਚਮੂੰ ਜੁਤਿ, ਮਾਰ੍ਯੋ ਧਰਿ ਧੀਰੰ ॥ ੧੬ ॥
ਪੀਰ ਧਾਂਕ ਚਹੁੰ ਦਿਸ਼ਨਿ ਮਹਿਂ, ਕੰਪੇ ਗਨ ਰਾਜੇ।
ਸੁਨਿ ਪ੍ਰਤਾਪ ਭਾਜਨਿ ਚਹਤਿ, ਸਭਿ ਤਜਹਿ ਸਮਾਜੇ।
ਦਿੱਲੀ ਲਵਪੁਰਿ ਆਦਿ ਗਢ, ਤ੍ਰਾਸਤਿ

[1]ਚੰਦ੍ਰਮਾਂ ਵਤ।

[1]ਪੁੱਤ੍ਰ ਮਿੱਤ੍ਰਾਂ ਸਮੇਤ।

ਧਰਿ ਲਾਜੇ।
ਬਾਜੇ ਬਾਜੇ ਦਿਨ ਬਿਖੈ, ਖੋਲਤਿ ਦਰਵਾਜੇ[1] ॥੧੭॥
ਸ਼ਾਹੁ ਜਹਾਂ ਭੈ ਧਾਰਿ ਕਰਿ, ਰਣ ਤੇ ਚਿਤ ਟਾਰਾ।
ਜਗ ਮਹਿਂ ਨਹਿਂ ਕੋ ਅਰਿ ਸਕਹਿ, ਪਰਤਾਪ ਉਦਾਰਾ।
ਕਰਾਮਾਤ ਕਾਮਲ ਬਲੀ, ਸਭਿ ਮਾਨਹਿਂ ਆਨਾ।
ਸਕਲ ਸੁਰਾਸਰ ਸਿਰ ਧਰਹਿਂ, ਜਿਮ ਕਰਹਿਂ ਬਖਾਨਾ' ॥੧੮॥
ਜਸੁ ਕਰਤਾ[1] ਇੱਤਜਾਦਿ ਗੁਨ, ਉਠਿ ਪ੍ਰਾਤਿ ਸੁਨਾਵੈਂ।
ਸੰਖ ਸ਼ਬਦ ਚਹੁੰ ਓਰ ਤੇ, ਪੁਰਿ ਬਿਖੈ ਉਠਾਵੈਂ।
ਬਸਤ੍ਰ ਸ਼ਸਤ੍ਰ ਤਨ ਪਹਿਰ ਕਰਿ, ਗੁਰ ਬਾਹਿਰ ਆਏ।
ਬਰਣ ਬਰਣ ਕੋ ਫਰਸ਼ ਤਬਿ, ਦੀਰਘ ਡਸਵਾਏ ॥੧੯॥
ਬਰ ਗਾਦੀ ਉਪਧਾਨ ਜਤਿ, ਬੰਦਨ ਕਰਿ ਬੈਸੇ।
ਚਮਰ ਚਲਾਚਲ ਢਰਤਿ ਹੈ, ਦੁਤਿ ਹੰਸਨ ਜੈਸੇ।
ਸੁਭਟ ਮਸੰਦ ਬਿਲੰਦ ਜੇ, ਚਲਿ ਕਰਿ ਤਬਿ ਆਏ।
ਮੁਦਤਿ ਹੋਤਿ ਪੁਰਿ ਜਨ ਸਰਬ, ਉਰ ਦਰਸ਼ਨ ਚਾਏ ॥੨੦॥
ਆਇ ਸਭਾ ਪੂਰਨ ਭਈ, ਲੋਚਨ ਅਰਬਿੰਦਾ।
ਬੰਦਤਿ ਬਿਕਸਤਿ ਦੇਖਤੇ, ਰਵਿ ਹਰਿ ਗੋਵਿੰਦਾ।
ਪੈਂਦੇ ਖਾਂ ਆਯੋ ਤਬਹਿ, ਜੁਤਿ ਸਿਪਰ

[1]ਕਿਸੇ ਕਿਸੇ ਦਿਨ ਹੀ (ਕਿਲ੍ਹਿਆਂ ਦੇ) ਦਰਵਾਜ਼ੇ ਖੋਲ੍ਹਦੇ ਹਨ। [ਅ਼. ਬਾਅਜ਼]

[1]ਜਸ ਕਰਨ ਵਾਲੇ (ਨਕੀਬ ਆਦਿ)।

ਕ੍ਰਿਪਾਨਾ।
ਪਗ ਪੰਕਜ ਪਰ ਸਿਰ ਧਰਜੋ, ਪਿਖਿ ਆਨੰਦ ਠਾਨਾ ॥੨੧॥
ਕੁਸ਼ਲ ਪ੍ਰਸ਼ਨ ਸਤਿਗੁਰ ਕਰਜੋ, ਕਰ ਜੋਰਿ ਬਖਾਨਾ[1]।
'ਮੈਂ ਰਾਵਰ ਕੀ ਕ੍ਰਿਪਾ ਤੇ, ਸਦ ਹੀ ਸੁਖਸਾਨਾ[1]।
ਸੰਘਰ ਭਯੋ ਬਿਲੰਦ ਹੀ, ਨਹਿਂ ਮੋਹਿ ਬੁਲਾਵਾ।
ਨਹਿਂ ਆਯੋ ਤਬਿ ਕਾਜ ਤਹਿਂ, ਨਿਸ਼ਫਲਤਾ ਪਾਵਾ' ॥੨੨॥
ਸੁਨਿ ਸਤਿਗੁਰ ਧੀਰਜ ਦਈ, 'ਪੁਨ ਜੰਗ ਮਚੈਗੋ।
ਤਸਾਂ ਕਾਮ ਤੂੰ ਆਇ ਹੈਂ, ਰਜ ਸ਼੍ਰੋਣ ਰਚੈਗੋ।
[1] 'ਤੁਸ਼ਨਿ ਹੋਯੋ ਖਾਨ ਤਬਿ, ਨਹਿਂ ਬੋਲ ਸਕੰਤਾ।
ਸਭਾ ਭਰੀ ਉਡਗਨ ਮਨਹੁਂ, ਗੁਰ ਚੰਦ ਸੁਭੰਤਾ ॥੨੩॥
ਸੁਨਿ ਸੁਨਿ ਗੁਰ ਆਗਮਨਿ ਕੋ, ਢਿਗ ਢਿਗ ਪੁਰਿ ਗ੍ਰਾਮੂ।
ਉਤਲਾਵਤਿ ਪਹੁੰਚਤਿ ਪਿਖਜੋ, ਦਰਸ਼ਨ ਅਭਿਰਾਮੂ।
ਅਰਪਹਿਂ ਅਨਿਕ ਅਕੋਰ ਕੋ, ਗਨ ਬੰਦਨ ਠਾਨੈਂ।
ਪੁਰਿਯਤਿ ਹੈਂ ਗਨ ਕਾਮਨਾ, ਸੁਖ ਹੋਇ ਮਹਾਨੈ ॥੨੪॥
ਕ੍ਰਿਪਾ ਦ੍ਰਿਸ਼ਟਿ ਸਭਿ ਪਰ ਕਰਹਿਂ, ਹੁਇ ਧਨੀ ਕਿ ਰੰਕਾ।
ਮਨਹੁ ਚਕੋਰਨਿ ਅਨੰਦ ਦੇ, ਰਿਤੁ ਸਰਦ ਮਯੰਕਾ।
ਹਯ ਲਜਾਵਨਿ ਕੀ ਬਾਰਤਾ, ਪੁਰਿ ਜਨਨ

[1]ਪੈਂਦੇ ਨੇ ਹੱਥ ਜੋੜਕੇ ਦੱਸੀ।
[1]ਸਦਾ ਹੀ ਸੁਖ ਨਾਲ ਹਾਂ।
[1]ਧੂੜੀ ਵਿਚ ਲਹੂ ਰਚੇਗਾ।

ਸੁਨਾਈ।
ਬਿਧੀਚੰਦ ਕੇ ਗੁਨ ਕਥੇ, ਸੁਨਿ ਸਭਿ ਬਿਸਮਾਈ ॥੨੫॥
ਬਹੁ ਨਰ ਪਿਖਹਿਂ ਤੁਰੰਗ ਕੋ, ਗੁਨ ਗਨ ਜਿਸ ਭਾਖੇ।
'ਉਚਿਤ ਹੁਤੋ ਸਤਿਗੁਰੂ ਕੇ, ਆਯੋ ਅਭਿਲਾਖੇ।'
ਚਾਰਹੁੰ ਪੁੱਤ੍ਰ ਸਮੇਤ ਗੁਰੁ, ਅਸ ਉਪਜਾ ਪਾਈ।
ਮੂਰਤਿ ਜਨੁ ਬੇਦਨਿ[1] ਧੀਰ, ਬਿਧਿ ਨਿਕਟਿ[2] ਸੁਹਾਈ ॥੨੬॥
ਜਾਮ ਦਿਵਸ ਕੇ ਚਢੇ ਲਗਿ, ਬਿਚ ਸਭਾ ਥਿਰੇ ਹੈਂ।
ਜਥਾ ਮਨੋਰਥ ਜਿਨ ਧਰੇ, ਤਿਮ ਪੂਰਨ ਕਰੈ ਹੈਂ।
ਅਤਿ ਅਨੰਦ ਉਤਸਵ ਕਰਜੋ, ਪੰਚਾਂਮ੍ਰਿਤ ਆਏ।
ਹੋਤਿ ਭਈ ਅਰਦਾਸ ਤਬਿ, ਸਭਿ ਮਹਿਂ ਬਰਤਾਏ ॥੨੭॥
ਬਹੁਰ ਉਠੇ ਅੰਤਰ ਗਏ, ਸਭਿ ਪੁੱਤ੍ਰ ਸਮੇਤਾ।
ਬੈਠੇ ਬਡੇ ਪ੍ਰਯੰਕ ਪਰ, ਜੋ ਰੁਚਿਰ ਨਿਕੇਤਾ।
ਆਇ ਮ੍ਰਵਾਹੀ ਨਾਨਕੀ, ਸੇਵਾ ਮਹਿਂ ਲਾਗੀ।
ਦਾਸੀ ਦਈ ਹਟਾਇ ਸਭਿ, ਅਤਿਸ਼ੈ ਅਨੁਰਾਗੀ ॥੨੮॥
ਥਾਲ ਪਰੋਸਜੋ ਆਪ ਹੀ, ਬਿਧਿ ਬਿਬਿਧਿ ਅਹਾਰਾ।
ਚੰਦਨ ਚੌਂਕੀ ਪਰ ਧਰਜੋ, ਚਤੁਰਈ ਸੁਧਾਰਾ[1]।
ਚਾਮੀਕਰ ਕੇ ਪਾਤ੍ਰ ਸਭਿ, ਸ਼ੋਭਤਿ ਧਰਿ ਆਗੇ।

[1]ਵੇਦਾਂ ਨੇ। [2]ਬ੍ਰਹਮਾਂ ਦੇ ਪਾਸ।

[1]ਸਿਆਣਪ ਨਾਲ ਸੁਧਾਰ ਕੇ।

ਖਸ਼ਟ ਰਸਨਿ ਕੇ ਅਸਨ ਸ਼ੁਭ, ਗੁਰ ਅਚਵਨਿ ਲਾਗੇ ॥੨੯॥
ਤ੍ਰਿਪਤਿ ਭਏ ਜਲ ਪਾਨ ਕਰਿ, ਪੁਨ ਪਾਨ ਪਖਾਰੇ।
ਤਿਮ ਹੀ ਚਾਰਹੁਂ ਪੁੱਤ੍ਰ ਤਹਿਂ, ਅਚਿ ਲੀਨਿ ਅਹਾਰੇ।
ਮਰਵਾਹੀ ਅਰੁ ਨਾਨਕੀ, ਲੇ ਕੰਚਨ ਥਾਰਾ।
ਅਚ ਕਰਿ ਸੀਤ ਪ੍ਰਸ਼ਾਦਿ ਕੋ, ਉਰ ਆਨੰਦ ਧਾਰਾ ॥੩੦॥
ਪੁਨ ਸ਼੍ਰੀ ਹਰਿਗੋਵਿੰਦ ਗੁਰ, ਥਿਰ ਹੋਇ ਪ੍ਰਯੰਕਾ।
ਪੌਢਿ ਗਏ ਬਿੱਸ੍ਰਾਮ ਹਿਤ, ਜਿਨ ਜਸੁ ਅਕਲੰਕਾ।
ਭਈ ਸਪਤਮੀ ਰਾਸਿ ਅਬਿ, ਪੂਰਨ ਇਸ ਥਾਨਾ।
ਕਵਿ[†] ਸੰਤੋਖ ਸਿੰਘ ਬੰਦਨਾ, ਧਰ ਕਰਿ ਉਰ ਧਜਾਨਾ ॥੩੧॥

[†]ਪਾ:-ਕਰਿ।

ਦੋਹਰਾ:
[†]ਤੀਰ ਬਿਪਾਸਾ ਕੇ ਨਿਕਟਿ, ਸ਼੍ਰੀ ਬਰ ਪੁਰਿ ਕਰਤਾਰ।
ਤਹਾਂ ਬਿਰਾਜੈਂ ਸਤਿਗੁਰੂ, ਸੋਢਿ ਬੰਸ ਅਵਿਤਾਰ ॥੩੨॥
ਜਾਂਮ ਰਹੀ ਜਬਿ ਜਾਮਨੀ, ਕੀਨਸਿ ਸੌਚ ਸ਼ਨਾਨ।
ਨਿਜਾਨੰਦ ਸ਼੍ਰੀ ਸਤਿਗੁਰੂ, ਹ੍ਵੈ ਹੈਂ ਅੰਤਰ ਧਜਾਨ ॥੩੩॥

[†]ਅੰਕ ੩੧ ਤੋਂ ੩੫ ਤਕ ਦਾ ਪਾਠ ਆਮ ਲਿਖਤੀ ਨੁਸਖਿਆਂ ਵਿਚ ਨਹੀਂ ਮਿਲਦਾ।

ਚੌਪਈ:
ਜੋ ਇਹ ਕਥਾ ਸੁਨੇ ਧਰਿ ਧਜਾਨ।
ਗੁਰ ਸਿੱਖੀ ਪ੍ਰਾਪਤਿ ਹ੍ਵੈ ਨਾਮ।
ਬਾਨੀ ਪਢੈ ਪ੍ਰੀਤਿ ਮਨ ਲਾਇ।
ਸ਼੍ਰੀ ਨਾਨਕ ਜੀ ਸਦਾ ਸਹਾਇ ॥੩੪॥
ਪੂਰਨ ਹੋਯੋ ਕਥਾ ਪ੍ਰਸੰਗ।

ਸਤਿਗੁਰ ਕੋ ਜਸੁ ਬਢ੍ਯੋ ਉਤੰਗ।
ਕਵਿ ਸੰਤੋਖ ਸਿੰਘ ਕੀਨਿ ਉਚਾਰ।
ਬਾਰ ਬਾਰ ਜਾਵੈ ਬਲਿਹਾਰ ॥੩੫॥

[†]ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ ਸ਼੍ਰੀ ਸਤਿਗੁਰ ਖਸ਼ਟਮ ਪਾਤਸ਼ਾਹ ਸ਼੍ਰੀ ਹਰਿਗੋਵਿੰਦ ਜੀ ਭਾਈ ਬਿਧੀ ਚੰਦ ਨੂੰ ਭੇਜ ਕਰ ਤੁਰਕੇਸਰ ਕੇ ਜੰਗ ਹਯ ਮੰਗਵਾਵਨ ਪੁਨਾ ਲਲਾਬੇਗ ਦਾ ਜੁੱਧ ਭਾਈ ਰੂਪੇ ਹੋਵਾ ਸ੍ਰੀ ਸਤਿਗੁਰੂ ਜੀ ਕੀ ਜੀਤ ਭਈ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਯਾਂ ਨਾਮ ਏਕਸ਼ਸ਼ਟੀ ਅੰਸੂ ॥੬੧॥

[†]੧੯੧੯ ਦੇ ਪੁਰਾਣੇ ਲਿ: ਨੁਸਖੇ ਵਿਚ ਪਾਠ ਐਉ ਹੈ:- 'ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਸਪਤਮ ਰਾਸੇ ਸ਼੍ਰੀ ਸਤਿਗੁਰ ਬਿਲਾਸ ਬਰਨਨੰ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ ਨਾਮ ਏਕ ਸ਼ਸ਼ਟੀ ਅੰਸੂ ॥੬੧॥ ਸਪਤਮ ਰਾਸ ਸੰਪੂਰਨੰ ਮਸਤ ਸੁਭ ਮਸਤ ॥' ਅਕਸਰ ਲਿਖਤੀ ਨੁਸਖਿਆਂ ਦਾ ਪਾਠ ਇਹੋ ਹੈ। ਛਾਪੇ ਵਚ ਕਿਸੇ ਹੋਰ ਵਲੋਂ ਮਗਰੋਂ ਵਾਧਾ ਹੋਇਆ ਜਾਪਦਾ ਹੈ।

[ਸੱਤਵੀਂ ਰਾਸ਼ਿ ਸੰਪੂਰਨ ਹੋਈ]